ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਗਿਆਰਵੀਂ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਗਿਆਰਵੀਂ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ–ਜਿਲਦ ੧੧

ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ

ਕ੍ਰਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

[ਰਾਸਿ ਬਾਰ੍ਹਵੀਂ ਮੁੱਕੀ, ਰਿਤੁ ਪਹਿਲੀ ਸਾਰੀ ਤੇ ਦੂਜੀ ਜਾਰੀ]

ਮੰਗਲਾਂ ਦੀ ਭਾਵਾਰਥ ਪ੍ਰਕਾਸ਼ਨੀ ਟੀਕਾ

ਅਤੇ ਸ਼ੇਸ਼

ਪ੍ਰਯਾਵਾਂ ਤੇ ਉੱਧਾਰਾਂ ਸਮੇਤ

ਸੰਪਾਦਿਤ :-

ਪਦਮ ਭੂਸ਼ਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ

ਭਾਸ਼ਾ ਵਿਭਾਗ, ਪੰਜਾਬ

SRI GUR PARTAP SURAJ GRANTH VOL. XI
(In Punjabi)
Kavi Churamani Bhai Santokh Singh
Editor : Bhai Vir Singh
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਗਿਆਰਵੀਂ
ਕਵੀ ਚੂੜਾਮਣੀ ਭਾਈ ਸੰਤੋਖ ਸਿੰਘ
ਸੰਪਾਦਕ : ਭਾਈ ਵੀਰ ਸਿੰਘ

© ਭਾਸ਼ਾ ਵਿਭਾਗ ਪੰਜਾਬ

ਸਾਲ : 2011
ਕਾਪੀਆਂ : 5000
ਕੀਮਤ : 218.00

1120 - ਹ.ਪ੍ਰ. - 1580

ਪ੍ਰਕਾਸ਼ਕ : ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ

ਰਾਹੀਂ : ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਪੰਜਾਬ

ਛਾਪਕ : ਆਲਟੈਕ ਪ੍ਰਿੰਟਪੈਕ, 182/4, ਇੰਡਸਟਰੀਅਲ ਏਰੀਆ, ਫ਼ੇਸ-1, ਚੰਡੀਗੜ੍ਹ

ਸੂਚੀ ਪੱਤ੍ਰ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ–ਜਿਲਦ ੧੧

ਪ੍ਰਸੰਗ	ਅੰਸੂ	ਪੰਨਾ	ਪ੍ਰਸੰਗ	ਅੰਸੂ	ਪੰਨਾ
ਰਾਸਿ ਬਾਰ੍ਹਵੀਂ—ਜਾਰੀ।			ਲੋਹੇ ਦੇ ਪਿੰਜਰੇ ਵਿੱਚ।	੬੧	੪੪੫੫
ਸਮਾਣੇ ਗੜ੍ਹੀ ਵਿਚ ਰਾਤ ਰਹੇ।	੩੨	੪੩੫੧	ਗੁਰੂ ਜੀ ਦੀ ਦਿੱਲੀਓਂ ਚਿੱਠੀ।	੬੨	੪੪੫੮
ਸਮਾਣਿਓਂ ਕਰਹਾਲੀ ਤੇ ਚਿਹਕੇ।	੩੩	੪੩੫੪	ਸਾਹਿਬਜ਼ਾਦੇ ਦਾ ਉੱਤਰ। ਗੁਰਾਈ	੬੩	੪੪੬੨
ਗਿਲੌਰਾ, ਕਰਰਾ ਤੇ ਖਰਕ ਗ੍ਰਾਮ।	੩੪	੪੩੫੮	ਔਰੰਗਜ਼ੇਬ ਦੀ ਹੋਰ ਸਖਤੀ।	੬੪	੪੪੬੫
ਖਟਕੜ ਦੇ ਚੋਰ, ਜੀਂਦ, ਆਗਰਾ।	੩੫	੪੩੬੨	ਸ਼ਹੀਦੀ।	੬੫	੪੪੭੦
ਅਯਾਲੀ ਫੜਿਆ ਗਿਆ।	੩੬	੪੩੬੫	ਸਚਖੰਡ ਪ੍ਰਵੇਸ਼।	੬੬	੪੪੭੩
ਆਪਣੇ ਆਪ ਨੂੰ ਹਵਾਲੇ ਕੀਤਾ।	੩੭	੪੩੬੯	ਧੜ ਦਾ ਸਸਕਾਰ।	੬੭	੪੪੭੭
ਦਿੱਲੀ ਆਉਣਾ।	੩੮	੪੩੭੩	ਔਰੰਗੇਨ੍ਹੈਡਰ। ਗੁ: ਪ੍ਰ: ਸੂ: ਦਾ ਰੂਪਕ।	੬੮	੪੪੮੧
ਘੜੇ ਫੁੰਡਣੇ, ਮਿੱਠਾ ਖੂਹ ਖਾਰਾ।	੩੯	੪੩੭੬	**ਰਿਤੁ ਪਹਿਲੀ।**		
ਪੰਜਾਬ ਜਾਣ ਦੀ ਸਿੱਕ, ਮੁਹਾਫ਼ਾ।	੪੦	੪੩੮੦	ਮੰਗਲਾਚਰਣ।	੧	੪੪੮੭
ਪੰਜਾਬ ਨੂੰ ਤਿਆਰੀ, ਜਗਤਾ ਸੇਠ।	੪੧	੪੩੮੪	ਸੀਸ ਕੀਰਤਪੁਰ ਲਿਔਣਾ।	੨	੪੫੦੦
ਪਟਣਿਓਂ ਵਿਦਾਇਗੀ।	੪੨	੪੩੮੭	ਸੀਸ ਸਸਕਾਰ ਅਨੰਦਪੁਰ।	੩	੪੫੦੫
ਕਾਂਸ਼ੀ ਪੁੱਜੇ।	੪੩	੪੩੯੧	ਜਗਜ ਕੀਤਾ।	੪	੪੫੦੯
ਕਾਂਸ਼ੀ ਵਿਚ ਨਿਵਾਸ।	੪੪	੪੩੯੪	ਦਸਤਾਰ ਬੰਦੀ।	੫	੪੫੧੩
ਅਯੁਧਜਾ ਤੋਂ ਲਖਨੌਰ।	੪੫	੪੩੯੮	ਸੰਗਤਾਂ ਦਾ ਆਉਣਾ।	੬	੪੫੧੭
ਦਿੱਲੀ ਹਵੇਲੀ ਵਿਚ ਡੇਰਾ।	੪੬	੪੪੦੨	ਦਿੱਲੀ ਵਾਲੇ ਸਿੱਖ।	੭	੪੫੨੦
ਸਿਖ ਦਾ ਅਜ਼ਮਤ ਦਿਖਾਉਣਾ।	੪੭	੪੪੦੫	ਤਾਨੇ ਸ਼ਾਹ ਨਾਲ ਵੈਰ ਦਾ ਪ੍ਰਸੰਗ।	੮	੪੫੨੪
ਔਰੰਗਜ਼ੇਬ ਨਾਲ ਪ੍ਰਸ਼ਨੋਤਰ।	੪੮	੪੪੦੮	ਸਤਿਗੁਰੂ ਜੀ ਦੀ ਸਗਾਈ।	੯	੪੫੨੮
ਕੈਦ ਵਿਚੋਂ ਪ੍ਰਸ਼ਾਦ ਛਕਣ ਜਾਣਾਂ।	੪੯	੪੪੧੧	ਗੁਰੂ ਕਾ ਲਾਹੌਰ ਵੱਸਣਾ।	੧੦	੪੫੩੨
ਸਿਖਾਂ ਦੇ ਘਰ ਪ੍ਰਸ਼ਾਦ।	੫੦	੪੪੧੫	ਵਿਆਹ ਉਤਸ਼ਾਹ।	੧੧	੪੫੩੫
ਦੇਗਚੇ ਵਿਚੋਂ ਸੂਰ।	੫੧	੪੪੧੮	ਬਰਾਤ ਦੀ ਚੜ੍ਹਾਈ।	੧੨	੪੫੩੯
ਸ਼ਾਹ ਦਾ ਸਖਤੀ ਦਾ ਪ੍ਰਣ।	੫੨	੪੪੨੨	ਬਰਾਤ ਦਾ ਢੁਕਾਉ।	੧੩	੪੫੪੩
ਜਮਨਾਂ ਪਰ ਇਸ਼ਨਾਨ।	੫੩	੪੪੨੫	ਬਰਾਤ ਗੁਰੂ ਕੇ ਲਾਹੌਰ।	੧੪	੪੫੪੮
ਭਾ: ਮਤੀਦਾਸ ਦਾ ਚੀਰਿਆ ਜਾਣਾ।	੫੪	੪੪੨੮	ਬਰਛੇ ਨਾਲ ਚਸ਼ਮਾ ਜਾਰੀ।	੧੫	੪੫੫੧
ਬਾਕੀ ਕੁਝ ਸਿਖਾਂ ਦਾ ਛੁਟਕਾਰਾ।	੫੫	੪੪੩੨	ਬਰਾਤ ਮੁੜੀ। ਚੋਰੀ ਹੋਈ ਥੈਲੀ।	੧੬	੪੫੫੬
ਲਖਨੌਰ। ਸ਼ਾਹ ਭੀਖ।	੫੬	੪੪੩੬	ਮੇਲ ਵਿਦਾ, ਤੈਰਨਾ, ਗੁਲਾਬਰਾਇ।	੧੭	੪੫੬੧
ਲਖ: । ਮਿੱਠਾਖੂਹ। ਮਾਮਾਜੀ ਆਏ।	੫੭	੪੪੩੮	ਸਿਖ ਰੀਛ ਨਿਸਤਾਰਾ।	੧੮	੪੫੬੪
ਘੋੜੇ ਦੀ ਸਵਾਰੀ। ਘੋਘਾ। ਲਖਨੌਰ।	੫੮	੪੪੪੩	ਵੀਰ ਰਸੀ ਨਿਤ ਕ੍ਰਿਯਾ।	੧੯	੪੫੬੮
ਲਖਨੌਰੋਂ ਕੀਰਤਪੁਰ।	੫੯	੪੪੪੬	ਤੰਬੂ ਕਾਬਲੋਂ। ਦੂਜਾ ਵਿਵਾਹ।	੨੦	੪੫੭੩
ਬਾਗ਼ ਦਰਸ਼ਨ। ਅਨੰਦਪੁਰ ਨੂੰ ਕੂਚ।	੬੦	੪੪੫੦	ਰਤਨਰਾਇ—ਦਰਸ਼ਨ-ਸਿੱਕ।	੨੧	੪੫੭੬

ਪ੍ਰਸੰਗ	ਅੰਸੂ	ਪੰਨਾ	ਪ੍ਰਸੰਗ	ਅੰਸੂ	ਪੰਨਾ
ਰਤਨਰਾਇ—ਗੁਰੂ ਹਜ਼ੂਰ ।	੨੨	੪੫੭੯	ਰਾਮਰਾਇ ਦਾ ਮਸੰਦ ਆਯਾ ।	੨	੪੭੦੨
ਰਤਨਰਾਇ ਦੀਆਂ ਭੇਟਾਂ ।	੨੩	੪੫੮੩	ਬੇੜੀ ਉਤੇ ਰਾਮਰਾਇ ਨਾਲ ਮੇਲ ।	੩	੪੭੦੫
ਰਣਜੀਤ ਨਗਾਰਾ ਬਣਵਾਯਾ ।	੨੪	੪੫੮੭	ਕਪਾਲ ਮੋਚਨ ।	੪	੪੭੧੧
ਘਰ ਵਿਚਾਰ। ਰਣਜੀਤ ਨਗਾਰਾ	੨੫	੪੫੯੧	ਰਾਜਕੌਰ ਦਾ ਹਾਲ ।	੫	੪੭੧੫
ਰਣਜੀਤ ਨਗਾਰਾ ਵੱਜਣਾ ।	੨੬	੪੫੯੪	ਰਾਮਰਾਇ ਜੀ ਦਾ ਅੰਤ ।	੬	੪੭੧੮
ਭੀਮਚੰਦ ਦਾ ਵਜ਼ੀਰ ਆਯਾ ।	੨੭	੪੫੯੮	ਪੰਜਾਬ ਕੌਰ ਦੀ ਚਿੱਠੀ ।	੭	੪੭੨੨
ਭੀਮਚੰਦ ਦਾ ਗੁਰੂ ਜੀ ਨਾਲ ਮੇਲ।	੨੮	੪੬੦੨	ਗੁਰੂ ਜੀ ਡੇਹਰੇ ਆਏ ।	੮	੪੭੨੫
ਰਾਜੇ ਨੂੰ ਹਾਥੀ ਤੇ ਤੰਬੂ ਦਿਖਾਯਾ ।	੨੯	੪੬੦੫	ਮਸੰਦਾਂ ਨੂੰ ਤਾੜਨਾ ।	੯	੪੭੨੯
ਰਾਜਾ ਵਿਦਾ। ਸ਼ਸਤ੍ਰ ਅਭ੍ਯਾਸ ।	੩੦	੪੬੧੦	ਫਤੇਸ਼ਾਹ ਦੇ ਲਾਗੀ । ਤੰਬੋਲ ।	੧੦	੪੭੩੩
ਰਾਜ-ਦੂਤ ਹਾਥੀ ਮੰਗਣ ਆਯਾ ।	੩੧	੪੬੧੪	ਨੰਦ ਚੰਦ ਤੰਬੋਲ ਲੈਕੇ ਗਿਆ ।	੧੧	੪੭੩੬
ਦੂਤ ਖਾਲੀ ਵਾਪਸ ।	੩੨	੪੬੧੭	ਵਜ਼ੀਰ ਰਾਹ ਲੈਣ ਆਇਆ ।	੧੨	੪੭੪੦
ਭੀਮਚੰਦ ਦੀ ਘਰ ਸਲਾਹ ।	੩੩	੪੬੨੧	ਦੂਲਹੁ ਤੇ ਵਜ਼ੀਰ ਦਾ ਲੰਘਣਾ ।	੧੩	੪੭੪੫
ਕੁਟਵਾਲ ਦਾ ਆਉਣਾ ।	੩੪	੪੬੨੫	ਦੂਲਹੁ ਤੇ ਵਜ਼ੀਰ ਸ੍ਰੀ ਨਗਰ ਪੁਜੇ ।	੧੪	੪੭੪੮
ਕੁਟਵਾਲ ਨੇ ਸੱਚੋ ਸੱਚ ਦੱਸਣਾ ।	੩੫	੪੬੨੮	ਸੌਦਾਗਰ । ਬਰਾਤ ਸ੍ਰੀ ਨਗਰ ।	੧੫	੪੭੫੪
ਮਾਤਾ ਜੀ ਨੇ ਸਮਝਾਉਣਾ ।	੩੬	੪੬੩੨	ਤੰਬੋਲ ਲੈਕੇ ਵਾਪਸ ਮੁੜਨਾ ।	੧੬	੪੭੫੮
ਨੰਦ ਚੰਦ ਨੂੰ ਦੀਵਾਨਗੀ । ਬਣ ।	੩੭	੪੬੩੬	ਘਾਟਾ ਲੰਘਣਾ ।	੧੭	੪੭੬੧
ਕਟੋਚੀਏ ਦੀਆਂ ਚਿੱਠੀਆਂ ।	੩੮	੪੬੪੦	ਨੰਦ ਚੰਦ ਦਾ ਆਉਣਾ ।	੧੮	੪੭੬੫
ਕੇਸਰੀ ਚੰਦ ਤੇ ਪੰਮਾ ਆਏ ।	੩੯	੪੬੪੪	ਫਤੇਸ਼ਾਹ ਦਾ ਜੰਗ ਹਿਤ ਵਧਣਾ ।	੧੯	੪੭੬੯
ਦੋਹਾਂ ਨੇ ਵੱਧ ਘੱਟ ਕਿਹਾ ।	੪੦	੪੬੪੭	ਪਠਾਣਾਂ ਛੁੱਟੀ ਮੰਗਣੀ ।	੨੦	੪੭੭੨
ਸਾਰੇ ਰਾਜਿਆਂ ਦੀ ਸਲਾਹ ।	੪੧	੪੬੫੧	ਪਠਾਣ ਫਤੇਸ਼ਾਹ ਨੂੰ ਜਾ ਮਿਲੇ ।	੨੧	੪੭੭੬
ਮਾਤਾ ਜੀ ਨੂੰ ਸਮਝਾਉਣਾ।	੪੨	੪੬੫੬	ਬੁੱਧੂਸ਼ਾਹ ਨੂੰ ਖਬਰ । ਕਾਲੇ ਖਾਂ ।	੨੨	੪੭੮੦
ਨਾਹਣੇਸ਼ ਦਾ ਵਜ਼ੀਰ ਆਯਾ ।	੪੩	੪੬੬੦	ਉਦਾਸੀਆਂ ਦਾ ਖਿਸਕਣਾ ।	੨੩	੪੭੮੪
ਨਾਹਣ ਵੱਲ ਟੁਰਨਾ ।	੪੪	੪੬੬੪	ਮਹੰਤ ਕ੍ਰਿਪਾਲ । ਦਲ ਦੀ ਚੜ੍ਹਾਈ।	੨੪	੪੭੮੯
ਕੀਰਤਪੁਰੋਂ ਨਾਹਣ ।	੪੫	੪੬੬੭	ਜੰਗ ਸ਼ੁਰੂ ।	੨੫	੪੭੯੨
ਜਮਨਾ ਕੰਢੇ ਥਾਂ ਪਸੰਦ ਕੀਤੀ ।	੪੬	੪੬੭੨	ਬੁੱਧੂ ਸ਼ਾਹ ਦੇ ਪੁੱਤਾਂ ਦਾ ਜੰਗ ।	੨੬	੪੭੯੬
ਪਾਂਵਟਾ ਰਚਿਆ ।	੪੭	੪੬੭੮	ਕ੍ਰਿਪਾਲ ਨੇ ਹਯਾਤਖਾਂ ਨੂੰ ਮਾਰਨਾ।	੨੭	੪੮੦੦
ਨੰਦਚੰ:ਦਯਾ ਰਾਮ ਰਾਮਰਾਏ ਪਾਸ।	੪੮	੪੬੮੧	ਸਾਹਿਬਚੰਦ,ਦਯਾਰਾਮ ਨੰਦ ਚੰਦ ।	੨੮	੪੮੦੫
ਬੁੱਧੂ ਸ਼ਾਹ । ਫਤੇ ਸ਼ਾਹ ਮਿਲੇ ।	੪੯	੪੬੮੫	ਹਲਵਾਈ । ਜੀਤ ਮੱਲ ।	੨੯	੪੮੦੯
ਫਤੇਸ਼ਾਹ ਤੇ ਨਾਹਣੇਸ਼ ਮਿਲਾਪ ।	੫੦	੪੬੮੯	ਸੰਗੋ ਸ਼ਾਹ ਤੇ ਹਰੀ ਚੰਦ ਬੱਧ ।	੩੦	੪੮੧੩
ਸ਼ੇਰ ਮਾਰਿਆ । ਬੁੱਧੂ ਸ਼ਾਹ ਵਿਦਾ।	੫੧	੪੬੯੨	ਭੰਗਾਣੀ ਯੁੱਧ ਫਤਹ ।	੩੧	੪੮੧੮
ਰਿਤੁ ਦੂਜੀ ।			ਇਨਾਮ ਵੰਡੇ। ਪਾਂਵਟਿਓਂ ਤਿਆਰੀ।	੩੨	੪੮੨੨
ਮੰਗਲ । ਖਾਨ ਨੌਕਰ ਰਖੇ ।	੧	੪੬੯੭			

३२. [ਸਮਾਣੇ ਪਠਾਣ ਦੀ ਗੜ੍ਹੀ ਵਿਚ ਰਾਤ ਰਹੇ]।

ਦੋਹਰਾ ॥ ਕਿਤਿਕ ਸਊਰ[1] ਤੁਰੰਗ ਕੇ ਜਹਿਂ ਕਹਿਂ ਖੋਜਤਿ ਥਾਨ। ਦੇਸ਼
ਬਿਦੇਸ਼ਨਿ ਗ੍ਰਾਮਪੁਰਿ ਬੂਝਹਿਂ ਨਾਮਬਖਾਨੁ॥੧॥ਚੌਪਈ॥'ਸ਼੍ਰੀਗੁਰ ਤੇਗਬਹਾ-
ਦਰ ਹੇਰੇ ?। ਸੁਨੇ ਕਿਧੌਂ ਕਿਸ ਥਲ ਇਸ ਬੇਰੇ। ਕਿਤ ਤੇ ਆਵਤਿ ਕਿਤ
ਕੋ ਜਾਤੇ। ਕਰਹੁ ਬਤਾਵਨਿ ਤਿਨਕੀ ਬਾਤੇਂ' ॥ ੨ ॥ ਸ਼੍ਰੀ ਗੁਰ ਕੀ ਮਾਯਾ
ਬਿਰਮਾਤੇ। ਪਿਖੇ ਸੁਨੇ ਜਿਨ ਸੇ ਨ ਮਿਲਾਤੇ[2]। ਆਦਿ ਅਨੰਦਪੁਰਿ ਦ੍ਵਾਬਾ
ਦੇਸ਼। ਮਾਝੇ ਮਾਂਝ ਬਿਲੋਕਿ ਅਸ਼ੇਸ਼ ॥ ੩ ॥ ਗਿਰ ਕਹਿਲੂਰ ਆਦਿ ਬਹੁ
ਥਾਨਿ। ਬੂਝਤਿ ਬਿਚਰਤਿ ਨਾਮ ਬਖਾਨਿ। 'ਸ਼੍ਰੀ ਨਾਨਕ ਮਸਨੰਦ[3] ਬਿਸਾਲਾ।
ਤਿਸ ਪਰ ਇਸਥਿਤ ਜੋ ਇਸ ਕਾਲਾ ॥ ੪ ॥ ਸ਼ਾਹੁ ਤਲਾਸ਼ ਕਰਤਿ ਹੈ
ਤਿਸ ਕੀ। ਬਿਚਰਤਿ ਸੁਧਿ ਲੈਬੇ ਸਭਿ ਦਿਸ਼ਕੀ। ਜਿਸ ਕੇ ਦੁਰਜੋ ਹੋਇ
ਕਬਿ ਆਇ[4]। ਸੋ ਅਬਿ ਹਮ ਕੋ ਦੇਹੁ ਬਤਾਇ ॥ ੫ ॥ ਨਾਂਹਿ ਤ ਗੁਰ
ਜਾਨਜੋਂ ਜਬਿ ਜਾਇ। ਪਾਤਸ਼ਾਹਿ ਤਿਸ ਦੇਹਿ ਸਜ਼ਾਇ'। ਇੱਤਯਾਦਿਕ
ਕਹਿ ਕਹਿ ਪੁਰਿ ਗ੍ਰਾਮਨਿ। ਕਹੂੰ ਬਿਲੋਕਤ ਹਿੰਦੁਨਿ ਧਾਮਨਿ[5] ॥ ੬ ॥
ਸੰਗਤਿ ਮੈਂ ਬਹੁ ਤ੍ਰਾਸ ਬਖਾਨੈਂ। 'ਗੁਰੂ ਬਤਾਵਹੁ ਜਹਿਂ ਤੁਮ ਜਾਨੈਂ[6]'। ਮਾਯਾ
ਤੇ ਮੋਹਿਤ ਮਨ ਹੋਇ। ਗੁਰ ਦਿਸ਼ਿ ਗਏ ਨ ਦਰਸ਼ਨ ਜੋਇ ॥ ੭ ॥ ਪਿਖੇ
ਸੁਨੇ ਜਿਨ, ਮਿਲੇ ਨ ਤਿਨਕੋ। ਕਯੋਂ ਕਰਿ ਖੋਜ ਪਾਇ ਗੁਰ ਤਨ ਕੋ।

ਸੈਫਦੀਨ ਤੇ ਲੀਨਿ ਬਿਦਾਈ[7]। ਕਰ ਜੋਰੇ ਤਿਨ ਗ੍ਰੀਵ ਨਿਵਾਈ॥੮॥
'ਸਿਮਰਹੁ ਦਾਸ ਜਾਨ ਕਰਿ ਮੋਹੀ'। ਬੂਝਯੋ 'ਕਬਿ ਦਰਸ਼ਨ ਪੁਨ ਹੋਹੀ?'
ਸੁਨਿ ਸ਼੍ਰੀ ਤੇਗ ਬਹਾਦਰ ਭਾਖਾ। 'ਕਰੀ ਪੂਰ ਮਿਲਿਬੇ ਅਭਿਲਾਖਾ ॥ ੯ ॥
ਧਰਹੁ ਧਯਾਨ ਹੀ ਦਰਸ਼ਨ ਮੋਰਾ। ਬਨਹੁਂ ਸਹਾਇਕ ਜਹਿਂ ਕਹਿਂ ਤੋਰਾ'।
ਇਮ ਦੇ ਧੀਰਜ ਕੀਨਿ ਪਯਾਨਾ। ਅਹੈ ਨਗਰ ਇਕ ਨਾਮ ਸਮਾਨਾ[8] ॥੧੦॥
ਬ੍ਰਿੰਦ ਪਠਾਨ ਤਹਾਂ ਸਰਦਾਰ। ਗਮਨਹਿਂ ਸਿਵਕਾ ਪਰ ਅਸਵਾਰ[9]। ਲਘੁ
ਲਘੁ ਦੁਰਗ ਪੁੰਜ ਬਨਵਾਏ। ਬਸਹਿਂ ਭੋਗ ਭੋਗਤਿ ਸਮੁਦਾਏ ॥ ੧੧ ॥
ਤਿਸ ਪੁਰਿ ਸਨਮੁਖ ਸ਼੍ਰੀ ਗੁਰ ਹੋਏ। ਗਮਨਹਿਂ ਜਾਹਿਂ ਸੁਮਾਰਗ ਜੋਏ। ਆਪ
ਤੁਰੰਗ ਬਲੀ ਅਸਵਾਰ। ਪੰਚੇ ਗਮਨਹਿਂ ਮਾਰਗ ਲਾਰ[10] ॥ ੧੨ ॥

---

[1]ਅਸਵਾਰ। [2]ਜਿਨ੍ਹਾਂ ਨੇ ਦਰਸ਼ਨ ਕੀਤਾ ਯਾ ਸੁਣੇ ਸਨ ਓਹ ਉਨ੍ਹਾਂ ਨੂੰ ਨਾ ਮਿਲੇ। [3]ਗੱਦੀ।
[4]ਕਦੇ ਆਕੇ ਲੁਕੇ ਹੋਣ। [5]ਹਿੰਦੂਆਂ ਦੇ ਘਰਾਂ ਨੂੰ। [6]ਜਿਥੇ ਜਾਣਦੇ ਹੋ ਕਿ ਹਨ। [7](ਗੁਰੂ ਜੀ ਨੇ)
ਵਿਦਾ ਲਈ। [8]ਪਟਯਾਲੇ ਰਯਾਸਤ ਵਿਚ ਇਕ ਨਗਰ ਹੈ। [9]ਤੇ ਪਾਲਕੀ ਵਿਚ ਅਸਵਾਰ ਹੋਕੇ
ਚਲਿਆ ਕਰਦੇ ਸਨ। [10]ਨਾਲ ਕਤਾਰ ਬੰਨ੍ਹ ਕੇ।

ਸ਼ਹਿਰ ਸਮਾਣੇ ਪਹੁੰਚੇ ਜਾਇ। ਕਿਤਿਕ ਸਿੱਖ ਮਿਲਿਗੇ ਪੁਨ ਆਇ।
ਅਰਪੀ ਭੇਟ ਬੰਦਨਾ ਕੀਨਿ। ਪੁਰੀ ਕਾਮਨਾ ਦਰਸ਼ਨ ਲੀਨਿ॥੧੩॥ਤਿਨ
ਸਮੇਤ ਹੁਇ ਥਲ ਕੋ ਹੇਰਾ। ਪੁਰਿ ਤੇ ਵਹਿਰ ਜਾਇ ਕਿਯ ਡੇਰਾ। ਖਾਨ
ਪਾਨ ਸਗਰੇ ਤਹਿਂ ਕਰਿਕੈ। ਥਿਰੇ ਪ੍ਰਯੰਕ ਪੀਠ ਪਰ[1] ਚਰਿਕੈ ॥ ੧੪॥
ਤਹਾਂ ਪਠਾਨ ਏਕ ਸਰਦਾਰ। ਸਤਿਗੁਰ ਮਹਿਮਾ ਲਖਹਿ ਉਦਾਰ। ਸੈਫ-
ਦੀਨ ਢਿਗ ਬਾਸ ਚੁਮਾਸੇ। ਤਬਿ ਇਹ ਗਯੋ ਹੁਤੋ ਗੁਰ ਪਾਸੇ॥ ੧੫ ॥
ਇਕ ਦੁਇ ਦਿਨ ਸਮੀਪ ਤਹਿਂ ਰਹ੍ਯੋ।ਪ੍ਰਭੁਤਾ[2],ਸ਼ੀਲ, ਭੇਵ ਗੁਰ ਲਹ੍ਯੋ।
ਤਿਸ ਨੇ ਸੁਨ੍ਯੋ ਇਹਾਂ ਚਲਿ ਆਏ।ਡੇਰਾ ਵਹਿਰ ਕਰ੍ਯੋ ਕਿਸ ਥਾਏਂ॥੧੬॥
ਗਮਨ੍ਯੋ ਲੇ ਅਕੋਰ ਤਬਿ ਨੀਕੀ। ਸੇਵਾ ਹੇਤੁ ਉਮਗ ਕਰਿ ਹੀ ਕੀ[3]।
ਦਸਕ ਸੰਗ ਨਰ ਲੇ ਕਰਿ ਗਯੋ। ਆਇ ਸਮੀਪੀ ਨੰਮ੍ਰੀ ਭਯੋ॥ ੧੭ ॥
ਕ੍ਰਿਪਾ ਦ੍ਰਿਸ਼ਟਿ ਸ੍ਰੀ ਤੇਗਬਹਾਦਰ। ਬੂਝਤਿ ਕੁਸ਼ਲ ਬਿਠਾਯੋ ਸਾਦਰ। ਹਾਥ
ਜੋਰਿ ਕਰਿ ਕਹ੍ਯੋ ਪਠਾਨ। 'ਮੋ ਪਰ ਰਾਵਰਿ ਕਰਮ ਮਹਾਨ[4]॥ ੧੮ ॥
ਪਿਖਤਿ ਪ੍ਰਫੁੱਲਿਤਿ ਭਾ ਮਨ ਮੇਰਾ। ਜਥਾ ਕਮਲ ਸੂਰਜ ਕੋ ਹੇਰਾ।ਪੀਰਨ
ਪੀਰ ਮਹਾਂ ਦਰਵੇਸ਼। ਸੂਰਤਿ ਜਨੁ ਖ਼ੁਦਾਇ ਕੀ ਬੇਸ਼॥ ੧੯ ॥ ਮਮ ਗ੍ਰਿਹ
ਮੈਂ ਅਬਿ ਸਿਵਰ ਉਤਾਰੋ। ਸਭਿ ਸੇਵਾ ਮੈਂ ਕਰੌਂ ਸੁਖਾਰੋ। ਕੋ ਦਿਨ ਬਸਹੁ
ਮਿਹਰ ਕੌ ਕਰੀਅਹਿ। ਸੈਫਦੀਨ ਸਮ ਦਾਸ ਬਿਚਰੀਅਹਿ' ॥ ੨੦ ॥ ਸ੍ਰੀ
ਗੁਰ ਕਹ੍ਯੋ 'ਟਿਕ੍ਯੋ ਅਬਿ ਡੇਰਾ।ਆਪ ਆਇ ਕਰਿ ਦਰਸ਼ਨ ਹੇਰਾ। ਨਹੀਂ
ਮੁਕਾਮ ਕਰਨਿ ਕੋ ਬਾਂਛੇ। ਆਗੇ ਗਮਨ ਕਰਨਿ ਕੀ ਕਾਛੇ[5]॥ ੨੧॥ ਰਿਦੈ
ਲਾਲਸਾ ਪੂਰਨ ਕਰੀਅਹਿ। ਮਿਲ੍ਯੋ ਆਨਿ ਸੁਨਿ ਕੈ ਇਸ ਘਰੀਅਹਿ।
ਭਾਉ ਬਿਸਾਲ ਤੋਹਿ ਮੈਂ ਹੇਰਾ। ਸਮ ਹੀ ਭਯੋ ਕਰਨਿ ਗ੍ਰਿਹ ਡੇਰਾ[6]' ॥੨੨॥
ਇਸ ਪ੍ਰਕਾਰ ਕਹਿ ਇਕ ਦੁਇ ਬੇਰ। ਨਿਕਟਿ ਬੈਠਿ ਕਰਿ ਪ੍ਰੇਮ ਬਡੇਰ।
ਲੇ ਆਗ੍ਯਾ ਕੋ ਸੀਸ ਨਿਵਾਯੋ। ਗਮਨ੍ਯੋ ਗ੍ਰਿਹ ਕੋ ਉਰ ਹਰਖਾਯੋ ॥ ੨੩॥
ਸੰਧ੍ਯਾ ਪਰੀ ਨਗਰ ਮੈਂ ਗਯੋ। ਗਰੀ ਬਜ਼ਾਰ ਉਲੰਘਤਿ ਭਯੋ।ਤਿਸ ਤੇ ਪਰੇ
ਜਾਇ ਥਿਰ ਥ੍ਹਾਇਂ। ਪਿਖੇ ਸਊਰ ਆਇਂ ਸਮੁਦਾਇ॥੨੪॥ ਤਿਨ ਕੇ ਸੰਗ
ਬੂਝਿਬੋਕੀਨਿ।'ਕਿਤ ਤੇ ਆਏ ਕਹਹੁਨਵੀਨ[7]? ਆਗੈ ਪਹੁੰਚਨਿ ਹੈ ਕਿਸ
ਥਾਨ ? ਕੁਛ ਉਤਲਾਵਤਿ ਕਰਹੁ ਪਯਾਨ ॥ ੨੫॥ ਕਿਸ ਉਮਰਾਵ

---

[1]ਮੰਜੇ ਦੀ ਪਿੱਠ ਤੇ। [2]ਵਡਜਾਈ। [3]ਹਿਰਦੇ ਦੀ। [4]ਆਪਦੀ ਬਖਸ਼ਸ਼ ਬੜੀ ਹੈ। [5]ਇਛਾ ਹੈ।
[6]ਤੇਰੇ ਘਰ ਡੇਰਾ ਕਰਨ ਦੇ ਬਰਾਬਰ ਹੀ ਹੋ ਗਿਆ ਹੈ। [7]ਕੋਈ ਨਵੀਂ ਗਲ ਦੱਸੋ।

ਪਠੇ ਸਮੁਦਾਏ। ਕੈ ਕਿਸ ਕਾਰਜ ਸ਼ਾਹੁ ਪਠਾਏ'।ਸੁਨਤਿ ਸਊਰਨਿ ਉੱਤਰ ਦੀਨੋ। 'ਗਮਨ ਦੇਸ਼ ਬ੍ਰਿੰਦਨਿ[1] ਹਮ ਕੀਨੋ॥੨੬॥ਸ੍ਰੀ ਨਾਨਕ ਗਾਦੀ ਪਰ ਜੋਇ। ਹਿੰਦੁਨਿ ਬਿਖੈ ਗੁਰੂ ਅਬਿ ਸੋਇ। ਤਿਸ ਕੀ ਸ਼ਾਹੁ ਤਲਾਸ਼ੀ[2] ਕਰੈ। ਗਨ ਸਊਰ ਬਹੁ ਖੋਜਤਿ ਫਿਰੈਂ ॥ ੨੭ ॥ ਕੋਚਿਤ ਮਾਝੇ ਮਾਂਹਿ ਨਿਹਾਰੇ। ਕਿਤਿਕ ਬਿਲੋਕਤਿ ਧਾਰ ਪਹਾਰੇ[3]। ਪ੍ਰਾਪਤਿ ਨਹੀਂ ਫਿਰੇ ਬਹੁਤੇਰਾ।ਜਹਾਂ ਰਿਹਾਇਸ਼ ਸੁਨਿ ਬਹੁ ਹੇਰਾ[4] ॥੨੮॥ ਤਿਸ ਕਾਰਨ ਹਮ ਜਾਇਂ ਅਗਾਰੀ। ਖੋਜਨਿ ਕਰਹਿਂ ਰਾਜ ਛਿਤ ਸਾਰੀ'। ਸੁਨਿ ਪਠਾਨ ਤਬਿ ਔਚਕ ਕਾਨ[5]। ਮਨਹੁ ਤਾਨਿ ਧਨੁ ਮਾਰਯੋ ਬਾਨ ॥ ੨੯ ॥ ਉਠਯੋ ਦਲਕ[6] ਉਰ ਹਟਯੋ ਪਿਛਾਰੀ। ਕੁਮਤਿ ਸ਼ਾਹੁ ਕੀ ਕ੍ਰੂਰ ਬਿਚਾਰੀ।-ਅਸ ਦਰਵੇਸ਼ ਬੇਸ਼ ਕੇ ਸੰਗ॥ ਰਚਹਿ ਦ੍ਵੈਸ਼ ਕੌ ਚਹਹਿ ਕੁਢੰਗੋ॥ ੩੦ ॥ ਜਾਨਤਿ ਹੌਂ ਖੈ ਹ੍ਵੈ ਤੁਰਕਾਨਾ[7]। ਦੋਜ਼ਕ ਪਰਹਿ ਸਜ਼ਾਇ ਮਹਾਨਾ। ਅਬਿ ਮੈਂ ਤਿਨ ਕੋ ਸਕਲ ਜਨਾਵੌਂ। ਨਿਜ ਨਿਕੇਤ ਮਹਿਂ ਸਿਵਰ ਕਰਾਵੌਂ ॥ ੩੧ ॥ ਨਾਤੁਰ ਕੋ ਬਤਾਇ ਨਰ ਦੈ ਹੈ। ਅਸ ਨਹਿਂ ਹੋਇ ਪਹੁੰਚਿ ਗਹਿ ਲੈ ਹੈਂ-। ਏਵ ਬਿਚਾਰਤਿ ਛਿੱਪ੍ਰ ਪਧਾਨਾ। ਜਹਾਂ ਬਿਰਾਜਹਿਂ ਕ੍ਰਿਪਾ ਨਿਧਾਨਾ ॥ ੩੨ ॥ ਆਵਤਿ ਦੇਖਿ ਪ੍ਰਭੂ ਮੁਸਕਾਏ। 'ਕਹਾਂ ਹੌਲ ਉਰ ਖਾਨ ਉਪਾਏ। ਕਹੋ ਕਿਨਹੁੰ ਕੇ ਕਯੋਂ ਕਰਿ ਤ੍ਰਾਸਾ। ਇਕ ਖ਼ੁਦਾਇ ਪਰ ਧਰਿ ਬਿਸਵਾਸਾ' ॥੩੩॥ ਬੈਠਿ ਨਿਕਟਿ ਕਹਿ ਹੌਰੇ ਹੌਰੇ।'ਟਿਕਹੁ ਨ ਗੁਰੂ ਅਬਹਿ ਇਸ ਠੌਰੇ। ਉਠਹੁ ਸ਼ੀਘ੍ਰ ਸਭਿ ਕਿਛ ਲੇ ਚਾਲਹੁ। ਜ਼ੀਨ ਤੁਰੰਗਨ ਤੂਰਨ ਡਾਲਹੁ ॥ ੩੪ ॥ ਸੈਨ ਸ਼ਾਹੁ ਕੀ ਫਿਰਹਿ ਘਨੇਰੇ। ਖੋਜਤਿ ਥਲ ਤੁਮ ਬਸਿਬੇ ਕੇਰੇ। ਜਿਤ ਕਿਤ ਫਿਰਹਿਂ ਬੂਝਿ ਤੁਮ ਨਾਮ। ਜਹਿਂ ਸਿਖ ਸੰਗਤ ਕੋ ਬਿਸਰਾਮ ॥ ੩੫ ॥ ਅੰਤਰਜਾਮੀ ਤੁਮ ਸਭਿ ਜਾਨਾ। ਮਿਲੇ[8] ਸਊਰ ਪ੍ਰਸੰਗ ਪਛਾਨਾ। ਤਊ ਮੋਹਿ ਤੇ ਹਿਤ ਸੁਨਿ ਲੀਜੈ। ਭੀਖਨ ਕਰਮਾ[9] ਸ਼ਾਹੁ ਲਖੀਜੈ ॥ ੩੬ ॥ ਸੰਤ ਅਨੇਕਨ ਕੋ ਦੁਖ ਦੀਨਾ। ਧਰ ਕੋ ਸਿਰ ਤੇ ਕਰਹਿ ਬਿਹੀਨਾ।ਤਿਸ ਕੇ ਢਿਗ ਪਹੁੰਚਨਿ ਨਹਿਂ ਆਛੇ। ਜ਼ਾਲਮ ਬਡੋ ਜ਼ੁਲਮ ਜਿਨ ਬਾਂਛੋ[10]'॥ ੩੭ ॥ਸੁਨਿ ਸਤਿਗੁਰ ਤਿਸ ਕਉ ਸਮੁਝਾਯਹੁ। 'ਸਿਰਜਨਹਾਰੇ ਜਥਾ ਬਨਾਯਹੁ।ਸੋ ਨਹਿ ਟਰਹਿ

---

[1]ਸਾਰੇ ਦੇਸ਼ਾਂ ਵਿੱਚ। [2]ਢੂੰਡ। [3]ਪਹਾੜਾਂ ਦੀਆਂ ਧਾਰਾਂ ਵਿੱਚ। [4]ਜਿੱਥੇ ਰਿਹਾਇਸ਼ ਸੁਣੀ ਉਥੇ ਬੜਾ ਦੇਖਿਆ ਹੈ। [5]ਅਚਾਨਕ ਕੰਨੀਂ ਸੁਣਕੇ। [6]ਕੰਬ ਗਿਆ। [7]ਤੁਰਕਾਂ ਦਾ ਨਾਸ਼ ਹੋਣਾ ਹੈ। [8](ਮੈਨੂੰ) ਮਿਲੇ ਸੀ। [9]ਭਿਆਨਕ ਕੰਮ ਕਰਨ ਵਾਲਾ। [10]ਚਾਹੁੰਦਾ ਹੈ।

ਉਪਾਵ ਅਨੇਕੈਂ । ਇਹੁ ਨਿਰਨੈ ਕਰਿ ਜਾਨਿ ਬਿਬੇਕੈ ॥ ੩੮ ॥ ਸਕਲ
ਕਾਜ ਕਰਤਾ ਜਗਤੇਸ਼ । ਕਸੋਂ ਆਨਹੁ ਉਰ ਤ੍ਰਾਸ ਵਿਸ਼ੇਸ਼' । ਸੁਨਿ ਪਠਾਨ
ਕਰ ਜੋਰਿ ਬਖਾਨਾ । 'ਸ੍ਰੀ ਮੁਖ ਤੇ ਸਚ ਕਹਹੁ ਸੁਜਾਨਾ[1] ! ॥ ੩੯ ॥
ਪਾਵਨ ਮਮ ਘਰ ਕਰਹੁ ਗੁਸਾਈਂ । ਅੰਤਰ ਚਲਹੁ ਏਵ ਬਨਿਆਈ ।
ਬਾਕ ਬਿਲਾਸ ਸੁਨਾਵਹੁ ਆਪੂ । ਪਿਖੇ ਸੁਨੇ ਪਾਪਨਿ ਗਨ ਖਾਪੂ' ॥ ੪੦ ॥
ਇਮ ਕਹਿ ਸ਼ੀਘ੍ਰ ਖੋਲਿ ਕਰਿ ਘੋਰਾ । ਜ਼ੀਨ ਪਾਇ ਭਾਖੈ ਕਰ ਜੋਰਾ[2] ।
'ਉਠਹੁ ਅਰੂਵ੍ਹਹੁ ਨਿਸ ਬਿਸਰਾਮਹੁ । ਸੁਖ ਸੋਂ ਬਸਹੁ ਚਿੰਤ ਬਿਨ ਧਾਮਹੁੰ ॥
੪੧ ॥ ਤਸਕਰ ਆਦਿ ਬਿਘਨ ਨਹਿਂ ਕੋਈ । ਅਵਲੋਕਹੁ ਮਮ ਦਿਸ਼ਿ
ਅਰਜ਼ੋਈ[3]' । ਸੁਨਿ ਸਤਿਗੁਰ ਪਿਖਿ ਭਾਉ ਬਿਸਾਲੇ । ਚਢਿ ਤੁਰੰਗ ਪਰ
ਅੰਤਰ ਚਾਲੇ ॥ ੪੨ ॥ ਪੰਚਹੁੰ ਸਿੱਖ ਸੰਗ ਨਿਜ ਲੀਨੇ । ਅਪਰ ਆਪ ਤੇ
ਰੁਖਸਦ ਕੀਨੇ[4] । ਗੜ੍ਹੀ ਪਠਾਨਨਿ ਕੀ ਤਹਿ ਘਨੀ । ਨਿਕਟਿ ਨਿਕਟਿ ਗਾਢੀ
ਬਹੁ ਬਨੀ ॥ ੪੩ ॥ ਲੇ ਕਰਿ ਖਾਨ ਆਪਨੀ ਗਯੋ[5] । ਡੇਰਾ ਘਰ ਸੁੰਦਰ
ਮਹਿਂ ਦਯੋ । ਭਯੋ ਨਚਿੰਤ ਆਇ ਦਰ ਠਾਢੇ । ਕਰੇ ਕਿਵਾਰ ਅਸੰਜਤਿ
ਗਾਢੇ[6] ॥ ੪੪ ॥ ਕਹ੍ਯੋ 'ਓਪਰੇ ਨਰ ਨਹਿ ਬਰੈਂ । ਹਮਰੇ ਵਹਿਰ ਬਾਤ
ਨਹਿਂ ਕਰੈ[7]' । ਇੱਤ੍ਯਾਦਿਕ ਕਰਿਕੈ ਤਕਰਾਈ । ਗਯੋ ਗੁਰੂ ਢਿਗ ਗ੍ਰੀਵ
ਨਿਵਾਈ ॥ ੪੫ ॥ ਬਾਕ ਬਿਲਾਸ ਸੁਨੇ ਬਹੁ ਭਾਂਤੀ । ਸੁਪਤ ਜਥਾ ਸੁਖ
ਭੇ ਬਿਚ ਰਾਤੀ[8] । ਸਰਬ ਸੇਵ ਤ੍ਰਿਣ ਆਦਿਕ ਕੇਰੀ । ਕਰੀ ਤੁਰੰਗਨਿ ਕੀ
ਤਿਸ ਬੇਰੀ ॥੪੬॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸਮਾਣੇ ਆਗਵਨ'
ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ । ੩੨ ॥

੩੩. [ਸਮਾਣਿਓਂ ਕਰਹਾਲੀ, ਚਿਹਕਾ ਗਏ] ।

ਦੋਹਰਾ ॥ ਭਈ ਨਿਸਾ ਪੁਰਿ ਹੇਰਿ ਕਰਿ ਸ਼ਾਹਿ ਸਊਰ ਬਿਚਾਰਿ । ਉਤਰਿ ਪਰੇ
ਡੇਰਾ ਕਰ੍ਯੋ ਲੀਨਸਿ ਅੰਨ ਅਹਾਰ ॥ ੧ ॥ ਚੌਪਈ ॥ ਲੇਤਿ ਦੇਤਿ ਤਹਿਂ
ਜ਼ਿਕਰ ਚਲਾਯੋ । 'ਕਿਸੂ ਦੇਸ਼ ਸ੍ਰੀ ਗੁਰ ਨਹਿਂ ਪਾਯੋ' । ਇਕ ਨਰ ਤਬਹਿ
ਬਤਾਵਨ ਕਹ੍ਯੋ । 'ਆਜ ਦੁਪਹਿਰਾ ਜਬਿ ਕਛ ਢਰ੍ਯੋ ॥ ੨ ॥ ਨਗਰ
ਪ੍ਰਵੇਸ਼ਤਿ ਮੈਂ ਗੁਰ ਹੇਰੇ । ਉਤ ਦਿਸ਼ਿ ਉਤਰੇ ਕੀਨਸਿ ਡੇਰੇ । ਨਿਸਾ ਆਜ
ਕੀ ਇਹਾਂ ਬਿਤਾਵੈਂ । ਹੁਇ ਭੁਨਸਾਰ ਸੁ ਅੱਗ੍ਰ ਸਿਧਾਵੈਂ' ॥੩॥ ਸੁਨਿ ਔਚਕ

[1]ਸ੍ਰੀ ਮੁਖ ਤੋਂ ਸੱਚ ਕਹਿੰਦੇ ਹੋ ਹੇ ਸੁਜਾਨ ਜੀ । [2]ਹੱਥ ਜੋੜ ਕੇ । [3]ਮੇਰੀ ਬੇਨਤੀ ਵਲ ਤੱਕੋ ।
[4]ਹੋਰ ਸਿਖ ਆਪਣੇ ਪਾਸੋਂ ਵਿਦਾ ਕਰ ਦਿਤੇ ਸੀ । [5]ਆਪਣੀ ਗੜ੍ਹੀ ਵਿੱਚ ਲੈ ਗਿਆ । [6]ਬੂਹੇ ਤਕੜੇ
ਬੰਦ ਕਰ ਦਿੱਤੇ । [7]ਸਾਡੇ (ਆਦਮੀ) ਬਾਹਰ ਗਲ ਨਾਂ ਕਰਨ । [8]ਰਾਤ ਵਿੱਚ ।

'ਗੁਰ ਪੁਰਿ ਇਸ ਆਏ'।ਸ਼ਾਹਿ ਸਊਰ ਘਨੇ ਹਰਖਾਏ। ਤਬਹਿ ਬਿਲੋਕਨ ਉਤ ਦਿਸ਼ਿ ਗਏ। ਖੋਜਤਿ ਥਲ ਨਹਿਂ ਪ੍ਰਾਪਤਿ ਭਏ॥ ੪॥ ਪੁਨ ਉਤ ਦਿਸ਼ ਕੇ ਨਰ ਜੋ ਮਿਲੇ।ਤਿਨ ਕੋ ਬੂਝਤਿ ਯਾ ਬਿਧਿ ਭਲੇ।'ਗੁਰਕਿਸ ਥਲ ਮਹਿਂ ਕੀਨਸਿ ਡੇਰਾ ? ਕਰਹੁ ਬਤਾਵਨਿ ਜਿਸ ਨੇ ਹੇਰਾ' ॥ ੫॥ ਇਕ ਮਾਨਵ ਸੁਨਿ ਸਕਲ ਬਤਾਈ। 'ਭਯੋ ਤਿਮਰ ਤਬਿ ਗੇ ਕਿਸ ਥਾਈਂ।ਉਤਰੇ ਹੁਤੇ ਪਿਖੇ ਮੈਂ ਸੋਇ। ਕਹਾਂ ਗਏ ਅਬਿ ਲਖੈ ਨ ਕੋਇ' ॥ ੬॥ ਸੁਨਿ ਕਰਿ ਖੋਜਤਿ ਉਰ ਬਿਸਮਾਏ। ਪਰੀ ਰਾਤਿ ਕਿਤ ਦੇਖਹਿਂ ਜਾਏ। ਇਤ ਉਤ ਬਿਚਰਤਿ ਰਹੇ ਘਨੇਰੇ।ਸ੍ਰੀ ਸਤਿਗੁਰ ਨਾਹਿਨ ਕਿਤ ਹੇਰੇ॥੭॥ਸ਼ਾਹੁ ਨਰਨਿ ਤਬਿ ਮਸਲਤ ਗਾਏ। 'ਹੈਂ ਪੁਰਿ ਮੈਂ, ਨਹਿਂ ਅੱਗ੍ਰ ਸਿਧਾਏ।ਇਤਿ ਦਿਸ਼ ਕੀ ਕੀਜਹਿ ਤਕਰਾਈ। ਬਡੀ ਪ੍ਰਭਾਤਿ ਨਿਕਸਿ ਨਹਿਂ ਜਾਈਂ ॥ ੮॥ ਜੇ ਗਹਿ ਲੇਹਿਂ ਗੁਰੂ ਇਸਥਾਨ। ਹਮ ਪਰ ਸ਼ਾਹੁ ਪ੍ਰਸੰਨ ਮਹਾਨ। ਬਖਸ਼ਹਿ ਅਧਿਕ ਦਰਬ ਸਮੁਦਾਏ। ਜਿਸ ਤਲਾਸ਼ ਦਿਨ ਬਹੁਤ ਬਿਤਾਏ॥ ੯ ॥ ਆਲਸ ਕਰਹੁ ਨ,ਰਹਹੁ ਸੁਚੇਤ। ਲੇਤੇ ਬੂਝਹੁ ਸਭਿ ਕੇ ਭੇਤ[1]। ਅਪਨੋ ਡੇਰਾ ਇਤ ਲੇ ਆਵਹੁ। ਸਭਿ ਪੰਥਨਿ ਪਰ[2] ਦ੍ਰਿਸ਼ਟਿ ਲਗਾਵਹੁ॥੧੦॥ਇਮ ਕਹਿ ਖਾਨ ਪਾਨ ਸਭਿ ਕਰਿਕੈ। ਜਿਤ ਕਿਤ ਸਗਰੇ ਸਥਲ ਨਿਹਰਿਕੈ। ਜਾਗਤਿ ਰਹੇ ਨ ਨਿੰਦ੍ਰਾ ਲੀਨਿ। ਭਈ ਪ੍ਰਭਾਤਿ ਸਭਿਨਿ ਮਨ ਚੀਨ॥੧੧॥ਪੁਰਿ ਕੀ ਗਰੀ ਗਰੀ ਸਭਿ ਹੇਰੀ। ਤਕਰਾਈ ਸਭਿ ਪੰਥ ਘਨੇਰੀ। ਹੁਤੇ ਦਿਵਸ ਮਹਿਂ ਜਹਿਂ ਗੁਰ ਡੇਰਾ। ਤਹਿਂ ਤੇ ਖੋਜ ਪਗਨ[3] ਕੋ ਹੇਰਾ॥ ੧੨॥ ਪਹੁੰਚੇ ਜਾਇ ਗਲ਼ੀ ਦਰਵਾਜ਼ੇ। ਜਿਸ ਕੇ ਅੰਤਰ ਗੁਰੂ ਬਿਰਾਜੇ। ਪਿਖੇ ਕਿਵਾਰ ਅਮੰਜਤਿ[4] ਜਬੈ। ਕਹਿ ਕਰਿ ਖਾਨ ਹਕਾਰਨੋ ਤਬੈ॥ ੧੩॥ ਸੁਨਿ ਪਠਾਨ ਤਿਨ ਕੇ ਢਿਗ ਆਯੋ। ਹੇਰ ਸਲਾਮਾਲੇਕਮ ਗਾਯੋ[5]। 'ਕਵਨੈਂ ਦਰ ਖਰੇ ਕਾਜ ਕੇ ਆਹਨੋ ? ਮੋਹਿ ਬੁਲਾਵਨਿ ਕਵਨੈਂ ਤੁਮ ਚਾਹਨੋ?' ॥੧੪॥ ਸ਼ਾਹਿ ਨਰਨ ਬਚ ਉੱਗ੍ਰ[6] ਬਖਾਨਾ।'ਖੋਜਤਿ ਦੇਸ਼ ਬਿਦੇਸ਼ਨ ਥਾਨਾ। ਹਜ਼ਰਤ ਘਨੀ ਤਲਾਸ਼ੀ ਧਰੈ। ਜ਼ਿਕਰ ਸਭਾ ਮਹਿ ਨਿਤ ਪ੍ਰਤਿ ਕਰੈ॥ ੧੫ ॥ ਸੋ ਗੁਰ ਤੁਮ ਨੇ ਸਦਨ ਦੁਰਾਯੋ। ਦੇਖਤਿ ਖੋਜ ਹਮਹਿਂ ਅਬਿ ਪਾਯੋ। ਬਹੁ ਨਰ ਭਨਹਿ ਨਗਰ ਗੁਰ ਆਏ। ਫਿਰਹਿਂ[7] ਸਕਲ ਥਲ, ਨਾਹਿਨ ਪਾਏ'॥੧੬॥ਸੁਨਤਿ

---

[1]ਸਭਨਾਂ ਦੇ ਭੇਤ ਪੁੱਛ ਕੇ ਲੈਂਦੇ ਰਹੋ। [2]ਸਾਰੇ ਰਾਹਾਂ ਉਪਰ। [3](ਘੋੜੇ ਦੇ) ਪੈਰਾਂ ਦਾ ਖੋਜ। [4]ਬੰਦ। [5]ਕਹੀ। [6]ਕਰੜਾ। [7](ਅਸੀਂ) ਫਿਰੇ ਹਾਂ।

ਖਾਨ ਰਿਸ ਧਾਰਿ ਬਖਾਨਯੋ। 'ਹਿੰਦੂ,ਘਰ ਹਮਰੇ ਕਿਮ ਜਾਨਯੋ?।ਖੋਜ ਤੁਰੰ-
ਗਮ ਜੋ ਤੁਮ ਹੇਰਾ। ਮੈਂ ਚਢਿ ਕੈ ਸੰਧਯਾ ਕਹੁ ਫੇਰਾ ॥ ੧੭ ॥ ਮਮ ਪਤਿ
ਕੋ ਹੌਰੀ ਤੁਮ ਕੀਨਿ। ਕਹਾਂ ਖੋਜ ਐਸੋ ਦ੍ਰਿਗ ਚੀਨਿ। ਬਹੁਰ ਨ ਕਹਹੁ
ਸੁਨਹਿੰਗੋ ਔਰ। ਹਸਹਿਂ ਖਾਨ ਸੁਨਿ ਕੈ ਸਭਿ ਠੌਰ ॥ ੧੮॥ ਕਹਾਂ ਸਤਰ[1]
ਕੋ ਰਾਖਨਿ ਕਰਿਬੋ। ਕਹਾਂ ਹਿੰਦੂ ਘਰ ਅੰਤਰ ਬਰਿਬੋ। ਅਬਿ ਤੁਮ ਕਹੀ
ਸਹੀ ਮੈਂ ਸਾਰੀ। ਬਹੁਰ ਕਹਹੁ ਕਰਿ ਹੌਂ ਤਬਿ ਰਾਰੀ[2] ॥ ੧੯ ॥ ਮਾਰਨ
ਮਰਨ ਹੋਹਿ ਪੁਨ ਜਾਵੈ।ਅਸ ਬੇਸਤਰੀ ਤਬਹਿ ਜਨਾਵੈਂ[3]। ਕਰਹੁ ਢੀਠਤਾ
ਲਾਜ ਨ ਆਵਤਿ। ਇਹ ਬਿਧਿ ਹਮ ਘਰ ਕਯੋਂ ਬਨ ਆਵਤਿ ? ॥ ੨੦ ॥
ਹਸਹਿਂ ਬਿਰਾਦਰ[4], ਲਖਹਿਂ ਨਿਲਾਜੂ। ਕਯੋਂ ਕਰਿ ਸਕਹਿਂ ਏਵ ਹਮ
ਕਾਜੂ'। ਇੱਤਯਾਦਿਕ ਕਰਿ ਕੋਪ ਸੁਨਾਯੋ। ਸ਼ਾਹੁ ਨਰਨਿ ਕੋ ਬਹੁ ਡਰ-
ਪਾਯੋ ॥੨੧॥ ਭਏ ਨਿਰਾਸ ਨ ਬੋਲੇ ਫੇਰ। ਸਾਚੋ ਲਖਯੋ ਕੁਪਤ ਕੋ ਹੇਰਿ[5]।
ਤਜਯੋ ਸਮਾਨਾ ਨਗਰ ਬਹੋਰੀ। ਗਏ ਅੱਗ੍ਰ ਹੇਰਨਿ ਬਲ ਔਰੀ ॥ ੨੨ ॥
ਜਾਇ ਖਾਨ ਗੁਰ ਕੇ ਢਿਗ ਬੈਸਾ। 'ਭਯੋ ਬ੍ਰਿਤਾਂਤ ਕਹਯੋ ਮੈਂ ਜੈਸਾ। ਸ਼ਾਹੁ
ਸਊਰ ਠਾਢਿ ਭੇ ਦ੍ਵਾਰੇ। ਰਿਸ ਬਚ ਕਹਿ ਕਰਿ ਇਤ ਤੇ ਟਾਰੇ ॥ ੨੩ ॥
ਉਚਿਤ ਕਰਨਿ ਕੋ ਮੈਂ ਕਰਿ ਲੀਨਾ।ਅਬਿਤੁਮ ਕਰਹੁ ਜਥਾ ਚਿਤਚੀਨਾ'।
ਸ਼ਰਧਾ ਹੇਰਿ ਖਾਨ ਕੀ ਮਹਾਂ। ਮੁਸਕਾਵਤਿ ਸਤਿਗੁਰ ਬਚ ਕਹਾ ॥ ੨੪ ॥
'ਸਾਧੁ ਸਾਧੁ ਤੁਝ ਕੋ ਬਹੁ ਬਾਰੀ। ਸੁਖ ਸੋਂ ਬੈਸ ਬਿਤਾਵੈਂ ਸਾਰੀ। ਅੰਤ
ਸਮੈਂ ਜਮ ਤ੍ਰਾਸ ਨ ਹੋਵੈ।ਇਸ ਕੋ ਅਸ ਫਲ ਦੀਰਘ ਜੋਵੈ''॥੨੫॥ਇਮ ਕਹਿ
ਇਕ ਦਿਨ ਕੀਨਿ ਮੁਕਾਮੂ[6]। ਖਾਨ ਹਰਖ ਯੁਤਿ ਰਾਖੇ ਧਾਮੂ। ਨਿਸਾ
ਬਿਤਾਇ ਦੂਸਰੀ ਤਹਾਂ। ਕਰਯੋ ਕੂਚ ਦੇ ਬਰ ਸੁਖ ਮਹਾਂ॥੨੬॥ ਪੈਂਚ ਸਊਰ
ਸੰਗ ਮਗ ਚਲੇ। ਪੂਰਬ ਦਿਸ਼ਾ ਬਦਨ ਕਰਿ ਭਲੇ।ਸਨੇ ਸਨੇ ਚਲਿ ਹੈਂ ਮਗ
ਚਾਲੀ।ਪਹੁੰਚੇ ਆਇ ਗ੍ਰਾਮ ਕਰਹਾਲੀ[7]॥੨੭॥ਉਤਰੇ ਪ੍ਰਭੂ ਲਗਾਯਹੁ ਡੇਰਾ।
ਅੰਨ ਸੁ ਤ੍ਰਿਣਨਿ ਮੰਗਾਇ ਘਨੇਰਾ।ਖਾਨ ਪਾਨ ਸਭਿ ਹੂੰ ਤਬਿ ਕੀਨਿ।ਕ੍ਰਿਪਾ
ਨਿਧਾਨ ਸਹਿਤ ਸੁਖ ਲੀਨਿ ॥ ੨੮ ॥ ਇਕ ਮਸੰਦ ਕੋ ਘਰ ਕਰਹਾਲੀ।
ਗੁਰ ਆਵਨ ਸੁਨਿਓਂ ਮਤਿ ਖਾਲੀ। ਤੁਰਕਨਿ ਤ੍ਰਾਸ ਧਾਰਿ ਨਹਿਂ ਆਯੋ।
ਛਪਿ ਕਰਿ ਥਿਰਯੋ ਸਦਨ ਪ੍ਰਵਿਸ਼ਾਯੋ ॥ ੨੯ ॥ ਸਤਿਗੁਰ ਕੋ ਸਿਖ ਆਇ

[1]ਪੜਦਾ। [2]ਲੜਾਈ। [3]ਐਸੀ ਬੇਪੜਦਗੀ (ਕੀਤੀ ਦਾ ਫਲ) ਤਦ ਦੱਸਾਂਗੇ। [4]ਭਾਈ। [5]ਗੁੱਸੇ ਵਿਚ ਆਏ ਨੂੰ ਵੇਖਕੇ। [6]ਮੁਕਾਮ ਕੀਤਾ, ਡੇਰਾ ਰਖਿਆ। [7]ਨਾਮ ਪਿੰਡ। ਸਮਾਣੇ ਤੋਂ ਤ੍ਰੈਕੁ ਮੀਲ,ਗੁਰਦਵਾਰਾ ਹੁਣ ਤਕ ਹੈ।

ਨ ਹੇਰਹਿ।–ਨਹਿਂ ਨ ਬਤਾਵਹੁ ਜੇ ਦਰ ਟੇਰਹਿ[1]–। ਛਿਮਾ ਨਿਧਾਨ ਕਛੂ ਨਹਿਂ ਕਹ੍ਯੋ। ਗੁਰ ਧਨ ਅਧਿਕ ਲੇਤਿ ਭੀ ਲਹ੍ਯੋ ॥ ੩੦ ॥ ਏਕ ਜਾਮਨੀ ਤਹਾਂ ਬਿਤਾਈ। ਪਿਖੀ ਪ੍ਰਾਤਿ ਤਯਾਰੀ ਕਰਿਵਾਈ। ਜੀਨ ਤੁਰੰਗਨ ਡਾਰਿ ਅਰੂਢੇ। ਗਮਨੇ ਮਾਰਗ ਜਿਨ ਮਤਿ ਗੂਢੇ॥ ੩੧ ॥ ਸਪਤ ਕੋਸ ਪਰ ਢਿਹਕਾ[2] ਗ੍ਰਾਮੂ । ਤਹਾਂ ਮਸੰਦ ਗਿਲੋਰਾ[3] ਨਾਮੂ। ਪ੍ਰਥਮ ਗੁਰੂ ਜਬਿ ਜੰਗਲ ਦੇਸ਼[4]।ਬਿਚਰਤਿ ਸਿੱਖ ਉਧਾਰ ਵਿਸ਼ੇਸ਼ ॥ ੩੨ ॥ ਮਾਤ ਪਿਤਾ ਮਰਿ ਗੇ ਤਬਿ ਤਾਂਕੇ। ਭੋਜਨ ਦਾਤਾ ਰਹ੍ਯੋ ਨ ਜਾਂਕੇ। ਤਜ੍ਯੋ ਗ੍ਰਾਮ ਢਿਹਕਾ ਤਹਿਂ ਗਯੋ। ਗੁਰ ਡੇਰੇ ਮਹਿਂ ਥਿਰ ਤਬਿ ਭਯੋ ॥ ੩੩ ॥ ਸੇਵ ਤੁਰੰਗਨ ਕੀ ਪਰ ਰਹ੍ਯੋ। ਮਨ ਭਾਵਤਿ ਭੋਜਨ ਕੋ ਲਹ੍ਯੋ। ਕਿਤਿਕ ਬਰਖ ਬੀਤੇ ਗੁਰ ਸਾਥ।–ਭਯੋ ਤਰੁਨ ਬਯ–ਜਾਨ੍ਯੋ ਨਾਥ ॥੩੪॥ ਤਬਿ ਇਸ ਕੋ ਸਨਬੰਧੀ ਕੋਇ। ਡੇਰੇ ਨਿਕਟਿ ਜਾਤਿ ਲਖਿ ਸੋਇ।ਮਿਲ੍ਯੋ[5] ਦੌਰਿ ਕੈ ਕਰ੍ਯੋ ਸਨੇਹੁ। ਅਪਨਿ ਬ੍ਰਿਤੰਤ ਜਨਾਇ ਅਛੇਹੁ ॥੩੫॥ ਤਿਨ ਭੀ ਸੁਨਿ ਕੈ ਪ੍ਰੇਮ ਬਧਾਯੋ। ਸੋ[6] ਚਲਿ ਗਯੋ, ਗੁਰੂ ਢਿਗ ਆਯੋ[7]। ਬੂਝ੍ਯੋ[8] 'ਕੌਨ ਮਿਲ੍ਯੋ ਤੁਝ ਸਾਥ?। ਜਿਹ ਸੋਂ ਕਰੀ ਬਹੁਤ ਹੀ ਗਾਥ' ॥ ੩੬ ॥ ਕਹਿਨਿ ਲਗ੍ਯੋ 'ਸਨਬੰਧੀ ਮੇਰੋ। ਢਿਹਕੇ ਬਸਹਿ ਅਚਾਨਕ ਹੇਰੋ'। ਸੁਨਿ ਗੁਰ ਭਨ੍ਯੋਂ 'ਕ੍ਯੋਂ ਨ ਇਤ ਲ੍ਯਾਯੋ। ਜਾਤਿ ਪੰਥ, ਕ੍ਯੋਂ ਢਿਗ ਨ ਬਸਾਯੋ ?' ॥੩੭॥'ਹੁਕਮ ਆਪ ਕੋ ਪ੍ਰਥਮ ਨ ਭਯੋ'। ਇਮ ਕਹਿ, ਧਾਇ ਨਿਕਟਿ ਤਿਸ ਗਯੋ। ਆਨ੍ਯੋ ਮੋਰਿ[9] ਕਰਾਯੋ ਡੇਰਾ। ਕਰਿ ਅਹਾਰ ਸੇਵਾ ਤਿਸ ਬੇਰਾ॥ ੩੮ ॥ ਗੁਰ ਕੇ ਪਾਸ ਬਹੁਰ ਲੇ ਆਯੋ। ਹਾਥ ਜੋਰਿ ਥਿਰ ਸੀਸ ਨਿਵਾਯੋ । ਕਹ੍ਯੋ ਪ੍ਰਭੂ 'ਤੁਮ ਭ੍ਰਾਤ ਗਿਲੌਰਾ । ਬ੍ਯਾਹਹੁ, ਲਿਹੁ ਧਨ ਕੋ, ਨਿਜ ਠੌਰਾ' ॥ ੩੯ ॥ ਇਮ ਕਹਿ ਦਰਬ ਦੀਨਿ ਚਲਿ ਗਯੋ।ਢਿਹਕੇ ਆਨਿ ਬ੍ਯਾਹ ਕਰਿ ਲਯੋ[10]। ਕਿਤਿਕ ਮਾਸ ਮਹਿਂ ਪ੍ਰਭੁ ਢਿਗ ਜਾਇ[11]। ਕਰਿ ਸੇਵਾ ਕੋ ਲਏ ਰਿਝਾਇ। ੪੦ ॥ ਪੁਨ ਗੁਰ ਦੀਨਿ ਮਸੰਦੀ ਤਾਂਹਿ। ਧਨ ਉਗਰਾਹਤਿ ਸੰਗਤਿ ਮਾਂਹਿ। ਹਾਂਸੀ ਅਰੁ ਹਿਸਾਰ ਲਗਿ ਦੇਸ਼। ਲੇਹਿ ਦੂਰ ਲਗਿ ਦਰਬ ਵਿਸ਼ੇਸ਼ ॥੪੧॥ ਕੁਛਕ ਦੇਤਿ ਸਤਿਗੁਰ ਕੋ ਆਨਿ। ਆਪ ਭਯੋ ਦੀਰਘ ਧਨਵਾਨ। ਬ੍ਰਿੰਦ

---

[1](ਇਹ ਘਰਦਿਆਂ ਨੂੰ ਕਹਿ ਛੱਡਿਆ ਕਿ) ਜੇ ਦਰ ਤੇ ਆਕੇ (ਕੋਈ) ਅਵਾਜ਼ ਮਾਰੇ ਤਾਂ ਦੱਸਣਾ ਨਹੀਂ। [2]ਨਾਮ ਪਿੰਡ ਦਾ। [3]ਨਾਮ ਮਸੰਦ ਦਾ। [4]ਮਾਲਵੇ ਦੇਸ਼। [5](ਗਿਲੋਰਾ) ਮਿਲਿਆ। [6]ਭਾਵ ਸਨਬੰਧੀ। [7]ਭਾਵ ਗਿਲੋਰਾ। [8](ਗੁਰੂ ਜੀ ਨੇ) ਪੁੱਛਿਆ। [9]ਮੋੜ ਕੇ। [10](ਗਿਲੋਰੇ ਨੇ) ਵਿਆਹ ਕਰ ਲਿਆ। [11](ਗਿਲੋਰੇ ਨੇ) ਜਾਕੇ।

ਅਸ਼ਰਫੀ ਤਿਸ ਕੇ ਧਾਮੂ । ਸੰਚਨ ਕਰੀ ਲਏ ਗੁਰ ਨਾਮੂ ॥ ੪੨ ॥ [1]ਇਕ ਦਿਜਨੀ ਤਿਸਕੀ ਤ੍ਰਿਯ ਸੰਗ । ਇਮ ਚਰਿੱਤ੍ਰ ਕੋ ਕਰਯੋ ਪ੍ਰਸੰਗ । ਮਤਿ ਭੋਰੀ ਬਾਤਨਿ ਬਿਰਮਾਈ॥ਨਿਜ ਧਨ ਕੀ ਸਭਿ ਗਾਥ ਬਤਾਈ[1]॥੪੩॥ਸੁਨਿ ਦਿਜਨੀ ਛਲ ਰਚਿ ਇਮ ਭਾਖਾ ।'ਦਰਬ ਧਰਾ ਮਹਿਂ ਜਬਿ ਕੋ ਰਾਖਾ।ਤਬਿ ਕੋ ਪਿਖਯੋ ਕਿ ਨਹੀਂ ਨਿਕਾਰਾ?। ਜਰੰ[2] ਆਦਿਕ ਲਾਗੈ ਹੁਇ ਕਾਰਾ॥੪੪॥ ਧਨ ਮਹਿਂ ਜੋ ਦੀਨਾਰ ਕਹਾਵਤਿ । ਸੋ ਉੱਲੀ ਲਗਿ ਬਰਨ ਗੁਵਾਵਤਿ । ਕੰਚਨ ਭਾਰ ਹੋਤਿ ਬਹੁ ਹੌਰਾ । ਰਹੈ ਜਿ ਬਿਨ ਦੇਖੇ ਇਕ ਠੌਰਾ ॥ ੪੫ ॥ ਇਕ ਦੁਇ ਮਾਸ ਬੀਤ ਜਬਿ ਜਾਇਂ । ਤਬਿ ਆਤਪ ਕੋ ਦੇਹੁ ਲਗਾਇ । ਜੁਗਮ ਜਾਮ ਜਬਿ ਸੁਸਕਹਿਂ ਪਰੀ । ਪੁਨ ਸੰਭਾਰਿ ਦੇਹੁ ਤਹਿਂ ਧਰੀ'॥੪੬॥ ਸੁਨਤਿ, ਹੌਲ ਕਰਿ, ਲੇ ਤਿਹ ਸੰਗ । ਚਢਿ ਕੋਸ਼ਠ ਗਹਿ ਮੰਚ ਉਤੰਗ[3] । ਬਸਤ੍ਰ ਬਿਛਾਇ ਤਰੇ ਘਰ ਗਈ । ਗਨ ਦੀਨਾਰ ਨਿਕਾਰਤਿ ਭਈ॥੪੭॥ ਕਾਸ਼ਟ ਕੇ ਬਾਸਨ ਮਹਿਂ ਪਾਈ । ਊਪਰ ਗਈ ਮੰਚ ਜਿਸ ਥਾਂਈ । ਡਾਰਿ ਸੁਕਨੀ ਕਹਯੋ ਬੁਝਾਈ । 'ਹੇ ਦਿਜਨੀ ! ਤੂੰ ਦੇਹੁ ਖਿੰਡਾਈ'॥੪੮॥ ਜਾਇ ਤਰੇ ਪੁਨ ਔਰ ਨਿਕਾਰੀ । ਸਭਿ ਉਠਾਇ ਕਰਿ ਊਪਰ ਡਾਰੀ । ਤਿਹ ਤੇ ਹੁਤੋ ਬਿੱਪ੍ਰ ਘਰ ਨੇਰੇ । ਦ੍ਰਿਸ਼ਟਿ ਬਚਾਇ ਬਿੱਪ੍ਰਨੀ ਗੇਰੇ ॥ ੪੯ ॥ ਤਰੈ ਗਈ ਲਖਿ, ਮੂਠ ਬਗਾਵੈ[4] ।ਕਰਹਿ ਸੁਧਾਰਨਿ ਜਬਿ ਢਿਗ ਆਵੈ । ਇਮ ਮਸੰਦ ਧਨ ਦਿਜਨੀ ਲੀਨਿ । ਸਦਨ ਮਹਾਨ ਚਿਨਾਵਨਿ ਕੀਨਿ ॥੫੦॥ ਸੋ ਅਬਿ ਲੌ ਚਿਹਕੇ ਮੈਂ ਅਹੈ। ਤਹਿਂ ਕੇ ਲੋਕ ਸ਼ਾਹਦੀ ਕਹੈਂ[5]।ਅਸ ਮਸੰਦ ਜਿਸ ਨਾਮ ਗਿਲੌਰਾ। ਲੇ ਧਨ ਸੰਗਤਿ ਤੇ ਬਹੁ ਠੌਰਾ ॥ ੫੧ ॥ ਤਿਸਕੇ ਸਦਨ ਗੁਰੂ ਚਲਿ ਗਏ । ਥਿਰ ਤੁਰੰਗ ਕਰਿ ਉਤਰਤਿ ਭਏ । ਮਿਲਯੋ ਜੋਰਿ ਕਰ ਬੰਦਨ ਕੈ ਕੈ । ਅੰਤਰ ਲੇ ਗਮਨਯੋਂ ਸੁਖ ਪੈਕੈ ॥ ੫੨॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਚਿਹਕੇ ਆਗਮਨ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥ ੩੩ ॥

੩੪. [ਗਿਲੌਰੇ ਨੂੰ ਬਖਸ਼ੀਸ਼ । ਕਰ੍ਹਾ ਤੇ ਖਰਕ ਗ੍ਰਾਮ]॥

ਦੋਹਰਾ ॥ ਬਾਲਿਕ ਪ੍ਰਤਿਪਾਲਯੋ ਹੁਤੋ ਅਪਨਿ ਗਿਲੌਰਾ ਜਾਨਿ । ਉਤਰੇ

[1]ਇਕ ਬਾਹਮਣੀ ਨੇ ਤਿਸ (ਮਸੰਦ) ਦੀ ਇਸਤ੍ਰੀ ਨਾਲ ਇਸ ਤਰ੍ਹਾਂ ਦਾ ਚਲਿੱਤਰ ਖੇਡਿਆ ਕਿ ਉਹ ਭੋਲੀ ਗਲਾਂ ਵਿਚ ਆ ਗਈ ਤੇ ਆਪਣੇ ਧਨ ਦੀ ਸਾਰੀ ਗਲ ਦੱਸ ਬੈਠੀ । [2]ਜੰਗਾਲ । [3]ਉੱਚੇ ਕੋਠੇ ਮੰਜਾ ਲੈਕੇ ਚੜ੍ਹੀਆਂ। [4]ਮੁਠ ਭਰਕੇ ਸੁੱਟ ਦੇਵੇ। [5]ਉਗਾਹੀ ਦਿੰਦੇ ਹਨ। ਭਾਵ ਇਹ ਹੈ ਕਿ ਲੋਕਾਂ ਨੇ ਉੱਪਰਲੀ ਸਾਖੀ ਦੀ ਉਗਾਹੀ ਭਰੀ ਹੈ ਜਦੋਂ ਕਵੀ ਜੀ ਨੇ ਇਹ ਮਕਾਨ ਡਿੱਠਾ । ਅਗਲੇ ਅੰਸੂ ਦਾ ੧੯ ਅੰਕ ਦੇਖੋ, ਉਥੇ ਆਪਣਾ ਦੇਖਣਾ ਕਵਿ ਜੀ ਸਪਸ਼ਟ ਲਿਖਦੇ ਹਨ ।

ਤਾਂਹਿ ਨਿਕੇਤ ਮਹਿਂ ਸ਼ੀਲ ਕ੍ਰਿਪਾਲੁ ਮਹਾਨ ॥੧॥ ਚੌਪਈ ॥ ਰੁਚਿਰ ਪ੍ਰਯੰਕ ਡਸਾਵਨਿ ਕੀਨਿ। ਛਾਦਯੋ ਆਸਤਰਨ ਤਲ ਪੀਨ[1]। ਹਾਥ ਜੋਰਿ ਥਿਰ ਬੋਲਯੋ ਸਾਦਰ। ਬੈਠੇ ਸ੍ਰੀ ਗੁਰ ਤੇਗਬਹਾਦਰ ॥ ੨॥ ਤ੍ਰਿਣ ਦਾਨੇ ਕੀ ਸੇਵ ਸੈਭਾਰਿ। ਕਰਿਵਾਇਸਿ ਬਰ ਬਿਬਿਧ[2] ਅਹਾਰ। ਸ੍ਵਾਦਲ ਮਧੁਰ ਸਨਿਗਧ ਖਵਾਯਹੁ। ਬਹੁਰ ਸਕਲ ਸਿੱਖਨਿ ਤ੍ਰਿਪਤਾਯਹੁ ॥ ੩॥ ਬਸੇ ਨਿਸਾ ਮਹਿਂ ਪੌਢਨਿ ਕੀਨਿ। ਸੁਪਤ ਜਥਾ ਸੁਖ ਗੁਰੂ ਪ੍ਰਬੀਨ। ਰਹੀ ਜਾਮ ਜਾਗੇ ਸੁਚ ਧਾਰੀ। ਮੱਜਨ ਕਰਯੋ ਬਿਮਲ ਬਰ ਬਾਰੀ ॥ ੪॥ ਸੱਚਿਦਾਨੰਦ ਬ੍ਰਹਮ ਇਕ ਆਹਿ[3]। ਬੈਠੇ ਥਿਤ ਕਰਿ ਬ੍ਰਿਤਿ ਤਿਸ ਮਾਂਹਿ। ਦਿਨਕਰ[4] ਚਢਯੋ,ਬਿਲੋਚਨ ਖੋਲੇ। ਮਨਹੁਂ ਕਮਲ ਦਲ ਅਲੀ ਅਡੋਲੇ[5] ॥੫॥ ਇਕ ਬ਼ਾਸੁਰ ਤਹਿਂ ਕੀਨਿ ਮੁਕਾਮੂ।ਮਿਲੈਂ ਸਿੱਖ ਸੁਨਿ ਸੁਨਿ ਗੁਰ ਨਾਮੂ।ਅਨਿਕ ਅਕੋਰ ਆਨਿ ਕਰ ਜੋਰਹਿਂ। ਦਰਸ ਬਿਲੋਕਹਿਂ, ਚਰਨ ਨਿਹੋਰਹਿਂ॥ ੬॥ ਜ਼ਿਮੀਂਦਾਰ ਗਨ ਗ੍ਰਾਮ ਮਝਾਰ।ਸਭਿਨਿ ਆਨਿ ਪਦ ਪਰ ਸਿਰ ਧਾਰ। ਜਿਮ ਗੁਰ ਭਨਯੋਂ, ਜਿਨਹੁਂ ਤਿਮ ਮਾਨਯੋ[6]। ਤਿਨ ਕੋ ਬਰ ਸੁਖਦਾਇ ਬਖਾਨਯੋਂ ॥੭॥ ਮਾਨਯੋ ਜਿਨਹੁਂ ਨ ਸ਼ਰਧਾ ਲਾਇ। ਤਿਨ ਪ੍ਰਤਿ ਬੋਲੇਂ ਸਹਿਜ ਸੁਭਾਇ। ਜਥਾ ਹੁਤਾਸਨ ਮਹਿਦ ਪ੍ਰਕਾਸ਼ੇ। ਹੁਇ ਸਮੀਪ, ਦੁਖ ਸੀਤ ਬਿਨਾਸੇ ॥ ੮॥ ਲਖਹਿ ਨ ਤੇਜ, ਬੀਚ ਬਰ ਜਾਇ। ਜਰਹਿਂ ਅੰਗ ਸੰਕਟ ਬਡ ਪਾਇ। ਤਿਮ ਸਤਿਗੁਰ ਕੀ ਸੇਵਾ ਅਹੈ। ਅਦਬ ਸਹਿਤ ਕਰਿ ਸਭਿ ਸੁਖ ਲਹੈਂ ॥ ੯ ॥ ਨ੍ਰਿਭੈ ਹੋਇ ਸ਼ਰਧਾ ਜਿਨ ਛੀਨ।ਕਰਹਿਂ ਅਵੱਗਯਾ ਲਹਿਂ ਦੁਖ ਪੀਨ*। ਦੂਰ ਦੇਸ਼ ਕੀ ਸੰਗਤਿ ਆਈ। ਦਰਸ਼ਨ ਲੇ ਅਕੋਰ ਅਰਪਾਈ॥ ੧੦ ॥ ਨਿਸਾ ਦੂਸਰੀ ਕੀਨਸਿ ਬਾਸ। ਕ੍ਰਿਪਾ ਧਾਰਿ ਜਾਨਯੋਂ ਨਿਜ ਦਾਸ।ਸੇਵਾ ਕਰੀ ਸਕਲ ਬਿਧਿ ਨੀਕੀ। ਗੁਰ ਮਹਿੰਮਾ ਮਹਿਂ ਸ਼ਰਧਾ ਹੀ ਕੀ ॥ ੧੧॥ ਭਈ ਪ੍ਰਾਤਿ ਤਯਾਰੀ ਕਰਿਵਾਈ। ਨਿਕਟਿ ਗਿਲੋਰਾ ਲੀਨਿ ਬੁਲਾਈ। ਇਕ ਤਰਕਸ਼[7] ਤੀਰਨ ਸੋਂ ਭਰਯੋ। ਹੁਇ ਪ੍ਰਸੰਨ ਗੁਰ ਬਖਸ਼ਨ ਕਰਯੋ ॥ ੧੨॥ ਕਹਯੋ 'ਧਰਮ ਮਹਿਂ ਦ੍ਰਿੜਤਾ ਕੀਜੈ। ਬੰਸ ਸਮੇਤ ਸਕਲ ਸੁਖ ਲੀਜੈ। ਜੇ ਕਰਿ ਜਾਹਿਂ ਧਰਮ ਤੇ ਹਾਰਿ।ਸੰਤਤਿ ਦਾਰਿਦ ਲਹੈ

[1]ਹੇਠ ਬੜਾ ਮੋਟਾ ਵਿਛਾਉਣਾ ਵਿਛਾਇਆ। [2]ਕਈ ਤਰਾਂ ਦੇ। [3]ਜੋ ਇਕ ਹੈ। [4]ਸੂਰਜ। [5]ਮਾਨੋ ਕਮਲ ਪੱਤੇ ਉਧਰ ਭੌਰੇ ਅਡੋਲ ਹਨ(ਮੁੱਖ ਪਰ ਕਾਲੇ ਨੇਤ੍ਰ)। (ਅ) ਮਾਨੋਂ ਕਮਲ ਦਲ (ਖੁਲ੍ਹੇ ਹਨ ਤੇ ਵਿਚ) ਭੌਰੇ ਅਡੋਲ ਹੋਏ (ਦਿੱਸਦੇ ਹਨ)। [6]ਜਿਸ ਜਿਸ ਨੇ ਤੈਸੇ ਮੰਨਿਆ। [7]ਭੱਥਾ। *ਇਸ ਵਿਚ ਗੁਰੂ ਜੀ ਨੂੰ ਵਰ ਸ੍ਰਾਪ ਤੋਂ ਅਸੰਗ ਸਾਬਤ ਕੀਤਾ ਹੈ।

ਉਦਾਰ ॥ ੧੩ ॥ ਸੁਖ ਨਹਿਂ ਪਾਇਂ, ਜਾਇਂ ਤੁਵ ਪ੍ਰਾਨ। ਇਮ ਸਮਝਹੁ, ਰਖਿ ਧਰਮ ਮਹਾਨ'।ਸਿੱਖ੍ਯਾ ਅਪਰ ਦਈ ਗੁਰ ਤਾਂਹਿ।ਹਯ ਅਰੂੜ੍ਹ ਚਾਲੇ ਮਗ ਮਾਂਹਿ ॥ ੧੪ ॥ ਮੁਖ ਕਰਿ ਪੂਰਬ ਦਿਸ਼ਾ ਪਯਾਨੇ । ਭਯੋ ਗਿਲੌਰਾ ਧਨੀ ਮਹਾਨੇ । ਹਾਂਸੀ ਅਰੁ ਹਿਸਾਰ ਲੌ ਗ੍ਰਾਮੂ । ਸੰਗਤਿ ਤੇ ਆਨਹਿ ਧਨ ਧਾਮੂ ॥ ੧੫ ॥ ਰੰਘਰ ਜਾਟ ਗ੍ਰਾਮ ਗਨ ਤਿਨ ਕੇ । ਪਰੇ ਬਿਰੋਧ ਪਰਸਪਰ ਗਿਨ ਕੇ । ਫਿਰਤਿ ਗਿਲੌਰਾ ਦੋਨਹੁ ਮਾਂਹੀ । ਗੁਰ ਪ੍ਰਤਾਪ ਤੇ ਰੋਕਹਿਂ ਨਾਂਹੀ[1] ॥ ੧੬ ॥ ਰੰਘਰ ਬ੍ਰਿੰਦਨ ਦੇ ਬਿਸਵਾਸ[2] । ਗ੍ਰਾਮ ਜਾਟ ਜਹਿਂ ਆਨ ਸੁ ਪਾਸ[3] । ਕਹ੍ਯੋ 'ਲੰਘਾਇ ਦੇਉ ਮੈਂ ਆਗੇ[4]' । ਇਸ ਭਰੋਸ ਤੇ ਸੋ[5] ਨਹਿਂ ਭਾਗੇ ॥ ੧੭ ॥ ਰੰਘਰ ਬ੍ਰਿੰਦ ਸੁ ਦਏ ਕਟਾਇ[6] । ਨਹਿਂ ਮੂਰਖ ਨੇ ਲੀਨਿ ਬਚਾਇ । ਤਿਸ ਅਧਰਮ ਤੇ ਸੋ ਮਰਿ ਗਯੋ । ਬੰਸ ਅਧਿਕ ਦਾਰਿੱਦ੍ਰੀ ਭਯੋ॥ ੧੮॥ ਭੋਜਨ ਕੀ ਚਿੰਤਾ ਘਰ ਮਾਂਹਿ।ਕਬਿ ਖੈਂ ਹੈਂ ਕਬਿ ਪੈ ਹੈਂ ਨਾਂਹਿ।ਇਸੀ ਦਸ਼ਾ ਮਹਿਂ ਅਬਿ ਲੌ ਅਹੈਂ । 'ਹਮ ਨੇ ਪਿਖੇ' ਸਿੰਘ ਕਵਿ ਕਹੈਂ[7] ॥ ੧੯ ॥ ਸਤਿਗੁਰ ਚਿਹਕੇ ਤੇ ਚਲਿ ਆਏ। ਕਰ੍ਹਾ ਗ੍ਰਾਮ ਪ੍ਰਥਮ ਗੁਰ ਥਾਏ[8]।ਗਮਨੇ ਜਬਿ ਸ਼੍ਰੀ ਨਾਨਕ ਮਤੇ । ਹਰਿਗੁਵਿੰਦ ਗੁਰ ਉਤਰੇ ਹੁਤੇ ॥ ੨੦ ॥ ਵਹਿਰ ਗ੍ਰਾਮ ਤੇ ਅਹੈ ਸਥਾਨ । ਪਹੁੰਚੇ ਆਨਿ ਗੁਰੂ ਭਗਵਾਨ । ਉਤਰਿ ਪਰੇ ਅਸੁ ਬੰਧਨ ਕੀਨੇ[9] । ਸ਼ੁਭ ਆਸਨ ਪਰ ਗੁਰੂ ਅਸੀਨੇ ॥ ੨੧ ॥ ਤਹਾਂ ਮਸੰਦ ਬਸਹਿ ਮਤਿ ਮੂਢਾ । ਜੋ ਨ ਲਖਹਿ ਆਸ਼ੈ ਗੁਰ ਗੂਢਾ ।–ਤੁਰਕੇਸ਼ੁਰ ਸਭਿ ਦੇਸ਼ ਬਿਦੇਸ਼ । ਖੋਜਹਿ ਗੁਰ ਕੋ–ਸੁਨਯੋਂ ਵਿਸ਼ੇਸ਼ ॥ ੨੨ ॥–ਮੈਂ ਨਹਿਂ ਮਾਰ੍ਯੋ ਜਾਂਉਂ ਕਦਾਈ–। ਅਸ ਚਿੰਤਾ ਬਹੁ ਰਿਦੇ ਉਪਾਈ। ਸੁਨਿਕੈ ਸਤਿਗੁਰ ਕੋ ਆਗਵਨੂ। ਦੂਰ ਕਰਿ ਰਹ੍ਯੋ ਆਪਨੇ ਭਵਨੂ ॥ ੨੩ ॥ ਭਾਖ੍ਯੋ ਤ੍ਰਿਯ ਸੋਂ 'ਕੋ ਜਿ ਹਕਾਰੈ[10] ।–ਨਹੀਂ ਇਹਾਂ–ਤਿਸ ਦੇਹਿ ਉਚਾਰੈ' । ਅੰਤਰਜਾਮੀ ਲਖਿ ਬਿਧਿ ਸਾਰੀ । ਕਹ੍ਯੋ ਨ ਕੁਛ, ਤੂਛਨਿ ਮੁਖ ਧਾਰੀ ॥ ੨੪ ॥ ਮਿਲ੍ਯੋ ਏਕ ਰਾਹਕ ਤਬਿ ਆਇ।ਕੁਛਕ ਸੇਵ ਕੀਨਿ ਵਥੁ ਲ੍ਯਾਇ[11] । ਭਏ ਪ੍ਰਸੰਨ ਦਰਬ ਗੁਰ ਦੀਨੋ । ਸ਼੍ਰੀ ਮੁਖ ਤੇ ਫੁਰਮਾਵਨਿ ਕੀਨੋ ॥ ੨੫ ॥ 'ਕੂਪ ਕਿ

[1](ਰੰਘੜ ਯਾ ਜਟ ਕੋਈ) ਨਹੀਂ ਸੀ ਰੋਕਦਾ (ਗਿਲੌਰੇ ਨੂੰ ਵਿੱਚ ਆਉਂਦੇ ਜਾਂਦਿਆਂ) । [2]ਭਰੋਸਾ ਦੇਕੇ । [3]ਜਿੱਥੇ ਜਟਾਂ ਦੇ ਪਿੰਡ ਸਨ (ਰੰਘੜਾਂ ਨੂੰ ਆਪਣੇ ਨਾਲ ਜਟਾਂ) ਪਾਸ ਲੈ ਆਇਆ [4]ਜਟਾਂ ਕੋਲੋਂ ਰਾਹ ਦਿਵਾ ਦਿਊਂ । [5]ਭਾਵ ਰੰਘੜ । [6]ਮਰਿਵਾਇ ਦਿੱਤੇ । [7]ਭਾਈ ਸੰਤੋਖ ਸਿੰਘ ਜੀ ਕਹਿਦੇ ਹਨ । [8]ਭਾਵ ਪਹਿਲੇ ਗੁਰੂ (ਛੇਵੇਂ ਗੁਰੂ ਜੀ) ਦਾ ਥਾਂ ਬੀ ਸੀ । [9]ਘੋੜੇ ਬੰਨ੍ਹੇ । [10]ਜੇ ਕੋਈ ਬੁਲਾਵੇ । [11]ਵਸਤੂਆਂ ਲਿਆਇਕੇ ।

ਬਾਪੀ ਵਿਹੁ ਬਨਵਾਇ। ਇਸ ਥਲ ਉਪਬਨ[1] ਸਘਨ ਲਗਾਇ'। ਇਮ ਕਹਿ ਨਿਸਾ ਬਸੇ ਗੋਸਾਈਂ। ਭਈ ਪ੍ਰਾਤਿ ਤਯਾਰੀ ਕਰਿਵਾਈ॥੨੬॥ਜ਼ੀਨ ਤੁਰੰਗਨ ਪਾਇ ਸੁਹਾਏ। ਭਏ ਅਰੂਢਨਿ ਪੰਥ ਸਿਧਾਏ। ਇਕ ਦੁਇ ਮਜਲ ਦੀਰਘਾ ਚਾਲੇ। ਬਾਂਗਰ ਦੇਸ਼ ਬਿਖੈ ਸਿਖ ਨਾਲੇ ॥ ੨੭ ॥ 'ਖਰਕ' ਗ੍ਰਾਮ ਨਿਯਗ੍ਰੋਧ ਬਿਸਾਲਾ[2]। ਤਹਾਂ ਜਾਇ ਡੇਰਾ ਗੁਰ ਡਾਲਾ।ਜ਼ੀਨ ਉਤਾਰੇ ਤ੍ਰਿਣ ਅਨਵਾਏ। ਦਈ ਨਿਹਾਰੀ ਹਯ ਤ੍ਰਿਪਤਾਏ ॥ ੨੮ ॥ ਕਰਿਵਾਯਹੁ ਬਹੁ ਭਾਂਤਿ ਅਹਾਰਾ। ਖਾਨ ਪਾਨ ਕਰਿ ਭਲੇ ਪ੍ਰਕਾਰਾ। ਆਨਯੋ ਮੰਚ ਤਾਂਹਿ ਪਰ ਬੈਸੇ। ਸੰਗੀ ਸਿਖ ਬੋਲਯੋ ਤਬਿ ਐਸੇ ॥੨੯॥ 'ਤੁਰਕਨਿ ਘਾਲ ਬਿਸਾਲੀ ਘਾਲੀ। ਅਵਨੀ ਰਾਜ ਤੇਜ ਬਡ ਨਾਲੀ। ਨਹੀਂ ਮਵਾਸੈ[3] ਕਿਤ ਹੂੰ ਕੋਈ। ਹਾਲਾ[4] ਭਰਹਿਂ ਨੰਮ੍ਰਿ ਸਿਰ ਹੋਈ' ॥ ੩੦ ॥ ਸੁਨਿਕੈ ਸਤਿਗੁਰ ਬਾਕ ਬਖਾਨਾ। 'ਸਨੇ ਸਨੇ ਅਬਿ ਕਰਿ ਹੈਂ ਹਾਨਾ। ਪਾਪ ਬਡੇਰੇ ਕਹੁ ਨਿਤ ਲਾਗੇ। ਭਏ ਅੰਧ ਦੁਰਮਤਿ ਚਿਤ ਪਾਗੇ ॥ ੩੧ ॥ ਤਪਨ ਮਹਾਂ ਤਪ ਧਰਮ ਕਮਾਵਨਿ[5]। ਯਾਂ ਤੇ ਰਾਜ ਸੁ ਤੇਜ ਬਧਾਵਨਿ। ਹੋਹਿ ਪ੍ਰਿਥੀ-ਪਤਿ ਫਲ ਕੋ ਪਾਵੈ। ਨ੍ਰਿਪਤਿ ਬਨਹਿ ਪੁਨ ਧਰਮ ਕਮਾਵੈ ॥੩੨॥ ਕਰਹਿ ਨਯਾਉਂ,ਨਹਿਂ ਲੋਭੀ ਬਨੈ। ਰੱਛਹਿ ਜਗਤ ਦਯਾ ਮਨ ਸਨੈ। ਦੂਖ ਨਿਵਾ-ਰਹਿ ਸੁਖ ਕੋ ਦੇਹਿ। ਉਚਿਤ[6] ਪੂਜਾ ਤੇ ਧਨ ਕੋ ਲੇਹਿ ॥ ੩੩ ॥ ਤਸਕਰ ਬਟਪਾਰਨਿ ਕੋ[7] ਮਾਰਹਿ। ਇੱਤਯਾਦਿਕ ਗਨ ਬਿਘਨ ਬਿਦਾਰਹਿ। ਤਿਸ ਕੀ ਕੁਲ ਤੇ ਰਾਜ ਨ ਜਾਇ। ਜਥਾ ਜੋਗ ਜੋ ਧਰਮ ਚਲਾਇ ॥ ੩੪ ॥ ਜਿਨਹੁਂ ਪ੍ਰਥਮ ਤਪ ਕਰਿ ਭੇ ਰਾਜਾ। ਰਾਜ ਪਾਇ ਪੁਨ ਲਗੇ ਕੁਕਾਜਾ। ਬਿਸ਼ਯ ਭੋਗਮਹਿਂ ਬਹੁ ਗ਼ਲਤਾਨੇ।ਪ੍ਰਜਾ ਕਸ਼ਟ ਕੋ ਸੁਨਹਿਂ ਨ ਜਾਨੇਂ॥੩੫॥ ਜਯੋਂ ਕਯੋਂ ਕਰਿ ਲੇਂ ਧਨ ਕੋ ਛੀਨਿ। ਦਯਾ ਨ ਠਾਨਹਿਂ ਦੇਖਹਿਂ ਦੀਨਿ। ਇਮ ਤਿਨ ਪਰ ਅਨੁਮਾਨ ਕਰੀਜੈ[8]। ਦਿਨਪ੍ਰਤਿ ਰਾਜ ਤੇਜ ਇਨ ਛੀਜੈ ॥ ੩੬ ॥ ਪ੍ਰਥਮ ਤੁਰਕ ਛਿਤਪਤਿ ਜੇ ਭਏ। ਸਭਿ ਨਰ ਨਾਰਿ ਨਯਾਉਂ ਕੋ ਕਿਯੇ। ਹਿੰਦੂ ਮੁਸਲਮਾਨ ਸਮੁਦਾਇ। ਸਭਿ ਇਮਾਨ ਪਰ ਰਾਖਿ ਟਿਕਾਇ ॥ ੩੭ ॥ ਅਬਿ ਨੌਰੰਗ ਬਡ ਕੁਮਤਿ ਉਠਾਈ।ਹਿੰਦੂ ਧਰਮ ਦੇਤਿ

---

[1]ਬਾਗ। [2]ਵੱਡਾ ਬੋਹੜ [ਸੰ:, ਨਯਗ੍ਰੋਧ]। [3]ਆਕੀ। [4]ਮਾਮਲਾ। [5]ਮਹਾਨ ਤਪ ਤਪਣੇ ਕਰਕੇ ਤੇ ਧਰਮ ਕਮਾਵਣ ਨਾਲ। [6]ਵਾਜਬ ਧਨ। [7]ਚੋਰ ਧਾੜਵੀਆਂ ਨੂੰ। [8]ਅੰਦਾਜ਼ਾ ਲਾ ਲਓ ਕਿ........।

ਬਿਨਸਾਈ। ਜਬਰੀ ਕਰਹਿ ਜ਼ੁਲਮ ਮਦ ਮਾਨੀ। ਪੀੜਤ ਪ੍ਰਜਾ ਤ੍ਰਾਸ ਕੋ ਠਾਨੀ[1] ॥ ੩੮ ॥ ਯਾਂਤੇ ਜਾਨਯੋਂ ਜਾਇ ਬਿਦਤ ਹੀ। ਰਾਜ ਤੇਜ ਅਬਿ ਰਹੈ ਨ ਕਿਤ ਹੀ। ਸਨੇ ਸਨੇ ਸਗਰੋ ਬਿਨਸਾਵੈ। ਥਿਰੈ ਨ ਅਸ ਕੋ ਦੁੰਦਭਿ ਵਾਵੈ[2] ॥੩੯॥ ਇਮ ਕਹਿ ਤੂਸ਼ਨਿ ਭਏ ਗੁਸਾਈਂ। ਸੁਪਤਿ ਜਥਾ ਸੁਖ ਨਿਸਾ ਬਿਤਾਈ। ਭਈ ਪ੍ਰਾਤਿ ਕਰਿ ਕੂਚ ਪਯਾਨੇ। ਪਹੁੰਚੇ ਖਟਕੜ ਗ੍ਰਾਮ ਸਥਾਨੇ ॥ ੪੦ ॥ ਪੰਚਹੁੰ ਸਿੱਖ ਸੰਗ ਮਹਿਂ ਲੀਨੇ। ਅਪਰ ਨ ਮਿਲਹਿਂ ਬਰਜ ਕਰਿ ਦੀਨੇ। ਹਿੰਦੂ ਧਰਮ ਜਗਤ ਮਹਿਂ ਰਾਖਨਿ। ਸਤਿਗੁਰ ਕਰੈਂ ਰਿਦੇ ਅਭਿਲਾਖਨਿ॥੪੧॥ਇਤਿ ਸ਼੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਗੁਰ ਗਮਨ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥ ੩੪ ॥

੩੫. [ਖਟਕੜ ਗ੍ਰਾਮ ਚੋਰ ਅੰਨ੍ਹੇ ਹੋਏ। ਜੀਂਦ। ਆਗਰੇ]।

ਦੋਹਰਾ ॥ ਖਟਕੜ ਗ੍ਰਾਮ ਸਮੀਪ ਹੀ ਉਤਰੇ ਸ਼੍ਰੀ ਗੁਰਦੇਵ। ਤਹਿਂ ਕੇ ਰਾਹਕ ਆਨ ਕਰਿ ਨਹੀਂ ਕਰੀ ਕਛ ਸੇਵ ॥ ੧ ॥ ਚੌਪਈ ॥ ਧਨ ਕੋ ਦੇ ਕਰਿ ਮੋਲ ਮੰਗਾਯੋ। ਖਾਨ ਪਾਨ ਸਭਿ ਬਿਧਿ ਕਰਿਵਾਯੋ। ਸੇਵ ਤੁਰੰਗਨਿ ਕੀ ਸਭਿ ਕੀਨਿ। ਤ੍ਰਿਣ ਅਨਵਾਇ ਮੋਲ ਕੋ ਦੀਨਿ ॥੨॥ ਜ਼ਿਮੀਂਦਾਰ ਤਹਿਂ ਕੇ ਸਭਿ ਆਏ। ਪੁਸ਼ਟ ਤੁਰੰਗਮ ਦੇਖਿ ਲੁਭਾਏ। ਮਿਲਿ ਆਪਸ ਮਹਿਂ ਮਸਲਤ ਠਾਨੇ। 'ਅਧਿਕ ਮੋਲ ਕੇ ਤੁਰੰਗ ਮਹਾਨੇ ॥ ੩ ॥ ਲੇਹੁ ਨਿਸਾ ਮਹਿਂ ਇਨਹੁੰ ਚੁਰਾਇ। ਇਹ ਪਰਦੇਸੀ ਲਖਹਿਂ ਨ ਕਾਇ। ਚਲੇ ਜਾਹਿੰਗੇ ਬਸ ਨ ਬਸਾਵੈ। ਇਨ ਪੀਛੇ ਹਮ ਸਦਨ ਬੰਧਾਵੈਂ ॥ ੪ ॥ ਬੇਚਹਿੰਗੇ ਧਨ ਪਾਇ ਬਿਸਾਲਾ। ਔਚਕ ਭਯੋ ਲਾਭ ਇਸ ਕਾਲਾ'। ਇਮ ਆਪਸ ਮਹਿਂ ਗਿਨ[3] ਮਤਿ ਮੂੜੇ। ਚਹੈਂ ਤੁਰੰਗਨ ਹੋਇ ਅਰੂੜੇ ॥ ੫ ॥ ਭਯੋ ਨਿਸਾ ਮਹਿਂ ਤਿਮਰ ਘਨੇਰਾ। ਸਤਿਗੁਰ ਸੁਪਤਿ ਭਏ ਤਿਸ ਬੇਰਾ। ਤਸਕਰ ਬਨਿ ਰਾਹਕ ਸੋ ਆਏ। ਹੇਰਿ ਤੁਰੰਗਨਿ ਕੋ ਨਿਯਰਾਏ॥੬॥ ਖਸ਼ਟ ਚੋਰ ਖਟ ਘੋਰਨਿ ਹੇਤੁ। ਹੁਇ ਡੇਰੇ ਕੇ ਨੇਰ ਸੁਚੇਤ। ਜਾਵਤ ਪਹਿਰੁ ਜਾਗਤਿ ਰਹਯੋ। ਤਾਕਤਿ ਰਹੇ ਨ ਹਯ ਕੋ ਗਹਯੋ ॥ ੭ ॥ ਢਰੀ ਜਾਮਨੀ ਤੇ ਅਲਸਾਯੋ। ਨਿਕਟਿ ਬਿਲੋਕਹਿਂ ਤਿਨ ਲਖਿ ਪਾਯੋ। ਖਸ਼ਟਹੁੰ ਖਟ ਘੋਰਨ ਕੀ ਓਰ। ਪਹੁੰਚਿ ਸਮੀਪੀ ਤੂਰਨ ਚੋਰ ॥ ੮ ॥ ਜਬਿ ਬੰਧਨ ਕਹੁ ਮੋਚਨ ਲਾਗੇ[4]। ਅੰਧ ਭਏ ਤਤਕਾਲ ਕੁਭਾਗੇ। ਹਟਿ ਆਗੇ ਤੇ ਗਏ ਪਿਛਾਰੀ। ਜਬਹਿ ਦਾਮ ਦਿਸ਼ਿ ਭੁਜਾ

[1] ਪਰਜਾ ਡਰਦੀ ਹੈ। [2] ਭਾਵ, ਇਨ੍ਹਾਂ ਦਾ ਨਗਾਰਚੀ ਤੱਕ ਨਾ ਰਹੇਗਾ। [3] ਸੋਚ ਕੇ। [4] ਰੱਸੇ ਖੋਲ੍ਹਣ ਲਗੇ।

ਪਸਾਰੀ[1]॥੯॥ਕਛੂ ਨ ਦੀਸਹਿ ਦ੍ਰਿਸ਼ਟਿ ਪ੍ਰਹਾਨੀ[2]। ਪਿਖਿ ਅਦਭੁਤ ਗਤਿ ਮਤਿ ਬਿਸਮਾਨੀ। ਜਬਿ ਘੋਰਨਿ ਤੇ ਦੂਰ ਸਿਧਾਰੈਂ।ਸਭਿ ਕਿਛੁ ਵਸਤੂ ਅੱਗ੍ਰ ਨਿਹਾਰੈਂ ॥ ੧੦ ॥ ਹਯਨਿ ਸਮੀਪੀ ਹੋਵਹਿਂ ਹੇਰਿ। ਤਿਮ ਹੀ ਦ੍ਰਿਸ਼ਟਿ ਬਿਨਾਸਹਿ ਫੇਰ। ਇਹ ਬਿਧਿ ਲਖਿ ਅਜ਼ਮਤ ਜੁਤਿ ਜਾਨੇ। ਦੀਨ ਹੋਇ ਸਭਿ ਬੰਦਨ ਠਾਨੇ ॥ ੧੧ ॥ ਸਦਨ ਆਪਨੇ ਚਲਿ ਕਰਿ ਆਇ। ਸੁਜਸੁ ਬਖਾਨਹਿਂ ਮਿਲਿ ਸਮੁਦਾਇ। ਤਿਨ ਮਹੁਂ ਸਜਾਨੇ ਕੀਨਿ ਬਖਾਨ। 'ਇਹ ਗੁਰ ਸਮਰਥ ਮਹਿਦ ਮਹਾਨ ॥੧੨॥ ਹੋਤਿ ਪ੍ਰਭਾਤਿ ਪ੍ਰਸਿਨ ਕਰੀਜੈ। ਮਨ ਭਾਵਤਿ ਸੁਖ ਕੋ ਬਰ ਲੀਜੈ'। ਮਿਲਿ ਸਭਿ ਨੇ ਮਸਲਤ ਇਹ ਧਾਰੀ। 'ਗ੍ਰਾਮ ਕੂਪ ਖਾਰੀ ਸਭਿ ਬਾਰੀ[3] ॥ ੧੩ ॥ ਬਰ ਜਾਚਉ ਮੀਠਾ ਜਲ ਹੋਇ। ਜਿਤੇ ਬਸਹੁ ਸੁਖ ਲਿਹੁ ਸਭਿ ਕੋਇ। ਸਾਂਝਾ ਸਭਿ ਕੋ ਕਾਰਜ ਅਹੈ। ਇਸ ਪ੍ਰਕਾਰ ਕੋ ਜੋ ਬਰ ਲਹੈ" ॥ ੧੪ ॥ ਭਈ ਪ੍ਰਭਾਤਿ ਦੂਧ ਦਧਿ ਲੀਨਿ। ਚਾਵਰ ਚੂਨ ਸੁ ਘ੍ਰਿਤ ਨਵੀਨ। ਹੁਇ ਨਿਸ਼ਕਪਟ ਗਏ ਗੁਰ ਪਾਸ। ਠਾਂਢੇ ਹੋਇ ਕਰੀ ਅਰਦਾਸ॥ ੧੫ ॥ 'ਹਮ ਗਹਿਕ ਕਰਤਾ ਅਪਰਾਧੂ। ਅਧਮ ਉਧਾਰਨ ਤੁਮ ਪ੍ਰਿਯ ਸਾਧੂ। ਮਹਿ ਮਹਿਂ ਮਹਿਮਾਂ ਮਹਾਂ ਮਹਾਂ ਹੈ[4]।ਸਨਿਧਤਿ ਗੁਰੂ ਕੀ ਜਹਾਂ ਕਹਾਂ ਹੈ ॥ ੧੬ ॥ ਹਮ ਅਨਜਾਨ ਪਨੇ ਮਨ ਖੋਟੇ। ਜਾਨਿ ਸਕਹਿਂ ਕਿਮ ਜੋ ਮਤਿ ਮੋਟੇ। ਬਖਸ਼ਾਵਨਿ ਕੌ ਮਿਲਿ ਚਲਿ ਆਏ। ਕ੍ਰਿਪਾ ਕਰਹੁ ਅਬਿ ਦਯਾਲ ਸੁਭਾਏ' ॥ ੧੭ ॥ ਸੁਨਿ ਅਕਪਟ ਗੁਰ ਕਹਹੋ ਕ੍ਰਿਪਾਲਾ। 'ਭਲੇ ਲਖਹੁ ਆਏ ਇਸ ਕਾਲਾ। ਨਿਜ ਅਪਰਾਧ ਬਿਦਤ ਕਹਿ ਦੀਨਿ[5]। ਬਿਗਰੇ ਕਾਜ ਸੁਧਾਰਨਿ ਕੀਨਿ ॥ ੧੮ ॥ ਸਭਿ ਕੀ ਕਹਹੁ ਕਾਮਨਾ ਕੌਨ। ਕਯਾ ਜਾਚਤ ਹੈਂ ਉਚਰੋ ਤੌਨ'। ਗੁਰ ਕਰੁਨਾ ਕੋ ਗਾਹਕ ਜਾਨੀ।ਬੰਦੇ ਪਾਨ ਬਖਾਨੀ ਬਾਨੀ॥੧੯॥'ਹਮਰ ਗ੍ਰਾਮ ਸੀਮ ਜਹਿਂ ਤੀਕਾ[6]। ਜਲ ਖਾਰੋ ਹੁਇ, ਮਿਲੈ ਨ ਨੀਕਾ। ਆਪ ਅਹੋ ਸਤਿ ਪੁਰਖ ਮਹਾਨਾ। ਸ਼੍ਰੀ ਮੁਖ ਤੇ ਜਹਿ[7] ਕਰਹੁ ਬਖਾਨਾ॥੨੦॥ਇਹਾਂ ਕੂਪ ਕੋ ਅਬਿ ਖਨਵਾਵਹੁ। ਜਿਹ ਸਥਾਨ ਮੈਂ ਆਪ ਬਤਾਵਹੁ। ਤਹਾਂ ਖਨਹਿਂ ਜਲ ਮੀਠਾ ਹੋਇ। ਹਰਖਹਿਂ ਪਾਨ ਕਰਹਿਂ ਸਭਿ ਕੋਇ॥ ੨੧ ॥ ਇਹੀ ਕਾਮਨਾ ਸਭਿ ਕੇ

[1]ਜਦ (ਖੁਹਲਣ ਵਾਸਤੇ) ਰੱਸੀ ਵੱਲ ਬਾਂਹ ਅੱਗੇ ਕੀਤੀ। [2]ਨਿਗਾਹ ਨਾਸ਼ ਹੋਈ। [3]ਸਭ ਦਾ ਪਾਣੀ ਖਾਰਾ ਹੈ। [4]ਪ੍ਰਿਥਵੀ ਵਿੱਚ ਮਹਿਮਾ ਬਹੁਤ ਤੋਂ ਬਹੁਤ ਹੈ। [5]ਕਹਿ ਦਿੱਤਾ ਹੈ। [6]ਪਿੰਡ ਦੀ ਹੱਦ ਜਿਥੋਂ ਤਕ ਹੈ। [7]ਜਿੱਥੇ।

ਮਨ ਕੀ। ਸ਼ਰਧਾ ਰਾਵਰਿ ਕੇਰ ਬਚਨ ਕੀ'। ਤਬਿ ਸਤਿਗੁਰੁ ਕਰ ਧਨੁਖ
ਸੰਭਾਰਾ। ਤਰਕਸ਼ ਤੇ ਇਕ ਤੀਰ ਨਿਕਾਰਾ ॥ ੨੨ ॥ ਸੰਧਿ ਪਨਚ ਮਹਿ[1]
ਐਂਚਿ ਚਲਾਯੋ। ਪਰਯੋ ਦੂਰ ਗੁਰ ਬਾਕ ਅਲਾਯੋ। 'ਜਹਿਂ ਲਗਿ ਬਾਨ
ਹਮਾਰੋ ਗਯੋ। ਤਹਿਂ ਲਗਿ ਜਲ ਮੀਠੋ ਕਰਿ ਦਯੋ ॥ ੨੩ ॥ ਤਿਸ ਤੇ ਉਰੇ
ਕੂਪ ਜੋ ਲਾਵਹੁ। ਜਲ ਮੀਠੋ ਹੁਇ ਪੀ ਤ੍ਰਿਪਤਾਵਹੁ'। ਸੁਨਿ ਕੈ ਰਾਹਕ
ਗਨ ਹਰਖਾਏ। ਹਾਥ ਜੋਰਿ ਸਭਿ ਸੀਸ ਨਿਵਾਏ॥ ੨੪॥ ਗੁਰੂ ਬਾਕ ਮਹਿ
ਸ਼ਰਧਾ ਧਾਰੀ। ਕੂਪ ਖਨਾਯਹੁ ਭਾ ਬਰਬਾਰੀ[2]। ਇਕ ਦਿਨ ਗੁਰ ਰਾਖੇ
ਕਰ ਜੋਰਤਿ । ਸੇਵਾ ਕੀਨਸਿ ਚਰਨ ਨਿਹੋਰਤਿ ॥ ੨੫ ॥ ਦਿਵਸ
ਆਗਲੇ ਜ਼ੀਨ ਪਵਾਏ । ਹਯ ਅਰੂਢਿ ਗੁਰ ਅੱਗ੍ਰ ਸਿਧਾਏ । ਨਗਰ
ਬਿਸਾਲ 'ਜੀਂਦ' ਜਿਸ ਨਾਮ। ਚਾਰਹੁੰ ਬਰਨ ਬਸਹਿ ਅਭਿਰਾਮ ।
੨੬ ॥ ਰਾਜ ਤੁਰਕ ਕੋ ਕ੍ਰੂਰ ਬਡੇਰਾ। ਕਰਹਿ ਕੁਕਰਮਨਿ ਹਿੰਦੁਨਿ
ਜ਼ੇਰਾ[3]। ਤਹਾਂ ਜਾਇ ਗੁਰੂ ਕੀਨੋ ਡੇਰਾ। ਜਹਾਂ ਸਥਾਨ ਭਲੋ ਬਡ ਹੇਰਾ॥
੨੭ ॥ ਅੰਨ ਆਦਿ ਸਭਿ ਮੋਲ ਮੰਗਾਏ। ਸਿੱਧ ਰਸੋਈ ਕਰਿ ਤ੍ਰਿਪਤਾਏ।
ਤ੍ਰਿਣ ਦਾਨਾ ਹਯ ਦੀਨਿ ਨਿਹਾਰੀ। ਸੁਪਤਿ ਜਥਾ ਸੁਖ ਨਿਸਾ ਗੁਜ਼ਾਰੀ ॥
੨੯ ॥ ਉਠੇ ਪ੍ਰਭਾਤੀ ਕੀਨਿ ਸ਼ਨਾਨੇ। 'ਕਰਹੁ ਕੂਚ' ਗੁਰ ਬਾਕ ਬਖਾਨੇ।
ਜ਼ੀਨ ਤੁਰੰਗਨ ਪਰ ਤਬਿ ਡਾਲੇ। ਹੁਇ ਅਰੂਢ ਆਗੇ ਮਗ ਚਾਲੇ ॥੨੯॥
ਨਰਦਕ ਦੇਸ਼[4] ਬਿਖ਼ੇ ਗਮਨੰਤੇ । ਮਜਲ ਅਲਪ ਕਰਿ ਪੁਨ ਉਤਰੰਤੇ।
ਜੀਂਦ ਪਰੇ ਇਕ ਹੈ ਗੁਰ ਥਾਨਾ। ਤਹਾਂ ਕਰਨਿ ਡੇਰਾ ਹਮ ਜਾਨਾ[5]॥੩੦॥
ਆਗੈ ਥਾਉਂ ਬਿਦਤ ਨਹਿ ਕੋਈ। ਸਿੱਖੀ ਅਲਪ ਹੁਤੀ ਤਿਤ ਜੋਈ। ਯਾਂ
ਤੇ ਨਹਿਂ ਕਿਨ ਥਾਨ ਬਨਾਯੋ। ਸਿੰਘਨ ਬਿਖੈ ਨਹੀਂ ਬਿਦਤਾਯੋ ॥ ੩੧ ॥
ਨਗਰ ਆਗਰੇ ਮਾਰਗ ਜੌਨ। ਕਰਿਕੈ ਸੋਧ ਚਲੇ ਗੁਰ ਤੌਨ। ਪੰਥ ਬਿਖੈ
ਨਹਿਂ ਕੀਨਿ ਮੁਕਾਮੂ ।ਉਤਰੇ ਨਹੀਂ ਕਿਸੀ ਨਰ ਧਾਮੂ ॥ ੩੨॥ ਦਿਨ
ਪ੍ਰਤਿ ਗਮਨੇ ਜਾਇਂ ਅਗਾਰੀ। ਉਤਰੈਂ ਜਾਮਨ ਦੋਹਿਂ ਗੁਜ਼ਾਰੀ। ਕੋ ਸਿਖ
ਸੰਤ ਮਿਲੈ ਸੁਖ ਪਾਇ।ਸਤਿਗੁਰੁ ਕੇ ਪਗ ਸੀਸ ਨਿਵਾਇ॥ ੩੩ ॥ ਉਦਾ-
ਸੀਨ ਹੁਇ ਸਭਿ ਤੇ ਚਾਲੇ। ਜਰ ਨੀਵੀਂ ਤੁਰਕਾਨ ਬਿਸਾਲੇ[6]। ਤਿਨਹੁੰ

[1]ਚਿੱਲੇ ਵਿੱਚ ਜੋੜ ਕੇ। [2]ਸ੍ਰੇਸ਼ਟ ਜਲ। [3]ਅਧੀਨ ਕਰਕੇ। [4]ਬਾਂਗਰ ਦੇਸ਼। [5](ਕਵੀ ਦੀ ਦੱਸਦੇ ਹਨ ਕਿ) ਉਥੇ ਡੇਰਾ ਕੀਤਾ ਅਸੀਂ ਖੋਜਿਆ ਹੈ। [6]ਜੜ ਬੜੀ ਨੀਵੀਂ ਹੈ ਤੁਰਕਾਂ ਦੀ।

ਉਖਾਰਨਿ ਉੱਦਮ ਧਾਰਾ। ਸਿਰ ਪਰ ਦੇ ਕਰਿ ਦੋਸ਼ ਉਦਾਰਾ ॥ ੩੪ ॥
ਕੇਤਿਕ ਦਿਨ ਲਗਿ ਗਮਨੇ ਗਏ। ਅਲਪ ਮਜਲ ਕਰਿ ਨਿਸ ਉਤਰਏ।
ਭੋਜਨ ਤ੍ਰਿਣ ਦਾਨਾ ਰੁ ਨਿਹਾਰੀ। ਮੋਲ ਮੰਗਾਵਹਿਂ ਕਰਹਿਂ ਅਹਾਰੀ॥੩੫॥
ਇਸੀ ਰੀਤਿ ਸਭਿ ਪੰਥ ਪਯਾਨੇ । ਨਗਰ ਆਗਰਾ ਤਬਿ ਨਿਯਰਾਨੇ।
ਤੁਰਕਨਿ ਕੀ ਸੋ ਭੀ ਰਜਧਾਨੀ।। ਬਾਸਹਿ ਚਿਰੰਕਾਲ ਤਿਸ ਥਾਨੀ॥੩੬॥
ਨਿਕਟਿ ਨਿਕਟਿ ਉਪਬਨ ਲਗਵਾਏ। ਖਰੇ ਸਫਲ[1] ਤਰੁਵਰ ਸਮੁਦਾਏ।
ਤੁਰਸ਼ ਮਧੁਰ ਮੇਵੇ ਜਿਨ ਮਹੀਆ। ਰਖਵਾਰੇ ਬੈਠੇ ਜਹਿਂ ਕਹੀਆ ॥੩੭॥
ਕੇਤਿਕ ਦੀਰਘ ਬ੍ਰਿੱਛ ਉਤੰਗ। ਤਿਨ ਪਰ ਬੋਲੈਂ ਅਨਿਕ ਬਿਹੰਗ। ਸਭਿ
ਤੇ ਸੁੰਦਰ ਹੁਤੋ ਬਿਸਾਲ। ਬਾਗ਼ ਬਿਲੋਕਯੋ ਗੁਰੂ ਕ੍ਰਿਪਾਲ ॥ ੩੮ ॥ ਬੀਚ
ਰੌਂਸ ਜਿਹ ਬਨੀ ਘਨੀ ਹੈਬਨੀ[2] ਬ੍ਰਿਛਨ ਕੀ ਫਲਨ ਸਨੀ ਹੈਂ[3]। ਬੈਠਨਿ
ਹੇਤੁ ਸਥੰਡਲ ਮਹਾਂ। ਚਾਰ ਕੋਰ[4] ਜੁਤਿ ਸਿਰਜੇ ਤਹਾਂ ॥ ੩੯ ॥ ਮੰਦਰ
ਬਨਯੋ ਬ੍ਰਿੰਦ ਦਰਵਾਜੇ। ਸੁੰਦਰ ਦੇਤਿ ਅਨੰਦ ਬਿਰਾਜੇ[5]। ਤਹਾਂ ਜਾਇ
ਉਤਰੇ ਗੁਰ ਪੂਰੇ।ਕਰੈਂ ਬਿਲੋਕਨਿ ਉਪਬਨ ਰੂਰ* ॥੪੦॥ਇਤਿ ਸ਼੍ਰੀਗੁਰ ਪ੍ਰਤਾਪ
ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਆਗਰੇ ਸਤਿਗੁਰੂ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ
ਅੰਸੂ ॥ ੩੫ ॥

੩੬. [ਅਯਾਲੀ ਮਿਠਾਈ ਲੈਣ ਗਿਆ ਫੜਿਆ ਗਿਆ]।

ਦੋਹਰਾ ॥ ਉਪਬਨ ਬਿਖੈ ਪ੍ਰਵੇਸ਼ ਭੇ ਪਿਖਿ ਰਮਨੀਕ ਸਥਾਨ। ਉਤਰੇ
ਕਰਿ ਕੇ ਹਯ ਖਰੇ ਬੰਧਨ ਕਰਿ ਦ੍ਰਿਢ ਪਾਨ[6] ॥੧॥ ਚੌਪਈ ॥ ਨਿਜ ਨਿਜ
ਅਸੁ[7] ਢਿਗ ਸਿਖ ਤਬਿ ਬੈਸੇ । ਚਿਤਵਤਿ–ਗੁਰੂ ਕਰਹਿਂ ਅਬਿ ਕੈਸੇ–।
ਦੇਖਹਿਂ ਬਾਗ ਪ੍ਰਭੁ ਬਹੁ ਭਾਂਤੇ। ਇਤ ਕੋ ਆਵਤਿ ਉਤ ਕੋ ਜਾਤੇ ॥ ੨ ॥

[1]ਸਹਿਤ ਫਲਾਂ ਦੇ। [2]ਬਗੀਚੀ। [3]ਫਲਾਂ ਦੇ ਸਹਿਤ ਹੈ। [4]ਕੋਨੇ। [5]ਬਿਰਾਜਦਿਆਂ। [6]ਹੱਥਾਂ ਨਾਲ
ਤਕੜੇ ਬੱਧੇ। [7]ਘੋੜੇ।

*ਬਾਗ ਵਿਚ ਜਾਣ ਤੋਂ ਪਹਿਲਾਂ ਤਵਾ: ਖਾ: ਨੇ ਇਕ ਹੋਰ ਸਾਖੀ ਦਿੱਤੀ ਹੈ ਤੇ ਆਗਰੇ ਜਾਣ ਦਾ ਪ੍ਰੋਜਨ ਦੱਸਿਆ ਹੈ ਕਿ ਆਗਰੇ ਵਿਚ ਇਕ ਬ੍ਰਿਧ ਮਾਈ ਸਤਿਗੁਰਾਂ ਦੇ ਦਰਸ਼ਨਾਂ ਦੀ ਉਡੀਕ ਕਰ ਰਹੀ ਸੀ ਉਸਦੀ ਸ਼ਰਧਾ ਪੂਰੀ ਕਰਨ ਤੇ ਇਕ ਹਸਨ ਅਲੀ ਨੂੰ ਆਪਣੀ ਗ੍ਰਿਫਤਾਰੀ ਦਾ ਇਨਾਮ ਦੁਆਉਣ ਲਈ ਆਗਰੇ ਆਏ। ਇਤਿਹਾਸ ਗੁਰੂ ਖਾ: (ਹਿੰਦੀ) ਨੇ ਲਿਖਿਆ ਹੈ ਕਿ ਇਕ ਪ੍ਰੇਮੀ ਸਿੱਖ ਦੇ ਆਕਰਖਣ ਨਾਲ ਗੁਰੂ ਜੀ ਮਥੁਰਾ ਪੁੱਜੇ ਤੇ ਫਿਰ ਆਗਰੇ ਸਿੱਖਾਂ ਨੂੰ ਕ੍ਰਿਤਾਰਥ ਕਰਕੇ ਦਿੱਲੀ ਆਏ। ਆਗਰੇ ਵਿਚ ਮਾਈ ਥਾਨ ਗੁਰਦੁਆਰਾ ਨਾਵੇਂ ਪਾਤਸ਼ਾਹ ਦਾ ਮੌਜੂਦ ਹੈ, ਇਸ ਮਾਈ ਨੂੰ ਕ੍ਰਿਤਾਰਥ ਕਰਕੇ ਬਾਗ਼ ਵਿਚ ਗਏ ਹਨ ਤੇ ਅਗਲੇ ਅੰਸੂ ਵਿੱਚ ਦੱਸੀ ਘਟਨਾ ਹੋਈ ਹੈ। ਬਾਅਜ਼ੇ ਲੇਖਕਾਂ ਨੇ ਸਿੱਧਾ ਦਿੱਲੀ ਜਾਣਾ ਬੀ ਲਿਖਿਆ ਹੈ।

ਬਹੁਰ ਸਥੰਡਲ ਪਰ ਚਢਿ ਫਿਰੈਂ । ਆਵਨਿ ਜਾਨਿ ਬਾਰਿ ਬਹੁ ਕਰੈਂ ।
ਬਾਗ਼ ਪੌਰ ਕੀ ਦਿਸ਼ਾ ਬਿਲੋਕਹਿਂ।ਅਪਰ ਦਿਸ਼ਨਿ ਤੇ ਦ੍ਰਿਸ਼ਟੀ ਰੋਕਹਿਂ॥੩॥
ਫਿਰਹਿਂ ਕਦਮ ਪੋਸ਼ੀ[1] ਕਹੁ ਕਰਤੇ । ਉਪਬਨ ਦਰ ਕੋ ਬਹੁਤ ਨਿਹਰਿਤੇ।
ਤਿਸ ਛਿਨ ਏਕ ਅਯਾਲੀ ਆਯੋ । ਅਜਾ ਬ੍ਰਿੰਦ ਕੋ ਫਿਰਤਿ ਚਰਾਯੋ ॥੪॥
ਗਮਨਤਿ ਦੇਖਿ ਹਕਾਰਯੋ ਤਾਂਹੀ । ਸੁਨਿ ਗੁਹਾਰ ਚਲਿ ਆਯੋ ਪਾਹੀ ।
ਦਰਸ਼ਨ ਕਰਿ ਪਗ ਬੰਦਨ ਠਾਨੀ।ਤਬਿ ਗੁਰੁਦੇਵ ਕਹੀ ਮੁਖ ਬਾਨੀ ॥੫॥
'ਹਮਰੋ ਕਾਮ ਏਕ ਕਰਿ ਆਉ । ਨਿਜ ਮਿਹਨਤ ਲੇ ਕਰਿ ਪੁਨ ਜਾਉ ।
ਅਜਾ ਬ੍ਰਿੰਦ ਹਮ ਰਹਹਿਂ ਬਿਲੋਕਤਿ। ਰਾਖਹਿਂਗੇ ਚਹੁੰ ਦਿਸ਼ਿ ਤੇ ਰੋਕਤਿ'
॥ ੬ ॥ ਸੁਨਤਿ ਅਯਾਲੀ ਲਬੁ ਨੇ ਪ੍ਰੇਰਯੋ । ਅਰੁ ਬਡ ਪੁਰਖ ਸੁ ਦਰਸ਼ਨ
ਹੇਰਯੋ।ਕਹਤਿ ਭਯੋ'ਦੀਜਹਿ ਫੁਰਮਾਇ।ਕਾਰਜ ਕਰਿਹੌਂ ਜਥਾ ਰਜਾਇ' ॥
॥੭॥ ਮਾਨੀ ਬਾਤ ਸੁ ਕਰਯੋ ਨਿਹਾਰਨਿ । ਹੁਤੀ ਛਾਪ ਕਰ[2] ਕਰੀ ਨਿਕਾ-
ਰਨ । ਜਿਸ ਮਹਿਂ ਬਹੁਤ ਮੋਲ ਕੋ ਹੀਰਾ । ਉੱਜਲ ਅਸ਼ਟ ਕੋਰ ਕਰਿ
ਚੀਰਾ ॥੮॥ ਦਈ ਅਯਾਲੀ ਕੇ ਤਬਿ ਕਰ ਮੈਂ । ਕਹਯੋ ਬਹੁਰ 'ਲੇ ਜਾਹੁ
ਨਗਰ ਮੈਂ । ਦੇਇ ਰਜਤਪਣ ਕੋ ਪਕਵਾਨ । ਹੋਇ ਸਨਿਗਧ ਅਧਿਕ
ਮਿਸ਼ਟਾਨ ॥ ੯ ॥ ਗਹਿਨੇ ਧਰਹੁ ਛਾਪ ਕੋ ਜਾਵਹੁ । ਸੋ ਅਬਿ ਹੀ ਪੁਰਿ
ਤੇ ਲੈਆਵਹੁ'।ਸੁਨਤਿ ਅਯਾਲੀ ਨੇ ਤਬਿਕਹਯੋ।'ਮੋ ਪਰ ਚੀਰ ਸੁ ਜੀਰਣ[3]
ਰਹਯੋ ॥ ੧੦ ॥ ਕਿਸ ਮਹਿਂ ਆਨੌਂ ਪਾਇ ਮਿਠਾਈ । ਆਛੀ ਰਹੈ ਲੇਹੁ
ਤੁਮ ਖਾਈ' । ਤਬਿ ਗੁਰੁ ਅਪਨੇ ਊਪਰ ਕੇਰਾ।ਹੁਤੋ ਦੁਸ਼ਾਲਾ ਮੋਲ ਬਡੇਰਾ
॥ ੧੧ ॥ ਲਿਯੋ ਉਤਾਰਿ ਦਿਯੋ ਕਰ ਤਾਂਹੀ । 'ਕਹਯੋ ਪਾਇ ਆਨਹੁ ਇਸ
ਮਾਂਹੀ । ਬਿਲਮ ਨ ਕੀਜਹਿ ਗਮਨਹੁ ਪੁਰਿ ਮੈਂ ।ਜਾਇ ਖਰੀਦ ਨ ਸੰਕਹੁ
ਉਰ ਮੈਂ' ॥ ੧੨ ॥ ਪਟੀ ਕਾਮਰੀ ਬਿਖੈ ਛਪਾਇ[4] । ਚਲਯੋ ਅਯਾਲੀ ਪੁਰਿ
ਦਿਸ਼ਿ ਧਾਇ । ਮਤੀਦਾਸ ਥਿਰ ਦੂਰ ਦਿਵਾਨ । ਦੇਖਿ ਕ੍ਰਿਯਾ ਕਿਯ ਕ੍ਰਿਪਾ-

---

[1]ਫਾਰਸੀ ਵਿਚ ਪੇਸ਼ ਕਦਮੀ=ਪੈਰ ਅਗੇ ਧਰਨ ਨੂੰ ਕਹਿੰਦੇ ਹਨ। ਕਵੀ ਜੀ ਨੇ ਇਸ ਦਾ ਭਾਵ ਟਹਿਲਣਾ ਸਮਝਿਆ ਹੈ ਤੇ 'ਕਦਮ ਪੇਸ਼ੀ' ਉਲਟਾ ਕੇ ਬਨਾ ਲਿਆ ਹੈ ਤੇ ਲਿਖਾਰੀਆਂ ਦੀ ਕ੍ਰਿਪਾ ਨੇ 'ਪੇਸ਼ੀ' ਦਾ 'ਪੋਸ਼ੀ' ਕਰ ਦਿੱਤਾ ਹੈ। ਅਗਲੀਆਂ ਪਿਛਲੀਆਂ ਤੁਕਾਂ ਤੋਂ ਭਾਵ ਟਹਿਲਣ ਦਾ ਹੀ ਸਹੀ ਹੋ ਰਿਹਾ ਹੈ। ਕਈ ਗਜਾਨੀ ਇਸਨੂੰ 'ਕਦਮ ਬੋਸੀ=ਪੈਰ ਚੁੰਮਣਾ' ਸਮਝਦੇ ਹਨ, ਪੈਰ ਚੁੰਮਣ ਦਾ ਭਾਵ ਏਥੇ ਅਪ੍ਰਸੰਗਕ ਹੈ। [2]ਹੱਥ ਦੀ ਛਾਪ (ਸੋ)। [3]ਪੁਰਾਣਾ। [4]ਪਾਟੀ ਹੋਈ ਕੰਬਲੀ ਵਿਚ (ਦੁਸ਼ਾਲਾ) ਛੁਪਾਕੇ।

ਨਿਧਾਨ[1] ॥੧੩॥ ਆਇ ਸਮੀਪ ਬੂਝਿਬੋ ਕੀਨਿ। 'ਕਹਾਂ ਰੰਕ ਕੋ ਕਰ ਤੁਮ ਦੀਨ? ਕਹਾਂ ਪਠ੍ਯੋ, ਕਯਾ ਲ੍ਯਾਵਨਿ ਕਰੈ? ਗਮਨ੍ਯੋਂ ਨਗਰ ਛਿਪ੍ਰਤਾ ਧਰੈ'॥੧੪॥ਸੁਨਿ ਸਤਿਗੁਰ ਤਿਹ ਸਕਲ ਬਤਾਈ। 'ਹਮ ਕੌ ਛੁਧਾ ਲਗੀ ਅਧਿਕਾਈ। ਕੁਛ ਪਕਵਾਨ ਮੰਗਾਵਨ ਠਾਨਾ। ਤੁਮ ਭੀ ਛੁਧਤਿ ਕੀਜਿਯਹਿ ਖਾਨਾ' ॥ ੧੫ ॥ ਮਤੀਦਾਸ ਬੋਲ੍ਯੋ ਕਰ ਜੋਰਿ। 'ਮੁਝ ਢਿਗ ਹੁਤੇ ਰਜਤਪਣ ਔਰ। ਸੋ ਪਠਿ ਦੇਤਿ ਛਾਪ ਕ੍ਯੋਂ ਦਈ। ਜਿਸ ਮਹਿਂ ਬੱਜ੍ਰ[2] ਮੋਲ ਬਹੁ ਮਈ ॥ ੧੬ ॥ ਬਹੁਰ ਦੁਸ਼ਾਲਾ ਬਿਗਰਹਿ ਰੰਗ। ਰਹੈ ਨ ਅਸ ਜੋ ਪਹਿਰਹੁ ਅੰਗ। ਅਪਰ ਬਸਤ੍ਰ ਲੇ ਕਰਿ ਸਿਖ ਜਾਤੇ। ਆਨਤਿ ਛਿੱਪ੍ਰ ਜਥਾ ਰੁਚਿ ਖਾਤੇ' ॥੧੭॥ ਸੁਨਿ ਗੁਰ ਕਹ੍ਯੋ 'ਬਿਲਮ ਇਮ ਲਾਗਤਿ।ਪੁਰਿ ਗਯਾਤਾ ਭੇਜ੍ਯੋ,ਗਾ ਭਾਗਤਿ[3]। ਖੁਰਜੀ ਖੋਲਿ ਰਜਤਪਣ ਲੇਤਿ। ਸਿਖ ਸੁਚੇਤ ਕਰਿ[4] ਤਿਸ ਕੇ ਦੇਤਿ ॥ ੧੮ ॥ ਗਰੀ ਬਜ਼ਾਰ ਨਹੀਂ ਜਿਨ ਹੇਰਾ। ਆਵਤਿ ਜਾਤੇ ਲਾਗਤਿ ਦੇਰਾ'। ਬਾਕ ਅਪੂਰਬ ਗੁਰ ਕੇ ਸੁਨਿਕੈ। ਤੂਸ਼ਨਿ ਠਾਨਿ ਰਹ੍ਯੋ ਮਨ ਗੁਨਿ ਕੈ ॥ ੧੯ ॥–ਇਨਹੁ ਕਹੀ ਨਹਿ ਕਬਿਹੂ ਐਸੇ। ਕਹਾਂ ਛੁਧਾ ਅਰੁ ਬੋਲਹਿਂ ਕੈਸੇ। ਕੋ ਜਾਨਹਿਂ ਕਯਾ ਰਚਨਾ ਰਚੀ! ਦਈ ਛਾਪ ਹੀਰਾ ਬਿਚ ਖਚੀ–॥ ੨੦ ॥ ਬਿਸਮਤ ਸਿੱਖਨਿ ਸੰਗ ਸੁਨਾਇ।ਸਤਿਗੁਰ ਫੇਰ੍ਯੋ ਅਪਰ ਸੁਭਾਇ। ਬੰਧਿ ਤੁਰੰਗ ਤਰੋਵਰ ਸਾਥ। ਬੈਠੇ ਆਇ ਸਕਲ ਢਿਗ ਨਾਥ॥੨੧॥ਸ੍ਰੀ ਮੁਖ ਤੇ ਐਸੇ ਫੁਰਮਾਇ।'ਰਹੀਅਹਿ ਪਿਖਤਿ ਅਜਾ[5] ਸਮੁਦਾਇ। ਚਲੀ ਨ ਜਾਇਂ ਗਰੀਬ ਅਯਾਲੀ।ਆਵਤਿ ਲਗਿ ਸਭਿ ਰਖਹੁ ਸੰਭਾਲੀ'॥੨੨॥ਤਬਿ ਸਿੱਖਨਨਿ ਮਾਨ੍ਯੋਂ ਕਰ ਜੋਰਿ। ਦੇਖਤਿ ਰਹੇ ਅਜਾ ਕੀ ਓਰ। ਅਬਹਿ ਅਯਾਲੀ ਕੋ ਜੁ ਬ੍ਰਿਤਾਂਤ।ਸੁਨੀਅਹਿ ਗਨ ਸ੍ਰੋਤਾ ਅਵਿਦਾਤ ॥ ੨੩ ॥ ਲੇ ਕਰਿ ਛਾਪ ਦੁਸ਼ਾਲਾ ਗਯੋ। ਬਡੇ ਬਜ਼ਾਰ ਪ੍ਰਵੇਸ਼ਤਿ ਭਯੋ। ਦੇਖੀ ਜਾਇ ਹਾਟ ਹਲਵਾਈ। ਜਹਿਂ ਨਾਨਾ ਬਿਧਿ ਬਿੰਦ ਮਿਠਾਈ॥ ੨੪॥ਖਰੋ ਹੋਇ ਕਰਿ ਹਾਥ ਉਭਾਰਾ। ਦੇਤਿ ਮੁੰਦਰੀ ਬਚਨ ਉਚਾਰਾ।'ਇਹ ਰਾਖਹੁ ਗਹਿਣਾ ਢਿਗ[6] ਲੈਹੋਂ।ਦੋਇ ਰਜਤਪਣ ਸੌਦਾ ਦੈ ਹੋ'॥੨੫॥ਜਬਹਿ ਬਾਨੀਅਹਿ ਕਰ ਮਹਿਂ ਲੀਨਿ।ਬਹੁ ਮੋਲਾ ਪਿਖਿ ਹੀਰਾ ਚੀਨਿ। ਮਨ ਬਿਸ-

---

[1]ਕੀਤੀ ਕਿਰਿਆ ਗੁਰਾਂ ਦੀ ਦੇਖਕੇ। [2]ਹੀਰਾ। [3]ਭੱਜਾ ਗਿਆ ਹੈ। [4]ਸਿਖ ਨੂੰ ਸਾਵਧਾਨ ਕਰਦੇ(ਭਾਵ ਸ਼ਹਿਰ ਦੇ ਪਤੇ ਦੱਸਦੇ)। [5]ਬੱਕਰੀਆਂ। [6]ਇਹ ਅਪਨੇ ਪਾਸ ਗਹਿਣੇ ਰੱਖ ਲਵੇ।

ਮਾਨਯੋ ਬੂਝਨਿ ਠਾਨਯੋਂ। 'ਇਹ ਤੈਂ ਕਹਹੁ ਕਹਾਂ ਤੇ ਆਨਯੋਂ॥੨੬॥ਕਿਸ ਉਮਰਾਵ ਹਾਥ ਕੀ ਅਹੈ। ਤੋਹਿ ਉਚਿਤ ਨਹਿਂ,ਕਿਮ ਤੂੰ ਕਹੈਂ[1]। ਤਸਕਰ ਕਰਿ ਚੋਰੀ ਕਹੁ ਲਯਾਯਹੁ। ਕੈ ਬੰਚਕ[2] ਹਤਿ ਕਰਿ ਕਿਸ ਆਯਹੁ ॥੨੭॥ ਕਹਹੁ ਸਾਚ ਨਤੁ ਦੇਉਂ ਗਹਾਇ।ਇਹ ਸੌਦਾ ਮੋਕਹੁ ਦੁਖਦਾਇ'। ਡਰਤਿ ਅਯਾਲੀ ਸਕਲ ਸੁਨਾਯੋ। 'ਇਕ ਉਮਰਾਵ ਬਾਗ਼ ਮਹਿਂ ਆਯੋ ॥ ੨੮ ॥ ਦੇ ਮੋਕਹੁ ਹਿਤ ਪਠਯੋ ਮਿਠਾਈ। ਨਹਿਂ ਚੋਰੀ ਕਰਿ ਮੈਂ ਇਹ ਪਾਈ। ਦੇਹਿ ਰਜਤਪਣ ਤਬਿ ਇਹ ਲੈਹੈ[3]। ਛੁਧਿਤ ਛਿੱਪ੍ਰ, ਇੱਛਤ ਸੋ ਖੈ ਹੈ[4]" ॥ ੨੯ ॥ ਧੀਰਜ ਬਾਕ ਸੁਨੇ ਹਲਵਾਈ । ਗਹੀ ਤਰਾਜੂ ਤੁਲਨਿ ਮਿਠਾਈ। ਜਬਹਿ ਤੋਲ ਕਰਿ ਪਾਵਨ ਲਾਗਾ। ਪੱਲਾ ਕਰਯੋ ਦੁਸ਼ਾਲੇ ਆਗਾ ॥ ੩੦ ॥ ਪਿਖਤਿ ਅਚੰਭੈ ਹੁਇ ਹਲਵਾਈ।-ਇਹ ਮੂਰਖ ਕਯਾ ਕਰਹਿ ਬੁਰਾਈ। ਬਸਤੁ ਹਜ਼ਾਰ ਰਜਤਪਣ ਕੇਰਾ। ਹਿਤ ਪਕਵਾਨ ਬਿਗਾਰ ਬਡੇਰਾ ॥ ੩੧ ॥ ਸਹੀ ਚੋਰ ਇਹ ਜਾਨਯੋਂ ਜਾਇ। ਕੋ ਮਾਲਿਕ ਅਸ ਬਸਤੁ ਗਵਾਇ। ਬਡ ਮੂਰਖ ਕੀਮਤਿ[5] ਨਹਿਂ ਜਾਨਹਿਂ। ਲਯਾਇ ਚੁਰਾਇ ਬਿਗਾਰਨਿ ਠਾਨਹਿਂ-॥ ੩੨ ॥ ਉਠਯੋ ਹਾਟ ਪਰ ਤੇ ਹਲਵਾਈ।ਗਹੀ ਭੁਜਾ ਦਿਢ ਭਾਜ ਨ ਜਾਈ। ਜਹਿਂ ਚਬੂਤਰਾ ਬਡ ਕੁਤਵਾਲੀ[6]। ਤਹਿਂ ਲੇ ਗਮਨਯੋ ਤ੍ਰਸਤਿ ਬਿਸਾਲੀ॥ ੩੩॥ਬ੍ਰਿੰਦ ਨਰਨਿ ਮੈਂ ਥਿਰ ਕੁਤਵਾਲ।ਪਕਰਹਿ ਚੋਰ ਧਾਰ ਜਹਿਂ ਜਾਲ। ਤਿਹ ਠਾਂ ਠਾਂਢੋ ਹੋਇ ਪੁਕਾਰਾ। 'ਸੁਨਿ ਅਦਾਲਤੀ ਕਾਜ ! ਹਮਾਰਾ ॥ ੩੪ ॥ ਇਹ ਬੰਚਕ ਕੈ ਤਸਕਰ ਕੋਈ।ਵਸਤੁ ਅਜਾਇਬ ਹੈਂ ਢਿਗ ਦੋਈ। ਗਹਿਣੇ ਧਰਨਿ ਹੇਤੁ ਇਹ ਲਯਾਯੋ।ਅਸਮੰਜਸ ਪਿਖਿ ਮੈਂ ਲਖਿਪਾਯੋ॥੩੫॥ ਮਮ ਸਿਰ ਦੋਸ਼ ਨ ਆਵੈ ਕੋਈ । ਤੁਮ ਹਦੂਰ[7] ਕੀਨਿ ਮੈਂ ਸੋਈ । ਕਰਿ ਲਿਹੁ ਨਿਰਨੈ ਹੁਇ ਜਿਸ ਭਾਂਤੀ। ਤਸਕਰ, ਬਾਟਪਾਰ ਕਿਹ ਘਾਤੀ[8]" ॥ ੩੬ ॥ ਇਮ ਕਹਿ ਦੋਨੋਂ ਛਾਪ ਦੁਸ਼ਾਲਾ। ਧਰਿ ਦੀਨੇ ਸਭਿ ਮਹਿਂ ਤਿਸ ਕਾਲਾ। ਪਿਖਿ ਕੁਤਵਾਲ ਬਿਸਾਲੀ ਮੋਲ। ਤਾੜਯੋ ਕਹਿ ਕਰਿ ਕ੍ਰੂਰ ਜਿ ਬੋਲ ॥ ੩੭ ॥ 'ਕਹਹੁ ਸਾਚ ਨਤੁ ਦੈ ਹੌਂ ਫਾਂਸੀ। ਕਹਿਂ ਤੇ ਆਨੇ[9] ਘਾਤ

---

[1]ਕਿਵੇਂ ਤੂੰ ਕਹਿੰਦਾ ਹੈ ਕਿ (ਗਹਿਣੇ ਰੱਖ ਲੈ)। [2](ਤੂੰ) ਠੱਗ ਹੈਂ। [3]ਰੁਪਏ ਦੇਕੇ ਓਹ ਵਾਪਸ ਲੈ ਲਏਗਾ। [4]ਭੁੱਖਾ ਹੋਣੇ ਕਰਕੇ ਛੇਤੀ ਖਾਣ ਦੀ ਇੱਛਾ ਕਰਦਾ ਹੈ। [5]ਮੁੱਲ (ਦੁਸ਼ਾਲੇ) ਦਾ। [6] ਕੁਤਵਾਲੀ ਦਾ ਚਬੂਤਰਾ। [7]ਤੇਰੇ ਸਾਹਮਣੇ। [8]ਧਾੜਵੀ ਕਿਸੇ ਦੇ ਮਾਰਨ ਵਾਲਾ।

ਬਿਸਾਸੀ[1]। ਸਕਲ ਖੋਜ ਕੋ ਦੇਹੁ ਬਤਾਇ। ਨਾਂਹਿ ਤ ਪ੍ਰਾਨ ਤੁਰਤ ਤੁਵ ਜਾਇੰ'॥੩੭॥ਸਭਿ ਨਰ ਤਿਸਕੇ ਮੁਖ ਕੋ ਹੇਰਤਿ।ਸੁਨਿਬੇ ਹੇਤੁ ਕਹਨਿ ਕੋ ਪ੍ਰੇਰਤਿ। ਤ੍ਰਸਤਿ ਬਿਸਾਲ ਅਧਾਲੀ ਬੋਲ੍ਯੋ। 'ਚੋਰ ਨਹੀਂ ਮੈਂ ਕਿਸ ਘਰ ਫੋਲ੍ਯੋ[2] ॥ ੩੯ ॥ ਨਹਿੰ ਬਟਵਾਰ ਨ ਬੰਚਕ ਕੋਈ। ਸੁਨਿਯਹਿ ਬ੍ਰਿਥਾ ਜਥਾ ਇਹ ਹੋਈ। ਅਜਾ ਚਰਾਵਤਿ ਵਹਿਰ ਫਿਰੰਤਾ। ਆਯੋ ਉਪਬਨ ਨਿਕਟਿ ਤਿਖੰਤਾ ॥ ੪੦ ॥ ਤਹਿਂ ਉਮਰਾਵ ਮਹਾਨ ਸਮਾਨਾ। ਉਤਰ੍ਯੋ ਆਨਿ ਤੁਰਤ ਹੀ ਜਾਨਾ। ਆਵਤਿ ਮੋ ਕਹੁ ਨਿਕਟਿ ਬੁਲਾਯੋ। ਦੀਨਿ ਮੁੰਦਰੀ ਹਾਥ, ਅਲਾਯੋ॥੪੧॥-ਇਸ ਕੋ ਧਰਿ[3] ਲੇ ਆਉ ਮਿਠਾਈ। ਬੀਚ ਦੁਸ਼ਾਲੇ ਲੇਹੁ ਪਵਾਈ-। ਆਨਿ ਉਤਾਇਲ ਮੈਂ ਇਸ ਦੀਨੀ। ਲਖਿ ਕਰਿ ਤਸਕਰ ਭੁਜ ਗਹਿ ਲੀਨੀ[4] ॥੪੨॥ ਬਰਜਿ ਬਰਜਿ ਮੈਂ ਇਹ ਸਮੁਝਾਯੋ। ਨਾਹਕ ਜਬਰੀ ਤੇ ਗਹਿ ਲ੍ਯਾਯੋ। ਉਪਬਨ ਬਿਖੈ ਖਸ਼ਟ ਅਸਵਾਰ। ਜਾਨਹੁ ਤਸਕਰ ਕੈ ਬਟਪਾਰ॥ ੪੩ ॥ ਕੈ ਕਿਸ ਥਲ ਕੋ ਬਡ ਸਰਦਾਰ। ਸਾਧੁ ਅਸਾਧੁ ਲੇਹੁ ਨਿਰਧਾਰ। ਕਹੌਂ ਨ ਕੂਰ, ਹੇਰਿ ਤਿਨ ਲੀਜਹਿ।ਬੂਝਹੁ ਚਲਿ ਕਰਿ ਨਿਰਨੈ ਕੀਜਹਿ ॥੪੪॥ ਮੋ ਮਹਿਂ ਦੋਸ਼ ਹੋਇ ਜੇ ਕੋਈ। ਚਹਹੁ ਸਾਸਨਾ ਦੀਜਹਿ ਸੋਈ'। ਇਮ* ਸੁਨਿ ਸਭਿ ਹੀ ਲਖ੍ਯੋ ਅਧਾਲੀ। ਨਿਰਨੇ ਕਰਿਬੇ ਚਹ੍ਯੋ ਬਿਸਾਲੀ ॥੪੫॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਅਧਾਲੀ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

੩੭. [ਅਪਣੇ ਆਪ ਨੂੰ ਹਵਾਲੇ ਕੀਤਾ]।

ਦੋਹਰਾ ॥ ਸੁਨਿ ਅਦਾਲਤੀ[5] ਸਭਿਨਿ ਮਹਿਂ ਸਾਚ ਲਖਨਿ ਕੇ ਹੇਤੁ। ਜੁਗਲ ਸਿਪਾਹੀ ਸੋਂ ਕਹ੍ਯੋ 'ਗਮਨਹੁ ਸੰਗ ਸੁਚੇਤ ॥ ੧ ॥ ਚੌਪਈ ॥ ਉਪਬਨ ਬਿਖੈ ਜਾਹੁ ਇਸ ਸੰਗ। ਪਿਖਹੁ ਤਹਾਂ ਅਸਵਾਰਨਿ ਢੰਗ। ਨਾਉਂ ਗਾਉਂ ਬੂਝਹੁ ਸਭਿ ਭਾਂਤੀ। ਆਵਨਿ ਜਾਨਿ ਕਹਾਂ ਕੋ, ਜਾਤੀ[6]? ॥ ੨ ॥ ਕਿਸ ਥਲ ਕੇ ਹੁਇ ਹੈਂ ਸਰਦਾਰ ?। ਨਾਂਹਿ ਤ ਲਖੇ ਪਰਹਿਂ ਬਟਪਾਰ। ਮਾਲ ਖਸੋਟਨਿ ਕਿਸ ਕੋ ਆਏ। ਬੈਠਿ ਵਹਿਰ ਜਿਨ ਅਸਨ ਮੰਗਾਏ॥੩॥ ਜਿਮ ਭਾਜਹਿਂ ਨਹਿਂ,ਸੋ ਗਤਿ ਕੀਜੈ।ਭੇਦ ਮਧੁਰ ਬਾਕਨਿ ਤੇ ਲੀਜੈ। ਇਕ ਤਹਿਂ

---

[1]ਹੇ ਵਿਸਾਹ ਘਾਤ ਕਰਨੇ ਵਾਲੇ। [2]ਮੈਂ ਚੋਰ ਹੋਕੇ ਕਿਸੇ ਦੇ ਘਰ ਚੋਰੀ ਨਹੀਂ ਕੀਤੀ। [3](ਗਹਿਣੇ) ਧਰਿਕੇ। [4](ਇਸ ਹਲਵਾਈ ਨੇ ਮੇਰੀ) ਬਾਂਹ ਫੜ ਲਈ ਹੈ। [5]ਪਿਛਲੇ ਅੰਸੂ ਦੇ ਅੰਕ ੩੪ ਤੋਂ ਅਦਾਲਤੀ ਤੋਂ ਮੁਰਾਦ 'ਕੁਤਵਾਲ' ਸਹੀ ਹੋ ਰਹੀ ਹੈ। [6]ਕਿਸ ਜਾਤ ਦੇ ਹਨ।

*ਪਾ:-ਜਬਿ।

ਰਹਹੁ ਸ਼ੀਘ੍ਰ ਇਕ ਆਵੈ। ਜਥਾ ਹੋਇ ਤਿਮ ਆਨਿ ਸੁਨਾਵੈ' ॥੪॥ ਕਰਯੋ ਅਗਾਰੀ ਤਬਹਿ ਅਯਾਲੀ। ਚਲੇ ਸਿਪਾਹੀ ਸਾਥ ਉਤਾਲੀ। ਖੜਗ ਸਿਪਰ ਜਿਨ ਧਾਰਨਿ ਕੀਨਿ। ਉਪਬਨ ਕੋ ਗਮਨੇ ਸੰਗ ਲੀਨ ॥ ੫ ॥ ਆਵਤਿ ਦੇਖਿ ਦੂਰ ਤੇ ਜਬੈ। ਮਤੀਦਾਸ ਇਮ ਬੋਲਯੋ ਤਬੈ। 'ਪਠਯੋ ਆਪ ਕੋ ਆਵਤਿ ਸੋਈ।ਆਨਯੋ ਅਸਨ ਕਿ ਨਾਂਹਿਨ ਜੋਈ'॥੬॥ਸਭਿਨਿ ਸੁਨਾਵਤਿ ਸਤਿਗੁਰ ਕਹਯੋ। 'ਆਵਤਿ ਉਹੀ ਠੀਕ ਤੁਮ ਲਹਯੋ। ਤਊ ਜਾਨੀ ਅਹਿ ਬਨਯੋ ਕੁਸੂਤ।ਆਨੇ ਸੰਗ ਦੋਇ ਜਮਦੂਤ ॥੭॥ ਨਹਿਂ ਸੌਦਾ ਆਨਯੋਂ ਇਮ ਲਖੀਯਤਿ। ਅੱਗ੍ਰ ਜੁਗਨਿ ਕੇ ਛੂਛੇ ਪਿਖੀਯਤਿ[1]'। ਸੁਨਿ ਕੈ ਮਤੀਦਾਸ ਤੇ ਆਦਿ। ਗੁਰੁ ਚਰਿੱਤ੍ਰ ਤੇ ਭੇ ਬਿਸਮਾਦਿ ॥ ੮ ॥–ਪਾਨ ਅਯਾਲੀ ਕੇ ਪਕਵਾਨ। ਅਨਵਾਵਨਿ ਕਰਿ ਚਾਹਤਿ ਖਾਨ। ਜੇ ਨਿਤ ਸੁਚਿ ਸੋਂ ਕਰਤਿ ਅਹਾਰ। ਅਬਿ ਬਿਲੋਕਿ ਕਸਾ ਕੀਨਿ ਉਚਾਰ ॥ ੯ ॥ ਦੋ ਜਮਦੂਤ ਆਵਤੇ ਸਾਥ। ਕਹਾਂ ਰਚੀ ਗਤਿ ਇਸ ਬਿਧਿ ਨਾਥ–। ਕਰਹਿਂ ਬਿਚਾਰਨਿ ਕੋ ਬਹੁ ਬਾਰੀ। ਨਹਿਂ ਬੋਲੈ, ਪੂਨ ਗੁਰੁ ਅਨੁਸਾਰੀ[2] ॥੧੦॥ ਬ੍ਰਿਧ ਕੋ ਬੰਸ ਸਾਧ ਗੁਰਦਿੱਤਾ। ਹੋਨਹਾਰ ਪਰ ਮਨ ਦ੍ਰਿੜ ਕਿੱਤਾ।–ਜੋ ਗੁਰ ਕਰਹਿਂ ਭਲੀ ਸਭਿ ਹੋਇ। ਕੋਟਿ ਜਤਨ ਤੇ ਮਿਟਹਿ ਨ ਸੋਇ–॥ ੧੧ ॥ ਇਮੀਲਖਿ ਕੈ ਤੂਸ਼ਨਿ ਹੁਇ ਰਹਯੋ। ਭਲੀ ਕਿ ਬੁਰੀ ਨਹੀਂ ਬਚ ਕਹਯੋ। ਇਤਨੇ ਮਹਿਂ ਪਹੁੰਚੇ ਚਲਿ ਤੀਨੋ। ਉਪਬਨ ਬਿਖੈ ਪ੍ਰਵੇਸ਼ਨਿ ਕੀਨੋ ॥੧੨॥ ਖਰੇ ਹਜ਼ੂਰ ਗੁਰੂ ਕੇ ਹੋਇ। ਬੂਝੇ 'ਕਿਤ ਤੇ ਹਹੁ ਤੁਮ ਕੋਇ?। ਕਹਾਂ ਨਾਮ ਕਿਸ ਗ੍ਰਾਮ ਬਸੰਤੇ?। ਕਿਤ ਤੇ ਆਇ ਕਹਾਂ ਗਮਨੰਤੇ' ॥੧੩॥ ਸੁਨਿ ਬੋਲੇ ਸਤਿਗੁਰੂ ਸੁਖਧਾਮੂ। 'ਤੇਗਬਹਾਦੁਰ ਹੈ ਹਮ ਨਾਮੂ। ਸ਼੍ਰੀ ਨਾਨਕ ਕੀ ਕਰੁਨਾ ਅਹੈ। ਯਾਂਤੇ ਗੁਰੂ ਜਗਤ ਮੈਂ ਕਹੈਂ ॥੧੪॥ ਬਿਚਰਹਿਂ ਜਿਤ ਕਿਤ ਸਹਿਜ ਸੁਭਾਇ। ਥਿਰ ਹੁਇ ਬਸਹਿਂ ਨਹੀਂ ਇਕ ਥਾਇਂ'। ਇਮ ਸੁਨਿ ਕੈ ਗੁਰ ਤੇ ਤਿਸ ਠੌਰਾ। ਗਮਨਯੋ ਏਕ ਸਿਪਾਹੀ ਦੌਰਾ॥੧੫॥ ਸੰਗ ਅਯਾਲੀ ਕੇ ਇਕ ਖਰਯੋ।ਪ੍ਰਭੁ ਨੇ ਤਬਹਿ ਬੂਝਿਬੋ ਕਰਯੋ।'ਛਾਪ ਦੁਸ਼ਾਲਾ ਕਹਾਂ ਮਿਠਾਈ। ਨਹਿਂ ਆਨਯੋ ਕਛੁ ਨਿਕਟਿ ਦ੍ਰਿਬਾਈ[3]' ॥੧੬ ॥ ਸੁਨਿ ਕਰ ਜੋਰਿ ਕਹਯੋ ਤਿਸ ਕਾਲਾ। 'ਗਹਯੋ ਬਾਨੀਏ ਦੇਖਿ ਦੁਸ਼ਾਲਾ। ਚਲਿ ਚਬੂਤਰੇ ਮਹਿਂ ਪਹੁ-

---

[1]ਦੋਹਾਂ ਅੱਗੇ ਇਹ ਖਾਲੀ ਆਂਵਦਾ ਦਿਖਾਈ ਦਿੰਦਾ ਹੈ। [2]ਗੁਰਾਂ ਦੇ ਅਨੁਸਾਰ ਰਹਿਣ ਦਾ (ਪਹਿਲੋਂ) ਪ੍ਰਣ ਕੀਤਾ ਹੋਯਾ ਸੀ। [3]ਇੱਥੇ।

ਰਾਖੇ।ਛੀਨ ਮੋਹਿ ਤੇ ਤਹਾਂ ਰਖਾਯੋ॥੧੭॥ਹੀਰਾ ਹੇਰਿ ਮੁੰਦਰੀ ਮਾਂਹੀ। ਧਰਿ ਅਦਾਲਤੀ ਅਪਨੇ ਪਾਹੀ॥ਨਿਰਨੈ ਕਰਨਿ ਹੇਤੁ ਪਠਿ ਦੋਇ।ਇਕ ਤੇ ਗਯੋ ਬੂਝ ਕਰਿ ਸੋਇ॥੧੮॥ਇਮ ਮੋਕਉ ਮੁਸ਼ਕਲ ਬਨਿ ਗਈ। ਅਬਿ ਗਮਨੋਂ ਸਭਿ ਹੀ ਕਹਿ ਦਈ[1]।ਜਾਇ ਅਧਾਲੀ ਅਜਾ ਸਮ੍ਹਾਰੀ। ਗਯੋ ਸਿਪਾਹੀ ਸਕਲ ਉਚਾਰੀ॥੧੯॥'ਸੋਢੀ ਸ਼੍ਰੀ ਗੁਰ ਤੇਗਬਹਾਦਰ ।ਮਾਨਤਿ ਸਭਿ ਹਿੰਦੂ ਜਿਹ ਸਾਦਰ। ਛਾਪ ਦੁਸ਼ਾਲਾ ਹੈ ਤਿਨ ਕੇਰਾ। ਖਟ ਅਸਵਾਰ ਸੰਗ ਤਿਹ ਹੇਰਾ[2]' ॥ ੨੦ ॥ ਸੁਨਿ ਅਦਾਲਤੀ ਉਰ ਹਰਖਾਨਾ। ਔਚਕ ਭਲੋ ਆਪਨੋ ਜਾਨਾ ।-ਜਿਸ ਕੇ ਹਿਤ ਖੋਜਤਿ ਬਹੁ ਦੇਸ਼। ਗਹਿਨ ਸ਼ਾਹੁ ਨਿਤ ਚਹੈ ਵਿਸ਼ੇਸ਼ ॥ ੨੧ ॥ ਆਇ ਅਚਾਨਕ ਹੀ ਅਬਿ ਗਯੋ। ਖੋਜੈ ਕਹੂੰ ਨ ਪ੍ਰਾਪਤਿ ਭਯੋ। ਗਹਿ ਕਰਿ ਸੁਧਿ ਕੋ ਦੇਹਿਂ ਪਠਾਈ। ਸ਼ਾਹੁ ਪ੍ਰਸੰਨ ਹੋਹਿ ਅਧਿਕਾਈ -॥ ੨੨ ॥ ਇਮ ਠਹਿਰਾਇ ਬਿਚਾਰਤਿ ਔਰੇ ।-ਮਮ ਢਿਗ ਅਹੈਂ ਸਿਪਾਹੀ ਥੋਰੇ-। ਕਿਲੇ ਦਾਰ ਕੇ ਪਹੁੰਚਯੋ ਪਾਸ । ਸਰਬ ਬਾਰਤਾ ਕਰੀ ਪ੍ਰਕਾਸ਼ ॥ ੨੩ ॥ 'ਤੁਝ ਮੁਝ ਪਰ ਪ੍ਰਸੰਨ ਹ੍ਵੈ ਸ਼ਾਹੂ। ਔਚਕ ਆਇ ਗਯੋ ਗੁਰ ਪਾਹੂ। ਜਿਸ ਹਿਤ ਕਈ ਬਾਰ ਪਰਵਾਨੇ। ਆਏ ਹੁਤੇ ਪਠੇ ਤਬਿ ਜਾਨੇ। ੨੪ ॥ ਇਸੀ ਰੀਤਿ ਸਭਿ ਦੇਸ਼ਨਿ ਮਾਂਹੀ। ਸ਼ਾਹੁ ਤਗੀਦ, ਪਾਇ ਕਿਤ ਨਾਂਹੀ[3] । ਪੂਰਬ ਉੱਤਰ ਪਸ਼ਚਮ ਦੱਛਣ। ਖੋਜਤਿ ਰਹੇ ਨ ਲਹਯੋ ਬਿਚੱਛਣ[4] ॥ ੨੫ ॥ਸੋ ਤੁਮ ਫਤੇ ਲੇਹੁ ਇਸ ਕਾਲਾ।ਗਹਿ ਲੀਜਹਿ ਗੁਰ ਕੋ ਦਰਹਾਲਾ[5] । ਸੁਖ ਸੋਂ ਰਾਖਹੁ ਦੁਰਗ ਮਝਾਰੇ। ਸੁਧਿ ਪਠਿ ਦੇਹੁ ਸ਼ਾਹੁ ਕੇ ਦ੍ਵਾਰੇ' ॥ ੨੬ ॥ ਕਹਿ ਸੁਨਿ ਕਰਿ ਦੋਨਹੁੰ ਹਰਖਾਏ। ਬ੍ਰਿੰਦ ਸਿਪਾਹੀ ਕਰਿ ਇਕ ਥਾਏਂ।ਚਲਯੋ ਦੁਰਗਪਤਿ ਅਰੁ ਕੁਤਵਾਲ। ਬੋਲਤਿ ਮੋਦਤਿ ਕਰਤਿ ਉਤਾਲ॥ ੨੭ ॥ ਜੋ ਉਪਬਨ ਕੀ ਹੈਂ ਦਿਸ਼ਿ ਚਾਰ[6] । ਪਠੇ ਚਾਰ ਸੈ ਤਹਿਂ ਅਸਵਾਰ। 'ਬਨਿ ਸੁਚੇਤ ਹੂਜਹਿ ਸਭਿ ਠਾਢੇ। ਹੋਹਿ ਨ ਅਸ ਭ੍ਰਾਜੈ ਬਨਿ ਗਾਢੇ ॥ ੨੮ ॥ਵਹਿਰ ਬਾਗ਼ ਤੇ ਥਿਰ ਸਭਿ ਰਹੀਯਹਿ।ਨਿਕਸਿ ਨ ਭਾਜਹਿ ਦਿਢ ਹ੍ਵੈ ਲਹੀਯਹਿ'। ਆਪ ਪ੍ਰੇਵੇਸ਼ੇ ਅੰਤਰ ਜਾਇ। ਲਿਏ ਸੰਗ ਮਾਨਵ ਸਮੁਦਾਇ ॥ ੨੯ ॥ ਸਤਿਗੁਰ ਬੈਠੇ ਜਾਇ ਨਿਹਾਰੇ। ਦੋਨਹੁੰ ਠਾਢੇ ਭਏ

[1](ਮੈਂ) ਹੁਣ ਜਾਂਦਾ ਹਾਂ, ਸਾਰੀ ਗਲ ਮੈਂ ਦੱਸ ਦਿੱਤੀ ਹੈ। [2]ਅਸਵਾਰਾਂ ਸਮੇਤ ਤਿਨ੍ਹਾਂ ਛਿਆਂ ਨੂੰ ਦੇਖਿਆ। [3](ਪਰ) ਲੱਭੇ ਨਹੀਂ ਸਨ ਕਿਤੇ ਭੀ। [4]ਚਤੁਰਾਂ ਨੂੰ ਨਾ ਲੱਭੇ (ਅ)। ਚਤੁਰ (ਗੁਰੂ ਜੀ ਨੂੰ) ਨਾ ਲੱਭ ਸਕੇ। [5]ਛੇਤੀ। [6]ਚਾਰ ਪਾਸੇ।

ਅਗਾਰੇ। ਬੂਝਨਿ ਲਗੇ 'ਗੁਰੂ ਤੁਮ ਅਹੋ? ਨਾਮ ਸਮੇਤ ਹਮਹਿਂ ਸਭਿ ਕਹੋ॥ ੩੦॥ ਹਿੰਦੂ ਜਨ ਕੇ ਪੂਜ ਕਹਾਵਹੁ? ਅਪਨੋ ਬਰਨ ਸਥਾਨ ਬਤਾਵਹੁ'। ਸੁਨਿ ਤੁਰਕਨਿ ਤੇ ਪ੍ਰਭੁ ਜੀ ਕਹੈਂ।'ਜਗਤ ਗੁਰੂ ਸ਼੍ਰੀ ਨਾਨਕ ਅਹੈਂ॥੩੧॥ਹਮ ਤਿਨ ਕੇ ਦਾਸਨ ਕੇ ਦਾਸੋ।ਮੱਦ੍ਰ[1]ਦੇਸ਼ ਮਹਿਂ ਬਾਸ ਅਵਾਸੋ। ਤੇਗ ਬਹਾਦਰ ਨਾਮ ਹਮਾਰਾ।ਕੁਲ ਸੋਢੀ ਜਗ ਮਹਿਂ ਉਜਿਆਰਾ[2]' ॥੩੨॥ ਸੁਨਤਿ ਦੁਰਗਪਤਿ ਅਰੁ ਕੁਤਵਾਲੂ। ਲਖ੍ਯੋ ਭੇਦ ਬੋਲੇ ਤਤਕਾਲੂ। 'ਹੁਕਮ ਹਮਹੁਂ ਪਰ ਹਜ਼ਰਤ ਕੇਰਾ। ਪਰਵਾਨਾ ਭੇਜ੍ਯੋ ਬਹੁ ਬੇਰਾ॥ ੩੩॥ ਇਕ ਹਮ ਪਰ ਹੀ ਨਹੀਂ ਪਠਾਯੋ। ਦੇਸ਼ ਬਿਦੇਸ਼ਨਿ ਸਭਿਨਿ ਜਨਾਯੋ। -ਸ਼੍ਰੀ ਗੁਰੁ ਤੇਗ ਬਹਾਦਰ ਜੋਊ।ਜਿਸ ਕੋ ਜਿਸ ਥਲ ਪ੍ਰਾਪਤਿ ਹੋਊ॥੩੪॥ ਰਖਹੁ ਟਿਕਾਇ ਖ਼ਬਰ ਪਹੁੰਚਾਵਹੁ। ਖੋਜਹੁ ਗ੍ਰਾਮ ਨਗਰ ਜਿਹ ਪਾਵਹੁ-। ਅਬਿ ਆਗਵਨ ਅਚਾਨਕ ਭਯੋ। ਹਜ਼ਰਤ ਕੋ ਕਾਰਜ ਹੁਇ ਗਯੋ॥੩੫॥ ਮਿਹਰਵਾਨਗੀ ਹਮ ਪਰ ਧਾਰਹੁ। ਦੁਰਗ ਬਿਖੈ ਡੇਰਾ ਚਲਿ ਡਾਰਹੁ। ਤੂਰਨ ਸੁਧਿ ਲਿਖਿ ਪਠਹਿਂ ਤੁਮਾਰੀ।ਸੁਨਹਿ ਸ਼ਾਹੁ, ਜਿਮ ਕਰਹਿ ਉਚਾਰੀ ॥ ੩੬॥ ਹੁਇ ਹੈ ਤਥਾ, ਕਿ ਨਿਕਟਿ ਬੁਲਾਵੈ। ਕੈ ਲਿਖਿ ਕਰਿ ਤੁਮ ਕੋ ਛੁਟਕਾਵੈ।-[3]ਕਯੋਂ ਤੁਮ ਗਹਹੁ-? ਆਦਿ ਇਸ ਬਾਤ। ਜੇ ਹਮ ਕਹੁ ਬੂਝਹੁ ਬਿਰਤਾਂਤ॥ ੩੭॥ ਹਮ ਤੇ ਉੱਤਰ ਲਹਹੁ ਨ ਕੋਈ[3]। ਜਾਨਹਿ ਹਜ਼ਰਤ, ਕਰਹਿ ਸੁ ਹੋਈ। ਕਹਨਿ ਸੁਨਨਿ ਕੀ ਚਾਹਿ ਨ ਰਾਖਹੁ। ਚਲਿਬੇ ਦੁਰਗ ਬਿਖੈ ਅਭਿਲਾਖਹੁ'॥ ੩੮॥ ਸ਼੍ਰੀ ਗੁਰ ਬੀਰ ਧੀਰ ਗੰਭੀਰ। ਚਢਿਬੇ ਤੁਰੰਗ ਮੰਗਾਯਹੁ ਤੀਰ।ਭਏ ਅਰੂਢਿ ਬਾਗ ਤੇ ਚਾਲੇ।ਪੰਚਹੁਂ ਸਿੱਖ ਭਏ ਚਢਿ ਨਾਲੇ॥ ੩੯॥ ਸੰਗ ਦੁਰਗਪਤਿ ਅਰ ਕੁਤਵਾਲ। ਪੀਛੈ ਚਢੇ ਜਾਹਿਂ ਗੁਰ ਨਾਲ। ਹੈਂ ਅਸਵਾਰ ਚਾਰ ਸੈ ਜੋਈ। ਚਾਰੋਂ ਦਿਸ਼ਿ ਹ੍ਵੈ ਗਮਨੇ ਸੋਈ॥੪੦॥ਸਨੇ ਸਨੇ ਚਲਿ ਪੰਥ ਮਝਾਰੀ। ਜਾਇ ਪ੍ਰਵੇਸ਼ੇ ਦੁਰਗ ਮਝਾਰੀ। ਸੁੰਦਰ ਸਦਨ ਦੀਨਿ ਹਿਤ ਡੇਰੇ। ਉਤਰਿ ਪਰੇ ਸਤਿਗੁਰੁ ਤਿਸ ਬੇਰੇ ॥ ੪੧॥ ਖਾਨ ਪਾਨ ਹਿਤ ਤ੍ਰਿਣ ਅਰੁ ਦਾਨਾ।ਲੀਨਿ ਮੰਗਾਇ ਖਰਚ ਜਸ ਜਾਨਾ। ਪਾਕ ਸਿੱਧ ਕਰਿ[4], ਅਚਯੋ ਅਹਾਰਾ। ਸੁਪਤ ਜਥਾ ਸੁਖ ਰਾਤਿ ਮਝਾਰਾ॥੪੨॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਆਗਰੇ ਦੁਰਗ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ॥ ੩੭॥

---

[1]ਪੰਜਾਬ। [2]ਪ੍ਰਸਿੱਧ ਹੈ। [3]ਭਾਵ ਇਸ ਤਰ੍ਹਾਂ ਦੀਆਂ ਗਲਾਂ ਕਿ-ਤੁਸੀਂ ਕਿਉਂ ਸਾਨੂੰ ਫੜਦੇ ਹੋ?-ਸਾਥੋਂ ਪੁੱਛੋ ਤਾਂ ਅਸੀਂ ਕੁਛ ਉੱਤਰ ਨਹੀਂ ਦਿਆਂਗੇ। [4]ਰਸੋਈ ਤਿਆਰ ਕਰਕੇ।

੩੮. [ਦਿੱਲੀ ਆਉਣਾ]।

ਦੋਹਰਾ ॥ ਤੇਗ ਬਹਾਦਰ ਸਤਿਗੁਰੂ ਦੁਰਗ ਘਿਰੇ ਇਸ ਰੀਤਿ। ਤੁਰਕ ਹਰਖ ਉਰ ਮਹਿਂ ਅਧਿਕ ਜਾਨਿ ਦੀਨ ਕੀ ਜੀਤ[1] ॥ ੧ ॥ ਚੌਪਈ ॥ ਹੋਨ-ਹਾਰ ਮੂਰਖ ਨਹਿਂ ਜਾਨਹਿਂ। ਅਪਨੀ ਜਰਾਂ[2] ਲਗੀ ਕੋ ਹਾਨਹਿਂ। ਸੰਗ ਦੁਰਗਪਤਿ ਕੇ ਕੁਤਵਾਲ।ਮਿਲਿ ਮਸਲਤ ਕੀਨਸਿ ਤਿਸ ਕਾਲ॥੨॥ਲਿਖੀ ਬਨਾਇ ਸ਼ੀਘ੍ਰ ਤਬਿ ਅਰਜ਼ੀ।'ਹਜ਼ਰਤ ਪਾਇ ਆਪ ਕੀ ਮਰਜ਼ੀ ।ਹਿੰਦੁਨਿ ਗੁਰ ਸ਼੍ਰੀ ਤੇਗਬਹਾਦਰ। ਰਾਖ੍ਯੋ ਰੋਕਿ ਦੁਰਗ ਮਹਿਂ ਸਾਦਰ ॥ ੩ ॥ ਉਤਰੇ ਹੁਤੇ ਬਾਗ ਮਹਿਂ ਆਇ। ਹਮ ਤੁਰਨ ਗਮਨੇ ਸੁਧਿ ਪਾਇ । ਪੰਚ ਸਊਰ ਸਾਥ ਜਿਨ ਔਰ। ਆਨੇ ਸਾਥ ਜਾਇ ਤਿਸ ਠੌਰ ॥ ੪ ॥ ਅਬਿ ਰਾਵਰ ਕੀ ਮਰਜ਼ੀ ਜੈਸੇ। ਲਿਖਿ ਪਰਵਾਨਾ ਪਠੀਅਹਿ ਤੈਸੇ' ।ਇਮ ਕਾਗਦ ਪਰ ਲਿਖ੍ਯੋ ਬਨਾਈ। ਕਹ੍ਯੋ ਸਊਰ ਸੰਗ ਸਮੁਝਾਈ ॥ ੫ ॥ 'ਨਹਿਂ ਬਿਲਮਹੁ ਬਿਸਰਾਮਹੁ ਥੋਰਾ[3]। ਦੌਰ੍ਯੋ ਜਾਹੁ ਸ਼ਾਹਿ ਕੀ ਓਰਾ । ਪਹੁੰਚਹੁ ਜਾਇ ਦੇਹੁ ਤਬਿ ਅਰਜ਼ੀ। ਪਢਿ ਕਰਿ ਲਿਖਹਿ ਬਹੁਰ ਨਿਜ ਮਰਜ਼ੀ॥ ੬ ॥ਸਭਿ ਸੁਧਿ ਦੇਇ, ਆਉ ਤਤਕਾਲਾ। ਲੇ ਇਨਾਮ ਕੋ ਦਰਬ[4] ਬਿਸਾਲਾ'। ਸੁਨਿ ਸਊਰ ਹਯ ਦੀਨਿ ਨਿਹਾਰੀ। ਜ਼ੀਨ ਪਾਇ ਕੀਨਸਿ ਅਸਵਾਰੀ ॥ ੭ ॥ ਦਿੱਲੀ ਕੇ ਮਗ ਕੌ ਤਬਿ ਚਾਲਾ। ਬਿਲਮ ਬਿਹੀਨਾ ਸ਼ੀਘ੍ਰ ਬਿਸਾਲਾ।ਨਿਸ ਬਾਸੁਰ ਮਹਿਂ ਪੰਥ ਪਯਾਨਹਿ। ਅਧਿਕ ਥਕਹਿ ਬਿਸਰਾਮ ਸੁ ਠਾਨਹਿ ॥ ੮ ॥ ਦਿਨ ਦੋ ਇਕ ਮੈਂ ਪਹੁੰਚ੍ਯੋ ਆਈ। ਅਰਜ਼ੀ ਸ਼ਾਹੁ ਸਮੀਪ ਪਠਾਈ। ਨਵੀ-ਸਿੰਦ ਨੇ ਖੋਲਿ ਸੁਨਾਈ ।'ਹਿੰਦੁਨਿ ਗੁਰੂ ਲੀਨਿ ਅਟਕਾਈ' ॥ ੯ ॥ ਸੁਨਿ ਹਰਖ੍ਯੋ ਮੂਰਖ ਚਵਗੱਤਾ। ਅਵਨੀ ਰਾਜ ਤੇਜ ਮਦਮੱਤਾ[5] । ਕਹਿ ਤੁਰਨ ਉਮਰਾਵ ਚਢਾਯੋ। ਲਸ਼ਕਰ ਸੰਗ ਸਮੂਹ ਪਠਾਯੋ ॥ ੧੦ ॥ ਸਭਿ ਹਜ਼ਾਰ ਦ੍ਵਾਦਸ ਅਸਵਾਰ[6]*। ਚਲੇ ਆਗਰੇ ਪੰਥ ਮਝਾਰ। ਨਰ ਪਠਿ ਪੁਨ ਕੀਨਸਿ ਤਕਰਾਈ । 'ਸਭਿ ਬਿਧਿ ਕਰਿ ਰਾਖਹੁ ਚੁਕਸਾਈ ॥ ੧੧ ॥ ਅਜ਼ਮਤਵੰਤਿ ਕਿਤਿਕ ਕਹਿਂ ਜਗ ਮਹਿਂ[7]। ਛਲਬਲ ਕਰਿ ਛੁਟਿ ਜਾਹਿ

---

[1]ਤੁਰਕ ਮਜ਼ਹਬ ਦੀ ਜਿੱਤ ਜਾਣ ਕੇ। [2]ਜੜ੍ਹਾਂ। [3](ਰਾਹ ਵਿੱਚ) ਆਰਾਮ ਥੋੜਾ ਕਰਨਾਂ। [4]ਇਨਾਮ ਦਾ ਧਨ। [5]ਪ੍ਰਿਥਵੀ ਦੇ ਰਾਜ ਦੇ ਤੇਜ ਦੇ ਅਹੰਕਾਰ ਵਿੱਚ ਮਸਤਿਆ ਹੋਇਆ। [6]ਸਾਰੇ ੧੨ ਹਜ਼ਾਰ ਅਸਵਾਰ। [7]ਜਗਤ ਵਿੱਚ ਕਈ (ਲੋਕ) ਉਨ੍ਹਾਂ ਨੂੰ ਕਰਾਮਾਤੀ ਕਹਿੰਦੇ ਹਨ।

*ਇਤਨੀ ਫੌਜ ਨਾਲ ਭੇਜਣ ਦਾ ਕਾਰਨ ਕਵਿ ਜੀ ਅੱਗੇ ਆਪ ਹੀ ਦੱਸਦੇ ਹਨ।

ਨ ਮਗ ਮਹਿਂ। ਘਨੇ ਸਿਪਾਹੀ ਜਾਗਤਿ ਰਖੀਅਹਿ। ਨਿਸ ਬਾਸੁਰ ਢਿਗ ਢਿਗ ਤੇ ਲਖੀਅਹਿ ॥ ੧੨ ॥ ਕੋ ਰਾਜਾ ਰਜਪੂਤ ਨ ਆਵੈ। ਲਰੈ ਅਚਾਨਕ ਗੁਰੂ ਛੁਟਾਵੈ। ਤਜੈਂ ਹਿੰਦੂ ਕੇਤਿਕ ਖਗ ਧਾਰੀ। ਕਰਹਿਂ ਮੁਚਾਵਨਿ ਮਰਹਿਂ ਕਿ ਮਾਰੀ[1] ॥ ੧੩ ॥ ਇਨ ਬਾਤਨਿ ਤੇ ਹੁਇ ਸਵ-ਧਾਨ। ਆਨਹੁ ਸ਼ੀਘ੍ਰ ਗੁਰੂ ਇਸ ਥਾਨ। ਚਿਰੰਕਾਲ ਕੇ ਖੋਜਤਿ ਰਹੇ। ਔਚਕ ਭੇ ਪ੍ਰਾਪਤ ਅਬਿ ਗਹੇ ॥ ੧੪ ॥ ਸਭਿ ਮਹਿਂ ਬਜਹਿ ਦੀਨ ਕੋ ਡੰਕਾ। ਰਾਵ ਰੰਕ ਨਰ ਧਰਹਿਂ ਅਤੰਕਾ[2]। ਸਿੱਧ ਮਨੋਰਥ ਅਬਿ ਹੁਇ ਮੋਰਾ। ਟੂਟਹਿ ਸਭਿ ਹਿੰਦੁਨਿ ਕੋ ਜ਼ੋਰਾ ॥ ੧੫ ॥ ਸ਼ਰਾ ਬਿਖੈਂ ਗੁਰ ਜਬਿ ਹੂੰ ਆਇ। ਦਿਜ ਆਦਿਕ ਆਪੇ ਬਨਿ ਜਾਇਂ[3]। ਪ੍ਰਥਮ ਪ੍ਰਸੰਗ, ਪਿਤਾ ਇਨ ਭਯੋ[4]। ਮੋਰ ਪਿਤਾਮੇਂ ਹੂਤਨਿ ਕਿਯੋ[5] ॥ ੧੬ ॥ ਤਬਿ ਰਾਜੇ ਰਜਪੂਤ ਬਵੇਜਾ। ਕਰੇ ਛੁਟਾਵਨਿ ਤਿਨ ਭਯ ਭੰਜਾ। ਸੋ ਸਿਮਰਹਿਂ ਜੋ ਗੁਰ ਉਪਕਾਰਾ। ਕਰਹਿਂ ਬਟੋਰਨਿ[6] ਲਸ਼ਕਰ ਭਾਰਾ ॥ ੧੭ ॥ ਆਨਿ ਲਰਹਿਂ ਨਹਿਂ ਲੇਹਿਂ ਛੁਟਾਇ। ਯਾਂਤੇ ਜਾਇ ਸੈਨ ਸਮੁਦਾਇ। ਅਪਰ[7] ਤਯਾਰ ਦਿੱਲੀ ਬਨਿ ਰਹੈ। ਚਢਹਿ ਤੁਰਤੁ ਜੋ ਸੁਧਿ ਅਸ ਲਹੈ[8] ॥ ੧੮ ॥ ਇੱਤਯਾਦਿਕ ਗਿਨਤੀ ਕਰਿ ਬ੍ਰਿੰਦ। ਸਾਵਧਾਨਤਾ ਰਚੀ ਬਿਲੰਦ। ਲਸ਼ਕਰ ਚਢਿ ਦਿੱਲੀ ਤੇ ਗਯੋ। ਚਲਹਿ ਅਧਿਕ ਹੀ ਸ਼੍ਰਮ ਬਹੁ ਕਿਯੋ ॥ ੧੯ ॥ ਮਗ ਉਲੰਘਿ ਸਗਰੋ ਜਬਿ ਗਏ। ਨਗਰ ਆਗਰੇ ਪ੍ਰਾਪਤਿ ਭਏ। ਸੁਨਤਿ ਦੁਰਗਪਤਿ ਅਰੁ ਕੁਤਵਾਲ। ਮਿਲਿਬੇ ਹਿਤ ਨਿਕਸੇ ਤਤਕਾਲ ॥ ੨੦ ॥ ਭਾਂਤਿ ਭਾਤਿ ਕੀ ਦੇ ਉਪਹਾਰ। ਮਿਲੇ ਸਲਾਮਾਲੇਕ ਉਚਾਰਿ। ਖਾਨ ਪਾਨ ਤ੍ਰਿਣ ਦਾਨੇ ਕੇਰੀ। ਲਸ਼ਕਰ ਕੀ ਸੁਧਿ ਲੀਨਿ ਘਨੇਰੀ ॥ ੨੧ ॥ ਸਭਿ ਮਿਲਿ ਗੁਰੂ ਪਾਸ ਚਲਿ ਆਏ। ਨਿਕਟਿ ਬੈਠਿ ਕਰਿ ਭੇਵ ਬਤਾਏ। 'ਹਜ਼ਰਤ ਅਧਿਕ ਤਲਾਸ਼ੀ ਠਾਨਹਿ। ਬਹੁ ਦਿਨ ਤੇ ਬਹੁ ਨਗਰ ਬਖਾਨਹਿ ॥ ੨੨ ॥ ਦੇਸ਼ ਬਿਦੇਸ਼ਨਿ ਮੈਂ ਬਹੁ ਫਿਰੇ। ਨਹਿਂ ਪ੍ਰਾਪਤਿ ਭੇ ਨਹਿਂ ਕਿਤ ਥਿਰੇ[8]। ਸਭਿ ਜਹਾਨ ਕੋ ਮਾਲਿਕ[9] ਆਜ। ਭਯੋ ਅਧਿਕ ਤੇ ਅਧਿਕ ਸਮਾਜ ॥ ੨੩ ॥ ਕਯੋਂ ਨ ਬਨਹੁ ਤਿਸ ਕੇ ਅਨੁ-

[1]ਆਪ ਮਰਨ ਕਿ ਮਾਰ ਕੇ ਛੁਡਾਵਣਾ ਕਰਨ। [2]ਡਰ ਧਾਰਨਗੇ। [3](ਤੁਰਕ) ਬਣ ਜਾਣਗੇ। [4]ਪਹਿਲੋਂ ਦਾ ਪ੍ਰਸੰਗ ਹੈ ਕਿ ਇਨ੍ਹਾਂ ਦੇ ਪਿਤਾ (ਸ੍ਰੀ ਹਰਿ ਗੋਬਿੰਦ ਜੀ, ਹੋਏ ਹਨ। [5]ਮੇਰੇ ਦਾਦੇ (ਜਹਾਂਗੀਰ ਨੇ) ਬੁਲਾਏ ਸਨ। [6]ਕੱਠਾ ਕਰਨ। [7]ਹੋਰ (ਫੌਜ)। [8](ਤੇ) ਨਾਂ ਹੀ (ਆਪ) ਕਿਤੇ ਟਿਕੇ ਹੋ। [9]ਭਾਵ ਔਰੰਗਾ।

ਸਾਰੀ। ਸੁਧਰਿ ਜਾਇ ਸਭਿ ਬਾਤ ਤਿਹਾਰੀ'। ਸੁਨਿ ਸਤਿਗੁਰ ਪ੍ਰਸੰਨ ਮੁਖ ਕਹ੍ਯੋ।'ਕੋ ਬਿਗਾਰ[1] ਹਮਰੋ ਪਿਖਿ ਗਹ੍ਯੋ ॥੨੪॥ ਇਕ ਖ਼ੁਦਾਇ ਕੋ ਸਕਲ ਜਹਾਨ। ਸਿਰਜਹਿ, ਪੋਖਹਿ, ਹਰਹਿ ਨਿਦਾਨ[2]। ਰੰਕ ਰਾਵ ਸਭਿ ਜਗ ਮਹਿਂ ਰਹਿਈਂ।ਦੰਡਹਿ ਸ਼ਾਹੁ ਖੋਟ ਕਿਸ ਲਹਿਈ[3] ॥ ੨੫ ॥ ਹਮ ਸੋਂ ਕਾਜ ਸ਼ਾਹੁ ਕੋ ਕਹਾਂ। ਰਾਜ ਨ ਵਿਰਸੇਦਾਰ ਨ ਲਹਾਂ[4]। ਦਰਵੇਸ਼ਨਿ ਕੀ ਰੀਤਿ ਹਮਾਰੀ। ਯਾਂਤੇ ਹਮ ਸ਼ੰਕਾ ਨਹਿਂ ਧਾਰੀ' ॥ ੨੬ ॥ ਪੁਨ ਉਮਰਾਵ ਕਹਤਿ 'ਹਮ ਆਏ। ਚਲਹੁ ਸਮੀਪੀ ਸ਼ਾਹੁ ਬੁਲਾਏ। ਕਹਨਿ ਹੋਇ ਜੋ ਕੁਛ, ਤਹਿਂ ਕਹੋ। ਅਨੁਸਾਰੀ ਹੁਇ ਸਭਿ ਸੁਖ ਲਹੋ'॥੨੭॥ਇਮ ਕਹਿ ਜਾਮਨਿ ਸੁਪਤ ਬਿਤਾਈ। ਭਈ ਪ੍ਰਾਤਿ ਤਯਾਰੀ ਕਰਿਵਾਈ। ਡਾਰਿ ਤੁਰੰਗਨਿ ਜ਼ੀਨ ਬਿਸਾਲੇ। ਚਢੇ ਗੁਰੂ ਭਾ ਲਸ਼ਕਰ ਨਾਲੇ ॥ ੨੮ ॥ ਨਿਕਟਿ ਨਿਕਟਿ ਉਮਰਾਵ ਚਲੰਤਾ। ਚਹੁੰ ਦਿਸ਼ਿ ਮਹਿਂ ਦਲ ਬਡ ਗਮਨੰਤਾ। ਤੁਪਕਨ ਕੋ ਧੁਖਾਇ ਕਰਿ ਤੋੜੇ। ਤਯਾਰੀ ਠਾਨਿ ਕਲਾ ਪਰ ਜੋੜੇ ॥੨੯॥ ਸਾਵਧਾਨਤਾ ਕਰਤਿ ਘਨੇਰੇ। ਪੰਥ ਪਯਾਨਹਿਂ ਪ੍ਰਭੁ ਕੋ ਘੇਰੇ। ਦੀਰਘ ਮਜਲ ਕਰਤਿ ਚਲਿ ਆਏ। ਨਿਸ ਬਿਸਰਾਮਹਿਂ ਦਿਨਹਿਂ ਸਿਧਾਏ ॥ ੩੦ ॥ ਪੰਚਹੁੰ ਸਿੱਖ ਸੰਗ ਗੁਰ ਚਾਲੇ। ਸਭਿ ਬਿਧਿ ਸੇਵਾ ਕਰਹਿਂ ਬਿਸਾਲੇ। ਸਿਧ ਰਸੋਈ ਕਰਿ ਤ੍ਰਿਪਤਾਵੈਂ। ਜਾਮ ਨਿਸਾ ਤੇ ਨ੍ਹਾਨ ਕਰਾਵੈਂ ॥ ੩੧ ॥ ਥੋਰਨਿ ਦਿਨ ਮਹਿਂ ਪਹੁੰਚੇ ਆਈ। ਪ੍ਰਥਮ ਸ਼ਾਹੁ ਢਿਗ ਸੁਧਿ ਪਹੁੰਚਾਈ। 'ਹਿੰਦੁਨਿ ਗੁਰ ਸ੍ਰੀ ਤੇਗਬਹਾਦਰ। ਆਨ੍ਯੋ ਸਹਤਿ ਸੁਚੇਤੀ ਸਾਦਰ[5] ॥ ੩੨॥ ਜਥਾ ਹੁਕਮ ਅਬਿ ਰਾਵਰ ਕੇਰਾ। ਤਥਾ ਕਰਹਿਂ ਕਰਿਵਾਵਹਿਂ ਡੇਰਾ'। ਸੁਨਿ ਅਵਰੰਗ ਆਨੰਦ ਉਰ ਪੀਨੋ[6]। ਸਭਾ ਮੁਲਾਨੇ ਬੂਝਨਿ ਕੀਨੇ ॥ ੩੩ ॥ 'ਕਿਮ ਪਰਖਹਿਂ ਅਜ਼ਮਤ ਕੁਛੁ ਇਨਕੀ। ਦਿਹੁ ਬਤਾਇ ਚਾਤੁਰਤਾ ਮਨ ਕੀ'। ਸੁਨਿ ਦੁਰਮਤਿ ਚਿਤ ਕਹਤਿ ਮੁਲਾਨੇ। 'ਇਕ ਉਪਾਵ ਹਮ ਕਰਹਿਂ ਬਖਾਨੇ ॥ ੩੪॥ ਪੁਰਿ ਮਹਿਂ ਏਕ ਹਵੇਲੀ ਅਹੈ।ਸੂਨੀ ਪਰੀ ਨਹੀਂ ਕੋ ਰਹੈ। ਨਹਿ ਬਸਿਬੇ ਕੋ ਕਾਰਨ ਜਾਨੋ। ਰਹੈ ਤਹਾਂ ਕੋ ਪ੍ਰੇਤ ਕਿ ਦਾਨੋ[7]* ॥ ੩੫॥

[1]ਵਿਗਾੜ। [2]ਸਾਰਾ ਜਹਾਨ ਇਕ ਖ਼ੁਦਾ ਦਾ ਹੈ, (ਓਹੋ ਹੀ) ਬਣਾਉਂਦਾ ਹੈ, ਪਾਲਦਾ ਹੈ ਤੇ ਸੰਘਾਰਦਾ ਹੈ ਅੰਤ ਨੂੰ। [3]ਜੇ ਕਿਸੇ ਦਾ ਖੋਟ ਵੇਖਦਾ ਹੈ ਤਾਂ ਪਾਤਸ਼ਾਹ ਦੰਡ ਦੇਂਦਾ ਹੈ। [4]ਨਾਂ (ਸਾਡਾ) ਰਾਜ ਹੈ ਨਾ (ਅਸੀਂ ਉਸਦੇ ਰਾਜ ਦੇ) ਵਿਰਸੇ ਦਾਰ (ਹਿੱਸੇ ਦਾਰ) ਹਾਂ। [5]ਚੁਕਸਾਈ ਤੇ ਆਦਰ ਨਾਲ। [6]ਤੱਕੜਾ ਖੁਸ਼ੀ। [7]ਭੂਤ ਕਿ ਦਾਨਵ। *ਪਾ:-ਕਦਾਨੋ।

ਜੋ ਤਿਸ ਮਹਿਂ ਨਿਸ ਬਾਸ ਕਰੰਤਾ। ਬਡੇ ਤ੍ਰਾਸ ਕੋ ਪਾਇ ਮਰੰਤਾ। ਲਗੇ ਰਜਤਪਣ ਕਈ ਹਜ਼ਾਰ। ਤਜੀ ਸਭਿਨਿ ਸੋ ਡਰ ਉਰ ਧਾਰਿ ॥ ੩੬ ॥ ਨਹਿਂ ਪ੍ਰਵੇਸ਼ ਦਿਨ ਮਹਿਂ ਭੀ ਕਰੈਂ। ਮਾਰ ਨ ਦੇਹਿ ਦੇਵ ਤੇ[1] ਡਰੈਂ। ਪ੍ਰਥਮ ਉਤਾਰਹੁ ਗੁਰ ਤਿਸ ਮਾਂਹੀ। ਕਹੇ ਜਿ ਤਹਾਂ ਪ੍ਰਵੇਸ਼ਹਿਂ ਨਾਂਹੀ ॥ ੩੭ ॥ ਤੌ ਤੁਮ ਸ਼ਰ੍ਹਾ ਲੇਹੁ ਮਨਵਾਇ।ਹੁਇ ਅਨੁਸਾਰੀ ਸਹਿਜ ਸੁਭਾਇ। ਜੇ ਨਹਿਂ ਮਾਨਹਿ ਕਹਯੋ ਤੁਮਾਰੋ। ਨਿਸ ਬਸਾਇ ਤਿਸ ਘਰ ਮੈਂ ਮਾਰੋ' ॥ ੩੮ ॥ ਸੁਨਿ ਅਵਿਰੰਗ ਜਾਨਿ ਚਤੁਰਾਈ। ਸੰਗ ਮੁਲਾਨੇ 'ਸਾਧ[2]' ਅਲਾਈ। 'ਆਛੀ ਕਹੀ ਪਰਖਿਬੋ ਹੋਇ। ਜੇ ਕਿਛੁ ਅਜ਼ਮਤ, ਲਖੀਯਹਿ ਸੋਇ ॥ ੩੯ ॥ ਸ਼ਰਾ ਬੀਚ ਜੋ ਅਸ ਨਰ ਆਵਹਿ। ਦੀਨ, ਹਮਾਰੋ ਅਤਿ ਬਿਰਧਾਵਹਿ' ॥ ਅਸ ਮਸਲਤ ਕਰਿ ਸਭਾ ਮਝਾਰਾ ।ਇਕ ਨਰ ਸੋਂ ਤਬਿ ਹੁਕਮ ਉਚਾਰਾ ॥ ੪੦ ॥ 'ਤਿਸ ਉਮਰਾਵ ਸੰਗ ਕਹਿ ਜਾਇ ।ਜੋ ਗੁਰ ਹੈ ਹਿੰਦੁਨਿ ਸਮੁਦਾਇ। ਪ੍ਰੇਤ ਭਯਾਨਕ ਜਿਸ ਮਹਿਂ ਰਹੈ । ਨਹਿੰਨ ਪ੍ਰਵੇਸ਼ਹਿ[3], ਡਰ ਸਭਿ ਲਹੈਂ ॥ ੪੧ ॥ ਤਿਸ ਮਹਿਂ ਨਿਸ ਬਿਸਰਾਮ ਕਰਾਵਹੁ । ਏਕਲ ਕੋ ਅੰਤਰ ਪ੍ਰਵਿਸ਼ਾਵਹੁ। ਸੰਗੀ ਤਿਸ ਕੇ ਵਹਿਰ ਉਤਾਰਹੁ। ਚਹੁੰ ਦਿਸ਼ਿ ਮਹਿਂ ਨਰ ਗਨ ਥਿਰ ਧਾਰਹੁ ॥ ੪੨ ॥-ਜਾਗਤ ਰਹੋ-, ਕਰਹੁ ਤਕਰਾਈ। ਹੋਇ ਨ ਅਸ ਜੋ ਨਿਕਸਿ ਸਿਧਾਈ''।ਸੁਨਤਿ ਗਯੋ ਤਿਨ ਜਾਇ ਸੁਨਾਯੋ। 'ਹਜ਼ਰਤ ਏਵ ਹੁਕਮ ਫੁਰਮਾਯੋ' ॥ ੪੩ ॥ ਸੋ ਉਮਰਾਵ ਗੁਰੂ ਸੰਗ ਲੀਨੇ। ਗਯੋ ਸਦਨ ਤਿਸ ਬੂਝਨਿ ਕੀਨੇ। ਲੋਕ ਸੈਂਕਰੇ ਦੇਖਨਿ ਆਏ। ਤਰਜਿ ਤਰਜਿ ਕਰਿ ਸਰਬ ਹਟਾਏ ॥੪੪॥ ।ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਦਿੱਲੀ ਆਗਵਨ ਗੁਰੂ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥ ੩੮ ॥

੩੯. [ਸਾਹਿਬਜ਼ਾਦੇ ਜੀ ਨੇ ਘੜੇ ਰੁੰਡਣੇ। ਮਿੱਠਾ ਖੂਹ ਖਾਰਾ ਹੋਇਆ]।

ਦੋਹਰਾ ॥ ਦਿੱਲੀ ਮਹਿਂ ਪ੍ਰਵਿਸ਼ੇ ਗੁਰੂ ਗਏ ਹਵੇਲੀ ਮਾਂਹਿ। ਉਤਰੇ ਭਯੋ ਬ੍ਰਿਤੰਤ ਜਿਮ, ਕਹੌਂ ਕਥਾ ਪੁਨ ਤਾਂਹਿ[4] ॥ ੧ ॥ ਚੌਪਈ ॥ ਸਰਬ ਪ੍ਰਸੰਗ ਸੁਨਾਵੌਂ ਫੇਰ। ਜਿਮ ਤੁਰਕੇਸ਼ੁਰ ਅਰੁ ਗੁਰ ਕੇਰ। ਅਬਿ ਪਟਣੇ ਕੀ ਕਥਾ ਬਖਾਨੌਂ। ਅਵਸਰ[5] ਇਹਾਂ ਕਹਨਿ ਕੋ ਜਾਨੌਂ ॥੨॥ ਜਬਿ ਤੇ ਸਤਿਗੁਰ ਸਤ ਤਜਿ ਆਏ।ਤਿਨ ਪੀਛੇ ਜਿਮ ਖੇਲ ਮਚਾਏ।ਨਿਤ ਸ਼ਸਤ੍ਰਨਿ ਸੋਂ ਪ੍ਰੇਮ ਕਰੰਤੇ। ਜਿਸ ਕਿਸ ਤੇ ਮੰਗਵਾਇ ਰਖੰਤੇ ॥ ੩ ॥ ਏਕ ਮੰਚ ਪਰ ਰਾਖਿ ਟਿਕਾਏ।

---

[1] ਦੈਂਤ ਤੋਂ। [2] ਸ਼ਾਬਾਸ਼। [3] (ਕੋਈ ਵੀ) ਨਹੀਂ ਪ੍ਰਵੇਸ਼ ਕਰਦਾ ਜਿਥੇ। [4] ਓਥੋਂ ਦੀ ਕਥਾ ਫੇਰ ਕਹਾਂਗਾ। [5] ਸਮਾਂ।

ਤਿਨ ਢਿਗ ਨਿਤ ਪ੍ਰਤਿ ਧੂਪ ਧੁਖਾਏ। ਪੁਸ਼ਪ ਅਨੇਕ ਬਰਨ ਅਨਵਾਵੈਂ। ਕਬਹੂ ਗੂੰਦਿ ਮਾਲ ਅਰਪਾਵੈਂ ॥ ੪ ॥ ਕਬਹੂ ਅੰਜੁਲ ਭਰਹਿਂ[1] ਚਢਾਵੈਂ। ਬੰਦਨਠਾਨਹਿਂ ਸੀਸ ਨਿਵਾਵੈਂ।ਫਿਰਹਿਂ ਪ੍ਰਦਛਨਾ ਚਹੁੰਦਿਸ਼ਿ ਤੀਨ।ਚੰਦਨ ਚਰਚਹਿਂ ਪ੍ਰੇਮ ਸੁ ਪੀਨ ॥ ੫ ॥ ਢਿਗ ਸ਼ਾਹੁਨਿ ਕੇ ਸਿਸ ਜਬਿ ਆਵੈਂ।ਕਹਿ ਮਹਿਮਾ ਕੌ ਬਹੁਤ ਸੁਨਾਵੈਂ। 'ਇਹ ਆਛੇ ਛੋਟੇ ਹਮ ਲਾਇਕ। ਕਰਹਿਂ ਪ੍ਰਹਾਰਨ ਰਿਪੁ ਗਨ ਘਾਇਕ' ॥ ੬ ॥ ਕਰਹਿਂ ਬਿਲੋਕਨ ਮਾਤੁ ਰੁ ਦਾਦੀ। –ਕਸਾ ਲੀਲਾ ਧਾਰਹਿਂ ਅਹਿਲਾਦੀ। ਰਚਹਿਂ ਪਿਤਾਮਾ ਸਮ ਕ੍ਰਿਤ ਏਈ। ਬਡੇ ਹੋਇ ਕਰਿ ਠਾਨਹਿਂ ਸੇਈ[2]–॥ ੭ ॥ ਕਰ ਗੁਲੇਲ ਕੋ ਧਾਰਤਿ ਘਨੇ। ਤਾਕਹਿਂ ਦੂਰ ਨਿਸ਼ਾਨੋ ਹਨੇ। ਗੁਰ ਘਰ ਮਹਿਂ ਇਕ ਕੂਪ ਛੁਟੇਰਾ। ਜਿਸ ਕੋ ਬਾਰੀ ਮਧੁਰ ਬਡੇਰਾ ॥ ੮ ॥ ਨਿਕਟਿ ਨਿਕਟਿ ਜੇ ਸਦਨ ਬਸੰਤੇ। ਤਹਾਂ ਆਨਿ ਕਰਿ ਨੀਰ ਭਰੰਤੇ। ਘਟ ਭਰਿ ਕਰਿ ਲੇ ਜਾਹਿਂ ਸੁ ਨੀਤਾ। ਕਰਹਿਂ ਪਾਨ[3] ਕੌ ਹਰਖਤਿ ਚੀਤਾ ॥ ੯ ॥ ਕਈ ਬਾਰ ਦੂਰ ਦੂਰ ਕਰਿ ਮਾਰਹਿਂ।ਘਟ ਕੋ ਫੋਰਿ ਤੁਰਤ ਗੁਰ ਡਾਰਹਿਂ। ਇਤਿ ਉਤ ਦੇਖਤਿ ਦੁਖ ਕੋ ਪਾਇ।–ਕਿਨਹੁੰ ਅਚਾਨਕ ਕੁੰਭ ਨਸਾਇ[4] ?–॥ ੧੦ ॥ ਬਰਜਤਿ ਗੁਜਰੀ ਮਾਤ ਘਨੇਰਾ। ਇਤ ਉਤ ਧਾਇ ਜਾਇਂ ਬਹੁ ਬੇਰਾ। ਏਕ ਦਿਵਸ ਇਕ ਤੁਰਕਨਿ ਆਈ। ਬਾਰੋਂ[5] ਭਰਿਬੇ ਕਹੁ ਉਤਲਾਈ ॥੧੧॥ ਧਰਿ ਸਿਰ ਪਰ ਜਬ ਘਰ ਕੋ ਚਾਲੀ।ਤਬਿ ਗੁਰ ਹਾਥ ਗੁਲੇਲ ਸੰਭਾਲੀ।ਤਾਕਿ ਹਤਯੋ ਕਰ ਹਾਲਤਿ ਭਯੋ। ਘਟ ਬਚ ਗਯੋ, ਭਾਲ ਮਹਿਂ ਹਯੋ ॥ ੧੨॥ ਛੁਟਯੋ ਰਕਤ ਦੁਖ ਪਾਇ ਘਨੇਰਾ। ਊਚੇ ਬੋਲ ਕਹੈ ਤਿਸ ਵੇਰਾ। 'ਹਾਇ ਹਾਇ' ਕਰਤੀ ਚਲਿ ਆਈ। ਜਹਿਂ ਥਿਰ ਗੁਜਰੀ ਅਰੁ ਬਡ ਮਾਈ ॥ ੧੩ ॥ 'ਊਚ ਅਟਾਰੀ ਤੇ ਮੁਹਿ ਮਾਰਯੋ। ਲਗਯੋ ਭਾਲ ਮੈਂ ਸ਼ੋਣ ਨਿਕਾਰਯੋ। ਜਾਉਂ ਪੁਕਾਰੂ ਮੈਂ ਦੁਖ ਪਾਯੋ। ਤੁਵ ਸੁਤ ਅਤਿ ਉਤਪਾਤ ਉਠਾਯੋ॥੧੪॥ਲੋਕਨਿ ਕੇ ਘਟ ਭੁਗਨਿ ਕਰੰਤੇ। ਧਰਤਿ ਛਿਮਾ, ਲਖਿ ਨਿਕਟਿ ਬਸੰਤੇ। ਕਹਹੁ ਕਹਾਂ ਲਗਿ ਕਰਹਿਂ ਸਮਾਈ। ਨਹਿਂ ਤੂੰ ਬਰਜਤਿ ਦੇਖਤਿ ਮਾਈ! ॥੧੫॥ ਤੁਰਕੇਸ਼ੁਰ ਕੇ ਆਇਂ ਸਿਪਾਹੀ। ਬਾਧ ਘਾਟ ਬੋਲਹਿਂ ਤੁਮ ਪਾਹੀ'। ਸੁਨਿ ਮਾਤਾ ਉਰ ਕ੍ਰੋਧ ਬਿਸਾਲਾ। ਲੇ ਕਰਿ ਛਰੀ ਉਠੀ ਤਤਕਾਲਾ ॥੧੬॥

---

[1]ਬੁੱਕ ਭਰ ਕੇ। [2]ਉਹੀ ਕ੍ਰਿਤ। [3]ਪੀਂਦੇ ਹਨ। [4]ਕਿਸਨੇ ਅਚਾਨਕ ਘੜਾ ਤੋੜ ਦਿੱਤਾ ਹੈ? [5]ਜਲ।

ਊਚੇ ਬੋਲਤਿ ਤਾੜਨ ਹੇਤੁ । ਤੂਰਨ ਊਪਰ ਗਈ ਨਿਕੇਤ। ਜਾਨੀ ਸ਼੍ਰੀ ਗੋਬਿੰਦ ਸਿੰਘ–ਮਾਤਾ। ਤਾੜਨ ਕਾਰਨ ਮਨ ਰਿਸ ਰਾਤਾ–॥ ੧੭॥ ਦੌਰਿ ਪ੍ਰਵੇਸ਼ੇ ਬੀਚ ਅਟਾਰੀ। ਤੁਰਤ ਭੇਰਿ ਦ੍ਰਿਢ ਕੀਨਿ ਕਿਵਾਰੀ। ਸ਼੍ਰਿੰਖਲ ਕੋ ਲਗਾਇ ਤਤਕਾਲਾ। ਬੈਠਿ ਰਹੇ ਨਿਸ਼ਚਿੰਤ ਕ੍ਰਿਪਾਲਾ ॥੧੮॥ ਸ਼੍ਰੀ ਗੁਜਰੀ ਦਰ ਦੇਖਿ ਕਿਵਾਰਾ। ਦੇਤਿ ਧਕੇਲਾ ਨਹਿੰਨ ਉਘਾਰਾ[1] । ਖਰੀ ਹੋਇ ਕਹਿ ਕ੍ਰੂਰ ਬਡੇਰੇ। 'ਨਿਤ ਹੇਰਤਿ ਮੈਂ ਅਵਗੁਨ ਤੇਰੇ ॥ ੧੯ ॥ਤੁਰਕ ਰਾਜ ਮਹਿਂ ਕਰਿ ਉਤਪਾਤਾ। ਤ੍ਰਿਯ ਕੇ ਕੀਨਿ ਗੁਲੇਲੋ ਘਾਤਾ[2]।ਸ਼ੋਣਤ ਬਹਯੋ ਜਾਤਿ ਬਿਲਲਾਵੈ। ਅਬਹਿ ਪੁਕਾਰੂ ਸੋ ਚਲਿ ਜਾਵੈ ॥ ੨੦ ॥ ਕਯਾ ਹਮ ਕਹਹਿਂ ਜਤਨ ਕਯਾ ਕਰੈਂ। ਰਾਜ ਤੁਰਕ ਤੇ ਦੀਰਘ ਡਰੈਂ'। ਸੁਨਿ ਬੋਲੇ ਅੰਤਰ ਤਿਸ ਕਾਲਾ। 'ਮੈਂ ਨ ਜਾਨਿ ਮਾਰਯੋ ਬਿਚ ਭਾਲਾ॥ ੨੧ ॥ ਤਾਕਿ ਨਿਸ਼ਾਨੋ ਦੀਨਿ ਚਲਾਈ। ਸੋ ਚਲਿ ਤਬਹਿ ਅੱਗ੍ਰ ਕਯੋਂ ਆਈ । ਕਹਾਂ ਦੋਸ਼ ਮੇਰੋ ਇਸ ਮਾਂਹੀ।ਕਯਾ ਹਮ ਤੁਰਕਨਿ ਤੇ ਡਰਪਾਂਹੀ' ॥੨੨॥ ਸੁਨਿ ਗੁਜਰੀ ਕਹਿ 'ਮੈਂ ਮਨ ਜਾਨੀ। ਨਹਿਂ ਤੂ ਬਸਿਬੇ ਦੇ ਇਸ ਥਾਨੀ। ਥਿਰ ਨ ਰਹਹੁ ਇਕ ਛਿਨ ਭੀ ਬੈਠਿ।ਸ਼ਾਹੁਨਿ ਬਾਲਿਕ ਬ੍ਰਿੰਦ ਇਕੈਠਿ॥੨੩॥ਕਰਤਿ ਰਹਹੁ ਉਤਪਾਤ ਬਡੇਰੇ। ਬਰਜਯੋ ਰਹੈਂ ਨਹੀਂ ਇਕ ਬੇਰੇ'। ਇਮ ਬੋਲਤਿ ਉਤਰੀ ਤਰ ਆਈ। ਕ੍ਰੋਧ ਭਰੀ ਇਮ ਗਿਰਾ ਅਲਾਈ॥੨੪॥'ਸ਼੍ਰੀ ਨਾਨਕ ਪਰਮੇਸ਼ੁਰ ਰੂਪ। ਤੌ ਖਾਰਾ ਅਬਿ ਹੋਵਹਿ ਕੂਪ। ਨਹਿਂ ਕੋ ਆਵਹਿ ਭੁਰਿਬੇ ਪਾਨੀ। ਇਹ ਬਿਨਤੀ ਮਮ ਲੀਜਹਿ ਮਾਨੀ'॥ ੨੫ ॥ ਇਮ ਕਹਿ ਤੁਰਕਨਿ ਨਿਕਟਿ ਹਕਾਰੀ। ਦੀਨਿ ਦਿਲਾਸਾ ਮ੍ਰਿਦੁਲ ਉਚਾਰੀ। ਪੰਚ ਰਜਤਪਨ ਦਏ ਸੁ ਤਾਂਹੀ। ਪਹਿਰਨਿ ਕੋ ਪਟ ਦੇ ਕਰਿ ਪ੍ਰਾਹੀ* ॥ ੨੬ ॥ 'ਸਾਹਿਬਜ਼ਾਦਾ ਅਹੈ ਅਯਾਨੋ। ਹਤਤਿ ਹੁਤੋ ਕਿਹ ਤਾਕ ਨਿਸ਼ਾਨੋ। ਔਚਕ ਤੂੰ ਚਲਿ ਆਇ ਅਗਾਰੀ। ਲਗਯੋ ਗੁਲੇਲਾ ਭਾਲ ਮਝਾਰੀ ॥ ੨੭ ॥ ਅਬਿ ਤੂੰ ਛਿਮਾ ਕਰਹੁ ਨਹਿਂ ਜਾਹੋ[3]। ਘ੍ਰਿਤ ਮਿਸਟਾਨ ਖਾਹੁ ਘਰ ਮਾਂਹੋ।ਅਪਰ ਖ਼ਬਰ ਤੇਰੀ ਹਮ ਲਹੈਂ। ਜਬਿ ਲੌ ਘਾਵ ਭਾਲ ਮੈਂ ਰਹੈ' ॥੨੮॥ ਦੇਖਿ ਲੋਭ ਕੋ ਤੂਸ਼ਨਿ ਠਾਨੀ। ਗਮਨੀ ਅਪਨੇ ਘਰ ਤੁਰਕਾਨੀ। ਤਬਿ ਤੇ ਭਯੋ ਕੂਪ ਸੋ ਖਾਰਾ। ਪੁਰਿ ਪਟਨਾ ਜਾਨਤਿ ਹੈ ਸਾਰਾ ॥ ੨੯ ॥ ਚਾਰ ਘਟੀ ਲਗਿ

---

[1]ਖੋਲ੍ਹਿਆ ਨਹੀਂ । [2]ਗੁਲੇਲਾ ਮਾਰਿਆ ਹੈ। [3](ਪੁਕਾਰੂ) ਨਾ ਜਾਓ। *ਪਾ:–ਦੇ ਕਬਿ ਪਾਹੀ।

ਅੰਤਰਿ ਥਿਰੇ । ਦ੍ਵਾਰ ਕਿਵਾਰ ਉਘਾਰਨਿ ਕਰੇਂ[1] । ਤਹਿਂ ਹੀ ਬੈਠਿ ਰਹੇ ਸੁਖ ਸਾਗਰ । ਤੂਸ਼ਨਿ ਠਾਨਿ ਇਕਾਕੀ ਨਾਗਰ[2]॥੩੦॥ ਸਾਸ ਨਿਕਟਿ ਗੁਜਰੀ ਪਛੁਤਾਵਤਿ । ਸਕਲ ਬਾਰਤਾ ਆਦਿ ਬਤਾਵਤਿ । 'ਮੋ ਪ੍ਰਤਿ ਸੁਤ ਕੀ [3]ਕਹਤਿ ਬਡਾਈ।–ਇਨਪ੍ਰਤਿਕੂਲ ਨ ਕਰਿ ਬਿਧਿ ਕਾਈ[3] –॥੩੧॥ ਆਜ ਕ੍ਰੋਧ ਤੇ ਕਹਿ ਦੁਰਬਾਨੀ । ਪਿਖੀ ਚੋਟ ਲਾਗੀ ਤੁਰਕਾਨੀ । ਕਰੌਂ ਕਹਾਂ ਮੈਂ ਲਖਿ ਉਤਪਾਤਾ । ਘਟ ਪਰ ਕਰਤਿ ਗੁਲੇਲਨਿ ਘਾਤਾ' ॥ ੩੨ ॥ ਸੁਨਤਿ ਨਾਨਕੀ ਤਿਹ ਸਮੁਝਾਵੈ । 'ਜੋਧਾ ਬਨਹਿ ਬੈਸ ਤਰੁਨਾਵੈ । ਨਹਿਂ ਬੋਲਹੁ ਦੁਰ ਬੈਨ ਕਦਾਈ । ਬਾਲ ਆਰਬਲ ਮਹਿ ਚਪਲਾਈ[4] ॥ ੩੩॥ ਮੈਂ ਅਬਿ ਜੈਹੌਂ ਆਨੌਂ ਪਾਸ। ਦੇਹੂੰ ਦਿਲਾਸਾ ਮ੍ਰਿਦੁਲ ਪ੍ਰਕਾਸ਼ਿ' । ਇਮ ਕਹਿ ਬ੍ਰਿਧਾ ਮਹਾਂ, ਉਠਿ ਕਰਿਕੈ । ਸਨੇ ਸਨੇ ਮੰਦਿਰ ਪਰ ਚਰਿਕੈ ॥੩੪॥ ਪੌਤ੍ਰਾ ਦੇਖਿ ਪ੍ਰੇਮ ਬਹੁ ਧਾਰਾ । ਗਹੀ ਬਾਹੁ ਨਿਜ ਅੰਕ ਬਿਠਾਰਾ[5]।ਮੁਖ ਪਰ ਕਰ ਫੇਰਤਿ ਦ੍ਰਿਗ ਹੇਰਤਿ । 'ਚਲਹੁ ਤਰੇ ਕੋ' ਕਹਿ ਕਹਿ ਪ੍ਰੇਰਤਿ ॥ ੩੫ ॥ ਚਹਤਿ ਉਠਾਯੋ ਅੰਕ ਮਝਾਰੀ । ਨਹਿਨ ਉਠਾਯੋ ਜਾਇ, ਸੁ ਭਾਰੀ । ਇਕ ਤੌ ਬ੍ਰਿਧ ਸਰੀਰ ਬਹੁ ਭਯੋ। ਦੁਤੀਏ ਭਾਰ ਗੁਰੂ ਬਹੁ ਕਯੋ ॥ ੩੬॥ ਮ੍ਰਿਦੁਲ ਭਨਤਿ ਗਹਿ ਭੁਜਾ ਖਰੇ ਕਰਿ । ਸਨੇ ਸਨੇ ਲੇ ਆਵਤਿ ਭੀ ਤਰ[6]।ਮਧੁਰ ਬਾਕ ਪੁਨ ਗੁਜਰੀ ਕਹੈ । 'ਤੁਰਕ ਰਾਜ ਤੈਂ ਕਯੋਂ ਨਹਿਂ ਲਹੈਂ ?'॥੩੭॥ ਅਪਨੇ ਅੰਕ ਬਿਖੈ ਬੈਠਾਇ । ਕਰੇ ਪ੍ਰਸੰਨ ਭਲੇ ਪਰਚਾਇ। ਇਤਨੇ ਮਹਿਂ ਭਾ ਤਯਾਰ ਅਹਾਰ । ਸੂਪਕਾਰ ਆਨਯੋ ਧਰਿ ਥਾਰ ॥੩੮॥ ਕਹਤਿ ਬਚਨ ਗੁਰ ਦਿਸ਼ਿ ਕੋ ਭਏ। 'ਕੇਤਿਕ ਕਾਲ ਬਿਤਯੋ ਚਲਿ ਗਏ। ਨਹਿਂ ਸੁਧਿ ਕੀਨਿ ਪਠਾ-ਵਨਿ ਕੋਈ । ਆਨੰਦਪੁਰਿ ਪਹੁੰਚੇ ਨਹਿਂ ਸੋਈ॥੩੯॥ਕਿਸੀ ਥਾਨ ਸੰਗਤਿ ਅਟਕਾਏ। ਭਾਉ ਬਿਲੋਕਿ ਥਿਰੇ ਲਖਿ ਪਾਏ'। ਇੱਤਯਾਦਿਕ ਕਹਿ ਕਰਿ ਹਰਖਾਏ।ਭੋਜਨ ਕੋ ਕਰਾਇ ਤ੍ਰਿਪਤਾਏ ॥੪੦॥ ਸੁਨਿ ਕੈ ਕਹਤਿ 'ਨ ਹਮ ਇਤ ਰਹੈਂ । ਅਪਨੇ ਦੇਸ਼ ਪਯਾਨੋ ਚਹੈਂ । ਪਿਤਾ ਸਮੀਪ ਥਿਰੈਂਗੇ ਜਾਇ। ਪਿਖਿ ਪੰਜਾਬਅਨੰਦਪੁਰਿ ਥਾਇਂ'॥੪੧॥ਸੁਨਿਕੈਮਾਤਾਗੁਜਰੀ ਬੈਨ।ਚਹਤਿ ਰਿਦੈ ਕਿਮ ਗਮਨੈ ਹੈਂ ਨ[7] । 'ਹੇ ਸੁਤ ! ਦੇਸ਼ ਭਲੋ ਇਹ ਮਾਨਹੁ। ਅਨਿਕ

---

[1]ਬੂਹੇ ਖੋਲ੍ਹਣੇ ਕੀਤੇ । [2]ਚਤੁਰ (ਸਾਹਿਬਜ਼ਾਦੇ ਜੀ) । [3]ਕਹਿੰਦੇ ਸੀ ਬਡਾਈ (ਮੇਰੇ ਪਤੀ ਜੀ) ਕਿ ਕਦੇ ਇਨ੍ਹਾਂ ਦੇ ਵਿਰੁੱਧ ਕਿਸੇ ਤਰ੍ਹਾਂ ਕੁਛ ਨਾ ਕਰਨਾ । [4]ਬਾਲ ਅਵਸਥਾ ਵਿਚ ਚੰਚਲਤਾ (ਹੁੰਦੀ ਹੀ) ਹੈ । [5]ਗੋਦੀ ਵਿਚ ਬਿਠਾਇਆ । [6]ਹੇਠ ਲੈ ਆਈ । [7]ਕਿਵੇਂ ਨਾ ਜਾਵਣ ।

ਰੀਤਿ ਕੇ ਸੁਖ ਪਹਿਚਾਨਹੁੰ ॥ ੪੨ ॥ ਜਬਹਿ ਪਿਤਾ ਤੁਮਰੇ ਪੁਰਿ ਜੈ ਹੈਂ। ਦੇਸ਼ ਨਰਨਿ ਕੋ ਉਰ ਪਰਖੈ ਹੈਂ[1]। ਲਖਹਿੰ ਬੁਲਾਵਨਿ ਕੋ ਜਬਿ ਸਮੈਂ। ਭੇਜਹਿਂ ਲਿਖੀ ਪੱਤ੍ਰਿਕਾ ਹਮੈਂ ॥ ੪੩ ॥ ਇਹਾਂ ਮਸੰਦ ਸਿੱਖ ਸਭਿ ਦਾਸ। ਚਹਿਤਿ ਵਸਤੁ ਕੋ ਭੇਜਹਿਂ ਪਾਸ। ਸਭਿ ਸੁਖ ਸੋਂ ਬਸਿ ਸਮੈਂ ਬਿਤਾਵੈਂ। ਤੁਵ ਪਿਤ ਮਰਜ਼ੀ ਬਿਨ ਕਿਮ ਜਾਵੈਂ" ॥ ੪੪ ॥ ਸੁਨਤਿ ਬਖਾਨਹਿ 'ਪਿਤਾ ਗਏ ਜਬਿ। ਹਮ ਕੋ ਆਗਯਾ ਕਰਤਿ ਭਏ ਤਬਿ। ਤਿਨਕੀ ਮਰਜ਼ੀ ਪਾਇ ਚਲੈਂਤੇ। ਇਹਾਂ ਨ ਠਹਿਰਹਿਂ ਇਹੀ ਮਤੈਤੇ' ॥ ੪੫ ॥ ਇਸਿ ਬਿਧਿ ਕਹੈਂ ਨਿਤਪ੍ਰਤਿ ਬਾਤੀ। ਚਾਹਤਿ ਚਿਤ ਮਹਿਂ ਪੰਥ ਪ੍ਰਯਾਤੀ[2]। ਸਿਖ ਮਸੰਦ ਗਨ ਆਇਂ ਹਮੇਸ਼। ਠਹਿਰਾਵਨਿ ਹਿਤ ਕਹੈਂ ਵਿਸ਼ੇਸ਼॥੪੬॥ ਤਊ ਆਪਨੋ ਹਠ ਕਰਿ ਗਾਢੇ। ਚਲਨਿ ਪੰਜਾਬ ਚਾਉ ਚਿਤ ਬਾਢੇ। ਮਾਤਾ ਗੁਜਰੀ ਕੇ ਸੰਗ ਕਹੈਂ। 'ਹਮ ਤੌ ਇਸ ਪੁਰਿ ਨਾਂਹਿਨ ਰਹੈਂ" ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਤੁਰਕਨੀ' ਪ੍ਰਸੰਗ ਬਰਨਨੰ ਨਾਮ ਊਨ-ਚੱਤ੍ਵਾਰਿੰਸਤੀ ਅੰਸੂ॥੩੯॥

੪੦. [ਪੰਜਾਬ ਜਾਣ ਦੀ ਸਿੱਕ। ਮੁਹਾਫ਼ਾ]।

ਦੋਹਰਾ॥ [3]ਜੋ ਮਸੰਦ ਸਿਖ ਬਯ ਬਡੇ ਪ੍ਰਥਮ ਗੁਰਨ ਕੀ ਰੀਤਿ। ਸੋ ਚਾਹਤਿ ਮਨ ਭਾਵਤੀ ਕਰਹਿਂ ਮੇਲ ਧਰਿ ਪ੍ਰੀਤ[3] ॥ ੧ ॥ ਚੌਪਈ ॥ ਨਿਤ ਪ੍ਰਤਿ ਗੁਰ ਕੇ ਦਰਸ਼ਨ ਆਵੈਂ। ਧਰਹਿਂ ਕਾਮਨਾ ਬਾਂਛਤਿ ਪਾਵੈਂ। 'ਇਹ ਸਤਿਗੁਰ ਨਵਤਨ ਮਗ ਚਾਹੇ[4]। ਜਗਤਿ ਰੀਤਿ ਮਹਿਂ ਨਹਿਂਨ ਉਮਾਹੇ'॥੨॥ਸੰਗਤਿ ਪਟਨੇ ਬਸਹਿ ਮਹਾਨੀ। ਸਭਿਹਿਨਿ ਕੇ ਮਨ ਕੀ ਗੁਰ ਜਾਨੀ।–ਇਹ ਪੂਰਬ ਨਰ[5] ਸਹਿਜ ਸੁਭਾਊ। ਖਿਨਕ ਭਾਉ ਧਰਿ ਖਿਨਕ ਅਭਾਊ[6] ॥੩॥ ਦ੍ਰਿੜ੍ਹ ਨਿਹਚਾ ਨਹਿਂ ਧਾਰਨ ਕਰੈਂ। ਹੋਹਿ ਕਾਮਨਾ ਸ਼ਰਧਾ ਧਰੈਂ[7]। ਮੱਦ੍ਰ ਦੇਸ਼ ਕੋ ਚਿਤਵਤਿ ਰਹੈਂ[8]। ਅਪਨੋ ਥਾਨ ਰਿਦੈ ਮਹਿਂ ਲਹੈਂ ॥ ੪ ॥ ਬਡੇ ਹਮਾਰੇ ਬਾਸਤਿ ਨੀਤ। ਸਭਿ ਨਰ ਜਾਨਤਿ ਗੁਰ ਕੀ ਰੀਤਿ। ਤਨ ਮਨ ਧਨੁ ਅਰਪਨਿ ਸਭਿ ਕਰੈਂ। ਇਕ ਸਮ ਸਦਾ ਪ੍ਰੇਮ ਕੋ ਧਰੈਂ ॥ ੫ ॥ ਜੁੱਧ

---

[1]ਪਰਖ ਲੈਣਗੇ। [2]ਚੱਲਣਾ। [3]ਜੋ ਸਿਖ ਮਸੰਦ ਵਡੀ ਉਮਰਾ ਦੇ ਹਨ ਤੇ ਪਹਿਲੇ ਗੁਰਾਂ ਦੀ ਰੀਤੀ (ਦੇ ਜਾਣੂ ਹਨ), ਓਹ (ਹੁਣ) ਚਾਹੁੰਦੇ ਹਨ ਕਿ (ਅਸੀਂ) ਮਨ ਭਾਂਵਦੀਆਂ ਕਰੀਏ (ਪਰ ਗੁਰੂ ਜੀ ਫੇਰ ਵੀ ਸਾਨੂੰ) ਪ੍ਰੀਤੀ ਨਾਲ ਹੀ ਮਿਲਨ। [4]ਨਵਾਂ ਰਾਹ (ਟੋਰਨਾ) ਚਾਹੁੰਦੇ ਹਨ। [5]ਪੂਰਬ ਦੇ ਲੋਗ। [6]ਖਿਨ ਵਿਚ ਪ੍ਰੇਮ ਧਰਦੇ ਹਨ ਖਿਨ ਵਿਚ ਅਪ੍ਰੇਮ। [7](ਜੇ ਕੋਈ) ਕਾਮਨਾ ਹੋਵੇ ਤਾਂ ਸ਼ਰਧਾ ਧਾਰਦੇ ਹਨ। [8](ਅਸੀਂ ਤਾਂ) ਪੰਜਾਬ ਨੂੰ ਚਿਤਵਦੇ ਰਹਿੰਦੇ ਹਾਂ।

ਪਿਤਾਮੇ ਹਮਰੇ ਕੀਨਸਿ।ਰਹੇ ਸੰਗ ਲਰਿ ਪ੍ਰਾਨ ਸੁ ਦੀਨਸਿ–। ਇਕ ਦਿਨ ਪਿਤ ਮਾਤਾ ਕੇ ਸਾਥ[1] । ਕਰਜੋ ਬਾਕ ਸ਼੍ਰੀ ਸਤਿਗੁਰ ਨਾਥ ॥ ੬ ॥ 'ਮੁਝ ਕੋ ਮੱਦ੍ਰ ਦੇਸ਼ ਹੀ ਭਾਵੈ । ਤਹਾਂ ਚਲਨਿ ਕੋ ਚਿਤ ਲਲਚਾਵੈ। ਪ੍ਰਥਮ ਦੇਸ਼ ਹੈ ਵਹੀ[2] ਹਮਾਰੋ। ਥਾਨ ਬਡਿਨਿ ਕੇ ਤਹਿਂ ਨਿਰਧਾਰੋ॥ ੭॥ ਅਨਿਕ ਬਿਲਾਸ ਕਰਤਿ ਤਹਿਂ ਰਹੇ। ਹਮ ਸਿੱਖਜਨਿ ਤੇ ਸੁਨ ਕਰਿ ਚਹੇ[3] । ਤਹਾਂ ਹਮਾਰੀ ਵਿਰਸੇ ਦਾਰੀ[4]। ਤਹਿਂ ਕੇ ਨਰ ਸਿੱਖੀ ਅਧਿਕਾਰੀ ॥ ੮ ॥ ਨਹਿਂ ਇਤ ਦੇਸ਼ ਲਗਹਿ ਚਿਤ ਮੇਰੋ। ਗਮਨ ਕਰਨਿ ਹੀ ਅਹੈ ਅਛੇਰੋ' । ਸੁਨਿ ਸਤਿਗੁਰ ਦਾਦੀ ਇਮ ਬੈਨ। ਭਰੇ ਨੀਰ ਸੋਂ ਦੀਰਘ ਨੈਨ ॥ ੯ ॥ ਬਹੁ ਬਿਰਧਾ ਸੋ ਸਮੇਂ[5] ਬਿਚਾਰੇ।ਜਿਸ ਮਹਿਂ ਭੇ ਸੰਗ੍ਰਾਮ ਅਖਾਰੇ।ਸਿਮਰਿ ਸਿਮਰਿ ਪਾਛਲ ਗਤਿ ਸੋਈ। ਕੰਪਤਿ ਗਾਤ[6] ਧੀਰ ਉਰ ਖੋਈ ॥ ੧੦॥ ਪੌਤ੍ਰ ਸਾਥ ਬਿਰਤੰਤ ਬਖਾਨਾ। 'ਭਯੋ ਖੇਦ ਤਿਸ ਦੇਸ਼ ਮਹਾਨਾ[7] । ਜਬਿ ਸੋ ਸਮੈ ਮੋਹਿ ਚਿਤ ਆਵੈ। ਤਬਿ ਮਮ ਮਨ ਕੋ ਸੁਖ ਨਹਿਂ ਭਾਵੈ॥੧੧॥ ਜਬਿ ਤੇ ਹੋਇਸਿ ਜਨਮ ਤੁਮਾਰਾ। ਸਭਿ ਸੁਖ ਸੋਂ ਸੁਭ ਸਮੈਂ ਗੁਜ਼ਾਰਾ। ਸਭਿ ਪੂਰਬ ਕੀ ਸੰਗਤਿ ਸੇਵਤਿ।ਮਨ ਬਾਂਛਤਿ ਤਿਨ ਕੋ ਤੁਮ ਦੇਵਤਿ ॥ ੧੨॥ ਸਭਿ ਮਸੰਦ ਅਪਨੇ ਅਨੁਸਾਰੀ। ਸੇਵਤਿ ਭੇਜਤਿ ਕਾਰ ਤੁਮਾਰੀ। ਨਹੀਂ ਗਮਨ ਕੀ ਬੁੱਧੀ[8] ਕਰੀਅਹਿ। ਸੁਖ ਸਮੇਤ ਪੁਰਿ ਬਾਸ ਬਿਚਰੀਅਹਿ' ॥ ੧੩ ॥ ਪਿਤਾ ਮਾਤ ਤੇ[9] ਸੁਨਿ ਪੁਨ ਕਹਜੋ। 'ਸਭਿ ਸੁਖ ਬਾਸ ਇਹਾਂ[10] ਤੁਮ ਲਹਜੋ। ਸੰਗਤਿ ਕੋ ਬਿਗਾਰ[11] ਇਸ ਥਾਨ । ਨਹਿਂ ਸੁਧਰਹਿ, ਹਮ ਲੀਨਸਿ ਜਾਨ॥ ੧੪॥ਵਿਰਲੇ ਲਖੀਯਤਿ ਹੈਂ ਸਿਖ ਪ੍ਰੇਮੀ।[12]ਨਾਂਹਿਤ ਸਕਲ ਸੰਗਤਾਂ ਨੇਮੀ। ਫਸੇ ਜਗਤ ਕੀ ਰੀਤਿ ਮਝਾਰੀ[12]। ਨਾਮਧਰੀਕੀ ਕੇ ਅਧਿਕਾਰੀ[13] ॥੧੫॥ ਪ੍ਰੇਮੀ ਨੇਮੀ ਸਭਿ ਮਮ ਸ਼ਰਨਾ। ਹਮ ਨੇ ਇਨ ਉਧਾਰ ਜਗ ਕਰਨਾ। ਬਿਧਿ ਨਿਖੇਧ ਮੈਂ ਇਹ ਸਿਖ ਰਹੈਂ[14]। ਮੁਝ ਕੋ ਇਹ ਬਾਲਿਕ ਹੀ ਲਹੈਂ ॥ ੧੬॥

---

[1](ਪਿਤਾ ਜੀ ਦੀ ਮਾਤਾ) ਦਾਦੀ ਜੀ ਦੇ ਨਾਲ। [2]ਉਹੋ ਹੀ। [3](ਪੰਜਾਬ ਨੂੰ ਹੀ) ਚਾਹੁੰਦੇ ਹਾਂ। [4]ਮਾਲਕੀ। [5]ਭਾਵ ਪਿਛਲੇ ਦੁਖਦਾਈ ਸਮੇਂ ਨੂੰ। [6]ਸਰੀਰ ਕੰਬਦਾ ਹੈ। [7]ਬੜਾ ਦੁਖ ਹੋਯਾ ਸੀ। [8]ਜਾਣ ਦੀ ਸਲਾਹ। [9]ਦਾਦੀ ਜੀ ਤੋਂ। [10]ਇੱਥੇ ਵੱਸਕੇ। [11]ਵਿਗੜੀ ਹੋਈ ਹੈ। [12]ਨਹੀਂ ਤਾਂ ਸਭ ਸੰਗਤਾਂ (ਨਿਰੀਆਂ) ਨੇਮੀ ਹੀ ਹੈਨ (ਉਵ ਏਹ) ਜਗਤ ਰੀਤੀ ਵਿਚ ਫਸੇ ਪਏ ਹਨ। [13]ਨਾਮ ਮਾਤ੍ਰ (ਸਿੱਖੀ ਦੇ) ਅਧਿਕਾਰੀ ਹਨ। [14]ਸ਼ਾਸਤ੍ਰ ਵਿਚ ਦਸੇ ਕਰਨੇ ਯੋਗ ਤੇ ਨਾ ਕਰਨੇ ਯੋਗ ਕਰਮਾਂ (ਦੇ ਭੈ ਭਰਮ) ਵਿਚ ਏਹ ਸਿਖ ਰਹਿੰਦੇ ਹਨ। ਭਾਵ ਕਰਮ ਕਾਂਡ ਤੋਂ ਉੱਚੇ ਉੱਠ ਕੇ ਭਗਤੀ ਵਿਚ ਨਹੀਂ ਆਉਂਦੇ।

ਜਨਮ ਭੂਮਕਾ ਹੈ ਇਹ ਮੇਰੀ। ਯਾਂਤੇ ਸ਼ਰਧਾ ਹੈ ਨ ਘਨੇਰੀ॥ਇਨ ਕੇ ਮਨ ਕੀ ਮੈਂ ਸਭਿ ਜਾਨੀ॥ਨਹਿਂ ਮਹਿਮਾ ਮਿਤ ਮੋਰ ਪਛਾਨੀ[1] ॥੧੭॥ ਮੱਦ੍ਰ ਦੇਸ਼ ਗਮਨਹਿਂ ਹਮ ਜਬੈ। ਬਹੁ ਗੁਨ ਹੋਹਿਂ ਸਭਿਨਿ ਕੋ ਤਬੈ। ਇਹ ਸੰਗਤਿ ਨਿਤ ਦਰਸ਼ਨ ਚਾਹੈ। ਬਧਹਿ ਪ੍ਰੇਮ ਕਬਿ ਮਿਲਹਿ ਉਮਾਹੈ ॥ ੧੮ ॥ ਇਸ ਬਿਧਿ ਤੇ ਇਨ ਕੋ ਹੁਇ ਆਛਾ।ਦੂਰ ਰਹੈ ਤੇ ਦਰਸ਼ਨ ਬਾਂਛਾ। ਅਪਰ ਸੁਨਹੁ ਤਿਸ ਦੇਸ਼ ਮਝਾਰਾ। ਕਰਨੇ ਬਹੁਤ ਕਾਰ ਬਿਵਹਾਰਾ' ॥ ੧੯ ॥ ਸੁਨਿ ਆਸ਼ੈ ਨਿਜ ਪੌਤ੍ਰਹਿ ਉਰ ਕੋ। ਗਿਰਾ ਬਖਾਨੀ ਪੁਨ ਸ਼੍ਰੀ ਗੁਰ ਕੋ। 'ਇਹਾਂ ਮਸੰਦ ਸੰਗਤਾਂ ਸਾਰੀ। ਤੁਮ ਕੋ ਲਖਹਿਂ ਗੁਰੂ ਅਵਤਾਰੀ ॥ ੨੦ ॥ ਜਿਮ ਨਵ ਗੁਰ ਕੌ ਜਾਨਤਿ ਅਹੈਂ। ਤਿਮ ਨਿਸ਼੍ਚੈ ਤੁਮਰੇ ਮਹਿਂ ਲਹੈਂ। ਕਿਮ ਇਨ ਬਿਖੈ ਅਰੋਪਹੁ ਦੋਸ਼ੇ ? ਸਿਖ ਸੰਗਤਿ ਸਭਿ ਤੋਹਿ ਭਰੋਸੇ ॥ ੨੧ ॥ ਕਰਹਿਂ ਭਾਉ ਸਭਿ ਵਸਤੂ ਆਨੈਂ। ਕਾਰਨ ਕਰਨ ਆਪ ਕੋ ਜਾਨੈਂ। ਨਾਂਹਿ ਤ ਇਨਹੁਂ ਪ੍ਰਤੱਗਨਾ ਲੀਜਹਿ[2]। ਸਭਿ ਪਰ ਅਪਨੋ ਹੁਕਮ ਭਨੀਜਹਿ ॥ ੨੨॥ ਹੁਇ ਅਨੁਸਾਰਿ ਕਰਹਿਂ ਸੋ ਕਾਰ। ਤੌ ਜਾਨਹੁ ਇਨ ਸੁਧ ਬਿਵਹਾਰ। ਫੇਰੈਂ ਹੁਕਮ,ਤਫਾਵਤ ਕਰੈਂ[3]।ਕਿਧੌਂ ਕਪਟ ਕੌ ਉਰ ਮਹਿ ਧਰੈਂ॥੨੩॥ਮੁਖ ਪਰ ਕਿਮ, ਪਾਛੈ ਕਿਮ ਹੋਇ। ਇਸ ਪ੍ਰਕਾਰ ਕੋ ਦੇਖਹੁ ਕੋਇ। ਤੌ ਪੂਰਬ ਕੀ ਸੰਗਤ ਦੋਸ਼। ਕਹੀਐ ਆਪ ਧਾਰਿ ਕੁਛ ਰੋਸ[4]'॥੨੪॥ਸੁਨਿ ਸ਼੍ਰੀ ਸਤਿ-ਗੁਰ ਜੀ ਮੁਸਕਾਨੇ। ਰਹਤਿ ਦਿਖਾਯਹੁ ਜਿਮ ਛਲ ਠਾਨੇ[5]। ਨਿਕਟਿ ਲਿਖਾਰੀ ਤਬਹਿ ਹਕਾਰਾ। ਸੁਨਤਿ ਸਭਿਨਿ ਕੇ ਗੁਰੂ ਉਚਾਰਾ ॥ ੨੫ ॥ 'ਲਿਖਹੁ ਹੁਕਮ ਨਾਮਾ ਪਠਿ ਪਾਸ। ਬਡਾ ਮਸੰਦ ਬੁਲਾਕੀ ਦਾਸ।ਢਾਕੇ ਕੀ ਸੰਗਤਿ ਗਨ ਸਾਰੀ।ਸਭਿ ਤੇ ਲੇਤਿ ਦਰਬ ਕੋ ਭਾਰੀ ॥੨੬॥ ਏਕ ਮੁਹਾਫਾ[6] ਸੁਠ ਬਨਿਵਾਵਹੁ। ਚਿੱਤ੍ਰਤਿ ਰਚਿ ਗਜਦੰਤ ਲਗਾਵਹੁ। ਹੇਮ ਸਾਤ ਸੈ ਤੋਲਾ ਤੋਲ। ਲਗਹਿ ਸਕਲ ਜੋ ਹੁਇ ਬਡ ਮੋਲ' ॥੨੭॥ ਸੁਨਿ ਸਤਿਗੁਰ ਤੇ ਲਿਖ੍ਯੋ ਲਿਖਾਰੀ। ਕਰਿ ਇਕੱਤ੍ਰ ਸਿਖ ਲੇ ਕਰ ਧਾਰੀ[7]। ਬੰਦਨ ਕਰਿ ਢਾਕੇ ਕੋ ਗਯੋ। ਗੁਰ ਕੋ ਹੁਕਮ ਮਸੰਦਹਿ ਦਯੋ ॥ ੨੮ ॥ ਲੇ ਤਿਸ ਨੇ ਤਤਕਾਲ ਹਕਾਰੇ। ਦਿਯੋ ਦਰਬ 'ਸੁਠ ਕਰਹੁ' ਉਚਾਰੇ। ਬਹੁਤੇ ਕਾਰੀ-

---

[1]ਮੇਰੀ ਮਹਿਮਾਂ ਦੀ ਮਿਰਯਾਦਾ ਨਹੀਂ ਜਾਣੀ। [2]ਭਾਵ ਇਨ੍ਹਾਂ ਨੂੰ ਪਰਖੋ। [3]ਫਰਕ ਰੱਖਣ। [4]ਗੁਸਾ ਧਾਰਕੇ। [5](ਜਿਵੇਂ ਮਸੰਦ) ਛਲ ਕਰਦੇ ਹਨ। [6]ਖਾਸਾ, ਪਾਲਕੀ [ਅ:,=ਮੁਹਾਫਾ]। [7](ਪੱਤ੍ਰਿਕਾ) ਕੱਠੀ ਕਰਕੇ ਸਿੱਖ ਨੇ ਲੈਕੇ ਹੱਥ ਵਿਚ ਧਾਰੀ।

ਗਰ ਲਗਵਾਏ। ਕੰਚਨ ਕਾਂਟਾ ਕੜੀ ਘੜਾਏ[1] ॥੨੯॥ ਥੋਰਨਿ ਦਿਨ ਮਹਿਂ ਭਯੋ ਤਯਾਰਾ। ਸਰਬ ਰੀਤਿ ਤੇ ਨੀਕ ਸੁਧਾਰਾ। ਢਾਕੇ ਤੇ ਤਿਨ ਦੀਨਿ ਪਠਾਈ।ਪੁਰਿ ਪਟਨੇ ਮਹਿਂ ਪਹੁੰਚਯੋ ਆਈ ॥੩੦॥ ਸ੍ਰੀ ਗੁਰ ਗੋਬਿੰਦ ਸਿੰਘ ਅਗਾਰੀ। ਧਰ ਕਰਿ ਤਿਸ ਕੀ ਬਿਨੈ ਉਚਾਰੀ। ਤਿਨ ਕੋ ਸੁਨਤਿ ਭਨਯੋਂ 'ਭਾ ਸੁੰਦਰ। ਪਠਿ ਦੀਜਹਿ ਮਾਤਾ ਢਿਗ ਅੰਦਰ' ॥੩੧॥ ਕਪਟ ਜੁ ਕਰਯੋ ਮਸੰਦ ਧਨ ਰਾਖਨਿ। ਜਾਨਯੋ ਸਤਿਗੁਰ ਕਿਯੋ ਨ ਭਾਖਨਿ। ਪਿਖਿ ਮਾਤਾ ਦੋਨਹੁੰ ਹਰਿਖਾਈ। ਭਨੀ ਮਸੰਦਨਿ ਕੀ ਭਲਿਆਈ ॥ ੩੨॥ 'ਬਡ ਗੁਰ ਸਿੱਖ ਬੁਲਾਕੀ ਦਾਸ। ਤੁਰਤ ਤਯਾਰ ਕਰਿ ਭੇਜਯੋ ਪਾਸ।ਅਤਿ ਸੁੰਦਰ ਕਹਿਕੈ ਬਨਿਵਾਯਹੁ। ਕੰਚਨ ਜਿਸ ਮਹਿਂ ਬਹੁਤ ਲਗਾਯਹੁ ॥੩੩॥ ਅਬਿ ਲਗਿ ਅਪਰ ਨ ਹਮ ਨੇ ਹੇਰਾ। ਰਚਯੋ ਰੁਚਿਰ ਇਹ ਮੋਲ ਬਡੇਰਾ'। ਮਾਤ ਨਾਨਕੀ ਨੇ ਸਮੁਝਾਏ। 'ਦੇਖਹੁ ਸੁਤ! ਸਿੱਖੀ ਇਸ ਭਾਏ ॥ ੩੪। ਮਾਨਹਿਂ ਸਗਰੇ ਹੁਕਮ ਤੁਮਾਰੋ। ਕਹਹੁ ਜਥਾ ਭੇਜਹਿਂ ਕਰਿ ਤਯਾਰੋ। ਸੇਵ ਬਿਖੈ ਸਭਿ ਕੇ ਮਨ ਰਾਤੇ।ਪੂਰਨ ਗੁਰੂ ਆਪ ਕੋ ਜਾਤੇ[2]॥੩੫॥ਸਿਖ ਸੰਗਤਿ ਅਸ ਬ੍ਰਿੰਦ ਮਸੰਦ। ਤੁਮਰੇ ਪ੍ਰੇਮੀ ਰਿਦੇ ਬਿਲੰਦ। ਮੱਦ੍ਰ ਦੇਸ਼ ਤੇ ਹਮ ਜਬਿ ਆਏ। ਸੰਕਟ ਬਿਨਾਂ ਸਰਬ ਸੁਖ ਪਾਏ ॥ ੩੬ ॥ ਤਹਾਂ ਉਪੱਦ੍ਰਵ ਅਨਗਨ ਹੋਰੇ। ਤੁਰਕਨ ਸੋਂ ਰਣ ਮਚੇ ਘਨੇਰੇ। ਸ੍ਰੀ ਅੰਮ੍ਰਿਤਸਰ ਬਡ ਸੰਗ੍ਰਾਮਾ। ਸੈਨ ਘਨੀ ਤੇ ਤਜਿ ਕਰਿ ਧਾਮਾ॥੩੭॥ਬੀਬੀ ਬੀਰੋ* ਬਯਾਹ ਤਿਸ ਕਾਲਾ। ਕਰਯੋ ਹੁਤੋ ਪਕਵਾਨ ਬਿਸਾਲਾ। ਤਿਸ ਤੇ ਆਦਿ ਸਮੱਗ੍ਰੀ ਜੇਤੀ । ਭਏ ਜੁੱਧ ਤੇ ਲੁਟ ਗਈ ਤੇਤੀ ॥ ੩੮ ॥ ਹਮ ਤੁਰਕਨਿ ਤੇ ਭੈ ਬਡ ਧਾਰੇ।ਨੀਠ ਨੀਠ ਨਿਕਸੇ ਨਿਜ ਦ੍ਵਾਰੇ। ਤਿਸਤੇ ਆਦਿ ਬਿਘਨ ਸਮੁਦਾਏ। ਭਏ ਦੇਸ਼ ਤਿਸ ਕਿਤਿਕ ਗਿਨਾਏ ॥ ੩੯ ॥ ਤੁਮਰੋ ਜਨਮ ਦੇਸ਼ ਇਸ ਭਯੋ।ਹੇ ਸੁਤ! ਹਮ ਤਬਿ ਕੋ ਸੁਖ ਲਯੋ। ਆਦਿ ਬੁਲਾਕੀ ਦਾਸ ਮਸੰਦ । ਅਪਰ ਸਿੱਖ ਸੰਗਤਿ ਜੋ ਬ੍ਰਿੰਦ ॥ ੪੦ ॥ ਨਿਸ਼ਚਾ ਕਰਹਿਂ ਸੁ ਬੀਚ ਤੁਮਾਰੇ। ਰਿਦੈ ਕਪਟ ਕੋ ਨਰ ਨਹਿਂ ਧਾਰੇ। ਰਹਿਬੋ ਇਸੀ ਦੇਸ਼ ਕੋ ਕੀਜੈ । ਮੱਦ੍ਰ ਦੇਸ਼ ਕੋ ਨਾਮ ਨ ਲੀਜੈ ॥ ੪੧॥ ਤਹਾਂ ਸ਼ਰੀਕ ਮਹਾਂ ਦੁਖਦਾਈ। ਪਿਖਿ ਨਹਿਂ ਸਕਹਿਂ, ਸੁ ਬਿਘਨ ਉਠਾਈ[3]। ਅਨਿਕ ਬਿਧਿਨਿ ਕੇ ਦੁਖ ਤਿਸ ਦੇਸ਼।ਹੇ ਸੁਤ! ਹਮ ਪਰ ਬਿਤੇ ਅਸ਼ੇਸ਼॥੪੨॥ਸੋ ਮੋਰੇ ਜਬਿ ਹੀ ਚਿਤ ਆਵੈਂ।ਧੀਰ ਨ ਉਪਜਤਿ

[1]ਕੁੰਡੇ ਕੜੀਆਂ ਘੜਾਈਆਂ। [2]ਜਾਣਦੇ ਹਨ। [3]ਉਹ ਵਿਘਨ ਉਠਾਉਂਦੇ ਹਨ। *ਪਾ:–ਬੀਰੂ।

ਅਜਹੁ ਡਰਾਵੈ[1] । ਨਰ ਪੂਰਬ ਮਹਿਂ ਸ਼ਰਧਾ ਧਾਰੀ[2] । ਇਹਾਂ ਬਸਹੁ ਨਿਤ ਪ੍ਰਤਿ ਸੁਖਭਾਰੀ' ॥੪੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਮੁਹਾਵੇ ਕੋ' ਪ੍ਰਸੰਗ ਬਰਨਨੰ ਨਾਮ ਚੱਤ੍ਵਾਰਿੰਸਤੀ ਅੰਸੂ ॥ ੪੦॥

੪੧. [ਪੰਜਾਬ ਨੂੰ ਤਿਆਰੀ। ਜਗਤੇ ਸੇਠ ਨੂੰ ਵਰ]।

ਦੋਹਰਾ ॥ ਪਿਤ ਕੀ ਮਾਤਾ ਕੇ ਬਚਨ ਸੁਨਿ ਸ੍ਰੀ ਗੋਬਿੰਦ ਸਿੰਘ। ਤੁਰਕਨਿ ਮ੍ਰਿਗ ਸਮੁਦਾਇ ਕੋ ਚਹਤਿ ਹਨਯੋ ਜਿਮ ਸਿੰਘ ॥ ੧ ॥ ਚੌਪਈ ॥ ਸਿੱਖ ਮਸੰਦਨਿ ਕੀ ਬਡਿਆਈ। ਜਬਿ ਮਾਤਾ ਨੇ ਇਸ ਬਿਧਿ ਗਾਈ। ਲਖਿ ਕੈ ਸਭਿ ਸ਼ਰਧਾਲੁ ਵਿਸ਼ੇਸ਼। ਚਹਤਿ ਰਹਯੋ ਪੂਰਬ ਹੀ ਦੇਸ਼ ॥ ੨ ॥ ਇਸ ਨਿਸ਼ਚੈ ਕੇ ਟਾਰਨ ਕਾਰਨ। ਮੱਦ੍ਰ ਦੇਸ਼ ਹਿਤ ਕਰਨਿ ਪਧਾਰਨਿ। ਲੀਲਾ ਰਚੀ ਤਬਹਿ ਗੁਰ ਸ੍ਵਾਮੀ। ਸਭਿ ਘਟ ਘਟ ਕੇ ਅੰਤਰ ਜਾਮੀ ॥੩॥ ਵਹਿਰ ਮੁਹਾਵਾ[3] ਸੋ ਨਿਕਸਾਯੋ। ਸੰਗਤਿ ਨਿਕਟਿ ਹੁਕਮ ਫੁਰਮਾਯਹੁ। 'ਈਂਧਨ ਭਾਰ ਸਕੇਲਨਿ ਕਰੋ। ਆਨਿ ਆਨਿ ਕਰਿ ਇਸ ਥਲ ਧਰੋ' ॥ ੪ ॥ ਸਮਧਾ[4] ਜਬਿ ਦੇਖੀ ਸਮੁਦਾਯਾ। ਬੀਚ ਮੁਹਾਵਾ ਤਬਹਿ ਟਿਕਾਯਾ। ਦਿਯੋ ਹੁਕਮ ਪਾਵਕ ਮੰਗਵਾਏ। ਤਤਛਿਨ ਦਈ ਤਾਂਹਿ ਲਗਵਾਏ ॥੫॥ ਜਰਨਿ ਲਗਯੋ ਸਭਿ ਨਰ ਬਿਸਮਾਏ। –ਲਾਇ ਦਰਬ ਬਹੁ ਇਹੁ ਬਨਵਾਏ। ਮਾਤਨਿ ਕਹਿ ਮੰਗਵਾਵਨਿ ਠਾਨਾ। ਕਬਹੁਂ ਅਰੂਢਿ ਨ ਕੀਨਿ ਪਯਾਨਾ ॥ ੬ ॥ ਨਹਿਂ ਕੋ ਦਿਨ ਇਸ ਕੋ ਸੁਖ ਲਯੋ। ਆਵਤਿ ਹੀ ਜਰਾਇ ਕਰਿ ਦਯੋ–। ਜਾਇ ਨਾਨਕੀ ਨਿਕਟਿ ਬਤਾਵਾ। 'ਸੋ[5] ਪਾਵਕ ਕੇ ਬੀਚ ਜਰਾਵਾ' ॥ ੭ ॥ ਸੁਨਿ ਕਰਿ ਦਾਸਨਿ ਸਾਥ ਬਖਾਨਾ। 'ਮਹਾਂ ਪੁਰਖ ਇਹੁ ਗੁਰੂ ਮਹਾਨਾ। ਹੁਕਮ ਨ ਫੇਰਯੋ ਜਾਇ ਤਿਨੋ ਕਾ। ਨਿਕਸਤਿ ਮੁਖ ਤੇ ਫੁਰਹਿ ਜਿਨੋਕਾ' ॥੮॥ ਲਗੀ ਆਗ ਸਗਰੋ ਜਰਿ ਗਯੋ। ਸੀਤਲ ਭਸਮ ਜਬਹਿ ਤਿਸ ਭਯੋ[6]। ਜਿਤੋ ਹੇਮ ਤਿਸ ਤੇ ਨਿਕਸਾਯਹੁ। ਕਹਿ ਸਤਿਗੁਰ ਨੇ ਸਰਬ ਚੁਨਾਯਹੁ ॥ ੯ ॥ ਨੀਕੇ ਜਲ ਮੈਂ ਕੀਨਿ ਪਖਾਰਨਿ। ਨਿਕਟਿ ਅਨਾਯਹੁ ਕਰਯੋ ਨਿਹਾਰਨ। ਦਾਸਨ ਕੇ ਕਰ ਮਹਿਂ ਉਚਵਾਏ। ਅੰਤਰ ਮਾਤਾ ਤੀਰ ਸਿਧਾਏ॥੧੦॥ ਧਰਯੋ ਸੁ ਜਾਇ ਨਾਨਕੀ ਪਾਸ। 'ਬਡੋ ਮਸੰਦ ਬੁਲਾਕੀ ਦਾਸ। ਤਿਸ ਕੀ ਇਹ ਕਰਤੂਤ ਨਿਹਾਰਹੁ। ਜਿਸ ਤਰੀਫ ਕੋ ਆਪ ਉਚਾਰਹੁ ॥ ੧੧ ॥

[1]ਅਜੇ ਵੀ ਡਰ ਆਉਂਦਾ ਹੈ। [2]ਪੂਰਬ ਵਿਚਲੇ ਆਦਮੀ ਸ਼ਰਧਾ ਧਾਰੀ ਭਾਵ ਸ਼੍ਰਧਾਲੂ ਹਨ। [3]ਖਾਸਾ। [4]ਬਾਲਨ। [5]ਉਹ (ਖਾਸਾ)। [6]ਜਦ ਸਵਾਹ ਠੰਢੀ ਹੋ ਗਈ।

–ਬਡ ਸ਼ਰਧਾਲੂ ਪੂਰਬ ਦੇਸ਼–। ਦੇਖਹੁ ਤਿਨਕੇ ਕਪਟ ਵਿਸ਼ੇਸ਼ੁ। ਦਸਮ ਅੰਸ[੧] ਕੰਚਨ ਇਸ ਮਾਂਹੀ। ਤਾਂਬਾ ਅਪਰ ਘਰਾਯਹੁ ਤਾਂਹੀ[੨] ॥ ੧੨॥ ਗੁਰੁ ਘਰ ਤਿਸ ਮੁਜਰੈ ਸਭਿ ਦੇਤਿ[੩]। ਸਕਲ ਮੋਲ ਹਾਟਿਕ ਕੋ ਲੇਤਿ।ਰਾਖਤਿ ਘਰ ਸਤਿਗੁਰ ਕੀ ਕਾਰ । ਭਾਖਤਿ–ਕਰਜੋ ਮੁਹਾਵਾ ਤਯਾਰ–॥ ੧੩ ॥ ਐਸੇ ਨਰ ਹੈਂ ਪੂਰਬ ਦੇਸ਼। ਬੁਧਿ ਹੌਰੀ, ਕੂਰੇ ਇਨ ਬੇਸ। ਬਡਨੋਂ ਬਡਨੋਂ ਕੀ ਜੇ ਅਸ ਮਤਿ ਹੈ। ਤੌ ਛੋਟਨੋਂ ਕੀ ਕਹਾਂ ਸੁ ਗਤਿ ਹੈ’ ॥ ੧੪॥ ਦੇਖਿ ਮਾਤ ਤੂਸ਼ਨਿ ਹੁਇ ਰਹੀ।ਪੋਤ੍ਰ ਪਾਸ ਕੁਛ ਜਾਇ ਨ ਕਹੀ।–ਸਭਿ ਘਟ ਕੋ ਮਾਲਿਕ ਗੁਰ ਰੂਰਾ। ਬੋਲੇ ਉਤਰਜੋ ਜਾਇ ਨ ਪੂਰਾ[੪]–॥੧੫॥ ਸ੍ਰੀ ਗੁਜਰੀ ਦਿਸ਼ਿ ਸਾਸੁ ਨਿਹਾਰਾ। ਪੁੱਤ੍ਰ ਸਾਥ ਸ਼ੁਭ ਬਾਕ ਉਚਾਰਾ। ‘ਪਿਤਾ ਤੁਮਾਰੋ ਇਤ ਚਲਿ ਆਯੋ। ਬਹੁ ਤੀਰਥ ਕੋ ਹਮਹਿੰ ਕਰਾਯੋ ॥ ੧੬ ॥ ਪੁਨ ਹਮ ਕੋ ਇਸ ਪੁਰਿ ਮਹਿ ਤਯਾਗੇ ।ਆਪ ਗਏ ਚਲਿ ਪੂਰਬ ਆਗੇ।ਜਬਿ ਕੇ ਇਹ ਥ਼ਲ ਕੀਨਸਿ ਬਾਸ। ਕਰਤਿ ਸੇਵ ਕੋ ਸੰਗਤਿ ਰਾਸ ॥ ੧੭ ॥ ਅਬਿ ਪੰਜਾਬ ਗਏ ਪਿਤ ਤੁਮਰੇ।ਲਿਖ ਪਾਤੀ ਭੇਜਹਿਂ ਢਿਗ ਹਮਰੇ। ਜਿਸ ਪ੍ਰਕਾਰ ਕੀ ਸੁਧਿ ਪਹੁੰਚਾਵੈਂ। ਹਮ ਕੋ ਕਰਨੀ ਤਿਮ ਬਨਿ ਆਵੈ ॥ ੧੮ ॥ ਯਾਂਤੇ ਰੁਚਹਿ ਬਾਸ ਸੁਖ ਪਾਏਂ[੫]। ਬਸਤੇ ਸੰਮਤ ਕਿਤਿਕ ਬਿਤਾਏ। ਬਹੁ ਲੋਕਨਿ ਮਿਲਿ ਪ੍ਰੀਤ ਉਪਾਈ। ਸਗਲੀ ਵਸਤੁ ਆਨਿ ਅਰਪਾਈ ॥ ੧੯ ॥ ਪ੍ਰਥਮ ਜਨਮ ਧਰਿ[੬], ਅਲਪ ਸਰੀਰ। ਸਭਿ ਸੁਧ ਲਗੇ ਸੰਭਾਰਨਿ ਧੀਰ। ਆਗੇ ਮਰਜ਼ੀ ਜਥਾ ਤੁਮਾਰੀ। ਤਯੋਂ ਬਰਤਹਿਂ ਗੇ ਹੁਇ ਅਨੁਸਾਰੀ’ ॥ ੨੦ ॥ ਸੁਨਤਿ ਮਾਤ ਤੇ ਗੁਰੂ ਉਚਾਰੀ।‘ਮੱਦ੍ਰ ਦੇਸ਼ ਸਿੱਖੀ ਹੈ ਭਾਰੀ।ਸਕਲ ਗੁਰਨਿ ਤਹਿਂ ਬਾਸਾ ਕੀਨੇ। ਅਪਨੇ ਪੁਰਿ ਤੀਰਥ ਰਚਿ ਦੀਨੇ ॥ ੨੧ ॥ ਤਿਸੀ ਦੇਸ਼ ਤੇ ਸੈਨ ਬਨਾਈ। ਦਿੱਲੀਪਤਿ ਸੋਂ ਕੀਨਿ ਲਰਾਈ। ਕੇਤਿਕ ਸਿੱਖ ਭਾਉ ਧਰਿ ਰਹੇ। ਕਿਨਹੁੰ ਨੌਕਰੀ ਗੁਰ ਘਰ ਲਹੇ ॥ ੨੨ ॥ ਬਨਹਿ ਨ ਸੋ ਇਸ ਦੇਸ਼ ਮਝਾਰੀ। ਊਪਰ ਬੇਸ਼ ਦਿਖਾਵਹਿਂ ਧਾਰੀ । ਜਬਿ ਗੁਰ ਕੋ ਕਿਮ ਕਾਰਜ ਬਨੈ। ਸਿੱਖੀ ਤਯਾਗਹਿਂ ਸ਼ਰਧਾ ਹਨੈਂ ॥ ੨੩॥ ਇੱਤਯਾਦਿਕ

[੧]ਦਸਵਾਂ ਹਿੱਸਾ। [੨]ਹੋਰ (ਸਾਰਾ) ਤਾਂਬਾ ਤਿਸ (ਬੁਲਾਕੀ ਦਾਸ) ਨੇ ਘੜਾਇਆ ਹੈ। [੩]ਗੁਰੂ ਘਰ ਤਿਸ ਨੂੰ (ਮੁਹਾਵੇ ਦਾ ਮੁੱਲ) ਸਾਰਾ ਮੁਜਰੇ ਦਿੰਦਾ ਹੈ। [੪]ਬੋਲਣ ਨਾਲ ਪੂਰਾ ਨਹੀਂ ਉੱਤਰ ਸਕੀਦਾ।-[੫]ਇਸੇ ਲਈ (ਸਾਨੂੰ ਇਹੋ) ਚੰਗਾ ਲਗਦਾ ਹੈ ਕਿ ਇੱਥੇ ਵੱਸਕੇ ਸੁਖ ਪਾਈਏ। [੬]ਪਹਿਲਾਂ (ਆਪ ਨੇ) ਜਨਮ (ਇਥੇ) ਧਾਰਿਆ ਹੈ ।

ਕਾਰਨ ਹੈਂ ਬ੍ਰਿੰਦ। ਬਨਹਿ ਗਮਨ ਤਿਸ਼ ਦੇਸ਼ ਬਿਲੰਦ'। ਸੁਧਿ ਪਟਨੇ
ਪੁਰਿ ਮਹਿਂ ਬਿਸਤਰੀ।–ਚਾਹਤਿ ਸਤਿਗੁਰ ਤਯਾਰੀ ਕਰੀ॥ ੨੪॥ ਮੱਦ੍ਰ
ਦੇਸ਼ ਕੌ ਚਹਤਿ ਸਿਧਾਵਨਿ। ਜਿਤ ਗਮਨੈਂ ਤਿਤ ਕਰਿ ਹੈਂ ਪਾਵਨ–।
ਸਗਰੀ ਸੰਗਤਿ ਸੁਨਿ ਕਰਿ ਆਈ।ਲ੍ਯਾਇ ਉਪਾਇਨ ਕੋ ਅਰਪਾਈ॥੨੫॥
ਜਹਿਂ ਕਹਿਂ ਕੇ ਬਹੁ ਆਇ ਮਸੰਦ। ਅਰਪਹਿਂ ਆਨਯੋ ਦਰਬ ਬਿਲੰਦ।
ਸ਼੍ਰੀ ਸਤਿਗਰ ਕੋ ਸਭਿ ਸਮੁਝਾਵੈਂ। ਅਪਨੀ ਅਪਨੀ ਸੀਖ[1] ਬਤਾਵੈਂ॥੨੬॥
'ਗੁਰ ਜੀ! ਇਹਾਂ ਬਾਸ ਸੁਖ ਕੇਰਾ। ਸੰਗਤਿ ਬ੍ਰਿੰਦ ਮਿਲਾਪ ਬਡੇਰਾ।ਕਿਸੂ
ਵਸਤੁ ਕੀ ਕਮੀ ਨ ਕੋਈ। ਹਮ ਅਨੁਕੂਲੀ ਸਭਿ ਨਿਤ ਹੋਈ॥ ੨੭॥
ਹੁਕਮ ਆਪ ਕੋ ਹੋਵਹਿ ਜੈਸਾ। ਹਮ ਕਰਿ ਸਕਿ ਹੈਂ ਤਤਛਿਨ ਤੈਸਾ।
ਕਰਹੁ ਉਚਾਰਨਿ ਜਿਮੁ ਹੁਇ ਮਰਜ਼ੀ।ਸਦਾ ਗੁਜ਼ਾਰਤਿ ਹੈਂ ਇਮ ਅਰਜ਼ੀ'
॥੨੮॥ ਸੁਨਿ ਸਤਿਗੁਰ ਬੋਲੇ ਬਚ ਪਾਵਨ।'ਹਮ ਨੇ ਮੱਦ੍ਰ ਦੇਸ਼ ਕੋ ਜਾਵਨਿ।
ਬਹੁ ਕਾਰਜ ਤਿਹਠਾਂ ਬਸਿ ਕਰਨੇ[2]। ਬਿਦਤਿ ਅਬਿਦਤ ਕਹਾਂ ਕੋ
ਬਰਨੇ[3]'॥ ੨੯॥–ਨਿਸ਼ਚੈ ਇਨ ਕੌ ਰਿਦਾ ਗਮਨ ਮੈਂ–। ਸਿੱਖ ਮਸੰਦਨ
ਜਾਨੀ ਮਨ ਮੈਂ। ਤੂਸ਼ਨਿ ਹੋਇ ਕਛੁ ਨ ਬਖਾਨੀ। ਗਮਨੇ ਸਦਨ ਬੰਦਨਾਂ
ਠਾਨੀ॥ ੩੦॥ ਜਗਤ ਸੇਠ[4] ਪਟਨੇ ਪੁਰਿਬਾਸੀ।ਗੁਰ ਕੋ ਸੇਵਕ ਬਹੁ ਧਨ
ਪਾਸੀ।–ਗਮਨ ਗੁਰੂ ਕੋ ਨਿਸ਼ਚੈ ਭਯੋ–। ਜਬਿ ਐਸੇ ਸ੍ਰੋਨਨਿ ਸੁਨਿ ਲਯੋ॥
੩੧॥ਲੇ ਮਿਸ਼ਟਾਨ ਰੁਚਿਰ ਪਕਵਾਨ। ਭਰੇ ਥਾਰ ਬਹੁ ਧਰਿ ਧਰਿ ਪਾਨ।
ਸ਼੍ਰੀ ਸਤਿਗੁਰ ਕੇ ਢਿਗ ਚਲਿ ਆਯਹੁ। ਹਾਥ ਜੋਰਿ ਕਰਿ ਸੀਸ ਨਿਵਾ-
ਯਹੁ॥੩੨॥ਦੋਨਹੁਂ ਮਾਤਨਿ ਕੌ ਕਰਿ ਨਮੋ।ਹਾਥ ਬੰਦਿ ਬੋਲਯੋ ਤਿਹਸਮੋਂ।
'ਸ਼੍ਰੀ ਪ੍ਰਭੁ! ਜਗਤ ਜੇਤਨੀ ਮਾਯਾ। ਸਭਿ ਤੁਮਰੀ ਬਖਸ਼ੀ ਕਰਿ ਦਾਯਾ॥
੩੩॥ ਦਈ ਆਪ ਕੀ ਬਰਤਹਿਂ ਸਾਰੇ।ਜਾਨਤਿ ਇਸ ਬਿਧਿ ਕੋ ਸਿਖ ਭਾਰੇ।
ਮੈਂ ਹੌਂ ਦਾਸ ਆਪ ਕੋ ਜੋਈ। ਬਖਸ਼ਯੋ ਮੋਹਿ ਦਰਬ ਬਹੁ ਸੋਈ॥ ੩੪॥
ਸਭਿ ਪੁਰਿ ਮਹਿਂ ਕੋਠੀ ਬਹੁ ਮੇਰੀ। ਸਭਿ ਪ੍ਰਕਾਰ ਤਹਿਂ ਸੌਜ ਘਨੇਰੀ।ਜਿਸ
ਜਿਸ ਮਗ ਕੋ ਰਾਵਰ ਜਾਵਹੁ।ਜਹਿਂ ਜਹਿਂ ਨਿਸ ਮਹਿਂ ਡੇਰੋ ਪਾਵਹੁ[5]॥੩੫॥
ਤਹਿ ਤੇ ਖਰਚ ਲੇਹੁ ਮਨ ਭਾਯਾ।ਰਹਹੁ ਜਿਤਿਕ ਦਿਨ ਤਹਿਂ ਹਰਖਾਯਾ।
ਖਾਨ ਪਾਨ ਸ਼ੁਭ ਬਸਤੂ ਜਿ ਚਹੀਅਹਿਂ। ਮਮ ਕੋਠੀ ਸਿਖ ਕੋ ਪਠਿ

[1]ਸਿੱਖ੍ਯਾ। [2]ਵੱਸਕੇ ਕਰਨੇ ਹਨ। [3]ਕਈ ਪ੍ਰਗਟ ਕਈ ਗੁਪਤ ਕੀ ਕੋਈ ਦੱਸੇ। [4]ਜਗਤ ਨਾਮੇ
ਸੇਠ। [5]ਡੇਰੇ ਪਾਵੋਗੇ।

ਕਹੀਅਹਿ ॥੩੬॥ ਮਮ ਗੁਮਾਸ਼ਤੇ ਮਗ ਮਹਿਂ ਜੇਈ। ਮੈਂ ਲਿਖਿ ਦੇਹੁਂ ਮਾਨਿ ਹੈਂ ਸੋਈ। ਜਿਤਿਕ ਸੇਵ ਮੋਤੇ ਹੁਇ ਜਾਈ। ਮੈਂ ਨਿਸ਼ਚੈ ਜਾਨੌਂ ਸਫਲਾਈ' ॥ ੩੭ ॥ ਜਗਤ ਸੇਠ ਕੀ ਸੁਨਿ ਕਰਿ ਬਾਨੀ। ਗੁਰ ਪ੍ਰਸੰਨਤਾ ਕੀਨਿ ਮਹਾਂਨੀ। 'ਜੋ ਤੁਮ ਭਾਉ ਹਮਾਰੋ ਕਰਜੋ। ਸੇਵਾ ਬਿਖੈ ਪ੍ਰੇਮ ਕੋ ਧਰਜੋ ॥੩੮॥ ਤਿਸ ਕੋ ਫਲ ਹੋਵਹਿ ਤੁਝ ਭਾਰੋ। ਲਛਮੀ ਬਹੁ ਘਰ ਥਿਰਹਿ ਉਦਾਰੋ। ਤਿਸ ਤੇ ਤੋਟਾ ਕਿਤਹੁਂ ਨ ਪਾਵੈਂ। ਲਾਭ ਲੇਤਿ ਹੀ ਬੈਸ ਬਿਤਾਵੈਂ ॥ ੩੯ ॥ ਹਮ ਕੋਠੀ ਤੇ ਲੈਹਿਂ ਕਿ ਨਾਂਹੀ। ਕਹਿਬੇ ਤੇ ਫਲ ਭਾ ਤੁਵ ਪਾਹੀ। ਹਮ ਸੁਨਿ ਕੈ, ਕਿਯ ਭਾਵ ਬਿਸਾਲਾ[1]। ਤੁਝ ਕੋ ਫਲ ਪ੍ਰਾਪਤਿ ਇਸ ਕਾਲਾ' ॥ ੪੦॥ ਜਗਤ ਸੇਠ ਸੁਨਿ ਕੈ ਗੁਰ ਬਾਨੀ। ਭਯੋ ਅਨੰਦ ਨ ਜਾਇ ਬਖਾਨੀ। –ਗੁਰ ਪ੍ਰਸੰਨਤਾ ਮੋ ਪਰ ਹੋਈ–। ਲਿਖੀ ਪੱਤ੍ਰਿਕਾ ਪੁਰਿ ਪੁਰਿ ਸੋਈ ॥ ੪੧॥ ਨਿਜ ਥਲ ਬਿਖੈ ਪੁਚਾਵਨਿ ਕਰੇ[2]। 'ਜਬਿ ਦੇਖਹੁ ਗੁਰ ਨਿਜ ਪੁਰਿ ਥਰੇ। ਸਾਦਰ ਸਰਬ ਰੀਤਿ ਕੀ ਸੇਵਾ। ਕਰਹੁ ਪ੍ਰਸੰਨ ਤਹਾਂ ਗੁਰਦੇਵਾ' ॥ ੪੨ ॥ ਕ਼ਹਿ ਮਾਤਾ ਕੋ ਸਭਿ ਸਮੁਝਾਈ। ਪੁਨ ਪਗ ਪਰਿ ਨਿਜ ਗ੍ਰੀਵ ਨਿਵਾਈ। ਲੇ ਕਰਿ ਬਰ ਗੁਰ ਤੇ ਮਨ ਭਾਯਾ। ਕਰਿ ਬੰਦਨ ਕੋ ਉਰ ਹਰਖਾਯਾ ॥ ੪੩ ॥ ਭੁਗਤਿ ਮੁਕਤਿ ਕੇ ਬਰ ਕੋ ਪਾਇ। ਅਪਨੀ ਆਪਨ[3] ਪਹੁੰਚਯੋ ਜਾਇ। ਸਭਿ ਸੰਗਤਿ ਮੈਂ ਜਸੁ ਬਿਸਤਰਾ। 'ਧੰਨ ਧੰਨ' ਤਿਸ ਕੋ ਸਭਿ ਕਰਾ ॥ ੪੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਤਿਆਰ ਹੋਵਨਿ' ਪ੍ਰਸੰਗ ਬਰਨਨੰ ਨਾਮ ਏਕ ਚਤ੍ਵਾਰਿੰਸਤੀ ਅੰਸੂ ॥ ੪੧ ॥

੪੨. [ਪਟਣੇ ਤੋਂ ਵਿਦਾਇਗੀ]।

ਦੋਹਰਾ ॥ ਨਿਤਪ੍ਰਤਿ ਗੁਰ ਤਯਾਰੀ ਕਰਤਿ ਭਏ ਚਲਨਿ ਕਹੁ ਤਯਾਰ। ਇਤਨੇ ਮਹਿਂ ਆਵਤਿ ਭਯੋ ਪਠਯੋ ਜੁ[4] ਗੁਰੂ ਉਦਾਰ ॥੧॥ ਚੌਪਈ ॥ ਪਹੁੰਚਯੋ ਸਿੱਖ ਆਨਿ ਤਿਹ ਸਮੈਂ। ਜੁਗ ਮਾਤਨਿ ਬੰਦਤਿ ਸਿਰ ਨਮੈ। ਬਿਚਰਤਿ ਆਪ ਦੇਖਿ ਚਲਿ ਆਏ[5]। ਨਰ ਪੰਜਾਬੀ ਲਖਿ ਹਰਿਖਾਏ ॥ ੨ ॥ ਸਿਖ ਪਦ ਬੰਦਤਿ ਜੁਗ ਕਰ ਬੰਦਿ। ਗੁਰ ਕੋ ਸਭਿ ਬਿਧਿ ਕਹਯੋ ਅਨੰਦ[6]। ਹਾਥ

---

[1]ਅਸਾਡਾ (ਫੁਰਨਾ) ਸੁਣਕੇ ਤੂੰ ਬੜਾ ਪ੍ਰੇਮ ਕੀਤਾ ਹੈ।(ਅ) ਅਸਾਂ (ਕੋਠੀਆਂ ਵਾਲੀ ਗਲ) ਸੁਣਕੇ ਹੀ (ਜਿਸ ਤੋਂ ਜਾਣੀਂਦਾ ਹੈ ਕਿ ਤੂੰ) ਬਹੁਤ ਪ੍ਰੇਮ ਕੀਤਾ ਹੈ ਤੈਨੂੰ ਤਤਕਾਲ ਫਲ ਪ੍ਰਾਪਤੀ ਕਰਾ ਦਿਤੀ ਹੈ। [2]ਟਿਕਾਣੇ ਟਿਕਾਣੇ ਪੁਚਾਈਆਂ (ਪਤ੍ਰਿਕਾਂ)। [3]ਆਪਣੀ ਹੱਟੀ ਤੇ। [4]ਭਾਵ ਜੋ ਸਿੱਖ ਨਾਵੇਂ ਗੁਰਾਂ ਘੱਲਿਆ ਸੀ। [5]ਖੇਡਦੇ ਖੇਡਦੇ ਆਪ (ਦਸ਼ਮੇਸ਼ ਜੀ) ਦੇਖਕੇ (ਉਸ ਪੁਰਸ਼) ਨੂੰ ਆ ਗਏ। [6]ਭਾਵ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਭ ਤਰ੍ਹਾਂ ਦੀ ਆਨੰਦ ਕੁਸ਼ਲ ਕਹੀ।

ਬਿਖੈ ਤੇ ਦੀਨਿਸਿ ਪਾਤੀ। ਦੇਖਿ ਤੀਨ ਹੂੰ ਸੀਤਲ ਛਾਤੀ[1]॥੩॥ ਤਤਛਿਨ ਖੋਲਿ ਪਢਾਵਨਿ ਕੀਨਿ। ਲਿਖੀ ਕੁਸ਼ਲ ਸਭਿ ਗੁਰੂ ਪ੍ਰਬੀਨ।[2]'ਸੰਗਤਿ ਸਹਤ ਮਸੰਦਨ ਸਾਰੇ। ਹਮ ਦਿਸ਼ਿ ਤੇ ਦਿਹੁ ਖੁਸ਼ੀ ਉਚਾਰੇ॥੪॥ ਸਭਿਹਿਨਿ ਕਹੁ ਬਹੁ ਕਹਹੁ ਦਿਲਾਸਾ। ਨਿਜ ਦਿਸ਼ਿ ਤੇ ਪੂਰਹੁ ਤਿਨ ਆਸਾ। ਸਿਖ ਸੰਗਤਿ ਕੋ ਉਰ ਹਰਿਖਾਇ। ਤਯਾਰ ਹੋਇ ਲਿਹੁ ਨਰ ਸਮੁਦਾਇ॥ ੫॥ ਚਲਿ ਪੰਜਾਬ ਦੇਸ਼ ਕੋ ਆਵਹੁ। ਗਮਨਹੁੰ ਸੁਖ ਸੋਂ ਨਹਿਂ ਉਤਲਾਵਹੁ। ਮਗ ਮਹਿਂ ਪੁਰਿ ਤਿਨ ਮਹਿ ਬਹੁ ਸੰਗਤ। ਸਿਮਰਹਿਂ ਸਤਿਗੁਰ ਕਰਿ ਕਰਿ ਪੰਗਤਿ॥ ੬॥ ਤਿਨ ਸਭਿਹਿਨਿ ਕਹੁ ਦਰਸ਼ਨ ਦੇਤੇ। ਪੂਰਹੁ ਮਨੋਰਥ ਸਿਖ ਕਹਿਂ ਜੇਤੇ[3]। ਸਨੇ ਸਨੇ ਮਗ ਉਲੰਘਨ ਕਰੀਅਹਿ। ਆਨਿ ਅਨੰਦ-ਪੁਰਿ ਨਗਰ ਨਿਹਰੀਅਹਿ॥ ੭॥ ਬਸਹੁ ਜਥਾ ਸੁਖ ਇਤਿ ਚਿਰਕਾਲ। ਗਮਨਹੁ ਮਗ ਸਭਿ ਬਿਧਿ ਸੰਭਾਲ'। ਸੁਨਿ ਮਨ ਹਰਖੇ ਕਹਤਿ ਉਤਾਲੇ:- 'ਭਲੀ ਭਈ ਪਿਤ ਮਰਜ਼ੀ ਚਾਲੇ[4]॥ ੮॥ ਰਿਦੈ ਹਮਾਰੇ ਕੀ ਸਭਿ ਜਾਨਿ। ਲਿਖੀ ਪੱਤ੍ਰਿਕਾ ਗੁਰ ਭਗਵਾਨ'। ਪੁਨ ਸਿਖ ਤੇ ਸਭਿ ਬੂਝੀ ਗਾਥ। 'ਕਹਾਂ ਛੋਰਿ ਆਯੋ ਗੁਰ ਨਾਥ?॥ ੯॥ ਕਹਾਂ ਬਿਲਾਸ ਕਰਤਿ ਮਨ ਭਾਏ?। ਸੰਗਤਿ ਰਹਹਿ ਕਿਤਿਕ ਢਿਗ ਆਏ? ਕਿਸ ਬਿਧਿ ਕੋ ਅਨੰਦਪੁਰਿ ਹੋਰਾ? ਕਿਤਿਕ ਦੂਰ ਦਰਿਆਉ ਬਡੇਰਾ?॥ ੧੦॥ ਕਿਤਿਕ ਨਿਕਟਿ ਦੂਸਰ ਦਿਸ਼ਿ ਗਿਰ ਹੈਂ? ਕਿਸ ਪ੍ਰਕਾਰ ਕੀ ਹੋਰੀ ਧਰ ਹੈ?' ਸੁਨਤਿ ਸਿੱਖ ਨੇ ਸਕਲ ਬਤਾਈ। 'ਆਵਹਿ ਨਿਤ ਸੰਗਤ ਸਮੁਦਾਈ॥ ੧੧॥ ਸਤੁੱਦ੍ਰਵ ਸਲਿਤਾ ਨਿਕਟਿ ਪ੍ਰਵਾਹੂ। ਬਿਮਲ ਅਗਾਧ ਚਲਹਿ ਜਲ ਮਾਂਹੂ। ਨਿਕਟਿ ਨਿਕਟਿ ਪਰਬਤ ਗਨ ਖਰੇ। ਬਾਸ ਚੰਡਿਕਾ ਊਪਰ ਕਰੇ[5]॥੧੨॥ ਅਵਨੀ ਤਲ ਸੁੰਦਰ ਸਭਜਾਈ। ਖਰੇ ਤਰੋਵਰ ਜਹਿਂ ਸਮੁਦਾਈ। ਗੁਰ ਅਨੰਦ ਪੁਰਿ ਬਿਖੈ ਸੁਹਾਏ। ਸਿਖ ਮਸੰਦ ਢਿਗ ਰਹਿਂ ਸਮੁਦਾਏ॥ ੧੩॥ ਜਹਿਂ ਸਤਿਗੁਰ ਕੇ ਚਰਨ ਸਿਧਾਰੇਂ। ਸੰਗਤਿ ਬ੍ਰਿੰਦ ਆਨਿ ਪਰਵਾਰੇ। ਆਵਤਿ ਜਾਤਿ ਹਜ਼ਾਰਹੁੰ ਨੀਤ। ਲੇਤਿ ਕਾਮਨਾ ਕਰਹਿਂ-ਜੁ ਚੀਤ॥ ੧੪॥ ਜਸ ਬਹੁ ਫੈਲਿ ਰਹਯੋ ਸਭਿ ਦੇਸ਼। ਆਵਹਿਂ ਲੈ ਲੈ ਦਰਬ ਵਿਸ਼ੇਸ਼। ਕਰਹਿਂ

---

[1]ਦੇਖਕੇ ਤਿੰਨਾਂ ਭਾਵ ਦੋਵੇਂ ਮਾਤਾ ਜੀ ਤੇ ਸਾਹਿਬਜ਼ਾਦੇ ਜੀ ਦੀ ਛਾਤੀ ਸੀਤਲ ਹੋਈ ਭਾਵ ਸੁਖ ਪ੍ਰਾਪਤ ਹੋਇਆ। [2]ਚਿੱਠੀ ਦਾ ਮਜ਼ਮੂਨ ਤੁਰਿਆ। [3]ਜਿਤਨੇ ਮਨੋਰਥ ਸਿੱਖ ਕਹਿਣ। [4]ਇੱਛਾ ਨਾਲ ਚੱਲੇ ਹਾਂ। [5]ਭਾਵ ਉਪਰ ਨੈਣਾਂ ਦੇਵੀ ਨਾਮੇ ਟਿੱਲਾ ਹੈ।

ਉਧਾਰਨਿ ਸ਼ਰਧਾਵਾਨ। ਇਸ ਬਿਲਾਸ ਮਹਿਂ ਗੁਰ ਭਗਵਾਨ’ ॥ ੧੫ ॥
ਸੁਨਿ ਪ੍ਰਸੰਨ ਸਿਖ ਪਰ ਤਬਿ ਭਏ।ਭੁਗਤਿ ਮੁਕਤਿ ਕੋ ਬਰ ਸ਼ੁਭ ਦਏ।ਜੁਗ
ਮਾਤਨਿ ਤਯਾਰੀ ਕਰਿਵਾਈ। ਵਾਹਨ ਸਾਜ਼ ਦਾਸ ਸਮੁਦਾਈ ॥ ੧੬ ॥
ਸ੍ਯੰਦਨ ਡੋਰੇ ਪਾਇ ਉਛਾਰ। ਜ਼ਰੀਦਾਰ ਜਗਮਗਤਿ ਉਦਾਰ। ਤੁੰਗ
ਕਕੁਦ ਬਲਿ ਦੀਰਘ ਬੈਲ[1]। ਚਲਹਿਂ ਤੁਰੰਗ ਮਨਿਂਦੈ ਗੈਲ॥੧੭॥ ਕੰਚਨ
ਪੋਰੀ ਸ਼੍ਰਿੰਗਨਿ ਪਾਏ[2]। ਭੂਖਨ ਟਲਕਾ ਆਦਿ ਸੁਹਾਏ। ਸਿਵਕਾਦਿਕ
ਜਟਤੀ ਨਗ ਕਰੇ। ਮੁਕਰ ਚੁਕੋਨ ਗੋਲ ਬਰ ਜਰੇ[3] ॥੧੮॥ ਝਾਲਰ ਜ਼ਰੀ
ਗੁੰਫ[4] ਲਰਕਾਏ। ਮੁਕਤਾ ਲਰੀ ਬ੍ਰਿੰਦ ਛਬਿ ਛਾਏ।ਉਚਿਤ ਸਮਿੱਗ੍ਰੀ ਸਾਥ
ਉਠਾਵਨਿ। ਸਭਿ ਕੋ ਕੀਨੇ ਭਾਰ ਬੰਧਾਵਨਿ ॥ ੧੯ ॥ ਸੁਨਿ ਤਯਾਰੀ ਕੋ
ਸੰਗਤਿ ਆਈ। ਮਸਤਕ ਟੇਕਹਿਂ ‘ਦਿਹੁ ਵਥੁ ਕਾਈ[5]। ਅੰਗ ਸੰਗ ਜੋ
ਲਾਗੀ ਗੁਰ ਕੇ। ਜਿਸ ਤੇ ਲਹੈਂ ਮਨੋਰਥ ਉਰ ਕੇ॥੨੦॥ ਤੁਮ ਸਮ ਪੂਜਹਿਂ
ਦਰਸ਼ਨ ਕਰੈਂ। ਰਿਦੈ ਭਾਵਨਾ ਸੰਗਤਿ ਧਰੈ’। ਸੁਨਿ ਸ਼੍ਰੀ ਤੇਗ ਬਹਾਦਰ
ਨੰਦਨ। ਦਿਯੋ ਪੰਘੂਰਾ ਸਿੱਖਨਿ ਬੰਦਨ[6] ॥ ੨੧ ॥ ‘ਬਾਲਿਕ ਬਧ ਹਮ
ਇਸ ਪਰ ਰਹੇ। ਸ਼ਰਧਾ ਧਰਹੁ ਕਾਮਨਾ ਲਹੋ’। ਸਹਿਤ ਮਸੰਦਨ ਆਇਸੁ
ਮਾਨੀ। ਰਖ੍ਯੋ ਪੰਘੂਰਾ ਜਨਮ ਸਥਾਨੀ ॥ ੨੨ ॥ ਅਜ ਲੌ ਅਹੈ ਸੁਨ੍ਯੋ
ਹਮ ਕਾਨ। ਅਭਿਖੇਕਤਿ ਸਿਖ ਗੁਰੂ ਸਮਾਨ। ਜਨਮ ਥਾਨ ਜੋ ਦਰਸ਼ਨ
ਕਰਿ ਹੈ। ਜਨਮ ਜਨਮ ਕੇ ਕਲਮਲ ਹਰਿ ਹੈ ॥ ੨੩ ॥ ‘ਸ਼੍ਰੀ ਗੁਰ ਤੇਗ-
ਬਹਾਦਰ ਜਹਾਂ। ਚਲਨਿ ਸਮੈ ਉਤਰੇ ਸੁਖ ਲਹਾ। ਤਹਾ ਪ੍ਰਥਮ ਡੇਰਾ ਠਹਿ-
ਰਾਯਹੁ[7]। ਸਭਿ ਸੰਗਤਿ ਕੋ ਭਾਖਿ ਸੁਨਾਯਹੁ ॥੨੪॥ ਜੇਤਿਕ ਸ਼ਸਤ੍ਰ ਸੰਚਿ
ਨਿਜ ਕਰੇ।ਸੋ ਸੰਦੂਖ ਮਹਿਂ ਸਾਦਰ ਧਰੇ। ਦਾਸਨ ਕੇ ਸਿਰ ਪਰ ਧਰਿਵਾਇ।
ਕਹਿ ਕਰਿ ਪੂਰਬ ਦਿਏ ਪਠਾਇ ॥ ੨੫ ॥ ਅਪਰ ਸਮਿੱਗ੍ਰੀ ਚਲਿ ਚਲਿ
ਤਹਾਂ। ਆਨਿ ਪਹੂੰਚੇ ਡੇਰੇ ਜਹਾਂ। ਬਾਲਿਕ ਖੇਲਤਿ ਸੋ ਸਭਿ ਆਏ।
ਹਾਥ ਜੋਰਿ ਬੰਦਹਿਂ ਸਮੁਦਾਏ ॥੨੬॥ ਸਯਾਨੇ ਭਨਹਿਂ ਤਿਨਹੁ ਮਹਿਂ ਐਸੇ[8]।
‘ਕਰੀ ਸਭਿਨਿ ਸੋਂ ਗੋਬਿੰਦ ਜੈਸੇ[9]। ਜਬਿ ਸੁਧਿ ਭਈ ਤਯਾਗ ਕਰਿ ਗਏ।

---

[1]ਉੱਚੀਆਂ ਕੰਨ੍ਹਾਂ ਵਾਲੇ ਤੇ ਬਲੀ ਵਡੇ ਵਡੇ ਬੈਲ। [2]ਸੋਨਿਆਂ ਦੀਆਂ ਸਾਮਾਂ ਸਿੰਗਾਂ ਪਰ ਪਾਈਆਂ ਹਨ। [3]ਸ਼ੀਸ਼ੇ ਚੁਕੋਨੇ ਤੇ ਗੋਲ ਸੁਹਣੇ ਸੁਹਣੇ ਜੜੇ ਹੋਏ। [4]ਗੁੱਛੇ। [5](ਸਾਨੂੰ ਪੂਜਣੇ ਵਾਸਤੇ) ਕੋਈ (ਨਿਜ ਦੀ) ਵਸਤੂ ਦੇਵੋ [6]ਸਿੱਖਾਂ ਦੇ ਨਮਸਕਾਰ ਕਰਨੇ ਲਈ। [7]ਭਾਵ ਓਥੇ ਡੇਰਾ ਕਰੋ। [8]ਤਿਨ੍ਹਾਂ ਵਿਚ ਜੋ ਸਿਆਣੇ ਸਨ ਓਹ ਐਉਂ ਕਹਿੰਦੇ ਹਨ। [9]ਕ੍ਰਿਸ਼ਨ ਨੇ ਜਿਵੇਂ।

ਬਿੰਦ੍ਰਾਬਨ ਬਾਸੀ ਦੁਖ ਲਏ॥੨੭॥ ਮਥੁਰਾ ਜਾਇ ਬਸੇ ਤਤਕਾਲਾ। ਬਾਲ ਸਖਾ ਸਭਿ ਭਏ ਬਿਹਾਲਾ। ਤਿਨਹੁੰ ਮਨਿੰਦ ਨਾਮ ਇਨ ਕੇਰਾ। ਕ੍ਰਿਆ ਬਿਖੈ ਭੀ ਸਮ ਹੀ ਹੇਰਾ॥ ੨੮ ॥ ਪ੍ਰੇਮ ਦਾਨ ਸੋਂ ਬੰਧਨ ਧਰੇ[1]। ਬਿਛੁਰਤਿ ਬਹੁਰ ਤਯਾਗ ਕਹੁ ਕਰੇ। ਦੋਨਹੁੰ ਜਨੁ ਇਕ ਪਾਟੀ ਪਢੇ[2]। ਮਿਲ ਸਭਿ ਕੇ ਮਨ ਲੇਵਤਿ ਕਢੇ ॥੨੯॥ ਸੋਈ ਆਨਿ ਲੀਨਿ ਅਵਤਾਰ। ਨਿਸ਼ਚੈ ਜਾਨੇ ਪਰਹਿੰ ਬਿਹਾਰ'। ਬ੍ਰਿਹੁ ਕੋ ਸੰਕਟ ਜਿਮ ਘਨਸ਼ਯਾਮੂ। ਤਿਮ ਪਟਣੇ ਮਹਿਂ ਸਿੱਖਜਨਿ ਧਾਮੂ ॥੩੦॥ਸ਼ਾਹੁਨਿ ਕੇ ਸੁਤ ਕੇਤਿਕ ਕਹੈਂ। 'ਹਮ ਤੌ ਇਨ ਕੇ ਸੰਗ ਹੀ ਰਹੈਂ। ਜਬਿ ਇਸ ਦੇਸ਼ ਆਇ ਹੈਂ ਫੇਰੇ[3]। ਨਿਜ ਸਨਬੰਧਨਿ ਕੋ ਪੁਨ ਹੇਰੇਂ[4]'॥੩੧॥ਤਿਨ ਕੇ ਮਾਤ ਪਿਤਾ ਸਮੁਝਾਵੈਂ। 'ਹੇ ਸੁਤ ! ਅਬਿ ਇਹ ਫੇਰ ਨ ਆਵੈਂ। ਹਮਰੇ ਬਡੇ ਭਾਗ ਜੇ ਹੋਤਿ। ਇਹਾਂ ਬਸਤਿ ਪਿਖਿ ਅਨੰਦ ਉਦੋਤਿ'॥੩੨॥ਕੇਤਿਕ ਨਿਜ ਪੁੱਤ੍ਰਨਿ ਗਹਿ ਰਾਖਹਿਂ। ਜੋ ਗੁਰ ਸੰਗ ਗਮਨ ਅਭਿਲਾਖਹਿਂ। ਟਿਕਹਿਂ ਨਹੀਂ, ਰੋਦਨ ਕੋ ਕਰਿ ਹੀਂ। ਬਾਰਿ ਬਾਰਿ ਸਮੁਝਾਇ ਸੁਧਰਿਹੀਂ ॥੩੩॥ ਨਿਜ ਪਰੋਸ ਮਹਿਂ[5] ਬਿਰਧਾ ਜੋਈ। ਜਿਸਹਿ ਖਿਝਾਵਹਿਂ ਸੋ ਦੁਖ ਪੋਈ[6]।ਬਹੁਤ ਬਿਨੈ ਕੋ ਕਰਤਿ ਬਖਾਨ। 'ਹੇ ਗੋਬਿੰਦ ! ਮਮ ਪ੍ਰੇਮ ਮਹਾਨ ॥ ੩੪ ॥ ਨਹਿਂ ਮਨ ਬਿਰਹਿ ਬਹੁਤ ਅਕੁਲਾਊਂ। ਬਾਰਿ ਬਾਰਿ ਕਹਿ ਕਿਸਹਿਂ ਬੁਲਾਊਂ'। ਇੱਤਯਾਦਿਕ ਬਹੁ ਪ੍ਰੇਮ ਕਰੰਤੀ। ਬਲਿਹਾਰੀ ਹੁਇ ਕਸ਼ਟ ਲਹੰਤੀ॥੩੫॥ਦੇਖਿ ਪ੍ਰੇਮ ਕੋ ਅਧਿਕ ਕ੍ਰਿਪਾਲਾ। ਕਹਯੋ ਬਾਕ 'ਹੁਇ ਸ਼੍ਰੇਯ ਬਿਸਾਲਾ। ਜਨਮ ਜਨਮ ਕੇ ਪਾਪ ਗਵੈ ਹੈਂ।ਜਗ ਮਹਿ ਫੇਰ ਨ ਫੇਰਾ ਪੈ ਹੈਂ' ॥੩੬॥ ਤਿਸਕੀ ਬਯ ਜੇਤਿਕ ਲਖਿ ਸ਼ੇਸ਼ੂ। ਦੀਨਸਿ ਘਰ ਤੇ ਦਰਬ ਵਿਸ਼ੇਸ਼ੂ।ਉਰ ਹਰਖਾਇ ਆਸ਼ਿਖਾ ਦੇਤਿ। ਲੋਕ ਪ੍ਰਲੋਕ ਭਲੇ ਸੁਖ ਲੇਤਿ ॥੩੭॥ ਅਪਰ ਨਿਕਟਿ ਜੇ ਪ੍ਰੇਮੀ ਮਹਾਂ। ਘਰ ਕੋ ਦ੍ਵਿਯ ਸਮਾਜ ਤਿਨ ਤਹਾਂ।ਵਧਯੋ ਬ੍ਰਿਹਾ ਕੋ[7] ਸੰਕਟ ਭਾਰੀ।ਮਿਲਿ ਸਮੂਹ ਆਏ ਨਰ ਨਾਰੀ ॥੩੮॥ ਬਨ ਮਹਿਂ ਰਾਮਚੰਦ ਜਿਮ ਜਾਤੇ। ਲੋਕ ਅਜੁੱਧਯਾ ਕੇ ਜਿਸ ਭਾਂਤੇ। ਕਿਸ ਕਿਸ ਕੀ ਬਿਰਥਾ ਅਬਿ ਲਿਖੀਅਹਿ। ਮਹਾਂ ਪ੍ਰੇਮ ਤੇ ਦੁਖ ਬਹੁ ਲਖੀਅਹਿ ॥ ੩੯ ॥ ਸੰਗਤਿ ਬਡੀ ਕਹਾਵਹਿ ਜਹਾਂ। ਚਢਿ ਕਰਿ ਗਮਨੇ

---

[1]ਬੰਨ੍ਹ ਕਰਕੇ। [2]ਦੋਨੋ (ਸਾਹਿਬਜ਼ਾਦੇ ਜੀ ਤੇ ਕ੍ਰਿਸ਼ਨ) ਮਾਨੋ ਇਕੋ ਪੱਟੀ ਪੜ੍ਹੇ ਹਨ। [3]ਫੇਰ ਆਉਣਗੇ। [4]ਆਪਣੇ ਸਬੰਧੀਆਂ ਨੂੰ ਤਦੋਂ ਮਿਲ ਲਵਾਂਗੇ। [5]ਗਵਾਂਢ ਵਿਚ। [6]ਉਹ ਦੁਖ ਨਾਲ ਪ੍ਰੋਤੀ ਗਈ। [7]ਵਿਛੋੜੇ ਦਾ।

ਸਤਿਗੁਰ ਤਹਾਂ। ਸੰਗ ਹਜ਼ਾਰੋਂ ਹੈਂ ਨਰ ਨਾਰੀ । ਬ੍ਰਿਹੁ ਤੇ ਪ੍ਰਾਪਤਿ ਸੰਕਟ ਭਾਰੀ॥੪੦॥ਚਢੀ ਨਾਨਕੀ ਸਯੰਦਨ ਮਾਂਹੀ॥ਗੁਜਰੀ ਡੋਰੇ ਚਢਿ ਚਲਿ ਤਾਂਹੀ। ਬੀਚ ਪਾਲਕੀ ਆਪ[1] ਸੁਹਾਏ।ਦੇਤਿ ਚਲੇ ਦਰਸ਼ਨ ਸਮੁਦਾਏ॥੪੧॥ਕੇਤਿਕ ਅਸਵਾਰੀ ਪਰ ਆਵਤਿ। ਦਰਸਹਿਂ ਏਕ ਰਾਤਿ ਸੁਖ ਪਾਵਤਿ । ਗਮਨਹਿਂ ਸੰਗ ਜੁ ਪਗ ਪਗ ਮਾਂਹਿ[2] । ਅਨਿਕ ਤੀਰਥਨਿ ਕੇ ਫਲ ਪਾਹਿਂ[3] ॥ ੪੨ ॥ ਦੁਰਲਭ ਦਰਸ਼ਨ ਕਰਿ ਹੈਂ ਨੀਕੇ । ਜੋ ਗੁਰ ਪੁਰਹਿਂ ਮਨੋਰਥ ਹੀਕੇ । ਪਰਯੋ ਬਿਹੀਰ ਗੁਰੂ ਕੇ ਪਾਛੈ । ਕੇਤਿਕ ਆਇ ਕਾਮਨਾ ਬਾਂਛੈ ॥ ੪੩ ॥ ਮ੍ਰਿਦੁ ਬਾਕਨਿ ਸੋਂ ਦੇ ਦੇ ਧੀਰ।ਮਾਰਗ ਚਲੇ ਗੁਰੂ ਨਰ ਭੀਰ।ਸੰਗਤਿ ਬਡੀ ਆਇ ਕਿਯ ਡੇਰਾ। ਉਤਰ ਪਰੇ ਸਗਰੇ ਤਿਸ ਬੇਰਾ ॥੪੪॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਗੋਬਿੰਦ ਸਿੰਘ ਜੀ ਗਮਨ' ਪ੍ਰਸੰਗ ਬਰਨਨੰ ਨਾਮ ਦੋਇ ਚਤ੍ਵਾਰਿੰਸਤੀ ਅੰਸੂ ॥ ੪੨ ॥

੪੩. [ਕਾਂਸ਼ੀ ਪੁੱਜੇ]।

ਦੋਹਰਾ॥ ਸਿਝ ਭਈ ਜਬਿ ਲੌ ਤਹਾਂ ਆਵਤਿ ਗਨ ਨਰ ਨਾਰਿ।ਗ਼ਨੀ ਗ਼ਰੀਬ ਸੁ ਪ੍ਰੇਮ ਮਨ ਮਿਲੇ ਭਾਉ ਕੋ ਧਾਰਿ ॥ ੧ ॥ ਚੌਪਈ ॥ ਤਹਿਂ ਕੀ ਸੰਗਤਿ ਸੇਵਾ ਠਾਨੀ । ਅਚਵਨਿ ਹੇਤੁ ਸਮਿੱਗ੍ਰੀ ਆਨੀ । ਚਾਵਰ,ਚੂਨ,ਦਾਰ,ਘ੍ਰਿਤ ਘਨੇ।ਆਨਤਿ ਧਰੇ ਚਾਵ ਚੌਗੁਨੇ[4]॥੨॥[5]-ਸਤਿਗੁਰ ਉਤਰੇ ਮਾਤਨਿ ਸਾਥ। ਆਇ ਕਦਾਚਿਤ[6] ਪੁਨ ਕਬਿ ਨਾਥ[7] । ਬਡੇ ਧਨੀ ਸਿਖ ਚਲਿ ਕਰਿ ਆਏ। ਚਹਯੋ ਸਭਿਨਿ ਕੋ ਦੈਂ ਤ੍ਰਿਪਤਾਏ[8] ॥ ੩ ॥ ਸੁਜਸੁ ਨਗਰ ਮਹਿਂ ਵਧਹਿ ਹਮਾਰੇ-।ਇੱਤਾਦਿਕ ਗੁਨ ਬਹੁਤ ਬਿਚਾਰੇ।ਸੇਵਾ ਸਰਬ ਦਰਬ ਤੇ ਆਦਿ । ਅਰਪਿ ਬਿਲੋਕੇ[9] ਗੁਰ ਅਹਿਲਾਦ॥ ੪ ॥ ਅਨਿਕ ਪ੍ਰਕਾਰਨ ਕੇ ਉਪਹਾਰੇ। ਲਗੇ ਗੁਰੂ ਕੇ ਅੱਗ੍ਰ ਅੰਬਾਰੇ[10] । ਆਇ ਤਿਹਾਵਲ ਅਰੁ ਪਕਵਾਨ ।ਬਿਟਹਿਂ ਦੋਂ ਸਭਿ ਸਿੱਖਨਿ ਪਾਨ ॥ ੫ ॥ ਭੀਰ ਅਧਿਕ ਕੁਛ ਵਾਰ ਨ ਪਾਰਾ। ਬਹੁ ਕੋਸਨਿ ਲੌ ਨਗਰ ਉਦਾਰਾ । ਸਿੱਖ ਹਜ਼ਾਰਨਿ ਕੇ ਘਰ ਤਹਾਂ। ਸੁਨਿ ਗੁਰ ਗਮਨ ਆਇ ਜਹਿਂ ਕਹਾਂ ॥ ੬ ॥ ਬਿਨੈ ਬਖਾਨਹਿਂ ਅਨਿਕ ਪ੍ਰਕਾਰ । 'ਪ੍ਰਭੁ ਜੀ ! ਹਮ ਕੋ ਚਲੇ ਵਿਸਾਰ । ਪੁਰਹਿਂ ਮਨੋਰਥ ਕਰਿ ਅਰਦਾਸ । ਅਬਿ ਹਮ ਜਾਇਂ ਕੌਨ ਕੇ ਪਾਸ ॥੭॥ ਸ੍ਵਾਮੀ ਨਿਕਟਿ,ਚਹਿਤਿ ਲੇਂ ਜਾਚਾ। ਹੋਹਿ ਦੂਰ ਕਯਾ ਕਰਹਿਂ ਉਬਾਚਾ[11]'।ਸਤਿਗੁਰ ਕਹਯੋ 'ਜਨਮ ਇਸਥਾਨ।

---

[1] ਸਾਹਿਬਜ਼ਾਦੇ ਜੀ।[2] ਜੇਹੜੇ (ਨਾਲ)ਨਾਲ ਰਾਹ ਵਿਚ ਇੱਕ ਇਕ ਕਦਮ ਚਲਦੇ ਹਨ। [3] ਪਾਉਂਦੇ ਹਨ। [4] ਚੌਗੁਣੇ ਚਾਉ ਨਾਲ ਲਿਆ ਕੇ ਧਰਦੇ ਹਨ। [5] ਸੰਗਤ ਵਿਚਾਰਦੀ ਹੈ। [6] ਕਦੀ ਕੁ ਆਏ ਹਨ। [7] ਫੇਰ ਨਾਥ ਜੀ ਕਦੋਂ (ਔਣ ?)। [8] ਜੋ (ਕੁਛ ਕਿਸੇ ਨੂੰ) ਚਾਹੀਦਾ (ਭਾਵ ਲੋੜ) ਹੈ, ਸਾਰਿਆਂ ਨੂੰ ਦੇਕੇ ਤ੍ਰਿਪਤ ਕਰ ਦੇਈਏ। [9] ਦਰਸ਼ਨ ਕੀਤੇ। [10] ਢੇਰ। [11] ਕੀ ਕਹਿ ਸਕਾਂਗੇ।

ਕਰਹੁ ਬੇਨਤੀ ਤਹਾਂ ਬਖਾਨਿ ॥ ੮ ॥ ਸਰਬ ਕਾਮਨਾ ਮਨ ਕੀ ਪੂਰਾ। ਕਰਯੋ ਸਥਾਪਨ ਅਪਨਿ ਪੰਘੂਰਾ । ਬੈਠੋ ਜਹਿਂ ਹਮਰੋ ਧਰਿ ਧ੍ਯਾਨ । ਕਰਹੁ ਬੇਨਤੀ ਜੋਰਹੁ ਪਾਨ ॥ ੯ ॥ ਗੁਰ ਸਭਿ ਥਾਨ, ਬਹਿਰ ਕ੍ਯਾ ਭੌਨ[1]। ਮੁਖ ਤੇ ਕਹੈਂ ਕਿ ਧਰਿ ਕਰਿ ਮੌਨ ।ਸਤਿਗੁਰ ਜਾਨਹਿਂ ਸਭਿ ਕੇ ਮਨਕੀ। ਕ੍ਯੋਂ ਨ ਪੁਰਹਿਂਗੇ ਆਸਾ ਜਨ ਕੀ' ॥ ੧੦ ॥ ਸਹਿਤ ਮਸੰਦਨਿ ਸੰਗਤਿ ਸੁਨਿਕੈ। ਬਿਸਮਾਨੇ ਪੂਰਨ ਗੁਰ ਗੁਨਿਕੈ।–ਲਘੁ ਬਯ ਮਹਿਂ ਬਹੁ ਸੁਮਤਿ ਬਤਾਵੈਂ। ਨਿਜ ਸਿੱਖ੍ਯਨਿ ਕੀ ਸੂਧ ਜਨਾਵੈਂ ॥ ੧੧ ॥ ਕ੍ਯੋਂ ਨ ਕਹੈਂ, ਕ੍ਯਾ ਅਚਰਜ ਮਾਨੋ। ਸਤਿਗੁਰ ਕੇ ਨੰਦਨ ਪਹਿਚਾਨੋ–। 'ਧੰਨ ਧੰਨ' ਕਰ ਜੋਰਿ ਬਖਾਨੈਂ। ਬ੍ਰਿਹੁ ਤੇ ਤਊ ਮਹਾਂ ਦੁਖ ਜਾਨੈਂ ॥ ੧੨ ॥ ਅਨਿਕ ਪ੍ਰਕਾਰਨ ਕਰੇ ਅਹਾਰਾ। ਆਨਯੋ ਗੁਰ ਕੇ ਢਿਗ ਭਰਿ ਥਾਰਾ । ਤੁਰਸ਼[2] ਮਧੁਰ[3] ਚਰਪਰਾ[4] ਬਨਾਇ। ਮੇਵਾ ਬ੍ਰਿੰਦ ਗਿਰੀ ਗਨ ਪਾਇ॥ ੧੩॥ ਬਹੁ ਬਿਧਿ ਕੇ ਚਾਵਰ ਕਰਿਵਾਏ। ਪਤਰੇ[5], ਬਡ[6] ਖੁਸ਼ਬੋਇ ਉਠਾਏ[7]। ਮਧੁਰ, ਸਲਵਣ ਘ੍ਰਿੱਤ ਭੁੰਜਵਾਏ। ਸੂਪਕਾਰ ਮਤਿ ਚਤੁਰ ਬਨਾਏ ॥੧੪॥ ਆਨਿ ਮੁਰੱਬੇ ਜੇ ਫਲ ਨਾਨਾ[8]। ਅਨਿਕ ਅਚਾਰਨ ਲ੍ਯਾਵਨਿ ਠਾਨਾ। ਕਹਿਂ ਲੌ ਗਿਨੌਂ ਅਨੇਕ ਪ੍ਰਕਾਰਾ। ਤ੍ਰਿਪਤਾਏ ਸਭਿ ਦੀਨਿ ਅਹਾਰਾ ॥੧੫॥ ਜਿਤਨੀ ਸੰਗ ਸੰਗਤਾਂ ਆਈ। ਇਕ ਸਮ ਸਭਿਨਿ ਦੇਗ਼ ਬਰਤਾਈ। ਗੁਰੂ ਹੁਕਮ ਤੇ ਅਚਵਯੋ ਸਾਰੇ। ਦਿਯੋ ਨ ਕਰਿਬੇ ਕਿਸੈ ਅਹਾਰੇ[9]॥੧੬॥ਉਤਸਵ ਭਯੋ ਮਿਲਯੋ ਬਡ ਮੇਲਾ। ਚਹਿਂ ਦਰਸ਼ਨ ਤੇ ਜਨਮ ਸੁਹੇਲਾ। ਜਾਮ ਨਿਸਾ ਲੌ ਦੇਖਤਿ ਰਹੇ। ਬਹੁਰ ਨੀਂਦ ਸੁਖ ਕੋ ਉਰ ਲਹੇ ॥ ੧੭ ॥ ਨਿਜ ਨਿਜ ਥਾਨ ਜਥਾ ਸੁਖ ਸੋਏ। ਗੁਰ ਗੁਨ ਉਰ ਧਰਿ ਕਰਿ ਸਭਿ ਕੋਏ। ਜਾਮ ਨਿਸਾ ਤੇ ਆਸਾਵਾਰ। ਗਾਇਂ ਰਬਾਬੀ ਪ੍ਰੇਮ ਉਦਾਰ ॥ ੧੮ ॥ ਸੌਚ ਸ਼ਨਾਨ ਕਰੇ ਉਠਿ ਕਰਿ ਕੇ। ਸਿਮਰਹਿਂ ਸੱਤਿਨਾਮ ਗੁਰ ਹਰਿ ਕੇ[10]। ਗੁਰ ਜਾਗੇ, ਕਰਿ ਸੌਚ ਸ਼ਨਾਨਾ। ਪੋਸ਼ਿਸ਼ ਪਹਿਰੀ ਚਾਰੁ ਮਹਾਨਾ ॥ ੧੯ ॥ ਬਡੀ ਪ੍ਰਾਤਿ ਤੇ ਆਵਨਿ ਲਾਗੇ। ਧਰਹਿਂ ਉਪਾਇਨ ਮਨ ਅਨੁਰਾਗੇ। ਚਹੁੰਦਿਸ਼ਿ ਮਹਿਂ ਕਹਿ ਦਿਏ ਬਿਠਾਇ। ਨਿਜ ਨਿਜ ਦਿਸ਼ਿ ਗੁਰ ਮੁਖ ਦਿਖਰਾਇ ॥ ੨੦ ॥

---

[1]ਬਾਹਰ ਕੀ ਤੇ ਘਰ ਵਿਚ ਕੀ। [2]ਖੱਟਾ। [3]ਮਿੱਠਾ। [4]ਕਰਾਰਾ। [5]ਪਤਲੇ। [6]ਲੰਬੇ। [7]ਖੁਸ਼ਬੂ ਵਾਲੇ। [8]ਫਲਾਂ ਦੇ ਮੁਰੱਬੇ। [9]ਕਿਸੇ ਨੂੰ ਬੀ (ਆਪਣਾ) ਅਹਾਰ ਤਿਆਰ ਕਰਨ ਨਾ ਦਿੱਤਾ। [10]ਗੁਰਾਂ ਦੁਆਰੇ (ਪ੍ਰਾਪਤ ਹੋਇਆ) ਹਰੀ ਦਾ 'ਸਤਿਨਾਮ'।

ਧੀਰਜ ਦਈ ਸਭਿਨਿ ਕੋ ਤਬੈ। 'ਆਨਿ ਅਨੰਦ ਪੁਰਿ ਹੇਰਹੁ ਕਬੈ।ਜਨਮ ਭੂਮਿ ਪਟਣੇ ਮਹਿਂ ਮੇਰੀ। ਮਹਿਮਾ ਮਹਾਂ ਬਿਲੋਕਨਿ ਕੇਰੀ ॥ ੨੧॥ ਦਰ-ਸਹੁ ਨਿਤ ਹੀ ਨੇਮ ਨਿਬਾਹੋ।ਸ਼ਰਧਾ ਸਹਿਤ ਕਾਮਨਾ ਪਾਹੋ।ਹੁਇ ਬਿਸਾਲ ਪ੍ਰੇਮੀ ਸਿਖ ਜੋਇ। ਆਨਿ ਅਨੰਦਪੁਰਿ ਦਰਸੈ ਸੋਇ' ॥ ੨੨ ॥ ਇੱਤ੍ਯਾਦਿਕ ਕਹਿ ਦੈ ਦੈ ਧੀਰ। ਚਹੁੰਦਿਸ਼ਿ ਮਹਿਂ ਸੰਗਤਿ ਕੀ ਭੀਰ। ਚਢੇ ਪਾਲਕੀ ਮਹਿਂ ਤਤਕਾਲ।'ਗਮਨਹੁ' ਸਭਿ ਸੋਂ ਕਹ੍ਯੋ ਕ੍ਰਿਪਾਲੁ॥੨੩॥ ਪਰੇ ਪੰਥ ਸ੍ਯੰਦਨ ਅਰੁ ਡੋਰੇ। ਏਕ ਚਲੇ ਆਵਤਿ ਗੁਰ ਓਰੇ।ਇਕ ਕਰਿ ਕਰਿ ਬੰਦਨ ਮੁਰਿ ਪਰੇ। ਜਸੁ ਉਚਰਤਿ ਫਿਤਵਤਿ ਘਰ ਬਰੇ ॥ ੨੪ ॥ ਏਕ ਦੂਰ ਲੌ ਗੁਰ ਸੰਗ ਆਏ। ਕਹਿ ਬਹੁ ਬਾਰੀ ਸਿੱਖ ਹਟਾਏ। ਚਰਨ ਸਪਰਸਹਿਂ ਆਂਸੂ ਗੇਰਹਿਂ। ਇਕ ਥਿਰ ਰਹੇ, ਏਕ ਹਟਿ ਹੇਰਹਿਂ ॥ ੨੫ ॥ ਜੋ ਜਿਸ ਜੋਗ ਸੁ ਜਾਨਿ ਸੁਜਾਨਾ[1] ।ਸਿਰੋਪਾਉ ਦੈਬੋ ਤਿਸ ਥਾਨਾ। ਸਾਦਰ ਸਗਰੇ ਕਰੇ ਬਿਸਰਜਨ। ਲਖਿ ਸੁਭਾਵ ਉਰ ਹਰਖਤਿ ਗਨ ਜਨ ॥੨੬॥ ਕਰਤਿ ਪ੍ਰਸ਼ੰਸਾ ਸਦਨ ਸਿਧਾਰੇ। ਗੁਰ ਬ੍ਰਿਹੁ ਤੇ ਦੁਖ ਧੀਰਜ ਟਾਰੇ[2]।ਇਮ ਪਟਣੇ ਪੁਰਿ ਸੰਗਤਿ ਬਰੀ। ਘਰ ਘਰ ਸਭਿਨਿ ਬਾਰਤਾ ਕਰੀ ॥ ੨੭ ॥ ਸਿਵਕਾ ਪਰ ਗੁਰ ਕੀਨਿ ਪਯਾਨਾ ।ਨਰਨਿ ਉਠਾਇ ਸਮੱਗ੍ਰੀ ਨਾਨਾ।ਮਾਤ ਨਾਨਕੀ ਸ੍ਯੰਦਨ ਬਿਖੈ। ਪੌਤ੍ਰੇ ਕਹੁ ਪ੍ਰਤਾਪ ਬਡ ਪਿਖੈ॥੨੮॥ ਸ੍ਰੀ ਗੁਜਰੀ ਚਾਲੀ ਚਢਿ ਡੋਰੇ। ਗਮਨੇ ਮੁਖ ਕਰਿ ਪਸ਼ਚਮ ਓਰੇ। ਦੋਇ ਜਾਮ ਲੌ ਕੀਨਿ ਪਯਾਨੂ। ਡੇਰਾ ਕਰ੍ਯੋ ਢਰ੍ਯੋ ਜਬਿ ਭਾਨੂ ॥ ੨੯ ॥ ਖਾਨ ਪਾਨ ਸਗਰੋ ਕਰਿਵਾਏ। ਪਸ਼ੂਅਨਿ ਤ੍ਰਿਣ ਦਾਨਾ ਗਨ ਪਾਏ ।ਨਿਕਟਿ ਜਿ ਸਿਖ ਸੁਨਿ ਕਰਿ ਸਭਿ ਆਏ। ਅਪਰ ਅਕੋਰਨਿ ਦਰਸ਼ਨ ਪਾਏ ॥ ੩੦ ॥ ਇਸੀ ਰੀਤਿ ਗੁਰ ਮਾਰਗ ਚਾਲੇ। ਨਿਸ ਬਿਸਰਾਮ ਕਰਹਿਂ ਸੁਖ ਨਾਲੇ। ਦਿਨ ਮਹਿਂ ਗਮਨਹਿਂ ਮਗ ਜੁਗ ਜਾਮ[3]। ਨਿਸ ਸਿਖ ਧਾਮ ਨਗਰ ਕੈ ਗ੍ਰਾਮ[4] ॥ ੩੧ ॥ ਤਹਿਂ ਤੇ ਸੁਨਤਿ ਮਿਲੈਂ ਮੁਦ ਪਾਏ ।ਲਖਹਿਂ ਭਾਗ ਬਡ,ਪ੍ਰਭੁ ਢਿਗ ਆਏ। ਜਥਾ ਸ਼ਕਤਿ ਸਭਿ ਸੇਵਾ ਕਰੈਂ। ਕਰ ਜੋਰਹਿਂ ਪਦ ਪਰ ਸਿਰ ਧਰੈਂ ॥੩੨॥ ਦਿਨਪ੍ਰਤਿ ਕਰਹਿਂ ਕੂਚ ਮਗ ਚਾਲੈਂ । ਉਲੰਘਤਿ ਆਏ ਪੰਥ ਬਿਸਾਲੈ ।ਸਿਵ ਕੀ ਪੁਰੀ[5] ਮੁਕਤਿ ਦਾ ਪਾਵਨ। ਜਹਿਂ ਬਿੱਦ੍ਯਾ ਬਡ ਪਢਨਿ

[1]ਸੁਜਾਨ ਜੀ ਨੇ ਜਾਣਿਆ। [2]ਗੁਰਾਂ ਦੇ ਵਿਛੋੜੇ ਤੇ ਧੀਰਜ ਦੂਰ ਹੋਕੇ ਦੁਖ ਹੋਇਆ। [3]ਦੋ ਪਹਿਰ ਰਸਤਾ ਟੁਰਦੇ ਹਨ। [4]ਰਾਤ ਨੂੰ ਕਿਸੇ ਨੱਗਰ ਯਾ ਪਿੰਡ ਵਿਚ ਕਿਸੇ ਸਿਖ ਦੇ ਘਰ। [5]ਕਾਂਸ਼ੀ।

ਪ੍ਰਭਾਵਨਿ ॥ ੩੩ ॥ ਕੇਤਿਕ ਦਿਨ ਮਹਿਂ ਸੋ ਨਿਧਰਾਈ। ਜੁਗ ਮਾਤਨਿ ਸੋਂ ਕਹਤਿ ਸੁਨਾਈ। 'ਕੇਤਿਕ ਸਮੈ ਬਸੈਂ ਇਸ ਨਗਰੀ। ਮਹਿ ਮੰਡਲ ਮਹਿਂ ਮਹਾਂ ਉਜਗਰੀ ॥ ੩੪ ॥ ਗਨ ਗੁਨਵੰਤੇ ਦਿਜ ਤੇ ਆਦਿ। ਮਾਨਵ ਰਹੈਂ ਧਰੈਂ ਅਹਿਲਾਦ'। ਸੁਨਤਿ ਨਾਨਕੀ ਪੌਤ੍ਰ ਬਾਨੀ।ਹਰਖਤਿ ਹ੍ਵੈ ਕਰਿ ਨਿਕਟਿ ਬਖਾਨੀ॥ ੩੫ ॥'ਪਿਤਾ ਤੁਮਾਰੇ ਗਮਨਤਿ ਆਏ।ਹਮ ਸਭਿ ਸੰਗ ਤਬੈ ਦਰਸਾਏ। ਪ੍ਰੀਤਵਾਨ ਸੰਗਤਿ ਬਹੁ ਆਈ। ਕਰਯੋ ਕੀਰਤਨ ਉਰ ਹਰਖਾਈ ॥੩੬॥ ਹਾਥ ਜੋਰਿ ਰਾਖੇ ਦਿਨ ਕੇਤੇ।ਦਿਨ ਪ੍ਰਤਿ ਦਰਸਤਿ ਬਹੁ ਸੁਖ ਲੇਤੇ। ਅਬਿ ਤੁਮ ਕੋ ਮਿਲਿ ਹੈਂ ਸਭਿ ਆਏ।ਰਹਹੁ ਆਪ ਜੈਸੇ ਮਨ ਭਾਏ' ॥੩੭॥ ਇਮ ਬੋਲਤਿ ਬਿਗਸਤਿ ਬਹੁ ਭਾਂਤੀ।ਦਾਸਨਿ ਸਾਥ ਕਰਤਿ ਪੁਨ ਬਾਤੀ।ਕਾਸ਼ੀ ਵਹਿਰ ਆਇ ਕਰਿ ਖਰੇ। ਸਕਲ ਵਹੀਰ ਮਿਲਾਵਨਿ ਕਰੇ॥੩੮॥ਸੰਗਤਿ ਬਿਖੈ ਜਾਇ ਸੁਧਿ ਹੋਈ।ਉਰ ਧਰਿ ਹਰਖ ਤਨਾਰ ਸਭਿ ਕੋਈ।ਆਗੈ ਆਦਰ ਕੋ ਹਿਤ ਲੈਨਿ।ਸਭਿ ਗਮਨੇ ਸ਼ਰਧਾ ਮਨਭੇਨ[1]॥੩੯॥ ਮੇਵਨਿ ਕੀ ਡਾਲੀ ਗਨ ਲੀਨਿ।ਪੁਰਿ ਤੇ ਵਹਿਰ ਨਿਕਸਿਬੋ ਕੀਨਿ।ਗੁਰ ਕੇ ਸਨਮੁਖ ਸਭਿ ਚਲਿ ਆਏ। ਗਾਵਤਿ ਸ਼ਬਦ ਪ੍ਰੇਮ ਉਮਹਾਏ ॥ ੪੦ ॥ ਖਰੇ ਦੂਰ ਜਿਤ ਦਿਸ਼ਿ ਜਬਿ ਦੇਖੈਂ। ਭਯੋ ਸਭਿਨਿ ਆਨੰਦ ਬਿਸ਼ੇਖੈ।ਗੰਗਾ ਜਲ ਤਰਿਕੈ ਪਰਿ ਪਾਰ[2]।ਗਏ ਗੁਰੂ ਆਗਵਨ ਬਿਚਾਰਿ ॥ ੪੧ ॥ ਬੰਦਨ ਕਰਿ ਡੇਰਾ ਕਰਿਵਾਏ। ਆਗੈ ਮਿਲੇ ਅਪਰ* ਸਮੁਦਾਏ। ਖਰੇ ਨਿਕਟਿ ਨੰਮ੍ਰੀ ਸਿਰ ਹੋਏ।ਹਾਥ ਜੋਰਿ ਕਰਿ ਦਰਸ਼ਨ ਜੋਏ ॥ ੪੨ ॥ ।ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਗੁਰ ਗਮਨ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅੰਸੂ ॥੪੩॥

੪੪. [ਕਾਂਸ਼ੀ ਵਿੱਚ ਨਿਵਾਸ]।

ਦੋਹਰਾ ॥ ਮਿਲੇ ਕੀਨਿ ਸਭਿ ਬੰਦਨਾ ਸਿਖ ਕਰਿ ਕੈ ਉਰ ਭਾਉ। ਗਨ ਮੇਵੇ ਅਰਪਨ ਕਰੇ ਆਨੰਦ ਰਿਦ ਨ ਸਮਾਉ ॥ ੧ ॥ ਚੌਪਈ ॥ ਸਭਿਨਿ ਸੰਗ ਹੁਇ ਲਯਾਵਨਿ ਠਾਨੇ।ਡੇਰਾ ਕਰਿਵਾਯਹੁ ਸ਼ੁਭ ਥਾਨੇ।ਸੁੰਦਰ ਇਕ ਪ੍ਰਯੰਕ ਲੇ ਆਏ। ਉੱਜਲ ਆਸਤਰਨ ਕੋ ਛਾਏ॥ ੨ ॥ ਸ੍ਰੀ ਗੁਰ ਤੇਗਬਹਾਦਰ ਨੰਦਨ। ਬੈਠਾਰੇ ਕਰਿ ਸਿੱਖਨਿ ਬੰਦਨ। ਸਕਲ ਪੁਰੀ ਮਹਿਂ ਸੁਧਿ ਹੁਇ ਆਈ। ਦਰਸ਼ਨ ਹਿਤ ਸੰਗਤਿ ਉਮਡਾਈ ॥ ੩ ॥ ਆਪਸ ਬਿਖੈ ਭਨੈਂ ਨਰ ਨਾਰੀ। 'ਆਯੋ ਪ੍ਰਥਮ ਗੁਰੂ ਇਕ ਬਾਰੀ। ਜਿਹ ਸ੍ਰੀ ਤੇਗਬਹਾਦਰ ਨਾਮੂ।ਤਿਨ ਕੋ ਇਹ ਨੰਦਨ ਅਭਿਰਾਮੂ॥੪॥ਜਿਨ ਕੋ ਦਰਸ਼ਨ ਪੁਰਵਹਿ

[1]ਸ਼ਰਧਾ ਵਿਚ ਮਨ ਭਿੱਜੇ ਹੋਏ। [2]ਪਾਰ ਪੈਕੇ। *ਪਾ:—ਆਨਿ।

ਸ੍ਵਾਰਥ। ਲੇ ਸ਼ਰਧਾਲੂ ਕਾਰ ਪਦਾਰਥ। ਘਰ ਮਹਿਂ ਚਲਿ ਕਰਿ ਨਵਨਿਧਿ ਆਈ।ਹੋਹਿ ਕੁਭਾਗੀ ਲੇਨਿ ਨ ਜਾਈ'॥੫॥ਇਮ ਕਹਿ ਲੇ ਲੇ ਕਰਿ ਉਪ-ਹਾਰ।ਮਿਲਿ ਕਰਿ ਚਲੇ ਬ੍ਰਿੰਦ ਨਰ ਨਾਰਿ।ਆਨਿ ਹਜ਼ਾਰਹੁਂ ਦਰਸ਼ਨ ਕਰੈਂ। ਭਾਂਤਿ ਭਾਂਤਿ ਕੀ ਭੇਟਨਿ ਧਰੈਂ॥ ੬ ॥ ਮੂਰਤਿ ਅਲਪ ਸਲੋਨੀ[1] ਦੇਖਿ। ਸ਼ੁਭ ਗੁਨ ਮਹਿਂ ਸਭਿਹੂੰਨਿ ਵਿਸ਼ੇਸ਼[2]। ਕਰਹਿਂ ਸਰਾਹਨਿ ਆਪਸ ਮਾਂਹੀ। 'ਇਹ ਗੁਰ ਜੋਧਾ ਬਨਹਿਂ ਮਹਾਂ ਹੀ॥੭॥ਮਹਾਂ ਪ੍ਰਤਾਪਵੰਤ ਮੁਖ ਦਿਪੈ। ਕਨੌਂ ਨ ਸ਼ੋਧ ਹੁਇ ਜੋ ਇਨ ਜਪੈ'। ਇਕ ਆਵਤਿ ਇਕ ਜਾਤਿ ਸਦਨ ਕੋ। ਇਕ ਦੇਖਤਿ ਹੈਂ ਗੁਰੂ ਬਦਨ ਕੋ ॥ ੮ ॥ ਸੰਧਯਾ ਲੌ ਮੇਲਾ ਬਡ ਹੋਵਾ। ਪਾਵਨ ਗੁਰ ਸਰੂਪ ਕਹੁ ਜੋਵਾ। ਦੇਗ਼ ਹੇਤੁ ਸਾਮਿੱਗ੍ਰੀ ਆਨੀ। ਚਾਵਰ ਚੂਨ ਘ੍ਰਿੱਤ ਮਿਸ਼ਟਾਨੀ ॥੯॥ ਜੇਤਿਕ ਖਰਚ ਖਾਨ ਹਿਤ ਜਾਨਾ। ਸ਼ੁਭ ਵਸਤੂਨ ਕੌ ਗਨ ਤਹਿਂ ਆਨਾ। ਬਿਬਿਧਿ ਬਿਧਿਨਿ ਕੇ ਬਨੇ ਅਹਾਰਾ।ਪਾਇਸ ਮਹਿਂ ਮੇਵਾ ਗਨ ਡਾਰਾ ॥ ੧੦ ॥ ਮਨ ਭਾਵਤਿ ਕਰਿ ਥਾਰ ਭਰਯੋ ਹੈ। ਸਤਿਗੁਰ ਅਚਵਨ ਤਬਹਿ ਕਰਯੋ ਹੈ। ਮਾਤਨ ਆਦਿ* ਮਨੁਜ ਸਮੁਦਾਏ। ਖਾਨ ਪਾਨ ਕਰਿ ਸਭਿ ਤ੍ਰਿਪਤਾਏ॥ ੧੧॥ ਸੁਪਤਿ ਜਥਾ ਸੁਖ ਨਿਸਾ ਬਿਤਾਈ। ਜਾਗੇ ਜਬਿ ਪ੍ਰਭਾਤਿ ਹੁਇ ਆਈ। ਸੌਚ ਸ਼ਨਾਨ ਠਾਨਿ ਗੁਰ ਬੈਸੇ। ਦਰ-ਸ਼ਨ ਹਿਤ ਪੁਨ ਆਵਹਿਂ ਤੈਸੇ[3]॥੧੨॥ਦਿਜ ਸਮੂਹ ਸੁਨਿ ਕਰਿ ਤਬਿ ਆਏ। ਦੇਖਤਿ ਨਮੋ ਕਰਹਿਂ ਸਿਰ ਨਿਆਏ। ਬੈਠੇ ਸਭਿ ਸਮੀਪ ਹਰਖਾਏ। ਕਹੈਂ 'ਪ੍ਰਥਮ ਤੁਮਰੇ ਪਿਤ ਆਏ ॥ ੧੩ ॥ ਕਰੇ ਪਰੋਹਤ ਤੀਰਥ ਕੇਰੇ[4]। ਦਿਯੋ ਦਾਨ ਹਮ ਕੋ ਬਹੁਤੇਰੇ। ਕਰਤਿ ਪ੍ਰਤੀਖਨ ਰਹੈਂ ਸਦਾਈ। ਗੁਰੂ ਬੰਸ ਆਵਹਿ, ਧਨ ਪਾਈਂ ॥ ੧੪॥ ਜਿਸਤੇ ਤ੍ਰਿਪਤ ਹੋਇ ਹਮ ਰਹੈਂ। ਅਪਰਨ ਤੇ ਨਹਿਂ ਜਾਚਾ ਲਹੈਂ[5]। ਜਗਤ ਸ਼ਿਰੋਮਣਿ ਪੂਜ ਸਭਿਨਿ ਕੇ। ਸਮਸਰ ਕਹੂੰ ਨ ਜਾਨਿਯ ਜਿਨਕੇ ॥ ੧੫ ॥ ਯਾਂ ਤੇ ਹਮ ਭੀ ਧੰਨ ਕਹਾਵੈਂ। ਦਰ-ਸ਼ਨ ਕਰਹਿਂ ਦਰਬ ਕੋ ਪਾਵੈਂ'। ਸੁਨਿ ਬ੍ਰਿਤਾਂਤ ਕੋ ਤਬਿ ਮੁਸਕਾਏ। 'ਕਹਾਂ ਜਾਚਤੇ ? ਦੇਹੁ ਬਤਾਏ॥੧੬॥ ਜੋ ਤੁਮ ਲੈਬੇ ਹੋਇ ਸੁ ਕਹੀਅਹਿ। ਨਹਿਂ ਪਰਵਾਹ ਗੁਰੂ ਘਰ ਲਹੀਅਹਿ। ਸ਼ਿਵ ਕੀ ਪੁਰੀ ਸੁ ਬਾਸ ਤੁਮਾਰਾ। ਸ਼ਾਸਤ੍ਰਨ ਕੀ ਵਿੱਦਯਾ ਸੁ ਉਦਾਰਾ' ॥ ੧੭ ॥ ਸੁਨਿ ਦਿਜਿ ਵਿੱਦਯਾਵਾਨ

[1]ਛੋਟੀ ਤੇ ਸੁੰਦਰ। [2]ਸਾਰਿਆਂ ਤੋਂ ਵੱਡੇ। [3]ਸਿੱਖ ਤਿਵੇਂ ਹੀ ਆਉਂਦੇ ਹਨ। [4]ਇਸ ਤੀਰਥ ਤੇ (ਆਪਣੇ) ਪ੍ਰੋਹਤ ਬਣਾਏ। [5]ਹੋਰਨਾਂ ਤੋਂ ਨਾ ਮੰਗੀਏ (ਫਿਰ)। *ਪਾ:-ਸੰਗਤਿ ਆਇ।

ਬਖਾਨੈਂ। 'ਹਮਹਿ ਦੇਹੁ ਸਰਬੰਸ ਮਹਾਨੈ। ਦੈਵਜੋਗ[1] ਆਗਮਨਿ ਤੁਮਾਰਾ। ਯਾਂ ਤੇ ਜਾਚਹਿਂ ਦਾਨ ਉਦਾਰਾ'॥੧੮॥ਤਬਿ ਸਤਿਗੁਰ ਬਾਨੀ ਤਿਮ ਮਾਨੀ। ਦੇ ਸਰਬੰਸ ਜੁ ਵਸਤੁ ਮਹਾਨੀ। ਸੁਨਤਿ ਮੋਦ ਬਿੱਪ੍ਰਨਿ ਕੋ ਹੋਵਾ। ਮਹਾਂ ਉਦਾਰ ਪ੍ਰਭੂ ਕਹੁ ਜੋਵਾ ॥੧੯॥ 'ਜੈਸੋ ਉੱਜਲ ਬੰਸ ਉਦਾਰਾ। ਤੈਸੋ ਸੁਠ ਸਰੂਪ ਅਵਿਤਾਰਾ। ਜਿਮ ਸਰੂਪ ਤਿਮ ਮਤਿ ਹੈ ਊਚੇ। ਜੈਸੀ ਮਤਿ ਤਿਮ ਗੁਨ ਬਹੁ ਸੂਚੇ॥੨੦॥ ਆਦਿ ਉਦਾਰ ਸੂਰਤਾ[2] ਲਹੈਂ। ਬਾਲਿਕ ਬਯ ਮਹਿਂ ਇਸ ਬਿਧਿ ਅਹੈਂ'।ਤਬਿ ਸ੍ਰੀ ਸਤਿਗੁਰ ਗੰਗਾ ਤੀਰ। ਗਮਨੇ ਸੰਗ ਦਿਜਨ ਕੀ ਭੀਰ ॥ ੨੧॥ ਕਰਿ ਸ਼ਨਾਨ ਕੋ ਬੰਸਵਤੰਸ[3]। ਦੀਨਿਸਿ ਦਾਨ ਤਬਹਿ ਸਰਬੰਸ*।ਬਿੱਪ੍ਰਨ ਬਹੁ ਅਨੰਦ ਕੋਪਾਇ।ਲੇ ਸਭਿਵਸਤੁ ਦਰਬ ਸਮੁਦਾਇ ॥ ੨੨॥ ਉਸਤਤਿ ਕਰੀ ਅਨੇਕ ਪ੍ਰਕਾਰਾ। ਲੇ ਕਰਿ ਗਮਨੇ ਕਈ ਹਜ਼ਾਰਾ। ਸਗਰੀ ਪੁਰੀ ਰੁੱਦ੍ਰ ਕੀ ਬੀਚ। ਕੀਰਤਿ ਕਰਤਿ ਊਚ ਅਰੁ ਨੀਚ॥ ੨੩॥ਜਬਿ ਗੁਰ ਸਭਿ ਕਿਛ ਦੀਨੋ ਦਾਨ।ਸੰਗਤਿ ਗਨ ਮਸੰਦ ਸੁਨਿ ਕਾਨ। ਵਸਤੁ ਬਟੋਰਨਿ ਕੀਨਿ ਘਨੇਰੀ। ਘਨੇ ਬਸਤ੍ਰ ਆਨੇ ਤਿਸ ਬੇਰੀ ॥ ੨੪॥ ਦਰਜ਼ੀ ਲਗਾਇ ਸਿਵਾਵਨਿ ਕਰੇ। ਬਾਹਨ ਮੋਲ ਆਨਿਬੋ ਕਰੇ। ਦਿਨ ਕੇਤਿਕ ਇਮ ਬੀਤੇ ਜਬੈ।ਨਿਕਟਿ ਨਿਕਟਿ ਸੁਧਿ ਪਸਰੀ ਤਬੈ॥੨੫॥ ਜੌਨ-ਪੁਰੇ ਕੀ ਸੰਗਤਿ ਆਈ।ਗੁਰ ਕੀ ਕਾਰ ਦਰਬ ਗਨ ਲਯਾਈ।ਜੋ ਪ੍ਰੇਮੀ ਗੁਰ-ਬਖਸ਼ ਮਸੰਦ। ਸਭਿ ਮਹਿਂ ਮੁਖਿ ਧਰਿ ਆਇ ਅਨੰਦ ॥ ੨੬ ॥ ਗਾਵਤਿ ਸ਼ਬਦ ਹਜ਼ੂਰ ਪਹੂਚੇ। ਸੁਨਹਿਂ ਅਨੇਕ ਰਾਗ ਹੁਇ ਊਚੇ। ਕਰਿ ਦਰਸ਼ਨ ਕੋ ਅਰਪਿ ਅਕੋਰ। ਬੰਦਤਿ ਹੈਂ ਪਗ ਜੁਗ ਕਰ ਜੋਰਿ॥੨੭॥ਕਰੀ ਕਾਮਨਾ ਜਾਚਹਿਂ ਜੋਇ। ਪੂਰਤਿ ਭਏ ਪ੍ਰਭੂ ਤਬਿ ਸੋਇ। ਤੀਨ ਦਿਵਸ ਗੁਰ ਕੇ ਢਿਗ ਰਹੇ। ਜਥਾ ਜੋਗ ਸਿਰੁਪਾਉ ਸੁ ਲਹੇ ॥ ੨੮ ॥ 'ਬਾਲ ਆਰਬਲ ਸੁੰਦਰ ਸੂਰਤਿ। ਰਚੀ ਬਿਧਾਤੇ ਸਭਿ ਗੁਨ ਪੂਰਤਿ'। ਇੱਤਯਾਦਿਕ ਬਹੁ ਕਰਤਿ ਪ੍ਰਸ਼ੰਸ਼ਾ। 'ਹੁਇ ਹੈਂ ਸੋਢਿਬੰਸ ਅਵਿਤੰਸ਼ਾ'॥੨੯॥ ਭਯੋ ਦਰਬ ਗੁਰ ਨਿਕਟਿ ਘਨੇਰਾ। ਸਕਲ ਸਾਜ ਬਨਵਾਯਹੁ ਫੇਰਾ। ਬਹੁਰ ਚਲਨਿ ਕੀ ਕੀਨਸਿ ਤਯਾਰੀ। ਦੇ ਸਿਰੁਪਾਉ ਸੰਗਤਾਂ ਸਾਰੀ॥੩੦॥ਸੁਨਿ ਸੁਨਿ ਜਸੁ ਕੋ

[1]ਕੁਦਰਤ ਨਾਲ। [2]ਉਦਾਰਤਾ ਸੂਰਮਤਾ ਆਦਿ ਗੁਣ। [3]ਭਾਵ ਗੁਰੂ ਜੀ।

*ਦੇਖੋ ਰਾ: ੧੧, ਅੰ: ੫੭, ਅੰਕ ੯ ਤੇ ੧੮ ਦੀਆਂ ਹੇਠਲੀਆਂ ਟੂਕਾਂ। ਮਹਿਮਾ ਪ੍ਰਕਾਸ਼ ਵਿਚ ਇਹ ਪ੍ਰਸੰਗ ਹੈ ਨਹੀਂ। ਨਾਲੇ ਪੜ੍ਹੋ ਦਸਵੇਂ ਪਾਤਸ਼ਾਹ ਦਾ ਸ੍ਵੈਯਾ 'ਤੀਰਥ ਨਾਨ ਦਇਆ ਦਮ ਦਾਨ.........'।

ਨਰ ਸਮੁਦਾਏ। ਕਹਹਿਂ 'ਕਰਹੁ ਸਿਖ, ਸ਼ਰਨੀ ਆਏ'। ਦੇਖਿ ਭਾਉ ਤਿਨ ਕੇ ਮਨ ਕੇਰਾ।ਪਗ ਪਾਹੁਲ ਦੀਨਸਿ ਤਿਸ ਬੇਰਾ॥੩੧॥ਜਿਨ ਜਿਨ ਪੀਯਸਿ ਭੁਏ ਨਿਹਾਲ। ਗੁਰ ਪ੍ਰਭਾਉ ਕੋ ਲਖ੍ਯੋ ਬਿਸਾਲ। ਮਿਲਿ ਸੰਗਤਿ ਸਭਿ ਅਰਜ਼ ਉਚਾਰੀ। 'ਚਲਹੁ ਪ੍ਰਭੂ! ਅਬਿ ਪੁਰੀ ਮਝਾਰੀ॥ ੩੨॥ ਸਿਵਕਾ ਆਦਿ ਨਧੋ ਸਭਿ ਸਾਜ। ਊਪਰ ਚਢਿ ਚਾਲੇ ਮਹਾਰਾਜ। ਭੀਰ ਹਜ਼ਾਰਹੁਂ ਨਰ ਕੀ ਸੰਗ। ਗਮਨੇ ਗੁਰੂ ਨਿਹਾਰਤਿ ਸੰਗ ॥੩੩॥ ਸੁਰਸਰਿ ਤੀਰ ਤਰੀ ਅਨੁਵਾਈ। ਉਤਰਨਿ ਪਾਰ ਅਰੂਢਿ ਗੁਸਾਈਂ। ਕੇਵਟ ਨਵਕਾ ਪਾਰ ਲੰਘਾਏ। ਦ੍ਰਬ ਦੀਨਿ ਬਹੁ, ਸੋ ਹਰਖਾਏ॥੩੪॥ ਜਿਸ ਜਿਸ ਗਰੀਅਨਿ ਜਾਹਿਂ ਅਗਾਰੀ।ਚਢੀ ਅਟਾਰਨਿ ਦਰਸਹਿਂ ਨਾਰੀ।ਜਿਮ ਘਨ ਮੈਂ ਤੜਿਤਾ[1] ਚਮਕਾਵੈ। ਬਿਸਦ ਸਦਨ ਮਹਿਂ ਤਥਾ ਸੁਹਾਵੈਂ[2] ॥ ੩੫ ॥ ਅਧਿਕ ਭੀਰ ਪੁਰਿ ਗਰੀਅਨਿ ਬੀਚ। ਬੰਦਤਿ ਦੂਰ ਊਚ ਅਰੁ ਨੀਚ। ਨਿਕਟਿ ਹੋਨਿ ਕੀ ਸ਼ਕਤਿ ਨ ਪਾਵੈਂ। ਨੀਠ ਨੀਠ ਗੁਰ ਅੱਗ੍ਰ ਸਿਧਾਵੈਂ ॥੩੬॥ਮਹਾਂ ਕੁਲਾ-ਹਲ ਪੁਰਿ ਮਹਿ ਹੋਵਾ। ਚਢਿ ਕੋਠਨਿ ਨਰ ਨਾਰਿਨ ਜੋਵਾ। ਪੁਸ਼ਪਨਿ ਬਰਖਾ ਕਹੁ ਬਹੁ ਡਾਰੈਂ। ਮੰਦ ਮੰਦ ਗਮਨੰਤਿ ਨਿਹਾਰੈਂ ॥੩੭॥ ਕਹੈਂ ਕਿ 'ਮਹਾਂਰਾਜ ਸਮ ਲੱਛਨ।ਬੈਸ ਤਰੁਨ ਹੁਇਂ ਬਡੇ ਬਿਚੱਛਨ[3]।ਕ੍ਰਿਪਾ ਦ੍ਰਿਸ਼ਟਿ ਦੇਖਤਿ ਸਭਿ ਓਰ। ਜਿਤ ਕਿਤ ਖਰੇ ਸਰਬ ਕਰ ਜੋਰਿ ॥ ੩੮ ॥ ਕਿਤਿਕ ਥਾਉਂ ਨਹਿ ਪ੍ਰਾਪਤਿ ਹੋਇ[4]। ਜਹਿਂ ਥਿਰਤਾ ਕਰਿ ਦਰਸ਼ਨ ਜੋਇ। ਤਿਸ ਛਿਨ ਜਿਨ ਜਿਨ ਸਤਿਗੁਰ ਹੇਰਾ। ਭਯੋ ਸਭਿਨਿ ਆਨੰਦ ਘਨੇਰਾ॥ ੩੯ ॥ ਜਿਸ ਨਹਿਂ ਪਿਖੇ ਰਹ੍ਯੋ ਪਛੁਤਾਵਤਿ। 'ਭਾਗ ਮੰਦ, ਹਮ ਲਹੇ ਨ ਆਵਤਿ'। ਜਾਤਿ ਬਜ਼ਾਰ ਬਿਖੇ ਸੁ ਨਿਹਾਰੈਂ। ਥਿਰੇ ਦੂਰ ਹੀ ਬੰਦਨ ਧਾਰੈਂ ॥੪੦॥ ਤੁੰਗ ਅਟਾ ਘਨ ਘਟਾ ਮਿਲੰਤੀ[5]। ਧੁਜ ਧਾਮਨ ਪਰ[6] ਗਨ ਫਹਿ-ਰੰਤੀ। ਮਨੋ ਪੰਖ ਕੋ ਲਾਇ ਚਹੰਤੀ[7]। ਉਡਹਿਂ ਗਗਨ ਕਹੁ ਇਮ ਦ੍ਰਿਸ਼-ਟੰਤੀ ॥੪੧॥ ਚਿੱਤ੍ਰਿਤਿ ਭੀਤ ਬਿਹੰਗ ਅਰੁ ਬਾਗ਼। ਅਧਿਕ ਸ਼ਿਵਾਲੇ ਪੂਜਨ ਲਾਗਿ। ਬਨਕ ਧਨਦ[8] ਸਮ ਬੈਠੇ ਬ੍ਰਿੰਦ। ਕਰਤਿ ਬਨਜ ਕੋ ਸੁਖੀ ਬਿਲੰਦ ॥੪੨॥ ਪਿਖਿ ਆਵਤਿ ਗੁਰ ਹ੍ਵੈ ਸਭਿ ਠਾਂਢੇ।ਹਾਥਨਿ ਜੋਰਿ ਨਮਹਿਂ ਮੁਦ ਬਾਢੇ। ਸਭਿ ਦਿਸ਼ਿ ਦੇਖਤਿ ਸਤਿਗੁਰ ਚਲੇ। ਸਭਿ ਭਾਖਤਿ 'ਹਮ

[1]ਬਿਜਲੀ। [2]ਉੱਜਲ ਘਰਾਂ ਵਿਚ ਤਿਵੇਂ (ਇਸਤ੍ਰੀਆਂ)ਸ਼ੋਭ ਰਹੀਆਂ ਹਨ। [3]ਚਤੁਰ। [4]ਕਈਆਂ ਨੂੰ ਥਾਂ ਹੀ ਨਹੀਂ ਮਿਲਦਾ। [5]ਉੱਚੀਆਂ ਅਟਾਰੀਆਂ ਬਦਲ ਦੀਆਂ ਘਟਾਂ ਨਾਲ ਛੁਹੰਦੀਆਂ ਹਨ। [6]ਘਰਾਂ ਉਪਰ ਝੰਡੀਆਂ। [7](ਅਟਾਰੀਆਂ) ਚਾਹੁੰਦੀਆਂ ਹਨ। [8]ਕੁਬੇਰ।

ਦਿਸ਼ਿ ਮੁਖ ਭਲੇ’ ॥ ੪੩ ॥ ਕਹੌਂ ਕਹਾਂ ਲੌ ਪੁਰਿ ਕੀ ਕਥਾ। ਉਤਸਵ ਭਯੋ ਕੁਲਾਹਲ ਜਥਾ।ਘਰ ਘਰ ਦਰ ਦਰ ਗੁਰ ਕੀ ਕੀਰਤਿ। ਕਾਂਸ਼ੀ ਬਿਖੈ ਮਹਾਂ ਬਿਸਤੀਰਤਿ ॥ ੪੪ ॥ ਅੰਤਰ ਪੁਰੀ ਉਤਾਰਨਿ ਕਰੇ। ਖਾਨ ਪਾਨ ਸੁਪਤੇ ਸੁਖ ਧਰੇ। ਭਈ ਪ੍ਰਾਤਿ ਤਯਾਰੀ ਕਰਿਵਾਈ। ਸਾਜੇ ਵਾਹਿਨ ਰੁਚਿਰ ਸੁਹਾਈ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ ‘ਸ੍ਰੀ ਗੁਰੂ ਗੋਬਿੰਦ ਸਿੰਘ ਕਾਂਸ਼ੀ ਪੁਰੀ ਪ੍ਰਵੇਸ਼ ਕਰਨਿ’ ਪ੍ਰਸੰਗ ਬਰਨਨੰ ਨਾਮ ਚਤੁਰ ਚੱਤ੍ਵਾਰਿੰਸਤੀ ਅੰਸੂ ॥ ੪੪ ॥

੪੫. [ਅਯੁੱਧਯਾ ਹੋਕੇ ਲਖਨੌਰ ਪੁੱਜੇ]।

ਦੋਹਰਾ ॥ ਸਗਰੀ ਨਿਸ ਮਾਹਿਂ ਸਿਖ ਮਿਲੈਂ ਸ਼ਬਦ ਅਨਿਕ ਬਿਧਿ ਗਾਇਂ। ਤਾਲ ਮ੍ਰਿਦੰਗ ਰਬਾਬ ਤੇ ਸਤਿਗੁਰ ਭਲੇ ਰਿਝਾਇਂ ॥ ੧ ॥ ਚੌਪਈ ॥ ਪ੍ਰਾਤਿ ਭਈ ਗੁਰ ਕੀਨਿ ਸ਼ਨਾਨੇ। ਸਿੱਖਜਨਿ ਚਰਨ ਪਖਾਰਨਿ ਠਾਨੇ। ਚਰਨੋ-ਦਕ ਲੈ ਨਿਜ ਨਿਜ ਧਾਮੂ। ਪਾਨ ਕਰਯੋ ਲੈ ਸ੍ਰੀ ਪ੍ਰਭੁ ਨਾਮੂ ॥ ੨ ॥ ਸਭਿ ਥਲ ਮਹਿ ਛਿਰਕਾਵਨਿ ਕਰਯੋ।ਸਹਤ ਕੁਟੰਬ ਸਿੱਖ ਗਨ ਤਰਯੋ। ਵਾਹਿਨ ਹੋਇ ਤਯਾਰ ਢਿਗ ਆਏ। ਦਾਸਨਿ ਗਨ ਕੋ ਬਹੁ ਹਰਖਾਏ ॥ ੩ ॥ ਦੈ ਧੀਰਜ ਸਭਿਹਿਨਿ ਇਕਸਾਰ। ਸਤਿਗੁਰ ਹੋਤਿ ਭਏ ਅਸਵਾਰ। ਨਿਕਸੇ ਕਾਂਸ਼ੀ ਪੁਰਿ ਕੋ ਛੋਰਾ। ਗਮਨੇ ਕਰਿ ਮੁਖ ਪਸ਼ਚਮਿ ਓਰਾ ॥ ੪ ॥ ਆਦਰ ਹੇਤੁ ਪੁਚਾਵਨਿ ਆਏ। ਖਰੇ ਕਰੇ ਕਹਿ ਗੁਰੁ ਸਮੁਦਾਏ। ਸਭਿ ਕੋ ਹਟਕਿ ਅਗਾਰੀ ਚਾਲੇ। ਸਯੰਦਨ ਮਾਤਨਿ ਆਵਤਿ ਨਾਲੇ ॥ ੫॥ ਅਪਰ ਬਿਹੀਰ ਸਕਲ ਚਲਿ ਆਵਾ। ਨਵੋਂ ਸਮਾਜ ਸਮੂਹ ਬਨਾਵਾ। ਇਸੀ ਰੀਤਿ ਮਾਰਗ ਮਹਿਂ ਚਲੇ। ਕਰਤਿ ਅਨੇਕ ਬਿਲਾਸਨਿ ਭਲੇ ॥ ੬॥ ਡੇਰਾ ਟਿਕਹਿ ਭਾਨੁ ਕੇ ਢਰੇ। ਗੁਰ ਆਗਵਨ ਜਿ ਸੁਨਿਬੋ ਕਰੇਂ। ਜਨੁ ਸਿੱਖਜਨਿ ਕੋ ਨਵਨਿਧਿ ਪਾਵੈ। ਆਨੰਦ ਧਾਰਿ ਧਾਇ ਢਿਗ ਆਵੈਂ ॥ ੭ ॥ ‘ਔਚਕ ਗੁਰ ਦਰਸ਼ਨ ਹਮ ਪਾਵਤਿ। ਜਿਨ ਹਿਤ ਕੋਸ ਹਜ਼ਾਰ ਸਿਧਾਵਤਿ। ਮਰੁ ਥਲ ਮਹਿਂ[1] ਜਿਮ ਪਾਵਤਿ ਮੇਵਾ। ਤਿਮ ਇਤ ਦੇਸ਼ ਦਰਸ ਗੁਰਦੇਵਾ’ ॥ ੮ ॥ ਲੈ ਲੈ ਅਨਿਕ ਅਕੋਰਨਿ ਮਿਲੈਂ।ਇਕਦੁਇ ਮਜਲ ਕਿਤਿਕ ਸੰਗ ਚਲੈਂ। ਬਿਬਿਧਿ ਬਿਧਿਨਿ ਕੀ ਸੇਵਾ ਠਾਨਹਿਂ। ਅੰਨ ਦੁਗਧ ਦਧਿ ਘ੍ਰਿਤ ਕੋ ਆਨਹਿਂ ॥ ੯॥ ਇਮ ਹੀ ਸਗਰੇ ਮਾਰਗ ਆਏ। ਪੂਰਹਿਂ ਕਾਮਨਾ ਜਨ ਸਮੁਦਾਏ। ਰਾਮ-ਚੰਦ ਕੀ ਨਗਰੀ ਔਧ[2]। ਬਸੇ ਜਹਾਂ ਬਹੁ ਬੀਤੀ ਔਧ[3] ॥ ੧੦ ॥ ਪਾਵਨਤਾ

[1]ਮਾਰੂ ਥਲਾਂ ਵਿਖੇ। [2]ਅਯੁੱਧਯਾ। [3]ਆਯੂ।

ਕੀ ਔਧ[1] ਮਨੋ ਹੈ। ਨਰ ਨਾਰਨਿ ਕੋ ਬਾਸ ਘਨੋ ਹੈ। ਤਿਸ ਪੁਰਿ ਮੈਂ
ਸਤਿਗੁਰੂ ਪ੍ਰਵੇਸ਼ੇ। ਸੁਧਿ ਕੋ ਸੁਨਿ ਸੁਨਿ ਸਿੱਖ ਅਸ਼ੇਸ਼ੇ ॥੧੧॥ ਧਾਇ ਧਾਇ
ਸਭਿ ਆਨਿ ਮਿਲੇ ਹੈਂ। ਕਰਿ ਬੰਦਨ ਦੇ ਭੇਟ ਭਲੇ ਹੈਂ। ਜੋ ਅਨਜਾਨ ਸੁ
ਬੂਝਹਿਂ ਆਪੀ। 'ਇਹ ਕੋ ਬਾਲਿਕ ਰੂਪ ਪ੍ਰਤਾਪੀ? ॥੧੨॥ ਸੁੰਦਰ ਮੂਰਤਿ
ਦਿਪਹਿ ਉਦਾਰਾ। ਲਖੀਅਤਿ ਕਿਸੂ ਦੇਵ ਅਵਤਾਰਾ[2]। ਜਿਸ ਤੇ ਨਰ
ਗਨ ਠਾਨਿ ਅਦਾਇਬ। ਬੰਦਹਿਂ ਚਰਨ ਕਮਲ ਜਨ ਸਾਹਿਬ[3]' ॥੧੩॥ਜੋ
ਸਿਖ ਜਾਨਹਿਂ ਤਿਨਹਿਂ ਸੁਨਾਵਹਿਂ। 'ਇਹ ਸਤਿਗੁਰ ਕੇ ਪੁੱਤ੍ਰ ਸੁਹਾਵਹਿਂ।
ਸ਼੍ਰੀ ਗੁਰ ਰਾਮਦਾਸ ਕੀ ਬੰਸ। ਇਹ ਬਿਧਿ ਤ ਸੁੰਦਰ ਅਵਿਤੰਸ਼ ॥ ੧੪ ॥
ਹਰਿਗੁਵਿੰਦਸ੍ਰੀ ਅਰਜਨ ਨੰਦਨ।ਜਿਨਹੁਂ ਤੁਰਕ ਗਨ ਕੀਨਿ ਨਿਕੰਦਨ।
ਤਿਨ ਕੇ ਸੁਤ ਸ਼੍ਰੀ ਤੇਗਬਹਾਦਰ। ਜਿਨਿ ਪਗ ਪੂਜਹਿ ਬਹੁ ਜਗ ਸਾਦਰ
॥੧੫॥ ਸੋ ਪੂਰਬ ਕੀ ਦਿਸ਼ਿ ਚਲਿ ਆਏ।ਤਿਨ ਕੇ ਸੁਤ ਸ਼੍ਰੀ ਗੁਜਰੀ ਜਾਏ।
ਅਬਿ ਨਿਜ ਦੇਸ਼ ਪੰਜਾਬ ਸਿਧਾਰੈਂ'। ਸੁਨਿ ਸੁਨਿ ਨਰ ਗਨਿ ਆਨੰਦ ਧਾਰੈਂ
॥ ੧੬ ॥ ਕੋ ਕਰ ਜੋਰਤਿ ਸੀਸ ਨਿਵਾਵਹਿਂ। ਕੋ ਧਰਿ ਚੌਪ ਅਕੋਰ ਚਢਾ-
ਵਹਿਂ। ਕ੍ਰਿਪਾ ਦ੍ਰਿਸ਼ਟਿ ਕੋ ਦੇਖਤਿ ਭਲੇ। ਪੁਰਿ ਬਜ਼ਾਰ ਗਰੀਅਨਿ ਮਹਿਂ
ਚਲੇ॥੧੭॥ਵਹਿਰ ਕਰਯੋ ਡੇਰਾ ਸ਼ੁਭ ਥਾਨ। ਉਤਰਿ ਪਰੇ ਸਤਿਗੁਰ ਭਗ-
ਵਾਨ। ਰੁਚਿਰ ਪ੍ਰਯੰਕ ਪੀਠ ਪਰ ਬੈਠੇ।ਤਹਿਂ ਕੇ ਸਿਖ ਗਨ ਹੋਇ ਇਕੈਠੇ
॥ ੧੮ ॥ ਸਭਿ ਸੇਵਾ ਹਿਤ ਚਲਿ ਕਰਿ ਆਏ। ਚਾਵਰ ਚੂਨ ਘ੍ਰਿਤਾਦਿਕ
ਲਯਾਏ। ਤ੍ਰਿਣ ਦਾਨਾ ਕਰਿ ਬਹੁਤ ਬਟੋਰਾ। ਬੰਦੇ ਚਰਨ ਕਮਲ ਕਰ
ਜੋਰਾ। ੧੯ ॥ ਕੁਸ਼ਲ ਪ੍ਰਸ਼ਨ[4] ਸੰਗਤਿ ਪ੍ਰਤਿ ਕੀਨਾ। ਸੁਨਿ 'ਅਨੰਦ'
ਸਭਿਹਿਨਿ ਕਹਿ ਦੀਨਾ।ਬੈਠੇਕਿਤਿਕ ਕਾਲ ਗੁਰ ਤੀਰ।ਭਈ ਆਨਿ ਕਰਿ
ਦੀਰਘ ਭੀਰ ॥ ੨੦ ॥ਹਰਖਤਿ ਸਭਿ ਦਰਸ਼ਨ ਕਹੁ ਕਰੈਂ। ਜਥਾ ਸ਼ਕਤਿ
ਭੇਟਨਿ ਕੋ ਧਰੈਂ। ਇਤਨੇ ਮਹਿਂ ਬੰਦਰ ਗਨ ਆਏ। ਤਿਨ ਕੋ ਦੇਖਿ
ਪ੍ਰਭੂ ਬਿਕਸਾਏ ॥ ੨੧ ॥ ਨਿਕਟਿ ਹੇਰਿਬੇ ਹੇਤੁ ਤਮਾਸ਼ਾ।ਚਨੇ ਗਿਰਾਵਤਿ
ਭੇ ਤਿਨ ਪਾਸਾ। ਖੇਬੇ ਹੇਤੁ ਧਾਇ ਮਿਲਿ ਗਏ। ਕੋ ਆਪਸ ਮਹਿਂ ਲਰਤੇ
ਭੁਏ ॥੨੨॥ਤਬਿ ਸਤਿਗੁਰ ਗੁੜ ਕੋ ਮੰਗਵਾਇ। ਪਿਖਿਨਿ ਲਰਾਈ ਦਿਯੋ
ਧਰਾਇ।ਤਬਿ ਕਪਿ ਕੂਦਿ ਪਰੇਬਲਵੰਤੇ।ਇਕਕਾਟਤਿ ਇਕ ਭਾਜਤਲੈਤੇ

[1]ਪਵਿੱਤ੍ਰਤਾ ਦੀ ਹਿਜ਼ਕ। [2]ਕਿਸੇ ਦੇਵ ਦਾ ਅਵਤਾਰ ਜਾਣੇ ਪੈਂਦੇ ਹਨ। [3]ਦਾਸ ਸੁਆਮੀ
(ਜਾਣਕੇ) ਚਰਨਾਂ ਕਮਲਾਂ ਤੇ ਬੰਦਨਾਂ ਕਰਦੇ ਹਨ। [4]ਸੁੱਖ ਸਾਂਦ ਦੀ ਪੁੱਛ।

॥੨੩॥ ਇਕ ਚੀਂਕਤ ਬਡ ਸ਼ਬਦ ਉਠਾਵੈਂ ।ਇਕ ਲਰ ਪਰੇ, ਛੀਨਿ ਇਕ ਖਾਵੈਂ। ਦੰਦ ਨਖਨ ਕੇ ਕਰਹਿਂ ਪ੍ਰਹਾਰਾ। ਨਿਕਸ੍ਯੋ ਸ਼੍ਰੋਣਿਤ ਕਿਸ ਤਨ ਫਾਰਾ ॥ ੨੪ ॥ ਬਦਨ ਨਿਤੰਬ ਲਾਲ ਜਿਨ ਰੰਗ। ਕ੍ਰੁੱਧਤਿ ਆਪਸ ਮਹਿਂ ਕਰਿ ਜੰਗ। ਦੇਖਿ ਦੇਖਿ ਸ਼੍ਰੀ ਗੁਰ ਬਿਕਸਾਵੈਂ ।ਮਾਤੁਲ਼ੌਸੰਗਕਹੈਂਦਿਖਰਾਵੈਂ ॥ ੨੫ ॥ ਦ੍ਵੈ ਘਟਕਾ ਲਗਿ ਪਰਚੇ ਰਹੇ। ਇਤ ਉਤ ਬਿਚਰਤਿ ਪੁਨ ਥਿਰ ਬਹੇ। ਜਥਾ ਜੋਗ ਸੰਗਤਿ ਕੇ ਸਾਥ। ਕ੍ਰਿਪਾ ਕਰਤਿ ਬੋਲੇ ਗੁਰਨਾਥ॥੨੬॥ ਸੰਧ੍ਯਾ ਭਈ ਸੁ ਭੋਜਨ ਭਯੋ। ਸੂਪਕਾਰ ਭਰਿ ਥਾਰਹਿ ਲਯੋ।ਆਨਿ ਅਚਾ-ਵਨ ਕਰਿ ਤ੍ਰਿਪਤਾਇ। ਭਈ ਜਾਮਨੀ ਗੁਰ ਸੁਪਤਾਏ ॥ ੨੭ ॥ ਪਹਿਰੂ-ਦਾਰ ਖਰੇ ਹੁਇ ਰਹੇ। ਸਗਰੀ ਵਸਤੁ ਸੁਚੇਤੀ ਲਹੇ। ਪੁਨਹਿ ਪ੍ਰਾਤਿ ਕੋ ਜਾਗਿ ਸ਼ਨਾਨੇ। ਕਰਿ ਤ੍ਯਾਰੀ ਮਾਰਗ ਪ੍ਰਸਥਾਨੇ ॥੨੮॥ ਗ੍ਰਾਮ ਨਗਰ ਮਗ ਕੋ ਉਲਘੰਤੇ। ਸਨੇ ਸਨੇ ਸੁਖ ਸਹਿਤ ਚਲੰਤੇ। ਹਰੀਦ੍ਵਾਰ ਸ਼੍ਰੀ ਗੰਗਾ ਜਹਾਂ। ਚਲਿ ਕਰਿ ਆਇ ਪਹੂੰਚੇ ਤਹਾਂ ॥ ੨੯ ॥ ਮਯਾਪੁਰੀ[1] ਕੋ ਮਹਾਂ ਮਹਾਤਮ। ਦਰਸ਼ਨ ਪਰਸਨ ਤੇ ਸੁਧ ਆਤਮ। ਉਤਰ੍ਯੋ ਸਿਵਰ ਗੁਰੂ ਕੋ ਆਇ। ਸੁਨਿ ਕਰਿ ਸਿਖ ਜੇ ਉਰ ਹਰਖਾਇ ॥੩੦॥ਦਰਸ਼ਨ ਦੇਖਿ ਦੇਖਿ ਸੁਖ ਪਾਯੋ। ਜਥਾ ਸ਼ਕਤਿ ਕਰਿ ਦਰਬ ਚਢਾਯੋ। ਅਪਰ ਸੇਵ ਕੋ ਕਰੀ ਸੰਭਾਰਨਿ। ਅਪਰ ਲੋਕ ਬਹੁ ਕਰਤਿ ਨਿਹਾਰਨਿ ॥ ੩੧ ॥ ਨਿਸਾ ਕੀਨਿ ਬਿਸਰਾਮ ਗੁਸਾਈਂ। ਪ੍ਰਾਤਿ ਉਠੇ ਕਰਿ ਸੌਚਿ ਸਬਾਈ[2]। ਸੁਰਸਰਿ ਪਾਵਨ ਜਲ ਮਹਿਂ ਮੱਜੈਂ। ਜਿਸ ਪਰਸੇ ਸਭਿ ਕੇ ਅਘ ਭੱਜੈਂ ॥ ੩੨ ॥ ਕਹਿ ਮਹਿਮਾ ਤਬਿ ਲੌ ਦਿਜ ਆਏ। ਜਾਚਤਿ ਭਏ ਦਰਬ ਸਮੁਦਾਏ। ਨਿਕਸਿ ਗੁਰੂ ਜਬਿ ਬਾਹਰਿ ਬੈਸੇ। ਦੀਨਸਿ ਧਨ ਲੇ ਆਨੰਦ ਜੈਸੇ॥ ੩੩ ॥ ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਕਰ੍ਯੋ ਕੂਚ ਪੁਨ ਪੰਥ ਸਿਧਾਏ। ਦੋਇ ਮਜਲ ਕਰਿ ਪਹੁੰਚੇ ਤਹਾਂ। ਸੂਰਜਸੁਤਾ[3] ਪ੍ਰਵਾਹਤਿ ਜਹਾਂ ॥ ੩੪ ॥ ਕਰਿ ਸ਼ਨਾਨ ਤਰਨੀ ਚਢਿ ਚਾਲੇ। ਸ਼੍ਯਾਮਲ ਜਲ ਅਵਿਲੋਕਿ ਬਿਸਾਲੇ। ਜਬਿ ਉਰਾਰ ਉਤਰੇ ਗੁਰ ਆਇ। ਸੰਗੀ ਪਹੁੰਚੇ ਤਬਿ ਸਮੁਦਾਇ॥ ੩੫॥ ਹੁਇ ਅਸਵਾਰ ਚਲਨਿ ਜਬਿ ਲਾਗੇ। ਪੰਥ ਬਹੀਰ ਪਯਾਨੋ ਆਗੇ[4]। ਤਬਹਿ

[1]ਮਾਯਾ ਪੁਰ, ਪੁਰਾਣੀ ਇਕ ਨਗਰੀ ਜਿਸ ਦੇ ਖੰਡਰਾਤ ਹਰਦਵਾਰ ਤੋਂ ਹੇਠਾਂ ਨੂੰ ਕਨਖਲ ਦੇ ਰਸਤੇ ਵਿੱਚ ਆਉਂਦੇ ਹਨ ਤੇ ਲੋਕੀ ਮਯਾ ਪੁਰੀ ਸਦਦੇ ਹਨ । (ਅ) ਕੋਈ ਕੋਈ ਭੀਮਗੋਡੇ ਦੇ ਉਤਰ ਨੂੰ ਬੀ ਕਹਿੰਦੇ ਹਨ ਪਰ ਇਹ ਠੀਕ ਨਹੀਂ । [2]ਸਾਰੀ। [3]ਜਮਨਾ। [4]ਵਹੀਰ ਅੱਗੇ ਰਾਹ ਵਿੱਚ ਗਿਆ।

ਪਿਤਾ ਕੇ ਆਇ ਸੰਦੇਸੋ।ਭੇਜੇ ਜਬਿ ਦਿੱਲੀਸੁ ਪ੍ਰਵੇਸ਼ੋ॥੩੬॥'ਤੁਮ ਕੋ ਆਵਤਿ ਲਗੀ ਅਵਾਰੀ। ਰਹੇ ਪ੍ਰਤੀਖਤ ਕਿਤਿਕ ਅਗਾਰੀ[1]। ਹਮ ਅਬਿ ਤੁਰਕੇਸ਼ੁਰ ਸਿਰ ਹੋਇ। ਤਜਹਿਂ ਸ਼ਰੀਰ ਲਖਹਿ ਸਭਿ ਕੋਇ॥ ੩੭ ॥ ਨਹੀਂ ਅਨੰਦ-ਪੁਰਿ ਕਰਹੁ ਪਯਾਨਾ। ਏਕ ਗ੍ਰਾਮ ਲਖਨੌਰ ਸਥਾਨਾ। ਤਹਿਂ ਮਸੰਦ ਜੇਠਾ ਇਕ ਬਾਸਹਿ। ਤਿਸ ਅਵਾਸ ਮਹਿਂ ਕਰਹੁ ਨਿਵਾਸਹਿ॥ ੩੮ ॥ ਪੁਨ ਸੁਧਿ ਪਠਹਿਂ ਤੁਮਾਰੇ ਪਾਸ। ਤਬਿ ਅਨੰਦ ਪੁਰਿ ਕਰਹੁ ਨਿਵਾਸ। ਤਾਵਤਿ ਬਸਹੁ ਗ੍ਰਾਮ ਤਿਸ ਮਾਂਹੀ।ਆਗੇ ਗਮਨ ਕਰਹੁ ਕਿਮ ਨਾਂਹੀ'॥੩੯॥ਸੁਨਤਿ ਨਾਨਕੀ ਮਨ ਬਿਸਮਾਈ। ਗੁਜਰੀ ਦ੍ਰਿਗ ਆਂਸੂ ਢਰਿ ਆਈ। ਸੰਕਟ ਬਡੋ ਪਾਇ ਭਰਿ ਸ੍ਵਾਸਾ। ਬਿਨਸਯੋ ਤੂਰਨ ਹੁਤੋ ਹੁਲਾਸਾ॥ ੪੦ ॥ ਪੁਨ ਬੂਝਯੋ ਸਿਖ 'ਕਿਮ ਇਹ ਹੋਵਾ? ਕਿਸ ਬਿਧਿ ਮਹਿਂ ਸਤਿਗੁਰ ਕੋ ਜੋਵਾ? ਸਰਬ ਬ੍ਰਿਤਾਂਤ ਸੁਨਾਵਹੁ ਹਮੈ।ਦਰਸ਼ਨਿ ਕਰਿ ਤਜਾਗੇ ਕਿਹ ਸਮੈ?'॥੪੧॥ ਜੁਗ ਮਾਤਾ ਸੁਤ ਢਿਗ ਹੁਇ ਤੀਨੋ। ਸਿਖ ਨੇ ਛੋਰਿ[2] ਪ੍ਰਸੰਗ ਕਹਿ ਦੀਨੋ। ਜਿਮ ਕਸ਼ਮੀਰ ਬਿੱਪ੍ਰ ਗਨ ਆਏ। ਅਹਿਦੀ ਜਿਮ ਤੁਰਕੇਸ਼ ਪਠਾਏ॥੪੨॥ 'ਸੈਫਾਬਾਦ ਚੁਮਾਸਾ ਬਾਸੇ। ਖੋਜਤਿ ਫੌਜ ਫਿਰੀ ਚਹੁੰ ਪਾਸੇ। ਆਪ ਆਗਰੇ ਕੋ ਪੁਨ ਗਏ।ਤੁਰਕਨਿ ਕੇ ਬਸਿ ਤਿਹ ਠਾਂ ਭਏ॥੪੩॥ਦਿੱਲੀ ਤੇ ਬਡ ਚਮੂੰ ਚਢਾਈ।ਅਧਿਕ ਸੁਚੇਤੀ ਕਰਿ ਲੇ ਆਈ।ਮੁਖ ਪ੍ਰਸੰਨ ਮੁਝ ਸੰਗ ਬਖਾਨਾ। ਮਗ ਮਹਿਂ ਮਿਲਹੁ ਜਾਇ ਕਿਸ ਥਾਨਾ॥ ੪੪॥ ਨਹੀਂ ਪੱਤ੍ਰਿਕਾ ਲਿਖਿਬੇ ਭਈ। ਬਾਕਨਿ ਸਾਥ ਖਬਰ ਪਠਿ ਦਈ'।ਸਾਸੂ ਨੁਖਾ ਚਿੰਤ ਬਸਿ ਭਾਰੀ। 'ਹੇ ਪ੍ਰਭੁ! ਕਹਾਂ ਕਰੀ ਗਤਿ ਨਜਾਰੀ' ॥੪੫॥ ਠਟਕ ਰਹੀ ਨਹਿਂ ਚਲਿਬੋ ਚਾਹਾ। ਮਨ ਬੂਡਯੋ ਬਡ ਕਸ਼ਟ ਪ੍ਰਵਾਹਾ। ਪੁਨ ਸਿਖ ਕਹਿ ਬਹੁ ਬਿਧਿ ਸਮੁਝਾਈ। 'ਇਮ ਤੁਮ ਕੋ ਅਬਿ ਨਹਿਂ ਬਨਿਆਈ॥੪੬॥ ਗੁਰੂ ਆਪ ਹੀ ਕਾਰਨ ਕੀਨਿ। ਤੁਮ ਕੋ ਹੁਕਮ ਜਥਾ ਬਿਧਿ ਦੀਨ। ਕਰਹੁ ਉਤਾਇਲ ਬਿਲਮ ਨ ਲਾਵਹੁ। ਪਹੁੰਚਹੁ ਤਿਸੀ ਗ੍ਰਾਮ ਥਿਰਤਾਵਹੁ॥ ੪੭ ॥ ਸਾਹਿਬ-ਜ਼ਾਦੇ ਕੋ ਪ੍ਰਿਤਪਾਰਹੁ। ਗੁਰ ਸਰੂਪ ਨਿਤ ਇਨਹਿਂ ਨਿਹਾਰਹੁ'। ਬਹੁਤ ਬਾਰਿ ਤਾਗੀਦ ਬਖਾਨੀ। ਕਰਹਿਂ ਨ ਚਿੰਤਾ ਸ਼ੋਕ ਮਹਾਨੀ॥ ੪੮ ॥ ਸੋ ਸਿਖ ਲੈਕੇ ਸੰਗ ਪਯਾਨੇ। ਪੰਥ ਉਲੰਘਿ ਪਹੁੰਚਿ ਤਿਸ ਥਾਨੇ। ਤਿਸ ਮਸੰਦ ਘਰ ਉਤਰੇ ਜਾਈ।ਆਨੰਦ ਪੁਰਿ ਸਭਿ ਵਸਤੁ ਪਠਾਈ॥ ੪੯ ॥ ਵਾਹਨ ਆਦਿ

[1]ਕਿਤਨਾ ਅੱਗੇ ਉਡੀਕਦੇ ਰਹੇ। [2]ਖੁਹਲਕੇ। ਸਾਰਾ। ਮੁੱਢੋਂ।

ਸਕਲ ਲੇ ਨਾਲ। ਗਮਨਯੋ ਗੁਰ ਮਾਤੁਲ ਜੁ ਕ੍ਰਿਪਾਲ। ਸਾਸੁ ਨੁਖਾ ਦੋਨਹੁੰ ਤਬਿ ਰਹੀ। ਸੁਤ ਜੁਤਿ, ਜਿਮ ਜਾਨਹਿ ਕੋ ਨਹੀਂ[1] ॥ ੫੦ ॥ ਪਗ ਬੰਦਨ ਜੇਠਾ ਕਰਿ ਪ੍ਰੀਤਿ। ਸੇਵਤਿ ਸਰਬ ਰੀਤਿ ਘਰ ਨੀਤ। ਨਹਿਂ ਕੋ ਜਾਨਿ ਸਕਯੋ ਇਤ ਦੇਸ਼। ਮਿਲਿ ਬਾਲਨਿ ਮਹਿਂ ਖਿਲਤਿ ਹਮੇਸ਼ ॥ ੫੧ ॥ ਦਿਨ ਪ੍ਰਤਿਵਧਹਿ ਸਰੀਰ ਬਿਸਾਲਹਿ।ਸ਼ੱਤ੍ਰਨ ਘਨੇ ਘਰਨਿ ਜੋ ਘਾਲਹਿਂ[2]। ਔਰ ਕਥਾ ਬਸਿਬੇ ਲਖਨੌਰ। ਕਹੌਂ ਫੇਰ ਜੋਂਹਿ ਅਵਸਰ ਠੌਰ[3]॥੫੨॥ਅਬਿ ਦਿੱਲੀ ਮਹਿਂ ਗੁਰ ਕੀ ਕਥਾ।ਸੁਨਹੁ ਗੁਰੂ ਸਿਖ ਬਰਨੌਂ ਜਥਾ ।ਸੈਨ ਸਮੇਤ ਜਬਹਿ ਚਲਿ ਆਏ। ਦੇਖਨਿ ਹੇਤੁ ਬ੍ਰਿੰਦ ਉਮਡਾਏ ॥ ੫੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਲਖਨੌਰ ਆਗਮਨ' ਪ੍ਰਸੰਗ ਬਰਨਨੰ ਨਾਮ ਪੰਚ ਚਤ੍ਵਾਰਿੰਸਤੀ ਅੰਸੂ ॥ ੪੫ ॥

੪੬. [ਦਿੱਲੀ ਵਿਖੇ ਹਵੇਲੀ ਵਿੱਚ ਡੇਰਾ]।

ਦੋਹਰਾ ॥ਦਿੱਲੀ ਮਹਿਂ ਤਿਸ ਘਰ ਬਿਖੇ ਰਹੈ ਦੇਵ ਜਿਸ ਮਾਂਹਿ।ਜੋ ਹਠ ਕਰਿ ਨਰ ਤਹਿਂ ਬਸਹਿ ਮਾਰਤਿ ਕੈ ਤਰਸਾਹਿ[4] । ੧ ॥ ਚੌਪਈ ॥ ਸਗਰੇ ਨਗਰ ਬਿਖੈ ਇਹ ਰੌਰਾ।'ਨਹਿਂ ਪ੍ਰਵੇਸ਼ ਹੁਇ ਕੋ ਨਰ ਪੌਰਾ[5]। ਤ੍ਰਾਸੰਤਿ ਸਕਲ ਰਹੈਂ ਨਰ ਬਾਹਰ। ਦਿਨ ਮਹਿਂ ਭੀ ਨ ਨਿਕਟਿ ਹੁਇੰ ਜ਼ਾਹਰ' ॥ ੨॥ ਬੀਚ ਜਾਮਨੀ ਬਸਿ ਹੈ ਕੌਨ ।ਐਸੋ ਹੁਤੋ ਭਯਾਨਕ ਭੌਨ । ਤੁਰਕੇਸ਼ੁਰ ਕੀ ਆਇਸੁ ਕਰੇ। ਤਿਸ ਸਥਾਨ ਸ੍ਰੀ ਗੁਰੂ ਉਤਰੇ ॥੩॥ਚਹੁੰ ਦਿਸ਼ਿ ਚੌਕੀਦਾਰ ਬਿਠਾਏ।ਸੰਗ ਜਿ ਦਾਸ ਵਹਿਰ ਉਤਰਾਏ।'ਸਭਿ ਹਿੰਦੁਨਿ ਕੋ ਪੀਰ ਕਹਾਵੈ। ਅਬਿ ਮਾਰਸਿ[6] ਇਸ ਛੁਟ ਨਹਿਂ ਜਾਵੈ॥੪॥ਕੈ ਧਰਿ ਤ੍ਰਾਸ ਦੀਨ ਮਹਿਂ ਆਵੈ। ਤੁਰਕ ਸਕਲ ਮਾਨੁਖ ਹੁਇ ਜਾਵੈਂ। ਬਿਨਾ ਜਤਨ ਤੇ ਇਹ ਬਿਧਿ ਹੋਈ। ਕੈ ਮਰਿ ਜਾਹਿ ਡਰਹਿ ਸਭਿ ਕੋਈ' ॥ ੫ ॥ ਨੌਰੰਗ ਸਾਥ ਕਹੈ ਉਮਰਾਵ। 'ਰਾਵਰ ਨੇ ਕਿਯ ਭਲੋ ਉਪਾਵ। ਬਿਨ ਮਾਰੇ ਹਿੰਦੂ ਮਰਿ ਜੈ ਹੈ। ਨਾਂਹਿ ਤ ਡਰ ਕਰਿ ਤੁਰਕ ਬਨੈ ਹੈ ॥੬॥ ਜਬਿ ਇਹ ਦੀਨ ਬਿਖੈ ਹੁਇ ਜਾਇ।ਸਭਿ ਕੀ ਅਟਕ ਚੁਕਹਿ ਇਕ ਭਾਇ[7]। ਇਹ ਹਿੰਦੁਨਿ ਕੋ ਗੁਰੂ ਕਹਾਵੈ। ਇਸ ਪੀਛੈ ਸਭਿ ਕੇ ਮਨ ਭਾਵੈ[8] ॥ ੭ ॥ ਮੂਰਖ ਮਿਲਹਿ ਪਰਸਪਰ ਕਹੈਂ। ਗੁਰ ਕਨਾ ਕਰਹਿਂ, ਦੁਸ਼ਟ ਨਹਿਂ ਲਹੈਂ[9] । ਅਪਨੀ ਦਈ ਵਸਤੁ ਕੋ ਲੇਹਿਂ[10]।

[1]ਜਿਵੇਂ ਕੋਈ ਜਾਣੇ ਨਾ। [2]ਘਰਾਂ ਨੂੰ ਨਾਸ਼ ਕਰਨਗੇ। [3]ਜਿਥੇ ਮੌਕੇ ਦਾ ਥਾਂ ਹੋਵੇਗਾ। [4]ਡਰਾ ਕੇ ਮਾਰਦਾ ਸੀ। (ਅ, ਮਾਰਦਾ ਸੀ ਯਾ ਡਰਾਉਂਦਾ ਸੀ। [5](ਉਸ ਹਵੇਲੀ ਦੇ) ਦਰਵਾਜ਼ੇ ਵਿੱਚ। [6](ਦੇਵ) ਮਾਰ ਦੇਵੇਗਾ। [7]ਇਕ ਤਰ੍ਹਾਂ। ਇਕੋ ਵੇਰ। [8]ਭਾਵ, ਚਾਹਕੇ ਤੁਰਕ ਬਣ ਜਾਣਗੇ। [9]ਸ੍ਰੀ ਗੁਰੂ ਜੀ ਕੀ ਕਰ ਰਹੇ ਹਨ ਦੁਸ਼ਟ (ਉਮਰਾਵ ਏਹ) ਨਹੀਂ ਜਾਣਦੇ"""। [10]ਕਿ ਆਪਣੀ ਦਿੱਤੀ ਵਸਤੂ (ਪਾਤਸ਼ਾਹੀ ਵਾਪਸ) ਲੈ ਰਹੇ ਹਨ।

ਕਰਿ ਕੈ ਕੂਰੇ ਤੁਰਕ ਅਛੇਹ[1]॥੮॥ਚੌਕੀਦਾਰ ਖਰੇ ਚਹੁੰ ਪਾਸੇ।ਅੰਤਰ ਤਿਸ ਘਰ ਕੇ ਗੁਰ ਬਾਸੇ।ਮਿਟਯੋ ਪ੍ਰਕਾਸ਼ ਤਿਮਰ ਜਬਿ ਛਾਯੋ।ਦੇਹਿਭਯਾਨਕ ਪ੍ਰੇਤ ਸੁ ਆਯੋ॥੯॥ਹਾਥ ਜੋਰਿਪਦ ਬੰਦਨ ਠਾਨੀ।ਭਯੋ ਦੀਨ ਮੁਖਬਿਨੈ ਬਖਾਨੀ। 'ਪ੍ਰਭੁ ਜੀ ! ਬਾਸ ਤੁਮਾਰੋ ਭਯੋ। ਧੰਨ ਅਹੋ ਮੈਂ ਦਰਸ਼ਨ ਦਯੋ ॥ ੧੦ ॥ ਕਰਹੁ ਮੋਹਿ ਪਰ ਹੁਕਮ ਬਡੇਰਾ। ਜਾਨਹੁ ਆਪ ਮੋਹਿ ਕਹੁ ਚੇਰਾ। ਜਲ ਸਪਰਸ਼ਿਬੇ ਸ਼ਕਤੀ ਨਾਂਹੀ[2]। ਜੇ ਅਹਾਰ ਲਯਾਵਹੁੰ ਤੁਮ ਪਾਹੀ ॥ ੧੧ ॥ ਮੋਹਿ ਹਾਥ ਕੋ ਅਚਹੁ ਕਿ ਨਹਿਂ ਲਿਹੁ। ਅਪਰ ਸੇਵ ਮੈਂ ਕਰਹੁੰ ਜੁ ਕਹਿ ਦਿਹੁ। ਇਹਾਂ ਜਿ ਦੋਖੀ ਦੁਸ਼ਟ ਤੁਮਾਰੇ।ਕਹੋ ਜਿਸਹਿ ਦੇਵਹੁੰ ਤਿਸ ਮਾਰੇ॥ ੧੨ ॥ ਗਹੌਂ ਨਗਰ ਤੇ ਦੂਰ ਬਗਾਵਹੁੰ। ਕੋਇ ਨ ਜਾਨੈ ਤਹਾਂ ਪੁਚਾਵਹੁੰ। ਪੁੱਤ੍ਰ ਆਦਿ ਤਿਨਕੇ ਕਰਿ ਨਾਸ਼। ਕਰੌਂ ਉਪਾਰਨਿ ਜਰੈਂ ਅਵਾਸ[3] ॥ ੧੩॥ ਰਾਵਰ ਕੀ ਆਇਸੁ ਅਨੁਸਾਰੀ। ਮੈਂ ਕਰਿ ਸਕੌਂ ਸਕਲ ਹੀ ਕਾਰੀ[4]'। ਸ੍ਰੀ ਗੁਰ ਤੇਗਬਹਾਦਰ ਕਹਯੋ। 'ਹਮ ਨੇ ਦ੍ਰੈਸ਼ੀ ਕੋ ਨਹਿਂ ਲਹਯੋ ॥੧੪॥ ਨਹਿਂ ਕਿਸਹੂੰ ਸੰਘਾਰਨਿ ਬਨੈ। ਸਰਬ ਜੀਵ ਨਿਜ ਭਾਗਨਿ ਸਨੈ[5]। ਦੈਵ ਦੇਤਿ[6] ਦੁਖ ਸੁਖ ਸਭਿ ਕਾਹੂ[7]। ਇਹ ਨਹਿ ਦੋਸ਼ ਅਪਰ ਕਿਸ ਮਾਂਹੂ[8] ॥ ੧੫ ॥ ਪੰਡਿਤ,ਮੂਢ,ਰਾਵ,ਅਰੁ ਰੰਕਾ।ਸਭਿ ਕੇ ਸੀਸ ਕਾਲ ਕੋ ਡੰਕਾ।ਕਰਮ ਸ਼ੁਭਾ-ਸ਼ੁਭ ਜੋ ਕਰਿਯੰਤ। ਗਮਨਹਿਂ ਸੰਗ ਹੋਤਿ ਜਬਿ ਅੰਤ॥੧੬॥ਕਾਰਨ ਕਰਨ ਏਕ ਕਰਤਾਰਾ। ਤਿਸ ਆਗੇ ਕਯਾ ਜੀਵ ਬਿਚਾਰਾ। ਮਾਰਹਿ ਰਾਖਹਿ ਸਭਿ ਕੋ ਸੋਇ। ਯਾਂ ਤੇ ਰਹੀਐ ਤੂਸ਼ਨਿ ਹੋਇ॥੧੭॥ਸੁਨਿ ਕੈ ਪ੍ਰੇਤ ਬਿਚਾ-ਰਤਿ ਭਯੋ।–ਸ੍ਰੀ ਗੁਰ ਬਾਸੇ ਮਮ ਢਿਗ ਥਿਯੋ। ਸੇਵਾ ਕਰਹੁੰ ਇਨਹੁੰ ਕੀ ਕੋਈ।ਮੋਹਿ ਕ੍ਰਿਤਾਰਥਤਾ[9] ਤਬਿ ਹੋਈ–॥੧੮॥ ਅੰਤਰ ਧਯਾਨ ਭਯੋ ਤਤ-ਕਾਲਾ।ਗਮਨਯੋ ਜਹਾਂ ਬਜਾਰ ਬਿਸਾਲਾ।ਖੋਜਤਿ ਫਿਰਤਿ ਬਿਚਾਰਤਿ ਸੋਇ। –ਤਿਨ ਕੇ ਹਿਤ[10]ਲੇਵੌਂ ਵਥੁ ਕੋਇ॥੧੯॥ਜੋ ਮੁਝ ਕਰ ਤੇ ਭੱਛਨ ਕਰਹਿ। ਜਿਸ ਮਹਿਂ ਦੂਸ਼ਨ ਕੋ ਨਹਿਂ ਧਰਹਿਂ। ਪਾਕਯੋ ਅੰਨ ਅਨੇਕ ਪ੍ਰਕਾਰਾ। ਮਮ ਕਰ ਤੇ ਨਹਿਂ ਕਰਹਿਂ ਅਹਾਰਾ ॥ ੨੦ ॥ ਨਾਂਹਿ ਤ ਬਨੀ ਪਰੀ

---

[1]ਪੂਰੀ ਤਰ੍ਹਾਂ, ਅੱਛੀ ਤਰ੍ਹਾਂ। [2]ਜਲ ਛੂਹਣ ਦੀ ਸ਼ਕਤੀ ਨਹੀਂ। ਕਹਿੰਦੇ ਹਨ ਕਿ ਭੂਤ ਪ੍ਰੇਤ ਜਲ ਨੂੰ ਨਹੀਂ ਛੂੰਹਦੇ ਤੇ ਨਾ ਹੀ ਪਵਿੱਤ੍ਰ ਪੁਰਸ਼ ਨੂੰ ਛੂੰਹਦੇ ਹਨ। [3]ਘਰ ਦੀਆਂ ਜੜ੍ਹਾਂ। [4]ਸਾਰੇ ਹੀ ਕੰਮ। [5]ਭਾਗਾਂ ਸਣੇ ਹਨ ਭਾਵ ਆਪੋ ਆਪਣੇ ਭਾਗ ਲੈਣੇ ਹਨ ਸਭ ਨੇ। [6]ਪਰਮਾਤਮਾ ਦੇਂਦਾ ਹੈ। [7]ਸਭ ਕਿਸੇ ਨੂੰ। [8]ਇਹ (ਦੁਖ ਸੁਖ ਦੇਣ ਦਾ ਦੋਸ਼) ਕਿਸੇ ਹੋਰ ਵਿਚ ਨਹੀਂ ਭਾਵ ਆਪਣੇ ਕਰਮ ਤੇ ਸਾਈਂ ਦੀ ਰਜ਼ਾ ਵਿਚ ਮਿਲਦੇ ਹਨ। [9]ਸਫਲਤਾ। [10]ਗੁਰੂ ਜੀ ਲਈ।

ਜੁ ਮਿਠਾਈ। ਬਿਬਿਧਿ ਭਾਂਤਿ ਹਾਟਨ ਹਲਵਾਈ।ਲੇ ਪਹੁੰਚਾਵਤਿ ਅਚਹਿਂ ਸੁਖਾਰੇ। ਨਿਜ ਪ੍ਰਸੰਨਤਾ ਮੋ ਪਰ ਧਾਰੇਂ ॥ ੨੧ ॥ ਅਪਰ ਵਸਤੁ ਕਨਾ ਲੇਵੌਂ ਐਸੇ। ਅਚਵਹਿਂ ਗੁਰੂ ਚਹੈਂ ਚਿਤ ਜੈਸੇਂ[੧]–। ਸਕਲ ਬਜਾਰ ਖੋਜਿਬੋ ਕਰਯੋ। ਏਕ ਦੁਕਾਨ ਆਨਿ ਕੈ ਥਿਰਯੋ॥੨੨॥ਮੇਵਾ ਹੁਤੋ ਵਲਾਯਤ ਕੇਰਾ। ਭਾਂਤਿ ਭਾਂਤਿ ਮਾਧੁਰ ਫਲ ਹੇਰਾ। ਸੇਵ ਸੰਧੂਰੀ[੨] ਅਰੁ ਜ਼ਰਦਾਲੂ। ਨਸ਼ਪਾਤੀ ਪਿਸਤਾ ਰਸ ਆਲੂ[੩] ॥ ੨੩ ॥ ਸੰਗਤਰੇ, ਦਾਰਮ[੪] ਸੁਭ ਦਾਨੇ । ਨਾਨਾ ਭਾਂਤਿਨਿ ਕੇ ਰਸ ਸਾਨੇ[੫]।ਤਿਨਹੁਂ ਦੇਖਿ ਕੈ ਪ੍ਰੇਤ ਬਿਚਾਰਾ।–ਇਨ ਲੇ ਚਲੌਂ ਜੁ ਕਰਹਿਂ ਅਹਾਰਾ ॥ ੨੪ ॥ ਮੋਰ ਹਾਥ ਤੇ ਦੂਸ਼ਤਿ ਹੋਇਂ ਨੰ[੬]। ਇਸ ਤੇ ਬਿਨਾ ਅਪਰ ਬਿਧਿ ਕੋਇ ਨ–। ਉਚਿਤ ਅਹਾਰ ਪ੍ਰਮਾਨ ਉਚਾਵਾ[੭]।ਨਾਨਾ ਬਿਧਿ ਕੋ ਜੋ ਮਨ ਭਾਵਾ॥੨੫॥ਪੁਨ ਪੌਨੇ[੮] ਗਹਿ ਲੇ ਕਰਿ ਹਾਥ। ਆਵਤਿ ਭਯੋ ਬੇਗ ਬਡ ਸਾਥ। ਸ਼੍ਰੀ ਗੁਰ ਕੇ ਧਰਿ ਦੀਨਿ ਅਗਾਰੀ। ਭਯੋ ਦੀਨ ਬਹੁ ਬਿਨੈ ਉਚਾਰੀ ॥ ੨੬ ॥ 'ਅੰਗੀਕਾਰ ਕਰਹੁ ਇਹ ਮੇਵਾ । ਬਨੌਂ ਕ੍ਰਿਤਾਰਥ ਮੈਂ ਕਰਿ ਸੇਵਾ। ਭਾਗ ਜਗੇ ਪੂਰਬ ਅਬਿ ਮੇਰੇ। ਇਹਾਂ ਇਕਾਕੀ ਤੁਮ ਕੋ ਹੇਰੇ॥ ੨੭ ॥ ਪੁਨ ਤੁਮ ਭਏ ਪਰਾਹੁਨ ਚਾਰੀ। ਬਸਤਿ ਹੁਤੋ ਮੈਂ ਇਹਾਂ ਅਗਾਰੀ। ਆਵਨਿ ਆਜ ਆਪ ਕੋ ਭਯੋ। ਮੈਂ ਬਡਭਾਗ ਜਾਨਿ ਨਿਜ ਲਯੋ' ॥ ੨੮ ॥ ਇਮ ਬਿਨਤੀ ਸੁਨਿ ਕੈ ਤਿਸ ਕੇਰੀ। ਕ੍ਰਿਪਾਦ੍ਰਿਸ਼ਟਿ ਸ਼੍ਰੀ ਸਤਿਗੁਰੁ ਹੇਰੀ। ਦੀਨ ਜਾਨਿ ਅੰਗੀ ਕ੍ਰਿਤ ਕੀਨਸਿ[੯]। ਮੇਵਾ ਅਚਨ ਹੇਤੁ ਕਰ ਲੀਨਸਿ[੧੦] ॥੨੯ ॥ ਰੁਚਯੋ ਜਿਤਿਕ ਸੋ ਕੀਨਿ ਅਹਾਰਾ। ਪਰਯੋ ਰਹਯੋ ਜੋ ਤਹਾਂ ਬਿਥਾਰਾ[੧੧]। ਪੁਨ ਪੋਨੇ ਕੋ ਚੂਪਨਿ ਲਾਗੇ॥ ਛੀਲਕ ਡਾਰਤਿ ਹੈਂ ਕੁਛ ਆਗੇ॥ ੩੦ ॥ ਵਹਿਰ ਹਵੇਲੀ ਤੇ ਕੁਛ ਡਾਰਹਿਂ। ਸਮੁਖ ਪ੍ਰੇਤ ਗੁਰ ਦਰਸ਼ ਨਿਹਾਰਹਿ। ਅਧਿਕ ਪ੍ਰਸੰਨ ਹੋਤਿ ਮਨ ਮਾਂਹੂ। ਚਿਤਵਤਿ ਰਿਦੈ–ਦੋਖ ਅਬਿ ਦਾਹੂ–॥੩੧॥ਸ਼੍ਰੀ ਗੁਰ ਤੇਗ ਬਹਾਦਰ ਫੇਰ। ਬੋਲੇ ਕ੍ਰਿਪਾ ਦ੍ਰਿਸ਼ਟਿ ਕੋ ਹੇਰਿ। 'ਕੋ ਕੁਕਰਮ ਤੈਂ ਤਬਹਿ ਕਮਾਵਾ ?। ਜਿਸ ਤੇ ਪ੍ਰੇਤ

---

[੧]ਜੈਸੀ ਨੂੰ ਗੁਰੂ ਜੀ ਚਿਤੋਂ ਚਾਹ ਕੇ ਛਕਣ। [੨]ਸੰਧੂਰੀ ਰੰਗ ਦੇ ਸੇਵ। [੩]ਰਸਾਲ=ਅੰਬ (ਅ) ਰਸ ਦਾਰ ਆਲੂ। ਭਾਵ ਆਲੂ ਫਾਰਸੀ ਵਿਚ ਇਕ ਤਰ੍ਹਾਂ ਦੇ ਅਲੂਚੇ ਨੂੰ ਕਹਿੰਦੇ ਹਨ। [੪]ਅਨਾਰ। [੫]ਸਹਤ। [੬]ਮੇਰੇ ਹੱਥਾਂ ਤੋਂ ਨਾ ਭਿੱਟਣਗੀਆਂ (ਇਹ ਚੀਜ਼ਾਂ)। [੭]ਅੰਦਾਜ਼ੇ ਦਾ ਚੁੱਕ ਲਿਆ। [੮]ਗੰਨੇ। [੯]ਅੰਗੀਕਾਰ ਕਰ ਲਏ। [੧੦]ਹੱਥ ਵਿਚ ਲਿਆ। [੧੧]ਜੋ ਖਿੰਡਿਆ ਪਿਆ ਸੀ।

ਜੂਨਿ ਤਨ ਪਾਵਾ' ॥ ੩੨ ॥ ਸੁਨਿ ਕਰਿ ਹਾਥ ਬੰਦਿ ਤਬਿ ਕਹ੍ਯੋ। 'ਇਸ ਕੁਕਰਮ ਤੇ ਅਸ ਤਨ ਲਹ੍ਯੋ। ਪਰ੍ਯੋ ਸ਼ਰੀਕਨ ਮਹਿਂ ਬਡ ਝਗਰਾ। ਵਿਰਸਾ ਮੋਰ ਹਟਾਵਤਿ ਸਗਰਾ॥੩੩॥ਤਬਿ ਮੈਂ ਕਰਿ ਕੈ ਕੂਰੋ ਧਰਮ। ਸਭਿ ਕੇ ਮਨ ਉਪਜਾਯੋ ਭਰਮ।ਝਗਰ਼ਾ ਲਿਯੋ ਜੀਤ ਮੈਂ ਸਾਰੋ। ਲਗੈ ਪਾਪ ਨਹਿਂ, ਰਿਦੈ ਬਿਚਾਰੋਂ ॥ ੩੪ ॥ ਤਿਸੀ ਦੋਸ਼ ਤੇ ਅਸ ਮੈਂ ਭਯੋ। ਜਿਸ ਜੂਨੀ ਮੈਂ ਬਹੁ ਦੁਖ ਲਯੋ। ਆਪ ਕਰਹੁ ਕਰੁਨਾ ਜੇ ਮੋਹਿ। ਦੇਹੁ ਛੁਡਾਇ ਮਹਾਂ ਸੁਖ ਹੋਹਿ' ॥ ੩੫ ॥ ਸੁਨਿ ਸ਼੍ਰੀ ਮੁਖ ਤੇ ਬਾਕ ਬਖਾਨੇ। 'ਪਰੇ ਚੁਪਾਕ ਚੂਪ ਹਿਤ ਠਾਨੇ[1]। ਸੇਵ ਕਰੀ ਤਾਂ ਕੋ ਫਲ ਲੀਜੈ। ਘੋਰ ਜੂਨ ਤੇ ਛੁਟਿਬੋ ਕੀਜੈ'॥੩੬ ॥ ਸੁਨਤਿ ਚੁਪਾਕ ਚੂਪ ਤਿਨ ਲੀਨੇ। ਨਾਨਾ ਬਿਧਿਨਿ ਸ੍ਵਾਦ ਰਸ ਕੀਨੇ। ਤਤਛਿਨ ਤਜਿ ਕੈ ਸਕਲ ਬਿਖਾਦ। ਉੱਤਮ ਗਤਿ ਪ੍ਰਾਪਤਿ ਅਹਿਲਾਦ॥ ੩੭॥ਬਹੁਰ ਸਤਿਗੁਰੂ ਸੁਖ ਕੋ ਪਾਇ। ਸੈਨ ਕਰੀ ਜੁਗ ਨੈਨ ਮਿਲਾਇ। ਹਿੰਦੁਨਿ ਧਰਮ ਰਾਖਿਬੇ ਕਾਰਨ। ਭਏ ਪ੍ਰਬ੍ਰਿਤ ਕਰਨਿ ਕ੍ਰਿਤ ਦਾਰੁਨ[2] ॥ ੩੮ ॥ ਅਪਨੋ ਨਾਮ ਸਾਚ ਦਿਖਰਾਵਨਿ। ਕਰਿ ਬਹਾਦਰੀ ਧਰਮ ਬਚਾ-ਵਨਿ। ਜਿਸ ਪ੍ਰਕਾਰ ਕਰਿ ਸਕਹਿ ਨ ਕੋਈ। ਕਰਿਬੇ ਕਹੁ ਸੰਮ੍ਰਥ ਇਕ ਸੋਈ॥੩੯॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਪਰੇਤ ਜੂਨ ਉਧਾਰ ਕਰਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਚਤ੍ਵਾਰਿੰਸਤੀ ਅੰਸੂ ॥ ੪੬ ॥

੪੭. [ਸਿੱਖ ਦਾ ਅਜ਼ਮਤ ਦਿਖਾਉਣਾ]।

ਦੋਹਰਾ ॥ ਸ਼੍ਰੀ ਗੁਰੂ ਘਰ ਤੇ ਵਹਿਰ ਕੋ ਦਿਏ ਚੁਪਾਕ ਬਗਾਇ। ਪਰੇ ਜਾਇ ਕਰਿ ਤਹਿਂ ਕਛੂ ਸਿੱਖ ਹੁਤੇ ਜਿਸ ਥਾਇਂ ॥ ੧ ॥ ਚੌਪਈ ॥ ਇਕ ਸਿਖ ਨੇ ਲੈ ਕਰਿ ਮੁਖ ਪਾਯੋ। ਚੂਪਤਿ ਭਯੋ ਸ੍ਵਾਦ ਰਸ ਆਯੋ। ਗੁਰੂ ਉਚਿਸ਼ਟ[3] ਕੋ ਕਰ੍ਯੋ ਅਹਾਰਾ। ਸ਼ਕਤਿ ਸਹਿਤ ਭਾ ਤਤਛਿਨ ਭਾਰਾ ॥ ੨ ॥ ਕਰਿ ਅਹੰਕਾਰ ਅਧਿਕ ਉਰ ਫੂਲਾ।ਜਾਨਤਿ ਭਯੋ–ਨ ਕੋ ਮਮ ਤੂਲਾ[4]–। ਇਸੀ ਪ੍ਰਕਾਰ ਭਈ ਭੁਨਸਾਰ। ਸੂਰਜ ਉਦ੍ਯੋ ਮਿਟ੍ਯੋ ਅੰਧਕਾਰ ॥ ੩ ॥ ਤਬਿ ਤੁਰਕੇਸ਼ੁਰ ਕੇ ਨਰ ਆਏ। ਸ਼ਾਂਤਿ ਰੂਪ ਸਤਿਗੁਰੂ ਜਿਸ ਥਾਏਂ। ਨਹੀਂ ਪ੍ਰੇਤ ਨੇ ਕਛੂ ਬਿਗਾਰਾ।ਨਹੀਂ ਤ੍ਰਸੇ[5], ਬੈਠੇ ਸੁਖ ਭਾਰਾ॥੪॥ਇਮ ਸੁਨਿ ਗੁਰੂ ਹਕਾ-ਰਨਿ ਕਰੇ। ਤੁਰਕੇਸ਼ੁਰ ਨੇ ਉਰ ਹਠ ਧਰੇ। ਨਿਕਸੇ ਭਵਨ ਬਿਖੈ ਤੇ ਜਬੈ।

---

[1]ਛੱਲਾਂ ਪ੍ਰੇਮ ਨਾਲ ਚੂਪ ਲੈ। [2]ਭਿਆਨਕ ਕ੍ਰਿਯਾ ਆਪਣੇ ਤੇ ਵਰਤਾਣ ਲਗੇ ਹਨ। [3]ਸੀਤ ਪ੍ਰਸ਼ਾਦਿ। [4]ਮੇਰੇ ਤੁੱਲ ਕੋਈ ਨਹੀਂ। [5]ਡਰੇ ਨਹੀਂ।

ਮਿਲੇ ਸਿੱਖ ਸੰਗੀ ਜੇ ਤਬੈ॥ ੫ ॥ ਬੰਦਨ ਕੀਨਿ ਚਰਨ ਸਿਰ ਧਰਿ ਕੈ।
ਬੋਲ੍ਯੋ ਦ੍ਵੈ ਕਰਿ ਜੋਰਨਿ ਕਰਿਕੈ[1]।'ਸ੍ਰੀ ਸਤਿਗੁਰ ਕਯੋਂ ਸੰਕਟ ਸਹੀਅਹਿ।
ਮੋ ਕਹੁ ਨੈਨ ਸੈਨ ਸੋਂ ਕਹੀਅਹਿ॥ ੬ ॥ ਮੈਂ ਸਮਰਥ ਹੌਂ ਸਗਰੀ ਭਾਂਤਿ।
ਚਹੌਂ ਸੁ ਕਰੌਂ ਪਿਖਹੁ ਸੱਖ੍ਯਾਤ[2]। ਸੌ ਹਜ਼ਾਰ ਲਾਖਨ ਕਜਾ ਗਨੌਂ। ਤੁਰਕ
ਤੁਰਕ ਪਤਿ ਜੁਤਿ ਸਭਿ ਹਨੌਂ॥ ੭ ॥ ਬਾਕੀ ਸੰਤਤਿ ਰਹੈ ਨ ਜੈਸੇ। ਮੈਂ
ਕਰਿ ਕਰਮ ਦਿਖਾਵੌਂ ਐਸੇ। ਇਹ ਮਹਿਂ ਜੇ ਬਿਲੰਬ ਕਛੁ ਲਹੌ। ਅਪਰ
ਕਰੌਂ ਜੋ ਆਇਸੁ ਕਹੌ ॥ ੮ ॥ ਦਿੱਲੀ ਅਰੁ ਲਵਪੁਰਿ ਬਡ ਖਾਨਾ। ਜਿਨ
ਮਹਿਂ ਤੁਰਕਨਿ ਜ਼ੋਰ ਮਹਾਨਾ। ਇਸਤ੍ਰੀ ਆਦਿ ਸੁਤਾ ਸੁਤ ਸਾਰੇ[3]। ਬਸਹਿਂ
ਮਲੇਛ ਸਹਿਤ ਪਰਵਾਰੇ ॥੯॥ ਦੋਨਹੁੰ ਨਗਰਨ ਕੀ ਛਿਤ ਜੇਤੀ। ਅਪਨੇ
ਹਾਥ ਉਠਾਵੌਂ ਤੇਤੀ। ਬਡੇ ਬੇਗ ਸੋਂ ਇਨ ਟਕਰਾਇ।ਭਗਨ ਕਰੌਂ ਮੰਦਿਰ
ਸਮੁਦਾਇ ॥ ੧੦ ॥ ਪੁਨ ਔਂਧੇ ਕਰਿ ਦੇਵੌਂ ਗੇਰ। ਜਿਸ ਤੇ ਦੁਸ਼ਟ
ਨ ਉਕਸਹਿਂ ਫੇਰ। ਇੱਤ੍ਯਾਦਿਕ ਹੈ ਸ਼ਕਤਿ ਬਿਸਾਲਾ। ਬਾਕ ਆਪ
ਕੀਜਹਿ ਇਸ ਕਾਲਾ ॥ ੧੧ ॥ ਰਾਵਰ ਕੇਰ ਅਨਾਦਰ ਕਰਿਈਂ। ਤੁਰਕ
ਮੰਦਮਤਿ ਕੁਛ ਨ ਬਿਚਰਿਈਂ। ਚੌਕੀਦਾਰ ਖਰੇ ਚਹੁੰ ਪਾਸੇ। ਕੈਦ ਕਰਯੋ
ਚਾਹਤਿ ਦੁਖਰਾਸੇ[4] ॥ ੧੨ ॥ ਇਨ ਤੇ ਕਯੋਂ ਸਹੀਏ ਅਪਮਾਨ[5]। ਐਸੀ
ਕਰਹੁ ਪਰਹਿਂ ਪਗ ਆਨਿ'। ਇਮ ਸਿਖ ਤੇ ਸੁਨਿ ਕਰਿ ਮੁਸਕਾਏ। ਗਹੀ
ਬਾਹੁੰ ਗੁਰ ਹਾਥ ਦਬਾਏ ॥੧੩॥ ਐਂਚਨਿ ਕੀਨਿ ਸ਼ਕਤਿ ਜੋ ਭਈ। ਛੂਛੀ
ਦੇਹਿ ਤਥਾ ਹੁਇ ਗਈ। ਜਥਾ ਊਖ ਤੇ[6] ਰਸ ਨਿਕਸਾਵੈ। ਖੋਰ[7] ਰਹੇ,ਬਿਨ
ਸਾਰ ਗਿਰਾਵੈ॥ ੧੪ ॥ ਭਯੋ ਅਸਾਰ ਲਖ੍ਯੋ ਮਨ ਮਾਂਹੀ। ਪ੍ਰਥਮ ਸ਼ਕਤਿ
ਉਰ ਪੱਯਤਿ ਨਾਂਹੀ। ਪਸ਼ਚਾਤਾਪ ਕਰਤਿ ਦੁਖ ਪਾਵੈ।–ਇਹ ਕਜਾ
ਭਯੋ– ਰਿਦੈ ਮੁਰਝਾਵੈ ॥ ੧੫ ॥ ਸਤਿਗੁਰ ਕਹ੍ਯੋ 'ਕਰਹੁ ਜਿਮ ਹੋਵੈ।ਟਕ-
ਰਾਵਹੁ ਪੁਰਿ ਜੋ ਬਡ ਦੋਵੈਂ'।ਇਮ ਸੁਨਿ ਕੈ ਬੋਲ੍ਯੋ ਕਰ ਜੋਰਿ। ਭਯੋ ਦੀਨਿ
ਦਿਖਿ[8] ਤਿਨ ਮੁਖ ਓਰ॥ ੧੬ ॥ 'ਕਰਨ ਹਰਨ ਜਗ ਕੇ ਤੁਮ ਬਰਤਾ।
ਚਹੇ ਕਰਹੁ ਸਭਿਹਿਨਿ ਕੇ ਕਰਤਾ । ਲਖੀ ਨ ਮਹਿਮਾ ਅਧਿਕ ਪ੍ਰਤਾਪਾ।
ਕਰ੍ਯੋ ਜਨਾਵਨਿ ਕੋ ਮੈਂ ਆਪਾ॥੧੭॥–ਕਰੌਂ ਸਹਾਇ ਗੁਰੂ ਕੀ ਅਬੈ। ਹਤੌਂ

---

[1](ਸ਼ਕਤੀ ਪ੍ਰਾਪਤ ਸਿੱਖ) ਹਥ ਜੋੜ ਬੋਲਿਆ। [2]ਪ੍ਰਤੱਖ। [3]ਧੀਆਂ ਪੁਤ੍ਰ। [4]ਬਹੁਤ ਦੁਖ ਦੇਣਾ ਚਾਹੁੰਦੇ ਹਨ। [5]ਨਿਰਾਦਰ। [6]ਗੰਨੇ ਤੋਂ। [7]ਪੱਛੀ। [8]ਦੇਖਕੇ।

ਤੁਰਕ ਜੇ ਦੋਖੀ ਸਬੈ। ਐਸੀ ਕਰਹੁਂ ਇਨਹੁਂ ਕੇ ਸੰਗ। ਜਰ ਸਮੇਤ ਤਰੁ
ਸਗਰੇ ਭੰਗ–॥੧੯॥ਭਈ ਸ਼ਕਤਿ ਜਬਿ ਮੋ ਮਹਿਂ ਭਾਰੀ। ਸਰਬ ਜਥਾਰਥ
ਗਿਰਾ ਉਚਾਰੀ।ਰਾਵਰਨੇ ਬਾਹੂ ਮਮ ਗਹੀ।ਭਯੋ ਰੰਕ ਨ ਸ਼ਕਤਿ ਕਛੁ ਰਹੀ
॥੧੯॥ ਅਖਿਲ ਬਿਨਾਸਨੋ ਜੋ ਮਮ ਦਾਪ[੧]। ਜਿਮ ਬਾਂਛਤਿ ਤਿਮ ਬਰਤਹੁ
ਆਪ। ਧੀਰਜ ਸਹਤ ਗੰਭੀਰ ਉਦਾਰਾ। ਕਵਨ ਲਖੈ ਤ੍ਰਿੱਪ੍ਰਾਯ[੨] ਤੁਮਾਰਾ॥
੨੦ ॥ ਰਚਹੁ ਭਵਿੱਖਤ ਕਲਾ ਸੁ ਬ੍ਰਿਤਾਂਤ। ਨਹਿਂ ਕੋ ਜਾਨਿ ਸਕਹਿ ਅਸ
ਭਾਂਤਿ'। ਸ਼੍ਰੀ ਗੁਰ ਤੇਗ ਬਹਾਦਰ ਸੁਨਿਕੈ। ਕੀਨਿ ਜਨਾਵਨਿ ਤਿਸ ਕੋ
ਭਨਿਕੈ॥੨੧॥'ਸ਼ਰਧਾ ਧਾਰਿ ਸੰਗ ਤੈਂ ਆਯੋ।ਸਿੱਖੀ ਧਰਮ ਭਲੇ ਨਿਬਹਾਯੋ।
ਪੁਨ ਤੁਰਕਨ ਕੋ ਹੇਰਿ ਕੁਫੇਰ[੩]। ਮਨ ਮਹਿਂ ਗਿਨਤੀ ਗਿਨਤਿ ਬਡੇਰ॥
੨੨ ॥ ਸ਼ੰਕਾ ਕਰੀ ਹਮਾਰੇ ਮਾਂਹਿ।–ਇਹ ਸੰਮ੍ਰਥ ਹੈਂ ਕੈਧੋਂ ਨਾਂਹਿ–। ਯਾਂ
ਤੇ ਛੀਲਕ ਤੁਵ ਦਿਸ਼ਿ ਗੇਰੇ।ਤੈਂ ਕਬਿ ਆਗੇ ਊਖ ਨ ਹੇਰੇ[੪]॥ ੨੩ ॥ਸ੍ਵਾਦ
ਦੇਖਿਬੇ ਹਿਤ ਇਛ ਧਾਰੀ।ਮੁਖ ਮੈਂ ਪਾਇ ਉਚਿਸ਼ਟ[੫] ਹਮਾਰੀ।ਤਬਿ ਸ਼ਕਤੀ
ਤੁਝ ਮਹਿ ਹੁਇ ਆਈ। ਚਹਤਿ ਜੁ ਹੁਤੇ ਅਬਹਿ ਦਿਖਰਾਈ ॥ ੨੪ ॥
ਜਿਸ ਸਮੁੰਦ੍ਰ ਤੇ ਜਲ ਕਨ ਪਾਵੈ। ਪੁਨ ਤਿਸ ਆਗੇ ਗਰਬ ਜਨਾਵੈ।
ਅਪਨਿ ਆਪ ਕੋ ਕਰਹਿ ਬਖਾਨੈ।ਜਿਸ ਤੇ ਲੀਨਸਿ ਤਿਸਨਹਿਂਜਾਨੈ॥੨੫॥
ਜਿਨ ਸੇਵਾ ਕਰਿ ਭੀ ਤੁਝ ਮਾਂਹੀ । ਸੋ ਕਲਾ ਇਮ ਕਰਿ ਸਕਿ ਹੈਂ ਨਾਂਹੀ।
ਇਸਪ੍ਰਕਾਰ ਕੀ ਸੁਧਿ ਨਹਿ ਜਾਨੀ।–ਮੈਂਕਰਿਦੈਹੋਂ–ਕਰਤਿਬਖਾਨੀ॥੨੬॥
ਸਤਿਗੁਰ ਕਰਹਿ ਕ੍ਰਿੱਤ ਕੋ ਜੈਸੇ। ਸਿੱਖਨ ਨ ਤਰਕਹਿ ਤਿਸ ਕਹੁ ਕੈਸੇ।
ਹੁਇ ਪ੍ਰਸੰਨ ਬਰਤਹਿ ਅਨੁਸਾਰੀ। ਸੋ ਸਿਖ ਸੁਖਦ ਮੋਖ ਅਧਿਕਾਰੀ ॥
੨੭ ॥ ਗੁਰ ਸਰਬੱਗਯ ਜਾਨਿ ਸਭਿ ਕਰੈ। ਸਿਖ ਅਲਪੱਗਯ ਗਰਬ ਕਲਾ
ਧਰੈ। ਯਾਂਤੇ ਸਿਮਰਹੁ ਸ਼੍ਰੀ ਕਰਤਾਰਾ।ਸੋ ਸਭਿ ਜੀਵਨ ਕੋ ਆਧਾਰਾ' ॥੨੯॥
ਸੁਨਤਿ ਸਿੱਖਯ ਨੇ ਬੰਦਨ ਠਾਨੀ। 'ਤੁਮਰੀ ਗਤਿ ਤੁਮ ਹੀ ਪ੍ਰਭੁ ਜਾਨੀ।
ਤੁਰਕ ਅਵੱਗਯਾ ਕਰਹਿਂ ਤੁਮਾਰੀ।ਸੋ ਹਮ ਤੇ ਨਹਿ ਜਾਤਿ ਸਹਾਰੀ ॥੨੯॥
ਯਾਂਤੇ ਤੁਮਰੇ ਨਿਕਟਿ ਬਖਾਨੀ। ਛਿਮਹੁ ਪ੍ਰਭੂ ! ਹਮ ਬੁਧਿ ਅਨਜਾਨੀ।
ਬਹੁਰ ਨ ਕਰਿ ਹੈਂ ਕਬਹਿ ਉਚਾਰੀ। ਜਿਮ ਭਾਵਹਿ ਕੀਜਹਿ ਤਿਮ ਕਾਰੀ'।
੩੦॥ ਇਸ ਪ੍ਰਕਾਰ ਸਿਖ ਕੋ ਸਮੁਝਾਇ।ਗਮਨੇ ਗੁਰੂ ਗਯਾਨ ਗਤਿ ਦਾਇ।

[੧]ਹੰਕਾਰ। [੨]ਤਾਤਪਰਯ। [੩]ਕੁਚਾਲ। [੪]ਕੀ ਤੂੰ ਅੱਗੇ ਕਦੇ ਗੰਨੇ ਨਹੀਂ ਸੀ ਵੇਖੇ ? [੫]ਜੂਠੀ ਛਿੱਲ।

ਕੇਤਿਕ ਚੌਕੀਦਾਰ ਸਿਪਾਹੀ। ਚਲੇ ਸੰਗ ਗਹਿ ਆਯੁਧ ਪਾਹੀ॥ ੩੧॥ ਹਿਤ ਤਕਰਾਈ ਕੇ ਚਹੁੰ ਓਰ।ਜਾਤਿ ਸਾਥ ਦਿਖਰਾਵਤਿ ਜੋਰ। ਸਨੇ ਸਨੇ ਗਮਨਤਿ ਮਗ ਜਾਤ । ਕੁਛਕ ਸਿੱਖ ਜਿਨਕੇ ਪਸ਼ਚਾਤ॥ ੩੨॥ ਸ੍ਰੀ ਸਤਿਗੁਰ ਤਬਿ ਜਾਇ ਪਹੂਚੇ।ਦੁਰਗ ਤੁਰਕ ਪਤਿ ਕੇ ਭਿਤ ਊਚੇ[1]।ਪੁਨਹਿ ਪੌਰ ਮੈਂ ਭਏ ਪ੍ਰਵੇਸ਼।ਖਰੇ ਸੁਭਟ ਗਹਿ ਸ਼ਸਤ੍ਰ ਅਸ਼ੇਸ਼॥੩੩॥ ਪੌਰ ਮਨੋਹਰ ਪਾਹਨ ਕੇਰਾ। ਸ਼ਿਲਪਨਿ ਚਿੱਤ੍ਰ ਬਿਸਾਲ ਉਕੇਰਾ। ਬਹੁਤ ਦੇਸ਼ ਕੇ ਨਰ ਜਹਿਂ ਖਰੇ। ਨਿਜ ਨਿਜ ਗ਼ਾਰਜ਼ ਅਰਜ਼ ਕੋ ਕਰੇ॥ ੩੪॥ ਤਹਿਂ ਤੇ ਉਲੰਘਤਿ ਅੰਤਰ ਗਏ। ਜਹਾਂ ਕਚਹਿਰੀ ਦੁਸ਼ਟਨਿ ਕਿਏ। ਸੰਗ ਸਿੱਖਨ ਅਰੁ ਚੌਕੀਦਾਰ। ਦੇਖਤਿ ਬਡੇ ਬਡੇ ਸਰਦਾਰ॥ ੩੫॥ ਹਿੰਦੂ ਤੁਰਕ ਅਨੇਕ ਨਿਹਾਰੈਂ। ਅਤਿ ਅਵਗੁਨ ਕੋ ਕੁਛ ਨ ਬਿਚਾਰੈਂ। ਸ੍ਰੀ ਗੁਰੁ ਜਬਹਿ ਕਚਹਿਰੀ ਬਰੇ। ਚੌਕੀ ਤਹਾਂ ਬਿਛਾਵਨਿ ਕਰੇ॥੩੬॥ ਸੁਜਨਿ[2] ਡਸਾਵਨਿ ਉੱਜਲ ਜਹਾਂ। ਬੈਠੇ ਸ੍ਰੀ ਸਤਿਗੁਰ ਜੀ ਤਹਾਂ।ਅਖਿਲ ਕਚਹਿਰੀ ਪੂਰਨ ਭਈ।ਮੁਕਤਾ ਹੀਰਨ ਤੇ ਦੁਤਿ ਨਈ॥੩੭॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸਿੱਖਜ ਅਜ਼ਮਤ ਕਰਨਿ' ਪ੍ਰਸੰਗ ਬਰਨਨੰ ਨਾਮ ਸਪਤ ਚਤ੍ਵਾਰਿੰਸਤੀ ਅੰਸੂ॥੪੭॥

੪੮. [ਨੁਰੰਗੇ ਨਾਲ ਪ੍ਰਸ਼ਨੋਤਰ। ਮਿਰਚਾਂ ਦਾ ਦ੍ਰਿਸ਼ਟਾਂਤ]।

ਦੋਹਰਾ॥ ਸ੍ਰੀ ਗੁਰ ਹਰਿਗੋਵਿੰਦ ਕੇ ਨੰਦਨ ਬੰਦਨ ਜੋਗ। ਸ਼ਾਂਤਿ ਮਤੀ ਬੈਠੇ ਪ੍ਰਭੂ ਦੇਖਤਿ ਭੇ ਸਭਿ ਲੋਗ॥ ੧॥ ਚੌਪਈ॥ ਤੁਰਕੇਸ਼ੁਰ ਹੰਕਾਰ ਬਿਸਾਲਾ। ਦੁਸ਼ਟ ਨੁਰੰਗਾ ਮਹਿਤ ਕੁਚਾਲਾ। ਦੀਨ ਬਧਾਵਨਿ ਚਾਹਤਿ ਮੰਦ। ਹਿੰਦੂ ਜਗ ਮਹਿਂ ਰਹਹਿ ਨ ਪੰਦ[3]॥੨॥ ਪਰਮੇਸ਼ੁਰ ਸੋਂ ਬੰਧਹਿਂ ਦਾਵਾ। ਮਹਾਂ ਮੂਢ ਮਤਿ ਤੇ ਗਰਬਾਵਾ। ਨਿਸ਼ਕੰਟਕ[4] ਜਿਸ ਰਾਜ ਮਹਾਨਾ।ਸ਼ੱਤ੍ਰੂ ਕਹੂੰ ਸੁਨਿਯ ਨਹਿਂ ਕਾਨਾ॥ ੩॥ ਚਾਰਹੁੰ ਦਿਸ਼ਾ ਚਮੂੰ ਜਿਸ ਫਿਰਿਈ। ਸਕਲ ਦੇਸ਼ ਸਦ ਹੀ ਅਨੁਸਰਈ। ਮਾਰਹਿ,ਬੰਧਹਿ,ਲੇਵਹਿ ਛੀਨ। ਸਰਬ ਨਰੇਸ਼ ਬਸੀ ਨਿਜ ਕੀਨਿ॥੪॥ ਜਿਮ ਰਾਵਨ ਤ੍ਰੈ ਲੋਕਨਿ ਰਾਜਾ। ਤਿਮ ਇਸ ਛਿਤ ਪਰ ਸਹਿਤ ਸਮਾਜਾ। ਚਾਰਹੁੰ ਓਰ ਖਰੇ ਕਰ ਜੋਰੇ। ਜੇ ਨ੍ਰਿਪ ਬਡੇ ਸਭਿਨਿ ਸਿਰ ਮੌਰੇ॥ ੫॥ ਸ੍ਰੀ ਸਤਿਗੁਰ ਬੋਲੇ ਤਿਹ ਸਾਥ। 'ਕਜਾ ਹਮ ਸੋਂ ਕਹਿਂ ਦਿੱਲੀ

---

[1]ਉੱਚੀਆਂ ਕੰਧਾਂ। [2]ਸੂਈ ਨਾਲ ਨਗੰਦਿਆ ਯਾ ਕੱਢਿਆ ਹੋਇਆ ਬਸਤ੍ਰ, [ਫਾ:, ਸੋਜ਼ਨੀ] [3]ਹਿੰਦੂ ਪੰਦ=ਹਿੰਦੂ ਮਾਰਗ, ਹਿੰਦੂ ਮਿਰਜਾਦਾ। [4]ਜਿੱਥੇ ਕੋਈ ਆਕੀ ਨਾ ਹੋਵੇ।

ਨਾਥ ? ਕੌਨ ਕਾਜ ਹਮਰੇ ਬਸਿ ਜੋਵਾ ? ਜੋ ਤੁਮ ਤੇ ਨਹਿਂ ਪੂਰਨ ਹੋਵਾ'॥
੬॥ਸੁਨਤਿ ਦੁਰਾਤਮ ਮੂਰਖ ਮਾਨੀ। ਮਹਾਂ ਪਾਪ ਕਰਤਾ ਧ੍ਰਮ ਹਾਨੀ। ਅਸ
ਨਰੰਗ ਬੋਲਯੋ 'ਮਮ ਕਾਜ। ਹੈ ਜੋ ਕਹਹੁੰ ਸੁਨਹੁ ਤੁਮ ਆਜ॥ ੭॥ ਸਭਿ
ਜਗ ਮੁਸਲਮਾਨ ਕਰਿ ਦੇਨਾ। ਏਕ ਮਈ ਸਭਿ ਕੋ ਪਿਖਿ ਲੇਨਾ। ਹਿੰਦੂ
ਰਹੈ ਨ ਭੂ ਮਹਿਂ ਕੋਊ। ਇਹ ਨਿਸ਼ਚਾ ਹਮਰੇ ਦਿਢ ਹੋਊ॥ ੮॥ ਕਾਰੇ
ਹਿੰਦੂਨ ਕੇ ਮਤਿ ਕੂੜਾ। ਬਕਹਿਂ ਤੁਫਾਨ ਮਿਲਹਿਂ ਗਨ ਮੂੜਾ। ਇਨਹਿਂ
ਚਲਾਵੌਂ ਰਾਹ ਖ਼ੁਦਾਇ।ਦੋਜ਼ਕ ਗਿਰਤੇ ਲੇਹੁਂ ਬਚਾਇ॥੯॥ਹੋਹਿਂ ਦੀਨ ਮਹਿਂ
ਕਲਮਾ ਕਹੈਂ। ਚਲਹਿਂ ਸ਼ਰਾ ਮਹਿਂ ਨੇਕੀ ਲਹੈਂ। ਰੋਜ਼ੇ ਈਦ ਨਵਾਜ
ਕੁਰਾਨ। ਇਨ ਕੋ ਧਾਰਹਿਂ ਸਾਥ ਇਮਾਨ ॥੧੦॥ ਮੁਸਲਮਾਨ ਹੁਇਂ ਕਹੇ
ਜੁ ਮੇਰੇ[1]। ਤਿਸੈ ਪਦਾਰਥ ਦੇਊਂ ਘਨੇਰੇ।ਨਾਂਹਿ ਤ ਧਨ ਲੈਕੈ ਹੁਇਜਾਇ।
ਕੈ ਨਿਜ ਝਗਰੋ ਲੇਹਿਂ ਜਿਤਾਇ॥੧੧॥ਜ਼ਿਮੀਂ ਇਨਾਮ ਦੇਤਿ ਹੌਂ ਤਾਂਹੀ।
ਧਾਰੈਂ ਸ਼ਰਾ ਖੁਸ਼ੀ ਕੇ ਮਾਂਹੀ। ਕਿਧੌਂ ਤੁਰਕ ਕੀ ਤਨਿਯਾ ਹੋਇ। ਸੁੰਦਰ
ਦੇਖਤਿ ਜਾਰੈ ਕੋਇ ॥੧੨॥ ਨਿਜ ਦੁਹਿਤਾ[2] ਤਕ ਅਰਪੌਂ ਤਾਂਹੀ। ਆਇ
ਜੁ ਹਿੰਦੂ ਸ਼ਰਾ ਕੇ ਮਾਂਹੀ। ਸੁਤਾ ਦਰਬ ਆਦਿਕ ਸਭਿ ਦੈ ਕੈ। ਜਸੋਂ ਕਸੋਂ
ਕਰਿ ਇਹ ਜੀਵ ਰਿਝੈ ਕੈ॥ ੧੩॥ ਲਯਾਇ ਦੀਨ ਮਹਿਂ ਸ਼ਰਾ ਮਝਾਰ।
ਇਹ ਜਾਨਹੁਂ ਬਡ ਪਰਉਪਕਾਰ। ਹਮਰੇ ਮਤਿ ਮਹਿਂ ਮਹਾਂ ਸਬਾਬ[3]।
ਸਿਫਤੀ ਕਰਹਿ ਖ਼ੁਦਾਇ ਅਦਾਬ[4]॥੧੪॥ਅਸਲੀ ਕਾਜ ਅਹੈ ਇਹ ਮੇਰੋ।
ਕਰਹਿ ਜੁ ਫੇਰ ਨ ਮਾਨਹਿ ਹੇਰੋਂ[5]। ਤਿਸਕੇ ਸਾਥ ਸ਼ੱਤ੍ਰੁਤਾ ਨੀਤ। ਕਰਿ ਹੌਂ
ਮੈਂ ਸਭਿ ਰੀਤਿ ਅਨੀਤ ॥੧੫॥ ਜੋ ਸ਼ੁਭ ਹੋਇ ਮਾਨਿ ਹੈ ਕਹਯੋ। ਦੀਨ
ਬਿਖੈ ਆਵਹਿ ਚਿਤ ਚਹਯੋ। ਸੋ ਹਮ ਭ੍ਰਾਤਾ ਕੇਰ ਸਮਾਨ। ਸਰਬ ਰੀਤਿ ਲੈ
ਸੁਖਨ ਮਹਾਨ' ॥੧੬॥ ਸੁਨਿ ਸ਼੍ਰੀ ਤੇਗਬਹਾਦਰ ਭਾਖਾ। 'ਜਿਮ ਖ਼ੁਦਾਇ ਕੀ
ਹੁਇ ਅਭਿਲਾਖਾ। ਤਿਮ ਮਾਨੀ ਚਹੀਅਹਿ ਹਮ ਤੁਮ ਕੋ।ਜਿਸ ਪਰਮੇਸ਼ੁਰ
ਕੇ ਨਹਿੰਸਮ ਕੋ॥੧੭॥ਜੇ ਪ੍ਰਭੁ ਚਹੈ ਤ ਹਿੰਦੂ ਨ ਜਨਮੈ।ਤੁਰਕ ਜਨਮਹੀ
ਹੈ ਨਿਸ ਦਿਨ ਮੈਂ।ਦੋਨਹੁਂ ਉਤਪਤਿ ਹੋਵਤਿ ਜਹਿਂ ਕਹਿਂ।ਲਖਹੁ ਕਿ ਰਖ-

---

[1]ਮੇਰੇ ਕਹੇ। [2]ਆਪਣੀ ਪੁੱਤ੍ਰੀ ਤਕ। [3]ਬੜਾ ਪੁੰਨ ਹੈ। [ਅ:, ਸਵਾਬ]। [4]ਅਦਾਬ=ਅੱਛੀ ਰਵਸ਼ ਹੈ ਜਿਸ ਦੀ ਖੁਦਾ ਸਿਫਤ ਕਰਦਾ ਹੈ [ਅ:, ਅਦਬ=ਅਛੀ ਰਵਸ਼। ਬਹੁ ਵਚਨ ਆਦਾਬ]। [5]ਜੋ (ਮੇਰੇ ਹੁਕਮ) ਦਾ ਮੋੜ ਕਰਦਾ (ਤੇ) ਨਹੀਂ ਮੰਨਦਾ (ਮੈਂ) ਦੇਖਦਾ ਹਾਂ।

ਹਿ[1],ਦੂਹਨ ਕੋ ਜਗ ਮਹਿਂ॥੧੮॥ਜੋ ਤੁਮ ਕਹੋ ਜਾਨੀਯਹਿ ਕੈਸੇ।ਤਿਸ ਪਰ ਸੁਨਹੁ ਕਰਹੁ ਬਿਧਿ ਐਸੇ।ਲੇਹੁ ਪੰਚ ਮਨ ਮਿਰਚੈਂ ਕਾਰੀ।ਢੇਰ ਕਰਹੁ ਇਕ ਥਾਨ ਸੁਧਾਰੀ ॥ ੧੯ ॥ ਗਨ ਈਂਧਨ ਤਿਸ ਕੇ ਚਹੁਂ ਓਰ। ਨੀਕੇ ਅਗਨਿ ਪ੍ਰਕਾਸ਼ਹੁ ਜੋਰ । ਅਸ਼ਟ ਜਾਮ ਲੌ ਦਾਹਤਿ ਰਹੀਏ।ਪੁਨ ਉੱਤਰ ਹਮ ਦੇਹਿਂ ਸੁ ਲਹੀਏ' ॥ ੨੦ ॥ ਇਮ ਨੁਰੰਗ ਨੇ ਮਾਨੀ ਬਾਤ। ਗੁਰ ਬਾਹਰ ਆਏ ਬੱਖਜਾਤ।ਚੌਕੀਦਾਰ ਸਾਥ ਹੀ ਭਏ।ਕਾਰਾ ਗ੍ਰਿਹ[2] ਮਹਿ ਲੇ ਕਰਿ ਗਏ॥੨੧ ॥ ਰਹਤਿ ਭਏ ਸਤਿਗੁਰ ਸੁਖ ਸੰਗੇ । ਨਿਜ ਨੌਕਰ ਸੋਂ ਕਹ੍ਯੋ ਨੁਰੰਗੇ। 'ਮਿਰਚ ਪੰਚ ਮਣ ਲਯਾਵਹੁ ਆਛੇ।ਚਹੁੰਦਿਸ਼ਿ ਅਗਨਿ ਦਾਹੁ ਕਰਿ ਪਾਛੇ॥ ੨੨॥ਅਸ਼ਟ ਜਾਮ ਲੌ ਕਰਿਕੈ ਦਾਹੁ। ਆਛੀ ਬਿਧਿ ਜਿਮ ਹੋਇ ਸੁਆਹੁ' । ਸੁਨਿ ਕੈ ਤਥਾ ਕਰਤਿ ਬਿਧਿ ਭਯੋ । ਇਕ ਨਿਸ ਦਿਨ ਪਾਵਕ ਦਿਪਤਯੋ॥ ੨੩ ॥ ਸੀਤਲ ਸੁਆਹ ਭਈ ਜਬਿ ਤਿਨੈ । ਜਾਇ ਨੁਰੰਗੇ ਸੋਂ ਸੁਧਿ ਭਨੇ । ਸੁਨੀ ਤੁਰਕਪਤਿ ਨੇ ਜਬਿ ਬਾਨੀ । ਕਰੇ ਹਕਾਰਨਿ ਗੁਰ ਗੁਨਖਾਨੀ॥੨੪ ॥ ਢਿਗ ਬਿਠਾਇ ਕੈ ਸਕਲ ਜਨਾਈ।'ਹਮ ਕੀਨਸਿ ਤੁਮ ਜਥਾ ਬਤਾਈ। ਉੱਤਰ ਮੋਹਿ ਦੀਜੀਏ ਸੋਇ।ਜਿਸ ਤੇ ਇਕ ਮਯ[3] ਸਭਿ ਜਗ ਹੋਇ॥੨੫॥ ਜਬਿ ਨਿਜ ਕਰਿ ਹੋ ਅੰਗੀਕਾਰਾ[4] । ਹ੍ਵੈ ਜੁ ਮਨੋਰਥ ਮਹਾਂ ਤੁਮਾਰਾ। ਪੂਰਨ ਕਰੌਂ ਅਖਿਲ ਮੈਂ ਫੇਰ। ਦੀਨ ਬਿਖੇ ਆਏ ਕਹੁ ਹੇਰਿ' ॥ ੨੬ ॥ ਸਤਿਗੁਰ ਕਹ੍ਯੋ 'ਜੁ ਮਿਰਚਨ ਸੁਆਹ। ਲਾਇ ਨਰਨ ਸਗਰੀ ਮਸਲਾਹ[5] । ਲੇਹੁ ਚਾਰਨੀ[6] ਸੋਂ ਤਿਸ ਛਾਨੁ।ਜੋ ਉਬਰਹਿਂ[7] ਸੋ ਉੱਤਰ ਜਾਨੁ'॥੨੭॥ਨੌਰੰਗ ਨੇ ਸੁਨਿ ਮਨੁਜ ਪਠਾਏ। ਕਾਜ਼ੀ ਮੁੱਲਾਂ ਲੀਨਿ ਬੁਲਾਏ। ਸਤਿਗੁਰ ਪਾਸ ਬਿਠਾਵਨਿ ਕਰੇ। 'ਸਮਝਹੁ ਤੁਮ ਇਹ ਕਹਾਂ[8] ਉਚਰੇ' ॥ ੨੮ ॥ ਸਗਰੀ ਭਸਮ ਨਿਕਟਿ ਮੰਗਵਾਈ। ਬਹੁ ਨਰ ਤੇ ਕਰ ਸੋਂ ਮਸਲਾਈ[9]। ਛਾਨਤਿ ਭਏ ਚਾਰਨੀ[6] ਧਾਰੇ। ਮਸਲਿ ਮਸਲਿ ਛਿੱਦ੍ਰਨ ਤਰ ਡਾਰੇ ॥ ੨੯॥ ਸਗਰੀ ਭਸਮ ਛਾਨਿਬੋ ਕੀਨਿ। ਸਾਬਤ ਮਿਰਚੈਂ ਨਿਕਸੀ ਤੀਨ। ਹਾਥਨ ਸਾਥ ਸੁ ਮਸਲਿ ਘਨੇਰੀ। ਭਈ ਨ ਭਗਨਿ ਸਭਿਨਿ ਮੋ ਹੇਰੀ ॥੩੦॥ ਸਰਬ ਭਸਮ ਤੇ ਉਬਰੀ ਸੋਇ।ਜਸੋਂ ਕੀ ਤਸੋਂ ਦੇਖਤਿ ਸਭਿ ਕੋਇ।ਜਿਨ ਕੇ ਆਂਚ ਛੁਈ ਨਹਿਂ ਨੇਰੇ। ਪਿਖਿ ਪਿਖਿ ਬਿਸਮਹਿਂ ਲੋਕ ਬਡੇਰੇ ॥ ੩੧ ॥ ਧਰੀ ਨੁਰੰਗੇ

[1]ਜਾਣ ਲਾਓ (ਪਰਮਾਤਮਾਂ) ਰਖਦਾ ਹੈ। [2]ਕੈਦ ਖ਼ਾਨਾ । [3]ਇਕ ਮਈ। [4](ਤੁਸੀਂ) ਆਪ ਜੇ ਅੰਗੀਕਾਰ ਕਰੋਗੇ। [5]ਮਲਾਓ। [6]ਛਾਨਣੀ। [7]ਜਿਨੀਆਂ ਬਚ ਰਹਿਣ। [8]ਕੀਹ। [9]ਹੱਥਾਂ ਨਾਲ ਮਲਾਈ।

ਤਬਿ ਨਿਜ ਹਾਥ। ਬੋਲਯੋ ਬਾਕ ਗੁਰਨਿ ਕੇ ਸਾਥ।'ਕਯਾ ਉੱਤ੍ਰ ਇਸ ਬਿਖੈ ਤੁਮਾਰੇ ? ਜਯੋਂ ਹਮ ਪੂਛਯੋ ਬਿਦਤ ਉਚਾਰੇ॥੩੨॥ਇਨ ਮਹਿਂ ਕਯਾ ਅਜ਼-ਮਤ ਦਿਖਰਾਈ। ਮਿਰਚ ਰਾਸ ਤੇ ਤੀਨ ਬਚਾਈ । ਕਯਾ ਹਮ ਜਾਨਹਿ ਦੇਹੁ ਬਤਾਇ।ਮਾਨਯੋਂ ਦੀਨ ਕਿ ਨਹਿਂ ਮਨ ਲਯਾਇ'॥੩੩॥ਸੁਨਿ ਸ੍ਰੀ ਤੇਗ ਬਹਾਦਰ ਕਹਯੋ। 'ਅਜਹੁਂ ਨਹੀਂ ਉੱਤਰ ਤੁਮ ਲਹਯੋ?ਜਿਮ ਖ਼ੁਦਾਇ ਕੀ ਮਰਜ਼ੀ ਅਹੈ। ਉੱਤਰ ਤਥਾ ਮਿਰਚ ਇਹ ਕਹੈਂ॥੩੪॥-ਇਕ ਕਰਿ ਦੇਉਂ-ਚਾਹਿ ਇਹ ਤੇਰੀ। ਨਹਿਂ ਖ਼ੁਦਾਇ ਕੀ,ਹਮ ਨੇ ਹੇਰੀ ।ਪੂਰਬ ਹਿੰਦੂ ਤੁਰਕ ਜਗ ਦੋਇ। ਅਬਿ ਤੇ ਤੀਨ ਜਾਨੀਏ ਹੋਇਂ॥ ੩੫ ॥ਤੋਹਿ ਮਨੋਰਥ ਛੂਛਾ ਪਰੈ। ਜਤਨ ਅਨੇਕਨਿ ਤੇ ਨਹਿਂ ਸਰੈ।ਹਮ ਤੁਮ ਜੀਵ ਕਹਾਂ ਤਿਸ ਆਗੇ। ਅਪਨੀ ਸ਼ਕਤਿ ਦਿਖਾਵਨਿ ਲਾਗੇ ॥ ੩੬ ॥ ਸਕਲ ਖ਼ਲਕ ਖ਼ਾਲਿਕ ਕੀ ਗਾਈਏ। ਇਸ ਮਹਿਂ ਆਪਾ ਨਹੀਂ ਜਨਾਈਏ।ਅਪਨਿ ਧਰਮ ਸਭਿਹਿਨਿ ਕੋ ਪਯਾਰੇ। ਸੁਖ ਕਾਂਖੀ ਨਹਿਂ ਤਜਹਿ ਦੁਖਾਰੇ[1] ॥ ੩੭ ॥ ਨਿਜ ਨਿਜ ਧਰਮ ਰਾਖਹੀ ਜੋਇ।ਉੱਤਮ ਗਤਿ ਸੋ ਪ੍ਰਾਪਤਿ ਹੋਇ। ਪਰੰਪਰਾ ਕੀ ਰੀਤਿ ਮਹਾਨੀ। ਕੌਨ ਸਕਹਿ ਇਸ ਕੋ ਕਰਿ ਹਾਨੀ ॥ ੩੮ ॥ ਇਸ ਭੂਤਲ ਪਰ ਭਏ ਘਨੇਰੇ। ਤੇਜਵੰਤ ਸਮਰੱਥ ਬਡੇਰੇ।ਗਰਬਤ ਗਮਨਤਿ ਜੋ ਬਿਪਰੀਤ। ਮੂਲ ਸਮੇਤ ਜਾਤਿ ਸੋ ਬੀਤ ॥ ੩੯ ॥ ਜਿਸ ਪ੍ਰਭੁ ਨੇ ਇਹ ਜੀਵ ਉਪਾਏ। ਰੱਛਕ ਹੁਇ ਸੋ ਬਨਹਿ ਸਹਾਏ। ਅਪਰ ਬਿਖੈ ਕਯਾ ਸ਼ਕਤੀ ਅਹੈ।ਕਰਮ ਕੁਕਰਮ ਕਰਨਿ ਕੋ ਚਹੈ॥ ੪੦ ॥ ਯਾਂਤੇ ਮਿਰਚਨ ਕੋ ਦ੍ਰਿਸ਼ਟਾਂਤ। ਪ੍ਰਭੁ ਮਰਜ਼ੀ ਦੇਖਨਿ ਸੱਖਯਾਤ। ਹੋਇ ਨ ਏਕੋ, ਦੋਇ ਨ ਰਹੈ[2] ।ਬਨਹਿਂ ਤੀਨ, ਪੁਨ ਥਿਰਤਾ ਲਹੈ[3] ॥ ੪੧ ॥ ਇਹ ਖ਼ੁਦਾਇ ਕੀ ਲਖਹੁ ਰਜ਼ਾਇ। ਜਿਸ ਕੋ ਕੋਇ ਨ ਸਕਹਿ ਮਿਟਾਇ। ਚਲਿਬੋ ਸ੍ਰੀ ਪ੍ਰਭੁ ਕੇ ਅਨੁਸਾਰੀ। ਧਰਮ ਰੀਤਿ ਇਹ ਲਖਹੁ ਹਮਾਰੀ' ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਨੌਰੰਗ' ਪ੍ਰਸੰਗ ਬਰਨਨੰ ਨਾਮ ਅਸ਼ਟ ਚਤ੍ਵਾਰਿੰਸਤੀ ਅੰਸੂ ॥ ੪੮ ॥

੪੯. [ਕੈਦ ਵਿਚੋਂ ਸਿੱਖਾਂ ਦੇ ਘਰ ਪ੍ਰਸ਼ਾਦ ਛਕਣਾ ।

ਦੋਹਰਾ ॥ ਕਾਰਾਗ੍ਰਿਹ ਮਹਿਂ ਸਤਿਗੁਰੂ*ਪਠਿ ਦੀਨੇ ਤੁਰਕੇਸ਼। ਰਿਦੇ ਬਿਚਾਰ ਉਚਾਰਤੋ† ਬੈਠੀ ਸਭਾ ਅਸ਼ੇਸ਼[4] ॥ ੧ ॥ ਚੌਪਈ ॥ 'ਇਹ ਹਿੰਦੁਨਿ ਕੋ ਗੁਰੂ

*ਆਤਮ ਮੰਡਲ ਵਿੱਚ ਜੋ ਉੱਚ ਅਵਸਥਾ ਸਤਿਗੁਰ ਜੀ ਦੀ ਇਸ ਵੇਲੇ ਸੀ, ਉਸਨੂੰ ਵਰਣਨ ਕਰਨ ਦਾ ਜਤਨ ਹੈ ਕਵੀ ਜੀ ਦਾ। ਜੋ ਅਵਸਥਾ ਸੀ ਉਸ ਨੂੰ ਆਤਮਿਕ ਪ੍ਰਬੀਨਤਾ ਵਾਲੇ ਲੋਕਾਂਨੇ ਅਨੁਭਵ ਤਦੋਂਹੀ ਕੀਤਾ ਸੀ।ਇਸ ਸਾਕੇ ਬਾਬਤ ਦਸਮੇਸ਼ ਪਿਤਾ ਜੀਨੇ ਆਪ ਇਨ੍ਹਾਂ ਲਫਜ਼ਾਂ ਵਿੱਚ ਕਿਹਾ ਹੈ 'ਤਿਲਕ ਜੰਞੂ ਰਾਖਾ ਪ੍ਰਭੂ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥ ਸਾਧਨ ਹੇਤ ਇਤੀ ਜਿਨਿ ਕਰੀ ॥ ਸੀਸ ਦੀਆ ਪਰ ਸੀ ਨ ਉਚਰੀ ॥ ੧੩ ॥ ਧਰਮ ਹੇਤ ਸਾਕਾ ਜਿਨਿ ਕੀਆ॥ਸੀਸ ਦੀਆ ਪਰ ਸਿਰਰੁ ਨ ਦੀਆ॥ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹੁ ਆਵਤ ਲਾਜਾ ॥ ੧੪ ॥ ਦੋਹਰਾ ॥ ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ ॥ ਤੇਗਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂੰ ਆਨ ॥ ੧੫ ॥ ਤੇਗਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥ ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥ ੧੬ ॥

ਭਾਰੀ। 'ਜੈ ਜੈ' ਕਰਤਿ ਜਾਤਿ ਸੰਗ ਸਾਰੇ।'ਹਮ ਗੁਰ ਰਾਖੇ' ਮੁਖਹੁ ਉਚਾਰੇ ॥੧੨॥ ਸੱਚਖੰਡ ਕੋ ਚਲ੍ਯੋ ਬਿਮਾਨ।ਸਭਿ ਦਿਸ਼ਿ ਦੇਖਹਿਂ ਦਯਾ ਨਿਧਾਨ। ਮ੍ਰਿਦੁ ਬਾਕਨ ਸੋਂ ਦੇ ਦੇ ਧੀਰਾ। ਕਰੀ ਬਿਨਾਸ਼ਨਿ ਸੁਰ ਗਨ ਪੀਰਾ ॥੧੩॥ 'ਰਹੋ ਨਿਚਿੰਤ ਤੁਰਕ ਜਰ ਗਈ। ਰਾਜ ਤੇਜ ਦਿਨਪ੍ਰਤਿ ਬਿਨਸਈ। ਗੁਰੂ ਗੁਬਿੰਦ ਪੰਥ ਉਪਜਾਵੈ। ਰਣ ਰਚਿ ਸਨੇ ਸਨੇ ਬਿਨਸਾਵੈ ॥ ੧੪ ॥ ਨਹੀ ਨਗਾਰਬੰਦ[1] ਕੋ ਰਹੈ। ਅਸ ਬਿਨਾਸ਼ ਦੁੱਸਹਿ ਕੋ ਲਹੈ[2]'। ਸਾਦਰ ਸੁਰ ਸਭਿ ਦਏ ਹਟਾਈ। ਸ਼ਕਤਿ ਨ ਪਹੁੰਚਨਿ ਕੀ ਅਗੁਵਾਈ ॥ ੧੫ ॥ ਸਤਿਗੁਰ ਸੱਚਿਖੰਡ ਕੋ ਗਏ।ਥਿਰ ਹੁਇ ਸੁਰ ਜੈਜੈ ਬਚ ਕਿਏ। ਅਬਿ ਦਿਲੀ ਪੁਰਿ ਕੀ ਜਿਮ ਕਥਾ।ਸ਼੍ਰੋਤਾ ਸੁਨਹੁ ਬਿਤੀ ਤਹਿਂ ਜਥਾ ॥੧੬॥ ਜਬਿ ਸਤਿਗੁਰ ਕੋ ਉਤਰ੍ਯੋ ਸੀਸ।ਔਚਕ ਹੌਲ੍ਯੋ ਰਿਦੈ ਦਿਲੀਸ਼[3]। ਧੂਲ ਕੰਕਰੀ ਖੀਂਚਤ ਪੌਨ[4]। ਗਈ ਬੇਗ ਤੇ ਥਿਰ ਜਿਸ ਭੌਨ[5] ॥੧੭॥ ਸੋ ਥਲ ਹਾਲ੍ਯੋ ਤ੍ਰਾਸ ਉਪੰਨਾ। ਧੀਰ ਹੁਲਾਸ ਤੁਰਤ ਹੀ ਭੰਨਾ। ਮਤਿ ਬਿਸਮਤਿ ਦੇਖਤਿ ਚਹੁੰ ਕੋਦ। ਤਤਛਿਨ ਹਨ੍ਯੋ ਬਿਨੋਦ ਪ੍ਰਮੋਦ[6]॥੧੮॥–ਕਹਾਂ ਭਯੋ–ਸੋਚਤਿ ਮਤਿ ਅੰਧਾ। ਮਨਹੁੰ ਆਨਿ ਜਮਦੂਤਨ ਬੰਧਾ[7]। ਉਸ਼ਟਨਿ* ਪਰ[8] ਜਿਹਬਾ ਬਹੁ ਫੇਰੈ। ਫੇਰਿ ਫੇਰਿ ਦਰ ਕੀ ਦਿਸ਼ਿ ਹੇਰੈ॥੧੯॥ ਇਤਨੇ ਮਹਿਂ ਉਮਰਾਵ ਸੁ ਆਇ। ਸੱਯਦ ਨਾਂਗੀ ਤੇਗ਼ ਉਠਾਇ। ਸੰਗ ਮੁਲਾਨੇ ਅਚਰਜ ਧਾਰਤਿ। ਕਿਤਿਕ ਪਰਸਪਰ ਬਾਤ ਉਚਾਰਤਿ ॥ ੨੦ ॥ ਅਵਿਰੰਗ ਕੋ ਸਲਾਮ ਕਰਿ ਖਰੇ। ਦੇਖਿ ਸਭਿਨਿ ਕੋ ਬੂਝਨਿ ਕਰੇ। 'ਕਹਾਂ ਕਰੀ ਅਰੁ ਕਹਾਂ ਨਿਹਾਰੀ। ਤਹਿਂ ਕਿਮ ਭਈ ਬਾਰਤਾ ਸਾਰੀ' ॥ ੨੧ ॥ ਤਬਿ ਉਮਰਾਵਨਿ ਪ੍ਰੇਰਨਿ ਕਰ੍ਯੋ। ਸਈਅਦ ਸਰਬ ਬ੍ਰਿਤੰਤ ਉਚਰ੍ਯੋ। 'ਹੁਕਮ ਆਪ ਕੋ ਜਬਿ ਲੇ ਗਏ।ਥਿਰੇ ਪਿੰਜਰੇ ਹੇਰਤਿ ਭਏ॥੨੨॥ਹਿਤ ਸਮੁਝਾਵਨਿ ਕੁਛ ਬਚ ਕਹੇ। ਪੁਨ ਅਜ਼ਮਤ ਪਰਖਨਿ ਕੋ ਚਹੇ।ਸੁਨਿ ਕਰਿ ਨਿਕਸਿ ਗ਼ੁਸਲ ਕਰਿ ਲੀਨਿ। ਸਿਰ ਨਿਵਾਇ ਸਿਜਦਾ ਪੁਨ ਕੀਨਿ ॥ ੨੩ ॥ ਤਬਿ ਨਿਜ ਬਲ ਤੇ ਤੇਗ਼ ਚਲਾਈ। ਨਹਿਂ ਗ੍ਰੀਵਾ ਮਹਿਂ ਲਗਬੇ ਪਾਈ।ਉਤਰ੍ਯੋ ਧਰ ਤੇ ਸਿਰ ਪਹਿਲਾਂ

---

[1]ਭਾਵ ਤੁਰਕਾਂ ਦਾ ਨਗਾਰਚੀ ਯਾ ਨਗਾਰਾ ਬੰਨ੍ਹਣ ਵਾਲਾ ਤੱਕ ਨਹੀਂ ਰਹੇਗਾ। [ਫਾ:, ਨੱਕ਼ਾਰ-ਬੰਦ]। [2]ਇਸ ਤਰ੍ਹਾਂ ਦੇ ਭਯਾਨਕ ਨਾਸ਼ ਨੂੰ ਪ੍ਰਾਪਤ ਹੋਣਗੇ। [3]ਦਿਲੀਸ਼ ਦੇ ਹਿਰਦੇ ਵਿਚ ਹੌਲ ਹੋਇਆ। [4]ਧੂੜ ਤੇ ਕੰਕਰਾਂ ਨੂੰ ਪੌਣ ਖਿੱਚਦੀ ਹੋਈ। [5]ਜਿਸ ਘਰ ਵਿਚ (ਨੁਰੰਗਾ) ਟਿਕਿਆ ਹੋਇਆ ਸੀ। [6]ਅਨੰਦ ਤੇ ਬਿਲਾਸ। [7]ਬੰਨ੍ਹ ਲਿਆ ਹੈ। [8]ਹੋਠਾਂ ਉਪਰ। *ਪਾ:–ਓਸ਼ਟਿ।

ਹੀ। ਮਨਹੁੰ ਅਗਾਰੀ ਲਾਗਯੋ ਨਾਂਹੀ[1] ॥੨੪॥ ਕਾਗਦ ਬੰਧਿ ਧਾਰ ਪਰ ਜੈਸੇ[2]।ਦੇਖਿ ਲੇਹੁ ਅਬਿ ਲੌ ਥਿਰ ਤੈਸੇ। ਕਟਯੋ ਨ ਰੰਚਕ ਤੁਟਯੋ ਨ ਤਾਗਾ। ਪ੍ਰਥਮ ਸਮਾਨ ਤੇਗ਼ ਸੋਂ ਲਾਗਾ ॥ ੨੫ ॥ ਸਭਿ ਸੋਂ ਜੈਸੇ ਪ੍ਰਥਮ ਉਬਾਚਾ[3]। ਕਟਯੋ ਨ ਕਾਗਦ ਕਰਯੋ ਸੁ ਸਾਚਾ[4]। ਲੋਕ ਹਜ਼ਾਰਹੁੰ ਦੂਰ ਕਿ ਨੇਰੈ।ਸਗਰੇ ਖਰੇ ਤਿਨਹੁੰ ਦਿਸ਼ਿ ਹੇਰੈਂ॥੨੬॥ ਅਚਰਜ ਭਯੋ ਸੀਸ ਨਹਿਂ ਪਾਯੋ। ਪਿਖਯੋ ਨ ਕਿਨਹੂੰ ਕਿਸੂ ਉਠਾਯੋ। ਬ੍ਰਿੰਦ ਸਿਪਾਹੀ ਇਤ ਉਤ ਫਿਰੈਂ। ਖੋਜਿ ਰਹੇ ਨਹਿਂ ਦਿਖਿਬੋ ਕਰੈ॥੨੭॥ਸਭਿ ਕੋ ਡਰ ਦੇ ਊਚ ਸੁਨਾਯੋ।ਤਊ ਨ ਕਿਸ ਤੇ ਹਾਥਨਿ ਆਯੋ[5]।ਇਕ ਇਕ ਕੋ ਬਹੁਰ ਬਿਲੋਕਾ। ਸਭਿ ਕੋ ਗਮਨ ਕਰਨਿ ਤੇ ਰੋਕਾ॥੨੮॥ਖੋਜੇ ਗ਼ਨੀ ਗਰੀਬ ਸੁ ਜਿੱਤੇ[6]।ਤਊ ਸੀਸ ਨਹਿਂ ਪਾਯੋ ਕਿੱਤੇ[7]। ਕੈ ਜ਼ਮੀਨ ਮੈਂ ਪ੍ਰਵਿਸ਼ਯੋ ਜਾਈ। ਕੈ ਅਸਮਾਨ ਉਡਯੋ ਸਹਿਸਾਈ[8]॥੨੯॥ ਜਬਿਲੋਂਧਰ[9] ਪਰ ਲਾਗਯੋ ਰਹਯੋ।ਤਬਿ ਲੌ ਤਹਾਂਸਕਲ ਹੀ ਲਹਯੋ।ਮੈਂ ਜਬਿ ਹੀ ਕਰ ਤੇਗ਼ ਉਭਾਰੀ। ਊਪਰ ਗ੍ਰੀਵਾ ਚਹਯੋ ਪ੍ਰਹਾਰੀ ॥ ੩੦ ॥ ਭਯੋ ਲੋਪ ਅਵਿਲੋਕਯੋ ਨਾਂਹੀ।ਖਰੇ ਹਜ਼ਾਰਹੁੰ ਲੋਕਨ ਮਾਂਹੀ[10]।ਮੂਰਖਸ਼ਾਹੁ ਬਿਸੂਰਤਿ ਭਾਰਾ।ਨਹਿ ਛਲ ਸਮੁਝਯੋ ਨਹਿੰਨ ਬਿਚਾਰਾ[11] ॥੩੧॥ਸਿਰਰ ਨ ਦੀਨਸਿ ਨਿਜ ਸਿਰ ਦੀਨਾ।ਜਿਨ ਮਹੁੰ ਕਰਾਮਾਤ ਅਤਿ ਪੀਨਾ[12]।ਅਬਿ ਧਰ ਪਰ[13] ਰਾਖਹੁ ਚੁਕਸਾਈ। ਹੋਇ ਨ ਅਸ, ਕੋ ਛਪਿ ਲੇ ਜਾਈ[14]॥੩੨॥ਪੁਰਿ ਮਹਿਂ ਡਿੰਡਮ ਦੀਜਹਿ ਫੇਰ। ਸੰਗਤਿ ਮੈਂ ਸਿਖ ਜੋ ਇਨ ਕੇਰ। ਲੇਕਰਿ ਜਾਇ ਕਰਹਿ ਸਸਕਾਰਾ। ਜਿਮ ਹਿੰਦੁਨਿ ਕੀ ਰੀਤਿ ਉਦਾਰਾ'॥੩੩॥ ਇਮ ਕਰਿ ਹੁਕਮ ਸਭਾ ਮਹਿਂ ਭਾਖਾ।'ਲਖੇ ਨ ਹਮ[15], ਇਮ ਛਲ ਰਚਿ ਰਾਖਾ।ਦੇ ਕਰਿ ਦੋਸ਼ ਮੋਹਿ ਸਿਰ ਭਾਰੀ। ਤਨ ਤਯਾਗਨ ਮਹਿਂ ਬਿਲਮ ਬਿਸਾਰੀ[16] ॥੩੪॥ ਕਹੇ ਨ ਮੋਰੇ ਅਜ਼ਮਤ ਲਾਈ। ਬਾਰਿ ਬਾਰਿ ਬਹੁਤਿਨਿ ਸਮੁਝਾਈ। ਮਨ ਬਿਸਰਾਮ ਨ ਹੁਇ[17] ਅਬਿ ਮੇਰਾ।ਉਤਪਾਤਨਿ ਤੇ ਹੌਲ ਬਡੇਰਾ'॥੩੫॥ਨਰ ਖੁਸ਼ਾਮਦੀ ਸੁਨਤਿ ਬਖਾਨੇ। 'ਤੁਮ ਬਹੁ ਕਹਯੋ, ਨੈਕ ਨਹਿਂ ਮਾਨੇ। ਆਗੇ

---

[1]ਅੱਗੇ ਲੱਗਾ ਹੀ ਨਹੀਂ ਸੀ (ਸਿਰ)। [2]ਜਿਵੇਂ ਕਾਗਜ਼ (ਤਲਵਾਰ ਦੀ) ਧਾਰ ਤੇ ਬੰਨ੍ਹਿਆ ਸੀ। [3](ਗੁਰੂ ਜੀ ਨੇ) ਕਿਹਾ ਸੀ। [4](ਕਹਿਣਾ ਓਹ) ਸੱਚਾ ਕੀਤਾ। [5]ਭਾਵ ਨਹੀਂ ਮਿਲਿਆ। [6]ਜਿਤਨੇ ਹਨ। [7]ਕਿਤੋਂ ਬੀ। [8]ਛੇਤੀ ਹੀ। [9]ਧੜ ਤੇ। [10]ਹਜ਼ਾਰਾਂ ਲੋਕਾਂ ਖੜਿਆਂ ਵਿੱਚੋਂ। [11]ਇਸ ਤੁਕ ਦਾ ਭਾਵ ਅਗੇ ਅੰਕ ੩੪, ੩੫ ਵਿਚ ਖੁਲ੍ਹਦਾ ਹੈ। [12]ਭਾਰੀ। [13]ਧੜ ਤੇ। [14]ਛੁਪਾਕੇ ਕੋਈ ਲੈ ਜਾਵੇ। [15]ਅਸੀਂ ਜਾਣ ਨ ਸਕੇ। [16]ਭਾਵ ਛੇਤੀ ਪ੍ਰਾਣ ਤਿਆਗ ਦਿਤੇ। [17]ਟਿਕਦਾ ਨਹੀਂ।

ਕਤਲ ਭਏ ਬਹੁਤੇਰੇ। ਸ਼ਰ੍ਹਾ ਨ ਮਾਨਹਿਂ ਚਲਹਿਂ ਕੁਢੇਰੇ[1] ॥ ੩੬ ॥ ਪੂਰਬ ਬੀਤ ਗਈ ਜੋ ਬਾਤ। ਕਹਾ ਬਿਚਾਰ ਤਿਸ, ਕਹੌਂ ਪਛੁਤਾਤ? ਅਜ਼ਮਤਵੰਤ ਭਯੋ ਤੌ ਕਹਾ[2]। ਮਾਨੀ ਸ਼ਰ੍ਹਾ ਨ ਨੀਕੀ ਲਹਾ ॥੩੭॥ ਹਿੰਦੂ ਤੁਰਕ ਸ਼ਰ੍ਹਾ ਬਿਨ ਘਨੇ। ਸਰਮਦ ਆਦਿ ਹਜ਼ਾਰਹੁਂ ਹਨੇ। ਇਸ ਕੀ ਕਹਾ ਚਿੰਤਾ ਚਿਤ ਕਰੋ। ਦੀਨ ਬਧਾਵਨਿ ਤੁਮ ਅਨੁਸਰੋ' ॥ ੩੮ ॥ ਲੋਕਨਿ ਭਨੇ ਧੀਰ ਤੌ ਧਾਰੀ[3]। ਤਊ ਗਹ੍ਯੋ ਮਨ ਸੰਸੇ ਭਾਰੀ। ਪੁਰ ਮਹਿਂ ਡਿੰਡਮ ਦਰ ਦਰ ਫੇਰਾ। ਸੁਨਹਿਂ ਸਿੱਖ ਸਗਰੇ ਤਿਸ ਬੇਰਾ॥੩੯॥ਤ੍ਰਾਸ ਤੁਰਕਪਤਿ ਕੋ ਅਤਿ ਧਾਰੈਂ। 'ਹਮ ਸਿਖ ਸੇਵਕ' ਨਹੀਂ ਉਚਾਰੈਂ[4]। ਕਿਨਹੁਂ ਨ ਗੁਰ ਕੀ ਲੋਥ ਉਠਾਈ। ਲਖਹਿ ਸਹੀ ਕਰਿ, ਦੇ ਮਰਵਾਈ[5]॥੪੦॥ ਘਰ ਘਰ ਦਰ ਦਰ ਦੂਰਿ ਦੂਰਿ ਸਾਰੇ। ਨਰ ਨਾਰੀ ਸਭਿ ਕਾਢਹਿਂ ਗਾਰੇ। 'ਹਾਹਾਕਾਰ' ਕਰਹਿ ਪੁਰਿ ਸਾਰੋ। 'ਅਪਰਾਧੀ ਪਾਪੀ ਹਤਿਆਰੋ॥੪੧॥ਜਿਨ ਕੀ ਪੂਜਾ ਸਭਿ ਜਗ ਕਰੈ।ਸੇਵਤਿ ਸੁਖ ਕੀ ਇੱਛਾ ਧਰੈ। ਸੁਤ ਬਿਤ ਆਦਿ ਕਾਮਨਾ ਪੈਹੈਂ। ਬਾਂਛਹਿ ਨਰਕ ਪਰੇ ਕਢ ਲੈਹੈਂ[6] ॥ ੪੨ ॥ ਕਰਾਮਾਤ ਕੇ ਸਿੰਧੁ ਅਪਾਰਾ।ਨਹਿਨ ਦਿਖਾਵਨਿ ਕੋ ਪ੍ਰਨ ਧਾਰਾ। ਰਿਦੈ ਨ ਸਮੁਝ੍ਯੋ ਆਸ਼ੈ ਗੂਢ। ਅਸ ਪ੍ਰਭੁ ਕਤਲ ਕਰਾਏ ਮੂਢ[7] ॥੪੩॥ ਗੁਰ ਸਿਖ ਹਮ ਕੋ ਜਬਿਹੀ ਜਾਨਹਿ[8]। ਸਹਿਤ ਕੁਟੰਬ ਪ੍ਰਾਨ ਕੋ ਹਾਨਹਿ'।ਇਮ ਨਿੰਦਾ ਕਰਿ ਗਾਰਿ ਨਿਕਾਰਹਿਂ।ਮਿਲਿ ਕਰਿ ਹਾਹਾਕਾਰ ਉਚਾਰਹਿਂ ॥੪੪॥ ਬਿਦਤ ਨ ਹੋਤਿ, ਛਪੇ ਸਭਿ ਕਹੈਂ। ਦੁਸ਼ਟ ਹਠੀ ਖਲ ਕੋ ਮਨ ਲਹੈਂ[9]। ਕਾਰਾਗ੍ਰਿਹ ਕੇ ਪੌਰ ਅਗਾਰੀ*। ਤਹਿਂ ਸਤਿਗੁਰ ਧਰ ਧਰਾ ਮਝਾਰੀ[10] ॥੪੫॥ ਸਨਧ ਬੱਧ ਤਹਿਂ ਖਰੇ ਸਿਪਾਹੀ। ਹੇਰਿ ਹੇਰਿ ਨਰ ਤ੍ਰਿਯ ਗਨ ਜਾਹੀਂ। ਹਾਹਾਕਾਰ ਉਚਾਰਤਿ ਕਹੈਂ। 'ਤੁਰਕ ਨਾਸ਼ ਭਾ ਥਿਰ ਨਹਿਂ ਰਹੈ' ॥ ੪੬ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਾਦਸ਼ ਰਾਸੇ 'ਸ਼੍ਰੀ ਗੁਰੂ ਤੇਗ ਬਹਾਦਰ ਜੋਤੀ ਜੋਤ ਸੱਚ ਖੰਡ ਗਮਨ' ਪ੍ਰਸੰਗ ਬਰਨਨੰ ਨਾਮ ਖਸ਼ਟਸਸ਼ਟੀ ਅੰਸੂ ॥ ੬੬ ॥

੬੭. ਲੁਬਾਣੇ ਸਿੱਖ ਨੇ ਧੜ ਦਾ ਸਸਕਾਰ ਕਰਨਾ]।

ਦੋਹਰਾ॥ਹੁਤੋ ਲੁਬਾਨਾ ਸਿੱਖ ਤਹਿਂ ਬ੍ਰਿਖਭ ਬ੍ਰਿੰਦ ਜਿਹ ਪਾਸ। ਗਿਨਤੀ ਬਿਖੈ

[1]ਜੋ ਉਲਟੇ ਚੱਲਣ ਵਾਲੇ ਸਨ। [2]ਫੇਰ ਕੀ ਹੋਇਆ। [3]ਲੋਕਾਂ ਦੇ ਕਹੇ ਧੀਰਜ ਤਾਂ ਧਾਰ ਲਈ। [4]ਕੋਈ ਨਹੀਂ ਕਹਿੰਦਾ ਕਿ ਮੈਂ ਸਿੱਖ ਯਾ ਸੇਵਕ ਹਾਂ। [5]ਜੇਹੜਾ ਧੜ ਲੈਣ ਜਾਇਗਾ, ਉਸ ਨੂੰ (ਔਰੰਗਜ਼ੇਬ) ਨਿਸ਼ਚੇ (ਸਿੱਖ) ਸਮਝ ਲਏਗਾ ਤੇ ਮਰਵਾ ਦੇਵੇਗਾ। [6](ਗੁਰੂ ਜੀ ਜਿਸ ਨੂੰ) ਚਾਹੁਣ ਨਰਕ ਪਏ ਨੂੰ ਕੱਢ ਲੈਂਦੇ ਹਨ। [7]ਮੂਰਖ (ਸ਼ਾਹ) ਨੇ। [8](ਸ਼ਾਹ) ਜਦ ਜਾਣ ਲਏਗਾ। [9]ਮੂਰਖ ਨੂੰ ਮਨ ਵਿਚ ਦੁਸ਼ਟ ਤੇ ਹਠੀ ਜਾਣਦੇ ਹਨ। [10]ਧਰਤੀ ਉਤੇ ਧੜ ਪਿਆ ਹੈ। *ਇਹ ਉਹੋ ਥਾਂ ਹੈ ਜਿੱਥੇ ਹੁਣ ਸੀਸ ਗੰਜ ਗੁਰਦਵਾਰਾ ਹੈ,ਤਦੋਂ ਏਹ ਕੁਤਵਾਲੀ ਦਾ ਹਿੱਸਾ ਸੀ।

ਹਜ਼ਾਰ ਦਸ ਨਿਕਟਿ ਰਖੈ ਗਨ ਦਾਸ ॥ ੧ ॥ ਚੌਪਈ ॥ ਗੁਰ ਕਾਰਨ ਕੋ ਸੁਨਿ ਦੁਖ ਪਾਯੋ। ਦਰਸ ਬਿਲੋਕਨ ਕੇ ਹਿਤ ਆਯੋ। ਤਰੇ ਬ੍ਰਿੱਛ ਕੇ ਗੁਰ ਧਰ ਪਰਯੋ। ਦੇਖਿ ਬਿਲੋਚਨ ਮਹਿਂ ਜਲ ਭਰਯੋ ॥੨॥—ਹਮ ਸਿੱਖਨਨਿ ਕੋ ਧਿਕ ਬਹੁ ਭਾਰੀ॥ਇਮ ਸਤਿਗੁਰ ਕੀ ਦਸ਼ਾ ਨਿਹਾਰੀ। ਪ੍ਰਥਮ ਆਪਨੇ ਪ੍ਰਾਨ ਨ ਦਏ। ਤੁਰਕ ਤ੍ਰਾਸ ਤੇ ਦੂਰਿ ਦੂਰਿ ਗਏ॥੩॥ਸੁਨਿ ਡਿੰਡਮ ਕੋ ਕਿਨਹੂੰ ਨ ਮਾਨੀ। ਹਮ ਨਹਿਂ ਸਿੱਖਜ, ਨ ਦੇ ਮਤ ਹਾਨੀ[1]। ਸਸਕਾਰਨ ਕੋ ਕਰੌਂ ਉਪਾਊ।'ਜਥਾ ਨ ਜਾਨ ਸਕਹਿ ਨਰ ਕਾਊ ॥ ੪ ॥ ਬਿਦਤ ਕਰੌਂ, ਹੋਇ ਨ ਸਸਕਾਰਾ। ਗਹਹਿਂ ਕਿ ਦੇਹਿਂ ਮੋਹਿ ਕੋ ਮਾਰਾ। ਗੁਰੂ ਸਹਾਇਕ ਹੋਹਿਂ ਜਿ ਮੇਰੇ। ਛਪਿ ਕਰਿ ਲੇ ਗਮਨਹੁਂ ਕਿਸ ਬੇਰੇ—॥੫॥ ਕਰਯੋ ਮਨੋਰਥ ਘਰ ਹਟਿ ਗਯੋ। ਅਨਿਕ ਉਪਾਇ ਸੁ ਚਿਤਵਤਿ ਭਯੋ। ਬ੍ਰਿਖਭ ਬ੍ਰਿੰਦ ਇਕਠੇ ਕਰਿਵਾਏ॥ਕਿਤਿਕ ਸਕਟ ਮਹਿਂ ਤੂਲ[2] ਭਰਾਏ॥੬॥ ਕਰੇ ਇਕੱਤ੍ਰ ਆਪਨੇ ਨਰ ਗਨ। ਠਾਨਯੋਂ ਜਤਨ ਕੀਨਿ ਨਿਰਨੈ ਮਨ। ਸਕਟ ਭਰੇ ਪ੍ਰਥਮੈ ਪਹੁੰਚਾਏ[3]। ਕੁਛ ਮਿਸ ਕਰਿ ਤਿਸ ਥਾਨ ਟਿਕਾਏ ॥੭॥ ਹਾਂਕ ਦਯੋ ਬ੍ਰਿਖ-ਭਨਿ ਕੋ ਲਾਰਾ[4]। ਜਮਨਾ ਦਿਸ਼ਿ ਕੋ ਪ੍ਰਥਮ ਸਿਧਾਰਾ। ਨਿਗਮੋਦ[5] ਜਹਿਂ ਘਾਟ ਕਹਾਵੈ॥ਤਿਸ ਦਿਸ਼ਿ ਬ੍ਰਿਖਭਨਿ ਬ੍ਰਿੰਦ ਚਲਾਵੈ॥੮॥ਤਰਨਿ ਤਨੂਜਾ[6] ਕੇ ਤਟ ਹੋਇ। ਤਿਤ ਕੇ ਪੌਰ ਪ੍ਰਵੇਸ਼ਯੋ ਸੋਇ। ਸੰਗ ਸੰਬੂਹ ਲੁਬਾਨਾਂ ਕਰੇ[7]। ਪੁਸ਼ਟ ਲਸ਼ਟਕਾ ਕੰਧੇ ਧਰੇ ॥੯॥ ਬੈਲ ਹਾਂਕਨੀ ਬੋਲਤਿ ਬੋਲੀ[8]। ਸਾਂਭਤਿ ਇਤ ਉਤ ਤੇ ਕਰਿ ਟੋਲੀ। ਜਬਿ ਤੇ ਸਾਹਿਬ ਕੀਨਸਿ ਭਾਣਾ[9]। ਬਡੇ ਬੇਗ ਤੇ ਬਾਯੁ ਪਯਾਣਾ ॥ ੧੦ ॥ ਉਡਹਿ ਗਰਦ ਫੈਲੀ ਬਹੁ ਰੈਨ। ਨਰ ਨਾਰਨਿ ਕੇ ਪੂਰਹਿ ਨੈਨ।ਮਸਲਹਿਂ[10]ਹਾਥਨਿ ਸਾਥ ਘਨੇਰੋ।ਥਸਤ੍ਰਨਿ ਸੰਗ ਅਛਾਦਤਿ ਹੋਂ ॥ ੧੧ ॥ ਆਤਪ ਮੰਦ ਭਈ ਸਭਿ ਠੌਰਾ। ਛਾਦਯੋ ਭਾਨੁ ਤੇਜ ਭਾ ਥੋਰਾ। ਮਾਨਵ ਕਿਤਿਕ ਬਰੇ ਘਰ ਮਾਂਹੀ। ਦਿਨ ਮਲੀਨ ਪਿਖਿ

[1]ਅਸੀਂ ਸਿਖ ਨਹੀਂ (ਜੇ ਸਿਖ ਕਹਾਂਗੇ) ਮਤਾਂ ਸਾਨੂੰ ਮਾਰ ਹੀ ਨ ਦੇਵੇ। [2]ਰੂਈ। [3](ਸ੍ਰੀ ਗੁਰੂ ਜੀ ਦੇ ਧੜ ਵਾਲੇ ਥਾਂ) ਪਹੁੰਚਾਏ। [4]ਕਤਾਰ। [5]ਦਿੱਲੀ ਜਮਨਾ ਕਿਨਾਰੇ ਇਕ ਤੀਰਥ, ਇਸ ਦਾ ਸ਼ੁਧ ਨਾਮ ਹੈ 'ਨਿਗਮ ਬੋਧ'। ਗਾਲਬਨ ਇਹ ਰੇਲ ਦੇ ਪੁਲ ਤੋਂ ਉੱਤਰ ਦਾ ਟਿਕਾਣਾ ਹੈ ਜਿੱਥੇ ਅਜ ਕਲ ਵੀ ਲੋਕੀ ਸਵੇਰੇ ਜਾਕੇ ਨ੍ਹਾਉਂਦੇ ਹਨ। ਗੁਰੂ ਜੀ ਦੇ ਸ਼ਹੀਦ ਸਥਾਨ ਤੋਂ ਸੜਕ ਇਧਰ ਨੂੰ ਹੀ ਜਾਂਦੀ ਹੈ। [6]ਜਮਨਾ। [7]ਬਹੁਤ ਲੁਬਾਣੇ ਨਾਲ ਲਏ। [8]ਬੈਲਾਂ ਦੇ ਹੱਕਣ ਵਾਲੀ ਬੋਲੀ ਬੋਲਦੇ ਹਨ। [9]ਗੁਰੂ ਜੀ ਨੇ ਭਾਣਾ ਵਰਤਾਇਆ। [10]ਮਲਦੇ ਹਨ (ਅਖਾਂ)।

ਨਿਕਸੇ ਨਾਂਹੀ ॥ ੧੨ ॥ ਬ੍ਰਿੰਦ ਬਿਖਭ ਜਬਿ ਬਰੇ ਬਜ਼ਾਰ।ਪਸਰੀ ਧੂਰ ਭਯੋ
ਅੰਧਕਾਰ। ਇਕਤੌ ਬਾਯੁ ਕੁਵੇਰੀ[1] ਬਹੈ।ਦੁਤੀਏ ਬ੍ਰਿਖਭ ਉਡਾਈ ਅਹੈ[2] ॥
੧੩॥ਸੁਧੇ ਚਲਿ ਬਜ਼ਾਰ ਕੋ ਆਇ।ਦੇਖੇ ਨਰਨਿ ਬੈਲ ਸਮੁਦਾਇ।ਇਤ ਉਤ
ਟਰੇ ਕਾਹਿਲੀ ਪਾਇ। ਆਪ ਆਪ ਕੋ ਗਏ ਬਚਾਇ ॥੧੪॥ ਬੋਲਤਿ ਊਚੇ
ਬੈਲ ਹਟਾਵਤਿ। ਕਾਰਾਗ੍ਰਿਹ ਬਜ਼ਾਰ ਕੋ ਜਾਵਤਿ*। ਚੌਕੀਦਾਰ ਸਿਪਾਹੀ
ਖਰੇ। ਗੁਰ ਕੀ ਲੋਥ ਬਿਲੋਕਨਿ ਕਰੇ ॥ ੧੫ ॥ ਕਹੇ ਸ਼ਾਹੁ ਕੇ ਨਹਿੰ ਸਸ-
ਕਾਰੀ। ਛਪਿ ਕੇ ਲੇਹਿ ਨ, ਸੇ ਰਖਵਾਰੀ[3]।ਥੋਰੋ ਦਿਵਸ ਰਹਯੋ ਤਬਿ ਆਇ।
ਭਈ ਭੀਰ ਬ੍ਰਿਖਭਨ ਸਮੁਦਾਇ ॥ ੧੬ ॥ ਇਤ ਉਤ ਕਰਤਿ ਬ੍ਰਿੰਦ ਬਨ-
ਜਾਰੇ। ਪਹੁੰਚੇ ਗੁਰੁ ਧਰ[4] ਜਾਇ ਨਿਹਾਰੇ। ਮਿਲਿ ਬੈਲਨ ਤਹਿੰ ਲੌ ਚਲਿ
ਗਏ।ਹੇਤੁ ਉਠਾਵਨਿ ਕੇ ਹਠ ਕਿਏ।੧੭।ਹੇਰਿ ਭੀਰ ਬ੍ਰਿਖਭਨ ਕੀ ਬਡੀ।
ਰਾਖੇ ਅਪਨਿ ਥਾਨ ਕੋ ਛਡੀ[5]। ਤਰਜਤਿ ਬਰਜਤਿ[6] ਹੈਂ ਬਹੁਤੇਰੇ। ਤਊ
ਕੁਲਾਹਲ ਹੋਤਿ ਬਡੇਰੇ॥ ੧੮ ॥ ਸਕਟਨਿ ਕੇ ਗਡਵਾਨ[7] ਪੁਕਾਰਤਿ।ਗਨ
ਬਨਜਾਰੇ ਊਚ ਉਚਾਰਤਿ। ਗਰਦ ਉਡਨਿ ਤੇ ਛਾਦੇ[8] ਨੈਨ।ਗਏ ਨਿਕਟਿ
'ਹਟਿ ਹਟਿ' ਕਹਿ ਬੈਨ ॥ ੧੯ ॥ ਦਾਵ ਤਕਾਇ ਸਕਲ ਦਿਸ਼ਿ ਦੇਖਾ।ਗੁਰ
ਮਾਇਆ ਬਿਰਮਾਇ ਅਸ਼ੇਖਾ। ਧਰ ਦਿਸ਼ਿ ਦ੍ਰਿਸ਼ਟਿ ਨ ਕਿਸ ਕੀ ਹੇਰੀ।ਨਰ
ਪੰਚਹੁੰ ਉਚਾਇ ਤਿਸਿ ਬੇਰੀ ॥੨੦॥ ਤਤਛਿਨ ਤੂਲ ਸਕਟ ਢਿਗ ਲਜਾਏ,
ਭਲੀ ਪ੍ਰਕਾਰ ਬੀਚ ਪਹੁਚਾਏ। ਕਰਤਿ ਸ਼ੀਘ੍ਰਤਾ ਬੁਧਿ ਉਪਜਾਵੈਂ। ਇਤ

[1]ਪੁੱਠੀ ਭਾਵ ਹਨੇਰੀ। [2](ਧੂੜ)ਬੈਲਾਂ ਦੀ ਉਡਾਈ ਹੋਈਹੈ। [3]ਤੇ ਸੇ(ਸਿਪਾਹੀ)ਰਾਖੀ ਕਰਦੇ ਸਨ ਇਸ ਕਰਕੇ ਛੁਪਕੇ ਬੀ (ਕੋਈ) ਲੈ ਨ ਸਕਿਆ। [4]ਧੜ। [5]ਚੌਕੀਦਾਰ ਆਦਿਕਾਂ ਨੇ ਆਪਣੀ ਥਾਂ ਛੱਡ ਦਿੱਤੀ ਭਾਵ ਪਾਸੇ ਹਟ ਗਏ। ਮੁਰਾਦ ਹੈ ਕਿ ਲੁਬਾਣਿਆਂ ਨੇ ਬੈਲ ਬੇਵਸੇ ਤੇ ਮੁਹਤਾਜੇ ਹੋ ਗਏ ਵਾਂਙੂ ਕਰ ਦਿੱਤੇ ਸਨ। [6]ਤਾੜਦੇ ਤੇ ਰੋਕਦੇ। [7]ਗਾਡੀਵਾਨ। [8]ਭਾਵ ਧੂੜ ਨਾਲ ਭਰ ਗਏ।

*ਇਹ ਚਾਂਦਨੀ ਚੌਂਕ ਦਾ ਬਜ਼ਾਰ ਹੈ, ਉਸ ਸਮੇਂ ਦੀ ਕੁਤਵਾਲੀ ਹੁਣ ਤਕ ਓਥੇ ਹੀ ਹੈ, ਇਸ ਕੁਤਵਾਲੀ ਦੇ ਨਾਲ ਹੀ ਸੀਸ ਗੰਜ ਗੁਰੂ ਜੀ ਦੀ ਸ਼ਹਾਦਤ ਦਾ ਗੁਰਦੁਆਰਾ ਹੈ। ਤਦੋਂ ਇਹ ਥਾਂ ਕੁਤਵਾਲੀ ਦੇ ਵਿਚ ਹੀ ਸੀ। ਜਦੋਂ ਪੰਥ ਨੇ ਦਿੱਲੀ ਤੇ ਹੱਲਾ ਕੀਤਾ ਹੈ ਤਾਂ ਬਾਬਾ ਬਘੇਲ ਸਿੰਘ ਜੀ ਨੇ ਕੁਤਵਾਲੀ ਤੇ ਕਬਜ਼ਾ ਕਰਕੇ ਕੁਤਵਾਲੀ ਵਿਚੋਂ ਸ਼ਹਾਦਤ ਵਾਲੀ ਥਾਂ ਲੈਕੇ ਗੁਰਦੁਆਰਾ ਬਨਵਾਇਆ। ਪਿੱਛੋਂ ਮੁਸਲਮਾਨਾਂ ਦਾ ਜ਼ੋਰ ਪੈ ਗਿਆ ਉਨ੍ਹਾਂ ਕੋਲ-ਹੀ ਮਸੀਤ ਬਨਾਈ, ਇਹ ਵੀ ਕਹਿੰਦੇ ਹਨ ਕਿ ਗੁਰਦੁਆਰੇ ਦੀ ਬੇਅਦਬੀ ਬੀ ਕੀਤੀ। ੧੮੫੭ ਦੇ ਗਦਰ ਮਗਰੋਂ ਜੀਂਦ ਦੇ ਰਾਜੇ ਸਰੂਪ ਸਿੰਘ ਜੀ ਨੇ ਮੁੜ ਇਹ ਪਵਿੱਤ੍ਰ ਭੂਮੀ ਸਰਕਾਰ ਤੋਂ ਪ੍ਰਾਪਤ ਕੀਤੀ ਤੇ ਗੁਰਦੁਆਰਾ ਰਚਿਆ। ਹੁਣ ਪੱਥਰ ਦੀ ਆਲੀਸ਼ਾਨ ਇਮਾਰਤ ਬਣ ਗਈ ਹੈ।

ਉਤ ਹੇਰਤਿ ਸਰਬ ਦੁਰਾਵੈਂ[1] ॥ ੨੧ ॥ ਘਨੀ ਤੂਲ ਤੇ ਛਾਦਨ ਕੀਨੇ। ਜਿਸ ਪ੍ਰਕਾਰ ਕੋ ਸਕਹਿ ਨ ਚੀਨੇ। ਮਨ ਹੀ ਮਨ ਮਨਾਇ[2] ਉਰ ਧਰੈਂ। 'ਅਪਨੋ ਕਾਜ ਆਪ ਗੁਰ ਕਰੈਂ'॥੨੨॥ਕਰਿ ਬੰਦਨ ਕੋ ਹਟਿ ਕਰਿ ਗਏ।ਬੈਲਨ ਬੀਚ ਇਤਹਿ ਉਤ ਭਏ।ਲਾਗ ਗਮਨਨੌਂ ਜਾਤਿ ਅਗਾਰੀ। ਹਾਂਕਤਿ ਜਾਤਿ ਬੋਲਤੇ ਭਾਰੀ ॥ ੨੩ ॥ ਬਾਯੂ ਬ੍ਰਿਖਭਨ[3] ਧੂਲ ਉਡਾਈ। ਸਭਿ ਕੀ ਦ੍ਰਿਸ਼ਟਿ ਬਿਲੋਚਨ ਛਾਈ।ਪੁਰਿ ਕੇ ਪੌਰ ਨਿਕਸਿ ਜਬਿ ਗਏ।ਸਕਟ ਤਯਾਰ ਚਲਿਬੇ ਕੌ ਭਏ॥੨੪॥ਆਇ ਸਿਪਾਹੀ ਦੇਖਨਿ ਲਾਗੇ। ਸਤਿਗੁਰੁ ਕੋ ਧਰ ਲਖਯੋ ਨ ਆਗੇ। ਸਭਿਨਿ ਬਿਖੇ ਮਾਚਯੋ ਤਬਿ ਰੌਰਾ।ਇਤ ਉਤ ਖੋਜਤਿ ਭੇ ਸਭਿ ਠੌਰਾ ॥ ੨੫ ॥ ਮਨ ਮਹਿਂ ਮਾਨਨੌਂ ਅਧਿਕ ਅਚੰਭਾ। ਇਹ ਕਿਨਹੂੰ ਬਡਿ ਦੰਭ ਅਰੰਭਾ।ਕੇਤਿਕ ਦੌਰੇ ਜਾਇ ਨਿਹਾਰੇ।ਬੈਲਨ ਸਹਿਤ ਜਿਤਿਕ ਬਨਜਾਰੇ॥ ੨੬॥ ਏਕ ਏਕ ਕੌ ਤਰਜਤਿ ਧਰਿ ਧਰਿ[4]। ਛੋਰਤਿ ਹੇਰਤਿ ਨਿਰਨੈ ਕਰਿ ਕਰਿ[5]। ਤਿਮ ਹੀ ਬ੍ਰਿਖਭ ਛੂਛ ਸਭਿ ਹੇਰੇ। ਅਪਰ ਨਗਰਿ ਖੋਜਤਿ ਫਿਰਿ ਫੇਰੇ ॥ ੨੭ ॥ ਇਮ ਦੇਖਤਿ ਸਕਟਨਿ ਢਿਗ ਆਏ।ਗਿਨਹਿਂ ਏਕ ਕਮਤੀ ਹੁਇ ਜਾਏ। ਗਡਵਾਨਨ ਕੋ ਤਰਜਤਿ ਕਹੈਂ। 'ਤੁਮ ਮਹਿਂ ਏਕ ਸਕਟ ਨਹਿਂ ਲਹੈਂ ॥੨੮॥ ਕਰਯੋ ਨਿਕਾਸਨਿ, ਕਹਾਂ ਦੁਰਾਯੋ? ਤਿਸ ਮਹਿ ਗੁਰ ਕੋ ਧਰ ਤੁਮ ਪਾਯੋ। ਦਿਹੁ ਬਤਾਇ ਨਤੁ ਕੈਦ ਕਰੈਂਗੇ।ਮਾਰਿ ਮਾਰਿ ਤੁਮ ਪ੍ਰਾਨ ਹਰੈਂਗੇ'॥੨੯॥ਗਾਡੀਵਾਨਨ ਸ਼ਰਧਾ ਧਾਰੀ ।-ਗਿਨਹਿ ਨ ਜਾਇਂ ਇਨਹੁਂ ਮਤਿ ਮਾਰੀ-। ਨਿਰਭੈ ਹੁਇ ਕਰਿ ਬਾਕ ਬਖਾਨੈਂ। 'ਬਿਨਾ ਦੋਸ਼ ਕਿਸ ਪ੍ਰਾਨਨਿ ਹਾਨੈਂ[6]?॥੩੦॥ਹਜ਼ਰਤ ਕੇ ਘਰ ਨਜਾਉਂ ਕਿ ਨਾਂਹੀ।ਕੈਸੇ ਕਰਹਿ ਕੈਦ ਕੇ ਮਾਂਹੀ। ਨਿਕਟਿ ਥਿਰੇ, ਹਮ ਗਏ ਨ ਕਯੋਂਹੂੰ। ਦੇਖਿ ਖੋਜ ਲਿਹੁ ਭਾਵਹਿ ਜਯੋਂਹੂੰ'॥ ੩੧ ॥ ਗਿਨਹਿਂ ਸਕਟ ਸੋ ਗਿਨੇ ਨ ਜਾਹੀਂ।ਪਿਖਿ ਕਰਿ ਲਖਯੋ-ਸਾਚ ਇਹੁ ਪ੍ਰਾਹੀਂ-। ਪੁਰਿ ਮਹਿਂ ਗਰੀ ਗਰੀ ਫਿਰਿ ਹੇਰੀ।ਪਾਇ ਨ ਖੋਜਿ[7] ਫਿਰੇ ਤਿਸ ਬੇਰੀ ॥ ੩੨ ॥ ਗਡਵਾਨਨ ਸਭਿ ਸੰਗ ਬਖਾਨੇ। ਜੋਰਿ ਬ੍ਰਿਖਭ ਲੈ ਸਕਟ ਪਯਾਨੇ।ਸਨੇ ਸਨੇ ਚਲਿ ਕੈ ਤਹਿਂ ਆਏ।ਜਹਿਂ ਬਨਜਾਰੇ ਮਿਲਿ ਸਮੁਦਾਏ[8]॥੩੩॥'ਭਏ ਸਹਾਇਕ ਸਤਿਗੁਰੁ ਆਪੇ।ਕਿਸੀ ਦੁਸ਼ਟ ਕੋ

[1]ਛੁਪਾਂਵਦੇ ਹਨ। [2](ਗੁਰੂ ਜੀ ਨੂੰ) ਸਿਮਰਕੇ। [3]ਹਨੇਰੀ ਤੇ ਬੈਲਾਂ ਨੇ। [4]ਫੜ ਫੜ ਕੇ ਤਾੜਦੇ ਹਨ। [5]ਵੇਖ ਵੇਖ ਤੇ ਯਕੀਨ ਕਰ ਕਰਕੇ ਛਡਦੇ ਜਾਂਦੇ ਹਨ। [6]ਕਿਵੇਂ ਪ੍ਰਾਨ ਨਾਸ਼ ਕਰੋਗੇ ?। ਲਿਖਾਰੀ ਦੀ ਉਕਾਈ ਨੇ 'ਕਿਮ' ਯਾ 'ਕਸ' ਦਾ ਪਾਠ 'ਕਿਸ' ਕਰ ਦਿੱਤਾ ਹੈ। [7]ਖੋਜ ਨਾਂ ਮਿਲਿਆ। [8]ਸਾਰੇ ਮਿਲੇ (ਉਡੀਕ ਰਹੇ ਸਨ)।

ਨਾਂਹਿਨ ਜਾਪੇ[1]। ਤੁਮ ਸਮੀਪ ਲਗਿ ਹਮ ਲੈ ਆਏ।ਛਪਿ ਕਰਿ ਦੇਹੁ ਦਾਗ[2] ਕਿਸ ਥਾਏਂ ॥੩੪॥ ਬਿਲਮ ਕਰਨ ਕੀ ਬਾਤਿ ਨ ਆਛੇ। ਤੁਰਕ ਅਚੰਭੈ ਖੋਜਤਿ ਪਾਛੇ'। ਬਨਜਾਰੇ ਤਤਬੀਰ[3] ਬਿਚਾਰੀ।'ਇਮ ਕੀਜਹਿ ਜਿਮ ਹ੍ਵੈ ਨ ਚਿਨਾਰੀ' ॥੩੫॥ ਛਪਰਨਿ ਕੇ ਘਰਿ ਕਿਤਿਕ ਬਨਾਏ। ਤਿਨ ਮਹਿਂ ਬਸਤ ਹੁਤੇ ਸਮੁਦਾਏ। ਵਸਤੁ ਸਕੇਲ ਨਿਕਾਰੀ ਸਾਰੀ। ਚਿਖਾ ਤਿਨਹੁਂ ਕੇ ਬੀਚ ਉਸਾਰੀ।੩੬। ਨਰ ਗਨ ਮਿਲੇ ਕਾਜ ਤਤਕਾਲਾ। ਕਰਤਿ ਭਏ ਧਰਿ ਭਾਉ ਬਿਸਾਲਾ। ਸਭਿ ਛਪਰਨਿ ਕੋ ਅਗਨਿ ਲਗਾਈ।ਚਿਖਾ ਬੀਚ ਤਹਿਂ ਅਧਿਕ ਜਲਾਈ ॥੩੭॥ ਕਾਸ਼ਟ ਬਹੁਤ ਘ੍ਰਿਤ ਗਨ ਡਾਰਾ। ਲਗੀ ਹੁਤਾਸਨ ਲਾਟ ਉਦਾਰਾ। ਅਰਧ ਜਲੀ ਤਬਿ ਰੌਰ ਮਚਾਯੋ। 'ਕਿਨਹੁਂ ਆਨਿ ਇਤ ਅਗਨਿ ਲਗਾਯੋ'।੩੮। ਇਤ ਉਤ ਵਿਰਤਿ ਬੁਝਾਵਤਿ ਮਨੋ। ਦੂਤ ਕਿ ਨੇਰੇ ਸਭਿਨੇ ਸੁਨੋ।ਦੌਰਿ ਦੌਰਿ ਕੇਤਿਕ ਚਲਿ ਆਏ।ਬੁਝਹਿ ਨਹੀਂ,ਘਰ ਅਧਿਕ ਜਲਾਏ। ੩੯॥ ਈਂਧਨ ਕੋ ਸੰਚੈ ਬਹੁ ਕਰਯੋ। ਕਹਾਂ ਨਿਕਾਸਹਿਂ ਬੀਚ ਸੁ ਜਰਯੋ। ਇਮ ਫਰੇਬ ਸਭਿਹਿਨਿ ਮਹਿਂ ਕਰਕੈ।ਸਸਕਾਰੇ ਸਤਿਗੁਰੂ ਸੁਧਰਿਕੈ[4]॥੪੦॥ ਭਈ ਪ੍ਰਭਾਤਿ ਪੁਸ਼ਪ ਚੁਨਿ ਸੋਊ। ਤਾਂਬ੍ਰ ਗਾਗਰੇਂ ਭਰਿ ਕਰਿ ਦੋਊ। ਨੀਵੋਂ ਖਨਯੋ ਸੁ ਖਾਤ[5] ਬਿਸਾਲਾ। ਚਿਖਾ ਥਾਨ ਗਾਡੀ ਤਤਕਾਲਾ॥੪੧॥ ਕੋਇ ਨ ਜਾਨਿ ਸਕਯੋ ਮਤਿ ਹੀਨੇ। ਇਮ ਸਤਿਗੁਰੁ ਸਸਕਾਰਨਿ ਕੀਨੇ। ਘਨੋ ਤਿਹਾਵਲ ਤਬਿ ਕਰਿਵਾਯੋ।ਸਿਖ ਸੰਗਤਿ ਸਭਿ ਮੇਲ ਬਨਾਯੋ॥੪੨॥ ਸ਼ਬਦ ਰਬਾਬੀ ਮਿਲਿ ਤਹਿਂ ਗਾਯੋ। ਕਰਿ ਅਰਦਾਸ ਸਭਿਨਿ ਬਰਤਾਯੋ। ਜੋੜਮੇਲ ਇਮ ਕਰਿ ਸਭਿ ਰੀਤਿ। ਸ਼ਰਧਾ ਧਰਤਿ ਅਧਿਕ ਮਨ ਪ੍ਰੀਤ॥ ੪੩ ॥ ਚਿਖ ਸਥਾਨ ਪਰ ਛਾਨ[6]ਛਵਾਈ। ਦੀਪ ਜਲਾਵਤਿ ਰਹੇ ਸਦਾਈ। ਹਰਿ ਮੰਦਿਰ ਜਿਮ ਪੁਨਹਿਂ ਉਸਾਰਯੋ। ਸੋ ਪ੍ਰਸੰਗ ਅਬਿ ਨਹੀਂ ਉਚਾਰਯੋ॥੪੪॥ ਕਥਾ ਬਿਖੈ ਅਵਸਰ ਜਹਿਂ ਪਾਊਂ। ਸੋ ਸਭਿ ਨੀਕੀ ਰੀਤਿ ਸੁਨਾਊਂ। ਗੁਰ ਸਿੱਖਨ ਕੋ ਅਧਿਕ ਰਿਝਾਊਂ। ਜਿਸ ਤੇ ਗੁਰ ਮਿਲਿਬੇ ਬਰ ਪਾਊਂ ॥ ੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਗੁਰੂ ਤੇਗ ਬਹਾਦਰ ਸ਼ਰੀਰ ਸਸਕਾਰਨ' ਪ੍ਰਸੰਗ ਬਰਨਨੰ ਨਾਮ ਸਪਤ ਸ਼ਸ਼ਟੀ ਅੰਸੂ ॥ ੬੭ ॥

੬੮. [ਔਰੰਗਜ਼ੇਬ ਨੂੰ ਡਰ। ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵਜਾਖਜਾ]।

ਦੋਹਰਾ ॥ ਠੌਰ ਠੌਰ ਰੌਰਾ ਪਰਯੋ 'ਪ੍ਰਥਮ ਸੀਸ ਨਹਿਂ ਪਾਇ। ਲੋਪ ਭਯੋ ਗੁਰ ਧਰ[7] ਅਬਹਿ,ਦੇਖਿ ਰਹੇ ਬਹੁ ਥਾਇਂ' ॥੧॥ਚੌਪਈ॥ ਮੂਢ ਨੁਰੰਗੇ ਵਿਗ ਸੁਧਿ

[1]ਨਹੀਂ ਪਤਾ ਲਗਾ। [2]ਸਸਕਾਰ ਕਰ ਦਿਓ। [3]ਸਲਾਹ। [4]ਚੰਗੀ ਤਰ੍ਹਾਂ। [5]ਟੋਆ। [6]ਛੱਪਰੀ। [7]ਧੜ।

ਗਈ।'ਪ੍ਰਥਮ ਸੀਸ ਕੀ ਜੋ ਬਿਧਿ ਭਈ।ਤਿਮ ਹੀ ਧਰ ਧਰਨੀ ਮਹਿਂ ਬਰਯੋ।
ਕੈ ਅਕਾਸ਼ ਮਹਿਂ ਊਰਧ ਚਰਯੋ ॥੨॥ ਕਿਸ ਹੂੰ ਤੇ ਕੁਛ ਜਾਇ ਨ ਜਾਨੀ।
ਭਯੋ ਲੋਪ ਦੇਖਤਿ ਅਗਵਾਨੀ'।ਸੁਨਿ ਸੁਨਿ ਅਚਰਜ ਕੌ ਤਬਿ ਸ਼ਾਹੂ।ਰਹਯੋ
ਬਿਸੂਰਤ ਬਹੁ ਮਨ ਮਾਂਹੂ ॥ ੩ ॥ ਕਰਾਮਾਤ ਕਾਮਲ ਬਡ ਅਹੇ। ਤਊ ਨ
ਰੰਚ ਦਿਖਾਵਨਿ ਚਹੇ। ਖਰੇ ਸਿਪਾਹੀ ਗਨ ਰਖਵਾਰੇ। ਧਰ ਸਿਰ ਦੁਰੇ[1] ਨ
ਕਿਨਹੁਂ ਨਿਹਾਰੇ–॥੪॥ਭਨਹਿਂ ਮੁਲਾਨੇ 'ਜੇ ਦੁਰ ਗਏ।ਤੁਮਹੁਂ ਕਾਜ ਅਪਨੇ
ਕਰਿ ਲਏ। ਸ਼ਰ੍ਹਾ ਨ ਮਾਨੀ ਪ੍ਰਾਨ ਬਿਨਾਸੇ। ਅਬਿ ਨਰ ਮਾਨਹਿਂ ਜਥਾ
ਪ੍ਰਕਾਸ਼ੇਂ[2]॥੫॥ਸਭਿ ਕੇ ਉਰ ਡਰ ਹੋਹਿ ਬਿਸਾਲਾ। ਹੁਕਮ ਅਦੂਲੀ ਤੇ ਅਸ
ਹਾਲਾ[3]।ਸਮੁਝਾਯਹੁ ਬਹੁ ਬਾਰਿ ਘਨੇਰੇ।ਨਹਿਂ ਮਾਨਯੋ ਹਠ ਠਾਨਿ ਬਡੇਰੇ॥੬॥
ਸੁਨਿ ਕਰਿ ਭਨਹਿ ਮੂਢ ਚਵਗੱਤਾ। 'ਹਿੰਦੁ ਧਰਮ ਕੀ ਰਾਖੀ ਸੱਤਾ। ਮੋਰ
ਮਨੋਰਥ ਭਯੋ ਨ ਸੋਈ।ਕਲਮਾ ਪਠਹਿ ਤੁਰਕ ਜਗ ਹੋਈ'॥੭॥ਜਮਾਦਾਰ
ਕੋ ਤਬਹਿ ਬੁਲਾਯਹੁ। ਤਰਜਿ ਕਹਯੋ'ਤੈਂ ਕਯਾ ਕਰਿ ਆਯਹੁ। ਸਿਰ ਧਰ
ਕੀ ਨ ਕਰੀ ਤਕਰਾਈ। ਸਭਿ ਤੇ[4] ਕੋ ਲੈ ਗਯੋ ਚੁਰਾਈ'॥੮॥ਹਾਥ ਜੋਰਿ
ਤਿਨ ਗਾਥ ਬੁਝਾਈ। 'ਸੀਸ ਸਮੈਂ ਨਰ ਥੇ ਸਮੁਦਾਈ। ਸਈਯਦ ਅਰੁ
ਉਮਰਾਵ ਮੁਲਾਨੇ।ਖਰੇ ਰਹੇ ਕੁਛ ਗਯੋ ਨ ਜਾਨੇ॥੯॥ਮਹਾਂ ਫਤੂਰ ਧੂਰ ਜੁਤਿ
ਬਾਯੂ। ਬਹੀ ਬੇਗ ਤੇ ਪਿਖਿ ਨ ਸਕਾਯੂ। ਪੁਨ ਬਨਜਾਰਨ ਕੇ ਗਨ ਬੈਲ।
ਚਲੇ ਜਾਤਿ ਪਾਵਤਿ ਬਡ ਐਲ[5]॥੧੦॥ਖਰੇ ਸੁਚੇਤ[6] ਸਿਪਾਹੀ ਖਰੇ। ਰਖ-
ਵਾਰੀ ਧਰ ਕੇ ਤਰੁ ਤਰੇ[7]। ਛਪਯੋ ਤਬਹਿ ਨਹਿਂ ਕੀਨਿ ਬਿਲੋਕਨਿ। ਸਭਿ
ਦਿਸ਼ਿ ਤੇ ਨਰ ਕੀਨੇ ਰੋਕਨਿ ॥੧੧॥ ਰਹੇ ਖੋਜ ਕਯੋਂ ਹੂੰ ਨਹਿਂ ਪਾਯੋ।ਅਜ਼-
ਮਤ ਸੋਂ ਕੁਛ ਬਸ ਨ ਬਸਾਯੋ'। ਸੁਨਿ ਸੁਨਿ ਹੌਲ ਹੋਤਿ ਉਰ ਸ਼ਾਹੂ। ਤਊ
ਨ ਕਹਿ ਸਕਿ ਹੈ ਕਿਸ ਪਾਹੂ ॥੧੨॥ ਰਾਤ ਪ੍ਰਬਿਰਤੀ ਚਿੰਤ ਅਧੀਨਾ।ਰੁਚਿ
ਕਰਿ ਖਾਨਾ ਖਾਨ ਨ ਕੀਨਾ। ਜਬਿ ਪ੍ਰਯੰਕ ਪਰ ਪਹੁੰਚਯੋ ਪਾਪੀ। ਹਿਤ
ਸੁਪਤਨਿ ਕੇ ਨਿੰਦ੍ਰਾ ਬਯਾਪੀ ॥ ੧੩ ॥ ਮਤੀਦਾਸ ਜੋ ਗੁਰੂ ਦਿਵਾਨ। ਪ੍ਰਥਮ
ਸ਼ਹੀਦ ਭਯੋ ਤਿਸ ਥਾਨ। ਅਪਰਾਧੀ ਕੇ ਢਿਗ ਚਲਿ ਗਯੋ। ਅਧਿਕ ਕ੍ਰੋਧ
ਹਿਰਦੇ ਉਪਜਯੋ ॥ ੧੪ ॥ ਤਊ ਗੁਰੂ ਤੇ ਧਾਰਹਿ ਤ੍ਰਾਸ। ਨਹਿਂ ਪਾਪੀ ਕੋ
ਕੀਨਿ ਬਿਨਾਸ਼। ਪਾਟੀ[8] ਤਬਿ ਪ੍ਰਯੰਕ ਕੀ ਗਹੀ। ਡਾਰਯੋ ਉਲਟਿ ਗਿਰਯੋ

---

[1]ਧੜ ਤੇ ਸਿਰ ਛੁਪ ਗਏ। [2]ਭਾਵ ਜਿਵੇਂ ਤੁਸੀਂ ਕਹੋਗੇ। [3]ਹੁਕਮ ਮੋੜਨ ਤੇ ਐਸਾ ਹਾਲ ਹੁੰਦਾ ਹੈ। [4]ਸਾਰਿਆਂ ਕੋਲੋਂ। [5]ਸ਼ੋਰ, ਰੌਲਾ [ਸਿਸ:, ਇਲਾ=ਬਾਣੀ]। [6]ਤਕੜੇ ਸੁਚੇਤ। [7]ਬ੍ਰਿਛ ਦੇ ਹੇਠ ਧੜ ਦੀ ਰਖਵਾਲੀ। [8]ਬਾਹੀ।

ਤਰ ਤਹੀਂ[1] ॥ ੧੫ ॥ ਭੜਭੜਾਇ ਠਾਂਢੋ ਹੁਇ ਗਯੋ। ਸ਼ਬਦ ਸ਼੍ਰਵਨ ਮਹਿਂ ਇਮ ਸੁਨਿ ਲਯੋ। 'ਦਿੱਲੀ ਪੁਰ ਮੈਂ ਜੋ ਸੁਪਤੈ ਹੈਂ।ਪ੍ਰਾਨ ਬਿਨਾਸ ਆਪਨੇ ਪੈ ਹੈਂ ॥ ੧੬ ॥ ਵਹਿਰ ਨਗਰ ਤੇ ਨਿਕਸਿ ਸਿਧਾਵੈਂ। ਪਰਾਲਬਧ ਲੌ ਜੀਵਨ ਪਾਵੈਂ।ਬਹੁਰ ਨਰਕ ਮਹਿਂ ਪਾਇ ਸਜ਼ਾਈ।ਗੁਰੂਅਵੱਗਯਾ ਅਧਿਕ ਕਮਾਈ[2]' ॥ ੧੭ ॥ ਸੁਨਤਿ ਤ੍ਰਾਸ ਧਰਿ ਦਾਸ ਬੁਲਾਏ। ਖਰੇ ਸਮੀਪ ਕਰੇ ਸਮੁਦਾਏ। ਸੂਧਾ ਕਰਿਵਾਯੋ ਪਰਯੰਕ । ਪੌਢਯੋ ਪੁਨ ਭੈਭੀਤ ਸਸ਼ੰਕ ॥ ੧੮ ॥ ਨੀਂਦ ਨ ਪਾਇ,ਨ ਜੁਟੇ ਬਿਲੋਚਨ। ਨਾਨਾ ਬਿਧਿ ਸੋਚਤਿ ਚਿਤ ਸੋਚਨ। ਹਠ ਤੇ ਕਹਤਿ ਨ ਦੂਜੇ ਪਾਸ।–ਹੋਹਿ ਨ ਹਜੋ ਹਿਯੇ ਇਹ ਤ੍ਰਾਸ[3]–॥੧੯॥ ਜਾਗਤਿ ਸਗਰੀ ਰਾਤਿ ਬਿਤਾਈ। ਖਰੇ ਪਾਹਰੂ ਪ੍ਰਾਤਿ ਸੁ ਆਈ*। ਆਦਿ ਨਿਵਾਜ ਅਨਿਕ ਉਪਚਾਰ। ਕਰਤਿ ਭਯੋ ਮੱਜਨ ਕੋ ਧਾਰਿ ॥੨੦॥ ਬਿੰਦ ਕਲਾਮ ਪਢੀ ਬਹੁ ਬਾਰੀ।ਆਯਹੁ ਉਠਿ ਪੁਨ ਸਭਾ ਮਝਾਰੀ। ਬੀਤਯੋ ਜਥਾ ਦੁਸ਼ਟ ਕੋ ਸੰਗ।ਕਹੌਂ ਬਹੁਰ[4] ਮੈਂ ਅਖਿਲ ਪ੍ਰਸੰਗ॥੨੧॥ ਦਿੱਲੀ ਮਹਿ ਨਹਿਂ ਸੁਪਤਨਿ ਪਾਯੋ। ਰਹਯੋ ਵਹਿਰੀ ਹੀ ਉਰ ਡਰਪਾਯੋ । ਇਹਠਾਂ ਦ੍ਵਾਦਸ਼ ਪੂਰਨਿ ਰਾਸ਼।ਜਿਮ ਰਵਿ ਬਰਤਹਿ ਬਾਰਹਿਂ ਮਾਸ[5] ॥੨੨॥ ਤਿਮ ਸਤਿਗੁਰ ਕੋ ਮਹਿਦ ਪ੍ਰਕਾਸ਼। ਬਰਨਯੋਂ ਬਰ ਵਿਚ ਦ੍ਵਾਦਸ਼ ਰਾਸਿ। ਇਕ ਰਾਸਿ[6] ਜਿਮ ਸੂਰਜ ਚਲੇ। ਬਹੁਰ ਦੂਸਰੀ ਗਮਨਤਿ ਮਿਲੇ ॥ ੨੩ ॥ ਤਿਮ ਗੁਰੁਤਾ ਰਥ ਪਰ ਅਸਵਾਰ[7]। ਉਦੇ ਜਗਤ, ਬਿਨਸਯੋ ਅੰਧਕਾਰ। ਗਿਰਾ[8] ਸਮੂਹ ਰਿਸ਼ਮ[9] ਜਿਨ ਕੇਰੀ।ਸਿੱਖੀ ਆਤਪ[10] ਦਿਪਹਿ ਬਡੇਰੀ ॥੨੪॥ ਬ੍ਰਹਮ ਗਯਾਨ ਜਿਨ ਤੇਜ ਬਿਲੰਦ[11]। ਭਗਤਿ ਸੁ ਗਤਿ ਕੇ ਬਸੀ ਮੁਕੰਦ[12]।ਹਿੰਦੂ ਤੁਰਕਨਿ ਪੰਥ ਅਨੇਕ।ਕਹੈਂ ਕਹਾਂ ਲਗਿ ਉਡਨਿ ਬਿਬੇਕ[13]॥ ੨੫ ॥ ਗਨ ਕੋ ਚਮਤਕਾਰ ਛਪਿ ਗਯੋ[14]।ਗੁਰ ਪ੍ਰਤਾਪ ਸਭਿ ਊਪਰ[15] ਭਯੋ। ਪ੍ਰੇਮੀ ਸੰਤ ਮਹੰਤ ਅਨੰਤ। ਇਹ ਪੰਕਜ ਜਿਤ ਕਿਤ ਬਿਕਸੰਤਿ[16] ॥੨੬॥ ਤੋਮ ਤੇਜ ਤੁਰਕੇਸ਼ ਤਮੀ-

---

[1]ਓਥੇ ਹੀ ਹੇਠ ਡਿਗ ਪਿਆ। [2]ਗੁਰੂ ਕੀ ਅਵੱਗਜਾ (ਤੂੰ)ਬਹੁਤ ਕਮਾਈ ਹੈ। [3]ਇਸ ਦੇ ਹਿਰਦੇ ਵਿੱਚ ਇਹ ਡਰ ਹੈ (ਕਿ ਮੇਰੀ) ਨਿੰਦਾ ਨਾ ਹੋਵੇ। [4]ਫੇਰ ਕਹਾਂਗਾ। [5]ਬਾਰਾਂ ਮਹੀਨਿਆਂ ਵਿਚ। [6]ਇਕ ਰਾਸ਼ੀ ਵਿੱਚ [7](ਸਤਿਗੁਰੂ ਰੂਪੀ ਸੂਰਜ) ਗੁਰਤਾ ਦੇ ਰਥ ਤੇ ਸਵਾਰ ਹੋਕੇ। [8]ਬਾਣੀ। [9]ਕਿਰਨਾਂ (ਗੁਰ ਸੂਰਜ) ਦੀਆਂ। [10]ਸਿੱਖੀ ਰੂਪੀ ਧੁੱਪ। [11]ਬ੍ਰਹਮ-ਗਜਾਨ ਰੂਪੀ ਬੜਾ ਤੇਜ। [12]ਭਗਤੀ ਰੂਪੀ ਚਾਲ ਦੇ ਵਸੀ ਹਨ ਮੁਕਤੀ ਦਾਤੇ (ਗੁਰੂ ਜੀ)। [13]ਤਾਰਿਆਂ ਵਤ ਹਨ ਭਾਰੀ(ਵਿਵੇਕ ਭਾਵ) ਗਿਣਤੀ ਕਿਥੋਂ ਤੱਕ ਕਰਾਂ। [14]ਸਭਨਾਂ ਦਾ ਚਮਤਕਾਰ ਛਪ ਗਿਆ। [15]ਸਾਰਿਆਂ ਦੇ ਉਤੋਂ ਦੀ। [16]ਏਹ ਕਵਲ (ਵਤ) ਜਿੱਥੇ ਕਿੱਥੇ ਖਿੜ ਰਹੇ ਹਨ।

*ਪਾ:–ਬਿਤਾਈ।

ਪਤਿ[1]।ਫੀਕੋ ਪਰਜੋ,ਪ੍ਰਕਾਸ਼ ਭਯੋ ਹਤਿ।ਸ਼ਰ੍ਹਾ ਕੁਚਲਣੀ ਨਿਸ਼ਾ ਬਿਨਾਸ਼ੀ[2]।
ਹਿੰਦੂ ਕੋਕ[3]ਪਾਇ ਸੁਖਰਾਸੀ॥੨੭॥ਸਹਿਤ ਮੁਲਾਨੇ ਨੌਰੰਗ ਚੋਰ[4]। ਛੀਨਤਿ
ਧਰਮ ਦਰਬ ਕਰਿ ਜੋਰ[5]।ਸੋ ਲੱਜਤਿ ਦਬਕਯੋ[6] ਦੁਖ ਭਰਯੋ। ਦਿੱਲੀਪੁਰਿ ਤੇ
ਕਾਢਨਿ ਕਰਯੋ॥੨੮॥ਪੀਰ ਚਕੋਰ ਭਏ ਅਨਮਨੇ[7]।ਕੁਮੁਦ ਤੁਰਕ[8]ਮੁਰਝਾ-
ਵਤਿ ਘਨੇ।ਬਾਂਗ ਪੁਕਾਰੂ ਜੰਬੁਕ ਮੋਟੇ[9]।ਦੁਰਨਿਲਗੇ ਜਿਤ ਕਿਤ ਚਿਤਖੋਟੇ
॥੨੯॥ਕਾਜ਼ੀ ਪੇਚਕ[10]ਭੇ ਮਤਿ ਅੰਧੇ।ਤੂਸ਼ਨਿ ਹੁਇ ਬੈਠੇ ਜਨੁ ਬੰਧੇ[11]।ਤਮ-
ਚਰ[12] ਜਾਤਿ ਅਨਿਕ ਜੋ ਅਹੈਂ।ਸੋ ਉਮਰਾਵ ਆਦਿ ਦੁਖ ਲਹੈਂ॥੩੦॥ਇਮ
ਸੂਰਜ ਸ੍ਰੀਸਤਿਗੁਰ ਉਦੇ।ਤਮ ਅੱਗਯਾਨ ਸਮੀਪ ਨ ਕਦੇ।ਕਰਾਮਾਤ ਜੁਤਿ
ਅਨਿਕ ਅਨੰਦੇ[13]।ਨਾਨਾ ਬਰਨ ਖਿਰੇ ਅਰਬਿੰਦੇ[14]॥੩੧॥ਗਨ ਜੱਗਯਾਸੀ
ਭੌਰ ਲੁਭਾਏ।ਮਹਿਦ ਪ੍ਰੇਮ ਮਕਰੰਦਹਿ ਪਾਏ। ਸਿੱਖੀ ਬਹੁ ਸੁਗੰਧਤਾ ਭਈ।
ਸਗਰੇ ਜਗਤ ਪਸਰ ਕਰਿ ਗਈ॥੩੨॥ ਸੱਤਿਨਾਮ ਸਿਮਰਨ ਸ਼ੁਭ ਸਾਰ।
ਜਹਿਂ ਕਹਿਂ ਭਯੋ ਪ੍ਰਕਾਸ਼ ਉਦਾਰ। ਜਿਸ ਕੋ ਪਾਇ ਸੁਖੀ ਜਗ ਭਯੋ। ਸਭਿ
ਮਹਿਂ ਸੁਜਸੁ ਗੁਰਨਿ ਕੋ ਥਿਯੋ॥੩੩॥ਕਰਯੋ ਗ੍ਰਿੰਥ ਗੁਰਕੀਰਤਿ ਕੇਰੋ।ਪਠਨ
ਸ਼੍ਰਵਨ ਫਲ ਪਾਇ ਬਡੇਰੋ। ਸ਼੍ਰੀ ਸਤਿਗੁਰੁ ਕੇ ਅਨਿਕ ਬਿਲਾਸਾ। ਗੁਪਤ
ਬਿਦਤ ਸਭਿ ਹੋਹਿਂ ਪ੍ਰਕਾਸ਼ਾ॥ ੩੪ ॥ ਅਜਰ ਜਰਨ ਆਦਿਕ ਗੁਨ ਘਨੇ।
ਸਭਿ ਕੋ ਜਾਨਹਿਂ,ਬਹੁ ਬਿਧਿ ਭਨੇ। ਸੁਨਹਿ ਅਸੁਤ,ਸੁਤ ਕੋ ਚਿਤ ਬਾਂਛੈ[15]।
ਪ੍ਰਾਪਤ ਹੋਇ ਸਹਿਤ ਗੁਨ ਆਛੈ[16]॥੩੫॥ਸੁਨਹਿ ਦਾਰਿਦੀ ਧਨ ਕੋ ਪਾਵੈ।
ਸਤਿਗੁਰ ਮਹਿਂ ਸ਼ਰਧਾ ਬਿਰਧਾਵੈ। ਜੁਗ ਲੋਕਨਿ ਕੱਲਯਾਨ ਉਪਾਵੈ।ਸਿੱਖੀ
ਕੀ ਬਿਧਿ ਉਰ ਉਪਜਾਵੈ॥੩੬॥ਕਲਮਲ ਬਿਨਸਹਿਂਨਾਮ ਸੁਧਯਾਵਨ।ਸਨੇ
ਸਨੇ ਹ੍ਵੈ ਹੈ ਮਨ ਪਾਵਨ। ਭਗਤਿ ਵਿਰਾਗ ਰਿਦੇ ਉਪਜੰਤਿ। ਸਤਿ ਸੰਗਤਿ
ਮਿਲ ਹ੍ਵੈ ਹੈ ਸੰਤ॥੩੭॥ਮੋ ਮਹਿਂ ਸ਼ਕਤਿ ਨ ਹੁਤੀ ਬਿਸਾਲ।ਾਵਧਤਿ ਲਾਲ-
ਸਾ ਰਹੀ ਸੁ ਚਾਲ[17]।ਅਪਨੀ ਕਥਾ ਆਪ ਬਨਿਵਾਈ[18]। ਦਾਸ ਜਾਨਿ ਮੁਝ

[1]ਨੁਰੰਗੇ ਦਾ ਸਾਰਾ ਤੇਜ ਚੰਦ ਸਮ ਹੈ। [2]ਸ਼ਰ੍ਹਾ ਰੂਪੀ ਖੋਟੀ ਰਾਤ ਬੀਤ ਗਈ। [3]ਹਿੰਦੂ ਰੂਪੀ ਚਕਵੇ। [4]ਮੁਲਾਣਿਆਂ ਸਮੇਤ ਚੋਰ ਨੁਰੰਗਾ। [5]ਧਰਮ ਰੂਪੀ ਧਨ ਜੋਰ ਕਰਕੇ ਖੋਂਹਦਾ ਸੀ। [6]ਸੋ ਸ਼ਰਮਿੰਦਾ। ਹੋਕੇ ਦਬ ਗਿਆ। [7]ਉਦਾਸ ਹੋ ਗਏ [8]ਤੁਰਕਾਂ ਰੂਪੀ ਕਵੀਆਂ। [9]ਮੁਲਾਣੇ ਮੋਟੇ ਗਿਦੜ। [10]ਉਲੂ। [11]ਮਾਨੋ ਬੰਨ੍ਹੇ ਹੋਏ ਹਨ। [12]ਅਨ੍ਹੇਰੇ ਵਿਚ ਵਿਚਰਨ ਵਾਲੇ ਚਾਮ ਚੜਿੱਕਾਂ ਆਦਿ। [13]ਕਰਾਮਾਤ ਸਹਿਤ ਸਿੱਖ ਅਨੇਕਾਂ ਅਨੰਦ ਹੋਏ। [14]ਇਹ ਕਈ ਰੰਗਾਂ ਦੇ ਕਵਲ ਖਿੜੇ ਹਨ। [15]ਪੁਤ੍ਰ ਰਹਤ (ਪੁਰਸ਼) ਪੁੱਤ੍ਰ ਦੀ ਇੱਛਾ ਕਰਕੇ ਸੁਣੇ। [16](ਪੁੱਤ੍ਰ) ਚੰਗੇ ਗੁਣਾਂ ਵਾਲਾ। [17]ਲਾਲਸਾ ਦੀ ਸ੍ਰੇਸ਼ਟ ਚਾਲ ਵਧਦੀ ਰਹੀ। [18](ਗੁਰੂ ਜੀ ਨੇ) ਆਪ ਬਣਵਾਈ।

ਦਈ ਬਡਾਈ॥੩੮॥ਸੁਰਸਰਿਸਮਗੁਰ ਕੀਰਤਿਪਾਵਨ।ਜਿਸ ਕੇ ਮਿਲੇਪਾਪ ਗਨ ਜਾਵਨਿ । ਨਿੰਦਕ ਮੂਰਖ ਮਤਸਰ ਧਾਰੀ।ਰਾਸ਼ਭ, ਮਹਿਖ,ਕੋਲ ਸਮ ਭਾਰੀ[1] ॥ ੩੯ ॥ ਖੌਰੂ ਪਾਇ ਕੁਬਦ ਕੋ ਭਾਖੈਂ । ਦੂਖਤਿ ਕਰਨਿ ਗਾਂਦਲੀ ਕਾਖੈ[2]।ਸੋ ਝਖ ਮਾਰਤਿ ਰਹੈਂ ਕੁਪੱਤੇ।ਬਿਗਰਹਿ ਨਹਿੰ ਕਬਹੂ ਰਸ ਔਤੇ[3]॥੪੦॥ਸਾਰਦ ਚੰਦ ਬਦਨ ਬਰ ਸਾਰਦ[4]। ਬੰਦੌਂ ਪਦ ਅਰਬਿੰਦਨਿ ਸਾਰਦ[5] । ਪਾਰਬ੍ਰਹਮ ਸਤਿਗੁਰ ਦਸ ਧਯਾਇ।ਬੰਦੌਂ ਬਾਰਿ ਬਾਰਿ ਸਿਰ ਨਯਾਇ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ ਕਵਿ ਸੰਤੋਖ ਸਿੰਘ ਬ੍ਰਿਚਤਾਯਾਂ ਭਾਖਾਯਾਂ ਨਵਮ ਗੁਰੂ 'ਸ਼੍ਰੀ ਤੇਗ ਬਹਾਦਰ ਪ੍ਰਸੰਗ' ਬਰਨਨੰ ਨਾਮ ਅਸ਼ਟ ਸ਼ਸ਼ਟੀ ਅੰਸੂ ॥ ੬੮ ॥

ਇਤਿ ਦ੍ਵਾਦਸ਼ ਰਾਸ਼ਿ ਸਮਾਪਤੰ ਮਸਤ ਸ਼ੁਭ ਮਸਤ ॥

ਰਾਸਿ ਬਾਰ੍ਹਵੀਂ ਸਮਾਪਤਿ ਹੋਈ ॥

[1]ਗਧੇ, ਮੱਝੀਆਂ, ਸੂਰਾਂ ਵਰਗੇ ਭਾਰੀ (ਮੂਰਖ ਹਨ ਓਹ)। [2]ਕੀਰਤੀ ਨੂੰ ਦੂਖਿਤ ਕਰਨਾ (ਏਹ ਕਥਾ ਰੂਪੀ ਗੰਗਾ ਨੂੰ) ਗੰਧਲੀ ਕਰਨਾਂ ਚਾਹੁੰਦੇ ਹਨ । [3]ਪਰ ਅਤਿ ਰਸ (ਵਾਲੀ ਕਥਾ) ਨਹੀਂ ਵਿਗੜੇਗੀ ਭਾਵ ਮੈਂ ਨਹੀਂ ਵਿਗੜਨ ਦਿਆਂਗਾ । (ਅ) ਪਰੰਤੂ ਅਤਯੰਤ ਰਸ ਵਾਲੇ (ਪ੍ਰੇਮੀ) ਕਦੇ ਵੀ ਨਹੀਂ ਵਿਗੜਦੇ (ਭਾਵੇਂ ਇਰਖਾਲੂ ਝਖ ਮਾਰਦੇ ਰਹਿਣ)। [4]ਸਰਦ ਰੁਤ ਦੇ ਚੰਦ ਵਰਗਾ ਸ੍ਰੇਸ਼ਟ ਤੇ ਉੱਜਲ ਮੁਖ ਹੈ (ਜਿਸ ਸ਼ਾਰਦਾ ਦਾ) । [5](ਤਿਸ) ਸਰਸ੍ਵਤੀ ਦੇ ।

ਪਹਿਲੀ ਰਿਤੁ ਚੱਲੀ

੧ ਓ ਸਤਿਗੁਰ ਪ੍ਰਸਾਦਿ ॥ ੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅਰਥਾਂ ਲਈ ਦੇਖੋ ਰਾਸ ੩ ਦੇ ਆਦਿ ਵਿੱਚ।

ਸ੍ਰੀ ਭਗਵਤੀ ਜੀ ਸਹਾਇ ॥

[ਭਗਵਤੀ=ਭਗਉਤੀ=ਤਲਵਾਰ ਦਾ ਨਾਮ ਹੈ, ਯਥਾ:-'ਲਈ ਭਗਉਤੀ ਦੁਰਗਸਾਹ'। (ਅ) ਵਾਹਿਗੁਰੂ ਜੀ ਦਾ ਤੇਜ। ਯਥਾ 'ਪ੍ਰਿਥਮ ਕਾਲ ਸਭ ਜਗ ਕੋ ਤਾਤਾ ॥ ਤਾਂਤੇ ਭਯੋ ਤੇਜ ਬਿਖ੍ਯਾਤਾ ॥ ਸੋਈ ਭਵਾਨੀ ਨਾਮ ਕਹਾਈ'। (ੲ) ਵਾਹਿਗੁਰੂ ਵਿੱਚ ਲਿੰਗ ਭੇਦ ਨਹੀਂ, ਇਸ ਕਰਕੇ ਭਗਵਤ, ਭਗਵਤੀ ਉਸੇ ਦੇ ਨਾਮ ਹਨ।]

ਅਰਥ—ਸ੍ਰੀ ਸਾਹਿਬ ਜੀ ਸਹਾਇ।

ਸੂਚਨਾ—ਸ਼ਾਰਦਾ ਦਾ ਮੰਗਲ ਅਗੇ ਅੰਕ ੨ ਵਿੱਚ ਕਰਦੇ ਹਨ ਇਸ ਕਰਕੇ ਇਥੇ ਮੁਰਾਦ ਤਲਵਾਰ ਤੋਂ ਹੀ ਜਾਪਦੀ ਹੈ।

ਅਥ ਰੁਤ ਪ੍ਰਥਮ ਸ੍ਰੀ ਕਲਗ਼ੀਧਰ ਪ੍ਰਬੰਧ ਕਥਨੰ।

{ਪ੍ਰਬੰਧ=ਸਾਹਿਤਕ ਰਚਨਾ, ਖਾਸਕਰ ਕਾਵ੍ਯ ਰਚਨਾ। ਕਾਵ੍ਯ ਨਿਬੰਧ।}

ਅਰਥ—ਹੁਣ ਸ੍ਰੀ (ਸਤਿਗੁਰੂ ਸਾਹਿਬ ਗੁਰੂ ਗੋਵਿੰਦ ਸਿੰਘ ਜੀ) ਕਲਗ਼ੀਧਰ (ਮਹਾਰਾਜ ਦੇ ਇਤਿਹਾਸ ਦਾ) ਕਾਵ੍ਯ ਨਿਬੰਧ ਪ੍ਰਥਮ ਰੁਤ ਵਿਚ ਕਥਨ ਕਰਦਾ ਹਾਂ।

੧ ਇਸ਼ਟ ਦੇਵ—ਸ੍ਰੀ ਅਕਾਲ ਪੁਰਖ—ਮੰਗਲ।

ਦੋਹਰਾ ॥ ਤੀਨੋ ਕਾਲ ਅਲਿਪਤ ਰਹਿ ਖੋਜੈਂ ਜਾਂਹਿ ਪ੍ਰਬੀਨ।
ਬੀਨਤਿ ਸਚਿਦਾਨੰਦ ਤ੍ਰੈ ਜਾਨਹਿਂ ਮਰਮ ਰਤੀ ਨ ॥ ੧॥

{ ਅਲਿਪਤ=ਅਸੰਗ। ਜੋ ਲਿਪਾਯਮਾਨ ਨਾ ਹੋਵੇ, ਨਿਰਲੇਪ।
ਪ੍ਰਬੀਨ=ਚਤੁਰ ਪੁਰਸ਼, ਲਾਇਕ। ਬੀਨਤਿ=ਵਿੱਤ੍ਰੇਕ ਕਰਦੇ ਹਨ। ਇਹ ਨਹੀਂ, ਇਹ ਹੈ, ਇਉਂ ਵਿਚਾਰ ਦੁਆਰਾ ਉਸਦੇ ਸਰੂਪ ਲੱਭਣਾ ਨੂੰ ਛਾਂਟ ਲੈਂਦੇ ਹਨ, ਭਾਵ ਜਾਣ ਲੈਂਦੇ ਹਨ।
ਮਰਮ=ਭੇਤ। }

ਅਰਥ—ਜਿਸ ਨੂੰ ਪ੍ਰਬੀਨ ਲੋਕ ਖੋਜਦੇ ਹਨ (ਪਰ ਓਹ) ਤਿੰਨਾਂ ਕਾਲਾਂ ਵਿਚ ਅਲਿਪਤ ਰਹਿੰਦਾ ਹੈ, (ਹਾਂ ਪ੍ਰਬੀਨ ਉਸ ਨੂੰ) ਸਤ ਚਿਤ ਆਨੰਦ ਤ੍ਰੈ ਪਦਾਂ ਦਾ ਲਕਸ਼ (ਤਾਂ)

ਵਿੱਤ੍ਰੇਕ ਕਰ ਲੈਂਦੇ ਹਨ, (ਪਰ ਉਸ ਦਾ) ਭੇਦ ਰਤੀ ਭਰ ਨਹੀਂ ਜਾਣਦੇ।

ਭਾਵ—ਪ੍ਰਬੀਨਾਂ ਦੀ ਖੋਜ ਮਨ ਬੁੱਧੀ ਨਾਲ ਹੁੰਦੀ ਹੈ ਵਾਹਿਗੁਰੂ ਮਨ ਬੁੱਧੀ ਤੋਂ ਪਰੇ ਹੈ, ਵਿਕਾਰ ਤੋਂ ਅਲੇਪ ਹੈ ਇਸ ਕਰਕੇ ਓਹ ਐਸੇ ਸਰੂਪ ਵਾਲਾ ਨਹੀਂ ਜੋ ਮਨ ਬੁੱਧੀ ਦਾ ਵਿਸ਼ਾ ਹੋ ਸਕੇ, ਸੋ ਪ੍ਰਬੀਨਾਂ ਦੀ ਖੋਜ ਉਸ ਨੂੰ ਪਾ ਨਹੀਂ ਸਕਦੀ। ਹਾਂ, ਪ੍ਰਬੀਨਾਂ ਨੇ ਐਉਂ ਬੀਨ ਬੀਨ ਕੇ ਕਿ ਓਹ ਆਹ ਬੀ ਨਹੀਂ ਆਹ ਬੀ ਨਹੀਂ, ਕਰਦਿਆਂ ਇਥੇ ਆ ਗਏ ਹਨ ਕਿ ਉਹ 'ਸਤਿ ਚਿਤ ਅਨੰਦ' ਪਦਾਂ ਦਾ ਲਕਸ਼ ਹੈ, ਕਿਉਂਕਿ ਇਹ ਸਰੂਪ ਜੋ ਜਾਣਦਾ ਹੈ ਸੋ ਦੇਸ਼ ਕਾਲ ਤੋਂ ਪਰੈ, ਇੱਛਾ, ਵਿਕਾਰ, ਲਿਪਾਇਮਾਨਤਾ ਤੋਂ ਖਾਲੀ ਸ਼ੁੱਧ ਸਰੂਪ ਉਸ ਦਾ ਸਹੀ ਹੁੰਦਾ ਹੈ। ਇਉਂ ਸਹੀ ਤਾਂ ਕਰ ਲਿਆ ਪਰ ਉਸ ਦੇ ਭੇਤ ਦਾ ਪਤਾ ਨਾਂ ਲਗਾ, ਕਿਉਂਕਿ ਭੇਤ ਲੈਣ ਵਾਲੀ ਮਨ ਬੁਧੀ ਤਾਂ ਓਥੇ ਅੱਪੜਦੀ ਨਹੀਂ। ਮਨ ਬੁੱਧੀ ਦੇਸ਼ ਕਾਲ ਵਿਚ ਹਨ ਤੇ ਓਹ ਅਦੇਸ਼ ਅਕਾਲ ਹੈ।

ਤਾਰ ਤਮਹਿ ਰਮ ਇਕ ਸਮਹਿ ਪਾਰਬ੍ਰਹਮ ਬਿਸਤਾਰ।
ਤਾਰਤਿ ਗੁਰੂ ਜਨਾਇ ਜਿਸ ਮੋਹ ਬਿਸ਼ਯ ਬਿਸਤਾਰ॥ ੨॥

{ ਤਾਰ ਤਮਹਿ=ਛੋਟੇ ਵੱਡਿਆਂ ਵਿੱਚ। ਇਕ ਸਮਹਿ=ਇਕੋ ਜੇਹਾ।
ਬਿਸਤਾਰ=ਵਿਸਤਾਰ, ਫੈਲਾਉ। (ਅ ਬਿਸ ਤਾਰ=ਵਿੱਸ ਉਤਾਰਕੇ। }

ਅਰਥ—(ਉਹ) ਪਾਰਬ੍ਰਹਮ (ਜਗਤ ਰੂਪੀ ਵਿਸਥਾਰ=) ਫੈਲਾਉ ਕਰਕੇ ਛੋਟਿਆਂ ਵੱਡਿਆਂ ਵਿਚ ਇਕੋ ਜਿਹਾ ਵਿਆਪ ਰਿਹਾ ਹੈ। ਜਿਸ ਕਿਸੇ ਨੂੰ ਗੁਰੂ ਜੀ (ਇਹ ਪਾਰਬ੍ਰਹਮ) ਜਣਾ ਦਿੰਦੇ ਹਨ ਉਸ ਨੂੰ ਮੋਹ ਤੇ ਵਿਸ਼ਿਆਂ ਦੇ (ਸਮੁੰਦਰ ਵਰਗੇ) ਫੈਲਾਉ ਤੋਂ ਤਾਰ ਦਿੰਦੇ ਹਨ।

ਹੋਰ ਅਰਥ—੨. ਜਿਸ ਨੂੰ ਗੁਰੂ ਜੀ (ਪਾਰਬ੍ਰਹਮ) ਜਣਾ ਦੇਂਦੇ ਹਨ ਉਸ ਦੇ ਮੋਹ ਤੇ ਵਿਸ਼ਿਆਂ ਦੀ ਵਿੱਸ ਉਤਾਰ ਕੇ (ਉਸ ਨੂੰ) ਪਾਰ ਕਰ ਦੇਂਦੇ ਹਨ।

ਭਾਵ—ਜੋ ਅਲਿਪਤ ਹੈ, ਜਿਸ ਦਾ ਭੇਦ ਪਤਾ ਨਹੀਂ, ਜੋ ਸਤ ਚਿਤ ਅਨੰਦ ਪਦ ਦਾ ਲੱਖ ਹੈ, ਇੰਨਾਂ ਅਸੰਗ ਹੋਕੇ ਜੋ ਫੇਰ ਜਗਤ ਵਿਚ ਰਮ ਰਿਹਾ ਹੈ, ਗੁਰੂ ਵਿਚ ਸ਼ਕਤੀ ਹੈ ਕਿ ਜਿਸ ਨੂੰ ਚਾਹੇ ਉਪਰ ਕਿਹਾ ਪਰਮਾਤਮਾ ਜਣਾ ਦੇਵੇ, ਐਸਾ ਪੁਰਖ ਫਿਰ ਵਿਸ਼ਯਾਂ ਤੋਂ ਛੁਟਕੇ ਸਦ ਗਤੀ ਨੂੰ ਪਹੁੰਚਦਾ ਹੈ।

੨. 'ਕਵਿ—ਸੰਕੇਤ ਮਿਰਯਾਦਾ' ਦਾ ਮੰਗਲ।

ਸੈਯਾ॥ ਸਾਰਦ ਬਾਰਦ ਕੀ ਕਰਿ ਭਾ ਰਦ, ਪਾਰਦ ਨਾਰਦ ਰੰਗ ਬਿਸਾਰਦ।
ਸਾਰਦ ਚੰਦ੍ਰ ਮੁਖੀ ਦੁਤਿ ਸੁੰਦਰ, ਸ੍ਰੀ ਗੁਨ ਸੁੰਦਰ ਬੁਧਿ ਉਦਾਰਦ।
ਦਾਰਿਦ ਦੁੰਦ ਬਿਲੰਦ ਨਿਕੰਦ ਅਨੰਦ ਅਦਾਰਿਦ ਦੀਹ ਬਿਚਾਰਦ।
ਚਾਰੁ ਦਯਾ ਨਿਧਿ ਕੇ ਪਗ ਪੰਕਜ ਬੰਦਨ ਨਾਮ ਜਪੌਂ ਬਰ ਸ਼ਾਰਦ॥ ੩॥

[ਸਾਰਦ ਬਾਰਦ=ਸਰਦ ਰੁੱਤ ਦੇ ਬੱਦਲ। ਭਾਰਦ=ਭਾ ਰਦ=ਸ਼ੋਭਾ
ਮਾਤ (ਕਰਨ ਵਾਲਾ) (ਅ) ਦੰਦਾਂ ਦੀ ਸ਼ੋਭਾ।]

{ ਬਿਸਾਰਦ=ਚਤੁਰ, ਪ੍ਰਸਿੱਧ, ਸ੍ਰੇਸ਼ਟ। ਸਾਰਦ ਚੰਦ੍ਰ ਮੁਖੀ=ਸਰਦ ਰੁਤ ਦੇ ਚੰਦ੍ਰਮਾ ਵਰਗੇ ਮੁਖ ਵਾਲੀ। ਬੁੱਧਿ ਉਦਾਰਦ=ਉਦਾਰ ਬੁੱਧੀ ਦੀ ਦਾਤ੍ਰੀ [ਉਦਾਰ+ਦ]। ਦਾਰਿਦ=ਦਰਿੱਦ੍ਰ। ਦੁੰਦ=ਦੁੱਖ। ਅਦਾਰਿਦ=ਦਰਿਦ੍ਰ ਰਹਿਤ ਦਸ਼ਾ। ਸੰਪਦਾ ਵਾਲੀ ਹਾਲਤ, ਖੁਸ਼ਹਾਲੀ। [ਅ+ਦਾਰਿਦ]। ਦੀਹ ਬਿਚਾਰਦ=ਡੂੰਘੀ ਵਿਚਾਰ ਦੀ ਦਾਤੀ। [ਬਿਚਾਰ+ਦ]। ਸਾਰਦ=ਸਰਸ੍ਵਤੀ। }

ਅਰਥ—ਸਰਦ ਰੁੱਤ ਦੇ ਬੱਦਲ* ਦੀ ਸ਼ੋਭਾ ਨੂੰ ਮਾਤ ਕਰਨ ਵਾਲਾ, ਪਾਰੇ ਤੇ ਨਾਰਦ (ਵਰਗਾ) ਪ੍ਰਸਿੱਧ (ਉੱਜਲ) ਹੈ ਰੰਗ ਜਿਸਦਾ (ਤੇ) ਸਰਦ ਰੁਤ ਦੇ ਚੰਦ੍ਰਮਾਂ (ਵਰਗੀ) ਜਿਸ ਦੇ ਸੁੰਦਰ ਮੁਖ ਦੀ ਸ਼ੋਭਾ ਹੈ, ਜੋ ਸ੍ਰੇਸ਼ਟ ਤੇ ਸੁੰਦਰ ਗੁਣਾਂ ਵਾਲੀ ਉਦਾਰ ਬੁਧੀ ਦੀ ਦਾਤੀ ਹੈ, (ਜੋ) ਵੱਡੇ (ਵੱਡੇ) ਦਲਿੱਦ੍ਰਾਂ ਤੇ ਦੁਖਾਂ ਨੂੰ ਨਾਸ਼ ਕਰਕੇ ਅਨੰਦ ਖੁਸ਼ਹਾਲੀ ਤੇ ਡੂੰਘੀ ਵਿਚਾਰ ਦੀ ਦਾਤੀ ਹੈ। (ਐਸੀ) ਦਯਾ ਦੀ ਸਮੁੰਦਰ (ਸ਼ਾਰਦਾ) ਦੇ ਸੁਹਣੇ ਚਰਨ ਕਵਲਾਂ ਤੇ ਨਮਸਕਾਰ ਕਰਕੇ (ਉਸਦਾ) ਸ੍ਰੇਸ਼ਟ ਨਾਮ 'ਸਾਰਦਾ' ਉਚਾਰਦਾ ਹਾਂ। (ਭਾਵ, ਹੇ ਸਾਰਦਾ ਮੈਨੂੰ ਭੀ ਅਨੰਦ, ਖੁਸ਼ਹਾਲੀ ਤੇ ਡੂੰਘੀ ਵਿਚਾਰ ਦਿਓ)।

੩. ਇਸ਼੍ਰ ਗੁਰੂ—ਸ਼੍ਰੀ ਗੁਰੂ ਨਾਨਕ ਦੇਵ ਜੀ—ਮੰਗਲ।

ਚਿੱਤ੍ਰਪਦਾ ਛੰਦ ॥

ਮਾਰ ਮਨਿੰਦ ਬਿਕਾਰਨਿ ਬ੍ਰਿੰਦ ਬਿਲੰਦ ਖਗਿੰਦ ਬਲੀ ਸਮ ਮਾਰਿ।
ਮਾਰ, ਹੰਕਾਰਹਿਂ, ਕ੍ਰੋਧਹਿਂ, ਲੋਭਹਿਂ, ਮੋਹ ਸਮੂਲਹਿਂ ਦੇਤਿ ਉਪਾਰਿ।
ਪਾਰ ਕਰੇ ਨਿਜ ਸੇਵਕ ਕੇ ਗਨ ਦੇ ਧਨ ਕੋ ਸਤਿਨਾਮ, ਉਦਾਰ।
ਦਾਰੁਨ ਦੂਤ ਤਜੈਂ ਸੁਨਿ ਨਾਮ ਨਮੋ ਗੁਰ ਨਾਨਕ ਕਾਲੁ ਕੁਮਾਰ ॥ ੪ ॥

{ ਮਾਰ ਮਨਿੰਦ=ਸਰਪਾਂ ਵਰਗੇ।- ਸਰਪਾਂ ਰੂਪੀ। ਖਗਿੰਦ=ਗਰੁੜ। ਮਾਰਿ=ਮਾਰ ਦਿੰਦੇ ਹਨ। ਮਾਰ=ਕਾਮ। ਸਮੂਲਹਿਂ ਮੁੱਢੋਂ ਹੀ। ਦੇਤਿ ਉਪਾਰਿ=ਉਖਾੜ ਦਿੰਦੇ ਹਨ। ਪੁੱਟਦੇ ਹਨ। ਕਾਲੁ ਕੁਮਾਰ=ਕਾਲੂ+ਕੁਮਾਰ=(ਬਾਬਾ)ਕਾਲੂ ਜੀ ਦੇ ਸਪੁੱਤ੍ਰ। (ਅ) ਕਾਲ+ਕੁ+ਮਾਰ=ਕਾਲ ਨੂੰ ਮਾਰ ਦੇਣ ਵਾਲੇ। }

ਅਰਥ—(ਜੋ) ਸਾਰੇ ਵਿਕਾਰਾਂ ਰੂਪੀ ਸਰਪਾਂ ਨੂੰ ਵੱਡੇ ਬਲੀ ਗਰੁੜ ਵਤ ਮਾਰ ਦਿੰਦੇ ਹਨ ਤੇ ਕਾਮ ਨੂੰ, ਹੰਕਾਰ ਨੂੰ, ਕ੍ਰੋਧ ਨੂੰ, ਲੋਭ ਨੂੰ, ਮੋਹ ਨੂੰ ਜੜ੍ਹਾਂ ਤੋਂ ਹੀ ਪੁੱਟ ਸੁਟਦੇ ਹਨ। (ਅਤੇ ਜੋ ਐਸੇ) ਉਦਾਰ ਹਨ ਕਿ (ਉਨ੍ਹਾਂ ਨੇ) ਆਪਣੇ ਸੇਵਕਾਂ ਦੇ ਪੁੰਜ ਹੀ ਸਤਿਨਾਮ (ਰੂਪੀ) ਧਨ ਦੇਕੇ (ਭੈਸਾਗਰ ਤੋਂ) ਪਾਰ ਕਰ ਦਿੱਤੇ (ਤੇ) ਜਿਨ੍ਹਾਂ ਦਾ ਨਾਮ ਸੁਣਕੇ ਭਿਆਨਕ (ਜਮ ਦੇ) ਦੂਤ ਛੱਡ ਜਾਂਦੇ ਹਨ (ਐਸੇ ਸ੍ਰੀ) ਗੁਰੂ ਨਾਨਕ ਦੇਵ ਜੀ ਕਾਲੂ ਕੁਮਾਰ ਨੂੰ ਮੇਰੀ ਨਮਸਕਾਰ ਹੈ।

---

*ਸਰਦ ਰੁਤ ਦਾ ਬੱਦਲ ਅਕਸਰ ਚਿੱਟਾ ਹੁੰਦਾ ਹੈ।

੪. ਇਸ਼੍ਟ ਗੁਰੂ—ਸ਼੍ਰੀ ਗੁਰੂ ਅੰਗਦ ਦੇਵ ਜੀ—ਮੰਗਲ।

ਸੈਯਾ ॥

ਜਰਜਾਇ ਨਹੀ ਕਿਸ ਤੇ ਅਜਰੀ ਅਸ ਪਾਇ ਗਏ ਸਗਰੀ ਉਰ ਮੈਂ ਜਰ।
ਜਰਬੇ ਜਿਨਕੀ ਅਵਿਲੋਕ ਜਰਾਇਕ ਦੂਰ ਕਰੀ ਗਨ ਦੋਖਨਿ ਕੀ ਜਰ।
ਜਰਤੇ ਬਿਸ਼ਯਾਗਨਿ ਮੈਂ ਜਨ ਜੋ ਸ਼ਰਨਾਗਤ ਹੀ ਜਲ ਨਾਮ ਰਿਦੈ ਜਰ।
ਜ਼ਰ ਗਯਾਨ ਦਯੋ ਹਰਿ ਦਾਰਿਦ ਮੋਹ,ਨਮੋਗੁਰ ਅੰਗਦ ਹੈਂਨਿਤ ਹਾਜ਼ਰਾਪ।

[ਜਰਜਾਇ ਨਹੀਂ=ਜੋ ਜਰੀ ਨਾਂ ਜਾਏ। ਅਜਰੀ=ਨਾਂ ਜਰੀ ਜਾ ਸਕਣ ਵਾਲੀ। ਗਏ...... ਜਰ=ਸਹਾਰ ਗਏ। ਜਰਬੇ=ਜ਼ਰਬ, ਠੁਹਕਰ। 'ਨਜ਼ਰ ਦੀ ਠੁਹਕਰ' ਕਹਿਕੇ ਕਵਿਜੀਨੇ ਕਮਾਲ ਦੀ ਨਜ਼ਾਕਤ ਦਿਖਾਈ ਹੈ। (ਅ) ਸਹਾਰਨ ਸ਼ਕਤੀ। ਜਰਾਇਕ=ਜ਼ਰਾ ਕੁ। ਥੋੜੀ ਜਿਹੀ। ਜਰ=ਜੜ। ਜਰਤੇ=ਸੜਦੇ। ਬਿਸ਼ਯਾਗਨਿ=ਵਿਸ਼ਯ ਰੂਪੀ ਅਗਨੀ। ਜਰ=ਜੀਰਨਾ। ਸਿੰਜਰਨਾ, ਸਿੰਚਨਾ। ਜ਼ਰ=ਧਨ। ਨਿਤ ਹਾਜ਼ਰ=ਜੋ ਨਿਤ ਹਾਜ਼ਰ ਹੋਣ। (ਅ) ਜੋ ਸਿੱਖਾਂ ਦੇ ਸਮੀਪ ਰਹਿੰਦੇ ਹਨ।]

ਅਰਥ—ਐਸੀ ਅਜਰ(ਵਸਤੂ)ਨੂੰ ਜੋ ਕਿਸੇ ਤੋਂ ਜਰੀ ਨਾ ਜਾਵੇ,ਪ੍ਰਾਪਤ ਕਰਕੇ,ਸਾਰੀ ਰਿਦੇ ਵਿਚ ਜਰ ਗਏ, ਜਿਨ੍ਹਾਂ ਦੀ ਜ਼ਰਾ ਜਿੰਨੀ ਤੱਕਣੀ ਦੀ ਠੁਹਕਰ ਨੇ (ਰੋਗੀਆਂ ਦੇ) ਸਭਿ ਦੋਖਾਂ ਦੀ ਜੜ੍ਹ ਹੀ ਦੂਰ ਕਰ ਦਿੱਤੀ, (ਤੇ) ਜੋਹੜੇ ਦਾਸ ਵਿਸ਼ਿਆਂ ਰੂਪੀ ਅਗਨਿ ਵਿਚ ਸੜਦੇ ਸਨ, ਸ਼ਰਨੀ ਆਉਂਦਿਆਂ ਹੀ ਨਾਮ ਰੂਪੀ ਜਲ (ਉਨ੍ਹਾਂ ਦੇ ਸੜਦੇ)ਰਿਦਿਆਂ ਵਿਚ ਸਿੰਚਿਆ (ਤੇ ਉਨ੍ਹਾਂ ਦਾ) ਮੋਹ (ਰੂਪੀ) ਦਰਿੱਦ੍ਰ ਗਯਾਨ (ਰੂਪੀ) ਧਨ ਦੇ ਕੇ ਨਾਸ਼ ਕੀਤਾ (ਐਸੇ ਸ੍ਰੀ) ਗੁਰ ਅੰਗਦ ਦੇਵ ਜੀ ਨੂੰ ਨਮਸਕਾਰ (ਕਰਕੇ ਮੈਂ ਬਿਨਯ ਕਰਦਾ ਹਾਂਕਿ ਓਹ ਮੇਰੇ)ਸਦਾ ਹਾਜ਼ਰ ਹੋਣ,(ਭਾਵ ਮੈਂ ਸਦਾ ਉਨ੍ਹਾਂਦੀ ਹਜ਼ੂਰੀ ਨੂੰ ਅਨੁਭਵਕਰਾਂ)।

ਹੋਰ ਅਰਥ—(੨. ਸਤਰ) ਜਿਨ੍ਹਾਂ ਵਿਚ ਜ਼ਰਾ ਕੁ ਬੀ ਸਹਾਰਨ ਸ਼ਕਤੀ ਆਪ ਨੇ ਦੇਖ ਲਈ (ਉਨ੍ਹਾਂ ਦੇ) ਸਾਰੇ ਦੋਖਾਂ ਦੀ ਜੜ੍ਹ ਹੀ ਦੂਰ ਕਰ ਦਿੱਤੀ।

ਭਾਵ—ਦੂਸਰੀ ਤੁਕ ਵਿੱਚ ਇਸ਼ਾਰਾ ਹੈ ਗੁਰੂ ਅੰਗਦ ਜੀ ਦੀ ਉਸ ਸ਼ਕਤੀ ਵਲ ਕਿ ਅੰਮ੍ਰਿਤ ਵੇਲੇ ਸਮਾਧੀ ਤੋ ਉੱਠਕੇ ਉਨ੍ਹਾਂ ਦੀ ਨਜ਼ਰ ਜਿਸ ਰੋਗੀ ਪਰ ਪੈਂਦੀ ਸੀ ਸੋ ਰਾਜ਼ੀ ਹੋ ਜਾਂਦਾ ਸੀ। ਰੋਗਾਂ ਦਾ ਮੂਲ ਦੋਖ (=ਪਾਪ) ਹਨ ਸੋ ਆਪ ਉਨ੍ਹਾਂ ਦੇ ਪਾਪ ਬਖਸ਼ ਦੇਂਦੇ ਸਨ, ਇਹ ਸਰੀਰਕ ਰੋਗ ਵੱਲ ਕੀਤੇ ਤੇ ਅਗਲੀ ਤੁਕ ਵਿਚ ਮਾਨਸਿਕ ਰੋਗਾਂ ਦੇ ਰਾਜ਼ੀ ਕਰਨ ਦਾ ਜ਼ਿਕਰ ਹੈ।

੫. ਇਸ਼੍ਟ ਗੁਰੂ—ਸ਼੍ਰੀ ਗੁਰੂ ਅਮਰਦਾਸ ਜੀ—ਮੰਗਲ।

ਚਿੱਤ੍ਰਪਦਾ ਛੰਦ ॥ **ਡਾਰਤਿ ਜੋ ਬਿਘਨਾਂ ਗਨ ਕੋ ਤਿਨ ਕੋ ਤਤਕਾਲਹਿ ਦੇਤਿ ਬਿਡਾਰਿ।ਡਾਰ ਦੁਬਿੰਸਤਿ ਭੇ ਜਗ ਮੈਂ ਸਭਿ ਕੇ ਗੁਰ ਮੂਲ ਕਿਯੋ ਵਿਸਤਾਰ।**

ਤਾਰਨ ਕੋ ਜਨ,ਕੇ ਗਨ ਕੋ ਸਤਿਨਾਮ ਦਿਯੋ ਸੁ ਕਰੈ ਭਵ ਪਾਰ।
ਪਾਰਤਿ ਸਿੱਖਗਨਿ ਭੱਲਜਨਿ ਭੂਖਨ ਪੂਖਨ ਜਨੌਂ ਤਮ ਦੂਖਨ ਡਾਰਿ ॥੬॥

{ ਡਾਰਤਿ=ਪਾਉਣੇ ਵਾਲੇ। (ਅ) ਖਿਲਾਰਨ ਵਾਲੇ।
ਬਿਘਨਾਂ ਗਨ=ਸਮੂਹ ਵਿਘਨ ਕਾਮ ਕ੍ਰੋਧ ਆਦਿ(ਅ)ਵਿਘਨਾਂ ਰੂਪੀ ਅਗਨੀ।
ਬਿਡਾਰ=ਨਾਸ਼। ਡਾਰ=ਡਾਲ, ਟਾਹਣੇ, ਸ਼ਾਖਾਂ।
ਦੁਬਿੰਸਤਿ=ਬਾਈ ੨੨। ਭਾਵ ੨੨ ਮੰਜੀਆਂ ਤੋਂ ਹੈ। ਭੇ=ਹੋਏ।
ਮੂਲ=ਮੁੱਢ। ਕਿਯੋ ਵਿਸਤਾਰ=ਫੈਲਾਏ। ਪੂਖਨ ਜਨੌਂ=ਸੂਰਜ ਵਤ।
ਤਮ ਦੂਖਨ ਡਾਰਿ=ਦੂਖਨਾ ਰੂਪੀ ਅੰਧੇਰੇ ਨੂੰ ਨਾਸ਼ ਕਰਦੇ ਹਨ। }

ਅਰਥ—੨. (ਜੋ) ਗੁਰੂ (ਜੀ) ਸਾਰੀ (ਸਿੱਖੀ ਦਾ ਆਪ) ਮੂਲ ਹੋਏ (ਅਤੇ) ਬਾਈ ਟਾਹਣੇ (ਆਪ ਤੋਂ) ਜਗਤ ਵਿਚ ਫੈਲਾਏ, ੩. (ਤੇ) ਜਨਾਂ ਦੇ ਸਮੂਹਾਂ ਨੂੰ ਤਾਰਨ ਲਈ ਸਤਿਨਾਮ (ਰੂਪੀ ਜਹਾਜ਼) ਦਿੱਤਾ (ਤਾਂ ਜੋ ਉਹ) ਸੰਸਾਰ (ਸਾਗਰ) ਤੋਂ (ਉਨ੍ਹਾਂ ਨੂੰ) ਪਾਰ ਕਰੇ। ੪. (ਉਹ ਆਪ) ਸਿੱਖਾਂ ਨੂੰ ਪਾਲਦੇ ਹਨ, ਸੂਰਜ ਸਮ ਦੋਸ਼ਾਂ ਰੂਪੀ ਅੰਧੇਰੇ ਨੂੰ ਨਾਸ਼ ਕਰਦੇ ਹਨ ਤੇ ਭੱਲਿਆਂ ਦੀ ਕੁਲ ਦੇ ਭੂਸ਼ਨ ਹਨ (ਐਸੇ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਮੇਰੀ ਨਮਸਕਾਰ ਹੋਵੇ) (ਕਿਉਂਕਿ) ੧. (ਆਪ) ਉਨ੍ਹਾਂ ਨੂੰ ਜੋ ਬਹੁਤੇ ਵਿਘਨਾਂ ਨੂੰ ਪਾਉਂਦੇ ਹਨ ਤਤਕਾਲ ਨਾਸ਼ ਕਰ ਦੇਂਦੇ ਹਨ।

ਭਾਵ—ਕਵਿ ਜੀ ਆਪਣੇ ਕਾਰਜ ਵਿਚ ਵਿਘਨ ਪਾਉਣ ਵਾਲੇ ਦੋਖੀਆਂ ਤੋਂ ਬਚਾਉ ਲਈ ਅਰਦਾਸ ਕਰ ਰਹੇ ਹਨ,ਜਿਨ੍ਹਾਂ ਦਾ ਜ਼ਿਕਰ ਬਾਰ੍ਹਵੀਂ ਰਾਸਿ ਦੇ ਅਖੀਰ ਤੇ ਪੰਨਾ ੪੪੮੪-੮੫ ਪਰ ਕਰ ਆਏ ਹਨ। ਵਿਸ਼ੇਸ਼ ਲਈ ਦੇਖੋ ਪ੍ਰਸਤਾਵਨਾ।

੨. ਐਉਂ ਭੀ ਭਾਵ ਕੱਢਣ ਦਾ ਜਤਨ ਹੁੰਦਾ ਹੈ:—ਸਤਿਗੁਰੂ ਜੀ ਨੂੰ ਵਿਘਨ ਪਾਉਣ ਹਾਰੇ ਕਰਮਾਂ ਦਾ ਵਿਨਾਸ਼ ਕਰਤਾ ਕਹਿਕੇ ਸੰਭਾਵਨਾ ਦੱਸ ਰਹੇ ਹਨ ਕਿ ਮੇਰੇ ਕਰਮਾਂ ਨੂੰ ਨਾਸ਼ ਕਰੋ ਜੋ ਮੇਰਾ ਕਾਰਜ ਸਿਰੇ ਚੜ੍ਹ ਜਾਵੇ।

੬. **ਇਸ਼੍ਰ ਗੁਰੂ**—ਸ੍ਰੀ ਗੁਰੂ ਰਾਮ ਦਾਸ ਜੀ—**ਮੰਗਲ।**

ਦੋਹਰਾ ॥ **ਰਾਮ ਹਤੇ ਨ੍ਰਿਪ ਕੁਟਿਲ ਜਨੌਂ, ਮਾਰਯੋ ਰਾਵਨ ਰਾਮ।**
ਰਾਮ ਜਥਾ ਮਗਪਾਲ ਪਰ ਸਿਖ ਤਮ ਪਰ ਗੁਰ ਰਾਮ ॥ ੭ ॥

{ ਰਾਮ=ਪਰਸਰਾਮ। ਰਾਮ=ਸ੍ਰੀ ਰਾਮ ਚੰਦ ਜੀ।
ਰਾਮ=ਬਲਭੱਦ੍ਰ। ਮਗਪਾਲ=ਮਗਧ ਦੇਸ਼ ਦਾ ਰਾਜਾ—ਜਰਾਸੰਧ।
ਗੁਰਰਾਮ=(ਸਾਹਿਬ ਸ੍ਰੀ) ਗੁਰੂ ਰਾਮ ਦਾਸ ਜੀ। }

ਅਰਥ—ਜਿਵੇਂ ਪਰਸਰਾਮ ਨੇ ਖੋਟੇ ਰਾਜੇ ਮਾਰੇ, (ਜਿਵੇਂ) ਰਾਮਚੰਦ੍ਰ ਜੀ ਨੇ ਰਾਵਣ ਨੂੰ ਮਾਰਿਆ (ਤੇ) ਜਿਵੇਂ ਜਰਾਸੰਧ ਉਤੇ ਬਲਭੱਦ੍ਰ (ਬਲੀ ਹੋਕੇ ਪਿਆ) ਤਿਵੇਂ ਹੀ ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ (ਅੱਗਯਾਨ ਰੂਪੀ) ਅੰਧੇਰੇ ਉਤੇ (ਬਲਵਾਨ) ਹਨ।

੭. ਇਸ਼੍ਟ ਗੁਰੂ—ਸ੍ਰੀ ਗੁਰੂ ਅਰਜਨ ਦੇਵ ਜੀ—ਮੰਗਲ।

ਸਾਰ ਨਿਕਾਸ੍ਯੋ ਬੇਦ ਤੇ ਜਗਤ ਦਿਖਾਇ ਅਸਾਰ।
ਸਾਰ ਗੁਰੂ ਅਰਜਨ ਲਈ ਨਿਜ ਜਨ ਕੀ ਸੰਸਾਰ ॥ ੮॥

{ ਸਾਰ=ਤੱਤ੍ਵ, ਸਦਾ ਰਹਿਣੇ ਵਾਲਾ ਤੱਤ। ਬੇਦ=ਗਿਆਨ; ਜਾਣਨਾ [ਵੇਦ ਦਾ ਧਾਤੂ ਹੈ ਵਿਦ੍=ਜਾਣਨਾ]। (ਅ) ਵੇਦ ਜੋ ਪੁਸਤਕ ਹਨ। ਅਸਾਰ=ਨਾਂ ਸਾਰ, ਮਿਥ੍ਯਾ। ਸਾਰ=ਖ਼ਬਰਗੀਰੀ। }

ਅਰਥ—ਸ੍ਰੀ ਗੁਰੂ ਅਰਜਨ ਦੇਵ ਜੀ ਨੇ (ਆਪਣੇ ਸ਼ਰੀਰ ਤੇ ਅਸਹਿ ਕਸ਼ਟ ਸਹਾਰਕੇ) ਜਗਤ ਨੂੰ ਦਿਖਾ ਦਿੱਤਾ (ਕਿ ਐਉਂ ਸ਼ਰੀਰ) ਅਸਾਰ ਹੈ, (ਅਸਹਿ ਕਸ਼ਟਾਂ ਵਿਚ ਅਡੋਲ ਆਤਮ ਸਮਾਧੀ; ਵਿਚ ਰਹਿਕੇ) ਗ੍ਯਾਨ ਦਾ ਸਾਰ ਕੱਢਕੇ (ਦਿਖਾ ਦਿੱਤਾ ਕਿ ਆਤਮਾ ਨੂੰ ਸਾਰ ਅਰ ਸ਼ਰੀਰ ਨੂੰ ਅਸਾਰ ਜਾਣਨਾਂ ਐਉਂ ਹੁੰਦਾ ਹੈ, ਤੇ ਜਦ ਤੱਕ) ਜਗਤ ਵਿਚ (ਰਹੇ) ਆਪਣੇ ਸੇਵਕਾਂ ਦੀ ਖ਼ਬਰਗੀਰੀ ਕੀਤੀ (ਭਾਵ ਉਨ੍ਹਾਂ ਨੂੰ ਤਾਰਿਆ)।

ਹੋਰ ਅਰਥ—ਵੇਦਾਂ ਵਿਚੋਂ ਤੱਤ ਕੱਢਿਆ, ਜਗਤ ਮਿੱਥਿਆ ਦਿਖਾਇਆ, ਆਪਣੇ ਜਨਾਂ ਦੀ ਸੰਸਾਰ ਵਿਚ ਖ਼ਬਰਗੀਰੀ ਕੀਤੀ (ਐਸੇ) ਗੁਰੂ ਅਰਜਨ (ਜੀ ਨੂੰ ਨਮਸਕਾਰ ਹੈ)। 'ਵੇਦ ਪਦ ਦੀ ਵਿਚਾਰ ਤੇ ਗੁਰੂ ਬਾਣੀ ਵੇਦਾਂ ਦਾ ਤਰਜਮਾਂ ਨਹੀਂ ਹੈ' ਲਈ ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾਯ ੧ ਅੰਕ ੯੬ ਦਾ ਭਾਵ ਤੇ ਰਾਸ ੩ ਅੰਸੂ ੪੧ ਅੰਕ ੫੦ ਦੀ ਹੇਠਲੀ ਟੂਕ।

ਉਂਵ ਵੇਦ ਵਿਚ ਜੋ ਕੁਛ ਸਾਰ ਹੈ ਤੇ ਜੋ ਕੁਛ ਗੁਰੂ ਜੀ ਨੂੰ ਈਸ਼੍ਵਰੀਯ ਗ੍ਯਾਨ ਪ੍ਰਾਪਤ ਹੋਇਆ ਸੀ ਸੋ ਸਾਰਾ ਸਾਰ ਸੀ, ਇਹ ਦੁਇ ਮਿਲ ਜਾਣਗੇ, ਕਿਉਂਕਿ ਵਾਹਿਗੁਰੂ ਦਾ ਗ੍ਯਾਨ ਇੱਕੋ ਹੈ। ਜਿੱਥੇ ਜਿੱਥੇ ਸਾਰ ਹੈ ਮੇਲ ਖਾਏਗਾ।

੮. ਇਸ਼੍ਟ ਗੁਰੂ—ਸ੍ਰੀ ਗੁਰੂ ਹਰਿ ਗੋਵਿੰਦ ਜੀ—ਮੰਗਲ।

ਸੋਰਠਾ॥ ਹਰਿ ਅਰਿ ਹਰਿ ਗੋਬਿੰਦ ਤੁਰਕਨ ਤਰਜੇ ਰਣ ਅਰੇ।
ਮਰੇ ਖਰੇ ਰਿਪੁ ਬ੍ਰਿੰਦ ਠਰੇ ਨਿਬਲ ਪਾਰੇ ਪਰੇ॥ ੯॥

{ਤਰਜੇ=ਤਾੜੇ। ਮਾਰੇ। (ਅ) ਤੁਰਕਨ ਤਰ ਜੇ=ਤੁਰਕ ਜੋ ਬਹੁਤੇ ਸਨ।}

ਅਰਥ—ਵੈਰੀ ਨਾਸ਼ਕ (ਦੁਸ਼ਟ ਦਮਨ) ਸ੍ਰੀ ਗੁਰੂ ਹਰਗੋਬਿੰਦ ਜੀ ਨੇ ਰਣ (ਵਿੱਚ ਅੱਗੇ) ਅੜੇ ਤੁਰਕ (ਖ਼ੂਬ) ਤਾੜੇ, ਤੇ ਪਾਲੇ ਪੈਣ ਨਾਲ ਠਰਕੇ ਨਿਰਬਲ ਹੋ ਹੋ ਬਹੁਤੇ ਵੈਰੀ ਖੜੇ ਖੜੇ ਮਰ ਗਏ।

ਭਾਵ—ਇਸ ਸੋਰਠੇ ਵਿਚ ਮਾਲਵੇ ਵਿਚ ਜੋ ਜੁੱਧ ਕਾਂਗੜ ਪੁਰ ਦੇ ਲਾਗੇ ਹੋਇਆ ਸੀ ਉਸ ਵੱਲ ਇਸ਼ਾਰਾ ਹੈ। ਵਿੱਚ ਕਟਾਖ੍ਯ ਇਹ ਰੱਖਿਆ ਹੈ ਕਿ ਉਸੀ ਤਰ੍ਹਾਂ ਮੇਰੇ ਵਿਘਨਾਂ ਰੂਪੀ ਵੈਰੀ ਯਾ ਵਿਘਨਕਾਰੀ ਗੁਰੂ ਪ੍ਰਤਾਪ ਨਾਲ ਆਪੇ ਠੰਢੇ ਪੈਕੇ ਦੂਰ ਹੋ ਜਾਣ।

੯. ਇਸ੍ਰ ਗੁਰੂ—ਸ੍ਰੀ ਗੁਰੂ ਹਰਿ ਰਾਇ ਜੀ—**ਮੰਗਲ।**

ਕਾਨਨ ਹਿਰਦਾ ਦਾਸ ਮ੍ਰਿਗਨਿ ਬਿਕਾਰਨਿ ਤੇ ਕਲਿਤ।
ਪੰਚਾਨਨ ਸਮ ਬਾਸ ਸ੍ਰੀ ਹਰਿਰਾਇ ਪ੍ਰਣਾਮ ਪਦ ॥ ੧੦ ॥

{ਕਲਿਤ=ਵੇਹੜਿਆ ਹੋਇਆ, ਭਰਿਆ ਹੋਇਆ। ਪੰਚਾਨਨ=ਸ਼ੇਰ।}

ਅਰਥ—ਸਿੱਖਾਂ ਦਾ ਹਿਰਦਾ ਬਨ ਸਮਾਨ ਹੈ ਜੋ ਵਿਕਾਰਾਂ ਰੂਪੀ ਮ੍ਰਿਗਾਂ ਨਾਲ ਭਰਿਆ ਪਿਆ ਹੈ, (ਇਨ੍ਹਾਂ ਦੇ ਦੂਰ ਕਰਨੇ ਲਈ) ਸ੍ਰੀ ਹਰਿ ਰਾਇ ਜੀ ਸ਼ੇਰ ਸਮਾਨ (ਇਸ ਬਨ ਵਿਚ) ਆ ਵਸਦੇ ਹਨ, (ਐਸੇ ਸ੍ਰੀ ਗੁਰੂ ਹਰਿਰਾਇ ਜੀ ਦੇ) ਚਰਨਾਂ ਪਰ ਨਮਸਕਾਰ ਹੈ।

੧੦. ਇਸ੍ਰ ਗੁਰੂ—ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ—**ਮੰਗਲ।**

ਦੋਹਰਾ ॥ ਤਨ ਮਨ ਕੇ ਦੁਖ ਦੋਖ ਗਨ ਲਖਿ ਬਨ ਸ਼ੁਸ਼ਕ ਸਮਾਨ।
ਕ੍ਰਿਸ਼ਨਬਰਤਮਾ ਨਾਮ ਗੁਰ ਸ੍ਰੀ ਹਰਿ ਕ੍ਰਿਸ਼ਨ ਬਖਾਨ ॥ ੧੧ ॥

{ਕ੍ਰਿਸ਼ਨ ਬਰਤਮਾ=ਅਗਨੀ। ਦੇਖੋ ਰਾ: ੧ ਅੰਸੂ ੧ ਅੰਕ ੧੫ ਦੇ ਪਦ ਅਰਥ।}

ਅਰਥ—(ਹੇ ਮਨ ਏਹ ਜਿਹੜੇ) ਤਨ ਮਨ ਦੇ ਦੁਖ ਤੇ ਸਾਰੇ ਦੋਖ ਹਨ (ਇਹ) ਸੁੱਕੇ ਬਨ ਵਤ ਜਾਣਕੇ ਅਗਨੀ ਰੂਪ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਨਾਮ ਕਹੁ (ਭਾਵ ਜਪ ਤਾਕਿ ਇਹ ਤੇਰੇ ਦੁਖ ਦੋਖ ਸੜ ਜਾਣ)*।

੧੧ ਇਸ੍ਰ ਗੁਰੂ—ਸ੍ਰੀ ਗੁਰੂ ਤੇਗ ਬਹਾਦਰ ਜੀ—**ਮੰਗਲ।**

ਬਿਸ਼ਯਾਗਨਿ ਤੇ ਸੁਸ਼ਕ ਹ੍ਵੈ ਮਨ ਤਰੁ ਕੋ ਲਗਿ ਆਂਚ।
ਤੇਗ ਬਹਾਦੁਰ ਗੁਰ ਕ੍ਰਿਪਾ ਇਸ ਜਲ ਕੋ ਨਿਤ ਜਾਂਚ ॥੧੨॥

ਅਰਥ—ਬਿੱਛ ਨੂੰ (ਜਿਵੇਂ) ਆਂਚ ਲੱਗ ਕੇ (ਸੁਕਾ ਦੇਂਦੀ ਹੈ ਤਿਵੇਂ) ਮੇਰਾ ਮਨ ਵਿਸ਼ਯ ਅਗਨੀ ਨਾਲ ਸੁੱਕ ਰਿਹਾ ਹੈ, ਗੁਰੂ ਤੇਗ ਬਹਾਦਰ ਜੀ ਦੀ ਕ੍ਰਿਪਾ (ਜਲ ਰੂਪ ਹੈ, ਹੇ ਮਨ, ਇਸ ਜਲ ਨੂੰ ਤੂੰ (ਉਨ੍ਹਾਂ ਤੋਂ) ਨਿਤ ਮੰਗ*।

੧੨. ਇਸ੍ਰ ਗੁਰੂ—ਸ੍ਰੀ ਗੁਰੂ ਗੋਵਿੰਦ ਸਿੰਘ ਜੀ—**ਮੰਗਲ।**

ਚਹਿੰ ਅਬਾਸ਼ਨਾ ਬਾਸ਼ਨਾ ਕਰਿ ਨਿਜ ਮਨਹਿੰ ਮਲਿੰਦ।
ਸ੍ਰੀ ਗੁਰ ਗੋਬਿੰਦ ਸਿੰਘ ਪਦ ਲਪਟਹੁ ਲਖਿ ਅਰਬਿੰਦ ॥੧੩॥

{ਅਬਾਸ਼ਨਾ=ਵਾਸ਼ਨਾ ਰਹਿਤ ਅਵਸਥਾ। ਮਨ ਦਾ ਖਾਹਸ਼ਾਂ ਤੋਂ ਪਵਿੱਤ੍ਰ ਹੋ ਜਾਣਾ। [ਅ ਵਾਸ਼ਨਾ]।
ਬਾਸ਼ਨਾ=ਸੁਗੰਧੀ। ਖੁਸ਼ਬੋਈ। (ਅ) ਇੱਛਾ।}

---

*ਗੁਰੂ ਨਾਮ ਰੂਪੀ ਅਗਨੀ ਦੁਖਾਂ ਤੇ ਦੋਖਾਂ ਨੂੰ ਸਾੜਦੀ ਹੈ, ਪਰ ਵਿਸ਼ਯ ਰੂਪ ਅਗਨੀ ਮਨ ਨੂੰ ਸਾੜਦੀ ਹੈ, ਏਹ ਫਰਕ ਦਿਖਾਇਆ ਹੈ ਤੇ ਕ੍ਰਿਸ਼ਨਬਰਤਮਾਂ ਤੋਂ ਹਰਿਕ੍ਰਿਸ਼ਨ ਪਦ ਵਿਚ ਅਗਨੀ ਦੀ ਸੰਭਾਵਨਾ ਦਾ ਕਟਾਖਯ ਰਖਿਆ ਹੈ।

ਅਰਥ-(ਹੇ ਮਨ ! ਤੂੰ) ਵਾਸ਼ਨਾ ਰਹਿਤ ਅਵਸਥਾ ਰੂਪੀ ਖੁਸ਼ਬੋਈ ਨੂੰ ਚਾਹੁੰਦਾ ਹੈਂ ਤਾਂ ਆਪਣੇ ਮਨ ਨੂੰ ਭੌਰਾ ਬਣਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨੂੰ ਕਮਲ ਜਾਣਕੇ ਲਿਪਟ ਜਾਹ (ਭਾਵੇਂਹ ਕਿ ਚਰਨਾਂ ਕਮਲਾਂ ਦਾ ਧਿਆਨ ਆਪਣੇ ਵਿਚ ਮਗਨ ਕਰਕੇ ਤੈਨੂੰ ਵਾਸ਼ਨਾ ਰਹਿਤ ਕਰ ਦੇਵੇਗਾ)।

੧੩. ਇਸ਼੍ਟ ਗੁਰੂ-ਦਸੋਂ ਗੁਰੂ ਸਾਹਿਬਾਨ ਦਾ-**ਮੰਗਲ**।

ਏਕ ਜੋਤਿ ਦਸ ਰੂਪ ਗੁਰ ਜਿਨ ਤੇ ਤਰਯੋ ਜਹਾਨ ।
ਸਭਿ ਕੇ ਪਦ ਅਰਬਿੰਦ ਕੋ ਸਦਾ ਬੰਦਨਾ ਠਾਨਿ ॥ ੧੪ ॥

ਅਰਥ- (ਦਸੋ) ਗੁਰੂ (ਸਾਹਿਬਾਨ) ਦਸ ਰੂਪ ਹਨ (ਪਰ) ਜੋਤਿ ਇਕੋ ਹੈ, ਜਿਨ੍ਹਾਂ ਤੋਂ ਸਾਰਾ ਜਹਾਨ ਤਰਿਆ (ਮੁਕਤਿ ਹੋਇਆ ਹੈ) ਤਿਨ੍ਹਾਂ ਦਸਾਂ ਸਤਿਗੁਰਾਂ) ਦੇ ਚਰਨਾਂ ਕਵਲਾਂ ਨੂੰ (ਮੈਂ) ਸਦਾ ਬੰਦਨਾਂ ਕਰਦਾ ਹਾਂ।

[ਰਾਸਾਂ ਰੁਤਾਂ ਤੇ ਐਨਾਂ ਦਾ ਵੇਰਵਾ ਦੱਸਦੇ ਹਨ]

ਸੂਰਜ ਗੁਰੂ ਪ੍ਰਤਾਪ ਤੇ ਬਰਨੀ ਦ੍ਵਾਦਸ਼ ਰਾਸਿ।
ਅਸ਼ਟ ਸਾਚ ਪਤਿਸ਼ਾਹ ਕੇ ਬਰਨੇ ਬਰ ਗੁਨ ਰਾਸ॥ ੧੫ ॥

ਅਰਥ-ਗੁਰਾਂ ਦੇ ਪ੍ਰਤਾਪ (ਰੂਪੀ) ਸੂਰਜ ਉਤੇ ਬਾਰਾਂ (ਭਾਗ ਰੂਪੀ) ਰਾਸ਼ੀਆਂ ਕਥਨ ਕੀਤੀਆਂ ਹਨ (ਜਿਨ੍ਹਾਂ ਵਿਚ) ਅੱਠ ਸੱਚੇ ਪਾਤਸ਼ਾਹਾਂ (ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਤੇਗ ਬਹਾਦਰ) ਜੀ ਦੇ ਸਾਰੇ ਸ੍ਰੇਸ਼ਟ ਗੁਣਾਂ ਦਾ ਵਰਣਨ ਕੀਤਾ ਹੈ।

ਦਛਣਾਇਨ ਉਤਰਾਇਣੋ ਅਯਨ ਬਨੈਂਗੇ ਦੋਇ ।
ਬਰਤਤਿ ਰੁਤ ਜੋ ਖਸ਼ਟ ਸ਼ੁਭ ਤਿਨ ਪਰ ਬਰਨਨ ਹੋਇ ॥ ੧੬ ॥

[ਦਛਣਾਇਨ ਉਤਰਾਇਣੋ=ਪੋਹ ਦੀ ੯ ਤੋਂ ਹਾੜ ਦੀ ੯ ਤਕ ਉਤ੍ਰਾਇਣ ਹੁੰਦਾ ਹੈ ਤੇ ਬਾਕੀ ਦਖਣਾਇਨ ਕਹਾਉਂਦਾ ਹੈ। ਅੰਗ੍ਰੇਜ਼ੀ ਹਿਸਾਬ ਮੂਜਬ ੨੧ ਜੂਨ ਤੇ ੨੨ ਦਸੰਬਰ ਨੂੰ ਸੂਰਜ ਅਯਨ ਦੇ ਅੰਤ ਤੇ ਅੱਪੜਦਾ ਹੈ। ਅਯਨ ਛੇ ਰਾਸਾਂ ਦਾ ਅਰਧ ਚੱਕ੍ਰ ਹੈ । ੨੩ ਦਸੰਬਰ ਤੋਂ ੨੧ ਜੂਨ ਤਕ ਸੂਰਜ ਉਤਰ ਵਲ ਨੂੰ ਰੁਖ ਕਰਦਾ ਜਾਂਦਾ ਹੈ, ਇਸ ਕਰਕੇ ਸਾਲ ਦੇ ਇਸ ਅੱਧੇ ਪੱਖ ਨੂੰ ਉਤ੍ਰਾਇਣ ਕਹੀਦਾ ਹੈ। ੨੨ ਜੂਨ ਤੋਂ ਸੂਰਜ ਦਾ ਰੁਖ਼ ਦੱਖਣ ਵੱਲ ਹੁੰਦਾ ਜਾਂਦਾ ਹੈ ਤੇ ੨੨ ਦਸੰਬਰ ਨੂੰ ਅੰਤ ਤੇ ਪੁਜਦਾ ਹੈ, ਇਸ ਛਿਮਾਹੀ ਨੂੰ ਦੱਖਣਾਯਨ ਕਹਿੰਦੇ ਹਨ। ਪਰ=ਉਪ੍ਰੰਤ, ਪਿੱਛੋਂ।]

ਅਰਥ-ਦਖਣਾਇਨ ਤੇ ਉਤ੍ਰਾਇਨ (ਰੂਪੀ) ਦੋ (ਹੋਰ ਭਾਗ) ਬਣਨਗੇ, ਜਿਹੜੀਆਂ ਛੇ ਸ਼ੁਭ ਰੁਤਾਂ ਵਰਤਦੀਆਂ ਹਨ (ਅਰਥਾਤ, ਜੋ ਮੈਂ ਹੁਣ ਕਥਨ ਕਰਨ ਲੱਗਾ ਹਾਂ) ਤਿਨ੍ਹਾਂ ਦੇ

ਪਿੱਛੋਂ (ਦੋਨੋਂ ਅਯਨ) ਵਰਣਨ ਹੋਣਗੇ। ਭਾਵ, ਹੁਣ ਵਰਣਨ ਹੋ ਰਹੇ ਛੇ ਰੁਤਾਂ ਰੂਪੀ ਛੇ ਭਾਗਾਂ ਦੇ ਉਪਰੰਤ ਮੈਂ ਦੋ ਐਨ ਦਛਨਾਇਨ ਤੇ ਉਤਰਾਇਣ ਵਰਣਨ ਕਰਾਂਗਾ।

ਪ੍ਰਥਮ ਕਰੀ ਕਵਿਤਾ ਰੁਚਿਰ ਸ਼੍ਰੀ ਨਾਨਕ ਪਰਕਾਸ਼।
ਪੂਰਬਾਰਧ ਉਤਰਾਰਧ ਇਮ ਬਰਨੇ ਗੁਨ ਰਾਸ ॥ ੧੭ ॥

ਅਰਥ—ਪਹਿਲੋਂ ਮੈਂ ਸ਼੍ਰੀ ਨਾਨਕ ਪ੍ਰਕਾਸ਼ ਦੀ ਸੁੰਦਰ ਕਵਿਤਾ ਕੀਤੀਹੈ,ਪੂਰਬਾਰਧ ਤੇ ਉਤ੍ਰਾਰਧ ਐਉਂ (ਉਸ ਦੇ ਦੋ ਭਾਗ ਰਚਕੇ ਗੁਰੂ ਸਾਹਿਬ ਦੇ) ਸਾਰੇ ਯਸ਼ ਨੂੰ ਕਥਨ ਕੀਤਾ ਹੈ।

ਅਬਿ ਕਲਗ਼ੀਧਰ ਕੀ ਕਥਾ ਖਸ਼ਟ ਰੁਤਨ ਪਰ ਹੋਇ।
ਗੁਰ ਪ੍ਰਤਾਪ ਸੂਰਜ ਭਯੋ ਯਾਂਤੇ ਸਭਿ ਗਤਿ ਜੋਇ ॥੧੮॥

ਅਰਥ—ਹੁਣ ਕਲਗੀਧਰ (ਸ਼੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਕਥਾ ਛੇ ਰੁੱਤਾਂ (ਦੀ ਵੰਡ) ਪਰ ਕਥਨ ਹੋਵੇਗੀ (ਇਸ ਤਰ੍ਹਾਂ) ਗੁਰ ਪ੍ਰਤਾਪ (ਦਾ ਇਹ ਗ੍ਰੰਥ) ਸੂਰਜ ਹੋਇਆ, (ਜਿਸ ਵਿਚ ਇਹ ਰਾਸ਼ੀ ਰੁਤਾਂ ਐਨ ਸੂਰਜ ਦੀ) ਚਾਲ ਵਾਂਗੂੰ ਵੇਖੋ।

ਕਥੋਂ ਕਥਾ ਕੋ ਜਥਾਮਤਿ ਤਥਾ ਸੁਨਹੁ ਸਿਖ ਸੰਤ।
ਹੁਇ ਪ੍ਰਸੰਨ ਵਰ ਦੀਜੀਐ ਮਿਲਹਿਂ ਗੁਰੂ ਭਗਵੰਤ* ॥੧੯॥

ਅਰਥ—ਜਿਸ ਤਰ੍ਹਾਂ ਦੀ ਮੇਰੀ ਬੁੱਧੀ ਹੈ ਤਿਵੇਂ ਹੀ (ਮੈਂ) ਕਥਾ ਨੂੰ ਕਹਾਂਗਾ। (ਹੇ) ਸਿੱਖੋ! (ਤੇ) ਸੰਤੋ! (ਤੁਸੀਂ) ਸੁਣੋਂ (ਤੇ) ਪ੍ਰਸੰਨ ਹੋਕੇ (ਮੈਨੂੰ) ਵਰ ਦਿਓ ਕਿ ਗੁਰੂ ਭਗਵੰਤ ਮੈਨੂੰ ਮਿਲਣ।

ਜਿਨ† ਕੀ ਕ੍ਰਿਪਾ ਕਟਾਛ ਤੇ ਹਲਤ ਪਲਤ ਸੁਖ ਪਾਇਂ।
ਸੋ† ਕਯੋਂ ਮਨਹੁ ਬਿਸਾਰੀਐ ਰਾਖਹੁ ਰਿਦੈ ਬਸਾਇ ॥੨੦॥

ਅਰਥ—ਜਿਸ ਦੀ (ਇਕ) ਮੇਹਰ ਦੀ ਨਿਗਾਹ ਨਾਲ ਲੋਕ ਪ੍ਰਲੋਕ ਵਿਚ ਸੁਖ ਪਾਈਦਾ ਹੈ ਉਸ ਨੂੰ ਕਿਉਂ ਮਨੋਂ ਵਿਸਾਰੀਏ (ਉਸ ਨੂੰ ਤਾਂ ਸਦਾ) ਰਿਦੇ ਵਿਚ ਵਸਾਕੇ ਰੱਖੀਏ (ਤਾਂ ਹੀ ਠੀਕ ਹੈ)।

ਸਤਿਗੁਰ ਸਿੱਖਨਿ ਕੇ ਉਚਿਤ ਸਤਿਗੁਰ ਕਥਾ ਬਚਿੱਤ੍ਰ।
ਸੁਨੀਅਹਿ ਮਿੱਤ੍ਰ ਇਕੱਤ੍ਰ ਚਿਤ ਸੁਨਹੁ ਸਮਸਤ ਪਵਿੱਤ੍ਰ ॥੨੧॥

{ ਇਕੱਤ੍ਰ ਚਿੱਤ=ਇਕੱਠੇ ਹੋਕੇ ਤੇ ਚਿੱਤ ਲਾਕੇ। (ਅ) ਚਿੱਤ ਨੂੰ ਇਕੱਠਾ ਕਰਕੇ। ਇਕਾਗ੍ਰ ਚਿੱਤ ਹੋਕੇ। }

ਅਰਥ—ਸਤਿਗੁਰਾਂ ਦੀ ਵਚਿੱਤ੍ਰ ਕਥਾ, ਸਤਿਗੁਰੂ ਦੇ ਸਿੱਖਾਂ ਦੇ ਹੀ (ਸੁਣਨੇ) ਯੋਗ ਹੈ (ਇਸ ਲਈ ਹੇ ਸਤਿਗੁਰੂ ਸਿੱਖੋ, ਮੇਰਿਓ) ਮਿੱਤ੍ਰੋ! ਇਕੱਠੇ ਹੋਕੇ ਚਿਤ ਲਾਕੇ (ਆਓ) ਸੁਣੋਂ

---

*'ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ' ਦੇ ਵਾਕ ਮੂਜਬ ਗੁਰੂ ਭਗਵੰਤ ਦਾ ਭਾਵ ਹੈ ਗੁਰੂ ਗੋਬਿੰਦ ਸਿੰਘ ਜੀ। (ਅ) ਗੁਰੂ ਤੇ ਵਾਹਿਗੁਰੂ।

†'ਜਿਨ' ਦਾ ਅਰਥ 'ਜਿਸ', ਇਕ ਬਚਨ ਵਿਚ ਤਾਂ ਕੀਤਾ ਹੈ ਕਿ ਅਗਲੀ ਤੁਕ ਵਿਚ 'ਸੋ' ਪਦ ਇਕ ਬਚਨ ਪਿਆ ਹੈ।

ਤੇ ਸਾਰੇ ਹੀ ਪਵਿੱਤ੍ਰ ਬਣ ਜਾਓ।

ਹੋਰ ਹਰਥ–੨. (ਹੇ ਮੇਰੇ) ਮਿੱਤ੍ਰੋਂ! ਚਿੱਤ ਨੂੰ ਇਕੱਠਾ ਭਾਵ ਇਕਾਗ੍ਰ ਕਰਕੇ ਸਾਰੇ (ਇਸ) ਪਵਿੱਤ੍ਰ (ਕਥਾ) ਨੂੰ ਸੁਣੋ।

[ਚਰਿੱਤ੍ਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ]

ਸੈਯਾ ॥ ਰਸ ਬੀਰ ਭਰੇ, ਜਨ ਧੀਰ ਕਰੇ, ਬਹੁ ਪੀਰ ਹਰੇ ਭਵ ਫੰਧਨ ਕੇ।
ਸੁਖਮੂਲ ਭਲੇ, ਰਿਪੁਸੂਲ ਮਿਲੇ, ਅਨਕੂਲ ਫਲੇ, ਅਘਕੰਦਨ ਕੇ।
ਸਿਖ ਪਾਠ ਹਿਲੇ, ਦੁਖ ਦੋਖ ਦਲੇ, ਕਰ ਕਾਜ ਚਲੇ ਸੁ ਅਨੰਦਨ ਕੇ।
ਅਤਿ ਮਿੱਤ੍ਰ ਪਵਿੱਤ੍ਰ ਬਚਿੱਤ੍ਰ ਚਰਿੱਤ੍ਰਤਿ ਤੇਗਬਹਾਦੁਰ ਨੰਦਨ ਕੇ ॥ ੨੨ ॥

ਅਰਥਾਂ ਲਈ ਦੇਖੋ ਰਾਸ ੧ ਅੰਸੂ ੧ ਅੰਕ ੩੯।

[ਸਤਿਗੁਰਾਂ ਦੀ ਕਥਾ ਦਾ ਰੂਪਕ]

ਥਿਤ ਦਾ ਚਿਤ ਕੀ, ਨਿਤ ਦਾ ਬਿਤ ਕੀ, ਹਿਤ ਦਾ ਨਿਤ ਕੀ, ਸੁਨਿ ਹੇਤ ਜਰੀ। ਸ਼ਰਧਾ ਗੁਰ ਕੀ, ਸੁਧ ਦਾ ਉਰ ਕੀ, ਹਰਤਾ ਜੁਰ ਕੀ ਸੁਖ ਪੁੰਜ ਜਰੀ। ਸਭ ਸਾਰ ਮਥਾ, ਘ੍ਰਿਤ ਆਰ ਜਥਾ, ਇਹ ਚਾਰੁ ਕਥਾ ਅਜਰਾਨ ਜਰੀ। ਗੁਨ ਬ੍ਰਿੰਦ ਗੁਬਿੰਦ ਮ੍ਰਿਗਿੰਦ ਮੁਕੰਦ ਅਨੰਦ ਬਿਲੰਦ ਜਰਾਉ ਜਰੀ ॥ ੨੩ ॥

ਅਰਥਾਂ ਲਈ ਦੇਖੋ ਰਾਸ ੧ ਅੰਸੂ ੧ ਅੰਕ ੪੦।

ਫਰਕ ਏਹ ਹਨ:–ਹਿਤਦਾ ਨਿਤ ਕੀ=ਅਟੱਲ ਭਗਤੀ ਦੀ ਦਾਤੀ ਹੈ।

ਘ੍ਰਿਤ ਆਰ ਜਥਾ=ਜਿਵੇਂ ਘਿਉ ਕੱਢ ਲਈਦਾ ਹੈ। [ਫਾ:, ਆਵੁਰਦਨ=ਲਿਆਉਣਾ ਤੋਂ 'ਆਰ']।

ਅਨੰਦ ਬਿਲੰਦ ਜਰਾਉ ਜਰੀ=(ਮਾਨੋਂ) ਉੱਚੇ ਅਨੰਦ (ਦੇ ਗਹਿਣੇ) ਦੀ ਜੜਤ ਜੜੀ ਹੈ।

[ਭੁੱਲ ਚੁੱਕ ਦੀ ਮਾਫੀ]

ਚੌਪਈ ॥ ਸੁਮਤਿਵੰਤ ਪ੍ਰੇਮੀ ਸਤਿ ਸੰਗਤਿ। ਜੋ ਸੁਨਿ ਹੈਂ ਗੁਰ ਜਸ ਕਰਿ ਪੰਗਤਿ। ਸਭਿ ਕੇ ਚਰਨ ਬੰਦਨਾ ਕਰੌਂ। ਮਤਿ ਥੋਰੀ ਤੇ ਪੁਨਪੁਨ ਡਰੌਂ ॥੨੪॥

ਅਰਥ–ਬੁਧੀਵਾਨ, ਪ੍ਰੇਮੀ (ਸਿੱਖ) ਤੇ ਸਤਿਸੰਗਤਿ ਜੋਹੜੇ ਪੰਗਤਿ ਕਰਕੇ ਗੁਰ ਜਸ ਨੂੰ ਸੁਣਨਗੇ (ਤਿਨ੍ਹਾਂ) ਸਾਰਿਆਂ ਦੇ ਚਰਨਾਂ ਉਪਰ ਨਮਸਕਾਰ ਕਰਦਾ ਹਾਂ (ਤੇ ਬਿਨੈ ਕਰਦਾ ਹਾਂ ਕਿ) ਮੇਰੀ ਮਤੀ ਥੋੜੀ ਹੈ ਇਸ ਲਈ ਮੈਂ ਬਾਰ ਬਾਰ ਡਰਦਾ ਹਾਂ।

ਭੂਲ ਚੂਕ ਹੁਇ ਦੂਖਨ ਜਮਾ। ਸੁਨਿ ਨਹਿੰ ਤਰਕਹਿੰ, ਕੀਜਹਿ ਛਿਮਾ। ਇਸ ਹਿਤ ਬਿਨਯ ਕਰੌਂ ਕਰ ਜੋਰਿ। ਸਭਿ ਸ਼੍ਰੋਤਨਿ ਕੇ ਚਰਨ ਨਿਹੋਰਿ ॥ ੨੫ ॥

{ ਜਮਾ=ਇਕੱਠੇ, ਬਹੁਤੇ, (ਮਾਲਵੇ ਦਾ ਮੁਹਾਵਰਾ ਹੈ) }

ਅਰਥ—(ਕਿ) ਭੁੱਲ ਚੁੱਕ ਤੇ ਦੂਖਨ (ਮੇਰੇ ਕਥਨ ਵਿਚ) ਬਹੁਤ ਹੋਣਗੇ, (ਆਪ) ਸੁਣਕੇ ਤਰਕਣਾਂ ਨਾ, ਖਿਮਾਂ ਕਰਨੀ, ਇਸ ਲਈ ਮੈਂ ਸਾਰੇ ਸ੍ਰੋਤਿਆਂ ਦੇ ਚਰਨਾਂ ਪਰ ਨਮਸਕਾਰ ਕਰਕੇ ਹੱਥ ਜੋੜਕੇ ਬੇਨਤੀ ਕਰਦਾ ਹਾਂ।

[ਨਾਮ ਪ੍ਰੇਮੀ ਗੁਰ ਸਿੱਖਾਂ ਅੱਗੇ ਅਰਦਾਸ]।

ਸ੍ਰੀ ਅੰਮ੍ਰਿਤਸਰ ਆਦਿ ਬਸੰਤਿ। ਗੁਰਥਲ ਅਵਚਲ ਨਗਰ ਪ੍ਰਜੰਤ। ਜਿਤ ਕਿਤ ਸਭਿ ਧਰਨੀ ਪਰ ਬ੍ਯਾਪਤਿ। ਸਿੱਖਨਿ ਗਨ ਸਿੰਘ ਗੁਰ ਜਹਿਂ ਜਾਪਤਿ॥੨੬॥ ਅਰਜ਼ ਗੁਜ਼ਾਰੋਂ ਜੋਰਤਿ ਹਾਥਾ। ਬੰਦੋਂ ਧਰ ਪਰ ਧਰਿ ਧਰਿ ਮਾਥਾ॥ਹੋਇ ਨ੍ਰਿਬਿਘਨ ਕਥਾ ਗੁਰ ਪੂਰੀ। ਛੰਦ ਬੰਦ ਮਾਧੁਰਤਾ ਰੂਰੀ॥੨੭॥

{ ਬਸੰਤਿ=ਵਸਦੇ ਹਨ। ਪ੍ਰਜੰਤ=ਤੱਕ [ਸੰਸ:, ਪ੍ਰਯੰਤ।]
ਬ੍ਯਾਪਤਿ=ਵਿਚਰਦੇ ਹਨ। (ਅ) ਫੈਲੇ ਹੋਏ ਹਨ। }

ਅਰਥ—ਸ੍ਰੀ ਅੰਮ੍ਰਿਤਸਰ ਤੋਂ ਆਦਿ (ਲੈਕੇ ਜੋਹੜੇ ਸਿੱਖ ਗੁਰਧਾਮਾਂ ਜਾਂ ਨਗਰੀਆਂ ਵਿਚ) ਵਸਦੇ ਹਨ, ਗੁਰ ਅਸਥਾਨ ਅਵਚਲ ਨਗਰ ਤੱਕ ਜਿੱਥੇ ਕਿਤੇ ਬੀ ਸਾਰੀ ਧਰਤੀ ਉਪਰ ਸਿੱਖਾਂ ਤੇ ਸਿੰਘਾਂ ਦੇ ਸਮੂਹ ਵਿਚਰਦੇ ਹਨ (ਤੇ ਜਿਹੜੇ) ਗੁਰੂ ਜੀ ਨੂੰ ਜਪਦੇ ਹਨ (ਤਿਨ੍ਹਾਂ ਸਾਰਿਆਂ ਅੱਗੇ) ਹੱਥ ਜੋੜਕੇ (ਮੈਂ) ਅਰਜ਼ ਕਰਦਾ ਹਾਂ ਧਰਤੀ ਤੇ ਮੱਥਾ ਧਰ ਧਰਕੇ ਨਮਸਕਾਰ ਕਰਦਾ ਹਾਂ (ਕਿ ਗੁਰੂ ਸਾਹਿਬਾਂ ਦੀ) ਕਥਾ ਸੁਹਣੀ ਛੰਦਾ ਬੰਦੀ ਤੇ ਮਿੱਠੀ (ਕਵਿਤਾ) ਵਿਚ ਨਿਰਵਿਘਨ ਸਮਾਪਤ ਹੋਵੇ।

ਗੁਰ ਸਿਖ ਸਿੰਘ ਸਗਲ ਜਗ ਬ੍ਯਾਪਤ। ਕਰਿ ਇਸ਼ਨਾਨ ਗੁਰੂ ਨਿਤ ਜਾਪਤਿ। ਤਿਨ ਸਭਿਹਿਨਿ ਕੇ ਚਰਨ ਮਨਾਊਂ। 'ਪੂਰਨ ਹੋਇ ਗ੍ਰਿੰਥ' ਵਰ ਪਾਊਂ॥ ੨੮ ॥

ਅਰਥ—ਗੁਰੂ ਜੀ ਦੇ ਸਿੱਖ ਤੇ ਸਿੰਘ ਸਾਰੇ ਜਗਤ ਵਿਚ (ਜਿੰਨੇ) ਵਿਆਪ ਰਹੇ ਹਨ (ਜੋ) ਇਸ਼ਨਾਨ ਕਰਕੇ ਨਿੱਤ 'ਗੁਰੂ' 'ਗੁਰੂ' ਜਪਦੇ ਹਨ, ਤਿਨ੍ਹਾਂ ਸਾਰਿਆਂ ਦੇ ਮੈਂ ਚਰਨ ਮਨਾਉਂਦਾ ਹਾਂ ਤਾਂ ਕਿ ਮੈਂ (ਉਨ੍ਹਾਂ ਤੋਂ ਨ੍ਰਿਵਿਘਨ) ਗ੍ਰੰਥ ਸੰਪੂਰਨ ਹੋਣ ਦਾ ਵਰ ਪਾਵਾਂ।

ਗੁਰੂ ਸਰੂਪ ਖਾਲਸਾ ਸਾਰੋ। ਹਤੈ ਸ਼ੱਤ੍ਰ ਕਰਿ ਜੰਗ ਅਖਾਰੋ। ਨਿਸ ਦਿਨ ਸਿਮਰਹਿ ਸਤਿਗੁਰ ਨਾਮੂ। ਤਿਨ ਸੱਭਿਹਿਨਿ ਕੇ ਚਰਨ ਪ੍ਰਨਾਮੂ॥੨੯॥

ਅਰਥ—ਸਾਰਾ ਖਾਲਸਾ (ਪੰਥ ਜੋ) ਗੁਰੂ ਸਰੂਪ ਹੈ ਤੇ ਸ਼ੱਤ੍ਰੂਆਂ ਨੂੰ ਜੰਗ ਅਖਾੜੇ ਕਰਕੇ ਨਾਸ਼ ਕਰਦਾ ਹੈ ਤੇ ਰਾਤ ਦਿਨ ਸਤਿਗੁਰ ਦੇ ਨਾਮ ਨੂੰ ਸਿਮਰਦਾ ਹੈ (ਤਿਸ) ਸਾਰੇ (ਖਾਲਸਾ ਪੰਥ) ਦੇ ਚਰਨਾਂ ਤੇ (ਮੈਂ) ਨਮਸਕਾਰ ਕਰਦਾ ਹਾਂ।

ਭਾਵ—ਕਵਿ ਜੀ ਦੀ ਰੂਹਾਨੀਅਤ ਦੇ ਭੇਤਾਂ ਦੀ ਗਹਿਰੀ ਸਮਝ ਵਲ ਤੱਕੋ, ਕਿ ਗੁਰ ਸਿੱਖਾਂ, ਸਿੰਘਾਂ, ਖਾਲਸਿਆਂ ਦੇ ਅੱਗੇ ਅੰਕ ੨੬ ਤੋਂ ੨੯ ਵਿਚ ਜਦ ਬੇਨਤੀ ਕਰਦੇ ਹਨ, ਚਰਨਾਂ ਪਰ ਮੱਥਾ ਟੇਕਦੇ ਹਨ ਤਦ ਉਨ੍ਹਾਂ ਨਾਲ ਇਕ ਵਿਸ਼ੇਸ਼ਣ ਜ਼ਰੂਰ ਲਾਉਂਦੇ ਹਨ 'ਗੁਰ ਜਹਿਂ ਜਾਪਤ'= ਜਿਹੜੇ ਗੁਰੂ ਜੀ ਨੂੰ ਜਪਦੇ ਹਨ। ਪੁਨਾ: 'ਕਰ ਇਸ਼ਨਾਨ ਗੁਰੂ ਨਿਤ ਜਾਪਤ'। ਪੁਨਾ: 'ਨਿਸਦਿਨ ਸਿਮਰਹਿਂ ਸਤਿਗੁਰ ਨਾਮੂ'। ਜਿਸ ਤੋਂ ਸਪਸ਼ਟ ਦੱਸ ਰਹੇ ਹਨ ਕਿ ਮੈਂ ਉਨ੍ਹਾਂ ਗੁਰੂ ਕੇ ਸਿੱਖਾਂ ਜਾਂ ਗੁਰੂ ਕੇ ਖਾਲਸਿਆਂ ਦਾ ਧਿਆਨ ਧਰਕੇ ਨਮਸਕਾਰ ਕਰਕੇ ਨਿਰਵਿਘਨਤਾ ਦੀ ਯਾਚਨਾਂ ਕਰ ਰਿਹਾ ਹਾਂ ਜੋ 'ਸਿਮਰਨਿ' ਵਿਚ ਹਨ। ਆਤਮ ਮੰਡਲ ਦੇ ਅਸੂਲ ਮੂਜਬ 'ਨਾਮ ਵਿਹੂਣਿਆਂ' ਦਾ ਧਿਆਨ ਨਹੀਂ ਧਰਦੇ, ਉਨ੍ਹਾਂ ਦਾ ਸਿਮਰਨ ਨਹੀਂ ਕਰਦੇ। ਜੀਉਂਦਿਆਂ ਦਾ ਕਿ ਮੋਇਆਂ ਦਾ ਐਸਾ ਸਿਮਰਨ ਧਜ਼ਾਨ ਧਰਨ ਵਾਲਿਆਂ ਨੂੰ ਉਨ੍ਹਾਂ ਦੇ ਅਵਗੁਣਾਂ ਤੇ ਮਾਯਕ ਮੈਲਾਂ ਨਾਲ ਮੈਲ ਦੀ ਛੁਹ ਲਾਉਂਦਾ ਤੇ ਕਈ ਵੇਰ ਭੈੜੇ ਆਵੇਸ਼ ਦੇਕੇ ਰੋਗੀ ਕਰ ਦੇਂਦਾ ਹੈ। ਨਾਮ ਸਿਮਰਨ ਨਾਲ ਆਤਮਾ ਉੱਜਲ, ਲਹੁਕੀ, ਤੇ ਹਉਂ ਦੇ ਭਾਰ ਤੋਂ ਹਲਕੀ, ਸੁਖੀ ਤੇ ਸੁਖਦਾਈ ਹੋ ਜਾਂਦੀ ਹੈ, ਐਸਿਆਂ ਨੂੰ ਯਾਦ ਕਰਨਾ ਯਾ ਉਨ੍ਹਾਂ ਅਗੇ ਬੇਨਤੀ ਕਰਨੀ ਮਨ ਉਤੇ ਚੰਗਾ ਅਸਰ ਪਾਉਂਦੀ ਹੈ।

[ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਮਸਕਾਰਾਤਮਕ ਮੰਗਲ]।

ਬ੍ਰਹਮਗਜ਼ਾਨ ਹਰਿ ਭਗਤ ਖਜ਼ਾਨਾ। ਸਾਗਰ ਜਗਤ ਜਹਾਜ ਸਮਾਨਾ। ਸੰਗਤਿ ਅਪਨੀ ਸਗਲ ਉਧਾਰਨ। 'ਗੁਰੂ ਗ੍ਰੰਥ' ਗੁਰ ਕੀਨਿ ਉਚਾਰਨ ॥ ੩੦ ॥ ਜਿਸ ਮਹਿਂ ਜ਼ਾਹਰ ਜਾਗਤਿ ਜੋਤਿ। ਸਿੱਖਜਨਿ ਅਭਿਮਤਿ ਪੂਰਨ ਹੋਤਿ। ਭੁਗਤਿ ਮੁਕਤਿ ਦਾਇਕ ਜਗਨਾਥਾ। ਨਮੋ ਕਰੋਂ ਧਰ ਪਰ ਧਰਿ ਮਾਥਾ ॥ ੩੧ ॥ ਲਾਖਹੁਂ ਲਿਖੇ ਧਰਾਤਲ ਸਾਰੇ। ਪਠਹਿਂ ਸੁਨਹਿਂ ਸਿਖ ਵਾਰ ਨ ਪਾਰੇ। ਸਕਲ ਕਾਮਨਾ ਲਹੀਅਤਿ ਜਿਸਤੇ। ਅੰਤ ਸਮੈਂ ਕੇਵਲ ਹੁਇ ਤਿਸਤੇ ॥ ੩੨ ॥

ਅਰਥ—ਆਪਣੀ ਸਾਰੀ ਸੰਗਤ ਨੂੰ ਉਧਾਰਨ ਵਾਸਤੇ ਸ੍ਰੀ ਗੁਰੂ ਗ੍ਰੰਥ (ਸਾਹਿਬ ਜੀ ਜੋ) ਗੁਰ (ਸਾਹਿਬਾਂ) ਨੇ ਉਚਾਰਨ ਕੀਤਾ ਹੈ (ਉਹ) ਬ੍ਰਹਮ ਗਜ਼ਾਨ ਤੇ ਹਰੀ ਦੀ ਭਗਤੀ ਦਾ ਖਜ਼ਾਨਾ ਹੈ ਤੇ ਸੰਸਾਰ ਸਾਗਰ (ਤੋਂ ਤਾਰਨ ਲਈ) ਜਹਾਜ ਸਮਾਨ ਹੈ, (ਜਿਸ ਵਿਚ) ਪ੍ਰਗਟ ਹੀ ਜੋਤਿ (ਗੁਰੂ ਸਾਹਿਬਾਂ ਦੀ) ਪ੍ਰਕਾਸ਼ ਰਹੀ ਹੈ (ਤੇ ਜਿਨ੍ਹਾਂ ਤੋਂ) ਸਿਖਾਂ ਦੀਆਂ ਮਨ ਵਾਂਛਤ (ਕਾਮਨਾ) ਪੂਰਨ ਹੁੰਦੀਆਂ ਹਨ (ਤੇ ਜੋ) ਜਗਤ ਨਾਥ ਭੁਗਤ ਮੁਕਤਿ ਦਾ ਦਾਤਾ ਹੈ, ਧਰਤੀ ਤੇ ਮੱਥਾ ਧਰਕੇ (ਤਿਸਨੂੰ) ਨਮਸਕਾਰ ਕਰਦਾ ਹਾਂ। ਜਿਹੜੇ ਗੁਰੂ ਗ੍ਰੰਥ ਜੀ ਕਿ) ਸਾਰੀ ਪ੍ਰਿਥਵੀ ਤਲ ਤੇ ਲੱਖਾਂ (ਦੀ ਗਿਣਤੀ ਵਿਚ) ਲਿਖੇ ਹੋਏ ਹਨ, ਤੇ ਜਿਨ੍ਹਾਂ ਨੂੰ) ਪੜ੍ਹਨ ਸੁਣਨ ਵਾਲਿਆਂ ਸਿੱਖਾਂ ਦਾ ਵਾਰ ਪਾਰ ਹੀ ਨਹੀਂ (ਪਾਇਆ ਜਾਂਦਾ)(ਅਤੇ)ਜਿਸ(ਗੁਰੂ ਗ੍ਰੰਥ ਜੀ) ਤੋਂ ਸਾਰੀਆਂ ਕਾਮਨਾਂ ਪਾਈਦੀਆਂ ਹਨ, (ਅਤੇ)ਅੰਤ

ਸਮੇਂ (ਉਸ) ਸ੍ਰੀ ਗੁਰੂ ਗ੍ਰੰਥ ਜੀ ਤੋਂ ਨਿੱਤ ਮੁਕਤੀ ਮਿਲਦੀ ਹੈ।

ਭੂਤ ਭਵਿੱਖਤ ਸਿੱਖ ਨਹਿਂ ਗਿਨਤੀ।ਤੇ ਅਬਿ ਸਭਿਨਿ ਅੱਗ੍ਰ ਮਮ ਬਿਨਤੀ। ਬਿਨਸਹਿਂ ਬਿਘਨ,ਗ੍ਰੰਥਹੁਇ ਪੂਰਾ।ਜਿਸਮਹਿਂ ਸਤਿਗੁਰੁਕੋਜਸਰੂਰਾ॥੩੩॥

ਅਰਥ–ਪਿੱਛੇ ਹੋ ਚੁਕੇ ਅੱਗੇ ਹੋਣ ਵਾਲੇ ਤੇ ਹੁਣ ਦੇ (ਸਮੇਂ ਦੇ) ਅਣਗਿਣਤ ਸਿੱਖ ਹਨ, (ਇਨ੍ਹਾਂ) ਸਾਰਿਆਂ ਅੱਗੇ ਮੇਰੀ ਬੇਨਤੀ ਹੈ ਕਿ ਮੇਰੇ ਵਿਘਨ ਨਾਸ਼ ਹੋਣ ਤੇ (ਇਹ) ਗ੍ਰੰਥ ਜਿਸ ਵਿਚ ਸਤਿਗੁਰੂ ਜੀ ਦਾ ਸੁਹਣਾ ਜਸ ਹੈ, ਪੂਰਾ ਹੋਵੇ।

[ਉਸਤਾਦ ਪਿਤਾ ਤੇ ਮਾਤਾ ਨੂੰ ਨਮਸਕਾਰ]।

ਸੰਤ ਸਿੰਘ ਗੁਰ ਅੱਖਰ ਦਾਤਾ। ਨਮੋ ਕਰੌਂ ਤਿਨ ਪਦ ਜਲਜਾਤਾ। ਦੇਵਾ ਸਿੰਘ ਪਿਤਾ ਮਮ ਨਾਮੂ। ਤਿਨ ਕੇ ਪਦ ਅਰਬਿੰਦ ਪ੍ਰਨਾਮੂ॥ ੩੪॥ ਨਿਜ ਮਾਤਾ ਕੋ ਕਰਿ ਅਭਿਬੰਦਨ। ਕਥੌਂ ਕਥਾ ਕਲਿ ਕਲੁਖ-ਨਿਕੰਦਨ। ਸੁਨੀਅਹਿ ਗਨ ਸ੍ਰੋਤਾ ਸਵਧਾਨਾ। ਇਕ ਮਨ ਹੋਇ ਧਰਹੁ ਨਿਜ ਕਾਨਾ॥ ੩੫॥

ਅਰਥ–(ਮੇਰੇ) ਅੱਖਰ ਦਾਤਾ ਉਸਤਾਦ (ਸ੍ਰੀਮਾਨ ਭਾਈ) ਸੰਤ ਸਿੰਘ ਜੀ (ਗਜਾਨੀ) ਹਨ, ਤਿਨ੍ਹਾਂ ਦੇ ਚਰਨਾਂ ਕਵਲਾਂ ਪਰ (ਮੈਂ) ਨਮਸਕਾਰ ਕਰਦਾ ਹਾਂ, ਤੇ ਮੇਰੇ ਪਿਤਾ ਜੀ ਦਾ ਨਾਮ (ਸ੍ਰੀਮਾਨ ਭਾਈ) ਦੇਵਾ ਸਿੰਘ (ਜੀ) ਹੈ, ਤਿਨ੍ਹਾਂ ਦੇ ਬੀ ਚਰਨ ਕਵਲਾਂ ਤੇ ਮੇਰੀ ਨਮਸਕਾਰ ਹੋਵੇ। (ਫੇਰ ਮੈਂ) ਆਪਣੀ ਮਾਤਾ ਜੀ ਨੂੰ ਨਮਸਕਾਰ ਕਰਕੇ ਕਲਜੁਗ ਦੇ ਪਾਪਾਂ ਨੂੰ ਨਾਸ਼ ਕਰਨੇ ਵਾਲੇ (ਗੁਰੂ ਸਾਹਿਬਾਂ ਦੀ) ਕਥਾ ਕਥਨ ਕਰਦਾ ਹਾਂ। (ਹੇ) ਸਾਰੇ ਸ੍ਰੋਤਾ ਜਨੋ ! ਇਕ ਮਨ ਹੋਕੇ ਆਪਣੇ ਕੰਨ ਧਰਿ ਸਾਵਧਾਨ ਹੋਕੇ ਸੁਣੋ:–

[ਕਥਾ ਦਾ ਮਹਾਤਮ]।

ਮਹਿੰਮਾ ਕਹਿਂ ਲਗ ਕਹੇ ਸੁਨਾਵੌਂ। ਗੁਰ ਜਸ ਜਿਸ ਮਹਿਂ ਰੁਚਿਰ ਬਨਾਵੌਂ। ਗੁਰ ਸ਼ਰਧਾ ਕੋ ਉਰ ਅਧਿਕਾਵਤਿ। ਜਿਸਤੇ ਭੁਗਤਿ ਮੁਕਤਿ ਸਿਖ ਪਾਵਤਿ॥ ੩੬॥ ਸਕਲ ਕਾਮਨਾ ਦੇਵਨਹਾਰੀ। ਅਨਿਕ ਜਨਮ ਕੇ ਕਲਮਲ ਹਾਰੀ। ਸੁਨਹਿ ਗ੍ਰੰਥ ਸਭਿ ਹੁਇ ਗੁਨ ਗਜਾਤਾ। ਸਰਬ ਚਰਿੱਤ੍ਰ ਲਖਹਿ ਬੱਖਜਾਤਾ॥ ੩੭॥ ਦੁਸ਼ਟ ਬਿਡਾਰਨ ਦਾਸ ਉਧਾਰਨਿ। ਇੱਤਜਾਦਿਕ ਕੀਨੇ ਜਿਮ ਕਾਰਨ। ਸੁਨਹਿ ਸਰਬ ਕੋ ਸਾਰ ਪਛਾਨੈ। ਪੁੰਨ ਉਪਾਇ ਪਾਪ ਗਨ ਹਾਨੈਂ॥ ੩੮॥

ਅਰਥ–(ਗੁਰੂ ਜੀ ਦੀ ਕਥਾ ਦੀ) ਮਹਿਮਾ ਜਿਸ ਵਿਚ ਕਿ ਮੈਂ ਗੁਰ ਜਸ ਸੁਹਣੀ ਤਰ੍ਹਾਂ ਬਣਾ ਰਿਹਾ ਹਾਂ ਕਿਥੋਂ ਤਕ ਕਹਿਕੇ ਸੁਣਾਵਾਂ ? (ਇਹ) ਗੁਰ ਸ਼ਰਧਾ ਰਿਦੇ ਵਿਚ ਵਧਾਉਂਦੀ ਹੈ ਜਿਸ ਤੇ (ਹਰ) ਸਿੱਖ ਭੁਗਤ ਮੁਕਤਿ ਪਾ ਲੈਂਦਾ ਹੈ॥ ੩੬॥ (ਫੇਰ) ਸਾਰੀਆਂ

ਕਾਮਨਾ ਦੇਣ ਵਾਲੀ ਹੈ, ਅਨੇਕਾਂ ਜਨਮਾਂ ਦੇ ਪਾਪ ਨਸ਼ਟ ਕਰਨ ਹਾਰੀ ਹੈ, (ਜੋ ਇਸ) ਸਾਰੇ ਗ੍ਰੰਥ ਨੂੰ ਸੁਣੇਗਾ ਓਹ ਗੁਣਾਂ ਦਾ ਗਜਾਤਾ ਹੋ ਜਾਏਗਾ ਤੇ ਸਾਰੇ (ਗੁਰੂ ਸਾਹਿਬਾਂ ਦੇ) ਚਰਿੱਤ੍ਰ ਪ੍ਰਗਟ ਹੀ ਜਾਣ ਲਵੇਗਾ ॥ ੩੭ ॥ (ਗੁਰੂ ਸਾਹਿਬਾਂ ਦਾ) ਦੁਸ਼ਟਾਂ ਨੂੰ ਮਾਰਨਾਂ ਤੇ ਦਾਸਾਂ ਨੂੰ ਉਧਾਰਨਾਂ ਇਸ ਤੋਂ ਆਦਿ ਲੈਕੇ ਜਿਵੇਂ ਕਾਰਨ (ਅਥਵਾ ਚਰਿੱਤ) ਕੀਤੇ ਹਨ, ਸਾਰਿਆਂ ਨੂੰ ਸੁਣਕੇ ਉਨ੍ਹਾਂ ਦਾ ਜੋ ਸਾਰ ਹੈ ਪਛਾਣੇਗਾ ਉਹ (ਆਪਣੇ ਲਈ) ਪੁੰਨ ਉਪਾਕੇ (ਆਪਣੇ) ਸਾਰੇ ਪਾਪਾਂ ਦਾ ਨਾਸ਼ ਕਰੇਗਾ।

ਹੁਇ ਚਿਤ ਚੌਂਪ ਜੁ ਪ੍ਰੇਮੀ ਸਿੱਖਨ। ਪਠਹਿ ਸੁਨਹਿ ਅਬਿ ਕਿਧੌਂ ਭੁਵਿੱਖਨ।
ਨਹਿਂ ਦੂਖਨ ਕੁਛ ਰਿਦੈ ਬਿਚਾਰੋ।ਪਾਵਨ ਗੁਨ ਗਨ ਕੋ ਮਨ ਧਾਰੋ*॥੩੯॥

ਅਰਥ-(ਜੋ ਵੀ) ਪ੍ਰੇਮੀ ਸਿੱਖ ਚਿੱਤ ਵਿਚ ਚੌਂਪ ਵਾਲਾ ਹੋਕੇ ਹੁਣ ਯਾ ਭਵਿੱਖਤ ਵਿਚ ਪੜ੍ਹੇ ਯਾ ਸੁਣੇਗਾ (ਉਹਨਾਂ ਅੱਗੇ ਮੇਰੀ ਬੇਨਤੀ ਹੈ ਕਿ ਮੇਰੇ) ਦੂਖਣਾ ਨੂੰ ਕੁਛ ਵੀ ਰਿਦੇ ਵਿਚ ਨਾ ਵਿਚਾਰੋ (ਤੇ ਕੇਵਲ) ਪਵਿੱਤ੍ਰ ਗੁਣਾਂ ਦੇ ਸਮੂਹ ਹੀ ਮਨ ਵਿਚ ਧਾਰਨਾ ਕਰੋ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇਂ ਮੰਗਲਾਚਰਨ'ਬਰਨਨੰ ਨਾਮ ਪ੍ਰਿਥਮੋ ਅੰਸੂ॥੧॥

੨. [ਸੀਸ ਕੀਰਤਪੁਰ ਲਿਆਉਣਾ]।

ਦੋਹਰਾ ॥ **ਦਿੱਲੀ ਤੇ ਸਿਖ ਪ੍ਰਥਮ ਜੋ ਗਮਨਯੋ ਆਇਸੁ ਲੇਯ।ਤੇਗ ਬਹਾਦਰ ਸਤਿਗੁਰੂ ਪਠਯੋ ਭੇਟ ਕੋ ਦੇਯ**[1] ॥ ੧ ॥ ਸੈਯਾ ਛੰਦ ॥ **ਪ੍ਰੇਸੇ ਪੰਚਹੁ ਸ੍ਰੀ ਵਲ ਸੁੰਦਰ ਗੁਰਤਾ ਅਰਪਨਿ ਕੀ ਬਿਧਿ ਜੋਇ।ਲੇਕਰਿ ਪੰਥ ਬਿਖੇ ਪ੍ਰਸਥਾਨਯੋ, ਖਿਰਯੋ ਨ ਕਿਸ ਥਲ,ਥਕਤਿ ਨ ਸੋਇ।ਗੁਰ ਆਗਯਾ ਸਯੰਦਨ ਅਸਵਾਰੀ, ਚਿਤ ਉਤਸਾਹ ਸੂਤ ਤਬਿ ਹੋਇ**[2]। **ਪਹੁੰਚਯੋ ਆਨਿ ਅਨੰਦਪੁਰਿ ਸੋ ਸਿਖ**

[1]ਭੇਟਾ ਨੂੰ ਦੇਕੇ। [2] ਮਾਨੋ) ਗੁਰੂ ਜੀ ਦੀ ਆਗਯਾ ਇਹ ਤਾਂ ਰਥ ਦੀ ਅਸਵਾਰੀ ਸੀ ਤੇ (ਸਿੱਖ ਦੇ) ਚਿੱਤ ਦਾ ਜੋ ਉਤਸਾਹ ਸੀ ਸੋ ਰਥਵਾਹੀ ਹੋਇਆ।

*ਇੱਥੇ ਕਵਿ ਜੀ ਦੀਆਂ ਬਹੁਤ ਤੇ ਸਭ ਅੱਗੇ ਬੇਨਤੀਆਂ ਤੋਂ ਪਤਾ ਲਗਦਾ ਹੈ ਕਿ ਉਹਨਾਂ ਦੇ ਚਿੱਤ ਵਿਚ ਗ੍ਰੰਥ ਸੰਪੂਰਨ ਕਰਨ ਦੀ ਅਤੀ ਅਭਿਲਾਖਾ ਹੈ ਅਰ ਸਰੀਰ ਦੀ ਕੋਈ ਦੁਰਬਲਤਾ ਯਾ ਸਮੇਂ ਦੇ ਕੋਈ ਰੋਗ ਯਾ ਉਂਵ ਹੀ ਸਮੇਂ ਦੀ ਅਸਾਰਤਾ ਦਾ ਖਿਆਲ ਤੇ ਵਿਘਨ ਕਾਰੀਆਂ ਦਾ ਭੈ ਅੱਖਾਂ ਅੱਗੇ ਹੈ ਤੇ ਡਰਦੇ ਹਨ ਕਿ ਮਤੇ ਕੰਮ ਵਿਚਾਲੇ ਨਾ ਰਹਿ ਜਾਵੇ, ਇਸ ਲਈ ਮਨ ਬਹੁਤ ਏਕਾਗਰ ਤੇ ਤਤਪਰ ਹੋ ਹੋਕੇ ਚਾਰ ਚੁਫੇਰੇ ਬਿਨਯ ਵਿਚ ਜਾਂਦਾ ਹੈ। ਸੋ ਆਪ ਦੀ ਅਰਦਾਸ ਪੂਰੀ ਹੋਈ ਕਿ ਗ੍ਰੰਥ ਪੂਰਨ ਹੋਗਿਆ ਤੇ ਮਗਰੋਂ ਉਸੇ ਸਾਲ ਵਿਚ ਆਪ ਦਾ ਦੇਹਾਂਤ ਹੋਇਆ। ਕਦੇ ਇਸ ਵੇਲੇ ਸਰੀਰ ਨਾ ਬਿਨਸਦਾ ਤੇ ਹੁਣ ਇਕ ਅੱਧ ਸਾਲ ਗ੍ਰੰਥ ਨੂੰ ਸੋਧਣ ਦਾ ਅਵਸਰ ਮਿਲ ਜਾਂਦਾ ਤਾਂ ਸ੍ਰੀ ਗੁਰ ਪ੍ਰਤਾਪ ਸੂਰਜ ਹੋਰ ਬੀ ਚਮਕਦਾਰ ਹੋ ਜਾਂਦਾ। ਵਿਸ਼ੇਸ਼ ਖਿਆਲ ਏਸੇ ਪਾਸੇ ਪੈਂਦਾ ਹੈ ਕਿ ਆਪ ਦਾ ਸਰੀਰ ਕੰਮ ਦੀ ਬਾਹੁਲਤਾ ਦੇ ਕਾਰਨ ਕਮਜ਼ੋਰ ਯਾ ਕੁਛ ਬੀਮਾਰ ਰਹਿਣ ਲੱਗ ਪਿਆ ਸੀ।

'ਕੁਸ਼ਲ' ਕਹਤਿ, ਬੂਝਹਿ ਨਰ ਕੋਇ॥੨॥ਸਵਾ ਪਹਿਰ ਦਿਨ ਆਯੋ ਤਿਸ ਛਿਨ, ਬੈਠੇ ਸ਼੍ਰੀ ਗੋਬਿੰਦ ਸਿੰਘ ਰਾਇ।ਜਗਤ ਸਮਸਤ[1] ਜੁ ਬਰਤਹਿ[2] ਨਿਤ-ਪ੍ਰਤਿ ਸੋ ਸਭਿ ਚਿਤ ਮਹਿਂ ਬਿਦਤਹਿ ਆਇ[3] । ਕਿਤਿਕ ਮਸੰਦ ਬਿਲੰਦ ਰਿੰਤ ਜੁਤਿ, ਚਹੁੰਦਿਸਿ ਮਹਿਂ ਤਿਮ ਸਿਖ ਸਮੁਦਾਇ। ਕੇਚਿਤ ਰਹਤਿ ਸਮੀਪ ਕਦੀਮੀ[4], ਕੇਚਿਤ ਨਏ ਦਰਸ ਹਿਤ ਆਇਂ ॥੩ ॥ ਸ਼ੀਘ੍ਰ ਕਰਤਿ ਸਿਖ ਪਹੁੰਚਯੋ ਤਤਛਿਨ,ਦੇਖਿ ਉਠੇ ਸਤਿਗੁਰ ਅਗਵਾਇ।ਗੁਰਤਾ ਪਹੁੰਚੀ ਲਖੀ, ਨਮੋ ਕਰਿ, ਪੁਨ ਬੈਠੇ ਸਿੰਘਾਸਨ ਆਇ। ਧਰਿ ਪੈਸੇ ਆਗੇ ਸਭਿ ਦੇਖਤਿ,ਲੇ ਸ਼੍ਰੀਫਲ ਝੋਰੀ ਮਹਿਂ ਪਾਇ। ਹਾਥ ਬੰਦਿ ਬੰਦਨ ਸਿਖ ਕੀਨਸਿ ਪਦ ਅਰਬਿੰਦਨਿ ਸੀਸ ਟਿਕਾਇ ॥ ੪ ॥ ਪੁਨ ਸਿਖ ਨੇ ਸਿਖ ਸਭਾ ਸਰਬ ਕੋ ਨਮੋ ਕਰੀਚਹੁੰਦਿਸ਼ਿ ਮੁਖ ਫੇਰਿ।ਆਇਸੁ ਲੇ ਸਤਿਗੁਰ ਕੀ ਬੈਠਯੋ ਸਨ-ਮੁਖ ਸੁੰਦਰ ਦਰਸ਼ਨ ਹੇਰਿ। ਸੁਧਿ ਬੂਝੀ, ਸਭਿ ਲਗਯੋ ਸੁਨਾਵਨਿ:—'ਤੁਰ ਕੇਸ਼੍ਰੂਰ ਕੈ ਖੋਟ ਬਡੇਰ।ਕਰਤਿ ਕਠਿਨਤਾ ਅਨਿਕ ਭਾਂਤਿ ਕੀ, ਨਹਿਂ ਕੁਛ ਜਾਨਹਿਂ ਪ੍ਰਭੁ ਦਲੇਰ[5]॥੫॥ਬਦਨ ਪ੍ਰਫੁੱਲਤਿ ਇਕ ਸਮ ਨਿਤ ਰਹਿ ਜਥਾ ਪ੍ਰਭਾਤਿ ਖਿਰਹਿਂ ਅਰਬਿੰਦ। ਪਠਹਿ ਨੁਰੰਗਾ ਕੁਮਤਿ[6] ਮੁਲਾਨੇ ਜੋ ਸਯਾਨੇ ਉਮਰਾਵ ਬਿਲੰਦ ।—ਕਰਾਮਾਤ ਕੁਛ ਕਰਹੁ ਦਿਖਾਵਨਿ ਕੈ ਤਜਿ ਦੇਹੁ ਧਰਮ ਜੋ ਹਿੰਦੁ। ਸਰਬ ਸ਼ਿਰੋਮਨ ਸ਼ਰ੍ਹਾ ਜਿ ਆਵਹੁ ਵਧੈ ਦੀਨ ਤੌ ਮਾਨਹਿਂ ਬ੍ਰਿੰਦ[7]॥੬॥ਦ੍ਵਿਜ ਕਸ਼ਮੀਰੀ ਆਦਿ ਜਿਤਿਕ ਜਗ ਤੁਮਰੀ ਦਿਸ਼ਿ ਦੇਖਤਿ ਸਭਿ ਕੋਇ।ਫੇਰ ਨ ਫੇਰਹਿਂ[8] ਕਿਸੂ ਦੇਸ਼ ਮਹਿਂ, ਮਾਨਹਿਂ ਕਹਯੋ,ਤੁਰਕ ਜਗ ਹੋਇ[9]। ਇਮ ਚਿਤ ਚਹਤਿ ਨ ਜੋ ਅਤਿ ਰੁਚਿ ਕਰਿ[10],ਅਜ਼ਮਤ ਕਰਹੁ ਸ਼ਾਹੁ ਕਹਿ ਜੋਇ। ਰਾਮਰਾਇ ਬਹੁ ਕਰੀ ਅਧਿਕ ਹੀ ਜਿਮ ਭਾਖੀ ਦਿਖ-ਰਾਵਤਿ ਸੋਇ॥੭॥ਦਰਬ ਬ੍ਰਿੰਦ ਹਜ਼ਰਤ ਨੇ ਦੀਨਸਿ ਬਡ ਮਰਾਤਬਾ ਪਾਯੋ ਤਾਂਹਿ[11]। ਜਿਤ ਕਿਤ ਤੇ ਸਭਿ ਸੰਗਤਿ ਹੋਈ* ਵਧਯੋ ਸਮਾਜ ਸੁਜਸ ਜਗ ਮਾਂਹਿ। ਬਸਹੁ ਸ਼ਾਹ ਕੇ ਦੇਸ਼ਨਿ ਮਹਿਂ ਤੁਮ,ਪੁਜਵਾਵਹੁ ਜਿਤ ਦਿਸ਼ਿ ਚਲਿ

---

[1]ਸਾਰੇ ਜਗ ਵਿੱਚ । [2]ਜੋ ਵਰਤਦਾ ਹੈ। [3]ਪ੍ਰਗਟ ਹੁੰਦਾ ਹੈ। [4]ਪੁਰਾਣੇ । [5]ਭਾਵ ਬਹਾਦਰ ਗੁਰੂ ਜੀ ਪ੍ਰਵਾਹ ਨਹੀਂ ਕਰਦੇ। [6]ਖੋਟੀ ਬੁੱਧ ਵਾਲੇ। [7](ਤੁਸਾਂ ਨੂੰ) ਸਾਰੇ ਮੰਨਣਗੇ। [8]ਫੇਰ ਨਹੀਂ (ਹੁਕਮ) ਮੋੜਨਗੇ। [9] ਸਾਰਾ) ਜਗ ਤੁਰਕ ਹੋ ਜਾਵੇਗਾ। [10]ਭਲਾ ਜੇ ਤੁਹਾਡਾ ਜੀ ਕਿਵੇਂ ਬੀ ਇਹ ਕੁਛ ਕਰਨਾ ਨਾ ਚਾਹੇ ਤਾਂ......। [11]ਭਾਵ ਰਾਮ ਰਾਇ ਨੇ।

*ਪਾ:—ਜਿਤ ਕਿਤ ਸੰਗਤਿ ਹੋਇਂ ਸਿਖ ਬਹੁ।

ਜਾਹਿਂ। ਕਯੋਂ ਕਰਿ[੧]ਕਹਯੋ ਨ ਮਾਨਹਿਂ ਤਿਸ ਕੋ[੨] ਦਿਹੁ ਅਜ਼ਮਤ ਨਹਿਂ ਕੀਜਹਿ ਨਾਂਹਿ[੩]–॥੮॥ਗੁਰੂ ਕਹਯੋ–ਮੂਰਖ ਚਵਗੱਤਾ ਦੁਸ਼ਟ ਕੁਪੱਤਾ ਮੱਤਾ ਮੰਦ[੪]। ਦੁਰਮਤਿ ਰੱਤਾ; ਹੁਇ ਬਿਨ ਸੱਤਾ ਹੁੱਤਾ ਤੁਰਕਨ ਤੇਜ ਬਿਲੰਦ[੫]। ਝਖ ਮਾਰਤਿ ਤੱਤਾ[੬], ਹੁਇ ਕਰਿ ਮੱਤਾ[੭], ਬਨਹਿ ਉਵੱਤਾ ਘੱਤਾ ਦੁੰਦ[੮]। ਗੁਰ[੯] ਬਰ ਦਿੱਤਾ, ਬਾਬਰ ਲਿੱਤਾ, ਇਹ ਖੋਵੈ ਤਿਸ ਨੱਤਾਨੰਦ[੧੦]॥੯॥ਕਰਾਮਾਤ ਕੋ ਕਹੈਂ ਕਹਿਰ ਜਨ ਦਰਵੇਸ਼ਨਿ ਕੋ ਐਸ ਨ ਕਾਜ।ਨਾਟਕ[੧੧]ਚੇਟਕ[੧੨]ਕਰਿ ਦਿਖਰਾਵਨਿ ਪ੍ਰਭੁ ਲੋਕਨ ਕਹਿ[੧੩] ਆਵਤਿ ਲਾਜ। ਅਧਿਕ ਧਰਮ ਧਨ[੧੪]ਧਰਹਿਂ,ਨ ਛੋਰਹਿਂ, ਨਿਜ ਨਿਜ ਪ੍ਰਿਯ ਸਭਿ ਕੋ ਸੁਖ ਸਾਜ[੧੫]। ਈਸ਼ੁਰ ਕਰਹਿ, ਮੇਟ ਕੋ ਸਾਕਹਿ, ਹਠ ਜੋ ਕਰਹਿ ਮੂਢ ਮਤਿ ਪਾਜ[੧੬]–॥੧੦॥ ਮ੍ਰਿਦੁਲ ਕਠਨ ਇੱਤਯਾਦਿਕ ਭਾਖੇ, ਸੁਨਿ ਕਰਿ ਦੁਖਹਿ ਅਧਿਕ ਉਰ ਮਾਂਹਿ।ਪੁਨ ਗੁਰ ਮੋ ਕਹੁ ਕੀਨਿ ਅਵਾਹਨ[੧੭]ਜਮਾਦਾਰ ਕਾਰਾਗ੍ਰਿਹਤਾਂਹਿ[੧੮]। ਸੋ ਗੁਰ ਸੇਵਕ ਹੁਇ ਅਨਕੂਲੀ[੧੯],ਪਠਹੁ ਜੁ ਸਿੱਖ[੨੦] ਮਿਲਾਵਹਿ ਵਾਹਿ। ਬੰਦਹਿ ਚਰਨ ਕਮਲ ਸ਼ਰਧਾਊ, ਮੁਝ ਲੇ ਗਯੋ ਪ੍ਰਭੂ ਕੇ ਪਾਹਿ॥੧੧॥ਗੁਰ ਬੋਲੇ–ਹਮ ਅਲਪ ਆਰਬਲ ਇਕ ਦੁਇ ਦਿਨ ਕੀ ਨਿਸ਼ਚੈ ਜਾਨਿ। ਜਗ ਗੁਰਤਾ ਕੋ ਲੇਕਰਿ ਗਮਨਹੁ,ਨਹਿਂ ਠਹਿਰਹੁ ਹ੍ਵੈਕੈ ਸਵਧਾਨ।ਪਹੁੰਚਹੁ ਈਸ਼੍ਵਰਅੰਸਹਿ[੨੧]ਅਰਪਹੁ, ਵਧੈ ਪ੍ਰਤਾਪ ਜਹਾਨ ਮਹਾਨ ।ਬਿਨਾ ਕਾਨ[੨੨]ਤੁਰਕਾਨ ਪ੍ਰਹਾਨਹੁ[੨੩],ਸੇਵਕਾਨਿ ਰੱਛਹੁ ਬਲ ਠਾਨਿ–॥੧੨॥ਲੇਕਰਿ ਗਮਨਯੋ, ਬਿਰਯੋ ਨ ਮਾਰਗ, ਗੁਰ ਬਲ ਤੇ ਪਹੁੰਚਯੋ ਪੁਰਿ ਆਇ[੨੪]। ਸਭਾ ਸਹਿਤ

[੧]ਕਿਵੇਂ ਬੀ। [੨]ਉਸ (ਸ਼ਾਹ) ਦਾ। [੩]ਇਨਕਾਰ ਨਾਂ ਕਰੋ। [੪]ਮਸਤਿਆ ਹੋਇਆ ਨੀਚਤਾ ਵਿੱਚ। [੫](ਜੋ)ਤੁਰਕ ਦਾ ਬੜਾ ਤੇਜ ਹੁੰਦਾ ਸੀ ਸੱਤਿਆ ਤੋਂ ਬਿਨਾ ਹੋ ਜਾਏਗਾ ਭਾਵ ਨਾਸ਼ ਹੋ ਜਾਏਗਾ। [੬]ਸੜਿਆ ਹੋਇਆ। [੭]ਮਸਤਿਆ। [੮]ਬਣਕੇ ਅਵੇੜਾ ਜੋ ਰੌਲਾ ਪਾਂਵਦਾ ਹੈ। [੯]ਗੁਰ (ਨਾਨਕ ਜੀ) ਨੇ। [੧੦]ਪੜਪੜੋਤੇ ਦਾ ਪੁੱਤ੍ਰ। ਬਾਬਰ, ਹਮਾਯੂੰ, ਅਕਬਰ,ਜਹਾਂਗੀਰ, ਸ਼ਾਹ ਜਹਾਂ, ਔਰੰਗਜ਼ੇਬ। ਬਾਬਰ ਦਾ ਪੋਤਾ ਅਕਬਰ, ਪੜੋਤਾ ਜਹਾਂਗੀਰ, ਪੜਪੜੋਤਾ ਸ਼ਾਹ ਜਹਾਂ, ਸ਼ਾਹ ਜਹਾਂ ਦਾ ਨੰਦ (ਪੁੱਤ੍ਰ) ਔਰੰਗਜ਼ੇਬ। [੧੧]ਤਮਾਸ਼ਾ। [੧੨]ਜਾਦੂ । [੧੩]ਭਾਵ ਸਿਤਾਂ ਨੂੰ (ਨਾਟਕ ਚੇਟਕ ਕਰਦਿਆਂ)। [੧੪]ਧਰਮ ਰੂਪੀ ਧਨ। [੧੫]ਆਪੋ ਆਪਣਾ ਧਰਮ ਪਿਆਰਾ ਹੈ ਸਾਰਿਆਂ ਨੂੰ ਸੁਖ ਕਰਾਉਣ ਵਾਲਾ। [੧੬]ਮੂਰਖ ਝੂਠੀ ਮਤ ਵਾਲਾ। [੧੭]ਸੱਦਣਾ ਕੀਤਾ। [੧੮]ਕੈਦਖਾਨੇ ਦਾ ਜੋ ਜਮਾਦਾਰ ਸੀ ਤਿਸ (ਦਵਾਰਾ)। [੧੯]ਓਹ (ਜਮਾਦਾਰ) ਗੁਰਾਂ ਦਾ ਸੇਵਕ (ਆਗਯਾਕਾਰ) ਹੈ। [੨੦]ਜੋ ਸਿੱਖ (ਆਪ) ਭੇਜਦੇ ਹੋ। [੨੧]ਈਸ਼ੁਰ ਦੀ ਅੰਸ ਭਾਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ। [੨੨]ਕਨੌੜ। [੨੩]ਨਾਸ਼ ਕਰੋ। [੨੪]ਲੈਕੇ ਟੁਰ ਪਿਆ, ਰਾਹ ਵਿੱਚ ਕਿਤੇ ਅਟਕਿਆ ਨਹੀਂ ਤੇ ਗੁਰਾਂ ਦੇ ਬਲ ਨਾਲ (ਆਨੰਦ) ਪੁਰ ਆ ਪੁੱਜਾ ਹਾਂ।

ਕਲਗ਼ੀਧਰ ਸੁਨਿ ਕਰਿ ਗੁਰ ਸਿਮਰਨਿ ਕਰਿ ਉਰ ਮਹਿਂ ਲਗਾਇ। ਬੰਦਿ ਹਾਥ ਬੰਦਨ ਕਰਿ ਪੁਨੰ ਪੁਨ ਅਲਖ ਗੁਰੂ ਗਤਿ ਲਖੀ ਨ ਜਾਇ। ਮਾਤ ਨਾਨਕੀ ਜਹਿਂ ਸ੍ਰੀ ਗੁਜਰੀ ਪਹੁੰਚਿ ਸਿੱਖ ਕਰਿ ਨਮੋ ਸੁਨਾਇ॥੧੩॥ਦੀਰਘ ਸ੍ਵਾਸ[1] ਤਪਤ ਅਤਿ ਛੋਰਤਿ ਲੋਚਨ ਜਲ ਝਲਕ੍ਯੋ ਤਤਕਾਲ।–ਅਤਿ ਸਮਰਥ ਜਿਨ ਦਾਸਨ ਦਾਸਹਿ,ਸਹੀ ਅਵੱਗ੍ਯਾ ਇਤਿਕ ਬਿਸਾਲ। ਚਹੈਂ ਕਰੈਂ ਬਿਨ ਬਿਲਮ ਸਰਬ ਕੁਛ,ਬਸਿ ਤੁਰਕੇਸ਼ੁਰ ਕੇ[2] ਅਸ ਹਾਲ।ਧੰਨ ਧੰਨ ਗੁਰ ਅਚਰਜ ਚਰਿਤ੍ਰਾ ਕਿਮ ਕੋ ਬਾਕ ਕਹੈ ਕਿਸ ਨਾਲ[3] ॥ ੧੪ ॥ ਅਵਧ ਓਜ ਕੀ[4], ਅਵਧਿ ਧੀਰ ਕੀ, ਅਵਧਿ ਅਵੱਗ੍ਯਾ ਲਹੀ ਸਹਾਰ[5]। ਤੁਮ ਬਿਨ ਕਉਨ ਕਰੈ ਅਸ ਕਾਰਜ, ਹਿੰਦੁ ਧਰਮ ਕੋ ਧਰਿ ਕਰਿ ਭਾਰ[6]। ਕਰਹੁ ਸੁ ਭਲੀ ਤਰਕ ਕੋ ਕਿਮ ਕਰਿ[7], ਹਮ ਕੋ ਦਰਸ਼ਨ ਪਰ੍ਯਾਸ ਉਦਾਰ। ਇਕ ਸਮ ਲੋਕ ਪ੍ਰਲੋਕ ਅਨੰਦਹੁ ਪ੍ਰਤਿਪਾਲਹੁ ਸਭਿ ਕੇ ਦਾਤਾਰ–॥ ੧੫ ॥ਮਾਤ ਨਾਨਕੀ ਰੁਦਤਿ ਬ੍ਰਿਲਾਪਤ–ਜਥਾ ਸਸੁਰ[8] ਮੇਰੈ ਗਤਿ ਕੀਨਿ। ਅਜ਼-ਮਤਿ ਨਹੀ ਜਨਾਵਨ ਕੀਨਸਿ, ਕਸ਼ਟ ਸਹਾਰੇ ਤਨ ਪਰ ਪੀਨ। ਦੇ ਖੱਤ੍ਰੀ[9] ਸਿਰ ਦੋਸ਼ ਘਨੇਰਾ ਰਾਵੀ ਤਟ ਸਰੀਰ ਤਜਿ ਦੀਨਿ। ਤਥਾ ਪੁੱਤ੍ਰ ਕੋ ਧੀਰਜ ਹੇਰਾ ਸਕਲ ਕਲਾ ਸਮਰੱਥ ਪ੍ਰਬੀਨ–॥੧੬॥ਢਰ੍ਯੋ ਦੁਪਹਿਰਾ ਦੋਇ ਘਰੀ ਜਬਿ ਇਮਿ ਚਿੰਤਾ ਜੁਤਿ ਸ਼ੋਕ ਬਿਸਾਲ। ਔਚਕ ਹੀ ਗੁਰ ਗੋਬਿੰਦ ਸਿੰਘ ਜੀ ਰੁਚਿਰ ਪ੍ਰਯੰਕ ਤ੍ਯਾਗਿ ਤਤਕਾਲ।ਧਰ ਪਰ ਫਰਸ਼ ਕਰ੍ਯੋ ਤਹਿਂ ਬੈਠੇ ਤੂਸ਼ਨਿ ਠਾਨਿ ਪਿਖਹਿਂ ਸਿਖ ਜਾਲ[10]। ਜਨਨੀ ਨਿਕਟਿ ਗਈ ਸੁਧਿ ਜਬਿਹੂੰ ਸਾਸ ਨੁਖ਼ਾ[11] ਦੂਖ ਲਹ੍ਯੋ ਕਰਾਲ॥੧੭॥ ਜਾਨੀ ਗਤਿ–ਜਗ ਗੁਰੂ ਬਿਕੁੰਠਹਿ ਤਨ ਕੋ ਤ੍ਯਾਗਿ ਗਏ–ਮਨ ਚੀਨ।ਤਬਿ ਧਰਨੀ ਪਰ ਬਿਰਸਤ ਹੋਵਾ ਮਹਾਂ ਬਿਖਾਦ[12] ਰਿਦੇ ਮਹਿਂ ਕੀਨਿ। ਦਾਸੀ ਦਾਸ ਦੇਖਿ ਦੁਖ ਪ੍ਰਾਪਤਿ ਊਚੇ ਰੁਦਤਿ ਸ਼ੋਕ ਮਨ ਲੀਨ। 'ਮਹਾਂਰਾਜ ਹਮ ਕੌਨ ਸੰਭਾਰਹਿ ਆਪ ਅਲੰਬ ਦੁਨੀ ਅਰੁ ਦੀਨ'॥੧੮॥ਸ਼ੋਕ ਸ਼ਬਦ ਮਹਿਲਨਿ ਮਹਿਂ ਹੋਵਾ ਸੁਨਿ ਕਰਿ ਸਤਿਗੁਰ ਦਾਸ ਪਠਾਇ। 'ਗੁਰ ਹਿਤ ਸ਼ੋਕ ਬਿਲਾਪ ਨ ਕੀਜਹਿ,

---

[1] ਲੰਮੇ ਸਾਹ। [2] ਤੁਰਕੇਸ਼ੁਰ ਦੇ ਵਸੀ ਹੋਕੇ। [3] ਕਿਵੇਂ ਕੋਈ ਕਿਸੇ ਨਾਲ ਵਚਨ ਕਰੇ। [4] ਬਲ ਦੀ ਔਧੀ ਹੋ। [5] ਅਵੱਗਜਾ ਦੀ ਵੀ ਅਵਧੀ ਸਹਾਰ ਲਈ। [6] ਭਾਰ ਚੁੱਕਕੇ। [7] ਤਰਕ ਕੋਈ ਕਿਵੇਂ ਕਰ ਸਕਦਾ ਹੈ। [8] ਸਹੁਰੇ (ਭਾਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ)। [9] ਭਾਵ ਚੰਦੂ। [10] ਸਾਰੇ। [11] ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਨੇ। [12] ਦੁੱਖ।

ਸਿਮਰਹੁ ਗੁਨ ਪ੍ਰਭੁ ਕੇ ਸਮੁਦਾਇ।ਸਦਾ ਅਨੰਦ ਏਕਰਸ ਜਾਨਹੁੰ, ਜਨਮ ਮਰਨ ਗੁਰ ਕੇ ਨਹਿੰ ਕਾਇ[੧]। ਪਰਉਪਕਾਰ ਹੇਤੁ ਤਨ ਧਾਰਹਿੰ ਜਿਮ ਨਭ ਮਹਿੰ ਘਨ[੨] ਹੁਇ ਬਿਦਤਾਇ ॥੧੯॥ਕਰਿ ਬਰਖਾ ਸੁਖ ਦੇ ਕਰਿ ਜਗ ਕੋ, ਪੁਨ ਅਕਾਸ਼ ਮਹਿੰ ਲੈ ਹੁਇ ਜਾਇ। ਤਿਮ ਤਨ ਗੁਰ ਸੁਤੰਤ੍ਰ ਹੁਇ ਧਾਰਹਿੰ ਸਿਖ ਸੇਵਕ ਕੇ ਬਨਹਿੰ ਸਹਾਇ।ਗਯਾਨ ਭਗਤਿ ਉਪਦੇਸ਼ਨਿ ਕਰਿ ਕੈ ਸ਼ੁਭ ਮਾਰਗ ਮਹਿੰ ਜਗਤ ਲਗਾਇ। ਪੁਨ ਸੁਛੰਦ ਪਰਲੋਕ ਸਿਧਾਰਹਿੰ ਤਿਨ ਕਾਰਨ ਕਿਮ ਸ਼ੋਕ ਉਪਾਇ? ॥੨੦॥ ਨਾਮ ਉਚਾਰਹੁ, ਜਨਮ ਸੁਧਾਰਹੁ, ਕਸ਼ਟ ਨ ਧਾਰਹੁ ਜਨ ਸਮੁਦਾਇ[੩]'। ਸੁਨਿ ਕੈ ਬਾਕ ਹਟੇ ਸਭਿ ਰੋਦਤਿ ਹੁਇ ਤੂਸ਼ਨਿ ਗੁਰ ਗਯਾਨ ਧਰਾਇ। ਜੁਗ ਅਸਵਾਰ ਪਠਾਵਨਿ ਕੀਨੇ 'ਆਵਹਿ ਸਿੱਖ ਮਿਲੌ ਅਗਵਾਇ।ਜਾਹੁ ਪਲਾਵਤਿ[੪],ਪੁਨ ਹਟਿ ਆਵੌ,ਦੀਜੈ ਸੁਧਿ ਤਿਸ ਤੇ ਸੁਨ ਪਾਇ[੫]॥੨੧ ॥ ਦਈ ਨਿਹਾਰੀ ਹਯਨਿ[੬]ਅਰੂਢੇ ਦਿੱਲੀ ਪੁਰਿ ਕੇ ਮਾਰਗ ਚਾਲਿ। ਨਿਸ ਬਾਸੁਰ ਗਮਨੇ ਇਕ ਸਮ ਹੀ, ਦੇਖਤਿ ਨਰ ਹਿਤ ਸਿੱਖ ਸਮਾਲ[੭]। ਕੇਤਿਕ ਮਜ਼ਲ ਗਏ ਅਵਲੋਕਜੋ, ਗੁਰ ਸਿਰ ਬਸਤ੍ਰ ਲਪੇਟੇ ਜਾਲ[੮]।ਅਪਨੇ ਸੀਸ ਉਠਾਵਨ ਕੀਨਸਿ ਇਤ ਉਤ ਪਿਖਤਿ ਸਤ੍ਰਾਸ ਬਿਸਾਲ॥ ੨੨ ॥ ਕੀਨਿ ਚਿਨਾਰਿ, ਮਿਲੇ ਕਰਿ ਬੰਦਨ 'ਕਹੁ ਸੁਧਿ ਗੁਰ ਕੀ ਜਥਾ ਬ੍ਰਿਤਾਂਤ'।ਸੁਨਿ ਤਿਨ ਭਨੀ, 'ਮੋਹਿ ਢਿਗ ਗੁਰ ਸਿਰ, ਰਹੌਂ ਅਨੰਦ ਪੁਰਿ ਲੇ ਕਰਿ ਜਾਤਿ। ਤੁਮ ਕਿਤ ਜਾਹੁ, ਹਟਹੁ ਅਬਿ ਪਾਛੇ ਬੀਤੀ ਤਿਮ, ਚਹਿੰ ਗੁਰ ਜਿਸ ਭਾਂਤਿ[੯]। ਗਮਨਹੁ ਤੂਰਨ, ਦੇਹੁ ਸਦਨ ਸੁਧਿ,ਪੁਨ ਮੈਂ ਭਨਹੁੰ ਆਇ ਸਭਿ ਬਾਤ ॥੨੩॥ ਕੀਰਤਪੁਰਿ ਮੈਂ ਠਹਿਰਨ ਕਰਿਹੌਂ, ਬ੍ਰਿੰਦ ਦੇਹੁਰੇ ਗੁਰ ਸੇਵੀਨ। ਆਗੇ ਗੁਰ ਇੱਛਾ ਜਿਮ ਹੋਵੈ ਤਿਮ ਬਰਤਹਿੰ ਆਛੀ ਮਨ ਚੀਨਿ'। ਸੁਨਿ ਦੋਨਹੁੰ ਬਿਰਤਾਂਤ ਹਟੇ ਤਬਿ ਗਮਨੇ ਆਨੰਦਪੁਰਿ ਮਗ ਲੀਨਿ। ਸ਼ੀਘ੍ਰ ਕਰਤਿ ਸਭਿ ਪੰਥ ਉਲੰਘੇ ਬਰੇ ਸਦਨ ਹਯ ਬੰਧਨਿ ਕੀਨਿ ॥੨੪॥ ਗੁਰ ਢਿਗ ਪਹੁੰਚਿ ਬੰਦਨਾ ਠਾਨੀ, ਬਰਨਜੋਂ ਦਿੱਲੀ ਕੇਰ ਬ੍ਰਿਤੰਤ।ਸੁਨਿ ਕਰਿ ਸ਼ੋਕਮਾਨ ਸਭਿ ਹ੍ਵੈ ਕਰਿ ਨੀਰ ਬਿਲੋਚਨ ਤੇ ਨਿਚੁਰੰਤਿ।ਸ਼੍ਰੀ ਗੋਬਿੰਦਸਿੰਘ ਬਰਜੇ ਸਗਰੇ ਬ੍ਰਿੰਦ ਮਸੰਦਨਿ ਸੰਗਭਨੰਤਿ।

[੧]ਕੋਈ ਨਹੀਂ। [੨]ਬੱਦਲ। [੩]ਸਾਰੇ ਦਾਸ (ਮਿਲਕੇ)। [੪](ਘੋੜੇ ਦੌੜਾਈ ਜਾਓ। [੫]ਤਿਸ ਸਿਖ ਤੋਂ ਸੁਣਕੇ ਸਾਨੂੰ) ਖਬਰ ਦਿਓ। [੬]ਨਿਹਾਰੀ ਦਿੱਤੀ ਘੋੜਿਆਂ ਨੂੰ ਤੇ। [੭]ਸਾਰੇ ਪੁਰਸ਼ਾਂ ਨੂੰ ਦੇਖਦੇ ਹਨ ਸਿੱਖ ਦੀ ਸੰਭਾਲ ਲਈ। [੮]ਬਹੁਤ (ਬਸਤ੍ਰਾਂ ਨਾਲ)। [੯]ਗੁਰੂ ਜੀ ਜਿਵੇਂ ਚਾਹੁੰਦੇ ਸਨ।

'ਤਯਾਰੀ ਕਰਹੁ ਦਰਬ ਗਨ[੧] ਖਰਚਹੁ, ਬਨਹਿ ਬਿਮਾਨ ਅਧਿਕ ਦੁਤਿ-ਵੰਤਿ॥੨੫॥ਕੰਚਨ ਪੁਸ਼ਪ[੨]ਆਦਿ ਸਭਿ ਕਰੀਅਹਿ,ਚੰਦਨ ਚਾਰੁ[੩]*ਲਯਾਇ ਤਤਕਾਲ। ਫੂਲਨ ਕੀ ਮਾਲਾ ਗਨ ਸਿਰਜਹੁ, ਪਸ਼ਮੰਬਰ ਲਿਹੁ ਮੋਲ ਬਿਸਾਲ।ਅਨਿਕ ਸੁਗੰਧਨਿਕਰਹੁ ਸਕੇਲਨਿ,ਜਵ[੪]ਤਿਲ ਘ੍ਰਿਤ ਸੰਚੀਅਹਿ[੫] ਜਾਲ'। ਸੁਨਿ ਗੁਰ ਹੁਕਮ ਪਠਾਏ ਨਰ ਗਨ 'ਬਡੇ ਨਗਰ ਤੇ ਆਨਹੁ ਭਾਲਿ[੬]' ॥ ੨੬ ॥ ਦੋਹਰਾ ॥ ਇਮ ਤਯਾਰੀ ਸਤਿਗੁਰੁ ਕਰੀ ਸਰਬ ਭਾਂਤਿ ਕੀ ਜੋਇ। ਉਤ ਤੇ ਲੇ ਕੀਰਤਪੁਰੇ ਪਹੁੰਚਯੋ ਗੁਰ ਸਿੱਖ ਸੋਇ॥੨੭॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਸੀਸ ਲਯਾਵਨਿ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥ ੨ ॥

੩. [ਸੀਸ ਸਸਕਾਰ ਅਨੰਦ ਪੁਰ]।

ਦੋਹਰਾ ॥ ਗੁਜਰੀ ਜੁਤਿ ਸ਼੍ਰੀ ਨਾਨਕੀ ਤਿਨ ਢਿਗ ਸਤਿਗੁਰ ਜਾਇ। 'ਕਿਤ ਸਸਕਾਰਹਿਂ ਗੁਰੂ ਸਿਰ ? ਬੂਝਯੋ ਜਿਮ ਬਨਿ ਆਇ' ॥ ੧ ॥ ਸੈਯਾ ॥ ਬ੍ਰਿੰਦ ਮਸੰਦ ਕਹਯੋ ਕਰ ਬੰਦਿ 'ਗੁਰੂ ਹਰਿਗੋਵਿੰਦ ਜੀ ਸਸਕਾਰੇ। ਤਾਂ ਦਿਨ ਤੇ ਗਨ ਸੋਢਿਨਿ ਬੰਸ ਸਭੈ ਪੁਰਿ ਕੀਰਤਿ ਕੇਰ ਮਝਾਰੇ[੭]। ਜਯੋਂ ਮਰਜ਼ੀ ਅਬਿ ਰਾਵਰ ਕੀ ਕਰਿਯੇ ਤਿਮ ਆਛਿਯ ਬੁੱਧਿ ਬਿਚਾਰੇ'। ਸ੍ਰੀ ਗੁਜਰੀ ਸੁਨਿ ਕੈ ਤਿਨ ਤੇ ਨਹਿਂ ਮਾਨਤਿ ਭੀ ਮੁਖ ਬਾਕ ਉਚਾਰੇ ॥ ੨ ॥ 'ਔਰਨਿ ਕੋ ਨ ਰਚਯੋ ਪੁਰਿ ਕੋ[੮] ਇਸ ਕਾਰਨ ਤੇ ਤਹਿਂ ਲੇ ਸਸਕਾਰੇ।ਏ[੯] ਜਿਸ ਕਾਲ ਲਈ ਗੁਰਤਾ ਤਜਿ ਪੂਰਬ ਬਾਸ[੧੦] ਉਠੇ ਉਰ ਧਾਰੇ।-ਈਰਖਾ ਧਾਰਿ ਸ਼ਰੀਕ ਰਹੈਂ ਇਹ ਨੀਕ ਨਹੀਂ ਪਰਿਹੈ ਬਿਚ ਰਾਰੇ[੧੧]-।ਸ਼ਾਂਤਿ ਸਰੂਪ ਅਨੂਪ ਸਦਾ ਇਤ ਆਵਤਿ ਭੇ ਸ਼ੁਭ ਥਾਨ ਨਿਹਾਰੇ ॥ ੩ ॥ ਬ੍ਰਿੰਦ ਦਯੋ ਧਨ, ਮੋਲ ਲਈ ਧਰ[੧੨] ਔਰ ਉਪਾਇ ਕਰੇ ਸਭਿ ਭਾਂਤੀ। ਆਨੰਦ ਦਾ ਪਿਖਿ ਥਾਨ ਮਹਾਂਨ ਧਰਯੋ ਤਬਿ ਨਾਮ ਭਯੋ ਬੱਖਯਾਤੀ[੧੩]। ਆਨਿ ਕਰੋ ਸਸਕਾਰ ਇਹਾਂ,ਬਿਰਧਾ ਤਿਨ ਮਾਤ ਬਡੀ ਬਿਲਲਾਤੀ[੧੪]। ਸੁੰਦਰ ਸ੍ਰੀ ਮੁਖ ਕੋ ਦਰਸੈਂ, ਸਭਿ ਤੇ ਸ਼ੁਭ ਜਾਨਹੁ ਹੈ ਇਹ ਬਾਤੀ' ॥ ੪ ॥ ਯੌਂ ਭਨਤੇ[੧੫] ਭਰਿ ਕੰਠ ਗਯੋ ਬਡ ਪ੍ਰੇਮ ਤੇ ਬਾਕ ਕਹਯੋ ਨਹਿਂ ਜਾਈ। ਮਾਤ ਕੀ ਬਾਤ ਸੁਨੀ ਗੁਰ ਪੂਰਨ,

---

[੧]ਬਹੁਤਾ ਧਨ। [੨]ਸੂਰਨ ਦੇ ਫੁਲ। [੩]ਸੁੰਦਰ ਚੰਦਨ। [੪]ਜੌਂ। [੫]ਕੱਠਾ ਕਰੋ। [੬]ਲੱਭਕੇ। [੭]ਕੀਰਤਪੁਰ ਦੇ ਵਿਚ (ਸਸਕਾਰੇ ਹਨ)। [੮]ਹੋਰਨਾਂ ਸੋਢੀਆਂ ਨੇ ਆਪਣਾ ਨਗਰ ਤਾਂ ਕੋਈ ਨਹੀਂ ਰਚਿਆ ਹੋਇਆ ਸੀ। [੯]ਭਾਵ ਗੁਰੂ ਤੇਗ ਬਹਾਦਰ ਜੀ ਨੇ। [੧੦]ਛੱਡ ਕੇ ਪਹਿਲੇ ਘਰ ਬਾਰ। [੧੧]ਚੰਗਾ ਨਹੀਂ ਕਿ ਝਗੜਿਆਂ ਵਿਚ ਪਈਏ। [੧੨]ਜ਼ਮੀਨ ਮੁੱਲ ਲੀਤੀ। [੧੩]ਭਾਵ ਆਨੰਦ ਪੁਰ ਪ੍ਰਸਿੱਧ ਹੋ ਗਿਆ। [੧੪]ਰੋਂਦੀ ਹੈ। [੧੫]ਕਹਿੰਦਿਆਂ। *ਪਾ:-ਭਾਰ।

‡ਕੇਸਾਂ ਨੂੰ ਰਾਹੂ ਨਾਲ ਉਪਮਾ ਦਿਤੀ ਹੈ, ਰਾਹੂ ਦੇ ਰਥ ਨੂੰ ਅੱਠ ਕਾਲੇ ਘੋੜੇ ਖਿੱਚਦੇ ਹਨ, ਕੇਸ ਬੀ ਕਾਲੇ ਹਨ। ਬ੍ਰਹਸਪਤ ਦੇ ਰਥ ਨੂੰ ਅੱਠ ਪੀਲੇ ਘੋੜੇ ਖਿਚਦੇ ਹਨ, ਤਿਲਕ ਕੇਸਰ ਦਾ ਪੀਲਾ ਹੈ, ਇਸ ਕਰਕੇ ਬ੍ਰਹਸਪਤ ਦਾ ਘਰ ਉਸ ਨੂੰ ਦੱਸਿਆ ਹੈ। ਚਾਵਲ ਚਿੱਟੇ ਹਨ, ਚੰਦ ਚਿੱਟਾ ਹੈ, ਇਸ ਕਰਕੇ ਚੰਦ ਦੇ ਟੁਕੜਿਆਂ ਦੇ ਰੂਪਕ ਵਿਚ ਚਾਵਲਾਂ ਨੂੰ ਵਰਣਨ ਕੀਤਾ ਹੈ। ਉਂਵ ਨਵਾਂ ਗ੍ਰੇਹਾਂ ਦੇ ਰੰਗ ਤੇ ਪੂਜਾ ਭੀ:—ਰਾਹੂ=ਕਾਲਾ। ਚੰਦ=ਚਿੱਟਾ। ਬ੍ਰਹਸਪਤ=

[ਬਾਕੀ ਟੂਕ ਅਗਲੇ [illegible] ਪੰਨੇ ਦੇ ਹੇਠ]

੧੬ ॥ ਜਬਿ ਦਿਜ ਦਿਯੋ ਬਦਨ ਮਹਿੰ ਮੋਦਕ । ਭਯੋ ਸਮਾ ਸਭਿਹੂੰ ਤਬਿ ਮੋਦਕ[੧]।ਮਿਲਿ ਮਿਲਿ ਗੀਤ ਨਾਗਰੀ ਗਾਵਤਿ। ਪਿਖਿਸਰੂਪ ਗੁਰ ਬਲ ਬਲ ਜਾਵਤਿ ॥੧੭॥ ਬਾਜਿ ਉਠੇ ਸੁੰਦਰ ਸ਼ਦਿਯਾਨੇ[੨] । ਭਾਟ ਕਬਿੱਤਨ ਕਰਤਿ ਬਖਾਨੇ । ਬਜਹਿੰ ਪਖਾਵਜ ਗਨ ਤੰਬੂਰੇ। ਗਾਵਤਿ ਚਾਵ[੩] ਕਲਾਵਤਿ ਰੂਰੇ ॥੧੮॥ ਦੀਹ ਦਮਾਮੇ ਬਾਜਤਿ ਸ਼ੁਤਰੀ[੪]। ਧੁਨਿ ਊਚੀ ਪੈ ਸ਼ੋਭਤਿ ਸੁਥਰੀ*[੫]। ਜਨੁ ਮੰਗਲ ਕੈ ਸੰਗਲ ਡਾਰਾ[੬] ।–ਥਿਰ ਰਹੁ ਘਰਿ ਜਿਨ ਤਜਿ ਤਿਨ ਦ੍ਵਾਰਾ[੭]†–॥੧੯॥ਚਮਰ ਚਾਰੁ ਚਾਲਤਿ ਦਿਸ਼ਿ ਦੌਨ।ਮਨਹੁੰ ਮਰਾਲ ਉਡਤਿ ਹੁਇ ਔਨ[੮] । ਦਯਾਰਾਮ ਪ੍ਰੋਹਤ ਉਠਿ ਤਬੈ। ਕੀਨੇ ਨੇਗ[੯] ਜਥੋਚਿਤ ਸਬੈ ॥੨੦॥ ਮੇਵੇ ਗਨ ਮੋਦਕ ਬਹੁ ਧਰੇ।ਆਇਸੁ ਪਾਇ ਬ੍ਰਤਾਵਨਿ ਕਰੇ । ਬ੍ਰਿੰਦ ਮਸੰਦ ਸੰਗਤਾਂ ਦਾਸ।ਗਾਇੰ ਨਾਗਰੀ[੧੦] ਬਨਾਹ ਬਿਲਾਸ ॥੨੧॥ ਸਭਿਹਿਨਿ ਮਹਿੰ ਬਰਤਾਵਨਿ ਕੀਨਿ । ਮੇਵਾ ਮੋਦਕ ਬ੍ਰਿੰਦਨ ਲੀਨਿ[੧੧]।ਮਾਤੁਲ[੧੨] ਗੁਰੂ ਕ੍ਰਿਪਾਲ ਅਨੰਦਾ । ਗਨ ਜਾਚਕ ਦੇ ਦਰਬ ਬਿਲੰਦਾ॥੨੨॥ਲੇ ਦਿਜ ਆ-ਦਿਕ ਮੰਗਤ ਘਨੇ।ਸ਼੍ਰੀ ਸਤਿਗੁਰ ਕੋ ਆਸ਼ਿਖ ਭਨੇ।'ਚਿਰੰਜੀਵ ਸੋਢੀ ਕੁਲ ਟੀਕ।ਗੁਰ ਗਾਦੀ ਮਾਲਿਕ ਉਸ਼ਨੀਕ[੧੩]॥੨੩॥ਤੇਗਬਹਾਦਰ ਗੁਰੂ ਸਪੂਤ। ਜੋ ਜਗ ਭੋਗ ਭੁਗਤਿ ਅਵਧੂਤ[੧੪]‡। ਅਤਿ ਉਦਾਰ ਜਸ ਚੰਦ[੧੫] ਚਢਾਯੋ।

---

[੧]ਅਨੰਦ ਦਾਇਕ । [੨]ਖੁਸ਼ੀ ਦੇ ਵਾਜੇ। [੩]ਚਾਉ ਨਾਲ। [੪]ਊਠਾਂ ਦੇ ਰੱਖਕੇ ਵਜਾਉਣ ਵਾਲੇ ਨਗਾਰੇ। [੫]ਸਾਫ, ਸੁੰਦਰ। [੬]ਮਾਨੋਂ ਅਨੰਦ ਨੂੰ ਬੰਨ੍ਹ ਬਹਾਇਆ ਹੈ। [੭]ਇਸੇ ਘਰ ਵਿਚ ਟਿਕਿਆ ਰਹੁ ਮਤਾਂ ਤਿਨਾਂ ਦਾ ਦ੍ਵਾਰਾ ਛੱਡੇਂ । [੮]ਮਾਨੋ ਹੰਸ ਉਡਦੇ ਹਨ ਧਰਤੀ ਵਲ ਹੋਕੇ ਭਾਵ ਨੀਉਂਕੇ। [੯]ਲਾਗ। [੧੦]ਨਗਰ ਦੀਆਂ ਇਸਤ੍ਰੀਆਂ। [੧੧]ਸਾਰਿਆਂ ਨੇ ਲਏ। [੧੨]ਮਾਮਾ ਜੀ (ਅਤੇ)। [੧੩]ਗੁਰ ਗੱਦੀ ਤੇ ਗੁਰ ਦਸਤਾਰ ਦੇ ਮਾਲਕ। (ਅ) ਸੁੰਦਰ। [੧੪]ਸੰਸਾਰ ਵਿਚ ਭੋਗ ਭੋਗਦੇ ਹੋਏ ਤਿਆਗੀ ਹਨ। [੧੫]ਜਸ ਦਾ ਚੰਦ੍ਰਮਾ। *ਪਾ:-ਸੁਤਰੀ।

†ਪਾ:-ਜਸ ਤਰ ਜੁਤਿ ਡਾਰਾ। ਪੁਨਾ:-ਜਿਸ ਤਰਜਤਿ ਡਾਰਾ।

‡ਪਾ:-ਜੋਗ ਭੋਗ ਭੋਗਤਿ ਅਵਧੂਤ।

[ਪਿਛਲੇ ਪੰਨੇ ਦੀ ਬਾਕੀ ਫੁਟ]

ਪੀਲਾ ਹਨ। ਵਿਸ਼ੇਸ਼:- ਜੋਤਿਸ਼ ਸ਼ਾਸਤ੍ਰ ਦੇ ਅਨੁਸਾਰ ਜਦ ਚੰਦ੍ਰਮਾ ਦੇ ਘਰ ਰਾਹੂ ਆਉਂਦਾ ਹੈ ਤਾਂ ਚੰਦ੍ਰਮਾਂ ਬ੍ਰਹਸਪਤੀ ਦੇ ਘਰ ਚਲਾ ਜਾਂਦਾ ਹੈ। ਭਾਵ ਇਉਂ ਹੈ ਕਿ ਜਦੋਂ ਤਿਲਕ ਮਸਤਕ ਤੇ ਲਗਾ ਤਾਂ ਚਾਵਲਾਂ ਦੇ ਉਪਰ ਸੀਸ ਦੇ ਕੇਸ ਲਗਕੇ ਚਾਵਲਾਂ ਨੂੰ ਖਿੰਡਾ ਕੇ ਡੇਗਣਾਂ ਚਾਹੀਦੇ ਹਨ ਪਰੰਤੂ ਕੇਸਰ ਦੇ ਜਲ ਨਾਲ ਚਾਵਲ ਲਿਪਟ ਕੇ ਮੱਥੇ ਤੇ ਚਿਮਟ ਗਏ ਹਨ।

ਹਿੰਦੂ ਧਰਮ ਕੋ ਰਾਖਨਿ ਆਯੋ' ॥ ੨੪ ॥ ਸੁਨਿ ਪ੍ਰਸੰਨ ਗੁਜਰੀ ਮਨ ਹੋਈ। ਦੇਤਿ ਭਈ ਜਾਚੇ ਜੋ ਕੋਈ। ਸੁਤ ਪਰ ਕਰੇ ਵਾਰਨੇ ਘਨੇ। ਹੇਰਤਿ ਰਿਦਾ ਪ੍ਰੇਮ ਕੇ ਸਨੇ ॥ ੨੫ ॥ ਲੌਕਿਕ ਬੈਦਿਕ ਰੀਤਿ ਕਰਾਈ। ਪੁਨ ਗ੍ਰਿਹ ਗਮਨੇ ਗੁਰ ਗੋਸਾਈਂ । ਤਨਾਰੀ ਸਗਰੀ ਵਸਤੂ ਕਰੇ। ਘ੍ਰਿਤ ਮਿਸ਼ਟਾਨਿ ਆਨਿ ਗਨ ਧਰੇ ॥ ੨੬ ॥ ਦੇ ਧਨ ਬਿੱਪ੍ਰ ਬਿਸਰਜਨ ਕੀਨਿ । ਉਚਿਤ ਵਸਤੁ ਸਗਰੀ ਪਠਿ ਦੀਨਿ।ਬੇਦੀ ਬ੍ਰਿੰਦ ਬੁਲਾਇ ਪਠਾਏ। ਸਹਿਤ ਭਾਰਜਾ ਸੋ ਚਲਿ ਆਏ ॥ ੨੭ ॥ ਸਭਿ ਤੇਹਨ ਢਿਗ ਗਯੋ ਮਸੰਦ। ਆਨੇ ਕਰਿ ਸਨਮਾਨ ਬਿਲੰਦ। ਪੁਨ ਭੱਲਜਨਿ ਕੀ ਕੁਲ ਸਮੁਦਾਈ।ਸੰਗ ਭਾਰਜਾ ਲੇ ਸਭਿ ਆਈ ॥ ੨੮ ॥ ਜਥਾ ਜੋਗ ਜਹਿਂ ਚਾਰੁ ਨਿਕੇਤ। ਦੇਤਿ ਭਏ ਤਿਨ ਬਸਿਬੇ ਹੇਤੁ।ਨੇਰੇ ਦੂਰ ਮਸੰਦ ਬਿਲੰਦ। ਸੁਨਿ ਸੁਧਿ ਪਹੁੰਚੇ ਧਰਤਿ ਅਨੰਦ ॥੨੯॥ਕੀਰਤਪੁਰਿ ਕੇ ਗਨ ਨਰ ਨਾਰੀ।ਠਹਿਰੇ ਪੁਰਿ ਅਨੰਦ ਮੁਦਧਾਰੀ[1]। ਭਈ ਭੀਰ ਭਾਰੀ ਪੁਰਿ ਬਿਖੈ।ਬਿਸਮਤਿ ਜਨ ਲਵਪੁਰਿ ਨਵ ਪਿਖੈ*॥੩੦॥ ਬਨਜੋ ਬਰੋਬਰ ਬਡੋ ਬਜ਼ਾਰ। ਅਨਿਕ ਬਨਿਕ ਠਾਨਤਿ ਬਿਵਹਾਰ। ਭਾਂਤਿ ਭਾਂਤਿ ਪਕਵਾਨ ਬਨਾਏ। ਧਰੇ ਦੁਕਾਨ ਲੇਤਿ ਕੋ ਖਾਏ ॥ ੩੧ ॥ ਉਤ ਲਵਪੁਰਿ ਮਹਿਂ ਮਿਲਿ ਮਿਲਿ ਨਾਰੀ। ਗਾਵਤਿ ਦੇਖਿ ਪਰਸਪਰ ਗਾਰੀ। ਪ੍ਰਮੁਦਾ ਪਾਇ ਪ੍ਰਮੋਦਹਿ[2] ਨਾਚਤਿ। ਮਿਲੀ ਸੰਬੂਹ ਤਾਲ ਕਰ[3] ਬਾਜਤਿ ॥ ੩੨॥ ਜੋ ਕੁਲ ਰੀਤਿ ਕਰਤਿ ਸਮੁਦਾਏ। ਰਿਦੇ ਅਨੰਦਤਿ ਦਯੋਸ ਬਿਤਾਏ। ਨਾਮ ਬਜ਼ਾਰ ਪ੍ਰਥਕ ਹੀ ਧਰੇ। ਏਕ ਸਿਰੰਦੀ ਜਾਨਜੋਂ ਪਰੇ॥ ੩੩ ॥ ਦੁਤੀਏ ਕਹਿਂ ਹੁਸ਼ੀਆਰਪੁਰੇ ਕੋ।ਤ੍ਰਿਤਿਯ ਰੋਪਰੀ ਨਾਮ ਧਰੇ ਕੋ। ਚਤੁਰਥ ਭਨੈਂ ਲਹੌਰੂ ਨਾਮੂ। ਪਿਖਿਯਤਿ ਜੁਦੇ ਜੁਦੇ ਅਭਿਰਾਮੂ ॥੩੪॥ ਧਰਿ ਚਿਤ ਚਾਵ ਕਰਹਿਂ ਬਿਵਹਾਰ। ਗੁਰ ਘਰ ਤੇ ਲਹਿਂ ਦਰਬ ਉਦਾਰ[4] । ਖਾਟਹਿਂ ਲਾਭ ਸੁਜਸੁ ਕੋ ਕਹੈਂ । 'ਧੰਨ ਗੁਰੂ ਸਮਰਥ ਬਡ ਅਹੈਂ'॥ ੩੫॥ ਪੋਸ਼ਿਸ਼ ਬਰਨ ਬਰਨ ਕੇ ਅੰਬਰ।ਬਨਿਵਾਵਹਿਂ ਲੇ ਬ੍ਰਿੰਦ ਪਟੰਬਰ। ਗੁਰ ਕੋ ਮਾਤੁਲ ਨਾਮ ਕ੍ਰਿਪਾਲ । ਕਾਰ ਕਰਾਵਤਿ ਸਕਲ ਸੰਭਾਲਿ॥ ੩੬ ॥ ਪੁਰਿ ਗ੍ਰਾਮਨ ਕੇ ਮਨੁਜ ਨਿਹਾਰੇ†। ਬੈਠੇ ਬ੍ਰਿੰਦ ਕਰਤਿ ਸਭਿ ਕਾਰੇ। ਰੰਗਰੇਜ[5]

---

[1]ਪ੍ਰਸੰਨਤਾ ਧਾਰ ਕੇ। [2]ਇਸਤ੍ਰੀਆਂ ਅਨੰਦ ਨੂੰ ਪਾਕੇ। [3]ਹੱਥ ਦੀਆਂ ਤਾਲੀਆਂ (ਗਿੱਧਾ)। [4]ਬਹੁਤਾ। [5]ਲਿਲਾਰੀ।

*ਪਾ:–ਲਵਪੁਰ ਹੀ ਵਿਖੇ। †ਪਾ:–ਸੀਮਨਹਾਰੇ।

ਗਨ ਰੰਗਤਿ ਚੀਰ। ਸਭਿ ਬਿਧਿ ਕੇ ਨਰ ਕੀ ਬਡ ਭੀਰ ॥ ੩੭ ॥ ਜ਼ੀਨ ਤੁਰੰਗਨਿ ਬਨਹਿਂ ਬਿਸਾਲਾ। ਮਖ਼ਮਲ ਜ਼ਰੀ ਬਨਾਤੀ ਜਾਲਾ। ਅਨਿਕ ਕਾਰਖਾਨੇ ਪੁਰ ਹੋਏ।ਲੈਨਿ ਦੇਨਿ ਠਾਨਤਿ ਸਭਿ ਕੋਏ॥੩੮॥ਬ੍ਰਿੰਦ ਸੁਨਾਰ[੧] ਬਿਭੂਖਨ ਘਰੈਂ। ਚਾਂਦੀ ਚਾਮੀਕਰ ਕੋ ਕਰੈਂ। ਤੰਬੂ ਪੁੰਜ ਕਨਾਤ ਬਨਾਤੀ। ਚੋਬ ਕਲਸ ਕੰਚਨ ਬਹੁ ਭਾਂਤੀ ॥ ੩੯ ॥ ਆਤਸ਼ਬਾਜੀ ਬਹੁ ਬਨਵਾਈ। ਗਨ ਬਾਜੀਨ ਬਰੂਦ ਮਿਲਾਈ[੨]।ਦੇਵ ਦੇਵਣੀ, ਚਾਦਰ ਚਾਰੁ।ਚਰਖੀ ਪੁੰਜ, ਮਤਾਬੀ, ਝਾਰ[੩]॥ ੪੦ ॥ ਕੌਨ ਕੌਨ ਗਿਨੀਅਹਿ ਪੁਰਿ ਸਾਰੋ।ਨਰ ਨਾਰਿਨ ਕੀ ਭੀਰ ਉਦਾਰੋ। ਅਸ ਰੌਣਕ ਇਕ ਮਾਸ ਮਝਾਰੀ। ਗੁਜ ਬਚ ਤੇ ਹ੍ਵੈ ਗੀ ਇਕ ਬਾਰੀ॥੪੧॥ ਬਾਜੇ ਬਜਹਿਂ ਗਾਇਬੋ ਕਰੈਂ।ਜਹਿਂ ਕਹਿਂ ਮਿਲਿ ਮਿਲਿ ਮੁਦ ਉਰ ਧਰੈਂ। ਪਹੁੰਚਯੋ ਦਿਵਸ ਬਯਾਹ ਕੋ ਆਇ। ਨਿਤ ਪ੍ਰਤਿ ਉਤਸਵ ਮਾਤ ਕਰਾਇ ॥੪੨॥ ਢੋਲਕ, ਟਲਕਾ, ਘੁੰਘਰੂ, ਤਾਲੀ।ਗਾਵਹਿਂ ਨਾਚਹਿਂ ਲੇਤਿ ਭਵਾਲੀ। ਨਿਸ ਬਾਸੁਰ ਮਹਿਂ ਕੌਤਕ ਹੋਤਿ। ਦੇਖਹਿਂ ਨਰ ਤ੍ਰਿਯ ਮੋਦ ਉਦੋਤਿ ॥ ੪੩ ॥ ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਯਾਹ' ਪ੍ਰਸੰਗ ਬਰਨਨੰ ਨਾਮ ਏਕਾਦਸ਼ਮੋ ਅੰਸੂ ॥ ੧੧ ॥

੧੨. [ਬਰਾਤ ਦੀ ਚੜ੍ਹਾਈ]।

ਦੋਹਰਾ ॥ ਦਿਵਸ ਬਯਾਹ ਕੋ ਆਇਗੋ ਤਯਾਰੀ ਸਕਲ ਕਰਾਇ । ਸਾਜੀ ਸਕਲ ਬਰਾਤ ਤਬਿ ਦੇ ਪੋਸ਼ਿਸ਼ ਸਿਰੁਪਾਇ ॥੧॥ਪਾਧੜੀ ਛੰਦ॥ ਸ੍ਰੀ ਗੁਜਰੀ ਰਿਦ ਅਨੰਦ ਧਾਰਿ। ਸਤਿਗੁਰੂ ਪੁੱਤ੍ਰ ਕੋ ਢਿਗ ਹਕਾਰਿ। ਚੰਦਨ ਸੁ ਚਾਰੁ ਚੌਕੀ ਡਸਾਇ। ਬਿਚ ਅਜਰ ਮਹਿਦ[੪] ਦੀਨੇ ਬਿਠਾਇ ॥੨॥ ਬਰ ਨਾਰਿ ਸੁਹਾਗਣ ਗੀਤ ਗਾਇਂ। ਚਹੁੰਦਿਸ਼ਿਨਿ ਆਨਿ ਪਰਵਾਰ ਪਾਇ[੫]।ਮਰਦਨਿ ਕਰੰਤਿ ਬਟਣਾ ਸ਼ਰੀਰ। ਜਿਸ ਮੈਂ ਸੁਗੰਧਿ ਮਹਿਕਤਿ ਗਹੀਰ[੬] ॥੩॥ ਸਭਿ ਅੰਗ ਰੁਚਿਰ ਮਰਦਯੋ ਬਨਾਇ। ਭੁਜਦੰਡ ਗਹੇ ਗਜ ਸੁੰਡ ਭਾਇ[੭]। ਪੁਨ ਲਯਾਇ ਨੀਰ ਨੀਕੋ ਸ਼ਨਾਨ। ਮੁਖ ਚੰਦ ਪਖਾਰਯੋ ਰੁਚਿਰ ਠਾਨਿ॥੪॥ਪਟ ਪੀਤ ਪਹਿਰ ਕਰਿ ਸਕਲ ਅੰਗ। [੮]ਕਰ ਬੰਧਿ ਕੰਗਣਾ ਸਗਨ ਸੰਗ। ਸ਼ੁਭ ਬਸਤ੍ਰ ਬਿਭੂਖਨ ਚਾਰੁ ਡਾਰਿ[੯]। ਸਿਰਪੇਚ[੧੦] ਸੀਸ ਪਰ ਦੁਤਿ ਉਦਾਰ ॥੫॥

---

[੧]ਸੁਨਿਆਰੇ। [੨]ਭਾਵ ਆਤਸ਼ਬਾਜੀ ਦੇ ਘੋੜਿਆਂ ਵਿਚ ਬਾਰੂਦ ਭਰਨ ਤੋਂ ਹੈ ਦੇਖੋ ਅੰਸ ੧੩ ਅੰਕ ੩੫। [੩]ਸਭ ਆਤਸ਼ ਬਾਜ਼ੀਆਂ ਦੇ ਨਾਮ ਹਨ। [੪]ਵੇਹੜੇ ਵਡੇ ਵਿਚ। [੫]ਘੇਰਾ ਪਾਕੇ। [੬]ਬਹੁਤ। [੭]ਹਾਥੀ ਦੀ ਸੁੰਡ ਵਰਗੇ ਭੁਜਦੰਡੇ ਫੜਕੇ (ਵੱਟਣਾ ਮੱਲਿਆ)। [੮]ਹਥ। [੯]ਪਾ ਕੇ। [੧੦]ਪੱਗ, ਦਸਤਾਰ, ਚੀਰਾ [ਫਾ:, ਸਰਪੇਚ]।

ਤਿਸ ਉਪਰ ਜਿਗਾ ਬਹੁ ਚਮਕਵੰਤਿ। ਮੁਕਤਾ ਸੁ ਗੋਲ ਹੀਰਨਿ ਜਰੰਤਿ[1]।
ਸਬਜ਼ੇ ਬਿਲੰਦ ਸਬਿ ਜੌ ਸੁਹਾਇ। ਲਰਕੰਤਿ ਪੰਕਤੀ ਦੁਤਿ ਬਨਾਇ[2]॥੬॥
ਕਲਗ਼ੀ ਉਤੰਗ ਜਿਸ ਜਗਤਿ ਜੋਤਿ[3]।ਮੁਕਤਾਨ ਗੁੱਛ, ਹੀਰਨ ਉਦੋਤਿ[4]।
ਮੁਖ ਮੰਡਲ ਚੰਦ ਮਨਿੰਦ ਚਾਰੁ। ਬਿਚ ਸੁਧਾ ਬਾਕ[5] ਮਾਧੁਰ ਅਪਾਰ ॥੭॥
ਕੁੰਡਲ ਸੁ ਗੋਲ ਡੋਲਹਿ ਕਪੋਲ[6]। ਸ਼ੋਭਤਿ ਅਮੋਲ ਉਪਮਾ ਅਤੋਲ।ਮੁਕ-
ਤਾਨ ਮਾਲ ਗਲ ਮੈਂ ਬਿਸਾਲ। ਭੁਜਦੰਡਨ ਅੰਗਦ ਦੁਤਿ ਉਜਾਲ[7] ॥੮॥
ਹਾਟਕ ਜੜਾਵ ਕਰ ਕਟਕ ਪਾਇ[8]। ਛਬਿ ਛਾਪ ਛਲਾਯਨ ਸੂੰਛ ਛਾਇ।
ਕਰਬੰਧਨੋ ਕੰਙਨਾ ਸ਼ੋਭ ਦੇਤਿ।ਪਟ ਪੀਤ ਪਹਿਰਿ ਦੁਤਿ ਪਰਮ ਲੇਤਿ[9]॥੯॥
ਦੋਹਰਾ॥[10]ਜ਼ੇਵਰ ਜੋ ਵਰ ਜ਼ੇਬ ਜਿਨ ਜਬਰ ਜਵਾਹਰ ਜੋਤਿ।ਜਰੇ ਜਰਾਇਨ
ਜਾਂਬੁਨਦ ਪਹਿਰੇ ਸ਼ੋਭ ਉਦੋਤਿ[10] ॥ ੧੦ ॥ ਪਾਧੜੀ ਛੰਦ ॥ ਝੁਲਿਯੰਤ ਛੱਤ੍ਰ
ਸਿਰ ਪਰ* ਫਿਰਾਇ। ਢੁਰਿਯੰਤ ਚਮਰ ਚਾਰੂ ਚਲਾਇ[11]। ਜਿਮ ਇੰਦ੍ਰ
ਸਚੀ[12]ਕੇ ਬਨਾਹ ਹੋਤ।ਤਨ ਕੋ ਸ਼ਿੰਗਾਰ ਦੁਤਿ ਪਰਮ ਦੇਤਿ॥੧੧॥ਗੁਜਰੀ
ਬਿਲੋਕਿਨਿਜਨੰਦ ਚੰਦ[13]॥ਚਿਤ ਮਹਿਂ ਅਨੰਦ ਅਧਿਕਨੋ ਬਿਲੰਦ।[14]ਤ੍ਰਿਯ
ਤਰੁਨ, ਗੌਰ ਤਨ, ਬਸਨ ਝੀਨ। ਗਨ ਅਲੰਕਾਰ ਧਰਿ ਹੇਮ ਭੀਨ[14] ॥
੧੨ ॥ ਬਹੁ ਬਾਰ ਬਾਰ ਗਾਵੰਤਿ ਗੀਤ। ਜਿਨ ਕੰਠ ਕੋਕਲਾ ਮੁਦਤਿ ਚੀਤ।
ਬਲਿਹਾਰ ਹੋਤਿ ਪਿਖਿ ਗੁਰ ਸਰੂਪ। ਉਮਕੰਤਿ ਹੀਯ ਲਖਿ ਕਰਿ ਅਨੂਪ ॥
੧੩ ॥ ਕੁਲ ਰੀਤਿ ਕੀਨਿ ਗੁਰ ਵਹਿਰ ਆਇ। ਥਿਰ ਭਏ ਪੌਰ ਸੁੰਦਰ
ਸੁਹਾਇ। ਤਬਿ ਹਨੇ ਡੰਕ ਧੌਂਸਾ ਧੁੰਕਾਰ। ਡਫ ਪਣਵ, ਪਟਹਿ ਧੁਨਿ ਭੀ
ਉਦਾਰ ॥ ੧੪ ॥ ਤੁਰਰੀ, ਨਫੀਰ,ਛੈਣੇ ਬਜੰਤਿ। ਗਨ ਢੋਲ ਬੰਸਰੀ ਰਵ[15]

---

[1]ਤੇ ਹੀਰਿਆਂ ਨਾਲ ਜੜੀ ਹੋਈ। [2]ਵਡੇ ਵਡੇ ਪੰਨੇ (ਐਸੇ) ਸੁਹਣੇ ਸਨ ਕਿ ਓਹ ਸਾਰੇ ਕਤਾਰ ਬੰਨ੍ਹਵੀਂ ਸੁੰਦਰਤਾ ਨਾਲ ਲਟਕ ਰਹੇ ਸਨ। [3]ਪ੍ਰਕਾਸ਼ਦੀ ਹੈ। [4]ਚਮਕ ਰਹੇ ਹਨ। [5]ਅੰਮ੍ਰਿਤ ਰੂਪੀ ਵਾਕ। [6]ਗੱਲ੍ਹਾਂ (ਉੱਪਰ)। [7]ਡੌਲਿਆਂ ਵਿਚ ਬਹੁਟਿਆਂ ਦੀ ਸੁੰਦਰਤਾ ਪ੍ਰਕਾਸ਼ਦੀ ਹੈ। [8]ਸੋਨੇ ਦੇ ਜੜਾਊ ਕੜੇ ਹੱਥ ਵਿਚ ਪਹਿਨੇ ਹੋਏ। [9]ਭਾਰੀ ਖ਼ੂਬਸੂਰਤੀ ਲੈ ਰਹੇ ਹਨ। [10]ਗਹਿਣੇ ਜਿਨ੍ਹਾਂ ਦੀ ਜ਼ੇਬਾਇਸ਼ (ਸ਼ੋਭਾ) ਸ਼੍ਰੇਸ਼ਟ ਹੈ, ਜਿਨ੍ਹਾਂ ਵਿਚ ਜਵਾਹਰਾਂ ਦੀ ਜੋਤੀ ਜ਼ੋਰਾਵਰ ਹੈ(ਭਾਵ ਵਧੇਰੇ ਚਮਕ ਵਾਲੀ ਹੈ) (ਅਤੇ ਜੋ) ਸੋਨੇ ਦੀ ਜੜਤ ਵਿਚ ਜੜੇ ਹੋਏ ਹਨ, (ਜਿਨ੍ਹਾਂ ਦੇ) ਪਹਿਰਨ ਨਾਲ ਸ਼ੋਭਾ ਉਦੇ ਹੁੰਦੀ ਹੈ। [11]ਸੁਹਣਾ ਚਲਦਾ ਹੋਇਆ। [12]ਇੰਦ੍ਰਾਣੀ। [13]ਚੰਦ ਵਰਗਾ ਪੁੱਤ੍ਰ। [14]ਤ੍ਰੀਮਤਾਂ ਜਵਾਨ ਤੇ ਗੋਰੇ ਸਰੀਰ ਵਾਲੀਆਂ ਮਹੀਨ ਬਸਤ੍ਰਾਂ ਵਾਲੀਆਂ, ਬਹੁਤੇ ਗਹਿਣੇ ਵਾਲੀਆਂ ਮਾਨੋ ਸੋਨੇ ਨਾਲ ਮੜ੍ਹੀਆਂ ਹੋਈਆਂ। [15]ਆਵਾਜ਼, ਸ਼ਬਦ। *ਪਾ:-ਫਿਰ ਫਿਰ।

ਉਠੰਤਿ। ਸਭਿ ਅੱਗ੍ਰ ਚਲੇ ਬਾਜਤਿ ਨਿਸ਼ਾਨ[1]। ਕੁਛ ਕਹੀ ਬਾਤ ਸੁਨੀਐਂ ਨ ਕਾਨ[2] ॥੧੫॥ ਪਸ਼ਚਾਤ ਨਾਗਰੀ ਗਾਇੰ ਗਾਛ[3]। ਬਿਸਤਿਰਤ ਆਂਖ ਪੈਨੇ ਕਟਾਛ[4]। ਹਿਤ ਬ੍ਰਾਤ ਚਢਾਵਨਿ ਚਲਤਿ ਸੰਗ। ਗਨ ਅਲੰਕਾਰ ਛਣਕੰਤਿ ਅੰਗ ॥੧੬॥ ਬਹੁ ਬਰਨ ਚੂਨਰੀ ਛੋਰਦਾਰ[5]। ਕੋ ਜ਼ਰੀਦਾਰ ਕੋ ਕੋਰਦਾਰ*। ਮੁਸਕਾਤ ਮੰਦ ਦਿਖੀਅੰਤਿ ਦੰਤ। ਬਿਚ ਲਾਲ-ਅਧਰ ਕੇ ਇਮ ਸ਼ੁਭੰਤਿ ॥ ੧੭ ॥ ਸੰਪਟ ਪ੍ਰਵਾਲ ਦੁਤਿ ਲਾਲਵੰਤਿ[6]। ਬਿਚ ਬੀਚ ਬੀਜਰੀ†ਗਾਡਿਯੰਤ[7]।ਬੜਵਾ ਅਰੂਢਿ ਗੁਰ ਅੱਗ੍ਰ ਚਾਲਿ।ਮੁਕਤਾਨ ਸੇਹਰਾ ਹੇਮ ਭਾਲ[8] ॥ ੧੮॥ ਫਿਰਿਯੰਤਿ ਛਤ੍ਰ ਢੁਰਿਯੰਤਿ ਚੌਰ।ਬਜਿਯੰਤਿ ਬਾਜ[9], ਪਰਿਯੰਤਿ ਰੌਰ।ਘਰ ਪੌਰ ਪੌਰ ਪਰ ਨਰਨਿ ਭੀਰ।ਕੌਤਕ ਬਿਲੋਕਿ ਲੋਭਤਿ ਸਰੀਰ ॥ ੧੯ ॥ ਸਭਿ ਸਜਿ ਬਰਾਤ ਸੁਧਿ ਪਾਇ ਆਇ। ਵਾਹਨ ਪਲਾਇ ਕੌਤਿਕ ਕੁਦਾਇ।ਸ਼ੁਭ ਸਜਤਿ ਜ਼ੀਨ ਸੁੰਦਰ ਤੁਰੰਗ। ਸਭਿ ਕਰੇ ਏਕ ਸਮ ਲਾਲ ਰੰਗ ॥ ੨੦ ॥ ਵਾਹਨ ਅਨੇਕ ਨਿਕਸੰਤਿ ਚਾਰੁ। ਸਜੇਦਨ ਸੁਰੰਗ ਜ਼ਰਿ ਕੋ ਉਛਾਰ[10]। ਕਿਸਹੂ ਤੁਰੰਗ, ਕਿਸ ਬ੍ਰਿਖਭ ਜੋਰਿ[11]। ਜਿਨ ਕੇਰਿ ਪੁਸ਼ਟ ਤਨ ਮਹਿਦ ਜੋਰ[12] ॥੨੧॥ ਘੰਟੇ ਠਣੰਕ, ਘੁੰਘਰ ਛਣੰਕ। ਪ੍ਰੇਰਕ ਸ਼ਬੱਦ[13]ਤੋਰਤਿ ਨਿਸ਼ੰਕ।ਬਹੁ ਬਹਿਲ ਬੇਗ ਤੇ ਬਲਬਿਲੰਦ।ਸੁੰਦਰਸਿੰਗਾਰ ਪਿਖਿ ਦੇ ਅਨੰਦ॥੨੨॥ ਇਕਸਾਰ ਲਾਲ ਸਭਿ ਪਰ ਉਛਾਰ। ਪਟ ਪਹਿਰਿ ਰੁਚਿਰ ਭੂਖਨ ਸੁਧਾਰਿ। ਸਭਿ ਬਨੇ ਛੈਲ ਛਬਿ ਤੇ ਸੁਹਾਇ। ਤਬਿ ਪੰਚ ਭ੍ਰਾਤ ਤਹਿੰ ਆਇ ਧਾਇ॥੨੩॥ਚਢਿ ਚਪਲ ਚਾਲ ਬਾਜੀ ਕੁਦਾਇ। ਜਿਨ ਜ਼ੀਨ ਰਜਤ ਅਰੁ ਰੁਕਮ ਲਾਇ[14]। ਤਿਨ ਨਾਮ ਸ਼ਾਹ ਸੰਗੋ ਭਿਰਾਮ।ਅਰੁ ਮਾਹਰੀਚੰਦ,ਸੁ ਗੰਗ ਰਾਮ॥੨੪॥ਪੁਨ ਜੀਤ ਮੱਲ,ਗਾਜ਼ੀ[15] ਗੁਲਾਬ। ਗੁਰ

---

[1]ਧੌਂਸੇ। [2]ਕੰਨੀ ਸੁਣਾਈ ਨਹੀਂ ਦਿੰਦੀ। [3]ਪਿੱਛੇ ਇਸਤ੍ਰੀਆਂ ਗਾਂਉਂਦੀਆਂ ਜਾ ਰਹੀਆਂ ਹਨ। [4]ਚੌੜੀਆਂ ਅੱਖਾਂ ਤੇ ਤਿੱਖੇ ਮਟਕਾਰੇ ਵਾਲੀਆਂ। [5]ਪੱਲਿਆਂ ਵਾਲੀਆਂ। [6](ਜਿਵੇਂ) ਗੁਲੀਆਂ ਦੇ ਡਬੇ ਦੀ ਲਾਲ ਰੰਗ ਵਾਲੀ ਸ਼ੋਭਾ ਹੋਵੇ। [7]ਤੇ ਵਿੱਚੋ ਵਿਚ ਬਿਜਲੀ ਗਡੀ ਹੋਈ ਹੋਵੇ (ਇਕੁਰ ਦੰਦ ਸ਼ੋਭ ਰਹੇ ਹਨ)। [8]ਮੱਥੇ ਤੇ ਸੇਹਰਾ ਮੋਤੀਆਂ ਤੇ ਸੋਨੇ (ਦੀਆਂ ਤਾਰਾਂ) ਦਾ। [9]ਬਾਜੇ ਵਜਦੇ ਹਨ। [10]ਜ਼ਰੀ ਦੇ (ਕੰਮ ਵਾਲੇ) ਉਛਾੜ (ਵਾਲੇ)। [11]ਜੋੜੇ ਹਨ। [12]ਜਿਨ੍ਹਾਂ ਦੇ ਤਨ ਮੋਟੇ ਤੇ ਬੜੇ ਬਲ ਵਾਲੇ ਹਨ। [13]ਰਥਵਾਹੀ ਅਵਾਜ਼ ਦੇਕੇ। [14]ਚਾਂਦੀ ਤੇ ਸੋਨਾ ਲੱਗਾ ਹੈ। [15]ਸੂਰਮਾ, ਧਰਮੀ ਜੋਧਾ। [ਅ:, ਗ਼ਾਜ਼ੀ]। *ਪਾ:-ਸ਼ੁਭ ਕਰੀ ਜ਼ਰੀ ਕੋ ਕੋਰਦਾਰ।

†ਪਾਠਾਂਤ੍ਰ-ਬਿਚ ਬੀਜ ਬੀਜਰੀ-ਬੀ ਦੱਸੀਦਾ ਹੈ।

ਨਿਕਟ ਆਇ ਪਹੁੰਚੇ ਸ਼ਿਤਾਬ। ਦ੍ਵਿਜ ਦਯਾਰਾਮ ਬਸਤ੍ਰਨਿ ਸਜਾਇ। ਧਰਿ ਖੜਗ ਸਿਪਰ ਹਯ ਕੋ ਧਵਾਇ ॥ ੨੫ ॥ ਸ਼ੁਭ ਸੂਰਜਮਲ ਕੇ ਪੌਤ੍ਰ ਦੋਇ। ਅਸੁ ਪੈ ਅਰੂਢਿ ਸ਼ੁਭ ਬੈਸ ਹੋਇ। ਬੇਦੀਨ ਬੈਸ ਸਮੈਦਨ ਸੁਧਾਰਿ। ਤੇਹਣ ਸਮੂਹ ਤਿਮ ਅਨੰਦ ਧਾਰਿ ॥ ੨੬ ॥ ਭੱਲੇ ਚਢੇ ਸਜਿ ਜਾਨੁ ਸੋਹਿ[1]। ਰਥ ਬਹਿਲ ਬਹੁਰ ਕੈ ਹਯ ਅਰੋਹਿ[2]। ਦੇਸ਼ਨਿ ਬਿਦੇਸ਼ ਬ੍ਰਿੰਦੋ ਮਸੰਦ। ਤਨ ਬਸਨ ਬਿਭੂਖਨ ਸਜਿ ਬਿਲੰਦ ॥੨੭॥ ਜਿਨ ਬਿਖੈ ਮੁੱਖਿ ਬਹੁ ਰਾਮਕੌਰ। ਬ੍ਰਿਧ ਬੈਸ ਜਾਨੀਯਤਿ ਸਕਲ ਠੌਰ। ਗਿਨੀਏ ਕਿਤੇਕ ਬਹੁ ਚਢਿ ਬਰਾਤ। ਬਡ ਭਯੋ ਸ਼ਬਦ ਸਭਿ ਪੰਥ ਜਾਤਿ ॥੨੮॥ ਛੁੱਟੇ ਨਿਸ਼ਾਨ ਫਰਰੇ ਮਹਾਨ। ਬਹੁ ਬਰਨ ਬਰਨ ਕੇ ਸ਼ੋਭਵਾਨ। ਪਸ਼ਚਾਤ ਤਿਨਹੁੰ ਬਾਜੇ ਬਜੰਤ। ਬਡ ਕਰਤਿ ਕੁਲਾਹਲ ਪਗ ਚਲੰਤਿ ॥ ੨੯ ॥ ਦੂਲੋ ਸੁਹਾਇ ਤਿਨ ਕੇ ਪਿਛਾਰ। ਸਿਰ ਛਤ੍ਰ ਚਮਰ ਢੁਰ ਬਾਰਿ ਬਾਰਿ। ਨਰ ਨਾਰਿ ਪਿਖੈਂ ਥਿਰ ਹੋਇ ਹੋਇ। ਉਰ ਅਧਿਕ ਮੁਦਤਿ ਬਰ ਜੋਇ ਜੋਇ[3]॥੩੦॥ ਸ੍ਰੀ ਗੁਜਰੀ ਸਹਿਤ ਸਮੂਹ ਤ੍ਰੀਯ। ਕਰਿ ਬਿਦਾ ਬਰਾਤ ਅਨੰਦ ਹੀਯ। ਗਮਨੀ ਨਿਕੇਤ ਗਾਵੰਤਿ ਗੀਤ। ਸੁਤ ਕੋ ਪ੍ਰਭਾਵ ਬਡ ਜਾਨਿ ਚੀਤ ॥੩੧॥ ਸੈਯਾ ॥ ਦੁੰਦਭਿ ਦੀਰਘ ਧੌਂਸ[4] ਬਜੈਂ ਚਢਿ ਵਾਹਿਨ ਚਾਰੁ ਮਿਲੇ[5] ਸਭਿ ਚਾਲੇ। ਕੇਤਿਕ ਸਮੈਦਨ ਜਾਤਿ ਪਲਾਵਤਿ,ਕੇਤਿਕ ਬਾਜ[6]ਕੁਦਾਇਂ ਬਿਸਾਲੇ। ਕੇਤਿਕ ਬੈਲਨਿ ਕੀ ਬਹਿਲੇਂ ਬਹੁ ਦੌਰਤਿ ਹੈਂ ਤਨ ਪ੍ਰਾਕ੍ਰਮ ਵਾਲੇ[7]। ਘੁੰਘਰ ਕੀ ਛਨਕਾਰ ਮਹਾਂ ਧੁਨਿ ਬਾਦਿਤ ਕੀ[8] ਮਿਲਿਕੈ ਤਿਸ ਨਾਲੇ ॥ ੩੨ ॥ ਪਾਧੜੀ ਛੰਦ ॥ ਗਮਨੀ ਬਰਾਤ ਬਡ ਧੂਮ ਧਾਮ। ਬਡ ਉਠੀ ਧੂਰ, ਰਹਿ ਦਿਵਸ ਜਾਮ[9]। ਲਵਪੁਰੀ ਜਾਇ ਪਹੁੰਚੇ ਸੁ ਪਾਸ। ਥਿਰ ਬ੍ਰਿੰਦ ਨਾਰਿ ਨਰ ਪਿਖਹਿ ਆਸ॥੩੩॥ਇਕ ਦਿਸ਼ਾ ਬਜਤਿ ਬਾਜੇ ਉਦਾਰ।ਇਕ ਦਿਸ਼ਾ ਗੀਤ ਗਨ ਗਾਇਂ ਨਾਰਿ।ਛਣ-ਕਾਰ ਰਥਨਿ ਮਗ ਅਧਿਕ ਹੋਇ। ਇਕ ਦਿਸ਼ਾ ਕੁਦਾਵਤਿ ਹਯਨਿ ਕੋਇ ॥੩੪॥ ਬਡ ਸ਼ਬਦ ਭਯੋ ਚੱਕ੍ਰਨਿ[10] ਗੰਭੀਰ। ਜਿਮ ਚਢਯੋ ਗਰਜ ਨੀਰਧ ਸੁ ਨੀਰ[11]।ਨਰਬ੍ਰਿੰਦ ਕੁਲਾਹਲ ਬਹੁਕਰੰਤਿ।ਹੁਇ ਹਯਨਿ ਹਿਰੇਖਾ ਰਵ[12]

[1]ਸਵਾਰੀਆਂ ਤੇ ਸ਼ੋਭੇ। [2]ਸਵਾਰ ਹੋਏ। [3]ਵਰ ਨੂੰ ਦੇਖ ਦੇਖ ਕੇ। [4]ਧੌਂਸੇ। [5]ਮਿਲ ਕੇ। [6]ਘੋੜੇ। [7]ਬਲਵਾਨ ਸਰੀਰ ਵਾਲੇ ਬੈਲਾਂ ਦੀਆਂ ਬਹਿਲਾਂ ਦੌੜਦੀਆਂ ਹਨ। [8]ਵਾਜਿਆਂ ਦੀਆਂ ਸੁਰਾਂ। [9]ਪਹਿਰ ਦਿਨ ਰਹੇ। [10]ਪਹੀਆਂ ਦਾ। [11]ਸਮੁੰਦਰ ਦਾ ਪਾਣੀ। [12]ਹਿਣਕਾਰ ਦਾ ਸ਼ਬਦ ਉਠਦਾ ਹੈ।

ਉਠੰਤਿ ॥ ੩੫ ॥ ਸ਼ੁਤਰਨ ਊਪਰ ਸੁਥਰੀ[1] ਬਜੰਤਿ।ਕਛੁ ਕਹੀ ਬਾਤ ਕਿਸ ਨਹਿਂ ਸੁਨੰਤਿ। ਗੁਰ ਪੁਰੀ ਛੋਟ, ਉਤਸਵ ਬਿਸਾਲ । ਜਨੁ ਬਿਚ ਨ ਮੇਯ ਬਾਹਰ ਉਛਾਲ[2]॥ ੩੬ ॥ ਗਨ ਆਇਂ ਜੁ ਮੰਗਤ ਊਚ ਨੀਚ। ਸਭਿ ਲਹੈਂ ਦਰਬ ਹੁਇਂ ਊਚ ਨੀਚ[3]। ਬਹੁ ਕਰਤਿ ਸੁਜਸੁ ਗੁਰ ਦਾਨ ਪਾਇ। 'ਸਭਿ ਜਗਤ ਮਾਂਹਿ ਇਨ ਸਮ ਨ ਕਾਇ*' ॥ ੩੭ ॥ ਹਰਿ ਜਸ ਸਸੁਰ ਗੁਰ ਬੁੱਧਿਵਾਨ[4]। ਸੁਧਿ ਲਹੀ ਬ੍ਰਾਤ ਆਗਮ ਮਹਾਨ। ਕਰਿ ਕੈ ਇਕੱਤ੍ਰ ਅਪਨੇ ਸੁ ਭ੍ਰਾਤ। ਸਭਿ ਲੀਨਿ ਵਸਤੁ ਜੋ ਚਹਿਯ ਜਾਤਿ[5] ॥ ੩੮ ॥ ਖੱਤ੍ਰੀਨ ਮੇਲ ਠਾਨਯੋ ਬਿਸਾਲ।ਬਿਵਹਾਰੁ ਜਾਤ[6] ਸਯਾਨੇ ਸੰਭਾਲ।ਗੁਰੁ ਹਿਤ ਅਕੋਰ ਲੇ ਚੀਰ ਚਾਰੁ। ਸਜਿ ਰਜਤ ਜ਼ੀਨ ਬਾਜੀਨ ਚਾਰੁ[7] ॥ ੩੯ ॥ ਦੋਹਰਾ ॥ ਥਾਤੀ ਭਰਿ ਕਰਿ ਦਰਬ ਕੀ ਵਸਤੁ ਅਪਰੁ ਸੰਭਾਰਿ।ਚਲੇ ਹੇਤੁ ਸਨਮਾਨ ਕੇ ਗੁਰ ਸ਼ਰਧਾ ਉਰ ਧਾਰਿ ॥੪੦॥ ਗੁਰ ਲਵਪੁਰਿ ਨਰ ਨਾਰਿ ਉਰ ਹਰਖਤਿ ਚਿਤ ਸਮੁਦਾਇ। ਧਰਤਿ ਬ੍ਰਾਤ ਪਰਤੀਖਨਾ ਦੂਲਹੁ ਦੇਖਨਿ ਚਾਇ ॥ ੪੧ ॥ ਸੰਗਤਿ ਬਹੁ ਗੁਰ ਗ੍ਰਾਮ ਕੀ ਸਗਰੀ ਤਹੀਂ ਉਤਾਰਿ[8]।ਛਪਰਨਿ ਤੇ ਨਿਕਸੀ ਤਬਹਿ ਧੁਨਿ ਬਾਜਨ ਸ੍ਰੁਤ ਧਾਰਿ[9]† ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਜਾਹ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥ ੧੨ ॥

੧੩. [ਬਰਾਤ ਦਾ ਢੁਕਾਉ]।

ਦੋਹਰਾ॥ ਇਤ ਤੇ ਸਹਿਤ ਬਰਾਤ ਗੁਰ ਲਵਪੁਰਿ ਤੇ ਅਧ ਕੋਸ । ਟਿਕੇ, ਸਕਲ ਤਯਾਰੀ ਕਰੀ ਨੇਗ ਲਾਗ ਕੇ ਜੋਸ[10]॥ ੧ ॥ ਪਾਧੜੀ ਛੰਦ ॥ ਜੇ ਬ੍ਰਿਧ ਮਸੰਦ ਤਿਨ ਕੋ ਹਕਾਰਿ। ਧਨ ਦੀਨਿ ਤਿਨਹੁਂ ਥਾਤੀਨ ਡਾਰਿ[11]।'ਕਰਤੇ

[1]ਨਗਾਰੇ [ਸ਼ੁਤਰ=ਊਠ, ਜੋ ਵਾਜਾ ਊਠ ਉਤੇ ਧਰਕੇ ਵਜੇ ਸੋ ਸੁਤਰੀ, ਸੁਥਰੀ]। [2]ਮਾਨੋਂ (ਉਤ-ਸਾਹ, ਵਿਚ ਸਮਾ ਨਹੀਂ ਸਕਦਾ ਉਸ ਨੂੰ ਬਾਹਰ ਉਛਾਲ ਦਿੰਦਾ ਹੈ। [3]ਨੀਵੇਂ ਤੋਂ ਉੱਚੇ ਹੋ ਜਾਂਦੇ ਹਨ। [4]ਗੁਰੂ ਜੀ ਦਾ ਬੁੱਧੀਮਾਨ ਸਹੁਰਾ ਹਰਜਸ। [5]ਜੋ ਨਾਲ ਜਾਣੀ ਚਾਹੀਦੀ ਸੀ। [6](ਵਿਆਹ ਦੇ) ਵਿਹਾਰ (ਦੇ) ਜਾਣੂ। [7]ਸੁਹਣੇ ਘੋੜੇ। [8]ਸ੍ਰੀ ਗੁਰੂ ਜੀ ਦੀ ਬਹੁਤੇ ਪਿੰਡਾਂ ਦੀ ਸੰਗਤਿ ਉਥੇ ਹੀ ਸਾਰੀ ਉਤਰੀ ਹੋਈ ਸੀ। ਪਰ ਸ਼ੁੱਧ ਪਾਠ-'ਪੁਰ ਗ੍ਰਾਮ' ਹੈ ਲਿਖਾਰੀ ਦੀ ਕਲਮ ਉਕਾਈ ਹੋਈ ਦਿਸਦੀ ਹੈ। [9]ਵਾਜਿਆਂ ਦੀ ਧੁਨਿ ਕੰਨੀ ਸੁਣਕੇ। [10]ਲਾਗੀਆਂ ਦੇ ਜੀ ਵਿਚ ਲਾਗ ਲੈਣ ਦਾ ਚਾਉ (=ਜੋਸ਼) ਸੀ। (ਅ) ਨੇਗ ਲਾਗਕੇ ਜੋ ਸ=ਲਾਗੀਆਂ ਦੇ ਲਾਗ ਜੋ ਸਨ ਉਹਨਾਂ ਦੇ ਦੇਣੇ ਦੀ ਤਯਾਰੀ ਕੀਤੀ। [11]ਥੈਲੀਆਂ ਵਿਚ ਪਾਕੇ।

*ਪਾ:-ਇਹ ਬਡੋ ਸਭਿਨਿ ਸਮ ਹੈ ਨ ਕਾਇ। †ਇਕ ਲਿਖਤੀ ਨੁਸਖੇ ਵਿਚ ਇਸ ਤੋਂ ਅਗੇ ਇਕ ਹੋਰ ਦੋਹਰਾ ਬੀ ਹੈ:-ਬ੍ਰਿੰਦ ਥਾਨ ਅਬਲਾ ਖਰੀ ਬਸਤ੍ਰ ਬਿਭੂਖਨ ਚਾਰੁ ॥ ਗਾਇਂ ਗੀਤ ਬਹੁ ਪ੍ਰੀਤਿ ਤੇ ਰੀਤਿ ਬਜਾਹ ਕੀ ਧਾਰਿ ॥

ਚਲੋਹੁ ਬਰਖਾ ਬਿਲੰਦ। ਜਿਮ ਮੇਘ ਉਨਵਿ ਬਰਖਾਇ ਬੂੰਦ[੧] ॥੨॥ ਜਬਿ ਸੁਨੇ ਅਗਾਊ ਲੈਨਿ ਆਇ। ਧੁਨਿ ਉਠੀ ਅਧਿਕ ਬਾਦਿਤ ਬਜਾਇ। ਤਬਿ ਮਿਲਿਨਿ ਹੇਤੁ ਸਾਮੀਪ ਆਨਿ।ਮਾਤੁਲ ਕ੍ਰਿਪਾਲ ਇਤ ਸਾਵਧਾਨ॥੩॥ਛੂਟੇ ਨਿਸ਼ਾਨ ਅਗਵਾਨ ਜਾਤਿ। ਜਿਨ ਜ਼ਰੀ ਲਾਗ ਬਹੁ ਰੰਗ ਭਾਂਤਿ। ਦਹਿ ਦਿਸ਼ਿਨਿ ਮੇਲ ਇਸ ਰੀਤ ਕੀਨਿ।ਜਨੁ ਘੋਖ ਘੋਖ ਘਨ ਮਿਲਤਿ ਪੀਨ[੨]॥੪॥ ਵਾਹਿਨ ਭਜਾਇ ਵਾਹਨ ਉਡਾਇ[੩]।ਮਿਲਿ ਆਪ ਮਾਂਹਿ ਆਨੰਦ ਉਪਾਇ। ਜਨੁ ਨਦੀ ਹਰਖ ਕੀ ਉਮਡ ਦੋਇ।ਹੁਇ ਸੰਗਮ, ਅੰਗ ਉਮੰਗ ਸੋਇ[੪]॥੫॥ ਗਨ ਵਸਤੁ ਅੱਗ੍ਰ ਗੁਰ ਕੇ ਟਿਕਾਇ। ਸਭਿ ਪਰੇ ਪਾਇ ਚਿਤ ਚਾਇ ਚਾਇ। ਬਹੁ ਬਿਨੈ ਭਨੀ ਸਭਿ ਹਾਥ ਬੰਦਿ।'ਹਮ ਅਲਪ ਲਘੂ, ਤੁਮ ਬਡ ਬਿਲੰਦ[੫] ॥ ੬ ॥ ਨਿਜ ਦਾਸਿ ਜਾਨਿ ਪਤ ਲੇਹੁ ਰਾਖਿ । ਅਬਿ ਕ੍ਰਿਪਾ ਕਰੀ ਪੂਰਨ ਭਿਲਾਖ'।ਤਬਿ ਦਯਾਰਾਮ ਪ੍ਰੇਰਯੋ ਕ੍ਰਿਪਾਲ[੬]।'ਗੁਰ ਸਸੁਰ ਸਾਥ ਮਿਲਿ ਮੁਦ ਬਿਸਾਲ'[੭]॥ ੭ ॥ ਸ਼ੁਭ ਬਸਤ੍ਰ, ਹਰਖ ਦੀਨਸਿ, ਤੁਰੰਗ।ਗੁਰ ਮਿਲੇ ਜੁਗਲ ਮਨ ਧਰਿ ਉਮੰਗ। ਸਨਮਾਨ ਜਾਨਿ ਗੁਰ ਤਿਨਹੁਂ ਕੇਰ। ਪਕਵਾਨ ਲੀਨਿ, ਦਿਯ ਬਾਂਟ ਫੇਰ ॥ ੮ ॥ ਸਭਿ ਜਥਾ ਜੋਗ ਕਰਿ ਤਿਨਹੁਂ ਸਾਥ। ਕਰਿਬੇ ਢੁਕਾਉ ਪੁਨ ਚਹਤਿ ਨਾਥ। ਤਬਿ ਚਲੇ ਪੁਰੀ ਕੇ ਸਮੁਖ ਹੋਇ। ਨਰ ਮਿਲੇ ਹਜ਼ਾਰਹੁਂ ਦਿਸ਼ਿਨਿ ਦੋਇ॥੯॥ਬਰਖੰਨ ਲਗਯੋ ਧਨ ਏਕਸਾਰ।ਜਨੁ ਉਨਵਿ ਜਲਧ ਜਲ ਜਲਦ ਡਾਰ[੮]। ਗਨ ਬਜਤਿ ਬਾਜ ਭਈ ਧੂਮਧਾਮ।ਬਡ ਉਠੀ ਧੂਲ ਲਿਯ ਛਾਦ ਧਾਮ॥੧੦॥ਚਢਿ ਕੈ ਉਤੰਗ[੯] ਨਰ ਨਾਰਿ ਹੇਰਿ।ਕਹਿਂ ਬਰ 'ਬਰਾਤ ਆਈ ਬਡੇਰ। ਕਰਿ[੧੦] ਰੰਕ ਤ੍ਰਿਪਤ ਧਨ ਕੋ ਬੁਖਾਇ'। ਤਿਹ ਸਦਨ ਪੌਰ ਲਗਿ ਸਕਲ ਜਾਇ ॥ ੧੧ ॥ ਸਭਿ ਹਟੇ ਬਹੁਰ ਜਨਵਾਸ ਥਾਨ[੧੧]।ਗੁਰੁ ਕਰੇ ਖਰੇ ਜਹਿਂ ਪੌਰਜਾਨ[੧੨]।ਗਨਨਾਰਿ ਆਰਤੀ ਹਾਥ ਧਾਰਿ। ਬਹੁ ਗਾਇਂ ਗੀਤ ਕਰਿ ਕਰਿ ਸਿੰਗਾਰ ॥ ੧੨ ॥ ਬੜਵਾ ਸੁ ਤਯਾਗਿ ਉਤਰੇ ਅਲੋਇ[੧੩]। ਚੌਕੀ ਡਸਾਇ ਤਿਸ ਪਰ ਖਰੋਇ। ਕਰਿ ਨਮੋ, ਨਾਰਿ ਗੁਰ ਕੌ

[੧]ਬੂੰਦਾਂ, ਕਣੀਆਂ। [੨]ਮਾਨੋਂ ਵਡੇ ਬੱਦਲ ਗੱਜ ਗੱਜ ਕੇ ਮਿਲ ਰਹੇ ਹਨ। [੩]ਸਵਾਰੀਆਂ ਭਜਾਉਂਦੇ ਹਨ ਤੇ ਬਾਹਾਂ ਉਲਾਰਦੇ ਹਨ। [੪]ਮਾਨੋਂ ਖੁਸ਼ੀ ਦੀਆਂ ਦੋ ਨਦੀਆਂ ਦਾ ਉਮੰਡ ਕੇ ਮਿਲਾਪ ਹੁੰਦਾ ਹੈ, ਜਿਨਾਂ ਦੇ ਅੰਗਾਂ ਵਿਚ ਚਾਉ (ਭਰਿਆ ਹੈ)। [੫]ਵਡਿਆਂ ਤੋਂ ਵਡੇ। [੬]ਮਾਮਾ ਕ੍ਰਿਪਾਲ ਜੀ ਨੂੰ ਬਿੱਪ੍ਰ ਦਯਾਰਾਮ ਨੇ ਸੱਦਿਆ। [੭]ਮਿਲਨੀ ਕਰੋ ਬਹੁਤ ਖੁਸ਼ੀ ਨਾਲ। [੮]ਮਾਨੋਂ ਨਿਉਂ ਕੇ ਬੱਦਲ ਜਲ ਨੂੰ ਛੇਤੀ ਵਸਾਂਦੇ ਹਨ। [੯]ਉੱਚੀਆਂ (ਥਾਂਵਾਂ) ਉਤੇ। [੧੦]ਕੀਤੇ ਹਨ। [੧੧]ਜੰਞ ਦੇ ਵਾਸ ਥਾਨ ਵਲ। [੧੨]ਜਿੱਥੇ (ਅੰਦਰ) ਜਾਣ ਦਾ ਦਰਵਾਜ਼ਾ ਸੀ। [੧੩]ਅਸਚਰਜ ਰੂਪ (ਗੁਰੂ ਜੀ)।

ਨਿਹਾਰਿ।ਤਬਿ ਕਰੀ ਆਰਤੀ ਭੁਜ ਪਸਾਰਿ॥੧੩॥ਕੁਲ ਰੀਤਿ ਕਰੀ ਸਗਰੀ ਸੰਭਾਰਿ। ਅਸਵਾਰ ਹੋਇ ਬਹੁਰੋ ਕ੍ਰਿਪਾਲ। ਜਨਵਾਸ ਹੁਤੋ ਤਹਿਂ ਕਰਿ ਪਯਾਨ। ਤੰਬੂ ਸ਼ਮਯਾਨ ਗਨ ਤਾਨਿ ਥਾਨ॥੧੪॥ ਦੀਰਘ ਸੁਹਾਇਂ ਜਿਨ ਅਨਿਕ ਰੰਗ। ਰੇਸ਼ਮ ਸੁ ਡੋਰ ਲਾਗੇ ਉਤੰਗ। ਗੁਰ ਹਿਤ ਬਿਲੰਦ ਤੰਬੂ ਲਗਾਇ।ਤਹਿਂ ਬਰੇ ਜਾਇ ਸਤਿਗੁਰ ਸੁਹਾਇ॥੧੫॥ਦੋਹਰਾ॥ ਥੀਚ ਚੰਦੋਆ ਚਾਨਣੀ ਤਾਨੇ ਰੇਸ਼ਮ ਡੋਰ। ਲਗੀ ਕਨਾਤ ਬਨਾਤ ਕੀ ਸਭਿ ਮਖ਼ਮਲ ਚਹੂੰ ਓਰ॥ ੧੬ ॥ ਤਜਿ ਤਜਿ ਵਾਹਿਨ ਸਕਲ ਹੀ ਬੈਠੇ ਬ੍ਰਿੰਦ ਮਝਾਰ। ਮਨਹੁ ਸੁਧਰਮਾ[1] ਸ਼ੋਭਤੀ ਬਸਨ ਬਿਭੂਖਨ ਚਾਰੁ॥੧੭॥ਚੌਪਈ॥ਲਾਵਾਂ ਲੇਨ ਸਮੈਂ ਤਬਿ ਆਯੋ।ਧੇਨੁ ਧੂਲ ਵੇਲਾ[2] ਦਰਸਾਯੋ।ਦਿਜ ਪਹੁੰਚਯੋ ਉਤਲਾਵਤਿ ਤਬੈ। ਗੁਰ ਸਮੇਤ ਜਹਿਂ ਬੈਠੇ ਸਬੈ॥ ੧੮ ॥ ਜਾਇ ਕ੍ਰਿਪਾਲ ਸਾਥ ਤਬਿ ਕਹਯੋ। 'ਲਾਵਾਂ ਲੇਨ ਸਮੈਂ ਅਬਿ ਲਹਯੋ। ਤਯਾਰੀ ਕਰਿ ਬੈਠੇ ਹਮ ਭਵਨੂ। ਕਰਹਿਂ ਪ੍ਰਤੀਖਨ ਤੁਮ ਆਗਵਨੂ'॥੧੯॥ਜਬਿ ਜਨਵਾਸ ਬਿਖੈ ਸੁਧਿ ਪਾਈ। ਹਨੇ ਡੰਕ ਸਭਿ ਬਾਜ ਬਜਾਈ। ਲਘੁਦੁੰਦਭਿ ਬਡ ਧੌਂਸ ਧੁੰਕਾਰੀ। ਤੁਰਰੀ, ਮੁਰਲਿ[3], ਨਫੀਰ, ਸੰਭਾਰੀ॥ ੨੦ ॥ ਪਟਹ, ਪਣਵ, ਬਡ ਢੋਲ ਬਜਾਏ। ਸੁਨਤਿ ਉਠੇ ਤਤਛਿਨ ਸਮੁਦਾਏ। ਗੁਰ ਨੰਦਨ ਸੁੰਦਰ ਸੁਖਕੰਦ। ਦੂਲਹੁ ਦਿਪਤਿ ਸਰਦ[4]*ਜਨੁ ਚੰਦ॥੨੧॥ਉਠੇ ਕ੍ਰਿਪਾਲ ਸੰਗ ਨਿਜ ਲੀਨੋ।ਪੰਚਹੁੰ ਭ੍ਰਾਤ ਅਧਿਕ ਪਰਬੀਨੋ। ਬਾਦਿਤ ਬਾਜਤਿ ਚਲੇ ਅਗਾਰੀ। ਕੀਰਤਿ ਭਾਟ ਨਕੀਬ ਉਚਾਰੀ॥੨੨॥ਆਤਪੱਤ੍ਰ[5] ਦੂਲਹੁ ਸਿਰ ਫਿਰਿਹੀ।ਚਮਰ ਚਾਰੁ ਬਹੁ-ਬਾਰਹਿਂ ਢੁਰਿਹੀ।ਮਹਿਦ ਕੁਲਾਹਲ ਸਭਿ ਮਹਿਂ ਹੋਵਾ। ਜਹਿਂ ਕਹਿਂ ਮਾਨੁਖ ਬ੍ਰਿੰਦ ਖਰੋਵਾ॥੨੩॥ਜ੍ਵਲਤਿ ਮਤਾਬੀ ਛੁਟਤਿ ਹਵਾਈ। ਚਢੀ ਗਗਨ ਪੁਨ ਹਟਿ ਕਰਿ ਆਈ।ਮਨਹੁੰ ਅਕਾਸ਼ ਲੋਕ ਸੁਧਿ ਦੈ ਕੈ।ਅਵਨੀ ਪੁਰਿ ਪਹੁੰਚੀ ਪੁਨ ਐਕੈ† ॥੨੪॥ ਇਮ ਹਰਖਤਿ ਉਲੰਘੇ ਸੁ ਬਜ਼ਾਰ। ਪਹੁੰਚੇ ਗੁਰ, ਘਰ ਸਸੁਰ ਮਝਾਰ।ਆਨਿ ਮਿਲੇ ਆਗੇ ਸਭਿ ਕੋਇ।ਅੰਤਰ ਪ੍ਰਵਿਸ਼ੇ ਲੇ ਮੁਦਹੋਇ ॥੨੫॥ਜਹਿਂ ਸੁੰਦਰ ਬੇਦੀ ਰਚਿ ਰਾਖੀ।ਗਨ ਨਰ ਨਾਰਿ ਬਿਲੋਕਨਿ ਕਾਂਖੀ। ਸਾਦਰ ਸਗਰੇ ਕਰੇ ਬਿਠਾਵਨਿ। ਬਿੱਪ੍ਰ ਉਚਾਰਤਿ ਮੰਤ੍ਰਨਿ ਪਾਵਨ ॥੨੬॥

[1]ਇੰਦ੍ਰ ਸਭਾ। [2]ਗਊ ਧੂੜ ਦਾ ਸਮਾਂ। [3]ਮੁਰਲੀ। [4]ਮਾਨੋਂ ਸਰਦ ਰਿਤੁ ਦਾ ਚੰਦ ਹੈ। [5]ਛਤ੍ਰ।
*ਪਾਃ-ਪੂਰਨ। †ਕਵਿਤਾ ਦਾ ਕਮਾਲ ਹੈ।

ਪੂਜਤਿ ਨਵ ਗ੍ਰਿਹ ਗਣਪਤਿ ਸਾਥ[੧]*। ਕਹੈਂ ਕ੍ਰਿੱਤ ਠਾਨਹਿਂ ਗੁਰੁ ਨਾਥ।
ਪੁਨ ਬੇਦੀ ਮਹਿਂ ਰਾਖਿ ਹੁਤਾਸਨ।ਡਾਰਤਿ ਸਰਪੀ[੨]ਕੀਨਿ ਪ੍ਰਕਾਸ਼ਨਿ॥੨੭॥
ਤਬਿ ਦੁਲਹਨਿ ਲੇ ਨਿਕਟ ਬਿਠਾਈ।ਜਥਾਜੋਗ ਸਭਿ ਬਿਧਿ ਕਰਿਵਾਈ।
ਬਰ ਬਰ ਸੰਗ ਫੇਰ ਤਿਨ ਫੇਰੇ[੩]।ਪਾਨਗ੍ਰਹਨ[੪] ਕੀਨੋ ਤਿਸ ਬੇਰੇ ॥ ੨੮ ॥
ਮਿਲਿ ਸੁਰਬਧੂ ਕਰਹਿਂ ਛਲ ਬੇਸ। ਆਨਿ ਪ੍ਰਵੇਸ਼ੀ ਰੂਪ ਬਿਸ਼ੇਸ਼[੫]† ਮਿਲਿ
ਨਾਰਿਨ ਮਹਿਂ ਗੀਤਨ ਗਾਵਹਿਂ। ਗੁਰ ਹਿਤ ਮੰਗਲ ਅਧਿਕ ਬਧਾਵਹਿਂ
॥ ੨੯ ॥ ਕਰਤਿ ਅਪਨਪੌ ਸਫਲ ਬਿਸ਼ਾਲਾ। ਨਹੀਂ ਪਛਾਨ ਪਰਹਿਂ ਕਿਸ
ਬਾਲਾ।ਬ੍ਰਿੰਦ ਮੇਲ ਘਰ ਬਿਖੈ ਸਕੇਲਾ[੬]।ਬਿਨ ਪਛਾਨ ਮੁਦ ਰੇਲ ਰੁ ਝੇਲਾ[੭]‡
॥ ੩੦ ॥ ਸੁਰ ਨਰ ਬੇਸ ਧਾਰਿ ਸਮੁਦਾਇ। ਮਿਲੇ ਆਨਿ ਬਹੁ ਸੇਵ ਕਮਾਇ।
ਦਿਜ ਆਦਿਕ ਕੋ ਦਰਬ ਬਡੇਰਾ। ਦੀਨਿ ਦਾਨਿ ਸਤਿਗੁਰ ਤਿਸ ਬੇਰਾ ॥
੩੧ ॥ ਦਯਾਰਾਮ ਦਿਜ ਸਮੇ ਪਛਾਨਾ। ਸਗਰੋ ਸ਼ਾਖੋਚਾਰ[੮] ਬਖਾਨਾ। ਸੁਨਿ
ਪ੍ਰਸੰਨ ਹ੍ਵੈ ਧਨ ਗਨ ਦੀਨਾ। ਸਕਲ ਸਮਾਜ ਹਰਖ ਮਹਿਂ ਭੀਨਾ ॥੩੨॥
ਇਮ ਲਾਵਾਂ ਲੇ ਕਰਿ ਜਸੁ ਸਾਜਾ। ਬੀਚ ਬੇਦਕਾ[੯] ਉਠਜੋ ਸਮਾਜਾ। ਪੁੰਜ
ਮਸਾਲੈਂ ਜੂਲਤਿ ਅਗਾਰੀ। ਝਾਰ, ਮਤਾਬੀ, ਜੁਤਿ ਫੁਲਵਾਰੀ ॥੩੩॥ ਬਾਜੇ
ਬਜਤਿ ਆਇ ਜਨਵਾਸੇ। ਬੈਠੇ ਕੇਤਿਕ ਸਮੈਂ ਪ੍ਰਕਾਸ਼ੇ। ਹਿਤ ਅਹਾਰ ਕੇ
ਬਹੁਰ ਹਕਾਰੇ।ਸੁਨਿ ਗਮਨੇ ਆਨੰਦਤਿ ਸਾਰੇ॥੩੪॥ਜਾਤਿ ਬਰਾਤ ਸੁ ਚਿਤ
ਹਰਖੰਤੀ।ਆਤਸ਼ਬਾਜ਼ੀ ਪੁੰਜ ਛੁਟੰਤੀ।ਹੁਤੇ ਬਰੂਦ ਭਰੇ ਗਜ ਘੋਰੇ[੧੦]। ਇਤ
ਉਤ ਜੂਲਤਿ ਬੇਗ ਤੇ ਦੌਰੇ॥੩੫॥ਚਾਦਰ,ਝਾਰ,ਛੁਟਤਿ ਫੁਲਵਾਈ।ਚਰਖੀ

---

[੧]ਗਣੇਸ਼ ਨਾਲ। [੨]ਪਾਕੇ ਘਿਉ।[੩]ਸ਼੍ਰੇਸ਼ਟ ਵਰ ਨਾਲ ਉਨਾਂ ਫੇਰੇ ਫੇਰਨੇ ਕੀਤੇ।[੪]ਹਥਲੇਵੇ। [੫]ਸੁਹਣੇ ਰੂਪ ਵਿਚ। [੬]ਬਹੁਤ ਮੇਲ ਕੱਠਾ ਹੋਗਿਆ। [੭]ਬਿਨਾਂ ਪਛਾਣੇ ਧੱਕਾ ਤੇ ਧੱਕਿਆਂ ਦਾ ਝੱਲਣਾ ਖੁਸ਼ੀ ਵਿਚ ਹੋ ਰਿਹਾ ਹੈ। ਭਾਵ ਭੀੜ ਬੜੀ ਹੈ, ਪਛਾਣ ਨਹੀਂ ਹੁੰਦੀ ਤੇ ਧੱਕੇ ਲਗਦੇ ਹਨ ਪਰ ਪਿਆਰ ਵਿਚ ਝੱਲੇ ਜਾ ਰਹੇ ਹਨ। [੮]ਗੋਤ੍ਰਾਚਾਰ। ਵਿਵਾਹ ਦੇ ਸਮੇਂ ਗੋਤ ਤੇ ਕੁਲ ਦੇ ਪਿੱਛੇ ਦੇ ਵੇਰਵੇ ਆਦਿ ਦਾ ਲੋਕਾਂ ਨੂੰ ਸੁਣਾ ਸੁਣਾ ਕੇ ਪੰਡਤ ਦਾ ਪੜ੍ਹਨਾ। [੯]ਵੇਦੀ ਵਿਚੋਂ। [੧੦](ਆਤਸ਼-ਬਾਜ਼ੀ ਦੇ) ਹਾਥੀ ਘੋੜੇ ਬਰੂਦ ਨਾਲ ਭਰੇ।

*ਜਿਸ ਗੁਰੂ ਜੀ ਦਾ ਅਪਣਾ ਵਾਕ ਹੈ। 'ਮੈ ਨ ਗਣੇਸਹਿ ਪ੍ਰਥਮ ਮਨਾਊਂ ॥' ਉਸ ਗੁਰੂ ਜੀ ਨੂੰ ਗਣੇਸ਼ ਪੂਜਦੇ ਦੱਸਣਾ ਦਰੁਸਤ ਨਹੀਂ। ਇਹ ਪੂਜਾ ਤੇ ਹੋਰ ਧੂਮ ਧੜੱਕੇ ਸਿੱਖਰਾਜ ਗ੍ਰਿਹਾਂ ਦੇ ਨਕਸ਼ੇ ਹਨ ਜਿੱਥੇ ਬ੍ਰਹਮਣੀ ਜ਼ੋਰ ਪ੍ਰਬਲ ਹੋ ਗਿਆ ਸੀ। ਵਿਸ਼ੇਸ਼ ਲਈ ਦੇਖੋ ਰਾਸ ੪ ਅੰਸੂ ੪ ਅੰਕ ੩੮ ਦੀ ਹੇਠਲੀ ਟੂਕ। †ਪਾ:—ਸੁਬੇਸਾ। ‡ਪਾ:—ਮੁਦਰੋ ਥਿਰਕੇਲਾ।

ਫਿਰਤੀ, ਉਡਤਿ ਹਵਾਈ। ਦੇਵ ਦੇਵਨੀ ਦਾਰੁਨ[1] ਬਨੇ। ਨਾਦਤਿ[2] ਬ੍ਰਿੰਦ
ਪ੍ਰਕਾਸ਼ਤਿ ਘਨੇ ॥ ੩੬ ॥ ਸਭਿ ਮਹਿਂ ਅਧਿਕ ਕੁਲਾਹਲ ਹੋਵਾ। ਅਜਬ
ਤਮਾਸ਼ਾ ਨਰ ਗਨ ਜੋਵਾ॥ਭਯੋ ਪ੍ਰਕਾਸ਼ ਅਵਨਿ ਨਭ ਐਸੇ। ਬਿਨਾ ਤੇਜ[3] ਤੇ
ਬਾਸੁਰ ਜੈਸੇ ॥੩੭॥ ਮਨਹੁਂ ਮਤਾਬੀ ਪਾਇ ਬਹਾਨਾ। ਗੁਰੂ ਪ੍ਰਕਾਸ਼ ਦਿਖਾਇ
ਮਹਾਨਾ। ਦੇਖਿ ਭਏ ਬਿਸਮੈ ਨਰ ਨਾਰੀ। 'ਅਸ ਪ੍ਰਕਾਸ਼ ਨਹਿਂ ਕਬਹੂੰ
ਨਿਹਾਰੀ' ॥੩੮॥ ਮੰਦ ਮੰਦ ਚਲਿ ਕੈ ਸਭਿ ਗਏ। ਪੌਰ ਆਇ ਸੋ ਮਿਲਤੇ
ਭਏ। ਸਾਦਰ ਅੰਦਰ ਜਾਇ ਬਿਠਾਰੇ। ਸੁੰਦਰ ਕਰਿ ਪੰਕਤਿ ਇਕਸਾਰੇ ॥
੩੯ ॥ ਸੁਠ ਚੌਕੀ ਪਰ ਆਸਨ ਡਾਸਾ। ਗੁਰ ਬੈਠੇ ਤਿਸ ਪਰ ਢਿਗ ਦਾਸਾ।
ਪਰੁਸਨਹਾਰ ਆਇ ਸਮੁਦਾਏ। ਧਰੇ ਥਾਰ ਸਭਿ ਕੇ ਅਗੁਵਾਏ ॥ ੪੦ ॥
ਮੋਦਕ, ਖੁਰਮੇ,ਨੁਗਦੀ ਘਨੀ। ਘੇਵਰ ਘ੍ਰਿੱਤ ਸਿਤਾ ਗਨ ਸਨੀ[4]। ਸ੍ਵਾਦਲ
ਮਹਾਂ ਅੰਮ੍ਰਿਤੀ[5] ਦੀਨਿ। ਮੇਵੇ ਬ੍ਰਿੰਦ ਮਿਲਾਵਨਿ ਕੀਨਿ ॥ ੪੧ ॥ ਤੁਰਤ
ਪਰੋਸਯੋ ਚਤੁਰਨ[6] ਚਾਰੂ।ਖਾਨ ਲਗੇ ਬਰ ਸ੍ਵਾਦ ਅਹਾਰੂ।ਨਾਰੀ ਦੇਤਿ ਗਾਰਿ
ਬਿਚ ਗੀਤ। ਸਭਿਨਿ ਸੁਨਾਵਤਿ ਸੁੰਦਰ ਰੀਤਿ ॥ ੪੨ ॥ ਮਿਲੀ ਸੁਰਬਧੂ
ਆਦਿਕ ਬ੍ਰਿੰਦ। ਕੰਠ ਮਨੋਹਰ ਪਿਕ[7] ਮਾਨਿੰਦ। ਸੁਨਤਿ ਹਸਹਿਂ ਸਭਿ*
ਸਹਿਤ ਸਮਾਜਾ। ਸਮੈ ਉਛਾਹ ਬਿਸਾਲ ਬਿਰਾਜਾ॥੪੩॥ ਸੁਨਿ ਸੁਨਿ ਪਿਖਿ
ਪਿਖਿ ਦੁਹਿ ਦਿਸ਼ਿ ਹਰਖਹਿਂ।ਮਨਹੁਂ ਅਨੰਦ ਉਨਵਿ[8] ਕਰਿ ਬਰਖਹਿਂ।ਸਨੈ
ਸਨੈ ਸਭਿ ਅਚਵਿ ਅਹਾਰਾ। ਅਧਿਕ ਉਚਿਸ਼ਟ[9] ਬਿਖੈ ਧਨ ਡਾਰਾ॥੪੪॥
ਹਾਕਲ ਛੰਦ ॥ ਪੁਨ ਪਾਨ ਪਾਨ ਕਰਿ ਪਾਨਾ[10]। ਮੁਖ ਚੁਰੀ ਪਖਾਰਨਿ ਠਾਨਾ।
ਸਭਿ ਉਠੇ ਵਹਿਰ ਚਲਿ ਆਏ। ਜਨਵਾਸ ਪਹੁਂਚਿ ਸੁਪਤਾਏ ॥੪੫॥ ਪੁਨ
ਭਈ ਪ੍ਰਾਤਿ ਸਭਿ ਜਾਗੇ। ਗੁਰਬਾਣੀ ਗਾਵਨਿ ਲਾਗੇ। ਸਤਿਨਾਮ ਸਿਮਰਿ
ਉਰ ਮਹੀਆ। ਜੈਕਾਰ ਹੋਤਿ ਜਹਿਂ ਕਹੀਆ ॥੪੬॥ ਗੁਰ ਲੀਲਾ ਅਧਿਕ
ਬਿਲਾਸਾ। ਸਭਿ ਜਾਨੈਂ ਬਡੋ ਪ੍ਰਕਾਸ਼ਾ। ਸਭਿ ਸਿੱਧਾਂ ਨਿੱਧਿ ਖਰੀ ਹੈਂ। ਜੋ
ਚਹੈਂ ਸੁ ਤੁਰਤ ਕਰੀ ਹੈਂ[11] ॥੪੭॥ ਤਹਿਂ ਵਸਤੁ ਕਮੀ ਨਹਿਂ ਕਾਇ। ਜਹਿ
ਪਿਖੀਅਹਿ, ਤਹਾਂ ਸਵਾਈ। ਸਭਿ ਲੈਨ ਦੇਨਿ ਬਹੁ ਹੋਵਾ। ਨਹਿਂ ਘਾਟਾ

---

[1]ਭਯਾਨਕ। [2]ਸ਼ਬਦ ਕਰਦੇ। [3]ਭਾਵ ਸੂਰਜ ਤੋਂ ਹੈ। [4]ਬਹੁਤੇ ਘਿਉ ਤੇ ਖੰਡ ਨਾਲ ਬਣੇ ਘੇਵਰ। [5]ਮਾਂਹ ਦੇ ਆਟੇ ਦੀ ਵੱਡੀ ਜਲੇਬੀ ਕਿੰਗਰੇਦਾਰ। [6]ਚਤੁਰਾਂ ਨੇ। [7]ਕੋਇਲ। [8]ਝੁਕ ਕੇ। [9]ਜੂਠ। [10]ਫਿਰ ਪਾਣੀ ਪੀਣਾ ਕੀਤਾ ਹੱਥਾਂ ਵਿਚ ਲੈਕੇ। [11]ਕਰਦੀਆਂ ਹਨ।

*ਪਾ:—ਸੁਨਤਿ ਮੁਦਤਿ ਗੁਰ।

ਕਿਤਹੂੰ ਜੋਵਾ ॥ ੪੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਜਾਹ' ਪ੍ਰਸੰਗ ਬਰਨਨੰ ਨਾਮ ਤ੍ਰੌਦਸਮੋਂ ਅੰਸੂ ॥ ੧੩ ॥

੧੪. [ਬਰਾਤ ਗੁਰੂ ਕੇ ਲਾਹੌਰ]।

ਦੋਹਰਾ ॥ ਜਾਮ ਨਿਸਾ ਤੇ ਗਾਵਹੀਂ ਆਸਾਵਾਰ ਸੁਹਾਇ।ਬ੍ਰਿੰਦ ਰਬਾਬੀ ਰਸ[1] ਕਰੈਂ ਰਾਗ ਅਨੇਕ ਸੁਨਾਇ ॥ ੧ ॥ ਹਾਕਲ ਛੰਦ ॥ ਸਿਖ ਸੁਨਹਿਂ ਪ੍ਰੇਮ ਉਪਜਾਏ। ਤਨ ਮਾਨੁਖ ਕਰਿ ਸਫਲਾਏ। ਨਰ ਬਡੀ ਪ੍ਰਾਤਿ ਸਭਿ ਜਾਗੇ। ਲਘੁ ਦੁੰਦਭਿ ਬਾਜਨਿ ਲਾਗੇ ॥ ੨ ॥ ਧੁਨਿ ਨੌਬਤਿ ਕੀ ਮਨ ਭਾਈ। ਨਰ ਨਾਰਿ ਅਨੰਦ ਉਪਜਾਈ। ਪੁਨ ਬਜੇ ਸਰਬ ਹੀ ਬਾਜੇ।ਜਿਨ ਉਠਹੀ ਉੱਚ ਅਵਾਜੇ॥੩॥ਗੁਰ ਉਠਿ ਕਰਿ ਸੌਚ ਸ਼ਨਾਨੇ। ਸ਼ੁਭ ਬਸਤ੍ਰ ਪਹਿਰਬੋ ਠਾਨੇ। ਉਸ਼ਨੀਕ[2] ਨੀਕ ਸਿਰ ਸੋਹੀ। ਬੰਧਿ ਜਿਗਾ ਜਰਾਵ ਜਰੋਹੀ[3] ॥ ੪ ॥ ਧਰਿ ਕਲਗ਼ੀ ਤੁੰਗ ਬਿਰਾਜੀ।ਮੁਕਤਾਨ ਸੰਗ[4] ਸ਼ੁਭ*ਸਾਜੀ।ਗਰ ਮੋਤਿਨਿ ਮਾਲ ਬਿਸ਼ਾਲਾ। ਬਿਚ ਹੀਰੇ ਜਰੇ ਉਜਾਲਾ ॥ ੫ ॥ ਨਵਰਤਨੇ ਅੰਗਦ[5] ਪਾਏ। ਜਨੁ ਨਵ ਗ੍ਰੈਹ ਭੁਜ ਲਪਟਾਏ।ਪੁਨ ਗਰੇ ਭਗਉਤੀ[6] ਪਾਈ।ਨਰ ਚਾਮਰ ਚਾਰੁ ਢੁਲਾਈ ॥ ੬ ॥ ਬਡ ਫਰਸ਼ ਮਖ਼ਮਲੀ ਹੋਵਾ। ਬਰ ਝਾਲਰ ਜ਼ਰੀ ਚੰਦੋਵਾ। ਲੇ ਦੰਡ ਰਜਤ ਅਰੁ ਸੋਨੇ। ਗਨ ਚੋਬਦਾਰ ਥਿਤਿ ਕੋਨੇ ॥ ੭ ॥ ਤਬਿ ਮਾਤੁਲ ਆਇ ਕ੍ਰਿਪਾਲਾ।ਸਜਿ ਬਸਤ੍ਰਨਿ ਸ਼ਸਤ੍ਰ ਬਿਸਾਲਾ।ਬਡ ਬੀਰ ਪੰਚ ਜੇ ਬੀਰੰ। ਜਨੁ ਪਾਂਡਵ ਦੇਹਿ ਸ਼ਰੀਰੰ[7]॥੮ ॥ ਦਿਜ ਦਯਾਰਾਮ ਅਭਿ-ਰਾਮੂ। ਜੁਤਿ ਰਾਮ ਕੁਇਰ ਗੁਨ ਧਾਮੂ।ਅਭਿਬੰਦਨ ਕਰਿ ਕਰਿ ਸਾਰੇ।ਢਿਗ ਬੈਠੇ ਪ੍ਰਭੂ ਨਿਹਾਰੇ ॥ ੯ ॥ ਪੁਨ ਬ੍ਰਿੰਦ ਮਸੰਦ ਬਿਲੰਦੇ। ਪਦ ਬੰਦਤਿ ਬੈਠਿ ਅਨੰਦੇ।ਬਡ ਸਭਾ ਲਗੀ ਦਰਸਾਏ।ਜੇ ਬਨਿਕ ਅਨਿਕ ਪੁਰਿ ਆਏ॥੧੦॥ ਕਰ ਜੋਰਿ ਅਕੋਰ ਧਰੰਤੇ।ਗੁਰ ਕਦਮ ਪਦਮ ਪਰਸੰਤੇ।ਕਹਿਂ ਬਿਨਤੀਦੀਨ ਬਿਸਾਲਾ। 'ਹਮ ਸਭਿ ਕੋ ਕੀਨਿ ਨਿਹਾਲਾ ॥ ੧੧ ॥ ਜਨ ਅਪਨੇ ਜਾਨਿ ਹਕਾਰੇ। ਗਨ ਬਿਘਨ ਅਘਨ ਕੋ ਟਾਰੇ'। ਕਰ ਕਮਲ ਉਤੰਗ ਉਠਾਯੋ। ਨਿਜ ਸੰਗਤਿ ਕੋ ਹਰਖਾਯੋ ॥੧੨ ॥ ਸਨਮਾਨ ਮਹਾਨ ਬਖਾਨਾ। ਬੈਠਾਰੇ ਕ੍ਰਿਪਾਨਿਧਾਨਾ। ਪੁਨ ਸਭਿਹਿਨਿ ਮਿਲਿ ਕਰਿ ਭਾਖਾ।'ਗੁਰ ਪੂਰਨ ਕਰਹੁ ਭਿਲਾਖਾ॥ ੧੩॥ ਹਮ ਅਪਨੇ ਅਪਨੇ ਪੁਰਿ ਕੇ। ਧਨ ਇਕਠੋ ਕਰਿ ਹਿਤ

[1]ਅਨੰਦ। [2]ਦਸਤਾਰ। [3]ਜੜਤ ਨਾਲ ਜੜੀ ਹੋਈ। [4]ਮੋਤੀਆਂ ਨਾਲ। [5]ਨੌਂ ਰਤਨਾਂ ਵਾਲੇ ਬੁਹੱਟੇ। [6]ਸ਼੍ਰੀ ਸਾਹਿਬ। [7]ਪਾਂਡਵਾਂ ਦੇ ਸ਼ਰੀਰਾਂ ਵਾਂਗ ਦੇਹਾਂ ਹਨ।

*ਪਾਃ—ਮੁਕਤਾਨ ਬੱਜ਼ੂ ਜੁਤਿ। †ਪਾਃ—ਦੀਹ।

ਗੁਰਕੇ। ਸਭਿ ਦਈ ਚਹੈਂ ਪਹੁਨਾਈ[੧]।ਜੋ ਸਭਿ ਬਰਾਤ ਸਮੁਦਾਈ ॥੧੪॥ ਦਿਨ ਇਕ ਇਕ ਦੇਇਂ ਅਹਾਰਾ। ਚਿਤ ਇਹੀ ਮਨੋਰਥ ਧਾਰਾ। ਬਿਨਤੀ ਜੁਤਿ ਪ੍ਰੇਮ ਬਖਾਨੀ।ਸੁਨਿ ਕਲਗੀਧਰ ਮਨ ਮਾਨੀ॥੧੫॥ਸੀਰਿੰਦੀ ਸੰਗਤਿ ਜੋਈ। ਦਿਨ ਪ੍ਰਥਮ ਕਰਤਿ ਭੀ ਸੋਈ। ਪੁਨ ਕੀਨਸਿ ਰੋਪਰ ਕੇਰੀ। ਹੁਸ਼ਿਆਰਪੁਰੇ ਬਹੁਤੇਰੀ ॥ ੧੬ ॥ ਬਹੁ ਦਿਨ ਗੁਰ ਕੀਨਿ ਮੁਕਾਮੂ। ਬ੍ਰਿਧ[੨] ਉਤਸਵ ਭਾ ਅਭਿਰਾਮੂ। ਜਿਮ ਸਜੀ ਬਰਾਤ ਸੁਹਾਈ। ਤਿਮ ਰਹੀ ਤਹਾਂ ਸਮੁਦਾਈ ॥ ੧੭ ॥ ਨਿਤ ਸੁੰਦਰ ਬਿਬਿਧਿ ਅਹਾਰਾ। ਦੇ ਸੰਗਤਿ ਸ੍ਵਾਦ ਉਦਾਰਾ। ਗਨ ਕੌਤਕ ਕਰਨੇ ਹਾਰੇ। ਬਹੁ ਕਰਹਿਂ,ਬਰਾਤ ਨਿਹਾਰੇ ॥੧੮॥ [੩]ਧਨ ਪ੍ਰਾਪਤਿ ਹ੍ਵੈ ਸਮੁਦਾਯਾ।ਨਟ ਬਾਜੀਗਰ ਕੀ ਮਾਯਾ[੩]*।ਬਡ ਮੇਲਾ ਦਿਨ ਪ੍ਰਤਿ ਹੋਵੈ।ਉਰ ਹਰਖਹਿਂ ਜੋ ਨਰ ਜੋਵੈਂ॥੧੯॥ਹੁਇ ਤ੍ਯਾਰ ਅਹਾਰ ਹਕਾਰੇ। ਗਨ ਬਾਦਿਤ[੪]ਬਜਤਿ ਪਧਾਰੇ। ਰਮਨੀਕ ਥਾਨ ਬੈਠਾਇ।ਕਰਿ ਫਰਸ਼ ਭਲੇ ਸੁਧਰਾਇ॥੨੦॥ਜਲ ਲੇ ਕਰਿ ਪਾਨ ਪਖਾਰੇ[੫]।ਪੁਨ ਪਹੁੰਚਿ ਪਰੋਸਨਹਾਰੇ। ਧਰਿ ਸਭਿਨਿ ਅਗਾਰੀ ਥਾਰਾ। ਬਹੁ ਸ੍ਵਾਦਲ ਪਾਇ ਅਹਾਰਾ ॥ ੨੧ ॥ ਜੇ ਸਪਤ ਬਿਧਿਨਿ ਪਕਵਾਨਾ। ਬਿਚ ਮੇਵੇ ਮਿਲੇ ਮਹਾਨਾ। ਦਧਿ ਸਾਥ ਬਿਸਾਲ ਮਸਾਲੇ। ਗਨ ਬਰੇ ਪਕੌਰੇ ਡਾਲੇ ॥ ੨੨॥ ਸਭਿ ਅਚਵਤਿ ਸ੍ਵਾਦ ਸਰਾਹੈਂ। ਪੁਨ ਸੂਖਮ ਚਾਵਰ ਚਾਹੈਂ।ਜੁਗ ਰੀਤਿਨਿ ਕੇ ਤਬਿ ਲ੍ਯਾਇ।ਇਕ ਮਧੁਰ, ਸਲਵਨ ਮਿਲਾਇ ॥੨੩॥ ਬਹੁ ਸਾਵਰ[੬]ਗਰੀ ਬਿਸਾਲੇ।ਗਨ ਚਤੁ-ਰਨ† ਕਰਿ ਬਿਚ ਡਾਲੇ। ਖਟ ਰਸ ਕੋ ਅਚਵਤਿ ਸਾਰੇ। ਗੁਰ ਕੀਰਤਿ ਕਰਤਿ ਉਦਾਰੇ ॥੨੪॥ ਬਹੁ ਮਿਲੀ ਨਾਗਰੀ[੭] ਨਾਰੀ। ਤਨ ਭੂਖਨ ਬਸਨ ਸ਼ਿੰਗਾਰੀ। ਕਲ[੮]ਕੋਕਿਲ ਕੰਠੀ ਗਾਵੈਂ।ਦ੍ਰਿਗ ਖੰਜਨ ਅੰਜ ਨਚਾਵੈਂ[੯]॥੨੫॥ ਨਰ ਜੇ ਬਰਾਤਿ ਅਭਿਰਾਮੂ।ਦੇਂ ਗਾਰੀ‡ਲੈ ਕਰਿ ਨਾਮੂ।ਸਭਿ ਰਿਦੈ ਅਨੰਦ ਵਧਾਵੈਂ। ਹੈਂ ਗਾਰਿ ਤਊ ਮਨ ਭਾਵੈਂ ॥ ੨੬ ॥ ਰਸ ਰੰਗ ਸਮੈ ਤਿਸ ਹੋਵੈ।

---

[੧]ਭਾਵ ਬ੍ਰਾਤ ਨੂੰ ਪ੍ਰਸ਼ਾਦ ਛਕਾਇਆ ਚਾਹੁੰਦੇ ਹਾਂ।[੨]ਬਹੁਤ ਭਾਰੀ।[੩]ਨਟਾਂ (ਤੇ) ਬਾਜੀਗਰਾਂ, ਤਮਾਸ਼ਾ ਕਰਨ ਵਾਲਿਆਂ ਨੂੰ ਬਹੁਤਾ ਧਨ ਪ੍ਰਾਪਤ ਹੋਯਾ। [ਮਾਯਾ ਮਾਯਕ ਖੇਲ, ਤਮਾਸ਼ਾ। [੪]ਵਾਜੇ। [੫]ਹੱਥ ਧੋਤੇ। [੬]ਸਾਵਰਗੀ, ਸੁਕਾ ਹੋਇਆ ਸਾਵੇ ਰੰਗ ਦਾ ਮੇਵਾ। [੭]ਨਗਰ ਦੀ। (ਅ) ਚਤੁਰ। [੮]ਸੁੰਦਰ। [੯]ਮਮੋਲਿਆਂ ਤੇ ਕਵਲਾਂ ਵਰਗੀਆਂ ਅੱਖੀਆਂ ਮਟਕਾਉਂਦੀਆਂ ਹਨ। (ਅ) ਮਮੋਲੇ ਵਰਗੇ ਨੈਣ ਜਿਨ੍ਹਾਂ ਵਿਚ ਸੁਰਮਾ ਪਿਆ ਹੈ ਨਚਾਉਂਦੀਆਂ ਹਨ।

*ਏਹ ਰਾਜ ਘਰਾਂ ਦੇ ਵਰਤਾਰੇ ਕਵੀ ਜੀ ਦੇ ਸਮੇਂ ਦੇ ਹਨ। ਸਤਿਗੁਰਾਂ ਦੇ ਦੁਆਰੇ ਤਾਂ ਹਰੀ ਜਸ ਤੇ ਕੀਰ-ਤਨ ਹੁੰਦਾ ਸੀ।

†ਪਾਃ—ਤੂਰਨ।

‡ਦੇਖੋ ਰਾਸ ੫ ਅੰਸੂ ੬੦ ਅੰਕ ੨੩ ਦੀ ਹੇਠਲੀ ਟੂਕ।

ਮਦ ਧਰਤਿ ਪਰਸਪਰ ਜੋਵੈਂ*।ਅਰਿ ਸਨੇ ਸਨੇ ਸ਼ੁਭ ਅਸਨਾ। ਮੁਸਕਾਇ ਦਿਪੈ ਦੁਤਿ ਦਸਨਾ ॥੨੭॥ ਮਨ ਸਭਿ ਕੇ ਤਬਿ ਬਿਰਮਾਵੈਂ। ਨਹਿਂ ਉਠਨਿ ਕਿਸੂ ਮਨ ਭਾਵੈ। ਸੁਖ ਪਾਇ ਭਨੈਂ ਬਚ ਐਸੇ । 'ਅਸ ਉਤਸਵ ਕਿਤਹੂੰ ਨ ਕੈਸੇ' ॥੨੮॥ ਉਰ ਬਿਸਰਯੋ ਦੇਸ਼ ਰੁ ਕਾਲਾ। ਅਸ ਆਨੰਦ ਭਯੋ ਬਿਸਾ-ਲਾ। ਤਬਿ ਨੀਠ ਨੀਠ ਲੇ ਪਾਨੀ। ਸਭਿ ਕਰੇ ਪਖਾਰਨਿ ਪਾਨੀ[੧] ॥ ੨੯ ॥ ਪੁਨ ਦੀਨਿ ਗਿਲੌਰੀ[੨] ਖਾਨੇ। ਮੁਖ ਰੰਗ ਸੁਰੰਗੀ ਬਾਨੇ[੩]। ਧਨ ਜਥਾ ਜੋਗ ਤਹਿਂ ਦੀਨਾ। ਉਠਿ ਗਮਨੇ ਗੁਰੂ ਪ੍ਰਬੀਨਾ ॥੩੦॥ ਦ੍ਵਿਜ ਅੱਗ੍ਰ ਆਇ ਤਬਿ ਭਾਖਾ। ਸਭਿ ਤ੍ਰੀਯਨਿ ਕੀ ਅਭਿਲਾਖਾ। ਗੁਰ ਦੂਲਹੁ ਇਤ ਚਲਿ ਆਵੈਂ। ਕੁਲ ਰੀਤੀ ਸ਼ਗਨ ਮਨਾਵੈਂ ॥ ੩੧ ॥ ਇਮ ਕਹਿ ਕਰਿ ਤਹਿਂ ਲੇ ਚਾਲਾ। ਜਹਿ ਮਿਲੀ ਏਕ ਥਲ ਬਾਲਾ[੪]। ਹਸਿ ਗਏ ਅਨੰਦ ਬਿਲੰਦੇ। ਦ੍ਰਿਗ ਦਲ ਅਰਬਿੰਦ ਮਨਿੰਦੇ[੫] ॥੩੨॥ਸੈਯਾ॥ ਦੇਖਿ ਸਰੂਪ ਬਿਸ਼ੇਖ ਹੀ ਦੂਲਹੁ ਆਨੰਦ ਤੇ ਬਤਰਾਵਤਿ ਹੈਂ[੬]। 'ਸੁੰਦਰ ਅੰਗ ਪ੍ਰਲੰਬ[੭] ਭੁਜਾ, ਅਰਬਿੰਦ ਬਿਲੋਚਨ ਭਾਵਤਿ ਹੈਂ'। ਕੋਚਿਤ ਜਾਨਤਿ ਹੈਂ ਗੁਰ ਪੂਰਨ ਹੇਰਤਿ ਸੀਸ ਨਿਵਾਵਤਿ ਹੈਂ। ਹਾਸ ਬਿਲਾਸ ਪ੍ਰਕਾਸ਼ ਕਰੈਂ ਇਕ ਪ੍ਰੇਮ ਭਰੀ ਬਲਿ ਜਾਵਤਿ ਹੈਂ ॥ ੩੩ ॥ ਹਾਕਲ ਛੰਦ ॥ 'ਜਿਮ ਜੀਤਕੁਇਰ[੮] ਤਨ ਰੂਰਾ। ਤਿਮ ਦੂਲਹੁ ਬਰ[੯] ਗੁਰ ਪੂਰਾ। ਇਹ ਸੁੰਦਰ ਇਕ ਸਮ ਜੋਰੀ। ਮਿਲਿ ਜੀਵਹੁ ਬਰਖ ਕਰੋਰੀ॥ ੩੪ ॥ ਬਡਭਾਗਨ ਹੁਇ ਗੁਰਦਾਸੀ।ਫਲ ਭਯੋ ਤਪੇ ਤਪ ਰਾਸੀ[੧੦]।[੧੧]ਜਿਮ ਚਿਤ੍ਰਾ ਸਾਰ†ਸਮੇਤਾ। ਦੁਤਿ ਬਿੰਦ ਚੰਦ ਸੁਧ ਹੇਤਾ[੧੧] ॥੩੫॥ ਘਨਸ਼ਾਮ[੧੨] ਸਾਥਸਤਿਭਾਮਾ[੧੩]।ਜਿਮ ਮਿਲੀਰਹਤਿ ਸੁਖਧਾਮਾ।ਗੁਰਪੂਰਨਸੋਂਤਿਮਜੀਤੋ। ਬਹੁ ਸ਼ੋਭਹਿ ਆਨੰਦ ਚੀਤੋ[੧੪]॥੩੬॥ਜਿਮ ਰਾਮਚੰਦ ਅਰੁ ਸੀਤਾ।ਨਿਜ ਪ੍ਰੇਮ ਨਿਬਾਹਨ ਕੀਤਾ'। ਚਖ ਚਪਲ ਚਾਰੁ ਸੀ ਚਾਰੂ[੧੫] । ਚਿਤਵੰਤਿ ਰੂਪ ਸੁ ਕੁਮਾਰੂ ॥ ੩੭ ॥ ਇਮ ਬੋਲਤਿ ਸ਼ਗੁਨ ਮਨਾਏ। ਗੁਰ ਕੋ ਪਿਖਿ ਅਨੰਦ

---

[੧]ਹੱਥ ਧੋਤੇ। [੨]ਪਾਨਾਂ ਦੇ ਬੀੜੇ। [੩]ਬਣ ਗਏ। [੪]ਇਸਤ੍ਰੀਆਂ। [੫]ਕਵਲ ਦੇ ਪਤਿਆਂ ਵਰਗੇ [੬]ਗਲਾਂ ਕਰਦੀਆਂ ਹਨ। [੭]ਲੰਮੀਆਂ। [੮]ਨਾਮ ਹੈ (ਗੁਰੂ ਜੀ ਦੇ ਮਹਿਲਾਂ ਦਾ)। [੯]ਸ੍ਰੇਸ਼ਟ । [੧੦]ਬਹੁਤ। [੧੧]ਜਿਵੇਂ (ਸਾਰ ਸਮੇਤਾ=) ਸ੍ਰੇਸ਼ਟਤਾ ਵਾਲੀ ਚਿਤ੍ਰਾ ਦਾ ਬਹੁਤੀ ਸੁੰਦਰਤਾ ਵਾਲੇ ਚੰਦ ਨਾਲ ਸ਼ੁੱਧ ਹਿਤ ਹੈ [ਚਿੱਤ੍ਰਾ=ਚੰਦ੍ਰਮਾਂ ਦੀ ਇਸਤ੍ਰੀ, ਤਾਰਾ] । [੧੨]ਕ੍ਰਿਸ਼ਨ। [੧੩]ਕ੍ਰਿਸ਼ਨ ਜੀ ਦੀ ਵਿਆਹੁਤਾ ਇਸਤ੍ਰੀ । [੧੪]ਅਨੰਦ ਚਿਤ ਵਾਲੀ । [੧੫]ਸੁੰਦਰ (ਇਸਤ੍ਰੀਆਂ) ਚਪਲ ਤੇ ਸੁਹਣੇ ਨੇਤ੍ਰਾਂ ਨਾਲ.....। *ਦੇਖੋ ਰਾਸ ੪ ਅੰਸੂ ੧੩ ਅੰਕ ੩੬ ਦੀ ਹੇਠਲੀ ਟੂਕ। †ਪਾ:-ਸ੍ਰਾਤ।

ਉਪਾਏ। ਚਹੂੰ ਓਰ ਮਿਲੀ ਸਮੁਦਾਏ। ਲਖਿ ਮਹਿੰਮਾ ਸੀਸ ਨਿਵਾਏ॥੩੮॥ ਸੈਯਾ ॥ ਸਾਸ ਤਬੈ ਬਡਭਾਗ ਭਰੀ ਨਿਜ ਅੰਕ ਬਿਠਾਇ ਸਨੇਹ ਮਹਾਨਾ। ਸੀਸ ਪੈ ਹਾਥ ਕੋ ਫੇਰਿ ਸਰਾਹਤਿ, ਡੀਠ ਲਗੈ ਨਹਿਂ, ਭੈ ਮਨ ਮਾਨਾ। ਸਾਰੀਆਂ ਸਾਰੀਆਂ[1] ਹ੍ਵੈ ਬਲਿਹਾਰੀਆਂ, ਗਾਰੀਆਂ ਹਾਸ ਕਰੈਂ ਬਿਧਿ ਨਾਨਾ॥ ਬੋਲਤਿ ਮਾਧੁਰ ਪ੍ਰੇਮ ਧਰੇ ਉਰ ਸ਼੍ਰੀ ਗੁਰ ਜੋਗ ਹੀ ਤਾਂਹਿ[2] ਬਖਾਨਾ ॥ ੩੯॥ ਯੌ ਮਿਲਿਕੈ ਸਭਿਕੋ ਸ਼ੁਭ ਰੀਤਿ ਬਿਲਾਸਤਿ ਹਾਸ ਕਰੈਂ ਮਨ ਭਾਇ।ਜਾਨਿ ਸਮੈ ਨਿਕਸੇ ਤਬਿਹੂੰ ਜਨਵਾਸ ਬਿਖ਼ੈ ਕਲਗੀਧਰ ਆਇ।ਬੈਠਿ ਸਿੰਘਾਸਨਿ ਪੀਠ[3] ਸੁਹਾਵਤਿ ਆਵਤਿ ਭੇ ਸਭਿ[4] ਸੀਸ ਨਿਵਾਏ। ਹ੍ਵੈ ਪਰਿਵਾਰਤਿ ਬ੍ਰਿੰਦ ਥਿਰੇ ਜਨੁ ਬੀਚ ਸੁ ਪੂਰਨ ਚੰਦ[5] ਸੁਹਾਏ॥ ੪੦॥ ਦੋਹਰਾ॥ ਸੰਗਤਿ ਬਿਨਤੀ ਦੀਨ ਹ੍ਵੈ ਕਰਿ ਕਰਿ ਜੋਰਤਿ ਹਾਥ। ਰਾਖਯੋ ਸਿਵਰ ਉਤਾਰ ਤਹਿਂ ਅਧਿਕ ਪ੍ਰੀਤ ਕੇ ਸਾਥ॥ ੪੧॥ ਕੇਤਿਕ ਬਾਸੁਰ ਸਤਿਗੁਰੂ ਕੀਨੋ ਸਿਵਰ ਮੁਕਾਮ। ਪਿਖਿ ਸੰਗਤਿ ਕੇ ਭਾਉ ਕੋ ਕਰਹਿਂ ਪੂਰਨੋ ਕਾਮ[6]।੪੨॥ ਕੌਤਕ ਹੋਤਿ ਅਨੇਕ ਬਿਧਿ ਮੇਲਾ ਭਯੋ ਬਿਸ਼ਾਲ। ਧਨ ਖਾਟਹਿਂ ਨਿਜ ਲਾਭ ਕੋ ਸਤਿਗੁਰ ਪਿਖਹਿਂ ਨਿਹਾਲ॥ ੪੩ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਜਾਹ' ਪ੍ਰਸੰਗ ਬਰਨਨੰ ਨਾਮ ਚਤੁਰਦਸ਼ਮੋ ਅੰਸੂ ॥ ੧੪ ॥

੧੫. [ਬਰਛੇ ਨਾਲ ਚਸ਼ਮਾ ਚਲਾਉਣਾ]।

ਦੋਹਰਾ ॥ ਪੋਸ਼ਿਸ਼ ਸੂਖਮ ਬਸਨ ਕੀ ਅਧਿਕ ਜਿ ਬਨੀ ਨਵੀਨ। ਨਿਤ ਪਖਾਰਿਬੋ ਹੋਹਿ ਤਿਨ, ਪਹਿਰਹਿਂ ਗੁਰੂ ਪ੍ਰਬੀਨ ॥੧॥ ਸੈਯਾ॥ ਪੀਤ ਦੁਕੂਲ[7] ਧਰੇ ਦੁਤਿ ਮੂਲ ਤੁਰੰਗ ਅਰੂਢਤਿ ਆਪ ਸਿਧਾਰੇ।ਜਾਤਿ ਬਜਾਰਨਿ ਬੀਚ ਪ੍ਰਭੂ ਨਰ ਨਾਰਿ ਚਹੂੰਦਿਸ਼ਿ ਬੰਦਨ ਧਾਰੇ। ਚੰਚਲ ਚਾਰੁ ਚਲਾਇ ਫੰਦਾਵਤਿ ਸ਼ੋਭਤਿ ਹਯ ਇਸ ਭਾਂਤਿ ਉਦਾਰੇ।ਸੰਝ ਸਮੈ ਘਨ ਜਯੋਂ ਚਢਿ ਮੋਰ ਪੈ ਜਾਤਿ ਨਚਾਵਤ ਮਾਰਗ*ਸਾਰੇ[8]॥੨॥ਆਇ ਗਯੋ ਧੁਬੀਆ[9] ਅਗਵਾਇ,ਦੁਊ ਕਰ ਜੋਰਤਿ ਏਵ ਬਖਾਨਾ।'ਰਾਵਰ ਕੇ ਨਿਤ ਚੀਰ ਪਖਾਰਤਿ, ਸੋ ਤਨ ਧਾਰਤਿ ਹੋ ਹਿਤ ਠਾਨਾ[10], ਆਏ ਬਰਾਤ ਸਮੇਤ ਇਹਾਂ ਮਲਹੀਨ[11] ਸੁ ਨੀਰ ਨਹੀਂ

[1]ਸੱਭੇ ਸਾਲੀਆਂ। [2]ਤਿਸ (ਸ਼੍ਰੀ ਜੀਤ ਕੌਰ ਜੀ) ਨੂੰ ਗੁਰੂ ਜੀ ਦੇ ਜੋਗ। [3]ਦੀ ਪਿੱਠ ਤੇ। [4](ਜੋ) ਆਏ ਤਿਨ੍ਹਾਂ ਸਭਨਾਂ ਨੇ। [5]ਪੂਰਨਮਾਂ ਦਾ ਯਾ ਪੂਰਾ ਚੰਦ। [6]ਇੱਛਾ। [7]ਦੁਪੱਟਾ, ਬਸਤ੍ਰ। [8]ਜਿਵੇਂ ਤ੍ਰਿਕਾਲਾਂ ਸਮੇਂ ਬਦਲ ਚੜ੍ਹੇ ਤੇ ਮੋਰ (ਨਚਦਾ ਹੈ) ਤਿਵੇਂ ਰਾਹ ਵਿਚ ਨਚਾਂਵਦੇ ਜਾਂਦੇ ਹਨ (ਘੋੜਾ) ਸਾਰੇ ਜਣੇ। [9]ਧੋਬੀ। [10]ਭਾਵ ਜਿਨ੍ਹਾਂ ਨੂੰ ਤੁਸੀਂ ਖੁਸ਼ੀ ਨਾਲ ਪਹਿਰਦੇ ਹੋ। [11]ਮੈਲ ਤੋਂ ਬਿਨਾਂ, ਨਿਰਮਲ।

*ਪਾ:—ਭਾਵਤਿ।

ਕਿਸ ਥਾਨਾ। ਹੇਰਿ ਫਿਰਯੋ ਚਹੁੰ ਓਰ ਭਲੇ,ਨਹਿ ਪ੍ਰਾਪਤਿ ਭਾ ਚਿਤ ਚਿੰਤ ਮਹਾਨਾ ॥ ੩ ॥ ਪੋਸ਼ਿਸ਼ ਨੀਤ ਉਤਾਰਤਿ ਹੋ, ਇਕਠੀ ਮਮ ਤੀਰ[1] ਭਈ ਸਮੁਦਾਈ। ਆਪ ਕਰੋ ਅਬਿ ਆਇਸੁ ਜਾਂ ਬਿਧਿ, ਤਯੋਂ ਕਰਿਹੌਂ ਪਟ ਹੇਤੁ ਉਪਾਈ'। ਸ਼੍ਰੀ ਕਲਗੀਧਰ ਬੇਨਤੀ ਕੋ ਸੁਨਿ ਸੈਲ[2] ਸਮੀਪ ਗਏ ਤਿਸ ਥਾਈਂ। ਸੰਗ ਕ੍ਰਿਪਾਲ[3] ਹੈ, ਮਾਨਵ ਜਾਲ ਹੈਂ, ਧੋਬੀ ਸੁ ਨਾਲ ਹੈ ਜਾਹਿ ਜਨਾਈ॥੪॥ਸੰਗੋ ਕੇ ਹਾਥ ਹੁਤੋ ਬਰਛਾ,ਫਲ ਤੀਛਨ ਭੀਛਨ ਮਾਨੁਫਨੀ[4]। ਸ਼੍ਰੀ ਕਲਗੀਧਰ ਹਾਥ ਮੈ ਲੀਨਿ, ਭ੍ਰਮਾਇ ਕੈ ਨੀਚੇ ਕੋ ਕੀਨਿ ਅਨੀ। ਦੇਖਤਿ ਹੈਂ ਚਹੁੰ ਓਰ ਘਨੇ ਜਨ,ਤੋਲ ਕੈ ਓਜ ਤੇ ਭੂਮ ਹਨੀ।ਦੀਹ ਗਡਯੋ ਦ੍ਰਿੜ[5] ਠਾਵ ਭਯੋ ਤਬਿ ਸ਼੍ਰੀ ਮੁਖ ਤੇ ਸਭਿ ਸੰਗ ਭਨੀ॥੫॥'ਐਂਚਿ ਨਿਕਾਸਹੁ ਓਜ ਪ੍ਰਕਾਸ਼ਹੁ[6] ਨੀਰ ਭਲੋ ਨਿਕਸੈ ਇਸ ਨੀਚੇ'। ਸੰਗੋ ਤੁਰੰਗ ਤੇ ਜਯੋ* ਉਤਰਯੋ, ਬਲ ਧਾਰਿ ਬਿਸਾਲ ਕੋ ਊਪਰ ਖੀਚੇ। ਸੋ ਨ ਪਟਯੋ ਬਿਸਮਾਇ ਹਟਯੋ, ਬਡ ਪ੍ਰਾਕ੍ਰਮ ਜਾਨਿ ਲਯੋ ਗੁਰ ਬੀਚੇ।-ਮੈਂ ਤਰੁਨਾਪਨ ਕੋ ਅਬਿ ਪ੍ਰਾਪਤਿ[7], ਏ ਲਘੁ ਬੈਸ ਨਹੀਂ ਬਲ ਸੀਚੇ[8]-॥ ੬ ॥ ਹਯ ਕੇ ਅਸਵਾਰ ਗੁਰੂ ਬਲ ਧਾਰਿ ਉਖਾਰ ਲਯੋ ਬਰਛਾ ਤਤਕਾਲਾ। ਫਲ ਟੂਟਯੋ ਨਹੀਂ, ਦ੍ਰਿਢ ਜੁਟਯੋ ਤਥਾ[9] ਜਲ ਛੂਟਯੋ ਬਡੋ ਤਹਿਂ ਤੇ ਬਹਿ ਚਾਲਾ[10]।ਪਿਖਿਦੂਸਰੇ ਭ੍ਰਾਤ ਧਰੀ ਚਿਤ ਮੈਂ-ਜੁਗ ਹਾਥ ਕਿ ਜੋਰ ਤੇ ਲੇਤਿ ਨਿਕਾਲਾ[11]-। ਮਨ ਜਾਨਿ ਪ੍ਰਭੂ ਪੁਨ ਭੂਮ ਹਨਯੋ[12], ਤਬਿ ਪਾਥਰ ਫੋਰ ਧਸਯੋ ਸੁ ਬਿਸਾਲਾ॥੭॥ ਦੂਸਰੇ ਸਾਥ ਕਹਯੋ 'ਲਿਹੁ ਐਂਚ', ਸੁਨਯੋ ਤਤਕਾਲ ਗਹਯੋ ਬਲ ਲਾਏ। ਦੋਨੋਂ ਹਾਥਨ ਪੈਰਜਮਾਇ,ਨਿਕਾਸਨ ਚਾਹਿ,ਨਹੀਂ ਨਿਕਸਾਏ।ਹੇਰਿ ਹਟਯੋ ਮੁਖ ਕੀਨਿ ਤਰੇ ਕਹੁ[13],ਸ਼੍ਰੀ ਗੁਰ ਪ੍ਰਾਕ੍ਰਮ ਤੇ ਬਿਸਮਾਏ। ਦੇਖਿ ਕ੍ਰਿਪਾਲ ਸੁ ਮਾਤੁਲ ਨੇ, ਬਡਿਆਈ ਜਨਾਇ ਭਲੇ ਸਮੁਝਾਏ[14]॥੮॥ 'ਆਪ ਤੁਰੰਗ ਪੈ ਹਾਥਨਿ ਸਾਥ ਨਿਕਾਸਨ ਕੀਨਿ ਛੁਟੀ ਜਲਧਾਰ।ਦੌਨ[15] ਤੇ ਨਿਰਮਲ ਨੀਰ

[1]ਮੇਰੇ ਪਾਸ। [2]ਪਹਾੜ। [3]ਮਾਮਾ ਕ੍ਰਿਪਾਲ ਜੀ। [4]ਤਿੱਖਾ ਫਲ ਮਾਨੋਂ ਭਯਾਨਕ ਸੱਪ ਹੈ।[5](ਜ਼ਮੀਨ ਵਿਚ ਬਰਛਾ) ਬਹੁਤਾ ਗਡ ਗਿਆ। [6]ਦਿਖਾਓ। [7]ਭਾਵ ਮੈਂ ਜਵਾਨੀ ਵਿਚ ਹਾਂ। [8]ਭਾਵ ਅਜੇ ਪੂਰਾ ਬਲ ਇਨ੍ਹਾਂ ਵਿਚ ਨਹੀਂ। [9]ਪਹਿਲੇ ਵਾਂਗ ਲੱਗਾ ਰਿਹਾ (ਫਲ ਦਸਤੇ ਨੂੰ)। [10]ਵਹਿ ਟੁਰਿਆ। [11]ਮੈਂ ਦੋ ਹੱਥਾਂ ਦੇ ਜ਼ੋਰ ਨਾਲ ਨਿਕਾਲ ਲੈਂਦਾ। [12]ਫੇਰ ਧਰਤੀ ਤੇ ਮਾਰਿਆ। [13]ਹੇਠਾਂ ਨੂੰ। [14]ਮਾਮਾ ਕ੍ਰਿਪਾਲ ਜੀ ਨੇ ਦੇਖਕੇ (ਸਤਿਗੁਰੂ ਜੀ ਦੀ) ਵਡਿਆਈ ਦੱਸ ਕੇ (ਸੰਗੋ ਆਦਿ ਨੂੰ) ਚੰਗੀ ਤਰ੍ਹਾਂ ਸਮਝਾਇਆ। [15](ਬਰਛੇ ਦੇ) ਦੋਹਾਂ (ਟੱਕਾਂ ਤੋਂ)।

*ਪਾ:-ਤੁਰੰਗ ਤਰੇ।

ਚਲਯੋ ਅਵਲੋਕਿ ਅਚੰਭ ਸਭੈ ਤਬਿ ਧਾਰਾ। ਜਨੋਂ ਜਲ ਹ੍ਵੈ ਸਲਿਤਾ ਬਡ ਕੋ
ਕਿਤ ਤੇ ਇਹੁ ਆਵਤਿ ਬੇਗ ਉਦਾਰਾ। ਹਾਥ ਪ੍ਰਮਾਨ ਧਸ੍ਯੋ ਬਰਛਾ ਤਿਸ
ਤੇ[੧] ਅਬਿ ਛੂਟ ਚਲ੍ਯੋ ਜਲ ਨਾਰਾ[੨]"॥੯॥ਮਾਤੁਲ ਬਾਤ ਕਹੀ'ਸੁਨੀਏਂ ਪ੍ਰਭੁ
ਜੂ! ਜੁਗ ਧਾਰ ਚਲੀ ਜਲਕੀ। ਕੀਜਿਯੇ ਆਪ ਤ੍ਰਿਬੈਨੀ ਇਹਾਂ ਦਰਸੈ
ਸਭਿ ਸੰਗਤਿ ਪਾਛਲਕੀ। ਸੈਂਕਰੇ ਸੰਬਤ ਰਿੱਨ੍ਹੂਤ ਹ੍ਵੈ ਇਹ ਸਾਖ[੩] ਰਹੈ
ਤੁਮਰੇ ਬਲ ਕੀ।ਬਨਾਹ ਭਯੋ ਸਭਿ ਲੋਕ ਲਖੈਂ[੪] ਬਿਥਰੈ ਮਹਿਮਾ ਇਮ ਧਾ
ਬਲ ਕੀ' ॥ ੧੦ ॥ ਸ੍ਰੀ ਕਲਗੀਧਰ ਹਾਥ ਉਭਾਰਿ ਪ੍ਰਹਾਰ ਕਰ੍ਯੋ ਪੁਨ
ਤੀਸਰ ਬਾਰੀ।ਫੇਰ ਨਿਕਾਸਨਿ ਕੀਨਿ[੫] ਮਹਾਂਬਲਿ,ਤੀਨ ਸਥਾਨ ਬਹ੍ਯੋ ਪੁਨ
ਬਾਰੀ[੬]।ਦੇਖਤਿ ਸੰਗਤਿ ਕੇ ਗਨ ਮਾਨਵ ਬਾਰਹਿ ਬਾਰ ਸੁ ਦੇਂ ਮਨ ਬਾਰੀ[੭]।
ਹੋਤਿ ਭਈ ਬਿਸਤੀਰਨ ਕੀਰਤਿ, ਜਨੋਂ ਬਹੁ ਮਾਲਤੀ ਕੀ ਫੁਲਬਾਰੀ[੮] ॥
੧੧॥ ਸ੍ਰੀ ਮੁਖ ਤੇ ਫੁਰਮਾਵਨਿ ਕੀਨਿ'ਅਹੋ ਧੁਬੀਆ! ਸਭਿ ਚੀਰ ਹਮਾਰੇ।
ਜਾਵਦ ਹੈਂ ਇਸ ਥਾਨ ਮਝਾਰਹਿ, ਤਾਵਦ ਨੀਕਹਿ ਲੇਹੁ ਪਖਾਰੇ'। 'ਧੰਨ
ਗੁਰੂ' ਮੁਖ ਤੇ ਕਹਿਕੈ ਸਭਿ ਪੋਸ਼ਿਸ਼ ਪੋਟ ਧਰੀ ਸੁ ਉਤਾਰੇ। ਧੋਵਨਿ ਲਾਗ
ਧਰੇ ਅਨੁਰਾਗ ਕੇ ਪਾਗ ਤੇ ਆਦਿ ਕੀ ਮੈਲ ਬਿਦਾਰੇ ॥ ੧੨ ॥ ਆਪ ਗਏ
ਹਯ ਤੁੰਦ[੯] ਨਚਾਵਤਿ ਦੂਰਕਿਤੇਕ ਫਿਰੇ ਹਟਿ ਆਏ। ਹੋਤਿ ਭਈ ਸੁਧ ਸ੍ਰੀ
ਗੁਰ ਕਾਰ ਕੀ, 'ਨੀਰ ਨਵੀਨ ਕੋ ਨਾਰੋ[੧੦] ਚਲਾਏ। ਤੀਨ ਪ੍ਰਹਾਰ[੧੧] ਤੇ ਧਾਰ
ਚਲੀ' ਸੁਨਿ ਕੈ ਨਰ ਨਾਰਿ ਸਭੈ ਬਿਸਮਾਏ। ਜਾਤਿ ਬਿਲੋਕਨਿ ਲੋਕ
ਅਨੇਕ, ਬਿਬੇਕ ਨਿਧਾਨ[੧੨] ਕੇ ਕੌਤਕ ਗਾਏ॥ ੧੩॥ ਕੋ ਇਸ਼ਨਾਨ ਕਰੈ
ਅਚਮਾਨ[੧੩] ਕੋ,ਦੇਖਿ ਬਿਸ਼ੇਖ ਭਨੈਂ'ਬਲਵੰਤੇ।ਪੂਰਨ ਸ੍ਰੀ ਪ੍ਰਭੁ ਦੀਨ ਪੈਦਨਾਲ
ਹਤ੍ਯੋ ਜਿਨ ਰਾਵਨ ਜੁੱਧ ਕਰੰਤੇ। ਰੱਛ ਕਰੀ ਪ੍ਰਹਿਲਾਦ ਕੀ ਆਪ ਭਯੋ
ਨਰ ਸਿੰਘ ਸੁ ਦੈਤ ਕੋ ਹੰਤੇ[੧੪]।ਕ੍ਯਾ ਇਨ ਕੇ ਬਲ ਕੋ ਪਰਮਾਨ ਹੈ ਤੀਨਹੁੰ
ਲੋਕ ਪਤੀ ਭਗਵੰਤੇ[੧੫]'॥੧੪॥ਆਵਤਿ ਹੈਂ ਇਕ ਧਾਵਤਿ ਜਾਵਤਿ ਗਾਵਤਿ
ਕੀਰਤਿ ਪਾਵਨ ਕੋ। ਕੇਤਿਕ ਬਾਸੁਰ ਕੀਨਿ ਮੁਕਾਮ ਸੁ ਸੰਗਤਿ ਕੇ
ਹਰਖਾਵਨਿ ਕੋ। ਕੌਤਕ ਹੋਤਿ ਬਿਲੋਕਤਿ ਲੋਕ, ਪ੍ਰਮੋਦ ਗੁਰੂ ਗੁਨ[੧੬]

[੧]ਉਸ (ਟੱਕ) ਤੋਂ। [੨]ਨਾਲਾ। [੩]ਗਵਾਹੀ ਰਹੇਗੀ। [੪]ਜਾਣਨਗੇ। [੫]ਕੱਢਿਆ (ਬਰਛਾ)। [੬]ਸ੍ਰੇਸ਼ਟ ਜਲ। [੭]ਵਾਰ ਵਾਰ ਮਨ ਕੁਰਬਾਨ ਕਰਦੇ ਹਨ। [੮]ਫੁਲਵਾੜੀ। [੯]ਤੇਜ਼। [੧੦]ਨਾਲਾ। [੧੧]ਤਿੰਨ (ਵਾਰੀ) ਮਾਰਨ ਕਰਕੇ। [੧੨]ਭਾਵ ਗੁਰੂ ਜੀ ਦੇ। [੧੩]ਪੀਂਦੇ ਹਨ ਕਈ। [੧੪]ਨਾਸ਼ ਕੀਤਾ। [੧੫]ਤਿੰਨਾਂ ਲੋਕਾਂ ਦੇ ਪਤੀ ਭਗਵੰਤ ਹਨ। [੧੬]ਪ੍ਰਸੰਨ ਹੁੰਦੇ ਹਨ ਗੁਰੂ ਜੀ ਦੇ ਗੁਣ ਗਾ ਗਾ ਕੇ।

ਗਾਵਨਿ ਕੋ।ਭੀਰ ਬਜਾਰ ਮਝਾਰ ਹਜਾਰਨਿ ਹ੍ਵੈਬਿਵਹਾਰਕਮਾਵਨਿਕੋ॥੧੫॥ ਹੋਤਿ ਅਹਾਰ ਅਨੇਕ ਪ੍ਰਕਾਰ,ਕਰੈਂ ਹਿਤ ਧਾਰਿ ਅਚਾਇ ਅਨੰਦਤਿ। ਬ੍ਰਿੰਦ ਮਸੰਦ ਸੁ ਪ੍ਰੇਰਤਿ ਸੰਗਤਿ ਆਪਨਿ ਡੇਰੇ ਮੈਂ ਲਜਾਇ ਕੈ ਬੰਦਤਿ। ਹਾਥਨਿ ਜੋਰਿ, ਨਿਹੋਰਤਿ ਸ਼੍ਰੀ ਗੁਰ, ਦੇਤਿ ਅਕੋਰਨਿ ਦੋਸ਼ ਨਿਕੰਦਤਿ[1]। ਫੇਰ ਨਹੀਂ ਅਵਿਕਾਸ਼ ਲਹੈਂ ਅਸ[2], ਦੋਨਹੁ ਲੋਕਨਿ ਲਾਭ ਬਿਲੰਦਤਿ ॥ ੧੬ ॥ ਦੋਹਰਾ ॥ ਕਹੌਂ ਕਹਾਂ ਲਗਿ ਬਜਾਹ ਕੋ ਲਵਪੁਰਿ ਜਥਾ ਉਛਾਹ। ਮਾਨੁਖ ਤਨ ਸਫਲਾ ਕਰਜੋ ਪਹੁੰਚੇ ਮੇਲ ਜਿ ਮਾਂਹ[3] ॥੧੭॥ ਜਹਾਂ ਨਿਕਾਸਜੋ ਨੀਰ ਕੋ ਤੋਮਰ ਅਨੀ ਪ੍ਰਹਾਰਿ[4]। ਰਿੰਨ੍ਰਿਤਿ ਥਲ ਸੋ ਆਜ ਲਗ ਚਲਤਿ ਬਾਰ ਕਛੁ ਧਾਰ*॥ ੧੮ ॥ ਸੈਯਾ ॥ ਸ਼੍ਰੀ ਮੁਖ ਤੇ ਫੁਰਮਾਵਨਿ ਕੀਨਿ 'ਅਬੈ ਹਮ ਕੋ ਕਰਿ ਦੇਹੁ ਬਿਦਾ'। ਜਾਇ ਮਸੰਦ ਬਖਾਨਤਿ ਭਾ, ਸਭਿਹੀ ਬਿਧਿ ਤਜਾਰੀ ਕੋ ਠਾਨਿ ਤਦਾ[5]। ਦਾਇਜ ਆਨਿ ਧਰਜੋ ਸਗਰੋ ਗੁਰ ਕੀ ਮਰਜ਼ੀ ਉਰ ਜਾਨੀ ਜਦਾ।ਆਪ ਮਿਲੈ, ਮਿਲ ਬਾਤਭਨੈ†'ਇਹ ਆਨੰਦਯਾਦਿ ਰਿਦੈ ਹ੍ਵੈ ਸਦਾ'॥੧੯॥ਸੁੰਦਰ ਆਨਿ ਤੁਰੰਗਮ ਕੋ ਗਰਭੂਖਨ ਪਾਇਬਿਸਾਲ ਸਜਾਏ। ਰੇਸ਼ਮੀ ਚੀਰ ਸੁਰੰਗ ਤੇ ਛਾਦਤਿ ਦੇ ਕਵਿਕਾ ਮੁਖ ਮਹਿਂ ਤਹਿਂ ਲਜਾਏ। ਯੌਂ ਸਭਿ ਤਜਾਰ ਕਰੀ ਵਸਤੂ ਇਕ ਥਾਨ ਸਕੇਲਿ ਧਰੀ[6] ਸਮੁਦਾਇ।ਡਾਸਿ ਪ੍ਰਯੰਕ, ਪਠਾਇ ਦਿਯੋ ਦਿਜ ਸ਼੍ਰੀ ਗੁਰ ਜੀ ਤਤਕਾਲ ਬੁਲਾਏ॥੨੦॥ ਬ੍ਰਿੰਦ ਮਸੰਦਨਿ ਸੰਗਤਿਮੋਂ ਪ੍ਰਭੁ ਤਜਾਰੀਸੁਨੀ ਜਬਿਹੇਤੁ ਬਿਦਾਈ।ਬਾਦਿਤ ਬਾਜ ਉਠੇ ਤਤਕਾਲ,ਕਹੀ ਮੁਖ ਬਾਤ ਨ ਦੇਤਿ ਸੁਨਾਈ।ਆਪ ਉਠੇ ਮਹਾਰਾਜ ਗੁਰੂ ਨਿਜ ਸੰਗ ਸਭਾਕੇ ਲਿਯੋਸਮੁਦਾਈ।ਜਾਇ ਨਿਵੇਸ[7]ਪ੍ਰਵੇਸ਼ ਭਏ,ਸਿਰ ਨੰਮ੍ਰਿ ਅਸ਼ੇਸ਼[8] ਉਠੇ ਅਗਵਾਈ ॥ ੨੧ ॥ਸਭਿ ਬੀਚ ਪ੍ਰਯੰਕ ਪੈ ਬੈਠਿ ਗਏ, ਚਹੂੰ ਓਰ ਨਿਹਾਰਤਿ ਹੈਂ ਨਰ ਨਾਰੀ। ਉਸ਼ਨੀਕ[9] ਜਿਗਾ ਕਲਗ਼ੀ ਕਲ ਕੁੰਡਲ ਡੋਲਕਪੋਲ ਹੁਵੈਂ ਬਲਿਹਾਰੀ‡।ਅਰਬਿੰਦਬਿਲੋਚਨ ਸੋਚਬਿਮੋਚਨ, ਛੋਰ ਸਕੋਚ[10], ਪਿਖੈਂ ਮਤਿ ਹਾਰੀ[11]। ਗਨ ਆਨਿ ਬਿਭੂਖਨ ਥਾਲ ਧਰੇ, ਬਹੁ ਬਾਸਨ ਕੋ ਧਰਿ ਕੀਨਸਿ ਤਜਾਰੀ ॥ ੨੨ ॥ ਭ੍ਰਾਟ ਨੇ ਦਾਇਜ ਪੁੰਜ

[1]ਦੋਸ਼ਾਂ ਦੇ ਨਾਸ਼ ਕਰਤਾ ਜੀ ਨੂੰ। [2]ਐਸਾ ਸਮਾਂ ਨਹੀਂ ਮਿਲੇਗਾ। [3]ਵਿਚ। [4]ਬਰਛੇ ਦੀ ਮੁਖੀ ਮਾਰਕੇ। [5]ਕਰਕੇ ਤਦੋਂ। [6]ਇਕੱਠੀ ਕਰ ਰੱਖੀ। [7]ਡੇਰੇ। [8]ਸਾਰੇ। [9]ਦਸਤਾਰ। [10]ਭਾਵ ਖੁੱਲਮ ਖੁੱਲ੍ਹਾ। [11]ਭਾਵ ਮਗਨ ਹੋਏ।

*ਇਹ ਚਸ਼ਮਾਂ ਹੁਣ ਤਕ ਜਾਰੀ ਹੈ ਗੁਰੂ ਕਾ ਲਾਹੌਰ ਆਨੰਦ ਪੁਰ ਤੋਂ ਸੱਤ ਅੱਠ ਮੀਲ ਤੇ ਹੈ।

†ਪਾ:-ਬਿਧ ਬਾਤ ਬਨੈ।

‡ਪਾ:-ਡੋਲਤਿ ਬੋਲਤਿ ਹ੍ਵੈ ਬਲਿਹਾਰੀ।

ਗਿਨਯੋ*,ਧਨ ਅੰਬਰ[੧] ਹੈਂ ਬਹੁਮੋਲਨ ਕੋ।ਆਨਿ ਬਿਠਾਈ ਤਬੈ ਦੂਲਹੀ[੨] ਬਹੁ ਰੰਗ ਸੁਹਾਇਨਿ ਚੋਲਨ ਕੇ[੩]।ਅੰਜੁਲ[੪] ਕੋ ਭਰਿ ਛੋਰਤਿ ਭਾ,ਅਨੁਸਾਰ ਭਯੋ ਦ੍ਵਿਜ ਬੋਲਨਿ ਕੇ। ਜੀਤੋ ਪਿਤਾ ਜੁਤਿ ਭਾਗ ਬਿਲੰਦ ਮਨਿੰਦ ਕਹੈਂ ਕਿਹ ਤੋਲਨ ਕੇ[੫]॥੨੩॥ਕੀਨਿ ਸਭੀ ਕੁਲ ਰੀਤਿ ਭਲੀ ਬਿਧਿ ਸ੍ਰੀ ਗੁਰ ਫੇਰ ਉਠੇ ਤਤਕਾਲਾ। ਹੋਇ ਬਿਦਾ ਘਰ ਸਾਸੁਰ ਤੇ ਨਿਕਸੇ ਅਵਿਲੋਕਤਿ ਲੋਕ ਬਿਸਾਲਾ। ਬਾਦਿਤ ਬ੍ਰਿੰਦ ਬਜੈਂ ਅਗਵਾਨ, ਸੁ ਡੇਰੇ ਮੈਂ ਆਇ ਕੈ ਤਯਾਰ ਕ੍ਰਿਪਾਲਾ।ਆਯੁਧ ਅੰਗ ਸਜਾਵਤਿ ਭੇ ਮਨ ਭਾਵਤਿ ਜੋ ਕਰਵਾਰ[੬] ਕਰਾਲਾ ॥੨੪॥ਸੰਗ ਖਤੰਗਨਿ ਪੂਰ ਨਿਖੰਗਹਿ[੭] ਅੰਗ ਸਜਾਇ ਚਢੇ ਤਬਿ ਘੋਰੇ।ਹਾਥ ਸਰਾਸਨ[੮] ਸ਼ੋਭਤਿ ਹੈ ਬਰ ਜ਼ੇਵਰ ਜੋਤਿ ਦਿਪੈ ਚਹੁੰਓਰੇ।ਹੈ ਸਖੀਆਂ ਪਰਵਾਰਤਿ[੯] ਪੁੰਜ ਮਿਲੈਂ ਦੂਲਹੀ[੧੦],ਸੁ ਚਢਾਇ ਕੈ ਡੋਰੇ।ਬ੍ਰਿੰਦ ਮਸੰਦ ਬਿਲੰਦ ਲਿਯੋ ਧਨ ਮੇਘ ਮਨਿੰਦ ਵੁਠੈ ਕਰਿ ਜੋਰੇ[੧੧] ॥ ੨੫ ॥ ਆਵਤਿ ਊਪਰਿ ਕੋ ਬਰਖਾਵਤਿ ਆਗੇ ਕਰਯੋ ਸੁਖਿਹੂਨ ਤੇ ਡੋਰਾ। ਪੰਥ ਪਰੇ ਪੁਰਿ ਆਨੰਦ ਕੋਰ ਬਿਲੋਚਨ ਲਾਗ ਰਹੇ ਤਿਤ ਓਰ। ਹੋਤਿ ਕੁਲਾਹਲ ਧੂਰ ਉਡੀ,ਗੁਰ ਦੇਖਿ ਟਿਕਾਇ ਲਿਯੋ ਨਿਜ ਘੋਰਾ। ਸੰਗ ਬਰਾਤ ਪ੍ਰਯਾਤ[੧੨] ਸੁ ਮਾਰਗ, ਹੈ ਮਨ ਬੀਚ ਅਨੰਦ ਨ ਥੋਰਾ ॥ ੨੬ ॥ ਜਯੋਂ ਧਨ ਡਾਰਤਿ ਜਾਤਿ ਭਏ, ਤਿਮ ਆਵਤਿ ਭੀ ਬਰਖਾਇ ਬਿਸਾਲਾ[੧੩]। ਜਾਚਿਕ ਦਾਰਿਦ ਦੂਰ ਦੀਓ ਕਰਿ ਜੋ ਤਹਿਂ ਆਇ ਗਏ ਤਤਕਾਲਾ।ਬ੍ਰਿੰਦ ਅਨੰਦਪੁਰੇ ਮੈਂ ਅਨੰਦ ਬਿਲੰਦਹਿ ਪ੍ਰੀਤ ਪ੍ਰਤੀਖਤਿ ਬਾਲਾ[੧੪]।ਮੰਦਰ ਮੇਘਨ[੧੫] ਤੇ ਉਮਡੀ ਤੜਿਤਾ[੧੬] ਬਹੁਰੂਪ ਭਈ ਚਲਚਾਲਾ[੧੭]॥੨੭॥ਤਬਿ ਸ੍ਰੀ ਗੁਜਰੀ ਨਿਜ ਨੰਦ ਨੁਖਾ ਜੁਤਿ[੧੮] ਦੇਖਨ ਕੌਤੁਕਲਾਵਤਿ ਹੈ।ਬਹੁਮੇਲ ਭਯੋ ਅਬਲਾ ਗਨ ਕੋ[੧੯] ਉਮਗਾਵਤਿ ਗੀਤਨ

---

[੧]ਕਪੜੇ। [੨]ਭਾਵ ਜੀਤੋ ਜੀ। [੩]ਕਪੜਿਆਂ ਦੇ। [੪]ਚੁੱਲੀ (ਪਾਣੀ ਦੀ)। [੫]ਭਾਵ ਜੀਤੋ ਜੀ ਤੇ ਉਨ੍ਹਾਂ ਦੇ ਪਿਤਾ ਦੇ ਭਾਗ ਵਡੇ ਹਨ ਉਨ੍ਹਾਂ ਭਾਗਾਂ ਨੂੰ ਕਿਸ ਦੀ ਤੁੱਲਤਾ ਦੇਈਏ ਤੋਲਨਾ ਕਰਕੇ ਭਾਵ ਵਿਚਾਰ ਕੇ। [੬]ਸ੍ਰੀ ਸਾਹਿਬ। [੭]ਬਾਣਾਂ ਦੇ ਨਾਲ ਭਰਿਆ ਹੋਯਾ ਭੱਥਾ। [੮]ਧਨੁਖ। [੯]ਸਖੀਆਂ ਨਾਲ। [੧੦]ਦੁਲਹਨ ਨੂੰ ਮਿਲਦੀਆਂ ਹਨ। [੧੧]ਵਰਖਣ ਲਗੇ ਜ਼ੋਰ ਨਾਲ। [੧੨]ਚਲਦੇ ਹਨ। [੧੩]ਆਂਵਦਿਆਂ ਭੀ ਬਹੁਤਾ ਬਰਖਾਇਆ। [੧੪]ਬਹੁਤ ਪ੍ਰੀਤੀ ਕਰ ਇਸਤ੍ਰੀਆਂ ਉਡੀਕਦੀਆਂ ਹਨ। [੧੫](ਮਾਨੋ) ਮੰਦਰਾਂ ਰੂਪੀ ਬੱਦਲਾਂ ਤੋਂ। [੧੬]ਬਿਜਲੀ। [੧੭]ਚੰਚਲ ਚਾਲ ਹੋਈ ਬਹੁਤ ਰੂਪਾਂ ਵਿਚ ਇਸਤ੍ਰੀਆਂ ਦੀ। [੧੮]ਪੁੱਤ੍ਰ ਨੂੰ ਸਹਿਤ ਨੌਂਹ ਦੇ। [੧੯]ਸਮੂਹ ਇਸਤ੍ਰੀਆਂ ਦਾ।

*ਆਸ ਨਹੀਂ ਕਿ ਦਾਜ ਖਲੇਰਿਆ ਗਿਆ ਹੋਵੇ।

ਗਾਵਤਿ ਹੈਂ। ਲਖਿ ਤੁੰਗ ਅਟਾਰਨ ਪੈ ਚਢਿ ਕੈ ਦਿਸ਼ ਆਵਤਿ ਕੀ[1] ਦ੍ਰਿਗ
ਲਾਵਤਿ ਹੈਂ।ਹਰਖਾਵਤਿ ਹੈਂ, ਬਤਰਾਵਤਿ ਹੈਂ, 'ਇਹ ਚੌਰ ਢੁਰਨੋ ਦਿਖਰਾ-
ਵਤਿ ਹੈ' ॥੨੮ ॥ ਹੋਤਿ ਕੁਲਾਹਲ ਨਾਦ ਮਹਾਂ, ਗਨ ਬਾਦਿਤ ਬਾਜ ਸੁਨਾ-
ਵਤਿ ਹੈਂ। ਰੰਗ ਅਨੇਕ ਨਿਸ਼ਾਨਨਿ ਕੇ ਪਟ ਬਾਯੁ ਲਗੇ ਫਹਿਰਾਵਤਿ ਹੈਂ।
ਧੂਲ ਉਠੈ ਬਡ ਧੂਮ[2] ਪਰੈ ਭਟ ਸੰਗ ਤੁਰੰਗ ਨਚਾਵਤਿ ਹੈਂ। ਬਾਗੇ[3] ਸੁਹਾ-
ਵਤਿ ਭਾਵਤਿ ਹੈਂ, ਬਿਹਸਾਵਤਿ ਚਾਵਤਿ[4] ਆਵਤਿ ਹੈਂ॥੨੯॥ਚਢਿ ਓਕਨ[5]
ਪੈ ਅਵਲੋਕਤਿ ਲੋਕ, ਤ੍ਰਿਯਾ ਨਿਜ ਦ੍ਵਾਰਨਿ ਦ੍ਵਾਰ ਖਰੀ।ਪੁਰਿ ਬੀਚ ਪ੍ਰਵੇਸ਼
ਭਏ ਕਲਗ਼ੀਧਰ, ਭੀਰ ਬਜ਼ਾਰ ਬਿਲੰਦ ਗਰੀ[6]। ਗਨ ਫੂਲਨ ਅੰਜੁਲ ਕੋ
ਭਰਿ ਕੈ,ਗੁਰ ਊਪਰ ਗੇਰਤਿ ਮੋਦ ਭਰੀ । ਜਨੁ ਲਾਗ ਝਰੀ ਇਸ ਰੀਤਿ
ਪਰੀ ਬਰਖਾ ਸੁ ਕਰੀ ਦੁਤਿ ਹੋਤਿ ਖਰੀ॥੩੦॥ਦੋਹਰਾ॥ਇਮ ਬਰਾਤ ਪ੍ਰਵਿਸ਼ੀ
ਸਕਲ ਰਥ, ਹਯ[7], ਬਹਿਲ ਸਮਾਜ। ਮਹਿਦ ਅਨੰਦ ਅਨੰਦਪੁਰਿ ਕ੍ਰਿਪਾ
ਪਾਇ ਮਹਾਰਾਜ॥ ੩੧ ॥ ਬਾਦਿਤ[8] ਡੋਰੇ ਅੱਗ੍ਰ ਸਭਿ ਪਾਛੈ ਦੂਲਹੁ ਚੰਦ[9]।
ਸਭਿ ਬਰਾਤ ਪਸ਼ਚਾਤ ਚਲਿ ਕਰਤਿ ਤੁਰੰਗਮ ਤੁੰਦ[10] ॥ ੩੨ ॥ ਇਤਿ ਸ੍ਰੀ
ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਜਾਹ' ਪ੍ਰਸੰਗ ਬਰਨਨੰ ਨਾਮ ਪੰਚਦਸਮੋ ਅੰਸੂ ॥੧੫॥

੧੬. [ਬਰਾਤ ਵਾਪਸ। ਚੋਰੀ ਹੋ ਗਈ ਥੈਲੀ ਦੱਸੀ]।

ਦੋਹਰਾ॥ਗੁਜਰੀ ਰਿਦੈ ਪ੍ਰਮੋਦ ਧਰਿ ਚਹੂੰ ਕੋਦ[11] ਗਨ ਨਾਰਿ।ਤ੍ਯਾਗਿ ਸਦਨ
ਨਿਜ ਪੌਰ ਕੋ ਮਿਲੀ ਆਇ ਅਗਵਾਰ ॥੧॥ ਚੌਪਈ ॥ ਬਡੇ ਗੁਰਨਿ[12] ਜਹਿ
ਥਾਨ ਸੁਹਾਵਨ। ਚਾਹਤਿ ਹੈਂ ਤਹਿਂ ਮਾਥ ਟਿਕਾਵਨਿ। ਕਹਿ ਕਰਿ ਪ੍ਰੇਰ੍ਯੋ
ਉਤ ਕੋ ਡੋਰਾ। ਦੂਲਹੁ ਸਹਿਤ ਚਲੇ ਤਿਤ ਓਰਾ॥੨॥ਬਹੁਰ ਬਰਾਤ ਚਲੀ
ਪਸ਼ਚਾਤਾ।ਹੇਤੁ ਮਨਾਵਨਿ ਕੇ ਸੁਖਦਾਤਾ।ਮੋਦਕ ਥਾਰ ਲਜਾਇ ਸਮੁਦਾਏ।
ਜਾਇ ਅੱਗ੍ਰ ਦਰਬਾਰ ਟਿਕਾਏ॥ ੩ ॥ ਕਲਗ਼ੀਧਰ ਉਤਰੇ ਤਤਕਾਲਾ।
ਦੁਲਹਨ ਸੰਗ ਮਿਲੀ ਗਨ ਬਾਲਾ । ਪਹੁੰਚੇ ਸ੍ਰੀ ਦਰਬਾਰ ਅਗਾਰੀ। ਖਰੇ
ਹੋਇ ਅਰਦਾਸ ਉਚਾਰੀ॥ ੪ ॥ ਚਾਰ ਪੰਚ ਗੁਰ ਕੇ ਲੇ ਨਾਮੂ[13] । 'ਬੋਲਹੁ
ਵਾਹਿਗੁਰੂ ਸੁਖਧਾਮੂ'। ਪਾਨ ਗ੍ਰਹਨਿ[14] ,ਕਲਗ਼ੀਧਰ ਹੋਵਾ।ਆਨਿ ਆਪ ਕੋ
ਦਰਸ਼ਨ ਜੋਵਾ ॥ ੫ ॥ ਅੰਗ ਸੰਗ ਨਿਤ ਰਹਹੁ ਸਹਾਇਕ।ਮੰਗਲ ਦਾਇਕ

[1]ਭਾਵ ਜਿਸ ਦਿਸ਼ਾ ਵਲੋਂ ਆ ਰਹੇ ਹਨ ਉਧਰ। [2]ਸ਼ੋਰ। [3]ਕਪੜੇ। [4]ਹਸਦੇ ਹੋਏ ਚਾਉ ਨਾਲ। [5]ਘਰਾਂ ਤੇ। [6]ਗਲੀਆਂ ਵਿਚ। [7]ਘੋੜੇ ਤੇ। [8]ਵਾਜੇ। [9]ਚੰਦ (ਵਾਂਙ)। [10]ਤੇਜ। [11]ਚੁਫੇਰੇ। [12]ਵਡੇ ਗੁਰਾਂ ਦਾ। [13]ਚਾਰ ਤੇ ਪੰਜ=ਨੌਂ ਗੁਰੂ ਸਾਹਿਬਾਂ ਦੇ। [14]ਵਿਵਾਹ।

ਸਹਿਜ ਸੁਭਾਇਕ।ਬੈਸ ਬ੍ਰਿਧਾਇਕ[1] ਸਭਿ ਜਗਨਾਇਕ। ਸਦਾ ਬਿਘਨ ਕੇ ਉਘਨ ਘਾਇਕ[2] ॥੬॥ ਇੱਤਯਾਦਿਕ ਕਹਿ ਬਿਨੈ ਮਹਾਨੀ।ਕੀਨਿਪ੍ਰਨਾਮ ਜੋਰਿ ਜੁਗ ਪਾਨੀ[3]। ਇਮ ਸ਼੍ਰੀ ਸਤਿਗੁਰ ਤੇਗ ਬਹਾਦਰ। ਕਰੇ ਨਿਹਾਰਨਿ ਸਭਿਹਿਨਿ ਸਾਦਰ ॥੭॥ ਗਮਨੇ ਪੁਨ ਨਿਕੇਤ ਕੀ ਕੋਦ[4]। ਗਾਵਤਿ ਗੀਤ ਸਪ੍ਰੀਤਿ ਪ੍ਰਮੋਦ। ਨੀਕੇ ਸ਼ਗਨ ਸੰਗ ਨਿਜ ਪੌਰ। ਪਹੁੰਚੇ ਧੂਮ ਧਾਮ ਬਹੁ-ਰੌਰ॥੮॥ ਕਰਿ ਕੁਲ ਰੀਤਿ ਜਾਚਕਨਿ ਦੇਕੈ। ਅੰਤਰ ਪ੍ਰਵਿਸ਼ ਨੁਖਾ ਜੁਤਿ ਹ੍ਵੈ ਕੈ। ਸਨਮਾਨਤਿ ਘਰ ਚਿੱਤ੍ਰਤਿ ਮਾਂਹੀ। ਬੈਠਾਰਸਿ ਬਰ ਆਸਨ ਜਾਂਹੀ ॥੯॥ ਸ਼੍ਰੀ ਗੁਜਰੀ ਧਰ ਧਨ ਕੀ ਥਾਤੀ। ਝੋਰੀ ਪਾਇ ਅਧਿਕ ਹਰਖਾਤੀ। ਬਦਨ ਬਿਲੋਕਿ ਸਪਰਸ਼ਤਿ ਕਰ ਕੋ। ਆਸ਼ਿਖ ਦੇਤਿ ਉਚਰ ਕਰਿ ਬਰ ਕੋ[5] ॥੧੦॥ ਉਤ ਸਤਿਗੁਰ ਨਿਜ ਥਾਨ ਸਿਧਾਏ।ਸਿੰਘਾਸਨ ਪਰ ਬੈਠਿ ਸੁਹਾਏ। ਸੰਗ ਕ੍ਰਿਪਾਲ ਸੁ ਪੰਚਹੁਂ ਭ੍ਰਾਤਾ। ਸੂਰਜ ਮਲ ਕ ਦੋਨਹੁ ਤਾਤਾ[6]॥੧੧॥ਸਿਖ ਮਸੰਦ ਕੇਤਿਕ ਢਿਗ ਔਰ। ਉਤਰੀ ਸਭਿ ਬਰਾਤ ਨਿਜ ਠੌਰ। ਸਭਿਹਿਨਿ ਕੀ ਸੁਧਿ ਲੈਬੇ ਕਾਜ। ਬੋਲੇ ਗੁਰੂ ਗ਼ਰੀਬ ਨਿਵਾਜ॥੧੨॥ 'ਮਾਤੁਲ ! ਲੇਹੁ ਮਸੰਦ ਗਨ ਨਾਲ। ਜਹਿਂ ਕਹਿਂ ਨਰ ਪਠਿ ਕਰਹੁ ਸੰਭਾਲ। ਦੇਸ਼ ਰਸਤ ਪਹੁੰਚੈ ਸਭਿ ਡੇਰੇ। ਤ੍ਰਿਣ ਦਾਨਾ ਦਿਹੁ ਹਯਨਿ[7] ਘਨੇਰੇ' ॥੧੩॥ ਆਇਸੁ ਮਾਨਿ ਉਠਯੋ ਹਰਖੈਕੈ।ਬ੍ਰਿੰਦਮਸੰਦ ਸੰਗਨਿਜ ਲੈਕੇ।ਸਭਿ ਕੀ ਸੁਧਿ ਨੀਕੀ ਬਿਧਿ ਲੀਨਿ। ਨਿਸ ਮਹਿਂ ਸਕਲ ਬਸੇਰਾ ਕੀਨਿ ॥੧੪॥ਜਥਾ ਜੋਗ ਆਛੇ ਤ੍ਰਿਪਤਾਏ।ਸਿਤਾ[8]ਘ੍ਰਿੱਤ ਮੈਦਾ ਸਮੁਦਾਏ।ਗਰੀ[9] ਬਜ਼ਾਰਨਿ ਸਦਨ ਉਦਾਰ। ਦੀਪਮਾਲ ਸਭਿ ਪਰ ਇਕ ਸਾਰ ॥ ੧੫ ॥ ਸਭਿ ਨਰ ਉਰ ਹ੍ਵੈ ਕਰਿ ਅਹਿਲਾਦੀ। ਮੰਗਲ ਕਰਹਿਂ ਲਖੈਂ ਗੁਰ ਸ਼ਾਦੀ।ਮਿਲਹਿਂ ਪਰਸਪਰ ਸੁਜਸੁ ਉਚਾਰਹਿਂ। ਭਾਗ ਆਪਨੇ ਅਧਿਕ ਬਿਚਾਰਹਿਂ॥ ੧੬॥ 'ਰਾਮਚੰਦ ਆਨੰਦ ਧਰਿ ਔਧ[10]। ਤਿਮ ਅਨੰਦਪੁਰਿ ਆਨੰਦ ਔਧਿ[11]। ਨਿਤ ਗੁਰ ਦਰਸ਼ਨ ਉਤਸਵ ਸਹਿਤ। ਜਿਸ ਤੇ ਪਾਵਨ ਹ੍ਵੈ ਫਲ ਮਹਿਤ' ॥੧੭॥ ਇੱਤਯਾਦਿਕ ਨਿਜ ਘਰ ਨਰ ਨਾਰੀ। ਗੁਰੂ ਬਾਤ ਕੋ ਕਰਤਿ ਉਚਾਰੀ। ਖਾਨ ਪਾਨ ਕਰਿ ਸੁਖ ਸੋਂ ਸਾਰੇ। ਸੁਪਤ ਭਏ ਹਰਖੰਤਿ ਉਦਾਰੇ ॥੧੮॥ ਜਾਮ ਜਾਮਨੀ

[1]ਦੇ ਵਧਾਵਣ ਵਾਲੇ। [2]ਸਮੂਹ ਬਿਘਨਾਂ ਦੇ ਨਾਸ਼ਕ। [3]ਦੋਵੇਂ ਹੱਥ ਜੋੜਕੇ। [4]ਘਰ ਵੱਲ। [5]ਵਰ ਉਚਾਰ ਕੇ। [6]ਦੋਵੇਂ ਪੁੱਤ੍ਰਾਂ (ਸਣੇ)। [7]ਘੋੜਿਆਂ ਨੂੰ। [8]ਖੰਡ। [9]ਗਲੀਆਂ ਤੇ। [10]ਅਯੁੱਧਿਆ ਵਿਚ। [11]ਤਿਵੇਂ ਅਨੰਦ ਦੀ ਅਵਧੀ (ਓੜਕ) ਹੈ ਆਨੰਦਪੁਰ।

ਜਾਗਤਿ ਜਬੈ। ਸਤਿਗੁਰ ਪ੍ਰਭੁ ਕੋ ਸਿਮਰਤਿ ਤਬੈ।ਆਇ ਰਬਾਬੀਗਾਵਨਿ ਲਾਗੇ। ਬਡਭਾਗੀ ਅਨੁਰਾਗੀ ਜਾਗੇ॥ ੧੯ ॥ ਸੁਨਹਿਂ ਰਾਗ ਤੇ ਸ਼ਬਦ ਬਿਚਾਰੈਂ। ਬਿਸ਼ਯਨਿ ਤੇ ਬਿਰਾਗ ਕੋ ਧਾਰੈਂ। ਬਿਨਾਂ ਪ੍ਰੇਮ[੧] ਪ੍ਰਭੁ ਤੇ ਨਿਜ ਨਿੰਦਹਿਂ।ਇਕ ਚਿਤ ਹੁਇ ਗੁਰ ਮਹਿੰਮਾ ਬਿੰਦਹਿਂ[੨]॥੨੦॥ ਮਨ ਠਹਿਰਾਇ ਚਰਨ ਅਰਬਿੰਦਹਿਂ[੩]।ਪ੍ਰਾਪਤਿ ਹੋਤਿ ਅਨੰਦ ਬਿਲੰਦਹਿ। ਕੇਚਿਤ ਸਤੱਦ੍ਰਵ ਕਰਹਿਂ ਸ਼ਨਾਨ। ਥਿਰਹਿਂ, ਸ਼ਬਦ ਜਹਿਂ ਸੁਨੀਅਹਿ ਕਾਨ[੪] ॥ ੨੧॥ ਗੁਰ-ਮਤਿ ਲੇਤਿ ਰਹਿਤਕੇ ਸਹਿਤ।ਮੋਹ ਮਹਿਤ ਚਿਤ ਕੇ ਨਿਤ ਦਹਿਤਿ[੫]।ਰਾਤ ਦੁਘਟਕਾਂ[੬] ਤੇ ਸਭਿ ਜਾਗੇ।ਨੌਬਤ ਬਜਨਿ ਲਗੀ ਦਰ ਆਗੇ॥੨੨॥ਸੁਜਸੁ ਕਬਿੱਤਨ ਭਾਟ ਉਚਾਰੈਂ। ਖਰੇ ਨਕੀਬ ਅਵਾਜ਼ ਪੁਕਾਰੈਂ। ਗਨ ਬਿਹੰਗ ਤਰੁਵਰੁ ਪਰ ਬੋਲੈਂ। ਚੱਕ੍ਰਵਾਕ ਮਿਲਿ ਜੁਗਮ[੭] ਕਲੋਲੈਂ ॥ ੨੩॥ ਕਲਗ਼ੀ-ਧਰ ਸਤਿਗੁਰ ਭਗਵਾਨ। ਜਾਗੇ ਠਾਨਜੋਂ ਸੌਚ ਸ਼ਨਾਨ। ਥਿਰ ਆਸਨ ਪਰ ਮੁੱਦ੍ਰਤਿ ਨੈਨ। ਨਿਜ ਸਰੂਪ ਕੋ ਆਨੰਦ ਲੈਨ ॥ ੨੪ ॥ ਆਸਾ ਵਾਰ ਭੋਗ ਜਬਿ ਪਾਯੋ। ਸੁਨਿ ਸਭਿਹਿਨਿ ਤਬਿ ਸੀਸ ਨਿਵਾਯੋ। ਜਬਿ ਤੇ ਹੋਇ ਤਰਨਿ[੮]ਪਰਕਾਸ਼ਾ*।ਪਹਿਰਨਿ ਬਾਸ[੯] ਲਯਾਇ ਗਨ ਦਾਸਾ ॥ ੨੫ ॥ ਚੀਰ ਸਰੀਰ ਧੀਰ ਗੁਰ ਧਰੇ[੧੦]।ਅਲੰਕਾਰ ਸਭਿ ਪਹਿਰਨਿ ਕਰੇ।ਦਿਵਸ ਚਢੇਬਡ ਫਰਸ਼ ਕਰਾਵਾ। ਸੁੰਦਰ ਆਸਨ ਬਹੁਰ ਡਸਾਵਾ†॥੨੬॥ਸ਼੍ਰੀ ਗੋਵਿੰਦ ਸਿੰਘ ਬੈਠੇ ਜਾਇ। ਸੁਧਿ ਕੋ ਸੁਨਿ ਸੁਨਿ ਨਰ ਸਮੁਦਾਇ। ਪ੍ਰਥਮ ਕ੍ਰਿਪਾਲ ਸੁ ਮਾਤੁਲ ਆਯੋ। ਪੰਚਹੁੰ ਭ੍ਰਾਤ ਆਇ ਸੁਖ ਪਾਯੋ ॥ ੨੭ ॥ ਬ੍ਰਿੰਦ ਮਸੰਦ ਕਰਹਿਂ ਸਭਿ ਬੰਦਨ।ਸੂਰਜਮਲ ਕੇ ਨੰਦ ਕਿ ਨੰਦਨ[੧੧]।ਰਾਇ ਗੁਲਾਬਸ਼ਾਮ ਸਿੰਘ ਨਾਮੂ। ਥਿਰੇ ਸਭਾ ਸਭਿ ਕੀਨਿ ਪ੍ਰਨਾਮੂ ॥੨੮॥ਸਭਾ ਸੁਧਰਮਾ[੧੨] ਕੇ ਸਮ ਲਾਗੀ। ਬ੍ਰਿੰਦ ਦੇਵਤਾ ਸਭਿ ਅਨੁਰਾਗੀ। ਇੰਦ੍ਰ ਮਨਿੰਦ ਗੁਵਿੰਦ ਸਿੰਘ ਗੁਰੂ। ਜਿਨ ਦਰਸ਼ਨ ਤੇ ਹਰਿ ਅਘ ਰੁਰੂ[੧੩] ॥੨੯॥ ਬੇਦੀ ਬ੍ਰਿੰਦ ਸੁ ਤੇਹਣ

---

[੧]ਪ੍ਰਭੂ ਪ੍ਰੇਮ ਤੋਂ ਬਿਨਾਂ। [੨]ਜਾਣਦੇ ਹਨ ਭਾਵ ਕਰਦੇ ਹਨ। [੩]ਚਰਨ ਕਵਲਾਂ ਵਿਚ। [੪]ਜਿੱਥੇ ਸ਼ਬਦ ਕੰਨੀਂ ਸੁਣੀਵੇ ਉਥੇ ਟਿਕਦੇ ਹਨ। [੫]ਚਿੱਤ ਦੇ ਵਡੇ ਮੋਹ ਨੂੰ ਨਿਤ ਸਾੜਦੇ ਹਨ। (ਅ) ਮੋਹ ਤੇ ਮਾਨ। [੬]ਦੋ ਘੜੀ ਰਾਤ ਰਹਿਦੇ। [੭]ਚਕਵੀ ਚਕਵਾ ਦੋਵੇਂ ਮਿਲਕੇ। [੮]ਸੂਰਜ। [੯](ਦੇ) ਬਸਤ੍ਰ। [੧੦]ਭਾਵ ਸ਼੍ਰੀ ਗੁਰੂ ਜੀ ਨੇ ਕਪੜੇ ਪਹਿਨੇ। [੧੧]ਨੰਦ ਦੇ ਨੰਦਨ ਭਾਵ ਪੋਤ੍ਰੇ। [੧੨]ਇੰਦ੍ਰ ਦੀ ਸਭਾ। [੧੩]ਜਿਨ੍ਹਾਂ ਦੇ ਦਰਸ਼ਨ ਰੂਪ ਸ਼ੇਰ ਤੋਂ ਪਾਪ ਮ੍ਰਿਗਾਂ (ਵਾਂਙ ਨੱਸ ਜਾਂਦੇ ਹਨ) [ਰੁਰੂ=ਮ੍ਰਿਗ] (ਅ) (ਰੌਰਵ=) ਨਰਕ ਵਿਚ ਲੈ ਜਾਣ ਵਾਲੇ (ਅਘ=) ਪਾਪ (ਹਰਿ=) ਹਰੇ ਜਾਂਦੇ ਹਨ।

*ਪਾ:–ਹੋਯਸਿ ਤਰਨਿ ਪ੍ਰਕਾਸ਼ ਅਕਾਸ਼ਾ। †ਪਾ:–ਪਰ ਬਿਛਵਾਵਾ।

ਆਏ। ਸ਼੍ਰੀ ਗੁਰੁ ਅਮਰ ਅੰਸ਼ ਸਮੁਦਾਏ। ਚਾਰੂ ਚੌਰ ਢੁਰਤਿ ਛਬਿ ਪਾਵੈ। ਮਨਹੁੰ ਮਰਾਲ ਉਡਤਿ ਨਿਯਰਾਵੈ[1]॥੩੦॥ਕਲਗ਼ੀ ਕੇ ਮੁਕਤਾ ਗੁਛ ਹੇਰਿ। ਆਵਤਿ, ਡਰਤਿ ਨ ਕਰਤੇ ਨੇਰ[2]*।ਕੰਚਨ ਦੰਡ ਲਿਏ ਨਰ ਖਰੇ। ਸੂਰਜ ਮੁਖੀ ਹਾਥ ਮੈ ਧਰੇ ॥ ੩੧ ॥ ਕਰਤਿ ਬਾਰਤਾਲਾਪ ਅਨੰਦਤਿ।ਸੁਨਿ ਕਲ-ਗੀਧਰ ਤੇ ਸਿਖ ਬੰਦਤਿ। ਇਤਨੇ ਬਿਖੇ ਬਨਿਕ ਇਕ ਆਯੋ। ਮਹਤ ਪੁਕਾਰਤਿ ਸਭਿਨਿ ਸੁਨਾਯੋ॥ ੩੨ ॥ 'ਭੋਰ ਹੋਤਿ ਬਾਤੀ ਇਕ ਮੋਰੀ।ਪਰਿਓ ਚੋਰ ਅਚਾਨਕ ਚੋਰੀ। ਮੂਲ ਪੰਚ ਸੈ ਘਰ ਤੇ ਆਨੇ।ਇਹਾਂ ਲਾਭ ਮੁਝ ਭਯੋ ਮਹਾਨੇ॥੩੩॥ਹੁਤੀ ਸਾਤ ਸੈ ਕੀ ਸਭਿ ਥੈਲੀ।ਤਸਕਰ ਲੇ ਗਮਨਯੋਂ ਕਿਤ ਗੈਲੀ[3]। ਸ਼੍ਰੀ ਕਲਗੀਧਰ ਗੁਰੂ!ਦੁਹਾਈ।ਬਨੌਂ ਫਕੀਰ ਜਿ ਨਾ ਅਬਿ ਪਾਈ ॥ ੩੪ ॥ ਪੂੰਜੀ ਸਰਬ ਹੁਤੀ ਇਹ ਮੋਰੀ।ਗੁਜਰ ਕੁਟੰਬ ਗੁਜਾਰਤਿ ਥੋਰੀ[4]। ਨਹੀਂ ਅਲੰਬ ਅਪਰ ਮਮ ਕੋਈ । ਜਿਸ ਕੇ ਨਿਕਟ ਜੀਵਕਾ ਹੋਈ[5]" ॥ ੩੫ ॥ ਸੁਨਤਿ ਹੁਕਮਨਾਮਾ ਗੁਰ ਕੇਰਾ। ਚਲਿ ਆਏ ਸਭਿ ਕਰੀ ਨ ਦੇਰਾ। ਲੈਨ ਲਾਭ ਤੌ ਰਹਯੋ ਕਿਥਾਈਂ। ਅਗਲੀ ਪੂੰਜੀ ਆਨਿ ਗਵਾਈ ॥ ੩੬ ॥ ਸ਼੍ਰੀ ਸਤਿਗੁਰ ! ਤੁਮਰੇ ਪੁਰਿ ਮਾਂਹੀ। ਹੋਤਿ ਭਯੋ ਨੁਕਸਾਨ ਮਹਾਂ ਹੀ। ਤੁਮ ਬਿਨ ਕਿਸ ਢਿਗ ਕਰੈਂ ਪੁਕਾਰਾ। ਹਤਯੋ ਗਯੋ ਮੈਂ, ਧਨ ਖ੍ਰੈ ਸਾਰਾ ॥ ੩੭ ॥ ਗਾਵਰਿ ਹੋ ਸਮਰਥ ਸਭਿ ਭਾਂਤੀ।ਨਹਿਂ ਜੀਵਨ ਮਮ ਕਿਮ ਬਿਨ ਥਾਤੀ। ਸਭਿ ਸੁਖਦਾਤਾ ਤੁਮ ਕੋ ਜਾਨਾ। ਬਿਨ ਬਿਲੰਬ ਹਮ ਆਵਨਿ ਠਾਨਾ॥੩੮॥ ਸਗਰੇ ਘਰ ਗਮਨੇ ਹਰਖਾਏ।ਮੈਂ ਸੰਕਟ ਜੁਤਿ ਜਾਉਂ ਕਿਥਾਂਏ।ਮਰੌਂ ਪ੍ਰਭੂ! ਜੀ ਤੁਮਰੇ ਪੌਰ। ਧਨ ਬਿਹੀਨ ਮੁਝ ਅਪਰ ਨ ਠੌਰ"॥੩੯॥ ਸ਼੍ਰੀ ਕਲਗੀ-ਧਰ ਕ੍ਰਿਪਾ ਵਿਸ਼ੇਖ਼ਾ। ਦੁਖ ਤੇ ਬਨੀਆ ਬਯਾਕੁਲ ਦੇਖਾ।–ਹਮਰੇ ਹਿਤ ਏ ਸਭਿ ਚਲਿ ਆਏ।ਨਿਜ ਨਿਜ ਧਨ ਲੇ ਕਰਿ ਸਮੁਦਾਏ॥੪੦॥ਜੁਗ ਲੋਕਨਿ ਕੇ ਸੁਖ ਕੋ ਚਾਹਤਿ। ਹਮਰੇ ਦਰਸ਼ਨ ਹੇਤੁ ਉਮਾਹਤਿ। ਬਿਘਨ ਪਰਹਿ ਜੇ ਸੰਕਟ ਲਹੈਂ । ਤੌ ਆਵਨ ਨਿਸ਼ਫਲ ਹੀ ਕਹੈਂ–॥ ੪੧ ॥ ਇਤਯਾਦਿਕ ਸਤਿਗੁਰੂ ਬਿਚਾਰਾ। ਸੁਨਤਿ ਸਭਿਨਿ ਕੇ ਊਚ ਉਚਾਰਾ । 'ਮਤ ਰੁਦਨਹੁ ਰੇ ਬਨਿਕ ਸਿਆਨੇ ! ਤੋਰ ਦਰਬ ਕੋ ਦੇਹਿਂ ਨ ਜਾਨੇ ॥੪੨॥ ਸਿਖ ਸੰਗਤਿ

[1]ਉੱਡਕੇ ਨੇੜੇ ਆਉਂਦਾ ਹੈ। [2]ਆਂਵਦਾ ਹੈ ਪਰ ਡਰ ਕਰਕੇ ਨੇੜੇ ਨਹੀਂ ਹੁੰਦਾ। [3]ਕਿਸੇ ਰਸਤੇ। [4]ਕੁਟੰਬ ਦੀ ਗੁਜਰਾਨ (ਏਸੇ) ਥੋੜੀ ਜਿਹੀ ਨਾਲ ਗੁਜ਼ਾਰਦਾ ਸਾਂ। [5]ਜਿਸ ਦੇ ਪਾਸ ਹੋਣ ਕਰਕੇ (ਮੇਰੀ) ਜੀਵਕਾ ਹੋਵੇ। *ਕਵਿਤਾ ਦਾ ਕਮਾਲ ਹੈ।

ਢਿਗ ਜੇ ਦੁਖ ਪਾਵੈਂ[1]।ਤੌ ਪ੍ਰਲੋਕ ਮਹਿ ਕਿਮਹੁੰ ਬਚਾਵੈਂ। ਦੇਨਿ ਅਨੰਦ ਕੇ ਹੇਤੁ ਹਕਾਰੇ। ਜੇ ਘਰ* ਪਹੁੰਚਹੁ ਹੋਹੁ ਦੁਖਾਰੇ ॥ ੪੩ ॥ ਤੌ ਗੁਰ ਦਰਸ਼ਨ ਫਲ ਕਹਾਂ ਭਯੋ। ਜੇ ਨ ਹਰਖ ਕਰਿ ਨਿਜ ਘਰ ਗਯੋ'। ਇਕ ਦਿਸ਼ਿ ਖਰੇ ਸਿਪਾਹੀ ਹੇਰੇ। ਸਭਿ ਕੇ ਸੁਨਤਿ ਕਹ੍ਯੋ ਤਿਸ ਬੇਰੇ ॥੪੪॥ 'ਅਮੁਕ ਸਦਨ ਹੈ ਤਸਕਰ ਕੇਰਾ।ਥਾਤੀ ਧਰੀ ਜਾਇ ਲਿਹੁ ਹੇਰਾ। ਦੱਖਨ ਦਿਸ਼ਿ ਦਿਵਾਰ ਮਹਿਂ ਤਾਕੀ। ਔਚਕ ਜਾਇ ਨਿਕਾਸਹੁ ਵਾਕੀ[2] ॥ ੪੫ ॥ ਦਿਹੁ ਮੁਸ਼ਕੈਂ ਗਹਿ ਤਰਜੋ[3] ਤਾਂਹੀ। ਲੇ ਕਰਿ ਚਲਿ ਆਵਹੁ ਹਮ ਪਾਹੀ'। ਸੁਨਿ ਪ੍ਰਭੁ ਆਇਸੁ ਗਮਨੇ ਧਾਇ। ਦਸਕ ਢਲੈਤ[4] ਪਹੂੰਚੇ ਜਾਇ ॥ ੪੬ ॥ ਔਚਕ ਸਦਨ ਪ੍ਰਵੇਸ਼ਨਿ ਕੀਨਾ। ਦੱਖਣ ਦਿਸ਼ਾ ਦ੍ਵਾਰ ਦ੍ਰਿਗ ਕੀਨਾ। ਪਿਖਿ ਤਾਕੀ ਕੋ ਖੋਲਿ ਕਿਵਾਰਾ। ਧਰ੍ਯੋ ਦਰਬ ਤਤਕਾਲ ਨਿਕਾਰਾ ॥ ੪੭ ॥ ਤਸਕਰ ਬੈਠ੍ਯੋ ਸੋ ਗਹਿ ਲਿਯੋ।ਦਿੜ੍ਹ ਮੁਸ਼ਕੈਂ ਦੇ ਤਰਜਨ ਕਿਯੋ[5]।'ਸ਼੍ਰੀ ਕਲਗ਼ੀਧਰ ਅੰਤਰਜਾਮੀ। ਮਹਿੰਮਾ ਤੈਂ ਨ ਲਖੀ ਗੁਰ ਸ੍ਵਾਮੀ ॥੪੮॥ ਤਿਨ ਤੇ ਰਾਖਹਿਂ ਕਹਾਂ ਦੁਰਾਇ।ਜੋ ਮਨ ਕੀ ਗਤਿ ਦੇਤਿ ਬਤਾਇ'।ਲੇ ਕਰਿ ਧਨ ਅਰੁ ਤਸਕਰ ਤਬੈ। ਗਮਨੇ ਨਰ ਹੇਰਤਿ ਭੇ ਸਭੈ ॥ ੪੯ ॥ ਮਾਰਤਿ ਪਨਹੀ[6] ਸਭਿਨਿ ਦਿਖਾਵੈਂ। ਗੁਰ ਪ੍ਰਤਾਪ ਕੋ ਬਿਦਤ ਬਤਾਵੈਂ।ਗਰੀ ਬਜਾਰਨਿ ਮੈਂ ਗਮਨੰਤੇ। ਗਨ ਬਾਲਿਕ ਭੇ ਸੰਗ ਦਿਖੰਤੇ ॥ ੫੦ ॥ ਨਰ ਨਾਰੀ ਹੇਰਤਿ ਬਿਸਮਾਏ। 'ਧਰ੍ਯੋ ਦਰਬ ਗੁਰ ਦਯੋ ਬਤਾਏ'।ਗੁਰ ਸਮੀਪ ਲੇ ਪਹੁੰਚੇ ਜਾਈ।ਸਭਾ ਦੇਖਿ ਸਗਰੀ ਬਿਸਮਾਈ ॥ ੫੧ ॥ ਅਤਿਸ਼ੈ ਸ਼ਕਤਿਵੰਤ ਗੁਰ ਜਾਨੇ। ਬੈਠੇ ਬੇਦੀ ਆਦਿ ਜਿ ਸ੍ਯਾਨੇ। ਬ੍ਰਿੰਦ ਮਸੰਦ ਸੰਗਤਾਂ ਸਾਰੇ। ਮਾਨਵ ਅਪਰ ਅਨੇਕ ਨਿਹਾਰੇਂ ॥ ੫੨ ॥ ਤਬਿ ਕਲਗ਼ੀਧਰ ਬਾਕ ਸੁਨਾਯੋ। 'ਮੂਢ ਮਹਾਂ ਅਪਰਾਧ ਕਮਾਯੋ।ਫਾਸੀ ਦੇਨਿ ਸਜ਼ਾਇ ਇਸੀ ਕੀ।ਹੈ ਉਤਸਵ ਸ਼ਾਦੀ ਬਿਧਿ ਨੀਕੀ ॥ ੫੩ ॥ ਯਾਂ ਤੇ ਇਸ ਕੌ ਕਰੋ ਖਲਾਸੀ। ਬਹੁਰ ਕਰੈ ਕੋ, ਦੈ ਹੈਂ ਫਾਸੀ। ਗਿਨ ਕਰਿ ਸੌਂਪਹੁੰ ਬਨਿਕ ਸੁ ਥਾਤੀ।ਲੇ ਨਿਜ ਧਨ ਹੁਇ ਸੀਤਲ ਛਾਤੀ' ॥ ੫੪ ॥ ਹੁਕਮ ਗੁਰੂ ਕੋ ਪਾਇ ਸਿਪਾਹੀ। ਧਨ ਗਿਨ ਕਰਿ ਦੀਨੋ ਤਿਸ ਪਾਹੀ। ਤਸਕਰ ਛੋਰ੍ਯੋ ਨਗਰ ਨਿਕਾਰ੍ਯੋ। ਬਹੁਰ ਨ ਅਸ ਕੁਕਰਮ ਕਿਨ ਧਾਰ੍ਯੋ ॥ ੫੫ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਜਾਹ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥ ੧੬ ॥

---

[1]ਭਾਵ ਸਾਡੇ ਸਾਹਮਣੇ ਬੈਠਿਆਂ ਜੋ ਸਿਖ ਸੰਗਤ ਦੁਖ ਪਾਵੇ ਤਾਂ......। [2]ਉਸ (ਤਾਕੀ) ਵਿੱਚੋਂ। [3]ਤਾੜਨਾ ਕਰੋ। [4]ਸਿਪਾਹੀ। [5]ਤਾੜਨਾ ਕੀਤੀ। [6]ਜੁੱਤੀਆਂ। *ਪਾ:—ਕਰਿ।

੧੨. [ਮੇਲ ਵਿਦਾ। ਸਤਲੁਜ ਵਿਚ ਤਰਨਾ, ਗੁਲਾਬ ਰਾਇ]।

ਦੋਹਰਾ ॥ ਇਮ ਸਤਿਗੁਰ ਲੀਲਾ ਕਰਤਿ, ਚੋਰ ਜਾਰ ਬਟਪਾਰ। ਸਭਿ-ਹਿਨਿ ਕੋ ਚਿੰਤਾ ਭਈ ਕਰਹਿਂ ਖੌਂਸੜੇ[1] ਮਾਰ ॥੧॥ ਚੌਪਈ ॥ ਨ੍ਰਿਭੈ ਬਨਿਕ ਠਾਨਤਿ ਬਿਵਹਾਰ।ਗਹਯੋ ਚੋਰ ਤੇ ਅਚਰਜ ਧਾਰ।ਸੂਨੀ ਵਸਤੁ ਰਹੈ ਕਿਸ ਥਾਈਂ। ਨਹਿਂ ਕੋ ਸਕੈ ਹਾਥ ਕੋ ਪਾਈ॥ ੨ ॥ ਕੇਤਿਕ ਦਿਨ ਗੁਰ ਕੇ ਲਵਪੁਰਿ ਮੈਂ। ਬਸੇ ਬਨਿਕ ਧਰਿ ਆਨੰਦ ਉਰ ਮੈਂ।ਖਾਟਯੋ ਲਾਭ ਜਿਤਿਕ ਬਿਵਹਾਰੂ। ਉਤਸਵ ਜੁਤਿ ਗੁਰ ਦਰਸ ਨਿਹਾਰੂ[2] ॥ ੩ ॥ ਕਲਗੀਧਰ ਕੋ ਸਸੁਰ ਅਨੰਦਯੋ। ਭ੍ਰਾਤਨਿ ਸਹਿਤ ਆਨਿ ਕਰ ਬੰਦਯੋ।'ਮਹਾਰਾਜ! ਕਾਰਜ ਸਭਿ ਭਯੋ। ਰਿਦੇ ਮਨੋਰਥ ਪੂਰਨ ਕਯੋ॥੪॥ ਅਬਿ ਚਾਹਤਿ ਸਭਿ ਸਦਨ ਸਿਧਾਰਾ। ਆਪ ਆਪਨੀ ਕਰਤਿ ਸੰਭਾਰਾ'। ਸੁਨਿ ਦਯੋ ਹੁਕਮ 'ਸਭੈ ਤੁਮ ਜਾਵਹੁ। ਸਿਮਰਹੁ ਸੱਤਿਨਾਮ ਸੁਖ ਪਾਵਹੁ' ॥ ੫ ॥ ਲਵਪੁਰਿ ਕੀ ਸੰਗਤਿ ਸੁਨਿ ਸਾਰੀ। ਵਸਤੁ ਸੰਭਾਰਿ ਕਰੀ ਨਿਜ ਤਯਾਰੀ।ਕਰਿ ਕਰਿ ਬੰਦਨ ਪੰਥ ਪਧਾਰੇ। ਤਿਮ ਰੋਪਰ ਸੀਰੰਦ ਸਿਧਾਰੇ ॥ ੬ ॥ ਪੁਰਿ ਹੁਸ਼ੀਆਰ ਗਏ ਚਲਿ ਕੇਈ। ਕਰਹਿਂ ਬਾਰਤਾ ਮਿਲਿ ਮਿਲਿ ਤੇਈ। ਬਾਰਿ ਨਿਕਾਸਨ, ਤਸਕਰ ਗਹਯੋ[3]। ਬਯਾਹ ਸੁ ਕੌਤਕ ਜੈਸੇ ਲਹਯੋ॥੭॥ਸੁਨਿ ਸੁਨਿ ਅਪਰ ਸਿੱਖ ਹਰ-ਖਾਇਂ।'ਗੁਰ ਤੇ ਕੁਛ ਅਚਰਜ ਨਹਿਂ ਪਾਇ।ਚਹੈਂ ਸੁ ਕਰੈਂ ਸ਼ਕਤਿ ਸਭਿ ਧਾਰੀ। ਨਹਿਂ ਕੁਛ ਅਟਕਹਿ ਜਿਨਹੁ ਅਗਾਰੀ' ॥੮॥ ਪੁਰਿ ਪੁਰਿ ਗ੍ਰਾਮ ਗ੍ਰਾਮ ਘਰ ਘਰ ਮੈਂ।ਕੀਰਤਿ ਕਰਤਿ ਹਰਖ ਧਰਿ ਉਰ ਮੈਂ। ਦੇ ਕਰਿ ਦਰਬ ਸਰਬ ਬੇਦੀ-ਨਿ[4]।ਬਿਦਾ ਕਰੇ ਪਗ ਮਗ ਮਹਿਂ ਦੀਨਿ॥੯॥ਪੁਨ ਸ਼੍ਰੀ ਅੰਗਦਿ ਕੁਲ ਕੇ ਜੋਈ। ਜਥਾ ਜੋਗ ਲੇ ਗਮਨੇ ਤੇਈ।ਸ਼੍ਰੀ ਗੁਰ ਅਮਰਦਾਸ ਕੀ ਅੰਸ਼।ਉੱਜਲ ਮਤਿ ਜਿਨ ਹੁਇ ਜਿਮ ਹੰਸ॥੧੦॥ ਸਾਦਰ ਦੇਤਿ ਬਿਸਰਜਨ ਕੀਨੇ।ਬਯਾਹ ਸਰਾਹਤਿ ਚਲੇ ਪ੍ਰਬੀਨੇ। ਮਾਝੇ ਦੇਸ਼ ਸੰਗਤਾਂ ਸਾਰੀ। ਦੁਨੀ ਚੰਦ ਕੋ ਕਰਹਿਂ ਅਗਾਰੀ॥ ੧੧॥ਹਾਥ ਜੋਰਿ ਸਭਿ ਅਰਜ਼ ਗੁਜ਼ਾਰੀ।'ਪ੍ਰਭੁ ਜੀ! ਕਰਹੁ ਖੁਸ਼ੀ,ਹਮ ਤਯਾਰੀ'। ਸਿਰੋਪਾਉ ਸਭਿ ਕੋ ਤਬਿ ਦੀਨੇ। ਗੁਰ ਘਰ ਕੋ ਲੇ ਸਿਰ ਧਰਿ ਲੀਨੇ॥੧੨॥ ਸੁਜਸੁ ਉਚਾਰਤਿ ਗਮਨੇ ਦੇਸ਼।'ਧੰਨ ਗੁਰੂ ਜਿਨ ਚਲਿਤ ਵਿਸ਼ੇਸ਼'। ਇਸੀ ਰੀਤਿ ਜੇ ਅਨਿਕ ਮਸੰਦ। ਸੰਗ ਸੰਗਤਾਂ ਜਿਨਹੁ ਬਿਲੰਦ ॥੧੩॥ ਸੋ ਸਭਿ

[1]ਜੁੱਤੀਆਂ ਦੀ। [2]ਦੇਖਿਆ । [3]ਜਲ ਦਾ ਕੱਢਣਾ, ਚੋਰ ਦਾ ਫੜਨਾ। [4]ਬੇਦੀਆਂ ਨੂੰ।

ਸਿਰੋਪਾਉ ਕੋ ਲੈਕੇ।ਗਮਨੇ ਨਿਜ ਦੇਸ਼ਨਿ ਹਰਖੇਕੈ। ਲੰਮੇ, ਘੇਪ ਜਿ ਧੰਨੀ[1] ਆਦਿ। ਕਾਬਲ ਨਰ ਪਸ਼ੌਰ ਅਹਿਲਾਦ ॥ ੧੪॥ ਜੋ ਸ਼ਿਕਾਰਪੁਰ, ਬਲਖ ਬੁਖਾਰ।ਸੰਗਤਿ ਆਵਤਿ ਜਾਤਿ ਹਜ਼ਾਰ।ਨਗਰ ਤੁਲੰਬਾ ਅਰੁ ਮੁਲਤਾਨ। ਨਿਕਟਿ ਦੂਰ ਗਿਨੀਅਹਿ ਕਿਤ ਆਨ॥੧੫॥ਪੂਰਬ ਦੇਸ਼ ਕਾਮਰੂ ਆਦਿ। ਢਾਕਾ,ਕਾਸ਼ੀ,ਫਰਕਾਵਾਦ[2]। ਪਟਨਾਪੁਰਿ,ਮਖਸੂਦਾਵਾਦ[3]। ਪੁਰਿਬੁਰਹਾਨ[4] ਅਕਬਰਾਬਾਦ[5]॥੧੬॥ਦੱਖਣ ਮਹਿਂ ਉਜੈਨਪੁਰਿ ਰਹੈਂ। ਬਹੁਰ ਹੈਦਰਾਬਾਦ ਨਗਰ ਹੈ।ਸਭਿ ਪੁਰਿ ਤੇ ਸਿਖ ਸੰਗਤਿ ਆਵੈ।ਦਰਸ਼ਨ ਕਰੇ ਕਾਮਨਾ ਪਾਵੈ ॥੧੭॥ਇਮ ਚਹੁਂ ਚੱਕਨਿ ਸੁਜਸੁ ਪਸਾਰਾ। ਚਲੇ ਆਇਂ ਗੁਰ ਕੇ ਦਰਬਾਰਾ। ਅਨਗਨ ਧਨ ਕੋ ਅਰਪਨ ਕਰੈਂ।ਹਲਤ ਪਲਤ ਸੁਖ ਇੱਛਾ ਧਰੈਂ ॥੧੮॥

ਜੇਸ਼ਟ ਮਾਸ ਬੀਤ ਕਰਿ ਗਯੋ।ਮੰਗਲ ਸਹਿਤ ਬਸਾਹ ਸਭਿ ਭਯੋ।ਰੁਤ ਗ੍ਰੀਖਮ ਤੇ ਤਪਤ ਬਿਸ਼ਾਲਾ। ਸਤੱਦ੍ਰਵ ਤੀਰ ਪਹੂਚਿ ਕ੍ਰਿਪਾਲਾ॥ ੧੯॥ ਹਿਤ ਜਲ ਕੇਲ ਉਤਾਰੇ ਚੀਰ। ਹੋਇ ਪ੍ਰਵੇਸ਼ਨਿ ਨੀਰ ਗਹੀਰ। ਤਰਹਿਂ ਅਨੇਕ ਪ੍ਰਕਾਰ ਕਲੋਲਹਿਂ। ਇਤ ਉਤ ਧਾਇ ਧਾਇ ਕਰਿ ਡੋਲਹਿਂ॥੨੦॥ ਪੰਚਹੁਂ ਬੀਰ ਸੰਗ ਹੀ ਖੇਲਹਿਂ। ਹਾਥਨਿ ਸਾਥ ਕਿਲਾਲ[6] ਧਕੇਲਹਿਂ। ਸੂਰਜ ਮਲ ਕੇ ਪੌਤ੍ਰ ਦੋਈ। ਕ੍ਰੀੜਾ ਕਰਹਿਂ ਗੁਰੂ ਸੰਗ ਸੋਈ॥ ੨੧॥ ਕੁਲ ਭੱਲਜਨਿ ਕੇ ਬਾਲਿਕ ਕੇਈ। ਗੁਰ ਕੀ ਬਯ ਸਮਾਨ ਹੈਂ ਜੇਈ।ਦਯਾਰਾਮ ਪ੍ਰੋਹਤ ਗੁਰ ਕੇਰਾ।ਆਰਬਲਾ ਮਹਿਂ ਅਹੈ ਬਡੇਰਾ॥੨੨॥ ਕਿਤਿਕ ਮਸੰਦਨਿ ਕੇ ਸੁਤ ਅਹੈਂ।ਨੰਦ ਚੰਦ ਆਦਿਕ ਸੰਗ ਰਹੈਂ।ਜਲ ਮਹਿਂ ਸਭਿ ਪ੍ਰਵੇਸ਼ ਜਬਿ ਹੋਇ। ਗਿਨ ਗਿਨ ਕੈ ਕੀਨਸਿ ਦਿਸ਼ਿ ਦੋਇ[7]।੨੩॥ਛੀਂਟਨਿ ਸੰਗ ਜੰਗ ਕੋ ਕਰੈਂ। ਕੋ ਭਾਜੈ ਕੋ ਬਲ ਕਰਿ ਥਿਰੈ। ਕਰਯੋ ਗੁਲਾਬ ਰਾਇ ਦਿਸ਼ਿ ਏਕ। ਦਿਸ਼ ਦੂਜੀ ਹੁਇ ਜਲਧਿ ਬਿਬੇਕ॥੨੪॥ਇਮ ਬਦ ਕਰਿ[8] ਇਕ ਕੇ ਇਕ ਸਾਥ। ਧਿਰਾਂ ਬਨਾਈ ਦ੍ਵੈ ਗੁਰ ਨਾਥ। ਪ੍ਰਿਥਕ ਪ੍ਰਿਥਕ ਹ੍ਵੈ ਸਨਮੁਖ ਖਰੇ। ਬਲ ਕਰਿ ਸਭਿਛੀਂਟਨਿ ਤੇ ਭਿਰੇ॥੨੫॥ਸਮੁਖ ਛੀਂਟ ਹਾਥਨਿ ਤੇ ਮਾਰਹਿਂ। ਪੁਨਹਿਂ ਧਕੇਲਹਿ ਹਾਥ ਉਭਾਰਹਿਂ। ਪੁਨ ਹਟਿ ਮਿਲਿ ਮਿਲਿ ਬਯਾਕੁਲ ਕਰੈਂ। ਨਹਿਂ ਨ ਬਿਲੋਚਨਿ ਉਘਰਨਿ ਪਰੈਂ॥੨੬॥ ਮੁੰਦ੍ਰਤ[9] ਹੀ ਜਲਬਲ

[1]ਲਹਿੰਦਾ, ਧੰਨੀ ਤੇ ਘੇਪ। [2]ਫਰੁਖਾਬਾਦ। [3]ਮਕਸੂਦਾਵਾਦ ਬੰਗਾਲ ਦਾ ਸ਼ਹਿਰ ਹੈ ਇਸੇ ਨੂੰ ਮੁਰਸ਼ਦਾਬਾਦ ਕਹਿਦੇ ਹਨ। [4]ਬੁਰਹਾਨ ਪੁਰ ਤਾਪਤੀ ਦੇ ਕਿਨਾਰੇ ਹੈ। [5]ਆਗਰੇ ਦਾ ਦੂਜਾ ਨਾਮ ਹੈ। [6]ਜਲ। [7]ਦੋ ਧੜੇ ਬਣਾ ਲਏ। [8]ਮਿਥ ਕੇ। [9](ਅਖੀਂ) ਮੀਟਿਆਂ ਹੀ।

ਤੇ ਰੇਲੈਂ[1]। ਸਮੁਖ ਖਰੋ ਤੇ ਛੀਂਟ ਧਕੇਲੈਂ। ਕੋ ਬਨਾਕੁਲ ਹ੍ਵੈ ਭਾਜਿ ਸਿਧਾਵੈ। ਕਿਹ ਰੋਕਹਿਂ ਸੋ ਜਾਨਿ ਨ ਪਾਵੈ॥ ੨੭॥ ਦ੍ਵੈ ਘਟਿਕਾ ਲਗਿ ਕਰਿ ਕਰਿ ਜ਼ੋਰ। ਛੀਂਟਨਿ ਸੰਗ ਭਿਰੇ ਜੁਗ ਓਰ। ਸ਼੍ਰੀ ਗੋਬਿੰਦ ਸਿੰਘ ਬਲ ਕਰਿ ਫੇਰ। ਲਿਯੋ ਗੁਲਾਬ ਰਾਇ ਕੋ ਘੇਰ॥ ੨੮॥ ਨੇਤ੍ਰ ਨਹੀਂ ਉਘਰਨਿ ਕੋ ਪਾਵੈਂ। ਸ੍ਵਾਸ ਨਾਸਕਾ ਆਇ ਨ ਜਾਵੈ। ਨੀਠ ਨੀਠ ਲੈ ਬਿਹਬਲ ਹੋਵਾ। ਗੁਰ ਕੇ ਸਮੁਖ ਨ ਜਾਇ ਖਰੋਵਾ॥ ੨੯॥ ਭਾਜਿ ਚਲਯੋ ਜਲ ਤਜਿ ਕੈ ਫੇਰ। ਗਯੋ ਨਿਕਸਿ ਘੇਰਯੋ ਬਹੁ ਬੇਰ। ਜਾਜਮ[2] ਪਰ ਪਟ ਸਭਿ ਕੇ ਪਰੇ। ਪਾਗ ਬੰਧੀ ਜਨੋਂ ਕੀ ਤਯੋਂ ਕਰੇ॥ ੩੦॥ ਨਿਕਸਿ ਗੁਲਾਬਰਾਇ ਤਤਕਾਲਾ। ਜਲ ਆਂਖਨਿ ਮਹਿਂ, ਭਯੋ ਬਿਹਾਲਾ। ਜਲ ਤੇ ਨਿਕਸਿ ਧਾਇ ਕਰਿ ਆਇ। ਸ਼੍ਰੀ ਗੁਰ ਕੀ ਲਈ ਪਾਗ ਉਠਾਇ॥ ੩੧॥ ਨਿਜ ਸਿਰ ਧਰਿ ਕਰਿ ਦੌਰਨਿ ਕਰਯੋ। ਤਬਿ ਸੰਗੋ ਤਿਹ ਜਾਤ ਨਿਹਰਯੋ। ਗਹਿਬੇ ਧਾਯੋ ਊਚ ਉਚਾਰਾ। 'ਸਿਰ ਪਰ ਤੁਵ ਗੁਰ ਕੀ ਦਸਤਾਰਾ॥ ੩੨॥ ਅਪਨੀ ਲਿਹੁ ਪਛਾਨਿ ਕੈ ਆਇ। ਮਤਿ ਥਿਰ ਰਹੀ ਨ, ਜਲ ਬਿਚਲਾਇ'। ਸੁਨਤਿ ਡਰਯੋ ਪੁਨ ਹਟਿ ਕਰਿ ਆਵਾ। ਜਹਿਂ ਸਭਿਹਿਨਿ ਪਟ ਬ੍ਰਿੰਦ ਧਰਾਵਾ॥੩੩॥ ਅਪਨੀ ਪਗੀਆ ਕੀਨਿ ਚਿਨਾਰੀ। ਚਾਹਤਿ ਸਿਰ ਕੀ ਧਰੌਂ ਉਤਾਰੀ। ਜਬਹਿ ਸੀਸ ਕੋ ਹਾਥ ਚਲਾਯੋ। ਸ਼੍ਰੀ ਕਲਗ਼ੀਧਰ ਨੇ ਦਰਸਾਯੋ॥ ੩੪॥ ਕਰਯੋ ਬਾਕ 'ਅਬਿ ਨਹੀਂ ਉਤਾਰੋ। ਇਹੀ ਪਾਗ ਨਿਜ ਸਿਰ ਪਰ ਧਾਰੋ। ਏਕ ਸਮੈਂ ਐਸੋ ਹੁਇ ਜਾਈ। ਤੂੰ ਪੈ ਹੈਂ ਪਗਿਯਾ ਗੁਰਿਆਈ[3]॥੩੫॥ ਅਬਿ ਲਾਯਕ ਪਗੀਆ ਇਹ ਤੇਰੇ। ਕਬਹਿ ਦੇਹਿਂ ਪਦ ਤੋਹ ਉਚੇਰੇ'। ਤ੍ਰਾਸ ਕਰੇ ਸੁਨਿ ਕੈ ਗੁਰ ਬੈਨ। ਦੇਖਿ ਅਨੁਚਿਤੀ, ਮਨ ਰਿਸ ਹੈ ਨ[4]॥ ੩੬॥ ਤਬਿ ਸਤਿਗੁਰ ਨੇ ਅਪਰ ਮੰਗਾਈ। ਹਾਸ ਬਿਲਾਸ ਕਰਹਿਂ ਸਮੁਦਾਈ। 'ਭਲੋ ਭਜਾਯੋ ਥਿਰ ਨਹਿਂ ਰਹਯੋ। ਵਹਿਰ ਨਿਕਸਿ ਭੀਰੁ ਧਿਨ ਹਿੱਲਹਯੋ'॥੩੭॥ ਜਬਹਿ ਗੁਰੂ ਆਨੰਦਪੁਰਿ ਤਯਾਗੇ। ਅਬਚਲਨਗਰ ਜਾਨਿ ਕਹੁ ਲਾਗੇ। ਤਹਾਂ ਜਾਇ ਬੈਕੁੰਠ ਪਧਾਰੇ। ਨਹਿਂ ਪੀਛੈ ਕੋ ਗੁਰੂ ਨਿਹਾਰੇ॥ ੩੮ ॥ ਤਬਿ ਅਨੰਦਪੁਰਿ ਸੂੰਨੋ ਜਾਨਿ। ਥਿਰਯੋ ਗੁਲਾਬਰਾਇ ਤਹਿਂ ਆਨਿ। ਹੋਲੀ ਦੀਪਮਾਲ ਕੋ ਮੇਲਾ। ਲਖਿ ਗੁਰਪੁਰਿ ਕੋ ਹੋਇ ਸਕੇਲਾ॥੩੯॥ ਤਬਿ ਮੰਜੀ ਕੋ ਬੈਠਹਿ ਲਾਇ। ਲੇਹਿ ਸੁ

---

[1]ਧਕੇਲਦੇ ਹਨ। [2]ਠੇਕਿਆ ਹੋਇਆ ਬਸਤ੍ਰ ਹੇਠਾਂ ਵਿਛਾਉਣ ਦਾ। [3]ਗੁਰਿਆਈ ਦੀ ਪਗ। [4]ਅਜੋਗ (ਗਲ) ਦੇਖਕੇ (ਸ਼੍ਰੀ ਗੁਰੂ ਜੀ ਦੇ) ਮਨ ਵਿੱਚ ਗੁੱਸਾ ਨਹੀਂ ਹੋਇਆ।

ਪੂਜਾ ਧਨ ਸਮੁਦਾਇ।ਕੇਤਿਕ ਬਰਖ ਰਹਜੋ ਤਹਿਂ ਜੀਵਤਿ। ਸੰਗਤਿ ਮਹਿ ਗੁਰ ਆਪੇ ਥੀਵਤਿ ॥ ੪੦ ॥ ਇਹ ਬਚ ਕਰਜੋ ਸਫਲ ਤਬਿ ਭਯੋ। ਉਰ ਅਹੰਕਾਰ ਅਧਿਕ ਹੁਇ ਗਯੋ।ਸਤਿਗੁਰ ਬੈਠਨਿ ਕੋ ਜਹਿਂ ਥਾਨ।ਪੂਜਾ ਹਿਤ ਬੈਠਹਿ ਤਹਿਂ ਆਨਿ ॥ ੪੧ ॥ ਇਕ ਗੁਰਬਖਸ਼ ਸਾਧ ਤਹਿਂ ਤਜਾਗਾ[1] । ਸ੍ਰੀ ਗੁਰ ਤੇਗਬਹਾਦਰ ਜਾਗਾ।'ਧੂਪ ਦੀਪ ਨਿਤ ਕਰਤੇ ਰਹੀਅਹਿ।ਆਨ ਥਾਨ ਜੈਬੋ ਨਹਿਂ ਚਹੀਅਹਿ' ॥ ੪੨ ॥ ਰਹਤਿ ਹੁਤੋ ਸੋ ਤਿਸ ਹੀ ਥਾਨਿ । ਪਿਖਜੋ ਗੁਲਾਬਰਾਇ ਕੋ ਮਾਨ।ਜਬਿ ਗੁਰ ਥਲ ਪਰ ਬੈਠਜੋ ਜਾਇ।ਤਬਿ ਗੁਰਬਖਸ਼ ਸਾਧ ਤਹਿਂ ਆਇ ॥ ੪੩ ॥ ਮ੍ਰਿਦੁ ਬਾਕਨ ਤੇ ਕਹਿ ਸਮੁਝਾਯੋ । 'ਕਰਨਿ ਅਜੋਗ ਨ ਤੁਹਿ ਬਨਿ ਆਯੋ। ਅਦਬ ਰਾਖਨੋ ਜਿਸ ਥਲ ਕੇਰ। ਤਹਿਂ ਬੈਠੇ ਕਜਾ ਬਨਹਿ ਉਚੇਰਾ?॥੪੪॥ ਤੁਝ ਕੋ ਦੋਸ਼ ਲਗੈ ਇਹ ਭਾਰੇ। ਭਲੇ ਕਰਮ ਕੋ ਦੂਰ ਬਿਦਾਰੇ। ਕਜੋਂ ਅਪਰਾਧ ਬਿਸਾਲ ਕਮਾਵੈਂ। ਬੈਠਿ ਅਪਰ ਥਲ, ਲਿਹੁ ਧਨ ਆਵੈ'॥੪੫॥ਸੁਨਤਿ ਗੁਲਾਬਰਾਇ ਖਿਝਿ ਮਹਾਂ। ਬੋਲਜੋ 'ਤੂੰ ਜਾਨਤਿ ਹੈਂ ਕਹਾਂ। ਹੈਂ ਫਕੀਰ, ਜਾਨੈਂ ਸੁਧ ਸੋਈ[2]। ਗੁਰੂਅਨਿ ਕੀ ਸੂਝਤਿ ਨਹਿਂ ਕੋਈ ॥ ੪੬ ॥ ਤੂਟਹਿ ਘੂੰਘਟ ਕੋ ਮਤਿ ਤੇਰੋ[3]। ਹਮਰੀ ਦਿਸ਼ਿ ਕਜਾ ਕਰਿਹਹਿਂ ਝੇਰੋ'। ਸੁਨਿ ਗੁਰਬਖਸ਼ ਕ੍ਰੋਧ ਉਰਿ ਧਾਰਾ। ਖਰੋ ਸਮੁਖ ਇਮ ਸ੍ਰਾਪ ਉਚਾਰਾ ॥ ੪੭ ॥ 'ਕੇਤਿਕ ਦਿਨ ਮਹਿਂ ਬੀਜ ਬਿਹੀਨਾ। ਰਹੈਂ ਨ ਕਜੋਂਹੂੰ ਮਰਿ ਹੁਇਂ ਛੀਨਾ'। ਦੇ ਕਰਿ ਸ੍ਰਾਪ ਸੁ ਕੀਨਿ ਅਨਾਦਰ। ਥਿਰਜੋ ਥਾਨ ਸ੍ਰੀ ਤੇਗਬਹਾਦਰ ॥ ੪੮ ॥ ਸ੍ਰਾਪ ਸਾਧ ਕੌ ਤਤਛਿਨ ਹੋਯੋ। ਲਾਭ ਮੂਲ ਕੋ ਸਭਿ ਹੀ ਖੋਯੋ[4]। ਭਯੋ ਬਿਨਾਸ, ਥਿਰਜੋ ਨਹਿਂ ਸੋਈ। ਗੁਰੂ ਬਾਕ ਸਫਲਜੋ ਇਮ ਹੋਈ* ॥ ੪੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰੁੱਤੇ 'ਜਲ ਕੇਲ' ਪ੍ਰਸੰਗ ਬਰਨਨੰ ਨਾਮ ਸਪਤ ਦਸ਼ਮੋ ਅੰਸੂ ॥ ੧੭ ॥

੧੮. [ਸਿੱਖ ਰੀਛ] ।

ਦੋਹਰਾ ॥ ਸ੍ਰੀ ਸਤਿਗੁਰ ਸਰਬੱਗਜ ਸਭਿ, ਧੀਰ, ਕ੍ਰਿਤੱਗਜ[5]ਬਿਸਾਲ।ਕਰਤਿ ਅਨੰਦ ਪੁਰਿ ਮਹਿਂ ਅਨਦ ਦਰਸਹਿਂ ਦਰਸ਼ਨ ਜਾਲ† ॥ ੧ ॥ ਚੌਪਈ ॥ ਸਹਿਜ ਸੁਭਾਇਕ ਗੁਰ ਸਰਬੱਗਜ।ਸ਼ੋਭਤਿ ਬੈਠੇ ਹੁਤੇ ਕ੍ਰਿਤੱਗਜ। ਈਖਦ[6]

[1]ਛਡਿਆ ਸੀ (ਸੇਵਾ ਵਾਸਤੇ ਗੁਰੂ ਜੀ ਨੇ)। [2]ਤੂੰ ਫਕੀਰ ਹੈਂ ਸੋ (ਫਕੀਰੀ) ਦੀ ਸਾਰ ਹੀ ਜਾਣਦਾ ਹੈਂ। [3]ਤੇਰੇ ਮਤ ਦਾ ਘੁੰਘਟ ਦੂਰ ਹੋ ਜਾਏਗਾ। [4](ਗੁਲਾਬਰਾਇ ਨੇ) ਗੁਆ ਲੀਤਾ। [5](ਤੇ) ਕੀਤੇ (ਉਪਕਾਰ) ਨੂੰ ਜਾਨਣ ਵਾਲੇ। [6]ਥੋੜੇ ਜਿਹੇ। *ਵਿਸ਼ੇਸ਼ ਹਾਲ ਲਈ ਦੇਖੋ ਐਨ ੨ ਅੰਸੂ ੩੫ ਅੰਕ ੮ ਤੋਂ ੪੭ ਤੱਕ। †ਦਰਸਹਿ ਦਾਸ ਨਿਹਾਲ।

ਸਿੱਖ ਪਾਸ ਪਰਵਾਰਤਿ । ਚਹੂੰ ਓਰ ਚਾਮਰ ਬਰ ਢਾਰਤਿ[1] ॥ ੨ ॥ ਮਹਾਂ ਪ੍ਰਕਾਸ਼ਤਿ ਬੁੱਧਿ ਬਿਲੰਦ । ਜਨ ਤਾਰਨਿ ਮਹਿਂ ਪੂਰਨਚੰਦ। ਪਦਮਪੱਤ੍ਰ ਸੀ ਆਂਖ ਬਿਸਾਲੀ । ਡੋਰੇ ਸਹਿਤ ਅੰਤ ਮਹਿਂ ਲਾਲੀ[2] ॥੩॥ ਤੀਛਨ ਹੈਂ ਕਟਾਖ਼ਯ ਬਡ ਈਛਨ[3] । ਚੰਚਲ ਜਨੁ ਖੰਜਨ ਦੇ ਸੀਛਨ[4] । ਮਹਾਂ ਉਦਾਰ ਮੁਕਤਿ ਲੌ ਦੇਤਿ। ਹੇਰਤਿ ਦਾਸਨਿ ਦੁਖ ਹਰਿ ਲੇਤਿ ॥੪॥ ਕਿਤਿਕ ਕਾਲ ਜਬਿ ਬੈਠਿ ਬਿਤਾਯੋ।ਲੇ ਇਕ ਰੀਛ ਕਲੰਦਰ ਆਯੋ। ਮਹਾਂਬਲੀ ਬਡ ਦੇਹ ਅਕਾਰਾ । ਕੈਧੌਂ ਜਾਮਵੰਤ ਦੇਹ ਧਾਰਾ ॥ ੫ ॥ ਸਭਿ ਅੰਗਨਿ ਪਰ ਬਾਲ ਬਿਸਾਲਾ । ਭੂਰ ਬਰਨ[5] ਨਖ ਭੂਰ ਕਰਾਲਾ । ਫੋਰਿ ਨਾਸਕਾ ਰੱਜੂ ਪਾਈ। ਚਰਮ ਕਲੰਦਰ ਤਨ ਲਪਟਾਈ[6]॥੬॥ ਲਕੁਟੀ ਹਾਥ ਡਰਾਵਨਿ ਕਾਰਨ । ਜਬਹਿ ਦਿਖਾਇ ਕਰਹਿ ਭਭੁਕਾਰਨ।ਸ਼੍ਰੀ ਸਤਿਗੁਰ ਕੀ ਦ੍ਰਿਸ਼ਟਿ ਅਗਾਰੀ। ਲਗਯੋ ਦਿਖਾਵਨਿ ਤਿਹ ਬਲ ਭਾਰੀ ॥ ੭ ॥ ਕੁਸ਼ਤੀ ਲਰੇ ਕਰਨਿ ਬਲ ਧਰੇ । ਕਬਿ ਊਪਰ ਹੋਵਹਿਂ ਕਬਿ ਤਰੇ । ਇਤ ਉਤ ਫਿਰਤ ਬੀਚ ਮੈਦਾਨ । ਬਡੇ ਸ਼ਬਦ ਕੋ ਕਰਤਿ ਭਯਾਨ ॥੮॥ਦਹਿ ਪਗ ਪਰ ਭਾਲਕ[7] ਹੁਇ ਖਰੋ । ਆਪਸ ਬਿਖੈ ਅੰਕ ਲੈ ਭਰੋ[8] । ਇਸ ਪ੍ਰਕਾਰ ਬਹੁ ਘੋਲ ਦਿਖਾਯੋ । ਸਿੱਖਯ ਬਿਲੋਕਤਿ ਕਹਤਿ ਸੁਨਾਯੋ ॥੯॥ 'ਇਸ ਭਾਲਕ ਕੋ ਬਡੋ ਅਕਾਰਾ । ਨਹਿਂ ਅਸ ਪੂਰਬ ਕਬਹਿ ਨਿਹਾਰਾ' । ਚਮਰਦਾਰ ਕੀਰਤੀਆ ਨਾਮ। ਠਾਂਢੋ ਚੌਰ ਕਰਤਿ ਅਭਿਰਾਮ ॥ ੧੦ ॥ ਖੋੜਸ ਬਰਸ ਆਰਬਲ ਜਾਂਹਿ । ਭਾਲਕ ਪਿਖਤਿ ਹਰਖ ਉਰ ਮਾਂਹਿ।ਕਹਤਿ ਭਯੋ 'ਦੀਰਘ ਇਸ ਦੇਹਿ। ਕਿਮ ਗਹਿ ਲੀਨਸਿ ਇਹ ਦੁਖ ਦੇਹ[9] ? ॥੧੧॥ ਕੋ ਅਘ ਕਰਿ ਐਸੀ ਗਤਿ ਹੋਈ ? ਸ਼੍ਰੀ ਸਤਿਗੁਰ ਬਿਨ ਲਖੈ ਨ ਕੋਈ' । ਸਭਿ ਸਿੱਖਨ ਮਹਿਂ ਕਰੁਨਾ ਸਾਗਰ। ਤਬਿ ਮੁਸਕਾਵਤਿ ਕਹਯੋ ਉਜਾਗਰ ॥੧੨ ॥ 'ਭੋ ਕੀਰਤੀਆ ! ਉਰ ਲਖਿ ਆਪ।ਪ੍ਰਥਮ ਜਨਮ ਮਹਿਂ ਇਹ ਤੁਵ ਬਾਪ । ਅਘ ਬਡ, ਭਾਲਕ ਦੇਹ ਭਯੋ ਹੈ । ਗਹਯੋ ਇਨਹੁੰ ਕੇ ਬਸੀ ਥਿਯੋ ਹੈ' ॥ ੧੩ ॥ ਕੀਰਤੀਆ ਸਮੇਤ ਸਿਖ ਤਹਾਂ[10] । ਮਾਨਯੋ ਸੁਨਤਿ ਅਚੰਭਾ ਮਹਾਂ। ਹਾਥ ਜੋਰਿ ਕਰਿ ਬਿਨੈ ਸੁਨਾਈ। 'ਸ਼੍ਰੀ ਸਤਿਗੁਰ ਇਹ ਕਹਾਂ ਅਲਾਈ?॥੧੪॥ਪਿਤਾ ਆਪ ਕੋ ਪਾਸ ਸਦੀਵ ।

[1]ਝੁੱਲਦਾ ਹੈ। [2]ਨੇਤ੍ਰਾਂ ਦੇ ਕੋਨੇ ਵਲ ਡੋਰੇ ਦੀ ਲਾਲੀ ਹੈ, (ਕਮਲ ਪੱਤੀ ਦੇ ਲਾਲ ਡੋਰੇ) ਨਾਲ ਉਪਮਾ ਦੇ ਰਹੇ ਹਨ । [3]ਨੇਤ੍ਰਾਂ ਦੇ । [4]ਮਾਨੋਂ ਮਮੋਲੇ ਨੂੰ ਦੇਂਦੇ ਹਨ ਸਿੱਖਿਆ । [5]ਭੂਰਾ ਰੰਗ । [6]ਤਨ ਨੂੰ ਕਲੰਦਰ ਨੇ ਚਮੜਾ ਲਪੇਟਿਆ ਹੈ । [7]ਰਿੱਛ । [8]ਜੱਫੀ ਪਾਈ । [9]ਇਸ ਦੁਖ ਦੇਣ ਵਾਲੇ ਨੂੰ । [10]ਕੀਰਤੀਏ ਨੇ ਉਥੇ (ਹਾਜ਼ਰ) ਸਿੱਖਾਂ ਸਣੇ ।

ਮਮ ਪਿਤ ਰਹਯੋ ਸੇਵ ਕਰਿ ਥੀਵ[1]। ਸੰਗਤਿ ਕੀ ਅਰਦਾਸ ਕਰੰਤਾ। ਜੋ ਪ੍ਰਸ਼ਾਦਿ ਹੁਇ ਸੋ ਬਰਤੰਤਾ ॥੧੫॥ ਰਹਤਿ ਹਜ਼ੂਰ ਕਰਤਿ ਨਿਤ ਸੇਵਾ। ਨੌਮੇ ਪਾਤਿਸ਼ਾਹ ਗੁਰਦੇਵਾ। ਕਰਯੋ ਹਜ਼ਾਰਨਿ ਕੋ ਕਲਯਾਨਾ। ਤਿਨ ਕੋ ਸੇਵਤਿ ਰਹਯੋ ਮਹਾਨਾ॥੧੬॥ ਜੇ ਤਿਸ ਕੋ ਐਸੋ ਫਲ ਭਯੋ। ਮਾਨੁਖ ਤਨ ਤੇ ਭਾਲਕ ਥਿਯੋ॥ਤਿਸ ਗੁਰ ਕੇ ਸਪੂਤ ਹੋ ਆਪ।ਸੇਵਤਿ ਹੁਤੋ ਜਿਨਹੁੰ ਮਮ ਬਾਪ ॥੧੭॥ ਸੋ ਭਾਲਕ ਤਨ ਭਾ ਇਮ ਭਨਯੋ। ਮੁਝ ਕੋ ਬੰਦਰ ਚਹੀਯਤਿ ਬਨਯੋ। ਗਾਵਰ ਕੀ ਸੇਵਾ ਫਲ ਐਸੇ। ਮਾਨੁਖ ਲਖਹਿਂ ਕਰਹਿਂ ਤਬਿ ਕੈਸੇ॥ ੧੮॥ ਉੱਤਮ ਪਦ ਮੁਕਤੀ ਲੌ ਜੋਇ। ਚਾਹਤਿ ਨਰ ਸੋ ਸੇਵਕ ਹੋਇ। ਜੇ ਪ੍ਰਾਪਤਿ ਹੁਇ ਫਲ ਬਿੱਪ੍ਰੀਤ। ਨਹਿਂ ਸੇਵਹਿਂ ਤੁਮ ਕੋ ਡਰ ਚੀਤ ॥ ੧੯ ॥ ਸਿੱਖਨ ਗਨ ਕੇ ਆਸ਼ੈ ਅਹੋ।ਕੋ ਕਾਰਨ ਭਾ? ਸ੍ਰੀ ਗੁਰ ! ਕਹੋ। ਸਿਖ ਗੁਰਦਾਸ ਨਾਮ ਇਸ ਕੇਰ[2]। ਰਾਖਹੁ ਜਹਿਂ ਕਹਿਂ ਲਾਜ ਘਨੇਰ ॥੨੦॥ ਯਾਂ ਤੇ ਕਰੁਨਾ ਕਰਹੁ ਸੁਨਾਵਹੁ। ਪੁਨਹਿ ਜੂਨਿ ਦੁਖ ਤੇ ਛੁਟਵਾਵਹੁ। ਆਸ਼ੈ ਸਭਿ ਸਿੱਖਨ ਕੋ ਔਰ ਨ। ਤੁਮ ਬਿਨ ਸ਼ੋਧ ਪਾਇ ਕਿਤ ਠੌਰ ਨ'॥੨੧॥ਸ੍ਰੀ ਸਤਿਗੁਰ ਤਬਿ ਸਰਬ ਸੁਨਾਈ। 'ਤੋਹਿ ਪਿਤਾ ਇਮ ਜੂਨੀ ਪਾਈ। ਪੰਚਾਂਮ੍ਰਿਤ ਆਯੋ ਗੁਰ ਪਾਸਾ। ਤੁਵ ਪਿਤ ਨੇ ਕਰਿਕੈ ਅਰਦਾਸਾ ॥੨੨॥ ਬਰਤਾਵਨਿ ਲਗਿ ਸੰਗਤਿ ਮਾਂਹੀ। ਸਨੇ ਸਨੇ ਦੇਤੇ ਸਭਿ ਪਾਹੀ। ਗੁੜ ਲਾਦੇ ਗਾਡੇ ਮਹਿ ਕੋਇ[3]। ਤਹਿਂ ਮਾਰਗ ਆਯੋ ਚਲਿ ਸੋਇ॥੨੩॥ਗੁਰ ਉਤਰੇ ਸੁਨਿਕੈ ਸਿਖ ਕਾਨ। ਇਕ ਭੇਲੀ ਲੇ ਕਰਿ ਨਿਜ ਪਾਨ।ਧਰਿ ਆਗੈ ਦਰਸ਼ਨ ਗੁਰੁ ਕਰਯੋ। ਨਮੋ ਕਰਤਿ ਅਵਨੀ ਸਿਰ ਧਰਯੋ ॥ ੨੪ ॥ ਪੁਨ ਉਠਿ ਚਲਯੋ ਸੰਭਾਰਨਿ ਗਾਡੇ।ਮਾਰਗ ਚਲਿਤੇ ਆਇ ਜੁ ਛਾਡੇ[4]।ਤੁਵ ਪਿਤ ਤਬਿ ਪ੍ਰਸ਼ਾਦ ਬਰਤਾਵੈ। ਸੋ ਸਿਖ ਤਿਹ ਢਿਗ ਗਾ ਉਤਲਾਵੈ ॥੨੫॥ ਧੂਰ ਪੰਥ ਕੀ ਜਿਸ ਪਰ ਪਰੀ। ਬਦਨ ਸ਼ਮਸ਼ ਧੂਸਰ[5] ਸਭਿ ਕਰੀ।ਬਸਤ੍ਰਨਿ ਪਰ ਜਿਸਕੇ ਰਜ ਛਾਈ। ਸਕਟ ਚੱਕ੍ਰ ਪਗ ਬ੍ਰਿਖਭ ਉਡਾਈ[6]॥੨੬॥ਤੋਹਿ ਪਿਤਾ ਤੇ ਜਾਚਨਿ ਕਰਯੋ। ਨਹੀਂ ਕਛੂ ਤਿਸ ਕੇ ਕਰ ਧਰਯੋ। ਪੁਨਹਿ ਨਿਕਟਿ ਹੁਇ ਮਾਂਗਯੋ ਕੁਨਕਾ[7]। ਜਿਸਕੇ ਗਾਢੋ ਸਿਦਕ ਸੁ ਮਨ ਕਾ ॥ ੨੭ ॥ ਮੁਖ ਪਾਵਨ ਤੇ

[1]ਸੇਵਾ ਕਰਦਾ ਹੈ ਸੀ। [2]ਸਿੱਖ ਭੀ ਸੀ ਤੇ ਨਾਮ ਭੀ ਇਸ (ਮੇਰੇ ਪਿਤਾ ਦਾ) ਗੁਰਦਾਸ ਸੀ। [3]ਕੋਈ (ਸਿੱਖ)। [4](ਜਿਨਾਂ ਨੂੰ) ਰਾਹ ਤੁਰਦੇ ਛੱਡ ਆਯਾ ਸੀ। [5]ਦਾੜ੍ਹੀ ਮਿੱਟੀ ਵਰਗੀ। [6]ਗੱਡੇ ਦੇ ਪਹੀਏ ਤੇ ਬੈਲਾਂ ਦੇ ਪੈਰਾਂ ਨੇ ਜੋ (ਧੂੜ) ਉਡਾਈ ਸੀ। [7]ਥੋੜਾ ਜਿਹਾ ਕੜਾਹ ਪ੍ਰਸ਼ਾਦ।

ਪਾਵਨ[1] ਹੋਈ। ਉਤਕੰਠਤਿ[2] ਧਾਂਤੇ ਬਹੁ ਸੋਈ। ਤੁਵ ਪਿਤ ਨੇ ਕਰਿ ਕ੍ਰੋਧ ਘਨੇਰਾ। ਝਿਰਕਨ ਕੀਨਿ ਸਿੱਖ ਤਿਸ ਬੇਰਾ ॥ ੨੮ ॥-ਰੀਛ ਬੇਸ ਕਰਿਕੈ ਮਤਿ ਮੂੜ੍ਹਾ। ਕਯੋਂ ਸਭਿ ਪਰ ਤੂੰ ਹੋਤਿ ਅਰੂੜ੍ਹਾ। ਪਰੇ ਰਹੌ ਠਾਂਵੋਂ, ਕਯੋਂ ਆਵਹਿਂ। ਬਹੁ ਬੋਲਤਿ ਕਯੋਂ ਰੌਰ ਮਚਾਵਹਿਂ-॥ ੨੯ ॥ ਇਮ ਸੁਨਿਕੈ ਸਿਖ ਹੁਇ ਮਨ ਭੰਗ। ਅਵਨੀ ਹੇਰਤਿ ਬ੍ਰੀੜ੍ਹਾ[3] ਸੰਗ॥ਲਘੁ ਕਨ ਪਰਯੋ[4]ਉਠਾਯੋ ਛਿਤ ਤੇ । ਆਨਨ ਮਹਿਂ ਪਾਯੋ ਗੁਰ ਹਿਤ ਤੇ ॥ ੩੦ ॥ ਵਾਹਿਗੁਰੂ ਕੋ ਸਿਮਰਨ ਕਰਿ ਕੈ। ਤੁਵ ਪਿਤ ਕੋ ਦਿਯ ਸ੍ਰਾਪ ਉਚਰਿਕੈ।-ਗੁਰ ਸਿੱਖੀ ਕੋ ਲੇਸ਼ ਨ ਤੋਹਿ। ਅਬਹਿ ਸਰੀਰ ਰੀਛ ਕੋ ਹੋਹਿ-॥੩੧॥ [5]ਗਯੋ ਉਤਾਇਲ ਸਕਟੇ ਮਿਲਯੋ। ਕਰੇ ਸਾਥ, ਸੋ ਆਗੇ ਚਲਯੋ[5]। ਕੇਤਿਕ ਦਿਨ ਬੀਤੇ ਪਿਤ ਤੋਹਿ। ਬਯ ਪੂਰਨ ਤੇ ਮ੍ਰਿਤੁ ਬਸਿ ਹੋਹਿ॥ ੩੨ ॥ ਅਮੁਕੇ ਪਰਬਤ ਭਾਲਕ ਭਯੋ। ਹਤੋ ਅਲਪ ਹੀ ਇਨ ਗਹਿ ਲਯੋ। ਸਿਖ ਕੋ ਸ੍ਰਾਪ ਨਿਫਲ ਕਯੋਂ ਜਾਇ। ਜਿਨਕੇ ਚਿਤ ਗੁਰ ਚਰਨ ਟਿਕਾਇ*'† ॥ ੩੩ ॥ ਸੁਨਤਿ ਅਚੰਭੌ ਮਾਨਯੋਂ ਸਭਿਹੂੰ। ਹਾਥ ਜੋਰਿ ਤਿਹ ਸੁਤ ਕਹਿ ਤਬਿ ਹੂੰ।'ਰਾਵਰ ਭਨੀ ਬਾਤ ਸਭਿ ਨੀਕੀ।ਅਬਿ ਗਤਿ ਕਰੀਏ ਨਿਜ ਸਿਖ ਹੀ ਕੀ॥੩੪॥ਪਤਿਤ ਪਾਵਨੋ ਨਾਮ ਤੁਮਾਰਾ । ਦੋਸ਼ ਅਨੇਕ ਬਿਦਾਰਨਿ ਹਾਰਾ । ਕ੍ਰਿਪਾ ਦ੍ਰਿਸ਼ਟਿ ਤੇ ਜੂਨ ਛੁਟਾਵੈ। ਅਬਿ ਉੱਤਮ ਗਤਿ ਕੌ ਪਹੁੰਚਾਵੈ' ॥ ੩੫ ॥ ਤਬਿ ਕ੍ਰਿਪਾਲ ਨੇ ਇਕ ਸਿਖ ਭੇਜਾ। 'ਲੇਹੁ ਮੋਲ ਕੋ ਭਾਲਕ ਦੇ ਜਾ'। ਸੁਨਤਿ ਕਲੰਦਰ ਨੇ ਤਬਿ ਕਹਯੋ । 'ਇਹ ਸਮ ਰੀਛ ਅਪਰ ਨਹਿਂ ਲਹਯੋ॥ ੩੬ ॥

---

[1]ਪਵਿੱਤ੍ਰ। [2]ਕਾਹਲਾ ਪੈ ਰਿਹਾ ਸੀ। [3]ਲੱਜਾ। [4](ਕੜਾਹ ਪ੍ਰਸ਼ਾਦ ਦਾ)ਨਿੱਕਾ ਕਿਣਕਾ ਪਿਆ ਸੀ। [5]ਛੇਤੀ ਨਾਲ ਗਿਆ ਤੇ ਗਡਿਆਂ ਨੂੰ ਜਾ ਮਿਲਿਆ,(ਗੱਡੇ) ਨਾਲੋ ਨਾਲ ਕਰਕੇ ਉਹ ਅਗਾਂਹ ਨੂੰ ਚਲਾ ਗਿਆ।

*ਪਾ:-ਜਾਚਤਿ ਗੁਰ ਪ੍ਰਸਾਦਿ ਸ਼ਰਧਾਏ।

†ਗਡੇ ਵਾਲਾ ਸਿਖ ਸਿਦਕਵਾਨ 'ਧਯਾਨ ਸਿੱਧ' ਸਿੱਖ ਸੀ। ਉਸ ਵਿਚ ਏਕਾਗ੍ਰਤਾ ਦਾ ਕਮਾਲ ਸੀ ਤੇ ਵਾਕ ਸੱਤਾ ਏਕਾਗ੍ਰ ਚਿੱਤਾਂ ਵਿਚ ਹੁੰਦੀ ਹੀ ਹੈ। 'ਪ੍ਰਭ ਜੀ ਬਸਹਿ ਸਾਧ ਕੀ ਰਸਨਾ'। ਪ੍ਰਸ਼ਾਦ ਵਰਤਾਉਣ ਵਾਲਾ ਸੇਵਾ ਤਾਂ ਕਰਦਾ ਸੀ ਪਰ 'ਧਯਾਨ ਸਿੱਧ' ਪੁਰਖ ਨਹੀਂ ਸੀ ਤੇ ਤਮੋਗੁਣੀ ਬ੍ਰਿਤੀ ਵਿਚ ਸੀ, ਤੇ ਉਸ ਨੇ ਨਾਹਕ ਧਯਾਨ-ਲੀਨ ਸਿੱਖ ਦਾ ਮਨ ਭੰਗ ਕਰਨ ਦਾ ਦੂਸ਼ਨ ਕਮਾਇਆ। ਕਵਿ ਜੀ ਦਾ ਆਸ਼ਾ ਇਹ ਜਾਪਦਾ ਹੈ ਕਿ ਸੇਵ ਕਰਨ ਵਾਲਿਆਂ ਦਾ ਚਿੱਤ ਨਿੰਮ੍ਰਤਾ ਤੇ ਸ਼ਰਧਾ ਵਿੱਚ ਚਾਹੀਏ ਤਾਂ ਸੇਵਾ ਸਫਲ ਹੁੰਦੀ ਹੈ। ਸੇਵਾ ਕਰਦਿਆਂ ਜੋ ਮਨ ਵਿਚ ਹੰਕਾਰ ਉਪਜਣ ਦੇਣਾ ਹੈ ਸੋ ਸੇਵਾ ਦਾ ਫਲ ਪ੍ਰਾਪਤ ਨਹੀਂ ਹੋਣ ਦੇਂਦਾ।

ਇਸ ਕੇ ਸਾਥ ਕਮਾਈ ਮੇਰੀ। ਲੇਹੁੰ ਪੁਰਿਨਿ[1]* ਤੇ ਭਿੱਛ ਘਨੇਰੀ। ਮੋਹਿ ਰਜਤਪਨ ਦੋ ਸੈ ਦੇਹੁ।ਤੌ ਭ੍ਰਾਲਕ ਕੋ ਰਾਵਰ ਲੇਹੁ'॥੩੭॥'ਏਤੇ ਹੀ ਦਿਹੁ' ਸਤਿਗੁਰ ਕਹੈਂ। ਸੇਵਕ ਗਯੋ ਕੋਸ਼ ਜਹਿਂ ਅਹੈ।ਲੈ ਕਰਿ ਗਯੋ ਦੇਨਿ ਤਿਸ ਪਾਹੀ। ਫਿਰ੍ਯੋ[2] ਕਲੰਦਰ,ਲੇ ਤਬਿ ਨਾਂਹੀ ॥੩੮॥ 'ਕਹਤਿ ਭਯੋ ਮੈ ਲੇਉਂ ਘਨੇਰੇ'। ਹਟਿ ਸਿਖ ਭਾਖ੍ਯੋ ਗੁਰੂ ਅਗੇਰੇ। 'ਨਹਿਂ ਅਬਿ ਲੇਤਿ ਕਹੈ ਕੁਛ ਔਰਾ। ਕਰ੍ਯੋ ਮੋਲ ਨਹਿਂ ਮਾਨਹਿਂ ਬੌਰਾ'॥ ੩੯ ॥ ਤਬਿ ਗੁਰ ਭਨ੍ਯੋਂ 'ਲੇਹੁ ਤਿਸ ਛੀਨ'।ਸੁਨਿ ਸਿੱਖਨਿ ਉਠਿ ਤੈਸੇ ਕੀਨਿ।ਆਨਿ ਹਜ਼ੂਰ ਖਰੇ ਕਰਿ ਦੀਨਿ। ਇਕ ਸਥਾਨ ਬੰਧਾਵਨ ਕੀਨਿ ॥ ੪੦ ॥ ਦਯੋਸ ਬਿਤੀਤ੍ਯੋ ਜਾਮਨਿ[3] ਛਾਵਾ। ਭਈ ਪ੍ਰਾਤਿ ਸਤਿਗੁਰ ਫੁਰਮਾਵਾ। 'ਸੌ ਕੋ ਪੰਚਾਂਮ੍ਰਿਤ ਕਰਿਵਾਵਹੁ। ਸੁਚ ਸੋਂ ਸ਼ੀਘ੍ਰ ਕਰਹੁ ਲੈ ਆਵਹੁ' ॥ ੪੧ ॥ ਰੁਚਿਰ ਬਨਾਯੋ ਆਨ੍ਯੋਂ ਪਾਸ। ਖਰੈ ਹੋਇ ਕੀਨਸਿ ਅਰਦਾਸ।ਸ੍ਰੀ ਸਤਿਗੁਰ ਲੈਕੇ ਨਿਜ ਪਾਨ। ਪੰਚਾਂਮ੍ਰਿਤ ਈਖਦ[4] ਕਰਿ ਖਾਨ ॥੪੨॥ ਸੀਤ ਪ੍ਰਸਾਦਿ ਰੀਛ ਕੋ ਦਯੋ।ਜਬਿ ਮੁਖ ਮਹਿਂ ਸੋ ਪਾਵਤਿ ਭਯੋ। ਗਯੋ ਉਦਰ ਮਹਿਂ ਤਤਛਿਨ ਮਰ੍ਯੋ। ਸ੍ਰਾਪ ਪਾਪ ਸਭਿ ਹੀ ਪਰਹਰ੍ਯੋ ॥ ੪੩ ॥ ਉਤਮ ਗਤਿ ਕੋ ਪ੍ਰਾਪਤਿ ਹੋਵਾ । ਸਿੱਖਨ ਸਭਿਨਿ ਅਚੰਭੋ ਜੋਵਾ। 'ਧੰਨ ਧੰਨ ਸਤਿਗੁਰਹਿ' ਬਖਾਨਹਿਂ। 'ਅਪਨੀ ਗਤਿ ਤੁਮ ਆਪੇ ਜਾਨਹਿਂ†' ॥ ੪੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਸਿੱਖ ਰੀਛ' ਪ੍ਰਸੰਗ ਬਰਨਨੰ ਨਾਮ ਅਸ਼ਟਦਸ਼ਮੋ ਅੰਸੂ ॥ ੧੮ ॥

੧੯. [ਗੁਰੂ ਜੀ ਦੀ ਵੀਰਰਸੀ ਨਿੱਤ ਕ੍ਰਿਯਾ]।

ਦੋਹਰਾ ॥ ਇਸ ਪ੍ਰਕਾਰ ਸ੍ਰੀ ਸਤਿਗੁਰੂ ਗੋਵਿੰਦ ਸਿੰਘ ਸੁਜਾਨ। ਬਲ ਜੁਤਿ ਵਧਹਿ ਸਰੀਰ ਬਡ ਕਰਹਿਂ ਨਰਨਿ ਕਲ੍ਯਾਨ ॥ ੧ ॥ ਚੌਪਈ ॥ ਆਯੁਧ ਬਿੱਦ੍ਯਾ ਕਹੁ ਅੱਭ੍ਯਾਸਹਿਂ। ਅਪਰ ਸਕਲ ਹੀ ਰੋਰਹਿਂ ਪਾਸਹਿ। ਵਹਿਰ ਜਾਇ ਧਰਿਵਾਇਂ ਨਿਸ਼ਾਨਾ। ਕਰਹਿਂ ਚਲਾਵਨਿ ਧਨੁ ਤੇ ਬਾਨਾ॥੨॥ਥਿਰ ਬੀਰਾਸਨ ਹੋਇ ਚਲਾਵਹਿਂ। ਕਬਿ ਠਾਂਢੇ ਹਤਿ ਲੱਛ ਗਿਰਾਵਹਿਂ। ਕਬਹੁਂ ਕੁਵਾਦਾ[5] ਐਂਚਨਿ ਕਰਹਿਂ। ਜਿਮ ਭੁਜਦੰਡ ਅਧਿਕ ਬਲ ਧਰਹਿਂ ॥ ੩ ॥ ਸੁਨਹਿਂ ਪਿਤਾਮੇ ਕੀ[6] ਵਡਿਆਈ। ਪਰੇ ਜੰਗ ਬਡ ਭਟ ਸਮੁਦਾਈ। ਦੀਹ

---

[1]ਸ਼ਹਿਰਾਂ ਤੋਂ। [2](ਆਪਣੇ ਬਚਨ ਤੋਂ) ਫਿਰ ਗਿਆ। [3]ਰਾਤ। [4]ਥੋੜਾ। [5]ਕਮਾਨ ਜੋ ਕਰੜੀ ਨਾ ਹੋਵੇ, ਕਸਰਤ ਕਰਨ ਵਾਲੀ ਕਮਾਣ। [6]ਭਾਵ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ।

*ਪਾ:-ਘਰਨਿ। †ਇਸ ਸਾਖੀ ਵਿਚ ਉਪਦੇਸ਼ ਇਹ ਹੈ ਕਿ ਕ੍ਰੋਧ ਵਸ ਹੋਕੇ ਸਿਖ ਨੂੰ ਕਿਸੇ ਗੁਰਮੁਖ ਦਾ ਨਿਰਾਦਰ ਨਹੀਂ ਕਰਨਾ ਚਾਹੀਏ।

ਕਠੋਰ ਸਰਾਸਨ ਧਾਰਹਿਂ। ਸ਼ੱਤ੍ਰ ਅਨੇਕਨਿ ਤੇ ਕਰਿ ਪਾਰਹਿਂ[1] ॥੪॥ ਕੰਕ ਪੰਖ ਲਗਿ ਮੋਟਿਧ ਕਾਨਾ। ਖਪੇਰੇਮੁਖੀ[2], ਬਡੇ ਕਰਿ ਬਾਨਾ। ਜਿਨ ਕੇ ਆਗੇ ਅਰਨੋ ਨ ਕੋਈ। ਕਈ ਬਾਰ ਬਡ ਸੰਘਰ ਹੋਈ ॥੫॥ ਸੁਨਹਿਂ ਚੌਪ ਚਿਤ ਅਧਿਕ ਵਧਾਵਹਿਂ।ਕਾਰੀਗਰਨਿ ਹਜ਼ੂਰ ਬੁਲਾਵਹਿਂ।ਦੇਦੇ ਸੀਖਘਰਾਵਹਿਂ ਖਪਰੇ। ਇਸੀ ਰੀਤਿ ਗਨ ਆਯੁਧ ਅਪਰੇ ॥ ੬ ॥ ਸੇਲੇ[3], ਸਾਂਗਨ, ਭਾਲੇ ਭਲੇ[4]।ਕਾਰੀਗਰ ਲੇ ਲੇ ਗਨ ਮਿਲੇ।ਹੇਰਿ ਹੇਰਿ ਸ਼ਸਤ੍ਰਨ ਹਰਖਾਵੈਂ। ਬਖਸ਼ਸ਼ ਧਨ ਕੀ ਅਧਿਕ ਦਿਵਾਵੈਂ ॥੭॥ ਸੁਨਿ ਸੁਨਿ ਜਸੁ ਆਵਹਿਂ ਨਰ ਘਨੇ। ਆਯੁਧ ਅਰਪਤਿ ਹੈਂ ਅਨਗਿਨੇ । ਬੀਰ ਸਮੀਪੀ[5] ਬਖਸ਼ਨ ਕਰੈਂ। ਗਹੈਂ[6] ਸੁ ਹਰਖ ਰਿਦੇ ਬਹੁ ਧਰੈਂ ॥ ੮ ॥ ਕਾਰੀਗਰਨਿ ਟਿਕਾਵਹਿ ਬ੍ਰਿੰਦੇ। ਘਰਹਿਂ ਅਨੇਕ ਬਿਧਾਨ ਬਿਲੰਦੇ। ਦਿਨਪ੍ਰਤਿ ਹੀ ਸਮਾਜ ਬਿਰਧਾਵਹਿਂ। ਰਾਖਹਿਂ ਚਾਕਰ ਜੋ ਢਿਗ ਆਵਹਿਂ॥੯॥ਕਿਤਿਕਦੇਗ ਤੇ ਅਚਹਿਂ ਅਹਾਰਾ। ਕਿਤਿਕ ਰਸਤ ਲੇ ਕਰਹਿਂ ਗੁਜ਼ਾਰਾ। ਧਨ ਕੀ ਦੇਤਿ ਨੌਕਰੀ ਤਿਨੈ। ਜੋ ਨਿਤ ਰਹਿਤਿ ਬੀਰ ਰਸ ਸਨੈ ॥੧੦॥ ਹਯਨਿ ਅਰੂਢਹਿਂ ਵਹਿਰ ਸਿਧਾਰਹਿਂ। ਬ੍ਰਿੱਤ ਅਖੇਰ ਕਰਹਿਂ ਮੁਦ ਧਾਰਹਿਂ। ਮ੍ਰਿਗਨ ਧਵਾਇ ਥਕਾਵਹਿਂ ਜਬੈ। ਘੇਰਿ ਘੇਰਿ ਸਰ ਮਾਰਹਿਂ ਤਬੈ ॥੧੧॥ ਕੋ ਤੁਰੰਗ ਕੋ ਛੋਰਤਿ ਹਨੇ। ਸੀਖਹਿਂ ਸ਼ਸਤ੍ਰ ਪ੍ਰਹਾਰਨਿ ਘਨੇ।ਕੋ ਕ੍ਰਿਪਾਨ ਤੇ ਕਰਹਿਸੰਘਾਰਨ।ਕੋ ਤੋਮਰ ਭ੍ਰਮਾਇ ਪਰਹਾਰਨਿ ॥ ੧੨ ॥ ਸ਼ਿਕਰੇ, ਜੁਰਰੇ, ਬਾਜ ਰੁ ਸ੍ਵਾਨ। ਇਨ ਤੇ ਕਰਹਿਂ ਅਖੇਰ ਮਹਾਨ। ਹਯ ਅਰੂਢਿਬੇ ਬਿੱਦਯਾ ਫੇਰਨਿ[7] । ਅਧਿਕ ਧਵਾਵਹਿਂ, ਫਾਂਧਹਿਂ ਪ੍ਰੇਰਨ[8] ॥ ੧੩ ॥ ਛਾਲ ਬਿਸਾਲ ਅਲਪ ਕਰਿਵਾਵਹਿਂ। ਬਾਗਨ[9] ਕੇ ਅਨੁਸਾਰ ਭ੍ਰਮਾਵਹਿਂ।ਕਰਹਿਂ ਕੁੰਡਲਾਕਾਰ ਬਿਸਾਲੇ।ਪਲਟਹਿਂ ਤੁਰਤ ਫੁਰਤ ਕਰ ਨਾਲੇ ॥ ੧੪ ॥ ਪੁਨਹਿ ਅਟੇਰਨ ਕੀ ਬਿਧਿ ਪ੍ਰੇਰਨ[10]। ਹੇਤੁ ਚਲਾਕੀ ਫਿਰ ਫਿਰ ਫੇਰਨਿ। ਦਿਨ ਪ੍ਰਤਿ ਬਹੁ ਬਿਲਾਸ ਗੁਰ ਕਰੈਂ। ਪਿਖਿ ਸਿਖ ਸੰਗਤਿ ਇਮ ਉਰ ਧਰੈਂ ॥ ੧੫ ॥—ਰੀਤਿ ਪਿਤਾਮੇ ਕੀ ਉਰਧਾਰੀ। ਬਿਧਿ ਸੰਘਰ ਕੀ ਸਕਲ ਸੰਭਾਰੀ। ਇਹ ਘਾਲਹਿਂ ਸ਼ੱਤ੍ਰਨਿ ਘਮਸਾਨੇ। ਆਯੁਧ ਬਿੱਦਯਾ ਮਹਿਂ ਸਵਧਾਨੇ ॥ ੧੬ ॥ ਜਥਾ ਚਰਿੱਤ੍ਰ ਤਿਨਹੁ

[1]ਪਾਰ ਕਰ ਦਿੰਦੇ ਸਨ। [2]ਤੀਰ ਚੌੜੇ ਫਲ ਵਾਲੇ। [3]ਨੇਜ਼ੇ। [4]ਚੰਗੇ। [5](ਗੁਰੂ ਜੀ) ਨੇੜੇ ਬੈਠੇ ਬੀਰਾਂ ਨੂੰ। [6](ਬੀਰ)ਲੈਂਦੇ (ਸ਼ਸਤ੍ਰ)। [7](ਘੋੜੇ ਦੇ) ਫੇਰਨ ਦੀ ਵਿਦਯਾ। [8]ਛਾਲ ਮਰਵਾਉਣੀ। [9]ਵਾਗਾਂ ਦੇ। [10]ਸੂਤ ਦੇ ਅਟੇਰਨ ਵਾਂਗ ਘੋੜੇ ਨੂੰ ਪ੍ਰੇਰਦੇ ਹਨ।

ਕੇ ਸੁਨੇ। ਤਥਾ ਇਨਹੁੰ ਮੈਂ ਪਈਯਤਿ ਘਨੇ। ਕ੍ਰਾਂਤਿਮਾਨ[1] ਬਡ ਰੂਪ ਪ੍ਰਕਾਸ਼ਹਿ। ਹੁਇ ਪ੍ਰਸੰਨ ਬਖਸ਼ਤਿ ਸੁਖਰਾਸਹਿ ॥ ੧੭ ॥ ਜਿਨ ਕੀ ਰੀਝ ਖੀਝ ਬਿਨ ਮੋਘੂ[2]। ਨਾਸਹਿਂ ਬਿਘਨ ਅਘਨ ਕੇ ਓਘੂ[3]–। ਆਇ ਦੂਰ ਤੇ ਦਰਸ਼ਨ ਕਰਹਿਂ। ਪੁਨ ਘਰ ਬਿਖੇ ਧ੍ਯਾਨ ਨਿਤ ਧਰਹਿਂ॥੧੮॥ਗੁਰ ਮੂਰਤ ਸੂਰਤ ਬਰ ਚਾਰੂ। ਬਰਨੌਂ ਮੈਂ ਅਬਿ ਤਿਸੀ ਪ੍ਰਕਾਰੂ। ਜੋ ਸਿਖ ਸੁਨਿ ਸੁਨਿ ਕਰੈਂ ਧਯਾਨ। ਚਾਰ ਪਦਾਰਥ ਪ੍ਰਾਪਤਿ ਪਾਨ ॥ ੧੯ ॥ ਪਦ ਅਰਬਿੰਦੈ ਮ੍ਰਿਦੁਲ ਮਨਿੰਦੇ[4]*।ਅਰੁਣ ਬਰਣ ਤਿਨ ਚਰਣ†ਮੁਕੰਦੇ[5]।[6]ਜਿਨ ਸਿੱਖਨਿ ਕੇ ਮਨ ਅਨੁਰਾਗੇ।ਭਏ ਲਾਲ ਲਾਗੇ ਜੁਗ ਪਾਗੇ[6]॥੨੦॥ਨਖਸੁੰਦਰ ਸ਼ੋਭਤਿ ਇਮ ਖਰੇ। ਜਨੁ ਲਾਲੀ ਪਰ ਹੀਰੇ ਧਰੇ। ਏਡੀ ਕੋਮਲੁ ਬ੍ਰਿਤਲਾਕਾਰ[7]। ਜਨੁ ਫਲ ਕੋਹਰ[8]ਲਾਲ ਉਦਾਰ॥੨੧॥[9]ਤਰੁਵਾ ਬ੍ਰਿਛਤੇ ਊਰਧ ਐਸੇ।ਕਮਠ ਪੀਠ ਹੁਇ ਕੋਮਲ ਜੈਸੇ[9]। ਸੁਮਿਲਿ ਆਂਗੁਰੀ ਸੂਧੀ ਸੋਹੈਂ[10]। ਦੁਤਿ ਪੱਲਵ ਕੀ ਜਿਨੁ ਮਨ ਮੋਹੈਂ[11] ॥ ੨੨ ॥ ਸ਼ੁਭਤਿ ਪਗਨਿ ਪਰ ਗੁਲਫ[12] ਉਚੇਰੇ। ਜਿਨ ਮੋ ਸ਼ੁਭ ਲੱਛਨ ਸਭਿ ਹੇਰੇ।ਜੁਗਲ ਜੰਘ ਜਾਨੂ[13] ਦਿਢ ਹੋਇ। ਮਨਹੁਂ ਓਜ ਕੇ ਥੰਭ ਖਰੋਇ ॥ ੨੩ ॥ ਉਦਰ ਸ-ਤ੍ਰਿਵਲੀ[14] ਸੁੰਦਰ ਸੋਹਤਿ।ਨਾਭਿ

---

[1]ਸ਼ੋਭਾ ਵਾਲਾ। [2]ਕ੍ਰਿਪਾਲਤਾ ਤੇ ਗੁਸਾ ਖਾਲੀ ਨਹੀਂ ਜਾਂਦੇ, ਭਾਵ ਕਿਸੇ ਤੇ ਰੀਝਣਾ ਤੇ ਖੀਝਣਾ ਸੁਖ ਤੇ ਦੁਖ ਦਾ ਅਸਰ ਕਰ ਜਾਂਦਾ ਹੈ। [3]ਸਮੂਹ ਪਾਪਾਂ ਦੇ ਵਿਘਨ। [4]ਕਮਲ ਵਰਗੇ ਕੋਮਲ। [5]ਲਾਲ ਰੰਗ ਹੈ ਤਿਨ੍ਹਾਂ (ਗੁਰੂ ਜੀ ਦੇ) ਮੁਕਤੀ ਦਾਤੇ ਚਰਨਾਂ ਦਾ। [6]ਦੋਹਾਂ ਚਰਨਾਂ ਨੂੰ ਜੋ ਲਗੇ (ਸੋ ਮਨ) ਲਾਲ ਹੋ ਗਏ ਭਾਵ ਲਾਲ ਵਾਂਗ ਅਮੋਲਕ ਹੋ ਗਏ; ਅਥਵਾ ਕ੍ਰਿਤ ਕ੍ਰਿਤ ਹੋ ਗਏ। [7]ਗੋਲਾਕਾਰ। [8]ਕੌਂਹਰ=ਤੁਮੇਂ ਦੀ ਜਾਤੀ ਦਾ ਇਕ ਫਲ ਜੋ ਪੱਕ ਕੇ ਲਾਲ ਹੋ ਜਾਂਦਾ ਹੈ ਜਿਸ ਨੂੰ ਕਵਿ ਅੱਡੀ ਦੀ ਲਾਲੀ ਨਾਲ ਉਪਮਾਂ ਦਿਆ ਕਰਦੇ ਹਨ,ਯਥਾ ਬਿਹਾਰੀ:—ਕੌਂਹਰ ਸੀ ਏਡੀਨ ਕੀ ਲਾਲੀ ਦੇਖ ਸੁਭਾਇ। [9]ਉਂਗਲੀਆਂ ਦੀ ਆਕ੍ਰਿਤੀ ਤੋਂ ਪੈਰ ਦੀ ਪਿਠ ਐਉਂ ਉਚੀ ਹੈ ਜਿਵੇਂ ਕਛੂ ਦੀ ਪਿਠ, (ਪਰ ਉਹ ਕਰੜੀ ਹੁੰਦੀ ਤੇ ਇਹ) ਕੋਮਲ ਹੈ। [ਤਰੁਵਾ=ਪੈਰ ਦੀ ਪਿਠ। ਸੰਸ:, ਬ੍ਰਿਕਸ਼=ਉਹ ਆਕ੍ਰਤੀ ਯਾ ਮਿਲਦੀ ਜੁਲਦੀ ਸ਼ਕਲ ਜੋ ਕਿਸੇ ਮੂਲ ਤੋਂ ਸ਼ਾਖਾਂ ਹੋਕੇ ਨਿਕਲੇ]। (ਅ) ਤਰੁਵਾ ਦਾ ਅਰਥ ਅਕਸਰ 'ਤਲੀ' ਲਗਿਆ ਕਰਦਾ ਹੈ, ਤਦ 'ਤਰੁਵਾ ਬ੍ਰਿਛ' ਦਾ ਅਰਥ 'ਤਲੀਆਂ ਨੂੰ ਢਕ ਲੈਣ ਵਾਲਾ ਥਾਂ' ਲੱਗ ਸਕਦਾ ਹੈ, ਮੁਰਾਦ ਉਹੋ ਹੋਈ=ਪੈਰ ਦੀ ਪਿੱਠ, ਜੋ ਐਉਂ ਉਚੀ ਹੈ ਜਿਵੇਂ ਕੱਛੂ ਦੀ ਪਿੱਠ ਹੁੰਦੀ ਹੈ। [10]ਮਿਲੀਆਂ ਹੋਈਆਂ ਉਂਗਲੀਆਂ ਸਿੱਧੀਆਂ (ਐਉਂ) ਸੋਹ ਰਹੀਆਂ ਹਨ। [11]ਜਿਨ੍ਹਾਂ ਦੀ ਕਰੂੰਮਲੀਆਂ ਵਰਗੀ ਸੁੰਦਰਤਾ ਮਨ ਨੂੰ ਮੋਹ ਰਹੀ ਹੈ। [12]ਗਿੱਟੇ। [13]ਗੋਡੇ। [14]ਪੇਟ ਤੇ ਤ੍ਰੈ ਵਲ ਦੀ ਰੇਖਾ। *ਪਾ:—ਮਲਿੰਦੇ।

†ਪਾ:—ਜਨ ਸ਼ਰਨ।

ਗੰਭੀਰ ਦਿਪਤ ਚਿਤ ਮੋਹਤਿ। ਬਾਹੁ ਅਜਾਨੁ ਸੁ ਅਰਲਾ ਮਾਨੋ[੧]। ਸ਼ੁਭਤਿ
ਕਰੀ ਕਰ ਬਲੀ ਮਹਾਨੋ[੨]॥੨੪॥ਦਿਪਤ ਪ੍ਰਚੰਡਬਡੇ ਭੁਜਦੰਡੇ[੩]।ਮਨਹੁੰਬੰਜੂ
ਕੇ ਇਹ ਜੁਗ ਖੰਡੇ ।ਆਯੁਤ ਛਾਤੀ ਅਤਿਸ਼ੈ ਗਾਢੋ[੪]। ਮਨਹੁੰ ਕਪਾਟ[੫]
ਕਠਨ ਰਿਪੁ[੬] ਠਾਂਢੋ॥੨੫॥ਤੁੰਗ ਸਿਕੰਧਨ ਤੇ ਜੁਗ ਛੈਲੇ[੭]। ਜਿਮ ਕ੍ਰਿਖਚਰ
ਸੂਨੋ ਬਡ ਬੈਲੈ[੮]। ਮੁਕਤਾ ਮਾਲ ਬਿਸਾਲ ਉਜਾਲੀ। ਗੋਲ ਮੋਲ ਬਡ ਕੇ
ਦੁਤਿ ਸ਼ਾਲੀ[੯]॥੨੬॥ ਚਿਬਕ[੧੦] ਚਾਰੁ ਚਹੁੰਗਿਰਦ ਸੁਹਾਵਤਿ।ਫਲ ਰਸਾਲ-
ਨੂਤਨ[੧੧] ਜਨੁ ਭਾਵਤਿ। ਅਧਰ ਮ੍ਰਿਦੁਲ ਸ਼ੁਭ ਲਾਲ ਬਿਸਾਲਾ। ਹੀਰਨਿ
ਪੰਕਤਿ ਦੰਤ ਉਜਾਲਾ॥ ੨੭॥ ਮੁਸਕਾਵਤਿ ਦਿਖੀਅਤਿ ਦਮਕਾਵਤਿ।
ਸੰਪਟ ਬਿੱਦ੍ਰਮ ਕਲੀ ਲਖਾਵਤਿ[੧੨]। ਸੁੰਦਰ ਦੀਪਤ ਜੁਗਲ ਕਪੋਲੈ[੧੩]।
ਮੁਕਰ ਮਾਰ ਕੇ ਮਨਹੁੰ ਅਮੋਲੈ[੧੪]॥੨੮॥ਤਿਨ ਪਰ ਕੁੰਡਲ ਡੋਲਤਿ ਝਲ-
ਕਤਿ। ਰਤਨ ਜਵਾਹਰ ਤੇ ਬਰ ਡਲਕਤਿ।ਮੁਖ ਮੰਡਲ ਜਨੁ ਚੰਦ ਅਖੰ-
ਡਤ[੧੫]।ਕਮਲ ਪ੍ਰਫੁੱਲਤ ਦੁਤਿ ਬਡ ਮੰਡਤਿ[੧੬]॥੨੯॥ ਮਧੁਰ ਮਧੁਰ ਘਨ
ਧੁਨਿ[੧੭] ਸ਼ੁਭ ਬਾਨੀ।ਨਿਜ ਦਾਸਨ ਕੋ ਅੰਮ੍ਰਿਤਦਾਨੀ[੧੮]। ਕੈ ਦੁੰਦਭਿ ਸੁਰ
ਸ਼ਬਦ ਗੰਭੀਰ। ਬੋਲਤਿ ਮਹਾਂ ਭਰੇ ਰਸ ਬੀਰ॥੩੦॥ਕਮਲ ਪਾਂਖਰੀ ਚਾਰ
ਸਰੀਖੀ[੧੯]।ਆਂਖ ਬਡੀ ਜੁਗ[੨੦] ਤੀਖੀ ਤੀਖੀ।ਕਰੁਨਾਭਰੇ ਕਟਾਛ[੨੧] ਛਬੀਲੇ।
ਪਲਟਤਿ*ਮੀਨ ਮਨਹੁ ਦੁਤਿ ਲੀਲੇ[੨੨]।॥੩੧॥ ਚਮਕਤਿ ਅਨੀਦਾਰ ਬਿਨ
ਆਂਜੇ[੨੩]।ਜਨੁ ਕਟਾਰ ਕਾਰੀਗਰ ਮਾਂਜੇ।ਜਗ ਮਹਿੰ ਨਰ ਨਾਰੀ ਅਸ ਕੋ ਹੈ।

[੧]ਬਾਹਵਾਂ ਗੋਡਿਆਂ ਤਕ ਅੱਲ ਵਰਗੀਆਂ ਭਾਵ ਗੋਲ ਤੇ ਲੰਮੀਆਂ ਹਨ [ਸੰਸ:, ਅਰੁਲ,=ਅੱਲ, ਲੌਕੀ]। [੨]ਮਹਾਨ ਬਲੀ ਹਾਥੀ ਦੀ ਸੁੰਡ ਵਾਂਗ ਸ਼ੋਭਦੀਆਂ ਹਨ। [੩]ਡੌਲੇ। [੪]ਤਕੜੀ। [੫]ਤਖਤੇ। [੬]ਸ਼ੱਤ੍ਰੂਆਂ (ਲਈ)। [੭]ਦੋਵੇਂ ਮੋਢੇ ਉੱਚੇ ਹੋਣ ਤੇ ਸੁੰਦਰ ਹਨ। [੮]ਜਿਵੇਂ ਰਾਖੀ ਰਹਿਤ ਖੇਤੀ ਖਾਣ ਵਾਲੇ ਬੈਲ ਦਾ (ਮੋਢਾ) ਵੱਡਾ ਹੁੰਦਾ ਹੈ। [ਸੂਨ=ਖਾਲੀ, ਭਾਵ ਰਾਖੀ ਰਹਿਤ] (ਅ ਬੈਲ ਦੀ ਸੂੰਨ ਤੋਂ ਬੀ ਭਾਵ ਬੈਲ ਦੀ ਬੰਨ੍ਹ ਲੈ ਲੈਂਦੇ ਹਨ। (ੲ) ਸ਼ੁਧ ਪਾਠ ਜਾਪਦਾ ਹੈ 'ਬੰਨ੍ਹ ਬੈਲ'=ਬੈਲ ਦਾ ਬੰਨ (ਮੋਢਾ, ਕੰਨ੍ਹਾਂ)। [੯]ਸ਼ੋਭਾ ਦਾ ਘਰ। [੧੦]ਠੋਡੀ। [੧੧]ਨਵਾਂ ਅੰਬ। [੧੨]ਗੱਲੀਆਂ ਦੇ ਡੱਬੇ ਵਿਚ (ਦੰਦ ਫੁਲਾਂ ਦੀਆਂ ਕਲੀਆਂ ਭਾਸਦੀਆਂ ਹਨ। [੧੩]ਦੋਵੇਂ ਗੱਲ੍ਹਾਂ। [੧੪]ਮਾਨੋ ਕਾਮਦੇਵ ਦੇ ਅਮੋਲਕ ਸ਼ੀਸ਼ੇ ਹਨ। [੧੫]ਜੋ ਘਟੇ ਵਧੇ ਨਾ। (ਅ) ਪੂਰਨਮਾਸ਼ੀ ਦਾ ਚੰਦ। [੧੬]ਧਾਰਦਾ ਹੈ। [੧੭]ਬੱਦਲ ਦੀ ਧੁਨੀ ਵਾਂਙ। [੧੮]ਅੰਮ੍ਰਿਤ ਦਾਨ ਕਰਨ ਵਾਲੀ। [੧੯]ਸੁਹਣੇ ਕਮਲ ਤੁੱਲ ਸੁੰਦਰ। [੨੦]ਦੋਵੇਂ। [੨੧]ਮਟੱਕਾ। [੨੨]ਮਾਨੋ ਮੱਛੀਆਂ ਸ਼ੋਭਾ ਨੂੰ ਨਿਗਲਨ ਲਈ ਪਲਟ ਰਹੀਆਂ ਹਨ। (ਅ ਜੀਕੁਣ ਪਾਣੀ ਵਿਚ ਮੱਛੀਆਂ ਹਿਠਾਹਾਂ ਉਤਾਹਾਂ ਹੁੰਦੀਆਂ ਸ਼ੋਭਾ ਦਿੰਦੀਆਂ ਹਨ, ਕਟਾਛ ਉਸ ਸ਼ੋਭਾ ਨੂੰ ਭੀ ਨਿਗਲਣ ਵਾਲੇ ਹਨ। [੨੩]ਬਿਨਾਂ ਸੁਰਮਾਂ ਪਾਏ ਦੇ ਅਣੀਦਾਰ (ਅੱਖੀਆਂ) ਚਮਕਦੀਆਂ ਹਨ।

*ਪਾ:-ਪਲਟਤ।

ਅਤਿ ਕਠੋਰ, ਜਿਸ ਕੋ ਨਹਿ ਮੋਹੈਂ॥੩੨॥ਮਨਹੁ ਨਿਪੁਨਤਾ ਬਿਧਿ[੧] ਉਪ-ਜਾਈ।ਹੁਤੀ ਜਿਤਿਕ ਸਭਿ ਲਾਇ ਦਿਖਾਈ। ਕ੍ਰਿਪਾ ਕਰਤਿ ਜਿਸ ਕੀ ਦਿਸ਼ਿ ਹੇਰਹਿਂ।ਬਿਨ ਦਾਮਨ ਤਿਨ ਠਾਨਤਿ ਚੇਰਹਿਂ[੨] ॥੩੩॥ਅਤਿ ਸੁੰਦਰ ਸ਼ੋਭਤਿ ਗਰਬੀਲੇ[੩]। ਰਸ ਕੋ ਬਰਸਤਿ[੪] ਅਧਿਕ ਰਸੀਲੇ। ਮਨਹੁਂ ਲਾਜ ਕੇ ਭਰੇ ਜਹਾਜਾ। ਚੰਚਲ ਮਹਾਂ ਦ੍ਰਿਗੰਚਲ ਸਾਜਾ[੫] ॥੩੪॥ ਭ੍ਰਿਕੁਟੀ ਕੁਟਿਲ ਕਮਾਨ ਸਮਾਨਾਂ। ਭਰਜੈ ਭਾਗ ਤੇ ਭਾਲ ਮਹਾਨਾ। ਮੇਚਕ ਚਿੱਕ੍ਰਨ[੬] ਕੇਸ ਅਸ਼ੇਸ਼*।ਸਿਰ ਉਸ਼ਨੀਟ[੭] ਸੁਹਾਇਅਸ਼ੇਸ਼॥੩੫॥ਕਲਗ਼ੀ ਜਿਗਾ ਜ਼ੇਬ ਜਿਨ ਜ਼ਾਹਰ[੮]। ਜਬਰ ਜੋਤਿ ਜਗਮਗਤ ਜਵਾਹਰ। ਸਰਬ ਬਿਭੂਖਨ ਭੂਖਤਿ ਭਾਰੇ। ਲਾਗੇ ਮੋਲ ਬਿਸਾਲ ਸੁਧਾਰੇ॥੩੬॥ਕੰਚਨ ਕੇ ਕੰਕਨ ਖਚਿ ਹੀਰੇ[੯]। ਜਰੇ ਰੁਚਿਰ ਕਾਰੀਗਰ ਚੀਰੇ। ਨਵਰਤਨੇ ਇਸ ਭਾਂਤਿ ਸੁਹਾਏ।ਨਵ ਗ੍ਰੈਹ ਮਨਹੁ ਭੁਜਾ ਲਪਟਾਏ ॥੩੭ ॥ ਬਰਣ ਬਰਣ ਬਰ ਬਸਤ੍ਰ ਹਮੇਸ਼। ਪਹਿ-ਰਤਿ ਰੀਤਿ ਨਵੀਨੀ ਬੇਸ਼। ਛਾਪ ਛਲਾਯਨ ਤੇ ਛਬਿ ਛਾਜਤਿ। ਗਰ ਮਹਿਂ ਖੜਗ ਬਿਸਾਲ ਬਿਰਾਜਤਿ॥ ੩੮ ॥ ਧਨੁ ਬਿੱਦਯਾ ਅੱਭਯਾਸ ਕਰਾਵੈਂ। ਕਹਿ ਕਹਿ ਖਪਰੇ ਤੀਰ ਘਰਾਵੈਂ।ਧਰਿ ਧਰਿ ਮਾਰਹਿਂ ਦੂਰ ਨਿਸ਼ਾਨਾ। ਬਡੇ ਬੇਗ ਤੇ ਛੂਟਹਿ ਬਾਨਾ ॥ ੩੯ ॥ ਚਾਂਪ ਕਠੋਰ ਕਹਤਿ ਬਨਿਵਾਵਹਿਂ। ਬਡ ਬਲ ਕਰਿ ਜੋ ਐਂਚਯੋ ਜਾਵਹਿ। ਸੰਬਤਿ ਏਕ ਬਿਤੇ ਪੁਨ ਕਹੈਂ। ਧਨੁ ਦੁਗਨੋ ਦਿਢ ਕਰ ਮਹਿਂ ਗਹੈਂ ॥੪੦॥ ਜੰਗੀ ਤੀਰ ਪੁਲਾਦੀ ਖਪਰੇ। ਕਹਿ ਕਹਿ ਬ੍ਰਿੰਦ ਕਰਾਵਹਿਂ ਅਪਰੇ। ਹੇਰਿ ਹੇਰਿ ਤੀਖਨ ਬਡ ਤੀਰੇਂ। ਸ਼੍ਰੀ ਗੋਵਿੰਦ ਸਿੰਘ ਗੁਨੀ ਗਹੀਰੇਂ॥੪੧॥-ਤੁਰਕ ਸ਼ਤ੍ਰੁ ਗਨ ਅੰਗ ਮਝਾਰੀ। ਮਮ ਕਰ ਤੇ ਪ੍ਰਵਿਸ਼ਹਿਂ ਕਿਸ ਵਾਰੀ। ਕਬਹੁ ਜੰਗ ਮਹਿ ਬਨਹਿਂ ਨਿਸ਼ੰਗਾ। ਕਰੋਂ ਪ੍ਰਹਾਰਨਿ ਖਰਨ ਖਤੰਗਾ ॥ ੪੨॥ ਕਬਿ ਤੁਫੰਗ ਕੋ ਗਹੈਂ ਚਲਾਵੈਂ। ਮਾਰ ਲੱਛ ਕੋ ਤਰੇ ਗਿਰਾਵੈਂ–। ਇੱਤਯਾਦਿਕ ਆਯੁਧ ਅੱਭਯਾਸੀ। ਦਿਨ ਪ੍ਰਤਿ ਸਤਿਗੁਰ ਕਰਤਿ ਬਿਲਾਸੀ॥ ੪੩ ॥ ਇਤਿ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ

---

[੧]ਬਿਧਾਤਾ ਨੇ। [੨]ਬਿਨਾਂ ਮੁੱਲੋਂ ਦਾਸ ਬਣਾ ਲੈਂਦੇ ਹਨ। [੩]ਗੌਰਵਤਾ ਵਾਲੇ। [੪]ਰਸ ਬਰਸਾ ਰਹੇ ਹਨ। [੫]ਪਲਕਾਂ ਦੀ ਬਨਾਵਟ ਬੜੀ ਚੰਚਲ ਹੈ। [ਸੰਸ:, ਦ੍ਰਿਗ+ਅੰਚਲ=ਪਲਕਾਂ]। [੬]ਕਾਲੇ ਤੇ ਚੀਕਣੇ। [੭]ਦਸਤਾਰ। [੮]ਸ਼ੋਭਾ ਜਿਨ੍ਹਾਂ ਦੀ ਪ੍ਰਗਟ ਹੈ। [੯]ਹੀਰੇ ਜੜੇ ਸੋਨੇ ਦੇ ਕੜੇ।

*ਇਥੇ ਸਪਸ਼ਟ ਸਾਬਤ ਹੋ ਰਿਹਾ ਹੈ ਕਿ ਗੁਰੂ ਸਾਹਿਬ ਅੰਮ੍ਰਿਤ ਮਿਰਯਾਦਾ ਤੋਂ ਪਹਿਲੇ ਬੀ ਕੇਸ਼ਾਧਾਰੀ ਸਨ।

ਰੁਤੇ 'ਗੁਰ ਸਰੂਪ ਬਰਨਨੰ' ਨਾਮ ਏਕ ਊਨ ਬਿੰਸਤੀ ਅੰਸੂ ॥ ੧੯ ॥

੨੦. [ਤੰਬੂ ਕਾਬਲੋਂ ਬਣਵਾਇਆ। ਦੂਜਾ ਵਿਵਾਹ]।

ਦੋਹਰਾ ॥ ਕਾਬਲ ਬਿਖੈ ਮਸੰਦ ਇਕ ਸੰਗ੍ਰਹਿ ਗੁਰ ਕੀ ਕਾਰ। ਸੰਮਤ ਮਹਿ ਸਭਿ ਆਨਿ ਕਰਿ ਅਰਪਹਿ ਗੁਰ ਦਰਬਾਰ॥ ੧॥ ਚੌਪਈ॥ ਬਲਖ਼ ਬੁਖ਼ਾਰਾ ਅਰੁ ਈਰਾਨ।ਇੱਤਜਾਦਿਕ ਜੋ ਦੇਸ਼ ਮਹਾਨ।ਸਭਿ ਤੇ ਸੰਗ੍ਰਹ ਲੇਕਰਿ ਕਾਰ। ਕਈ ਬਾਰ ਲ੍ਯਾਯੋ ਦਰਬਾਰ ॥ ੨॥ ਇਕ ਦਿਨ ਗੁਰ ਹਜ਼ੂਰ ਮਹਿਂ ਬੈਸੇ। ਕਰਯੋ ਬ੍ਰਿਤਾਂਤ ਸੁਨਾਵਨਿ ਐਸੇ। 'ਪ੍ਰਭੁ ਜੀ ਪਸ਼ਮੰਬਰ ਕੋ ਡੇਰਾ[੧]।ਦਿੱਲੀ-ਪਤਿ ਹਿਤ[੨] ਬਨ੍ਯੋ ਬਡੇਰਾ ॥ ੩ ॥ ਕਾਬਲ ਮਹਿਂ ਕਾਰੀਗਰ ਕੀਨਾ। ਕਾਰ ਅਜਾਇਬ ਜਿਸ ਮਹਿਂ ਚੀਨਾ। ਹੇਰਿ ਬਿਸੂਰਤਿ ਮੈਂ ਉਰ ਲਹੌਂ।—ਸ਼੍ਰੀ ਗੁਰ ਉਚਿਤ—ਬਿਚਾਰਤਿ ਰਹੌਂ ॥ ੪ ॥ ਸੋ ਪਠਿ ਦੀਨਿ ਦਿਲੀਪਤ ਪਾਸਾ। ਪੁਨ ਕੀਨੀ ਮੈਂ ਮਨ ਮਹਿਂ ਆਸਾ।—ਗੁਰੂ ਹੇਤੁ ਦੂਜੋ ਬਨਿਵਾਵਹੁਂ। ਦਰਬ ਕਾਰ ਕੋ[੩] ਸਰਬ ਲਗਾਵਹੁਂ—॥੫॥ਬਿਨਾ ਆਪ ਕੇ ਹੁਕਮ ਨ ਹੋਵਾ।—ਨਹਿਂ ਬੂਝੇ[੪] —ਇਹ ਸੰਸਾ ਜੋਵਾ'। ਸੁਨਿ ਕਲਗੀਧਰ ਬਾਕ ਬਖਾਨਾ। 'ਅਬਿ ਕਾਬਲ ਕੋ ਕਰਹੁ ਪਯਾਨਾ॥ ੬ ॥ ਜਿਸ ਬਿਧਿ ਕੋ ਹੋਯਸਿ ਬਰ ਡੇਰਾ[੫]। ਕਯਾ ਕਯਾ ਬਨਹਿ[੬], ਕਹੋ ਇਕਬੇਰਾ।ਪੁਨ ਤੈਂ ਜਾਇ ਤਯਾਰਕਰਿਵਾਵਹੁ।ਮਨ ਭਾਵਤਿ ਧਨ ਤਾਂਹਿ ਲਗਾਵਹੁ'॥੭॥ਸੁਨਿ ਮਸੰਦ ਕਹਿ: 'ਪ੍ਰਭੋ ਮੁਕੰਦੇ! ਇਕ ਤੰਬੂ ਬਿਚ ਬਨ੍ਯੋ ਬਿਲੰਦੇ। ਅਨਿਕ ਪ੍ਰਕਾਰ ਬੂਟ ਅਰੁ ਬੇਲਾਂ। ਝਾਲਰ ਲਰੀ* ਲਰਕਤੀ ਗੇਲਾਂ[੭] ॥ ੮ ॥ ਕਿਤ ਕਿਤੋ ਮੁਕਤਾ ਗੁੱਛ[੮] ਲਗਾਏ। ਰੇਸ਼ਮ ਕੀ ਡੋਰੈਂ ਤਨਵਾਏ। ਕੰਚਨ ਕਲਸ ਉਤੰਗ ਸੁਹਾਏ। ਤਨ੍ਯੋ ਸੁਢਰ ਚਹੁਂ ਕੂੰਟ ਬਨਾਏ[੯] ॥੯॥ ਵਹਿਰ ਚਾਨਨੀ ਚਾਰੁ ਚੁਕੋਨੀ। ਮੁਕਤਾ ਲਰੀ ਲਗੀ ਤਿਨ ਲੋਨੀ[੧੦]। ਚੋਬ ਸੁ ਚਾਂਦੀ ਚਾਮੀਕਰ ਕੀ। ਅਧਿਕ ਚਤੁਰਤਾ ਕਾਰੀ-ਗਰ ਕੀ ॥ ੧੦ ॥ ਅਬਿ ਰਾਵਰ ਕੀ ਆਇਸੁ ਭਈ। ਸਹਿਤ ਕਨਾਤ ਜਥਾ

---

[੧]ਪਸ਼ਮੀਨੇ ਦਾ ਤੰਬੂ। [੨]ਨੁਰੰਗੇ ਵਾਸਤੇ। [੩]ਕਾਰ ਭੇਟ ਦਾ ਧਨ। [੪]ਪੁੱਛਿਆ ਨਹੀਂ ਸੀ। [੫]ਸ੍ਰੇਸ਼ਟ ਤੰਬੂ ਬਣਿਆ ਹੈ। [੬](ਉਸ ਵਿਚ) ਕੀ ਕੀ ਬਣਿਆ ਸੀ। [੭]ਨਾਲ, ਹੇਠਾਂ। [੮]ਮੋਤੀਆਂ ਦੇ ਗੁੱਛੇ। [੯]ਚਹੁੰ ਨੁੱਕਰਾਂ ਤੇ (ਕਲਸ) ਬਣਾਏ ਹਨ ਜਿਸ ਕਰਕੇ ਤਣਿਆਂ (ਤੰਬੂ) ਸਡੌਲ ਲਗਦਾ ਹੈ। (ਦੇਖੋ ਅੰਕ ੨੧)। (ਅ) ਚਾਰ ਕੋਣਾਂ ਬਣਾਏ ਜਾਣ ਕਰਕੇ ਤਣਿਆਂ ਸਡੌਲ ਲਗਦਾ ਹੈ। [੧੦]ਸੁੰਦਰ।

*ਝਾਲਰ ਤੇ ਲੜੀਆਂ। (ਅ) ਸ਼ੁਧ ਪਾਠ 'ਝਾਲਰ ਜ਼ਰੀ' ਅਸਲ ਵਿਚ ਹੋਸੀ, ਜੈਸਾ ਕਿ ਅੰਕ ੨੧ ਵਿਚ 'ਜ਼ਰੀ ਝਾਲਰ' ਆਇਆ ਹੈ। ਅੰਕ ੧੦ ਵਿਚ ਕਵੀ ਜੀ ਨੇ ਪਦ ਲਰੀ ਮੁਕਤਾ ਨਾਲ ਵਰਤਿਆ ਹੈ ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਏਥੇ ਪਾਠ'ਝਾਲਰ ਜ਼ਰੀ'ਠੀਕ ਹੈ।

ਪਿਖਿ ਲਈ। ਤਥਾ ਕਰਾਵੈਂ ਦੇ ਕਰਿ ਦਰਬਾ। ਕਹੌਂ ਕਹਾਂ ਪਿਖਿ ਲੀਜਹਿ
ਸਰਬਾ'॥ ੧੧ ॥ ਗਮਨਯੋਂ ਮਨ ਭਾਵਤਿ ਸੁਨਿ ਗੁਰ ਤੇ। ਪਹੁੰਚਯੋ ਕਾਬਲ
ਹਰਖਤਿ ਉਰ ਤੇ।ਪਰਾਰੰਭ ਤਤਛਿਨ ਕਰਿਵਾਵਾ। ਚਹੀਅਤਿ ਦਰਬ ਸਰਬ
ਪਹੁੰਚਾਵਾ ॥ ੧੨॥ ਸਭਿ ਦੇਸ਼ਨਿ ਤੇ ਗੁਰ ਕੀ ਕਾਰ। ਲੇ ਲੇ ਦਈ ਕਰਨਿ
ਕੌ ਤਯਾਰ। ਬਾਰ ਬਾਰ ਕਹਿ ਕਰੀ ਤਗੀਦ। 'ਜਿਮ ਤੁਰਕੇਸ਼ੁਰ ਨਿਕਟ
ਰਸੀਦ[1] ॥ ੧੩ ॥ ਤਿਸ ਤੇ ਆਛੋ ਦੇਹੁ ਬਨਾਇ। ਗੁਰ ਘਰ ਧਨ ਕੀ ਤੋਟ
ਨ ਕਾਇ'। ਇਮ ਬਨਵਾਵਤਿ ਭਾ ਬਹੁ ਕਾਲ। ਅਤਿ ਸੁੰਦਰ ਸਭਿ ਕਰਯੋ
ਬਿਸਾਲ ॥ ੧੪ ॥ ਆਛੀ ਰੀਤਿ ਸਕਲ ਬਨਵਾਯਹੁ। ਚਹੀਅਤਿ ਜੇਤਿਕ
ਦਰਬ ਲਗਾਯਹੁ। ਸਵਾਲਾਖ ਇਕ ਸੰਮਤ ਕੇਰਾ। ਲੇਤਿ ਬਟੋਰਨ ਧਨ,
ਕਰਿ ਫੇਰਾ[2] ॥ ੧੫ ॥ ਦ੍ਵੈ ਸੰਮਤ ਕੀ ਜੋ ਗੁਰ ਕਾਰ[3]। ਹੋਤਿ ਅਢਾਈ ਲਾਖ
ਬਿਚਾਰ।ਸੋ ਸਭਿ ਡੇਰੇ ਪਰ ਲਗਵਾਯਹੁ।ਬਹੁ ਚਾਤੁਰਤਾ ਸਹਿਤ ਬਨਾਯਹੁ॥
੧੬॥ ਸੋ ਉਚਵਾਇ ਅਨੰਦਪੁਰਿ ਆਨਾ। ਬਹੁ ਨਰ ਸੰਗ ਸੰਭਾਰਨਿ ਠਾਨਾ।
ਮਿਲਯੋ ਆਨਿ ਸਤਿਗੁਰ ਪਗ ਪਰਯੋ। 'ਡੇਰਾ ਤਯਾਰ' ਨਿਵੇਦਨ ਕਰਯੋ[4] ॥
੧੭ ॥ ਪੁਨ ਪ੍ਰਭੁ ਸ਼੍ਰੀਮੁਖ ਹੁਕਮ ਬਖਾਨਾ।'ਤਹਿਂ ਲਗਾਇ ਸੋ ਡੇਰਨਿ ਤਾਨਾ।
ਤਬਿ ਹੇਰਹਿਂਗੇ ਜਿਮ ਇਹ ਭਯੋ। ਚਿਰੰਕਾਲ ਮਹਿ ਲਯਾਵਨਿ ਕਿਯੋ'
॥ ੧੮ ॥ ਲਗੇ ਫਰਾਸ਼ ਲਗਾਵਨਿ ਸੋਇ। ਤਨੀ ਕਨਾਤ ਰੁਫੇਰੇ* ਜੋਇ।
ਬੂਟੇ ਨਿਕਸੇ ਬਾਗ਼ ਮਨਿੰਦ। ਫਲ ਫੂਲਨਿ ਦਲ ਕਿਤ ਅਰਬਿੰਦ[5] ॥੧੯॥
ਪੁਨ ਤੰਬੂ ਤਾਨਯੋ ਤਿਸ ਮਾਂਹੀ । ਕੰਚਨ ਕਲਸ ਤੁੰਗ ਜੁਗ ਜਾਂਹੀ। ਪਸ਼-
ਮੰਬਰ ਬਹੁ ਬਰਨ ਬਰਨ ਕੇ। ਦਿਪਹਿਂ ਦੂਰ ਆਕਾਰ ਤਰਨਿ ਕੇ[6] ॥੨੦॥
ਚਾਰੁ ਚੁਕੋਨ ਕਲਸ ਲਘੁ ਚਾਰ। ਦਿਪਤ ਮਹਾਂ ਦੁਤਿ ਗਨ ਗੁਲਜ਼ਾਰ।
ਫਹਿਰ ਜ਼ਰੀ ਝਾਲਰ ਝਲਕੰਤੀ। ਅੰਤਰ ਮੁਕਤਾ ਲਰੀ ਝੁਲੰਤੀ ॥ ੨੧ ॥
ਚਾਂਦੀ ਸਹਿਤ ਸੁ ਚਾਮੀਕਰ ਕੀ। ਚੋਬ ਖਰੀ ਜੁਗ ਘਾੜਤ ਬਰ ਕੀ। ਚਾਰੁ
ਚਾਨਣੀ ਚਮਕ ਚੁਕੋਨੀ। ਤਨੀ ਤਾਨ ਕਰਿ ਦੀਪਤਿ ਲੋਨੀ[7]॥੨੨॥ ਧਨ
ਲਾਗਯੋ ਜਿਹਂ ਲਾਖ ਅਢਾਈ। ਅਸ ਡੇਰੇ ਕੋ ਹੇਰਿ ਗੁਸਾਈਂ। ਭਏ ਪ੍ਰਸੰਨ
ਜਬਹਿ ਬਿਚ ਬਰੇ। ਮਾਤੁਲ ਅਧਿਕ ਸਰਾਹਨਿ ਕਰੇ ॥ ੨੩ ॥ 'ਸਰਬ

[1]ਪਹੁੰਚਾਇਆ ਹੈ [ਫਾ:, ਰਸੀਦਨ=ਪਹੁੰਚਣਾ]। [2]ਫੇਰਾ ਮਾਰ ਕੇ। [3]ਜੋ ਗੁਰਾਂ ਦੀ ਕਾਰ ਭੇਟ ਸੀ। [4]ਬੇਨਤੀ ਕੀਤੀ। [5]ਕਿਤੇ ਕਵਲ। [6]ਸੂਰਜ ਵਾਂਙ। [7]ਬਲ ਨਾਲ ਤਾਣੀ ਗਈ ਸੁੰਦਰ ਚਮਕਦੀ ਹੈ।

*ਪਾ:-ਮਖਮਲੀ।

ਸ਼ਿਰੋਮਣਿ ਤੁਮ ਜਿਮ ਅਹੋ। ਤਿਮ ਇਹ ਜਗ ਤੇ ਉੱਤਮ ਲਹੋ। ਸੁਨਤੇ ਦਿਲੇਸ਼ੁਰ ਢਿਗ ਅਸ ਗਯੋ। ਇਸ ਕੇ ਸਮ ਸੋ ਬਨਤਿ ਨ ਭਯੋ॥੨੪॥ਅਪਰ ਕੌਨ ਸਕਿ ਹੈ ਬਨਿਵਾਇ। ਬਿਨਾ ਆਪ ਕੇ ਸ਼ਕਤਿ ਨ ਕਾਇ'। ਪਿਛਲੇ ਪਹਿਰ ਫਰਸ਼ ਕਰਿਵਾਯੋ। ਤੰਬੂ ਕੇ ਸੰਗ ਲੇਯ ਜੁ ਆਯੋ ॥ ੨੫ ॥ ਆਨਿ ਦਿਵਾਨ ਲਗਯੋ ਦਰਬਾਰ। ਬੈਠੇ ਸ਼ੋਭਤਿ ਗੁਰੂ ਉਦਾਰ। ਸਿਖ ਸੰਗਤਿ ਅਰ ਬ੍ਰਿੰਦ ਮਸੰਦ। ਗਾਇਂ ਰਬਾਬੀ ਸ਼ਬਦ ਅਨੰਦ ॥ ੨੬ ॥ ਸਭਿਹਿਨਿ ਦੇਖਯੋ ਬਨਯੋ ਅਜਾਇਬ। ਹਰਖਹਿਂ ਰਿਦੇ, 'ਉਚਿਤ ਇਹ ਸਾਹਿਬ'।ਸੰਧਯਾ ਲਗਿ ਥਿਰ ਹੁਇ ਹਰਖਾਇ।ਪਠਿ ਰਹਿਰਾਸ ਭੋਗ ਤਬਿ ਪਾਇ॥੨੭॥ਸੁੰਦਰ ਸਦਨ ਬਿਰਾਜੇ ਜਾਇ। ਖਾਨ ਪਾਨ ਕਰਿ ਨਿਸਾ ਬਿਤਾਇ । ਸਭਿ ਥਲ ਬਿਦਤਿ ਭਯੋ ਸੋ ਡੇਰਾ। ਕਰਹਿਂ ਸਰਾਹਨਿ ਜਿਸ ਜਿਸ ਹੇਰਾ ॥ ੨੮ ॥ ਪੁਨ ਇਕ ਦਿਨ ਸ੍ਰੀ ਸਤਿਗੁਰ ਬੈਸੇ।ਸਿਖ ਸੁਰ ਗਨ ਮਹਿਂ ਸੁਰਪਤਿ ਜੈਸੇ।ਬਸਤ੍ਰ ਬਿਭੂਖਨ ਰਹੇ ਸੁਹਾਇ। ਸੰਗਤਿ ਨਈ ਦਰਸ ਕੋ ਪਾਇ ॥ ੨੯ ॥

ਪੁਨਇਕ ਸੰਗਤਿ ਕਿਤ ਤੇ ਆਈ।ਅਨਿਕ ਅਕੋਰਨਿ ਅਦਭੁਤ ਲਯਾਈ। ਤਿਸ ਮਹਿਂ ਖੱਤ੍ਰੀ ਸਿਖ ਚਲਿ ਆਯੋ। ਨਿਜ ਤਨੁਜਾ ਕੋ ਡੋਰਾ ਲਯਾਯੋ ॥ ੩੦ ॥ ਗੋਤ ਹੁਤੇ ਕੁਮਰਾਵ ਅਛੇਰਾ। ਆਨ ਅਨੰਦਪੁਰਿ ਕੀਨਸਿ ਡੇਰਾ। ਸੁਧਿ ਸ਼੍ਰੀ ਗੁਜਰੀ ਨਿਕਟ ਪਠਾਈ। ਅਪਰ ਨੁਖਾ ਡੇਰੇ ਮਹਿਂ ਪਾਈ॥੩੧॥ ਮਨ ਮੈਂ ਮੁਦਤਿ ਵਧਾਈ ਲੇਤਿ।ਬਸਨ ਦਰਬ ਜਾਚਕ ਕੋ ਦੇਤਿ। ਦਰਸ਼ਨ ਦੇਨਿ ਹੇਤੁ ਗੁਰ ਆਇ।ਬੈਠਿ ਸਭਾ ਦਰਬਾਰ ਲਗਾਇ ॥ ੩੨ ॥ ਸਭਿ ਸੰਗਤ ਮਹਿਂ ਸੁਧਿ ਪਹੁੰਚਾਈ। 'ਲਿਹੁ ਦਰਸ਼ਨ ਪਹੁੰਚਹੁ ਸਮੁਦਾਈ'। ਸੁਨਿ ਸੁਨਿ ਸੁਧਿ ਕੋ ਸਭਿ ਉਤਲਾਇ। ਲਏ ਅਕੋਰਨ ਕੋ ਚਲਿ ਆਇ ॥ ੩੩ ॥ ਅਰਪਨ ਕਰਹਿਂ, ਬੰਦਨਾ ਠਾਨਹਿਂ। ਰਿਦੇ ਕਾਮਨਾ ਬਦਨ ਬਖਾਨਹਿਂ। ਪਿਖਿ ਪਿਖਿ ਪ੍ਰੇਮੀ ਪੂਰਵਨ ਕਰੈਂ[1]। ਕਰੁਨਾ ਦ੍ਰਿਸ਼ਟਿ[2] ਸਭਿਨਿ ਪਰ ਧਰੈਂ॥ ੩੪ ॥ ਹਾਥ ਜੋਰਿ ਖੱਤ੍ਰੀ ਸਿਖ ਆਯੋ। 'ਮੈਂ ਤਨੁਜਾ ਦਾਸੀ ਹਿਤ ਲਯਾਯੋ। ਬਨਹਿ ਸਨਾਥਾ[3] ਤੁਮਤੇ ਸੋਇ। ਇਹ ਸ਼ਰਧਾ ਪੂਰਨ ਮਮ ਹੋਇ' ॥ ੩੫ ॥ ਸੁਨਿ ਕਰਿ ਸ਼੍ਰੀ ਮੁਖ ਤੇ ਫੁਰਮਾਯੋ । 'ਅੰਤਹਿਪੁਰਿ ਡੇਰਾ ਪਹੁੰਚਾਯੋ'। ਦੇ ਦਰਸ਼ਨ ਸੰਗਤ ਕੋ ਸਾਰੀ। ਗਮਨੇ ਸਤਿਗੁਰ ਸਦਨ ਮਝਾਰੀ ॥੩੬॥ ਸ਼੍ਰੀ ਗੁਜਰੀ ਸਾਹਾ ਸੁਧਵਾਇ। ਉਤਸ਼ਵ ਬਯਾਹ ਬਿਲੰਦ ਬਨਾਇ। ਸਤਿਗੁਰ

[1]ਪੂਰੀ ਕਰਦੇ ਹਨ (ਗੁਰੂ ਜੀ)। [2]ਮਿਹਰਾਂ ਦੀ ਨਜ਼ਰ। [3]ਭਾਵ ਸੁਹਾਗਵੰਤੀ।

ਕੌ ਫੇਰੇ ਫਿਰਿਵਾਏ। ਪੁਰਿ ਅਨੰਦ ਮਹਿਂ ਅਨੰਦ ਵਧਾਇ॥੩੭॥ਜਥਾ ਜੋਗ ਕੁਲਰੀਤਿ ਕਰਾਈ। ਧਨ ਖਰਚ੍ਯੋ ਬਹੁ ਵਜੀ ਵਧਾਈ। ਦੂਤੀ ਬਯਾਹ ਕਲਗ਼ੀਧਰ ਕੇਰਾ। ਸੰਗ ਸੁੰਦਰੀ ਭਾਗ ਭਲੇਰਾ॥ ੩੮ ॥ ਜਿਸ ਕੀ ਹੋਈ ਬੈਸ ਬਿਸਾਲਾ। ਗੁਰ ਪੀਛੇ ਜੀਵੀ ਚਿਰਕਾਲਾ। ਇਸ ਪ੍ਰਕਾਰ ਪੁਰਿ ਅਨੰਦ ਮਝਾਰਾ। ਬਿਲਸਤਿ ਗੁਰੂ ਬਿਲਾਸ ਉਦਾਰਾ ॥ ੩੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਡੇਰਾ ਆਗਵਨ, ਬ੍ਯਾਹ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ॥੨੦॥

੨੧. [ਰਤਨ ਰਾਇ ਦੀ ਦਰਸ਼ਨਾ ਲਈ ਤਯਾਰੀ ।

ਦੋਹਰਾ॥ਅਬਿ ਇਹ*ਭੂਪਤਿ ਕੀ ਕਥਾ ਕਹਨਿ ਬਨੈ ਇਸ ਥਾਨ।ਗਨਸ਼੍ਰੋਤਾ ਸੁਨੀਅਹਿ ਸਕਲ ਬਨਹੁਂ ਸੁਚਿਤ ਸਵਧਾਨ ॥ ੧॥ ਚੌਪਈ॥ ਸ਼੍ਰੀ ਗੁਰ ਤੇਗਬਹਾਦਰ ਧੀਰ।ਗਮਨੇ ਦੇਸ਼ ਕਾਮਰੂ ਤੀਰ। ਬਿਸ਼ਨ ਸਿੰਘ ਨ੍ਰਿਪ ਕਾਜ ਬਨਾਯੋ। ਤਿਸ ਨਰਿੰਦ੍ਰ ਕੋ ਬੋਲਿ ਮਿਲਾਯੋ[1]॥੨॥ ਜਬਿ ਇਤ ਐਥੇ ਕੀਨੀ ਤਯਾਰੀ। ਪਸਰ੍ਯੋ ਸੁਜਸੁ ਜਹਾਂ ਕਹਿਂ ਭਾਰੀ।ਦੇਸ਼ ਅਸਾਮ ਕੇਰ ਮਹਿਪਾਲਾ। ਜਿਸਕੇ ਪੁੱਤ੍ਰ ਨ ਹੁਇ ਕਿਸ ਕਾਲਾ ॥ ੩ ॥ ਕਰਿ ਕਰਿ ਥਕ੍ਯੋ ਅਨਿਕ ਉਪਚਾਰ। ਬੀਤ ਗਯੋ ਤਰੁਨਾਪਨ ਚਾਰੁ[2]। ਸੁਨਿਕੈ ਗੁਰਜਸੁ ਮੁਦਤਿ ਬਿਲੰਦ।-ਜਨ ਕੀ ਪੂਰਹਿਂ ਕਾਮਨਾ ਬ੍ਰਿੰਦ-॥ ੪ ॥ ਅੰਤਹਿਪੁਰਿ[3] ਕੋ ਲੇ ਨਿਜ ਸਾਥ। ਮਿਲ੍ਯੋ ਆਇ ਜਹਿਂ ਸਤਿਗੁਰ ਨਾਥ। ਅਨਿਕ ਅਕੋਰ ਅਰਪ ਕਰਿ ਧਰੇ। ਦੋ ਕਰਿ ਜੋਰਿ ਨਿਹੋਰਨਿ ਕਰੇ॥੫॥ ਸੁਤਿ ਅਭਿਲਾਖਾ ਅਰਜ਼ ਗੁਜਾਰੀ। ਸੁਨਿ ਕਰਿ ਸਤਿਗੁਰ ਕਰੁਨਾ ਧਾਰੀ। ਹੁਤੀ ਹਾਥ ਮਹਿਂ ਅੱਛਰ ਛਾਪ[4]। ਨ੍ਰਿਪਤਿ ਉਰੂ ਪਰ[5] ਲਾਈ ਆਪ ॥ ੬ ॥ ਕਹ੍ਯੋ ਬਾਕ ਬਰ ਕੋ[6] ਤਬਿ ਤਿਸੈ।'ਉਪਜੈ ਪੁੱਤ੍ਰ ਤੋਹਿ ਘਰ ਬਿਸੈ[7]'। ਤਿਸਕੇ ਸਿਰ ਪਰ ਮੁਹਰ ਹਮਾਰੀ। ਹ੍ਵੈ ਹੈ ਚਿੰਨ੍ਹਤਿ ਸੋ ਬਯ ਸਾਰੀ[8]† ॥ ੭ ॥ ਗੁਰ ਤੇ ਲੇ ਕਰਿ ਨ੍ਰਿਪ ਘਰ ਗਯੋ। ਇਕ ਸੰਮਤ ਮਹਿਂ ਸੁਤ ਉਪਜਯੋ । ਅਨਿਕ ਅਨੰਦ ਬਜਾਇ ਵਧਾਈ। ਬੰਟ੍ਯੋ ਦਰਬ ਨਰਨਿ ਸਮੁਦਾਈ ॥ ੮ ॥ ਪ੍ਰਤਿਪਾਰ੍ਯੋ ਪ੍ਰਿਯ ਪੁੱਤ੍ਰ

---

[1]ਭਾਵ ਕਾਰੂ ਦੇਸ਼ ਦੇ ਰਾਜੇ ਨੂੰ ਬੁਲਾਕੇ ਬਿਸ਼ਨ ਸਿੰਘ ਨਾਲ ਮਿਲਾਇਆ ਸੀ। [2]ਸੁਹਣੀ ਜੁਵਾਨੀ। [3]ਰਾਣੀ ਨੂੰ। [4]ਅੱਖਰਾਂ ਵਾਲੀ ਮੋਹਰ। [5]ਪੱਟ ਉਤੇ। [6]ਵਰ ਦਾ ਵਾਕ। [7]ਬਿਖੇ। [8]ਸਾਰੀ ਆਯੂ।

*ਪਾਠ 'ਇਕ' ਹੋਣਾ ਹੈ, ਕਲਮ ਉਕਾਈ ਨਾਲ 'ਇਹ' ਹੋ ਗਿਆ ਜਾਪਦਾ ਹੈ।

†ਇਤਨਾ ਪ੍ਰਸੰਗ ਪਿਛੇ ਨੌਵੇਂ ਪਾਤਸ਼ਾਹ ਜੀ ਦੇ ਪ੍ਰਸੰਗਾਂ ਵਿਚ ਆ ਚੁਕਾ ਹੈ,ਦੇਖੋ ਰਾਸਿ ੧੨ ਅੰਸੂ ੧੧ ਅੰਕ ੪ ਤੋਂ ੪੫ ਤਕ।

ਬਡੇਰਾ। ਕਰਤਿ ਪ੍ਰਤੀਖਨ ਚਿਰ ਨਹਿੰ ਹੇਰਾ।ਕਰਹਿੰ ਦੁਲਾਰਨਿ ਹਰਖਤਿ ਹੋਏ। ਗੁਰ ਜਸ ਉਚਰਹਿੰ ਦੰਪਤਿ ਦੋਏ ॥ ੯ ॥ ਸਪਤ ਬਰਖ ਕੋ ਬਾਲਿਕ ਭਯੋ। ਬੈਸ ਅੰਤ ਤੇ ਨ੍ਰਿਪ ਮਰਿ ਗਯੋ। ਮਾਤ ਰਹੀ ਜੀਵਤਿ ਪ੍ਰਤਿਪਾਰਾ। ਤਬਿ ਨ੍ਰਿਪ ਸੁਤ ਨਿਜ ਸੁਰਤ ਸੰਭਾਰਾ ॥ ੧੦ ॥ ਦ੍ਵਾਦਸ਼ ਸੰਮਤ ਕੋ ਜਬਿ ਹੋਵਾ। ਇਕ ਦਿਨ ਮੁਕਰ[1] ਭਲੀ ਬਿਧਿ ਜੋਵਾ । ਕੰਘਾ ਕਰਹਿ ਸੁ ਕੇਸਨ ਮਾਂਹਿ। ਪੁਨ ਜੂਰੋ ਬੰਧਨ ਕਿਯ ਤਾਂਹਿ* ॥ ੧੧ ॥ ਦੇਖਤਿ ਮੁਕਰ ਬਿਖੈ ਨਿਜ ਸਿਰ ਕੋ।ਤਿਸ ਪਰ ਹੇਰਯੋ ਚਿੰਨ੍ਹ ਮੁਹਰ ਕੋ।ਅੰਗੁਰੀ ਸੰਗ, ਕੇਸ ਕਉ ਟਾਰੈ।ਬਾਰ ਬਾਰ ਸੋ ਥਾਨ ਨਿਹਾਰੈ॥੧੨॥–ਨਹੀਂ ਕੇਸ ਜਾਮੇ ਕ੍ਯਾ ਹੇਤੁ[2]? ਲਗੀ ਚੋਟ ਜਬਿ ਬੈਸ ਅਚੇਤ[3]। ਕੈ ਬਿਸਫੋਟ[4] ਨਿਕਸਯੋ ਹੋਇ–। ਇਮ ਸੰਸੈ ਨ੍ਰਿਪ ਨੰਦਨ ਕੋਇ[5] ॥ ੧੩ ॥ ਪਗਿਯਾ ਬੰਧਤਿ ਕਰਤਿ ਬਿਚਾਰਨ। –ਜਨਨੀ ਜਾਨਤਿ ਹੁਇ ਇਸ ਕਾਰਨ–। ਇਮ ਮਨ ਠਾਨਿ ਪਯਾਨੋ ਕੀਨਿ। ਜਿਹਠਾਂ ਅੰਤਹਿਪੁਰਿ ਆਸੀਨ ॥ ੧੪ ॥ ਨਿਕਟ ਬੈਠਿ ਕਰਿ ਬੂਝੀ ਤਹਾਂ। 'ਸਿਰ ਮੈਂ ਚਿੰਨ੍ਹ, ਹੇਤੁ[6] ਇਸ ਕਹਾਂ। ਲਗੀ ਚੋਟ ਕੈ ਭਾ ਬਿਸਫੋਟ। ਕੇਸ ਨ ਜਾਮੇ ਕੌਨੇ ਖੋਟ?'॥੧੫॥ਸੁਨਿ ਰਾਨੀ ਸਭਿ ਕਹਯੋ ਬ੍ਰਿਤੰਤ। 'ਇਤ ਆਏ ਸਤਿਗੁਰ ਭਗਵੰਤ। ਤੋਰ ਪਿਤਾ ਗਮਨਯੋਂ ਤਿਨਿ ਪਾਸ।ਸੁਤ ਬਾਂਛਤ ਕੀਨਸਿ ਅਰਦਾਸ॥ ੧੬ ॥ ਸੁਨਿ ਗੁਰ ਮੁਹਰ ਹਾਥ ਤੇ ਲਾਈ। –ਚਿੰਨ੍ਹਤਿ ਸੁਤ ਹੁਇ ਸਿਰ, ਉਪਜਾਈ'–। ਮਹਿਪਾਲਕ ਤਨ ਲਾਗੀ ਜੋਈ। ਤੋਹਿ ਸੀਸ ਪਰ ਜਾਨਹੁ ਸੋਈ ॥ ੧੭ ॥ ਤੂੰ ਜਨਮਯੋਂ ਗੁਰ ਸਿੱਖ ਮਹਾਨਾ। ਸਿਰ ਪਰ ਮੁਹਰ ਲਗੀ ਤੇ ਜਾਨਾ' । ਨ੍ਰਿਪ ਸੁਤਿ ਸੁਨਿਕੈ ਮਨ ਬਿਸਮਾਯੋ। 'ਇਹ ਤੌ ਅਦਭੁਤ ਹੇਤੁ ਬਤਾਯੋ ॥ ੧੮ ॥ ਹੇ ਜਨਨੀ! ਸੋ ਸਤਿਗੁਰ ਕਹਾਂ। ਜਿਨ ਮੈਂ ਸ਼ਕਤੀ ਪਈਯਤਿ ਮਹਾਂ। ਦਰਸ਼ਨ ਕਰਿਬੇ ਮਨ ਉਮਗਾਯੋ। ਜਿਨ ਕੇ ਬਰ ਤੇ ਮੁਹਿ ਨਿਪਜਾਯੋ'॥੧੯॥ ਰਾਨੀ ਕਹਯੋ 'ਸੁ ਬੈਕੁੰਠ ਗਏ।ਗਾਦੀ ਪਰ ਤਿਨ ਕੇ ਸੁਤ ਭਏ।ਜਨਮੇ ਪਟਨੇ ਨਗਰ ਮਝਾਰੀ।ਬਡ ਹੋਇ ਜਬਿ ਸੁਰਤਿ ਸੰਭਾਰੀ ॥ ੨੦ ॥ ਦੇਸ਼ ਪੰਜਾਬ ਹੁਤੋ ਤਿਨ ਕੇਰਾ। ਤਿਸ ਥਲ ਜਾਇ ਟਿਕੇ ਤਿਸ ਬੇਰਾ।ਅਪਨਿ ਦੇਸ਼ ਤੇ ਦੂਰ ਬਡੇਰੇ।ਦਿਖਿਯਤਿ ਗਮਨੇ ਪੰਥ ਘਨੇਰੇ'

[1]ਸ਼ੀਸ਼ਾ। [2]ਕੇਸ ਉਗੇ ਨਹੀਂ (ਚਿੰਨ੍ਹਤ ਥਾਂ ਉੱਤੇ) ਕੀ ਕਾਰਨ ਹੈ। [3]ਛੋਟੀ ਉਮਰੇ। [4]ਫੋੜਾ। [5]ਰਾਜੇ ਦੇ ਪੁੱਤ੍ਰ ਨੂੰ। [6]ਕਾਰਨ। [7]ਪੁੱਤ੍ਰ ਪੈਦਾ ਹੋਵੇਗਾ ਤੇ ਚਿੰਨ੍ਹ ਸਿਰ ਪਰ ਹੋਵੇਗਾ।

*ਇਸ ਤੋਂ ਪਤਾ ਲਗਾ ਕਿ ਨਾਵੇਂ ਗੁਰੂ ਜੀ ਦੇ ਵਰ ਨਾਲ ਹੋਇਆ ਸਿੱਖ ਕੇਸ਼ਾਧਾਰੀ ਹੈ। ਗੁਰੂ ਜੀ ਨੇ ਆਗਯਾ ਕੀਤੀ ਹੋਣੀ ਹੈ।

॥੨੧॥ਨ੍ਰਿਪਸੁਤ ਸੁਨਤਿ ਰਿਦੇ ਆਨੰਦ।ਜਗੀ ਦੇਖਿਬੇ ਚਾਹਿ ਬਿਲੰਦ।ਤਿਸ ਦਿਨ ਤੇ ਤਯਾਰੀ ਕਰਿਵਾਵਤਿ।ਵਸਤੁ ਅਜਾਇਬ ਕੋ ਖੁਜਵਾਵਤਿ ॥੨੨॥ ਮਸਲਤ ਕਰਤਿ ਮੰਤ੍ਰੀਅਨਿ ਸੰਗ।ਹਿਤ ਅਰੋਰਲੇ ਕਿਤਿਕ ਤੁਰੰਗ। ਚਪਲ ਬਲੀ ਜਿਨ ਬੇਗ ਬਿਸਾਲੇ।ਜ਼ਰੀ ਜ਼ੀਨ ਕੰਚਨ ਕੇ ਡਾਲੇ ॥੨੩॥ ਅਦਭੁਤ ਲੀਨਸਿ ਏਕ ਮਤੰਗ।ਕਦ ਛੋਟੋ ਨਹਿ ਦੀਰਘ ਅੰਗ। ਜਿਤੋ ਰੋਟਕਾ ਕੇਰ ਅਕਾਰ। ਸੁੰਦਰ ਹੁਤੋ ਸੁਪੇਦ ਲਿਲਾਰ[1] ॥ ੨੪ ॥ ਤਿਸੀ ਸੁਪੇਦੀ ਕੀ ਸ਼ੁਭ ਧਾਰੀ[2]। ਉਤਰੀ ਤਰੀ[3] ਸੁੰਡ ਲਗਿ ਸਾਰੀ। ਸਿਰ ਪਰਿ ਹੁਇ ਕਰਿ ਗਈ ਪਿਛਾਰੇ।ਲਾਂਗੁਲ ਮੂਲ ਤੀਕ ਇਕ ਸਾਰੇ[4] ॥੨੫॥ ਅਪਰ ਅਕਾਰ ਸੁ ਕਾਰਾ ਸਾਰੋ। ਸਕਲ ਅੰਗ ਸੁੰਦਰ ਦੁਤਿ ਵਾਰੋ। ਪੁਨ ਸੀਖ੍ਯਾ ਦੇ ਭਲੇ ਸਿਖਾਯੋ। ਕਰਹਿ ਸੁ ਨਰ ਜਿਮ ਚਹੈ ਕਰਾਯੋ[5]॥੨੬॥ਸੁੰਡ ਬਿਖੈ ਗਹਿ ਲੇਤਿ ਮਸਾਲ। ਠਾਢੋ ਕਰਹਿ ਪ੍ਰਕਾਸ਼ ਬਿਸਾਲ। ਕਰਤਿ ਰਹਤਿ ਨ੍ਰਿਪ ਕੇ ਸਿਰ ਚੌਰ। ਚਿਰ ਲੌ ਖਰੋ ਪਾਛਲੀ ਠੌਰ ॥ ੨੭ ॥ ਜੇਤਿਕ ਤੀਰ ਚਲਾਵਨਿ ਕਰੈਂ।ਬੀਨ ਬੀਨ ਤਿਨ ਆਗੇ ਧਰੈ।ਇੱਤਯਾਦਿਕ ਗੁਨ ਜਿਸ ਮੈਂ ਘਨੇ। ਜਬਹਿ ਆਇ ਕਰਿ ਤਿਸ ਢਿਗ ਭਨੇ ॥ ੨੮ ॥ ਅਸ ਅਦਭੁਤ ਸੁਨਿ ਮਹਿਪਤ ਨੰਦ। ਮੁਖ ਮਾਂਗਯੋ ਧਨ ਪਠਯੋ ਬਿਲੰਦ। ਗੁਰ ਹਿਤ ਹਰਖਤਿ ਹ੍ਵੈ ਕਰਿ ਲੀਨੋ। ਸਿਤਾ ਘ੍ਰਿਤਾਦਿ ਖਾਨ ਕੌ ਦੀਨੋ ॥ ੨੯ ॥ ਦੂਰ ਦੇਸ਼ ਤੇ ਏ ਮੰਗਵਾਇਵ। ਚਾਹਿਤਿ ਚਿਤ ਸਤਿਗੁਰੂ ਰਿਝਾਇਵ।ਪੰਚਕਲਾ ਇਕ ਸ਼ਸਤ੍ਰ ਅਜਾਇਬ। ਤਯਾਰ ਕਰਾਯਹੁ ਅਰਪਨਿ ਸਾਹਿਬ[6] ॥੩੦॥ ਰਹੇ ਗਾਤਰੇ ਬਨੈਂ ਕ੍ਰਿਪਾਨ। ਤੀਖਨ ਧਾਰ ਕਰਹਿ ਰਿਪੁ ਹਾਨਿ।ਕਲ ਦਾਬੇ ਬਰਛੀ ਹੁਇ ਜਾਇ।ਸਨਮੁਖ ਅਰਿ ਕੇ ਹਤਹਿ ਬਗਾਇ॥੩੧॥ਪੁਨ ਕਲ ਦਾਬੇ ਬਨਹਿ ਤਮਾਂਚਾ। ਗੁਲਕਾ ਡਾਰਿ ਹਤਹਿ ਰਣ ਮਾਚਾ[7]। ਤੀਖਨ ਪੁਨ ਕਟਾਰ ਬਨ ਜਾਇ। ਰਿਪੁ ਢਿਗ ਪਹੁੰਚੇ ਉਦਰ ਧਸਾਇ ॥੩੨॥ ਪੁਨ ਇਕ ਚੌਕੀ ਲਈ ਅਜਾਇਬ। ਕਰਨਿ ਪ੍ਰਸੰਨ ਸਤਿਗੁਰੂ ਸਾਹਿਬ। ਜਬਿ ਇਸ ਕੀ ਕਲ ਦਾਬਨਿ ਕਰੈਂ। ਪੁਤਲੀ ਚਾਰ ਨਿਕਸਿ ਤਹਿਂ ਥਿਰੈਂ॥੩੩॥ਚੌਪਰ ਕੋ ਬਿਛਾਇ ਤਿਨ ਆਗੈ।

---

[1]ਰੋਟੀ ਦੇ ਆਕਾਰ ਜਿੰਨਾ ਮੱਥਾ ਸੁਹਣਾ ਚਿੱਟਾ ਸੀ। [2]ਲਕੀਰ। [3]ਹੇਠਾਂ। [4]ਪੂਛ ਦੇ ਮੁਢ ਤੱਕ ਇਕਸਾਰ। [5]ਜਿਵੇਂ ਨਰ ਭਾਵ ਮਹਾਵਤ ਉਸ ਤੋਂ ਕਰਵਾਯਾ ਚਾਹੇ ਕਰਦਾ ਹੈ। [6]ਅਰਪਨ ਲਈ ਸਾਹਿਬਾਂ ਨੂੰ। [7]ਜੁੱਧ ਦੇ ਮਚਿਆਂ।

ਡ਼ਲ ਕੋ ਗਹਿ ਸੋ ਖੇਲਨਿ ਲਾਗੈਂ।ਪੁਨ ਲੀਨਸਿ ਇਕ ਜਾਮ ਕਟੋਰਾ[1]।ਇਨ ਹਿਤ ਦਰਬ ਦਿਯੋ ਨਹਿਂ ਥੋਰਾ ॥ ੩੪॥ ਇੱਤ੍ਯਾਦਿਕ ਵਸਤੁ ਸਮੁਦਾਏ। ਰੁਚਿਰ[2] ਬਿਭੂਖਨ ਖਰਤਿ ਘਰਾਏ। ਬਹੁ ਅੰਬਰ ਬਹੁ ਬਿਧਿ ਕੇ ਲੀਨਿ। ਚਲਿਬੇ ਹਿਤ ਤ੍ਯਾਰੀ ਨਿਜ ਕੀਨਿ ॥ ੩੫ ॥ ਇਤਿ ਸ਼੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਨ੍ਰਿਪ ਪ੍ਰਸੰਗ' ਬਰਨਨੰ ਨਾਮ ਏਕਬਿੰਸਤੀ ਅੰਸੂ ॥ ੨੧ ।

੨੨. [ਰਤਨ ਰਾਇ ਗੁਰੂ ਜੀ ਦੇ ਹਜ਼ੂਰ]।

ਦੋਹਰਾ ॥ ਸ੍ਯਾਨੀ ਜਨਨੀ ਸੰਗ ਲੈ ਕਛੁਕ ਬਾਹਨੀ ਸਾਥ। ਧਰਿ ਸ਼ਰਧਾ ਮਾਰਗ ਪਰ੍ਯੋ ਨ੍ਰਿਪ ਸੁਤ ਦਰਸ਼ਨ ਨਾਥ ॥੧॥ ਚੌਪਈ ॥ ਸ਼ੁਭ ਮਤਿ ਚਤੁਰ ਚੌਂਪ ਚਿਤ ਜਗੀ।–ਕਬਿ ਗੁਰ ਦਰਸੋਂ ਪ੍ਰੀਤੀ ਲਗੀ।ਬੰਦਨ ਕਰਿਬੈਠੋਂ ਪਗ ਪਾਸ। ਸੁਨੋਂ ਕਥਹਿ ਗੁਰ ਬਾਕ ਬਿਲਾਸ ॥ ੨ ॥ ਸਾਰਦ ਚੰਦ ਬਦਨ ਕੀ ਓਰਾ[3]। ਲੋਚਨ ਕਰੌਂ ਚਕੋਰਨਿ ਜੋਰਾ। ਸ਼੍ਰਵਨ ਪੁਟਨ ਤੇ ਅੰਮ੍ਰਿਤ ਬਾਨੀ। ਪਾਨ ਕਰੌਂ ਮੈਂ ਅਤਿ ਸੁਖਦਾਨੀ–॥੩॥ਚਿਤਵੈ[4] ਬੈਠਤਿ ਉਠਤਿ ਚਲੰਤਾ। ਸੁਨਿ ਗੁਰ ਮਹਿਮਾਂ ਉਰ ਹਰਖੰਤਾ।ਸਨੈ ਸਨੈ ਗਮਨਤਿ ਲਖਿ ਦੂਰ।ਨਿਜ ਦਲ ਨਰਨਿ ਦੇਤਿ ਸੁਖ ਭੂਰ॥੪॥ਜਨ ਪੰਜਾਬ ਦੇਸ਼ ਕੋ ਮਿਲੈ[5]।ਗੁਰ ਸੁਧਿ ਤਿਸ ਕੌ ਬੂਝਤਿ ਭਲੇ। 'ਥਿਤ ਅਨੰਦਪੁਰਿ ਨਗਰ' ਸੁਨਾਵੈ[6]। 'ਸੰਗਤਿ ਦਰਸਹਜ਼ਾਰਹੁੰ ਆਵੈ'॥੫॥ਦਿਨ ਪ੍ਰਤਿਕੂਚ ਕਰਤਿ ਮਗ ਆਵਤਿ।ਸਰਿਤਾ ਬ੍ਰਿੰਦ ਉਲੰਘਿ ਉਤਲਾਵਤਿ। ਪੁਨ ਗ੍ਰਾਮਨ ਕੌ ਪਿਖਿ ਪਿਖਿ ਛੋਰਾ। ਚਲ੍ਯੋ ਆਇ ਸਤਿਗੁਰ ਕੀ ਓਰਾ ॥੬॥ ਸੁਰਸਰਿ ਤਰੀ, ਉਲੰਘੀ ਜਮਨਾ। ਜਿਨ ਕੇ ਮੱਜਨ ਤ੍ਰਾਸਦ ਜਮ ਨਾ[7]।ਚਲਤਿ ਅਨੰਦਪੁਰਾ ਨਿਯਰਾਯੋ।ਪੁੱਤ੍ਰ ਮਹੀ-ਪਤਿ ਕੋ ਹਰਖਾਯੋ ॥ ੭ ॥ ਰਾਖੇ ਪੁਸ਼ਟ ਤੁਰੰਗਮ ਸਾਰੇ। ਤਿਮ ਕੁੰਚਰ ਭੀ ਤਨ ਬਲ ਭਾਰੇ। ਸਾਥ ਅਸੂਦਾ[8] ਲਸ਼ਕਰ ਭਲੇ। ਸਨੈ ਸਨੈ ਬਡ ਮਾਰਗ ਚਲੇ ॥੮॥ਸਤੁੱਦ੍ਰਵ ਤੀਰ ਆਨਿ ਕਰਿ ਡੇਰਾ। ਨੈਤ੍ਰ ਤੁੰਗ ਕੋ ਸੈਲ ਬਡੇਰਾ।

[1]ਪਜਾਲੇ ਵਾਂਗੂ ਬਣਿਆ ਹੋਇਆ ਕਟੋਰਾ। [ਫ਼ਾ:–ਜਾਮ। ਜੋ ਅਕਸਰ ਚਾਂਦੀ ਦਾ ਹੁੰਦਾ ਹੈ, ਪਰ 'ਜਾਮੇ ਜਮ' ਦੇ ਭਾਵ ਵਲ ਇਸ਼ਾਰਾ ਜਾਪਦਾ ਹੈ। ਜਮਸ਼ੈਦ ਪਾਤਸ਼ਾਹ ਨੇ ਇਕ ਪਜਾਲਾ ਬਣਵਾਇਆ ਸੀ ਜਿਸ ਵਿਚ ਜ਼ਮੀਨ ਅਸਮਾਨ ਦੇ ਨਕਸ਼ੇ ਆਦਿ ਜੋ ਚਾਹੇ ਦੇਖ ਲੈਂਦਾ ਸੀ, ਇਸੀ ਤਰ੍ਹਾਂ ਇਹ ਕਟੋਰਾ ਬੀ ਕੁਛ ਤਲਿਸਮੀ ਬਨਾਵਟ ਦਾ ਸੀ]। [2]ਸੁੰਦਰ। [3]ਸਰਦ ਰੁਤ ਦੇ ਚੰਦ੍ਰਮਾਂ ਰੂਪੀ ਮੁਖ ਵਲ। [4]ਯਾਦ ਕਰਦਾ ਹੈ। [5]ਪੰਜਾਬ ਦੇਸ਼ (ਦਾ) ਜੇ ਕੋਈ ਆਦਮੀ ਮਿਲ ਪਵੇ ਤਾਂ। [6](ਉਹ ਪੰਜਾਬ ਵਾਸੀ ਸੁਣਾਵੇ ਕਿ ਗੁਰੂ ਜੀ) ਆਨੰਦਪੁਰ ਨਗਰ ਵਿਖੇ ਟਿਕੇ ਹੋਏ ਹਨ। [7]ਡਰ ਨਹੀਂ ਦੇਂਦਾ ਜਮ। [8]ਸੁਖੀ [ਫ਼ਾ:, ਆਸੂਦਾ=ਖੁਸ਼ਹਾਲ]।

ਪਹੁੰਚੇ ਗੁਰ ਪੁਰਿ ਪਿਖਿ ਸ਼ੁਭ ਥਾਨ। ਜਹਿਂ ਛਾਯਾ ਰਮਣੀਕ ਮਹਾਨ ॥੯॥
ਸਿਵਰ ਕਰਯੋ ਤੰਬੂ ਲਗਵਾਇ। ਸੁਧ ਹਿਤ ਸ਼ੁਭ ਨਰ ਤਬਹਿ ਪਠਾਇ।
ਸਤਿਗੁਰ ਪੌਰ ਜਨਾਇ ਬ੍ਰਿਤਾਂਤ। 'ਦੇਸ਼ ਅਸਾਮ ਨ੍ਰਿਪਤਿ ਕੋ ਤਾਤ॥੧੦॥
ਗੁਰ ਕੋ ਸਿਖ ਦਰਸ਼ਨ ਹਿਤ ਆਯੋ। ਸ਼ਰਧਾ ਧਰੇ ਭਾਉ ਅਧਿਕਾਯੋ'।ਪੌਰ-
ਦਾਰ ਚਲਿ ਗਯੋ ਹਜ਼ੂਰ। ਅਰਜ਼ ਗੁਜ਼ਾਰੀ ਸਹਿਤ ਸ਼ਊਰ[1] ॥ ੧੧ ॥ ਸੁਨਿ
ਕਲਗ਼ੀਧਰ ਹੁਕਮ ਬਖਾਨਾ। 'ਗੁਰ ਘਰ ਤੇ ਦਿਹੁ ਦੇਗ਼ ਮਹਾਨਾ। ਤ੍ਰਿਣ
ਦਾਨਾ ਘ੍ਰਿਤ ਸਿਤਾ ਨਿਹਾਰੀ। ਦੇਹੁ ਤੁਰੰਗਮ ਜੋ ਗਜ ਭਾਰੀ'॥੧੨॥ਆਇ
ਮਸੰਦਨ ਕੋ ਤਿਨ ਕਹਯੋ।ਜਬਿ ਗੁਰ ਹੁਕਮ ਸਭਿਨਿ ਹੂੰ ਲਹਯੋ। ਨ੍ਰਿਪਸੁਤ
ਨਿਕਟ ਮੇਵਰੇ ਗਏ। ਜਥਾ ਜੋਗ ਹਿਤ ਥੈਬੇ ਦਏ ॥ ੧੩ ॥ ਸਰਬ ਰੀਤਿ
ਸੁਖ ਪਾਇ ਘਨੇਰਾ।ਗੁਰਨਿ ਸਰਾਹਹਿ ਸਗਰੋ ਡੇਰਾ।ਰਹੀ ਵਸਤੁ ਤਤਛਿਨ
ਪਹੁੰਚਾਈ। ਸੁਪਤਿ ਭਏ ਸੋ ਨਿਸਾ ਬਿਤਾਈ ॥ ੧੪॥ ਸੌਚ ਸ਼ਨਾਨ ਠਾਨਿ
ਸਵਧਾਨਾ। ਨ੍ਰਿਪਨੰਦਨ ਅਭਿਲਾਖ ਮਹਾਨਾ। ਪਠਯੋ ਮੁਸਾਹਿਬ ਸਤਿਗੁਰ
ਦ੍ਵਾਰੇ। 'ਰਾਵਰਿ ਦਰਸ਼ਨ ਚਾਹਿ ਉਦਾਰੇ॥ ੧੫॥ ਨੀਠ ਨੀਠ ਕਰਿ ਨਿਸਾ
ਬਿਤਾਈ। ਮਿਲਯੋ ਚਹਤਿ ਹੌਂ ਪਰਿ ਸ਼ਰਨਾਈ'। ਸੁਧਿ ਕਲਗ਼ੀਧਰਿ ਢਿਗ
ਪਹੁੰਚਾਈ। ਸੁਨਿ ਸ੍ਰੀ ਮੁਖ ਤੇ ਬਚ ਫੁਰਮਾਈ.॥ ੧੬ ॥ 'ਪਹਿਰ ਤੀਸਰੇ
ਸਜਹਿਂ ਸੁਚੇਤਾ[2]। ਬੈਠੈਂ ਦਰਸ਼ਨ ਦੈਬੇ ਹੇਤਾ। ਮਿਲਹੁ ਆਨਿ ਕਰਿ ਪੂਰਹੁ
ਭਿਲਾਖਾ। ਸੁਧਰੈ ਜਨਮ ਭਾਉ ਅਸ ਰਾਖਾ' ॥੧੭॥ ਗਯੋ ਸਿਵਰ ਮਹਿਂ
ਨ੍ਰਿਪਤਿ ਸੁਨਾਯੋ। ਹਰਖਤਿ ਮੁਖ ਪੰਕਜ ਬਿਕਸਾਯੋ।ਕਰਯੋ ਹੁਕਮ 'ਹਾਥੀ
ਸ਼ਿੰਗਾਰਹੁ। ਜਲ ਤੇ ਮਲ ਕਰਿ ਰੰਗ ਨਿਕਾਰਹੁ' ॥ ੧੮॥ ਜ਼ਰੀਦਾਰ ਬਰ
ਮਖ਼ਮਲ ਝੂਲ। ਲਗੇ ਬ੍ਰਿੰਦ ਜਾਂਬੂਨਦ ਫੂਲ।ਸਿਰ ਪਰ ਝਾਲਰ ਝਲਕਤਿ
ਜ਼ਰੀ। ਕਿਤ ਕਿਤ ਲਰਕਤਿ ਮੁਕਤਨਿ ਲਰੀ ॥ ੧੯ ॥ ਉਘਰਯੋ ਭਾਲ
ਸੁਪੇਦਾ ਭਲੇ। ਸ਼ਯਾਮ ਬਰਨ ਸਭਿ ਤਨ ਪਰ ਮਲੇ। ਜਸ ਕਦ ਤਸ ਹੀ
ਦਸਨ[3] ਸੁਹਾਏ। ਹਾਟਕ ਚੂੜੇ ਰੂੜ ਚੜ੍ਹਾਏ[4] ॥ ੨੦ ॥ ਚਾਂਦੀ ਕੇ ਸਿੰਖਲ[5]
ਘਰਿਵਾਏ।ਚਾਰ ਪਗਨ ਮਹਿਂ ਰਹੇ ਸੁਹਾਏ।ਤਿਮ ਹੀ ਕਰੇ ਤੁਰੰਗਮ ਤਯਾਰੇ।
ਜਰੇ ਜ਼ੀਨ ਜਾਂਬੂਨਦ ਡਾਰੇ ॥੨੧॥ ਸ਼ਸਤ੍ਰ ਪੰਚਕਲ, ਚੌਕੀ ਚਾਰੂ। ਜਾਮ
ਕਟੋਰਾ ਸ਼ੁਭ ਦੁਤਿ ਵਾਰੂ। ਕੰਕਨ ਕੰਚਨ ਬੱਜੂ[6] ਜਰਾਏ। ਬਹੁ ਬਨਾਵ ਕੇ

[1]ਸਿਆਣਪ ਨਾਲ [ਅ:, ਸ਼ਊਰ=ਸਿਆਣਪ]। [2]ਭਾਵ ਤਿਆਰ ਬਰਤਿਆਰ ਹੋਵਾਂਗੇ। [3]ਦੰਦ।
[4]ਸੋਨੇ ਦੀਆਂ ਚੂੜੀਆਂ ਦੰਦਾਂ ਤੇ ਸੁੰਦਰ ਚੜ੍ਹਾਈਆਂ ਹੋਈਆਂ। [5]ਸੰਗਲ। [6]ਹੀਰੇ।

ਬਸਤ੍ਰ ਬਨਾਏ॥੨੨॥ਤਯਾਰ ਕਰੀ ਇੱਤਯਾਦਿ ਅਕੋਰ। ਅਰਪਨਿ ਸ਼੍ਰੀ ਗੁਰ ਹਿਤ ਕਰ ਜੋਰਿ। ਬਸਤ੍ਰ ਬਿਭੂਖਨ ਮੋਲ ਘਨੇਰੇ।ਪਹਿਰਨਿ ਤਨ ਸਤਿਗੁਰ ਤਿਸ ਬੇਰੇ॥੨੩॥ਸਚਿਵ ਸੈਨ ਸਭਿਹੂੰ ਸੁਭਬਨੇ।ਬਸਤ੍ਰ ਸ਼ਸਤ੍ਰ ਧਰਿ ਜੋ ਮੁਲ ਘਨੇ। ਇਮ ਤਯਾਰੀ ਕਰਿਤੇ ਸਭਿ ਰੀਤਿ।ਤੀਨ ਪਹਿਰ ਗਏ ਬਾਸੁਰ ਬੀਤ ॥੨੪॥ ਤਿਸ ਛਿਨ ਆਇ ਮੇਵਰਾ ਗਯੋ।ਭੂਪਤਿ ਸਾਥ ਭਾਖਤੋ ਭਯੋ। 'ਸਭਾ ਬਿਖੈ ਭਾ ਗੁਰ ਆਗਵਨੂੰ। ਸਿਖ ਉਡਗਨ ਮਹਿਂ ਸਸਿ[1] ਗੁਨ ਭਵਨੂੰ ॥ ੨੫ ॥ ਬੈਠੇ ਪਾਵਨਿ ਦਰਸ਼ਨ ਹੇਤੁ। ਸੰਗਤਿ ਸਕਲ ਮਨੋਰਥ ਲੇਤਿ'। ਰਤਨਰਾਇ ਸੁਨਿ ਹਰਖਤਿ ਭਯੋ। 'ਲੇ ਸਭਿ ਚਲਹੁ' ਹੁਕਮ ਕਰਿ ਦਯੋ॥ ੨੬ ॥ ਬਸਤ੍ਰ ਬਿਭੂਖਨ ਗਨ ਦੀਨਾਰ। ਲੇ ਕਰਿ ਗਮਨੇ ਭਰਿ ਭਰਿ ਥਾਰ। ਅਪਰ ਵਸਤੁ ਸਭਿ ਕਰੇ ਅਗਾਰੀ। ਨਗਨ ਪਗਨ ਨ੍ਰਿਪ ਚਲਯੋ ਪਿਛਾਰੀ॥ ੨੭ ॥ ਸਚਿਵ ਸੁਭਟ ਨਿਜ ਸਾਥ ਮਿਲਾਏ। ਗਮਨੇ ਮਾਨਵ ਹ੍ਵੈ ਸਮੁਦਾਏ। ਪੌਰ ਸਭਾ ਕੋ ਤਹਿਂ ਚਲਿ ਆਯੋ। ਹਾਥ ਜੋਰਿ ਕਰਿ ਸੀਸ ਨਿਵਾਯੋ ॥੨੮॥ ਅੰਤਰ ਪ੍ਰਵਿਸ਼ੇ ਸਿਰ ਕਰਿ ਨੀਵਾ। ਵਾਹਿਗੁਰੂ ਕਹਿ ਭਾਵ ਅਤੀਵਾ[2]। ਪਿਖੀ ਦੂਰ ਤੇ ਗੁਰ ਕੀ ਮੂਰਤਿ। ਬੈਠੇ ਮਨਹੁਂ ਚੰਦ ਕੀ ਸੂਰਤ ॥ ੨੯ ॥ ਝੂਲਤਿ ਕਲਗ਼ੀ ਦਮਕਤਿ ਮੋਤੀ। ਜਿਗਾ ਬੰਧੀ ਹੀਰਨ ਦੁਤਿ ਹੋਤੀ। ਚਮਰ ਢੁਰਤਿ ਹੈ ਬਾਰੰਬਾਰੀ। ਥਿਰੇ ਸੁਹਾਵਤਿ ਸਭਾ ਮਝਾਰੀ ॥੩੦॥ ਜਨੁ ਦੇਵਨ ਮਹਿਂ ਬਿਸ਼ਨੁ ਕ੍ਰਿਪਾਲ। ਗਯਾਨ ਨਿਧਾਨ ਮਹਾਨ ਉਜਾਲ।ਤੂਰਨ ਕਰਤਿ ਪਰਯੋ ਪਗ ਜਾਈ। ਸਕਹਿ ਨਹੀਂ ਪੁਨ ਸੀਸ ਉਠਾਈ ॥ ੩੧ ॥ ਕ੍ਰਿਪਾ-ਦ੍ਰਿਸ਼ਟਿ ਤੇ ਗੁਰੂ ਬਿਲੋਕਾ। 'ਉਠਹੁ ਭੂਪ! ਸੁਧਰੇ ਜੁਗ ਲੋਕਾ'। ਮਾਨਿ ਬਾਕ ਕੋ ਸੀਸ ਉਠਾਯੋ। ਬੈਠਯੋ ਸਨਮੁਖ ਪ੍ਰੇਮ ਵਧਾਯੋ ॥ ੩੨ ॥ ਕੁਸ਼ਲ ਪ੍ਰਸ਼ਨ ਸ਼੍ਰੀ ਸਤਿਗੁਰ ਕੀਨੋ। ਹਾਥ ਜੋਰਿ ਤਿਨ ਸਭਿ ਕਹਿ ਦੀਨੋ।ਤਬਿ ਮੰਤ੍ਰੀ ਕਰ ਜੋਰਿ ਬਖਾਨਾ।'ਬਡੇ ਗੁਰੂ[3] ਪਹੁੰਚੇ ਤਿਸ ਥਾਨ॥੩੩॥ਰਾਜਾ ਰਾਮ[4] ਮਿਲਯੋ ਮਹਿਪਾਲਾ। ਕੀਨਿ ਬੇਨਤੀ ਇਮ ਤਿਸ ਕਾਲਾ।–ਜਤਨ ਕਰੇ ਉਪਜਯੋ ਨਹਿਂ ਬਾਲਿਕ। ਬਖਸ਼ਹੁ ਆਪ ਰਾਜ ਕੋ ਮਾਲਿਕ–॥ ੩੪ ॥ ਕ੍ਰਿਪਾ ਕਰੀ ਗੁਰ ਮੁਹਰ ਲਗਾਈ। ਦਯੋ ਪੁੱਤ੍ਰ ਇਹ, ਬਜੀ ਵਧਾਈ। ਤਿਸ ਤੇ ਚਿੰਨ੍ਹਤਿ ਸਿਰ ਇਸ ਕੇਰਾ। ਦਰਪਨ ਮਹਿਂ ਦੇਖਯੋ ਜਿਸ ਬੇਰਾ ॥੩੫॥ ਸਭਿ

[1]ਚੰਦ੍ਰਮਾਂ ਰੂਪ। [2]ਬਹੁਤ ਹੀ ਪਿਆਰ (ਨਾਲ)। [3]ਭਾਵ ਸ਼੍ਰੀ ਗੁਰੂ ਤੇਗ ਬਹਾਦਰ ਜੀ। [4]ਰਤਨ ਰਾਇ ਦੇ ਪਿਤਾ ਦਾ ਨਾਮ ਹੈ।

ਪ੍ਰਸੰਗ ਜਨਨੀ ਤੇ ਸੁਨਜੋ । ਅਨੰਦ ਉਪਾਇ ਆਵਨੋ ਭਨਯੋ[1]। ਪੁਨਹਿ ਉਪਾਇਨ ਕੀਨਿ ਜਨਾਵਨਿ।ਪ੍ਰਿਥਕ ਪ੍ਰਿਥਕ ਸਭਿ ਕਰਯੋ ਬਤਾਵਨਿ॥੩੬॥ ਪ੍ਰਥਮ ਮਤੰਗ ਅਜਬ ਦਿਖਰਾਯੋ। ਜਿਹ ਸਮ ਦੂਤੀ ਨ ਜਗ ਮਹਿੰ ਜਾਯੋ। ਪੰਚ ਤੁਰੰਗ ਅਗਾਰੀ ਕਰੇ। ਕੰਚਨ ਜ਼ੀਨ ਜਿਨਹੁੰ ਪਰ ਪਰੇ ॥ ੩੭ ॥ ਸ਼ਸਤ੍ਰ ਬਿਭੂਖਨ ਬਸਤ੍ਰ ਘਨੇਰੇ। ਸ਼ਸਤ੍ਰ ਧਰੇ ਸਤਿਗੁਰੂ ਅਗੇਰੇ। ਦੇਖਤਿ ਖੁਸ਼ੀ ਬਿਸਾਲ ਦਈ ਹੈ।–ਸੁਖ ਪ੍ਰਾਪਤਿ–ਅਰਦਾਸ ਭਈ ਹੈ ॥ ੩੮ ॥ ਭਯੋ ਨਿਹਾਲ ਖੁਸ਼ੀ ਕੌ ਲੇਯ। ਦਰਸ਼ਨ ਦੇਖਤਿ ਅਨੰਦ ਧਰੇਯ। ਬਹੁ ਅਸਾਮ ਦੇਸ਼ਨ ਕੀ ਗਾਥਾ । ਬੂਝਤਿ ਰਤਨਰਾਇ ਕੇ ਸਾਥਾ ॥ ੩੯ ॥ ਸਚਿਵਨ ਸਹਿਤ ਬਖਾਨਹਿੰ ਤੈਸੇ। ਕਲਗੀਧਰ ਕੋ ਰੁਖ ਹੁਇ ਜੈਸੇ। ਦੇਸ਼ ਰੁ ਅਪਨੋ ਸਰਬ ਬ੍ਰਿਤੰਤ। ਕਰਯੋ ਸੁਨਾਵਨਿ ਗੁਰ ਭਗਵੰਤ[2] ॥ ੪੦ ॥ ਖਟ ਘਟਕਾ ਲਗਿ ਬੈਠੇ ਰਹੇ। ਰਤਨਰਾਇ ਅਰੁ ਗੁਰ ਮੁਦ ਲਹੇ। ਗਜ ਕੇ ਗੁਨ ਬਰਨਨ ਬਹੁ ਕਰੇ। 'ਸੀਛਤਿ ਬਡੋ ਕਹਿਨ ਅਨੁਸਰੇ[3]' ॥ ੪੧ ॥ ਜਿਮ ਚਾਹਹੁ ਪ੍ਰਭੁ ਜੀ ਕਰਿਵਾਵਹੁ।ਨਿਤ ਦੇਖਹੁ ਪਰਖਹੁ ਹਰਖਾਵਹੁ। ਪੰਚਕਲਾ ਇਹ ਸ਼ਸਤ੍ਰ ਬਿਸਾਲਾ। ਕਰਹਿ ਕਾਜ ਬਹੁਤੇ ਰਣ ਕਾਲਾ॥ ੪੨ ॥ ਬਰਛੀ, ਜਮਧਰ, ਖੜਗ, ਤਮਾਂਚਾ। ਚਹੌ ਸੁ ਕਰੋ ਰੌਸ ਰਣ ਰਾਚਾ। ਦੁਸ਼ਮਨ ਹਤਹੁ ਦਾਵ ਜਸ ਹੋਇ[4]। ਇਸ ਤੇ ਬਚਿ ਕੈ ਜਾਇ ਨ ਕੋਇ ॥੪੩॥ ਇਹ ਚੌਕੀ ਪ੍ਰਭੁ ਅਜਬ ਬਿਸਾਲੀ। ਸਭਿ ਕੀ ਸੈਲ ਕੀਜੀਅਹਿ ਕਾਲੀ[5]। ਬਡੇ ਜਤਨ ਤੇ ਵਸਤੁ ਮੰਗਾਈ। ਮੁਖ ਮਾਂਗਯੋ ਦਿਯ ਮੋਲ ਪਠਾਈ ॥੪੪॥ ਦੂਰ ਦੂਰ ਤੇ ਸੁਨਿ ਸੁਨਿ ਆਛੀ। ਹੇਤੁ ਆਪ ਕੇ ਅਰਪਨਿ ਬਾਛੀ। ਸਦਾ ਦਾਸ ਮੈਂ ਸਤਿਗੁਰ ਘਰ ਕੋ। ਸਿੱਖੀ ਬਖਸ਼ਹੁ ਦੇ ਕਰਿ ਬਰ ਕੋ ॥ ੪੫॥ ਸੁਨਤਿ ਮਹਾਤਮ[6] ਉਪਜਯੋ ਪ੍ਰੇਮ। ਸ਼੍ਰੀ ਗੁਰ ਦਾਤਾ! ਦੇ ਗੁਰ ਛੇਮ*। ਅਪਨੋ ਜਾਨਿ ਭੁਜਾ ਪਕਰੀਜੈ। ਚਰਨ ਕਮਲ ਕੀ ਪਾਹੁਲ ਦੀਜੈ' ॥ ੪੬ ॥ ਬਿਨਤੀ ਸੁਨਤਿ ਪ੍ਰਸੰਨ ਪ੍ਰਭੁ ਪੂਰੇ। ਆਨੀ ਲਖੀ ਉਪਾਇਨ ਰੂਰੇ।ਪ੍ਰੇਮੀ ਹੇਰਿ ਖੁਸ਼ੀ ਬਹੁ ਕਰੀ। ਜਨਮ ਮਰਨ ਕੀ ਅਪਦਾ ਹਰੀ ॥ ੪੭ ॥ ਬੰਦਨ ਕਰਿ ਰਾਜਾ ਤਬਿ ਗਯੋ।ਪਿਖਿ ਸੁਸ਼ੀਲ ਗੁਰਕੋ ਹਰਖਯੋ। ਹਯ ਗਯ ਸੌਂਪੇ ਦਾਸਨਿ ਪਾਸ। 'ਖੇਬੇ ਦੇਹੁ ਨਿਹਾਰੀ ਘਾਸ' ॥ ੪੮ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ

[1]ਨਹੀਂ ਪੈਦਾ ਹੋਇਆ। [2]ਗੁਰੂ ਜੀ ਨੂੰ। [3]ਸਿਖਿਆ ਹੋਇਆ ਹੈ ਤੇ ਆਖਣ ਅਨੁਸਾਰ (ਕੰਮ ਕਰਦਾ ਹੈ)। [4]ਜਿਹੋ ਜਿਹਾ ਦਾਉ ਹੋਵੇ। [5]ਕਲ ਨੂੰ। [6]ਆਪ ਜੀ ਦਾ ਮਹਾਤਮ।

*ਪਾ:–ਸ਼੍ਰੀ ਗੁਰਦਾਤੇ ਜੇ ਗਨ ਛੇਮ।

ਰੁਤੇ 'ਆਸਾਮ ਨ੍ਰਿਪ ਮੇਲ' ਪ੍ਰਸੰਗ ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ ॥ ੨੨ ॥

੨੩. [ਰਤਨ ਰਾਇ ਦੀਆਂ ਉਪਹਾਰਾਂ]।

ਦੋਹਰਾ ॥ ਨਿਸਾ ਬਿਤਾਇ ਪ੍ਰਭਾਤਿ ਭੀ ਠਾਨੇ ਸੌਚ ਸ਼ਨਾਨ। ਗੁਰ ਦਰਬਾਰ ਲਗਾਇ ਕਰਿ ਬੈਠੇ ਮੁਦਤ ਸੁਜਾਨ॥੧॥ਚੌਪਈ॥ਪਠਯੋ ਮੇਵੜਾ ਨ੍ਰਿਪ ਬੁਲ-ਵਾਯੋ। ਮੁਦਤਿ ਸਚਿਵ ਜੁਤਿ ਚਲਿ ਕਰਿ ਆਯੋ।ਕਰਿ ਬੰਦਨ ਬੈਠਯੋ ਪ੍ਰਭੁ ਤੀਰ।ਖੜਗ ਸਿਪਰ ਜੁਤਿ ਸ਼ੁਭਿਤਿ ਸ਼ਰੀਰ॥੨॥ਪ੍ਰਥਮੈ ਚੌਕੀ ਸੋ ਮੰਗਵਾਈ। ਦਾਬੀ ਕਲ ਪੁਤਲੀ ਨਿਕਸਾਈ। ਚੌਪਰ ਕੌ ਬਿਛਾਇ ਕਰਿ ਦੀਨਿ। ਡਲ ਗੇਰਤਿ ਖੇਲਤਿ ਲਖਿ ਲੀਨਿ ॥੩॥ ਪੰਚਕਲਾ ਪੁਨ ਸ਼ਸਤ੍ਰ ਮੰਗਾਯੋ। ਕਸਯੋ ਤਮਾਂਚਾ ਪ੍ਰਥਮ ਚਲਾਯੋ। ਬਡੋ ਸ਼ਬਦ ਭਾ ਤੋੜ[1] ਘਨੇਰਾ।–ਹਤਹਿ ਸ਼ੱਤ੍ਰ ਨੀਕੇ–ਗੁਰ ਹੇਰਾ ॥ ੪ ॥ ਪੁਨ ਕਲ ਦਾਬੇ ਭਯੋ ਕ੍ਰਿਪਾਨ। ਤੀਖਨ ਧਾਰਾ ਦਿਖਯੋ ਮਹਾਂਨ। ਗਹਿ ਕਬਜ਼ਾ ਕਰ ਮਹਿੰ ਪ੍ਰਭੁ ਤਬੈ। ਇਤ ਉਤ ਕਰਿ ਦੇਖਯੋ ਸ਼ੁਭ ਤਬੈ ॥ ੫ ॥ ਪੁਨ ਬਰਛੀ ਕਰਿ ਕੈ ਦਿਖਰਾਈ। ਤੀਖਨ ਅਨੀ ਘਨੀ ਰਿਪੁ ਘਾਈ। ਪੁਨ ਜਮਧਰ ਕੋ ਤਿਸ ਤੇ ਕਰਯੋ। ਸੁੰਦਰ ਪਰੈ[2] ਹਾਥ ਮਹਿੰ ਧਰਯੋ॥੬॥ਖਰ ਧਾਰਾ ਅਰੁ ਅਨੀ ਮਹਾਨੋ।ਸ਼ੱਤ੍ਰ ਉਦਰ ਕੋ ਧਸਿ ਕਰਿ ਹਾਨੇ। ਪਟੇਦਾਰ[3] ਪੁਨ ਗੁਰਜ ਬਨਾਈ। ਲਗਹਿ ਸੀਸ ਪੁਨ ਬਚਨਿ ਨ ਪਾਈ॥ ੭॥ ਸਭਿ ਕਲ ਪਰਖਤਿ ਹਰਖਤਿ ਨਾਥ। ਸ਼ਸਤ੍ਰ ਅਜਾਇਬ ਧਰਿ ਕਰਿ ਹਾਥ। ਬਹੁਰ ਤੁਰੰਗਮ ਸਾਂਭ ਫਿਰਿਵਾਇ। ਮ੍ਰਿਗਨ ਸਮਾਨ ਧਵਾਇ ਕੁਦਾਇ ॥ ੮ ॥ ਜਰੇ ਜ਼ੀਨ ਜਾਂਬੂਨਦ ਕੇਰੇ। ਰਤਨਰਾਇ ਕੋ ਪ੍ਰੇਮ ਬਡੇਰੇ। ਕ੍ਰਿਪਾਦ੍ਰਿਸ਼ਟਿ ਤੇ ਪਿਖਹਿੰ ਗੁਸਾਈਂ। ਵਸਤੁ ਅਜਬ ਆਨੀ ਸਮੁ-ਦਾਈ ॥ ੯ ॥ ਪੁਨਹਿ ਮਤੰਗ ਅਨਾਵਨਿ ਕੀਨੋ। ਸੁੰਦਰ ਸਰਬ ਸ਼ਿੰਗਾਰ ਨਵੀਨੋ। ਸ਼੍ਰੀ ਕਲਗ਼ੀਧਰ ਨਿਕਟਿ ਹਕਾਰਾ। ਝੂਲਤਿ ਪਹੁੰਚਯੋ ਭਲੇ ਨਿਹਾਰਾ ॥ ੧੦ ॥ ਕਦ ਮਹਿਖੇ[4] ਸਮ, ਸਦਮ ਅਨੰਦ[5]। ਤਿਨ ਦਿਸਿ[6] ਪ੍ਰੇਰਤਿ ਸੁੰਡ ਬਿਲੰਦ। ਪ੍ਰਭੁ ਪੇਖਿ ਤਿਹ ਹਾਥ ਲਗਾਯੋ।ਮ੍ਰਿਦੁਲ ਦਿਲਾਸਾ ਦੈ ਠਹਿਰਾਯੋ ॥੧੧॥ ਹਟਿ ਪੁਨ ਗੁਰ ਪਨਹੀ ਜਹਿੰ ਧਰੀ। ਸੁੰਡ ਬਿਖੈ ਗਹਿ ਝਾਰਨਿ ਕਰੀ। ਭਲੇ ਬਨਾਇ ਟਿਕਾਇ ਅਗਾਰੀ। ਬਿਸਮਤਿ ਸਭਾ ਬਿਲੋ-ਕਤਿ ਸਾਰੀ ॥ ੧੨ ॥ ਗਹਿ ਸਤਿਗੁਰ ਧਨੁ ਬਾਨ ਚਲਾਇ। ਪ੍ਰੇਰਯੋ ਗਜ, ਬੀਨਤਿ ਤਹਿੰ ਜਾਇ। ਸਭਿ ਇਕਠੇ ਕਰਿ ਸੁੰਡ ਮਝਾਰੀ।ਧਰੇ ਆਨਿ ਕਰਿ

---

[1]ਜਦ ਤੋੜਾ ਲਾਇਆ। [2]ਸੁਹਣੀ ਲਗਦੀ ਹੈ। [3]ਤਲਵਾਰ ਦੀ ਮੁੱਠ ਵਰਗੀ ਮੁੱਠ ਵਾਲਾ। [ਇਕ ਹੋਰ ਗੁਰਜ ਹੇਠੋਂ ਨੋਕਦਾਰ ਹੁੰਦਾ ਹੈ] (ਅ) ਫਾੜੀਦਾਰ ਗੁਲਿਆਈ ਵਾਲਾ। [4]ਮਹਿੰ ਦਾ ਨਰ, ਭਾਵ ਸੰਢੇ ਵਰਗਾ ਕੱਦ। [5]ਆਨੰਦ ਦਾ ਘਰ। [6]ਭਾਵ ਸ੍ਰੀ ਗੁਰੂ ਜੀ ਵਲ।

ਪ੍ਰਭੂ ਅਗਾਰੀ॥੧੩॥ਚਲਤਿਚਾਲ ਚੰਚਲ ਅਤਿਚਾਰੂ।ਇਤ ਉਤ ਫਿਰਤਿ ਤੁਰਤ ਦੁਤਿਵਾਰੂ। ਲਘੁ ਲਘੁ ਕਿੰਕਨ[1] ਗਰ ਮਹਿਂ ਬਾਜਹਿਂ। ਕੰਚਨ ਕਾਮ ਝੂਲ ਸ਼ੁਭ ਸਾਜਹਿਂ[2] ॥੧੪॥ ਜਲ ਕੋ ਲੇ ਪੁਨ ਸੁੰਡ ਪਖਾਰੀ। ਗਹਿ-ਵਾਈ ਤਿਸ ਮਹਿਂ ਭਰਿ ਝਾਰੀ[3]। ਜਥਾ ਦਾਸ ਕਰ ਚਰਨ ਧੁਵਾਵਹਿ। ਤਥਾ ਨੀਰ ਝਾਰੀ ਤੇ ਪਾਵਹਿ ॥ ੧੫ ॥ ਗੁਰ ਕੇ ਪਾਇ ਪਖਾਰਨਿ ਕਰੇ। ਪਟ ਕੌ ਗਹਿ ਪੌਂਛੇ ਬਿਧਿ ਖਰੇ। ਚਮਰ ਚਾਰੁ ਕੋ ਤਬਿ ਗਹਿਵਾਯੋ। ਥਿਰ ਹੁਇ ਗੁਰ ਪਰ ਭਲੇ ਝੁਲਾਯੋ॥੧੬॥ ਜਥਾ ਦਾਸ ਲੇ ਮਤਿ ਕਰਿ ਫੇਰਹਿ[4]।ਤਥਾ ਢੁਰਾ-ਵਤਿ ਚਾਮਰ ਪ੍ਰੇਰਹਿ[5]। ਇੱਤਯਾਦਿਕ ਬਿੱਦਯਾ ਦਿਖਰਾਈ। ਹਰਖਤਿ ਗੁਰੂ ਸਭਾ ਬਿਸਮਾਈ ॥੧੭॥ ਹੁਇ ਪ੍ਰਸੰਨ ਮੁਖ ਬਾਕ ਉਚਰਯੋ। ਨਾਮ ਪ੍ਰਸਾਦੀ ਗਜ ਕੋ ਧਰਯੋ। 'ਸਿਤਾ ਘ੍ਰਿੱਤ ਮੈਦਾ ਸਮੁਦਾਇ। ਜੇਤਿਕ ਖਾਇ ਰਹੇ ਤ੍ਰਿਪਤਾਇ'॥੧੮॥ਸੌਂਪਯੋ ਦਾਸਨਿ ਕੋ ਇਤ ਸੇਵਾ।ਭਏ ਕ੍ਰਿਪਾਲ ਪ੍ਰਭੂ ਗੁਰ-ਦੇਵਾ। ਰਤਨ ਰਾਇ ਕਰ ਜੋਰਿ ਉਚਾਰਾ। 'ਸੁਨਹੁ ਜਗਤ ਗੁਰ ਰਾਤਿ ਮਝਾਰਾ ॥੧੯॥ ਜੁਲਤ ਮਸਾਲ ਦੋਹਿਂ ਗਹਿਵਾਈ। ਕਰਤਿ ਪ੍ਰਕਾਸ਼ ਚਲਯੋ ਮਗ ਜਾਈ। ਸੁਮਤਵੰਤਿ ਜਿਮ ਚਹਿਹਿ ਕਰਾਵਹਿ।ਅਵਿਲੋਕਤਿਲੋਕਨਿ ਬਿਸਮਾਵਹਿ॥੨੦॥ਇਸ ਕੇ ਸਮ ਜਗ ਲਹੀਅਹਿ ਆਨ ਨ[6]।ਸਹਿਤ ਸੁਪੇਦੇ ਸ਼ੋਭਤਿ ਆਨਨ[7]। ਨਹਿਨ ਨਗਰ ਅਰੁ ਨਹਿਂ ਕਿਸ ਕਾਨਨ[8]। ਕਿਤ ਦੇਖਹਿਂ ਜੋ ਸੁਨਿਯ ਨ ਕਾਨਨ[9] ॥੨੧॥ ਸਰਬ ਸ਼ਿਰੋਮਣਿ ਰਾਵਰ ਜੈਸੇ। ਵਸਤੁ ਅਮੋਲ ਪਰਾਪਤਿ ਤੈਸੇ।ਜਾਨੀ ਪਰੇ ਕਰੇ ਅਨੁਮਾਨ[10]।ਸੁਰਪਤਿ ਕੋ ਗਜਰਾਜ ਮਹਾਨ[11]*॥੨੨॥ਨਿਜ ਤਨ ਕੋ ਤੁਮ ਹਿਤ ਪਲਟਾਯੋ। ਅਲਪ ਅਕਾਰ ਬਚਿੱਤ੍ਰ ਬਨਾਯੋ।ਕਰਨਿ ਆਪ ਕੋ ਮੁਦਤਿ ਬਡੇਰੇ। ਆਯੋ ਸ਼ਰਨਿ ਲੀਨਿ ਮਿਸ ਮੇਰੇ[12] ॥ ੨੩॥ ਹੇਤੁ ਰਿਝਾਵਨਿ ਤੁਮਹਿਂ ਬਿਧਾਤਾ[13]। ਕਿਧੌਂ ਪਠਯੋ ਰਚਿ ਕਰਿ ਗਜ ਗਾਤਾ[14]। ਇੱਤਯਾਦਿਕ ਕਾਰਨ ਕੁਛ ਹੋਇ। ਨਾਂਹਿ ਤ ਇਹ ਸਮ ਦੁਤਿਯ ਨ ਕੋਇ'॥੨੪॥ ਰਤਨ ਰਾਇ ਕੇ ਸੁਨਿ ਸ਼ੁਭ ਬੈਨ। ਖੁਸ਼ੀ ਕੀਨਿ ਗੁਰ ਕਰੁਨਾ ਨੈਨ। 'ਸ਼ਸਤ੍ਰ ਮਤੰਗ ਆਦਿ ਵਥੁ ਜੇਈ।

[1]ਘੁੰਗਰੂ। [2]ਜਿਸ ਝੁੱਲ ਤੇ ਸੋਨੇ ਦਾ ਕੰਮ ਹੋਇਆ ਹੋਇਆ ਸੀ। (ਅ) ਸੋਨੇ ਦਾ ਸੁੰਦਰ ਝੁੱਲ...। [3]ਸੁਰਾਹੀ। [4]ਜੀਕੂੰ ਦਾਸ (=ਚੌਰ ਬਰਦਾਰ ਚੌਰ) ਲੈਕੇ ਅਕਲ ਨਾਲ ਝੁਲਾਉਂਦਾ ਹੈ। [5](ਹਾਥੀ) ਪ੍ਰੇਰਿਆ ਹੋਇਆ। [6]ਹੋਰ ਨਹੀਂ। [7]ਮੂੰਹ, ਮੱਥਾ। [8]ਤੇ ਨਾ ਹੀ ਕਿਸੇ ਬਣ ਵਿਚ ਹੈ। [9]ਜੋ ਕੰਨੀਂ ਨਹੀਂ ਸੁਣਿਆ ਤਾਂ ਵੇਖਣਾ ਕਿੱਥੋਂ ਹੈ। [10]ਵਿਚਾਰ ਕੀਤਿਆਂ। [11]ਇੰਦ੍ਰ ਦਾ (ਜੋ) ਐਰਾਵਤ ਵੱਡਾ (ਹਾਥੀ) ਹੈ......। [12]ਮੇਰੇ ਬਹਾਨੇ। [13]ਬਿਧਾਤਾ ਨੇ ਆਪ ਨੂੰ ਪ੍ਰਸੰਨ ਕਰਨ ਵਾਸਤੇ। [14]ਹਾਥੀ ਦਾ ਸਰੀਰ। *ਪਾ:-ਸਮਾਨ ।

ਲਜਾਇ ਅਜਾਇਬਹਮਹਿਤਤੇਈ॥੨੫॥ਪ੍ਰੇਮਬਿਸਾਲ ਅਹੈ ਜਸ ਤੇਰੇ।ਤਸ
ਪ੍ਰਾਪਤਿ ਫਲ ਅਨੰਦ ਬਡੇਰੇ। ਪੂਰਬ ਜਨਮ ਹੁਤੋ ਗੁਰ ਸਿੱਖ। ਨ੍ਰਿਪ ਕੋ
ਦਿਯ ਸੁਖ ਭੋਗ ਭਵਿੱਖਨ[1] ॥ ੨੬ ॥ ਇਮ ਕਹਿ ਪਦ ਅਰਬਿੰਦ ਪਖਾਰੇ।
ਪਾਹੁਲ ਦਈ ਭਾਗ ਜਿਸਭਾਰੇ।ਵਾਹਿਗੁਰੂ ਨਿਜ ਮੰਤ੍ਰ ਦ੍ਰਿੜ੍ਹਾਯੋ।ਭੋਗਮੋਖਦਾ
ਭਲੇ ਬਤਾਯੋ ॥੨੭॥ ਸਚਿਵਨ ਸਹਿਤ ਚਮੂੰ ਨਰ ਬ੍ਰਿੰਦ। ਲੇ ਪਗ ਪਾਹੁਲ
ਅਧਿਕ ਅਨੰਦ। ਪ੍ਰੇਮ ਬਿਸਾਲ ਸਿੱਖ ਹੁਇ ਰਾਜਾ। ਕ੍ਰਿਤ ਕ੍ਰਿਤ ਹੋਯੋ
ਸਹਿਤ ਸਮਾਜਾ॥ ੨੮ ॥ ਕਰਤਿ ਸੁਜਸੁ ਕੋ ਗਮਨਯੋ ਡੇਰੇ।ਰਹਯੋ ਅਨੰਦ-
ਪੁਰਿ ਦਿਨ ਬਹੁਤੇਰੇ। ਦਰਸ਼ਨ ਜਾਇ ਨਿਤਾਪ੍ਰਤਿ ਕਰੈ। ਬੈਠਹਿ ਕਿਤਿਕ
ਕਾਲ ਮੁਦ ਧਰੈ ॥ ੨੯ ॥ ਸਤਿਗੁਰ ਪਰਚਹਿਂ ਗਜ ਮੰਗਵਾਵਹਿਂ। ਆਨ
ਕਾਜ ਤਿਸਤੇ ਕਰਿਵਾਵਹਿਂ। ਕਬਿ ਪੁਤਲੀਨ ਬਿਲੋਕਿ ਤਮਾਸ਼ਾ। ਜੋ ਕਲ
ਦਾਬੇ ਗੇਰਤਿ ਪਾਸਾ ॥੩੦॥ ਕਬਹੂੰ ਸ਼ਸਤ੍ਰ ਅਜਾਇਬ ਹੇਰੈਂ।ਬਨਹਿ ਅਪਰ
ਬਿਧਿ ਜਬਿ ਕਲ ਫੇਰੈਂ। ਕਬਹੂੰ ਰਤਨਰਾਇ ਲੇ ਸਾਥ। ਚਢਹਿਂ ਅਖੇਰ
ਬ੍ਰਿੱਤ[2] ਕੌ ਨਾਥ ॥ ੩੧ ॥ ਬਨ ਮਹਿਂ ਬਿਚਰਹਿਂ ਮ੍ਰਿਗਨਿ ਪ੍ਰਹਾਰਹਿਂ।ਸ਼ਿਕਰੇ
ਸ੍ਵਾਨ ਬਾਜ ਖਗ ਮਾਰਹਿਂ। ਕਬਹੁ ਕਰਹਿਂ ਕ੍ਰੀੜਾ ਜਲ ਕੇਰੀ । ਭਿਰਹਿਂ
ਦੁਦਿਸ਼ਿ ਤੇ ਛੀਂਟ ਘਨੇਰੀ ॥ ੩੨ ॥ ਕਬਹੂੰ ਆਯੁਧ ਬਿਦਯਾ ਕਰੈਂ। ਤੀਰ
ਪ੍ਰਹਾਰੈਂ ਕਰ ਧਨੁ ਧਰੈਂ। ਕਬਹੂੰ ਕਸਹਿਂ ਤੁਰੰਗ ਚਲਾਵਹਿਂ। ਛੋਰਹਿਂ ਹਯ
ਪਰ ਚਢੇ ਧਵਾਵਹਿਂ ॥੩੩॥ ਤੋਮਰ ਫੇਰਿ ਕਵਾਇਦ ਕਰੈਂ। ਸਮੁਖ ਅਨੀ[3]
ਜਿਮ ਸ਼ੱਤ੍ਰੁ ਮਰੈਂ। ਇਸ ਪ੍ਰਕਾਰ ਕੇ ਅਨਿਕ ਬਿਲਾਸਾ।ਕਰਹਿਂ ਗੁਰੂ ਪੂਰਹਿਂ
ਸਭਿ ਆਸ਼ਾ ॥ ੩੪ ॥ ਕਿਤਿਕ ਦਿਵਸ ਲੌ ਦੁਰਦ ਪ੍ਰਸਾਦੀ[4]। ਕਿਸ ਥਲ
ਬੰਧਯੋ ਰਹਿ ਅਹਿਲਾਦੀ[5]।ਪਿਖਿ ਪ੍ਰਸੰਨ ਸਤਿਗੁਰੂ ਮਹਾਨਯੋਂ। ਗਜ ਦਾਸਨ
ਕੇ ਸਾਥ ਬਖਾਨਯੋ ॥ ੩੫ ॥ 'ਨਹਿਨ ਪ੍ਰਸਾਦੀ ਬੰਧਨਿ ਪਾਵਹੁ। ਇਮ ਹੀ
ਛੋਰਹੁ ਸੇਵ ਕਮਾਵਹੁ। ਫਿਰਹਿ ਅਨੰਦਪੁਰਿ ਜਹਿਂ ਜਹਿਂ ਕਹਾਂ। ਆਪੇ ਥਿਰੈ
ਜਹਾਂ ਰੁਚਿ ਤੱਹਾਂ ॥ ੩੬ ॥ ਕੇਤਿਕ ਦਿਵਸ ਦਾਸ ਰਹਿਂ ਸੰਗ। ਕਰਹਿਂ
ਪਿਖਿਨਿ ਜਹਿਂ ਫਿਰਹਿ ਮਤੰਗ। ਜਬਿ ਹਿਲ ਜਾਇ ਹਟਕ ਤਬਿ ਰਹੈਂ[6]।
ਦੇਹਿਂ ਖੁਆਇ ਖੁਰਾਕ ਜਿ ਅਹੈ'॥੩੭॥ਸੁਨਿਗੁਰ ਹੁਕਮ ਛੋਰਿਫਿਰ ਦੀਨਾ।

---

[1]ਤਦੋਂ ਤੈਨੂੰ ਰਾਜਾਪਨੇ ਦੇ ਸੁੱਖਾਂ ਦੇ ਭੋਗ ਭਵਿੱਖਤ ਵਿਚ ਦਿੱਤੇ ਸਨ ਭਾਵ ਵਰ ਦਿੱਤਾ ਸੀ ਕਿ ਤੂੰ ਅਗਲੇ ਜੁਗ ਰਾਜਾ ਹੋ ਕੇ ਸੁਖ ਭੋਗੇਂਗਾ। [2]ਸ਼ਿਕਾਰ। [3]ਨੋਕ। [4]ਪ੍ਰਸਾਦੀ ਹਾਥੀ। [5]ਕਿਸੇ(ਇਕ) ਥਾਂ ਬੰਨ੍ਹਿਆ ਰਹੇ। [6]ਜਦੋਂ ਹਿਲ ਜਾਵੇ ਤਦੋਂ (ਤੁਸਾਂ) ਹਟ ਜਾਣਾ (ਨਾਲ ਜਾਣੋਂ)।

ਜਹਿਂ ਕਹਿਂ ਬਿਚਰਹਿ ਭਾ ਬਹੁ ਪੀਨਾ[1] । ਫਿਰਹਿ ਬਜਾਰ ਬਿਖੈ ਬਹੁ ਬਾਰਿ।
ਬਨਕਨ ਕੋ ਕਰਿ ਦੇਤਿ ਬਿਗਾਰ ॥ ੩੮ ॥ ਮੋਦਕ ਆਦਿ ਧਰੇ ਪਕਵਾਨ।
ਜਹਿਂ ਕਹਿਂ ਕਰਤਿ ਫਿਰਤਿ ਸੋ ਖਾਨ । ਅੰਨ ਆਦਿ ਖੇਬੈ ਵਥੁ ਜੋਇ ।
ਬਿਚਰਤਿ ਬਦਨਪਾਇਲੇ ਸੋਇ॥੩੯॥ਮਿਲਬਨੀਏਂ ਸਤਿਗੁਰ ਢਿਗ ਆਏ।
'ਕੁੰਚਰ ਕਰਹਿ ਬਿਗਾਰ' ਸੁਨਾਏ। 'ਔਚਕ ਸੌਦਾ ਕਰਤਿ ਬਖੇਰਤਿ[2] ।
ਬਰਜਤਿ ਬਰਜਤਿ ਤਤਛਿਨ ਗੇਰਤਿ ॥ ੪੦ ॥ ਸਰਬ ਦਿਵਸ ਬਿਚਰਤਿ
ਤਹਿਂ ਆਵਤਿ। ਗਨ ਪਕਵਾਨ ਖਾਇ ਕਰਿ ਜਾਵਤਿ । ਡਰਹਿਂ ਆਪ ਤੇ
ਹਤਹਿਂ ਨ ਦੰਡਾ । ਪ੍ਰੇਰਤਿ ਇਤ ਉਤ ਫੇਰਤਿ ਸੁੰਡਾ' ॥ ੪੧ ॥ ਸੁਨਿ
ਕਲਗ਼ੀਧਰ ਕਰੀ ਗੁਹਾਰਾ[3] । ਸੰਗ ਮਸੰਦਨ ਹੁਕਮ ਉਚਾਰਾ। 'ਜਿਤਕ
ਬਨਕ ਕੋ ਹੁਇ ਨੁਕਸਾਨ। ਕਰਹਿ ਪ੍ਰਸਾਦੀ ਜਾਇ ਦੁਕਾਨ ॥ ੪੨ ॥ ਸੋ
ਸਰਕਾਰਹਿ[4] ਤੇ ਦਿਹੁ ਦਰਬ। ਸੰਧਯਾ ਸਮੈ ਬੂਝਿ ਲੇਹੁ ਸਰਬ'।ਸੁਨੀ ਬਨਿ-
ਅਨਿ ਮਨ ਅਨੰਦ ਉਪੰਨਾ। ਜਥਾ ਜੋਗ ਗੁਰ ਕੋ ਬਚ ਮੰਨਾ॥੪੩॥ ਸਗਰੇ
ਪੁਰਿ ਮਹਿਂ ਬਿਚਰਤਿ ਰਹੈ । ਲੋਕ ਹਜ਼ਾਰਹੁਂ ਹੇਰਤਿ ਅਹੈਂ। ਦੂਰ ਦੂਰ
ਕੀ ਸੰਗਤਿ ਆਵੈ। ਪਿਖਿ ਅਦਭੁਤ ਕੋ ਸਭਿ ਬਿਸਮਾਵੈਂ ॥ ੪੪ ॥ ਰਤਨ-
ਰਾਇ ਰਹਿ ਕੇਤਿਕ ਮਾਸ।ਪਿਖਿ ਸਤਿਗੁਰਕੇ ਅਨਿਕ ਬਿਲਾਸ।ਸ੍ਰੀਗੁਜਰੀ
ਢਿਗ ਜਨਨੀ ਸਹਿਤ। ਪਹੁੰਚੈ ਬਾਰਿ ਬਾਰਿ ਸੁਖ ਲਹਿਤਿ ॥ ੪੫ ॥ ਤਿਮ
ਕਲਗ਼ੀਧਰ ਕੇਤਿਕ ਦਰਸ਼ਨ।ਬਾਰਿ ਬਾਰਿ ਪਗ ਪੰਕਜ ਪਰਸਨ। ਅਪਨਿ
ਦੇਸ਼ ਹਿਤ ਕਰਨਿ ਚਢਾਈ। ਹਾਥ ਜੋਰਿ ਕਰਿ ਜਾਚਿ ਬਿਦਾਈ ॥ ੪੬ ॥
ਸਤਿਗੁਰ ਕਹਿ ਕਹਿ ਬਹੁਤ ਟਿਕਾਯੋ। ਪੁਨ ਓਰਕ ਚਲਿਬੋ ਬਨਿ ਆਯੋ।
ਅਧਿਕ ਪ੍ਰੇਮ ਤੇ ਨ੍ਰਿਪ ਨਹਿਂ ਚਹੈ।ਹੁਇ ਕਰਿ ਤਯਾਰ ਬਹੁਰ ਪੁਰਿਰਹੈ॥੪੭॥
ਜ਼ਰੀ ਦੁਸ਼ਾਲੇ ਕੋ ਸਿਰੁਪਾਊ। ਬਖਸ਼ਯੋ ਗੁਰੂ ਲੀਨਿ ਚਿਤਚਾਊ। ਕਹੈ ਭੂਪ
'ਜਿਮ ਸੁਨਯੋ ਸੁਜਸੁ ਕੋ।ਕਰਯੋ ਆਇ ਮੈਂ ਤਥਾ ਦਰਸਕੋ॥੪੮॥ਸਭਿ ਬਿਧਿ
ਤੇ ਮੁਝ ਕਰਯੋ ਨਿਹਾਲ। ਹਲਤ ਭਲੇ ਲਿਹੁ ਪਲਤ ਬਿਸਾਲ[5]'। ਕਹਯੋ ਨ
ਜਾਇ ਗਰੋ ਭਰਿ ਗਯੋ। ਚਰਨ ਕਮਲ ਪਰ ਸਿਰ ਧਰਿ ਦਯੋ॥੪੯॥ ਦ੍ਰਿਗ
ਜਲ ਸੰਗ ਪਖਾਰਨਿ ਕਰੇ।ਗੁਰ ਧੀਰਜ ਦੀਨਸਿ ਮੁਦ ਧਰੇ। ਭਗਤਿਗਯਾਨ

[1]ਬੜਾ ਮੋਟਾ ਹੋ ਗਿਆ। [2]ਖਿੰਡਾ ਦਿੰਦਾ ਹੈ। [3]ਆਵਾਜ਼ ਦਿੱਤੀ ਭਾਵ ਹੁਕਮ ਦਿੱਤਾ। [4]ਸਰਕਾਰੋਂ, ਭਾਵ ਸਤਿਗੁਰੂ ਜੀ ਦੇ ਖਜ਼ਾਨੇ ਵਿਚੋਂ। [5]ਭਾਵ ਲੋਕ ਵਿੱਚ ਮੇਰਾ ਭਲਾ ਹੋਇਆ ਹੈ ਪ੍ਰਲੋਕ ਵਿੱਚ ਬਹੁਤ ਭਲਾ (ਮੈਨੂੰ) ਪ੍ਰਾਪਤਿ ਹੋਵੇਗਾ।

ਗੁਰਸਿੱਖੀ ਸਾਥ । ਬਖਸ਼ਿਸ਼ ਕਰੀ ਤਬਹਿ ਗੁਰ ਨਾਥ ॥ ੫੦ ॥ ਜਨਨੀ ਸਹਿਤ ਸਚਿਵ ਗਨ ਸਬੈ । ਕਰਿ ਕਰਿ ਨਮੋ ਪਯਾਨੇ ਤਬੈ । ਨੀਠ ਨੀਠ ਕਰਿ ਬਿਛੁਰਯੋ ਰਾਜਾ । ਚੜ੍ਹਿ ਕਰਿ ਚਲਯੋ ਸਮੇਤ ਸਮਾਜਾ ॥ ੫੧ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਰਾਜਾ ਬਿਦਾ ਹੋਨਿ' ਪ੍ਰਸੰਗ ਬਰਨਨੰ ਨਾਮ ਤ੍ਰੈ ਬਿੰਸਤੀ ਅੰਸੂ ॥ ੨੩ ॥

੨੪. [ਰਣਜੀਤ ਨਗਾਰਾ ਬਣਵਾਉਣਾ]।

ਦੋਹਰਾ ॥ ਗਯੋ ਨ੍ਰਿਪਤ ਗਜ ਕੋ ਅਰਪਿ, ਚਿਤਵਤਿ ਗੁਰੂ ਬਿਹਾਲ[1] । ਜਥਾ ਸੁਸ਼ੀਲ ਸਰੂਪ ਕੋ ਕਰਤਿ ਸਰਾਹ ਬਿਸ਼ਾਲ ॥ ੧ ॥ ਚੌਪਈ ॥ ਪੁਰੀ ਅਨੰਦ ਅਨੰਦ ਬਿਲੰਦ। ਕਰਤਿ ਪ੍ਰਕਾਸ਼ਨਿ ਗੁਰੂ ਮੁਕੰਦ। ਚਲੀ ਆਇ ਜਹਿਂ ਕਹਿਂ ਕੀ ਸੰਗਤਿ । ਨਿਤ ਨਵੀਨ ਗਨ ਬੈਠਹਿਂ ਪੰਗਤਿ ॥ ੨ ॥ ਆਇਂ ਅਕੋਰਨਿ ਕੇ ਅੰਬਾਰ। ਦੇਸ਼ ਦੇਸ਼ ਕੇ ਤੁਰੰਗ ਉਦਾਰ। ਪਾਇ ਹੁਕਮ ਗੁਰ ਕੋ ਗਨ ਦਾਸ। ਰਹਨਿ ਲਗੇ ਹਰਖਤਿ ਹੁਇ ਪਾਸ ॥੩॥ ਸ਼ਸਤ੍ਰ ਗਹੈਂ ਅੱਭਯਾਸ ਕਮਾਵੈਂ । ਤੀਰ ਤੁਪਕ ਤਰਵਾਰ ਚਲਾਵੈਂ । ਸਭਿ ਜਾਤਿਨਿ ਕੇ ਬਨਹਿਂ ਸਿਪਾਹੀ । ਵਧਹਿ ਬੀਰ ਰਸ ਬਹੁ ਉਰ ਮਾਂਹੀ ॥ ੪ ॥ ਕੇਤਿਕ ਕਰਹਿਂ ਨੌਕਰੀ ਆਇ। ਲੇਹਿਂ ਹੁਜ਼ੀਨਾ ਧਨ ਗਨ ਪਾਇ। ਭਈ ਫੌਜ ਗੁਰ ਸੰਗ ਹਜ਼ਾਰੈਂ । ਕਹਿ ਜੈਕਾਰਾ ਦਰਸ ਨਿਹਾਰੈਂ ॥ ੫ ॥ ਬਖਸ਼ਿਸ਼ ਬਖਸ਼ਹਿਂ ਗੁਰ ਸਮੁਦਾਯਾ । ਅਪਨੋ ਜਾਨਿ ਕਰਹਿਂ ਬਹੁ ਦਾਯਾ। ਤੀਖਨ ਸ਼ਸਤ੍ਰਨਿ ਕੋ ਗਹਿਵਾਵੈਂ। ਚਪਲ ਬਲੀ ਹਯ ਦੇਤਿ ਧਵਾਵਹਿਂ ॥ ੬ ॥ ਨਹੀਂ ਦਮਾਮਾ[2] ਦਲ ਮਹਿਂ[3] ਚੀਨਾ । ਸ਼੍ਰੀ ਸਤਿਗੁਰੂ ਬਿਚਾਰਨਿ ਕੀਨਾ ।–ਅਬਿ ਦੁੰਦਭਿ ਚਹੀਅਹਿ ਬਨਿਵਾਯੋ । ਹਿਤ ਉਤਸਾਹ ਬਨਹਿ ਬਜਵਾਯੋ ॥ ੭ ॥ ਰਹਹਿ ਸਦਨ ਗੁਰ ਸਦਾ ਭਵਿੱਖ। ਜਹਿਂ ਕਹਿਂ ਰਾਜ ਕਰਹਿਂ ਗਨ ਸਿੱਖ। ਸਾਗਰ ਲੌ ਅਵਨੀ ਥਲ ਸਾਰਾ । ਬਜਹਿ ਪ੍ਰਤਾਪੀ ਗੁਰੂ ਨਗਾਰਾ–॥ ੮ ॥ ਇਮ ਚਿਤਵਤਿ ਚਿਤ ਹੁਕਮ ਬਖਾਨਾ । 'ਕਰਹੁ ਘਰਾਵਨਿ ਦੀਹ ਨਿਸ਼ਾਨਾ[4]। ਨੀਕੇ ਕਾਰੀਗਰ ਕੇ ਪਾਸ। ਜੋ ਸਭਿ ਬਿਧਿ ਤੇ ਆਨਹਿ ਰਾਸ' ॥੯॥ ਨੰਦ ਚੰਦ ਲੇ ਆਇਸ ਗਯੋ। ਘਰਿਬੇ ਹੇਤੁ ਹਕਾਰਤਿ ਭਯੋ। ਕਹਯੋ ਗੁਰੂ ਕੋ ਤਾਂਹਿ ਸੁਨਾਯੋ। ਕਰਿ ਬਿਚਾਰ ਸ਼ੁਭ ਲੋਹ ਮੰਗਾਯੋ ॥੧੦॥ ਜੇਤਿਕ ਘਰਤਿ ਘਰਤਿ ਰਹਿ ਜਾਇ। ਤਿਸਤੇ ਚੌਗੁਨ ਲੀਨਿ ਤੁਲਾਇ*। ਬਹੁ ਨਰ ਲਗੇ ਘਰਨਿ ਤਤਕਾਲ। ਹੁਤੇ ਸੁਜਾਨ

[1]ਗੁਰੂ ਜੀ ਨੂੰ ਚਿਤਵਦਾ (ਰਾਜਾ) ਬਿਹਾਲ ਹੁੰਦਾ ਹੈ (ਪ੍ਰੇਮ ਨਾਲ)। [2]ਧੌਂਸਾ। [3]ਸੈਨਾ ਵਿਚ। [4]ਭਾਰੀ ਨਗਾਰਾ।

*ਲੋਹਾ ਗਰਮ ਕਰਕੇ ਘੜਦਿਆਂ ਨਾਲੋਂ ਸੜ ਝੜਿ ਕੇ ਘਟਦਾ ਹੈ ਇਸ ਕਰਕੇ ਬਹੁਤਾ ਲੀਤਾ।

ਬਨਾਇ ਸੁਢਾਲਾ[1]॥੧੧॥ਦੋਨਹੁ ਦੌਰ[2] ਤਯਾਰ ਕਰਿ ਲ੍ਯਾਇ। ਰੁਚਿਰ ਹੇਰਿ
ਸਤਿਗੁਰ ਹਰਖਾਏ। ਦਰਬ ਬਿਸਾਲ ਬਖਸ਼ ਕਰਿ ਦੀਨੋ। ਮਢਿਬੇ ਹੇਤੁ
ਹੁਕਮ ਤਬਿ ਕੀਨੋ॥੧੨॥ ਸਕਲ ਮਸੰਦਨ ਜਬਿ ਸੁਧਿ ਪਾਈ। ਚਿਤਹਿਂ
ਬਿਚਾਰ*ਕਰਤਿ ਸਮੁਦਾਈ[3]।-ਸੈਨ ਸਕੇਲਤਿ[4] ਦਿਨ ਪ੍ਰਤਿਭਾਗੀ।ਸ਼ਸਤ੍ਰ
ਤੁਰੰਗਨ ਸੋਂ ਹਿਤ ਧਾਰੀ॥੧੩॥ ਅਬਹਿ ਗੁਰੂ ਦੁੰਦਭਿ ਘਰਿਵਾਯਹੁ। ਜਬਿ
ਇਸ ਦੇਸ਼ ਵਿਖੇ ਬਜਵਾਯਹੁ। ਭੀਮਚੰਦ ਕਹਿਲੂਰੀ ਰਾਜਾ। ਜਿਹ ਸਮੀਪ
ਬਡ ਸੈਨ ਸਮਾਜਾ॥੧੪॥ ਪ੍ਰਥਮ ਹੁਤੋ ਗਮਨ੍ਯੋ ਕਿਤ ਓਰ।ਅਬਿ ਬਿਲਾਸ
ਪੁਰ ਕੀ ਬਸਿ ਠੌਰ[5]।ਫਿਰਹਿ ਦੇਸ਼ ਨਿਜ ਸਹਿਜ ਸੁਭਾਇ।ਧੌਂਸਾ ਧੁੰਕਾਰਤਿ
ਸੁਧਿ ਪਾਇ॥੧੫॥ ਅਸ ਨਹਿਂ ਹੋਇ ਬਿਗਰ ਕਰਿ ਪਰੈ। ਦਾਵੇਦਾਰ[6]
ਜਾਨਿ ਕਰਿ ਲਰੈ।ਲਖੀਅਹਿ ਇਸ ਤੇ ਹੁਇ ਉਤਪਾਤ। ਬਿਗਰ ਜਾਇਗੀ
ਸਗਰੀ ਬਾਤ॥੧੬॥ ਇਹਾਂ ਬਸਨ ਭੀ ਮੁਸ਼ਕਲ ਹੋਇ। ਜਿਨ ਕੋ ਰਾਜ,
ਨਿਕਾਸਹਿ ਸੋਇ[7]। ਪਰੇ ਜੰਗ ਧਨ ਚਹਿਯ ਮਹਾਨਾ। ਹਮ ਸਿਰ ਪਰਹਿ
ਜ਼ੋਰ ਸਭਿ ਆਨਾ[8]॥੧੭॥ਯਾਂਤੇ ਅਬਿ ਮਸਲਤ ਕਰਿ ਸਾਰੇ। ਕਰਹੁ ਜਤਨ
ਦੁੰਦਭਿ ਨਹਿ ਧਾਰੇਂ[9]। ਉਮਰ ਗੁਰੂ ਕੀ ਅਹੈ ਨਵੀਨ। ਮਨ ਭਾਵਤਿ ਕੋ
ਰਚਹਿਂ ਪ੍ਰਬੀਨ॥੧੮॥ ਤਿਨ ਕੇ ਸੰਗ ਕਹ੍ਯੋ ਨਹਿਂ ਜੈ ਹੈ। ਸਮੁਖ ਬਾਕ
ਬਿੱਪ੍ਰੈ ਨ ਕਹੈ ਹੈ[10]।ਪ੍ਰਥਮ ਮਾਤ ਕੇ ਨਿਕਟਸਿਧਾਰਹੁ।ਤ੍ਰਾਸ ਸਮੇਤਬ੍ਰਿਤੰਤ
ਉਚਾਰਹੁ-॥੧੯॥ ਅਸ ਮਸਲਤ ਕਰਿ ਸਕਲ ਮਸੰਦ। ਸ੍ਰੀ ਗੁਜਰੀ ਢਿਗ
ਗਮਨੇ ਬ੍ਰਿੰਦ। ਮਸਤਕ ਟੇਕਿ ਬੈਠਿਗੇ ਪਾਸ। ਬੋਲੇ ਹਾਥ ਜੋਰਿ ਅਰਦਾਸ॥
੨੦॥'ਮਾਤਾ ਜੀ! ਸੁਨੀਅਹਿ ਸਭਿ ਬਾਤ।ਸ੍ਰੀ ਸਤਿਗੁਰ ਕੋ ਜਥਾ ਬ੍ਰਿਤਾਂਤ।
ਸੈਨ ਸਕੇਲਨ ਕਰਿ ਗਨਰਾਖੀ। ਰਹੈਂ ਸੁਭਟ ਧਨ ਕੇ ਅਭਿਲਾਖੀ॥੨੧॥
ਇਕ ਤੌ ਖਰਚ ਦੇਗ਼ ਕੋ ਭਾਰੀ।ਅਨਗਨ ਕੋ ਅਹਾਰ ਹੁਇ ਤਯਾਰੀ। ਜਾਮ
ਨਿਸਾ ਲਗਿ ਜੋ ਚਲਿ ਆਵੈ। ਸਕਲ ਦੇਗ਼ ਤੇ ਅਚਿ[11] ਤ੍ਰਿਪਤਾਵੈਂ॥੨੨॥
ਪੁਨ ਸੁਭਟਨਿ ਕੌ ਦੇਨਿ ਛਿਮਾਹੀ। ਬਿਨਾ ਲਿਏ ਕੋ ਰਹੈ ਨ ਪਾਹੀ। ਰਾਜ

[1]ਸੁਹਣਾ। [2]ਲੋਹੇ ਦੇ ਦੋ ਚੱਕ੍ਰਾਕਾਰ ਹਿੱਸੇ ਜਿਨ੍ਹਾਂ ਨੂੰ ਜੋੜਕੇ ਵਡੇ ਕੜਾਹੇ ਵਾਂਙੂ ਬਣ ਜਾਂਦਾ ਹੈ ਤੇ ਉੱਤੋਂ ਫੇਰ ਚਮੜੇ ਨਾਲ ਮੜ੍ਹਦੇ ਹਨ। [3]ਚਿੱਤ ਵਿਚ ਸਾਰੇ ਵਿਚਾਰ ਕਰਦੇ ਹਨ। [4]ਕੱਠੀ ਕਰਦੇ ਹਨ (ਗੁਰੂ ਜੀ)। [5]......ਦੇ ਟਿਕਾਣੇ ਵਸਦਾ ਹੈ। [6](ਰਾਜ ਦਾ) ਦਾਵੇਦਾਰ, ਵੈਰੀ। [7]ਸੋ (ਸਾਨੂੰ) ਕੱਢ ਦੇਣਗੇ। [8]ਸਾਰਾ ਜ਼ੋਰ ਸਾਡੇ ਸਿਰ ਤੇ ਆ ਪਏਗਾ। [9]ਨਾ ਰੱਖਣ। [10](ਜੋ ਕੁਛ ਸਤਿਗੁਰੂ ਜੀ ਹੁਕਮ ਦੇਣ) ਉਹਨਾਂ ਦੇ ਸਾਮ੍ਹਣੇ ਉਲਟ ਨਹੀਂ ਕਿਹਾ ਜਾਂਦਾ (ਦੇਖੋ ਅਗੇ ਅੰਕ ੪੪ ਤੇ ੪੫)। [11]ਛਕ ਕੇ।

*ਪਾ:-ਚਿੰਤ ਬਿਲੰਦ।

ਦੇਸ਼ ਕੋ ਜਿਸ ਢਿਗ ਹੋਇ। ਇਤਨੋ ਖਰਚ ਨਿਬਾਹੈ ਸੋਇ ॥੨੩॥ ਅਪਨੇ ਘਰ ਸਿਖ ਸੰਗਤਿਆਵੈ।ਜਥਾ ਸ਼ਕਤਿ ਭੇਟਨਅਰਪਾਵੈ।ਕਿਸ ਤੇ ਹੁਕਮ ਨ ਕਰਿਕੈ ਲੇਨਾ। ਜਿਸ ਤੇ ਖਰਚ ਸੈਨ ਕੋ ਦੇਨਾ ॥ ੨੪ ॥ ਤਊ ਜ਼ਿਕਰ ਅਸ ਫਿਕਰ ਨ ਕੋਈ[1]। ਕਰਹਿਂ ਬਿਚਾਰ ਨ, ਆਮਦ ਸੋਈ[2]। ਅਬਿ ਦੁੰਦਭਿ ਕੋ ਕਹਿ ਘਰਿਵਾਯੋ। ਤਯਾਰ ਹੋਤਿ ਹੈ ਸਭਿ ਲਖਿ ਪਾਯੋ ॥੨੫॥ ਇਸ ਤੇ ਹੁਇ ਉਤਪਾਤ ਬਿਸਾਲਾ।ਚਢੇ ਬਜਾਵਨਿ ਕਰਿ ਜਿਸ ਕਾਲਾ। ਭੀਮ ਚੰਦ ਕਹਿ-ਲੂਰੀ ਰਾਜਾ। ਜਿਸ ਕੇ ਸੰਗ ਅਨੇਕ ਸਮਾਜਾ ॥ ੨੬ ॥ ਦੇਸ਼ ਬਿਸਾਲ ਰਾਜ ਕੋ ਕਰਿਹੀ। ਗਿਰਪਤਿ ਗਨ ਰਹਿਂ ਨਿਤ ਅਨੁਸਰਹੀ[3]।ਦੀਹ ਦਮਾਮੇ ਕੀ ਧੁਨਿ ਸੁਨੈ। ਜਰਹਿ ਨ[4] ਮਨ ਮਹਿਂ ਮਤਸਰ ਗੁਨੈ ॥ ੨੭ ॥ ਅਪਨਿ ਦੇਸ਼ ਮਹਿਂ ਦੁਤਿਯ ਨਗਾਰਾ।ਕਿਮ ਬਾਜਨਿ ਦੇ ਕਰਿ ਹੰਕਾਰਾ।ਬੈਸ ਨਵੀਨ ਗੁਰੂ ਕੀ ਅਹੈ।ਹਟੈ ਨਹੀਂ ਉਰ ਮੈਂ ਹਠ ਗਹੈਂ॥੨੮॥ਯਾਂਤੇ ਜਾਨੀ ਪਰੈ ਖੁਟਾਈ। ਸੈਲਪਤਨਿ ਸੋਂ ਮਚੈ ਲਰਾਈ[5]। ਤਿਸ ਮੈਂ ਅਨਿਕ ਉਪਾਧਿ ਉਠੈ ਹੈਂ। ਬਾਸ ਕਰਨਿ ਭੀ ਸੰਸੈ ਪੈਹੈਂ ॥ ੨੯ ॥ ਅਪਨੇ ਪੁੱਤ੍ਰ ਅਬਹਿ ਸਮੁਝਾਵੇ। ਦੁੰਦਭਿ ਬਾਜਹਿ ਨਹੀਂ, ਹਟਾਵੇਂ[6]।ਬਡੇ ਗੁਰੂ ਖਸ਼ਟਮ ਰਨ ਕੀਨਿ।ਬਾਸ ਸੁਧਾਸਰ ਕੋ ਤਜਿ ਦੀਨ ॥ ੩੦ ॥ ਸੰਕਟ ਭਏ ਅਨੇਕ ਪ੍ਰਕਾਰੀ। ਸੁਨੇ ਪਿਖੇ ਤੁਮ ਨੇ ਬਹੁ ਬਾਰੀ। ਦੇਸ਼ ਕਾਲ ਕੀ ਗਯਾਤਾਵਾਨ[7]। ਬਰਜਹੁ ਸਤਿਗੁਰ ਮ੍ਰਿਦੁਲ ਬਖਾਨਿ ॥ ੩੧ ॥ ਅਪਰ ਬਿਲਾਸ ਕਰਹਿਂ ਮਨ ਭਾਇ। ਪਰਹਿ ਬਿਖੇਰਾ ਦੇਹੁ ਹਟਾਇ।ਸੁਖ ਸੋਂ ਬਾਸਹੁ ਅਪਨੇ ਪੁਰਿ ਮੈਂ।ਨੀਕੀ ਕਰਹੁ ਬਿਚਾਰਨ ਉਰਮੈਂ[?] ॥੩੨॥ਸੁਨਤਿ ਮਸੰਦਨ ਕੀ ਅਸ ਬਾਨੀ।ਸ਼੍ਰੀ ਗੁਜਰੀ ਚਿਤ ਚਿੰਤਾ ਠਾਨੀ। —ਆਛੀ ਕਹਹਿਂ[8],ਨ ਬਨਹਿ ਦਮਾਮਾ।ਵਧਹਿ ਬਿਖੇਰਾ ਸੰਕਟ ਧਾਮਾ—॥੩੩॥ ਮੋਨ ਠਾਨਿ ਕਰਿ ਕੇਤਿਕ ਸਮੈਂ। ਭਨਯੋਂ ਮਸੰਦਨ ਸੋਂ ਮਨ ਗਮੈਂ[9]।'ਬਰਜੌਂ

---

[1]ਤਾਂ ਵੀ ਇਹੋ ਜਿਹੀ ਗਲ ਦੀ ਕੋਈ ਚਿੰਤਾ ਨਹੀਂ। [2](ਸ੍ਰੀ ਗੁਰੂ ਜੀ) ਵਿਚਾਰ ਨਹੀਂ ਕਰਦੇ ਕਿ ਆਮਦਨ ਤਾਂ ਸੋਈ ਹੈ (ਜੋ ਸਿੱਖ ਆਪੇ ਦੇਂਦੇ ਹਨ)। [3]ਪਹਾੜੀ ਰਾਜੇ ਬਹੁਤ (ਉਸ ਦੇ) ਅਨੁਸਾਰੀ ਰਹਿੰਦੇ ਹਨ। [4]ਸਹਾਰੇਗਾ ਨਹੀਂ। [5]ਇਸ ਤੋਂ ਪਹਾੜੀਆਂ ਰਾਜਿਆਂ ਨਾਲ ਲੜਾਈ ਮਚਨ ਦੀ (ਖੁਟਾਈ=) ਬੁਰੀ ਗਲ ਸਾਨੂੰ ਪ੍ਰਤੀਤ ਦੇ ਰਹੀ ਹੈ (ਕਿ ਵਰਤੇਗੀ)। (ਅ ਪਹਾੜੀਆਂ ਦੀ ਖੁਟਾਈ ਨੂੰ ਜਾਣਦਿਆਂ ਹੋਇਆਂ (ਯਾਤੇ=) ਇਸ ਤੋਂ ਪਹਾੜੀ ਰਾਜਿਆਂ ਨਾਲ ਲੜਾਈ ਹੋ ਪਵੇਗੀ (ਪ੍ਰਗਟ ਹੈ)। [6]ਹੋੜ ਦਿਓ। [7]ਦੇਸ਼ (ਪਹਾੜ ਦਾ ਹੈ ਪਹਾੜੀਏ ਖੋਟੇ ਹਨ) ਤੇ ਸਮਾਂ (ਰਾਜ ਤੁਰਕਾਂ ਦਾ) ਹੈ (ਇਨ੍ਹਾਂ ਦੀ ਆਪ ਨੂੰ) ਗਿਆਤ ਹੈ। [8]ਮਸੰਦ ਚੰਗੀ ਗਲ ਕਹਿੰਦੇ ਹਨ। [9]ਮਨ (ਵਿੱਚ) ਚਿੰਤਾ ਧਾਰਕੇ।

ਮੈਂ ਸੁਤ ਨਿਕਟ ਹਕਾਰੋਂ । ਖਸ਼ਟਮ ਗੁਰੂ ਪ੍ਰਸੰਗ ਉਚਾਰੋਂ ॥੩੪॥ ਜਿਤਕ ਸਮੀਪੀ ਬੈਠਿਨਿ ਹਾਰੇ।ਸਮਝ ਦੇਹੁੰ ਸਮੁਝਾਇ ਬਿਚਾਰੇ[1] ।–ਗਨ ਉਤਸਾਹ ਦੇਨਿ ਕੀ ਗਾਥਾ।ਕਰੋ ਨ ਸਾਹਿਬਜ਼ਾਦੇ ਸਾਥਾ–॥੩੫॥ਨਿਜ ਭ੍ਰਾਤਾ ਕੋ ਅਬਹਿ ਹਕਾਰੌਂ । ਇਨ ਬਾਤਨਿ ਤੇ ਕਹਿ ਹਟਕਾਰੌਂ । ਗੁਰਨਿ ਭਾਣਜੇ[2] ਤਿਨ ਸਮਝਾਵਹੁੰ।–ਨਹੀਂ ਜੰਗ ਕੇ ਜ਼ਿਕਰ ਚਲਾਵਹੁ ॥੩੬॥ ਜਾਹੁ ਸ਼ਿਕਾਰ, ਨ ਦੂਰ ਸਿਧਾਵਹੁ। ਚਿਤ ਪਰਚਾਇ ਸਦਨ ਕੋ ਲਆਵਹੁ। ਜਨੋਂ ਕਨੋਂ ਕਰਿ ਬਰਜਹੁ ਇਹ ਬਾਤੀ[3]। ਨਾਹਕ ਬਨਹੁ ਕਹਾਂ ਉਤਪਾਤੀ ॥ ੩੭ ॥ ਸੁਭਟ ਰਖੇ ਤੌ ਰਾਖਹੁ ਤੈਸੇ। ਖਰਚਨਿ ਕਰਹਿਂ ਆਇ ਧਨ ਜੈਸੇ।ਨਹਿਂ ਰਾਜਨ ਸੌਂ ਪਰੈ ਬਿਗਾਰਾ । ਮਾਲਿਕ ਦੇਸ਼ਨਿ ਕੇ ਦਲ ਭਾਰਾ–'॥ ੩੮ ॥ ਸੁਨਤਿ ਮਾਤ ਤੇ ਭਨਹਿ ਮਸੰਦ । 'ਇਮ ਸਮੁਝਾਵਹੁ ਸਤਿਗੁਰ ਨੰਦ ।–ਹਮ ਹੈਂ ਪੂਜ ਸਕਲ ਜਗ ਕੇਰੇ । ਸਮਤਾ ਦ੍ਰਿਸ਼ਟਿ ਸਭਿਨਿ ਪਰ ਹੇਰੇ ॥੩੯॥ ਚਹੁੰਦਿਸ਼ਿ ਅਪਨੇ ਸੇਵਕ ਜਾਨੋ । ਨਹਿ ਬਿਰੋਧ ਕਿਹ ਸੌਂ ਪਹਿਚਾਨੋਂ । ਸੁਭਟ ਰਾਖਿਬੇ ਸਹਿਤ ਨਗਾਰੇ । ਇਹ ਰਾਜਨਿ ਕੇ ਕਾਜ ਉਦਾਰੇ ॥ ੪੦ ॥ ਮਾਰਨ ਮਰਨ ਕਸ਼ਟ ਬਡ ਪਾਵਨਿ । ਤੁਮਕੋ ਉਚਿਤ ਨ ਏਵ ਕਮਾਵਨਿ–। ਇੱਤਯਾਦਿਕ ਭਾਖਹੁ ਜੇ ਮਾਨਹਿ । ਸਭਿਨਿ ਬਰਜ ਹ੍ਵੈ ਕ੍ਵੈ ਨ ਬਖਾਨਹਿ[4]' ॥ ੪੧ ॥ ਅਸ ਮਸਲਤ ਕਰਿ ਮਾਤ ਸਿਖਾਈ । ਮਸਤਕ ਟੇਕਿ ਉਠੇ ਸਮੁਦਾਈ। ਜੋ ਜਿਸ ਮਿਲਹਿ ਸਮੀਪੀ ਗੁਰ ਕੋ[5]।ਕਰਹਿ ਸਿਖਾਵਨਿ ਆਸ਼ੈ ਉਰ ਕੋ॥੪੨॥ ਨਿਜ ਭ੍ਰਾਤਾ ਗੁਜਰੀ ਬੁਲਵਾਯੋ । 'ਕਰਹੁ ਹਟਾਵਨ' ਸਭਿ ਸਮੁਝਾਯੋ। ਸੁਸਾ ਸੰਗ ਤਿਨ ਭਾਖਿ ਸੁਨਾਈ । 'ਠਟਹਿਂ ਗੁਰੂ, ਕੋ ਸਕਹਿ ਹਟਾਈ[6]' ॥ ੪੩ ॥ ਆਸ਼ੈ ਸੁਨਹਿਂ ਤਿਨਹੁ ਕੇ[7] ਜਬੈ।ਸਨਮਾਨਤਿ,ਬੋਲਤਿ ਤਿਮ ਸਬੈ।ਸਭਿ ਕੋ ਸੀਖ ਦੇਤਿ ਹੈਂ ਸੋਈ।ਕਹਿ ਨ ਸਕੈ ਢਿਗ ਬਿੱਪ੍ਰੈ* ਕੋਈ[8] ॥੪੪॥ ਜੇਕਰਿ ਤੁਮਤੇ ਬਰਜਨੋ ਜਾਇ। ਤੌ ਕਹੀਅਹਿ ਨੀਕੇ ਸਮੁਝਾਇ।ਅਪਰ ਬਿਖੈ ਕਨਾ ਸ਼ਕਤਿ ਸੁਨਾਵਨਿ । ਜੇ ਕੋ ਕਹੈ ਬਹੁਰ ਪਛੁਤਾਵਨਿ' ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਦੁੰਦਭਿ' ਪ੍ਰਸੰਗ ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥੨੪ ॥

[1](ਉਨ੍ਹਾਂ ਨੂੰ ਇਸ ਵਿਚਾਰ ਦੀ ਸਮਝ ਸਮਝਾ ਦਿਆਂਗੀ । [2]ਭਾਵ ਸੰਗੋ ਆਦਿ ਸੂਰਮੇਂ । [3]ਇਨ੍ਹਾਂ ਗਲਾਂ ਤੋਂ ਰੋਕੋ । [4]ਸਾਰਿਆਂ ਨੂੰ ਵਰਜ ਦਿਓ ਕੋਈ (ਜੰਗ ਦੀ ਗਲ) ਨਾ ਕਹੇ(ਮਹਾਰਾਜ ਜੀ ਨੂੰ)। [5]ਗੁਰੂ ਜੀ ਦਾ ਸਮੀਪੀ (ਸਿੱਖ) ਜੋ ਜਿਸ ਮਸੰਦ ਨੂੰ ਮਿਲਦਾ ਹੈ । [6]ਜੋ ਗੁਰੂ ਜੀ ਕਰਨ ਉਸ ਨੂੰ ਕੌਣ ਹਟਾ ਸਕਦਾ ਹੈ । [7]ਭਾਵ ਗੁਰੂ ਜੀ ਦੇ। [8]ਕੋਲੋਂ ਕੋਈ ਉਲਟੀ ਗਲ ਨਹੀਂ ਕਹਿ ਸਕਦਾ ।   *ਪਾ:–ਬੈਠੇ ।

੨੫. [ਘਰ ਵਿਚ ਵਿਚਾਰ । ਰਣਜੀਤ ਨਗਾਰਾ]।

ਦੋਹਰਾ ॥ ਉਠੇ ਪ੍ਰਾਤਿ ਕੋ ਸਤਿਗੁਰੂ ਠਾਨੇ ਸੌਚ ਸ਼ਨਾਨ। ਪ੍ਰਥਮ ਗਏ ਮਾਤਾ ਨਿਕਟ ਬੈਠੇ ਬੰਦਨ ਠਾਨਿ ॥੧॥ ਚੌਪਈ ॥ ਦੇ ਆਸ਼ਿਖ ਕੋ ਪ੍ਰੇਮ ਕਰੰਤੀ। ਪਿਖਿ ਸਪੂਤ ਕੋ ਉਰ ਹਰਖੰਤੀ। ਹਿਤ ਸਮੁਝਾਵਨਿ ਕਹਿ ਮ੍ਰਿਦੁ ਬਾਨੀ। ਇਕ ਪੁੱਤ੍ਰਾ ਮਨ ਪ੍ਰੀਤਿ ਮਹਾਨੀ ॥ ੨॥ ਜਿਨ ਬੈਠੇ ਭੀ ਬਡ ਬਡਿਆਈ। ਗੁਰਤਾ ਗਾਦੀ ਅਧਿਕ ਸੁਹਾਈ। 'ਸੁਨੀਅਹਿ ਸੁਤ ! ਐਸੇ ਨਹਿਂ ਕਰੋ। ਜਿਸ ਤੇ ਸੈਲਪਤਿਨਿ ਸੋਂ ਲਰੋ॥੩॥ਰਾਖੀ ਸੈਨ ਨ ਅਚਰਜ ਕੋਈ। ਕਰਹੁ ਅਖੇਰ ਜਥਾ ਮਨ ਹੋਈ।ਤੁਮ ਜਗ ਪੂਜ ਬਿਰੋਧ ਨ ਕਰੀਅਹਿ। ਚਹੁੰਦਿਸ਼ਿ ਸੰਗਤਿ ਅਪਨਿ ਬਿਚਰੀਅਹਿ ॥੪ ॥ ਮੈਂ ਅਬਿ ਸੁਨਯੋਂ ਬਨਾਇ ਨਗਾਰਾ। ਚਹਤਿ ਬਜਾਯਹੁ ਸੈਨ ਮਝਾਰਾ। ਇਸ ਤੇ ਔਚਕ ਉਠਹਿ ਉਪੱਦ੍ਰਵ। ਬਸਹੁ ਸ਼ਾਂਤਿ ਜੁਤਿ* ਤੀਰ ਸਤੁੱਦ੍ਰਵ ॥੫॥ਨਹਿਂ ਆਛੋ ਜੋ ਪਰਹਿ ਬਖੇਰਾ। ਵਧਤਿ ਵਧਤਿ ਹੁਇ ਕਸ਼ਟ ਬਡੇਰਾ। ਬਡੇ ਗੁਰਨਿ[1] ਜਬਿ ਜੰਗ ਮਚਾਏ। ਤਯਾਗਿ ਸੁਧਾਸਰ ਕੋ ਨਿਕਸਾਏ ॥੬॥ ਪਾਤਸ਼ਾਹ ਮਹਿਪਾਲ ਅਸ਼ੇਸ਼। ਰਾਜ ਤਿਨਹੁੰ ਢਿਗ ਦੇਸ਼ ਵਿਸ਼ੇਸ਼। ਕਰਿਬੇ ਕੋ ਸਮਰਥ ਸਭਿ ਭਾਂਤੀ। ਕੋਇ ਮੀਤਕੋ ਬਨਹਿ ਅਰਾਤੀ॥੭॥ਸੁਨਯੋ ਸ਼੍ਰੋਨਆਯੋ ਅਬਿ ਨੇਰੇ।ਭੀਮਚੰਦ ਮਹਿ-ਪਾਲ ਬਡੇਰੇ। ਧੁਨਿ ਦੁੰਦਭਿ ਕੀ ਸਹਿ ਨ ਸਕਾਈ। ਨਾਹਕ ਬੀਚ ਬੈਰ ਪਰਿ ਜਾਈ ॥੮॥ ਅਪਨਿ ਪੌਰ ਨੌਬਤ ਬਜਵਾਵਹੁ।ਚਢਿ ਕਰਿ ਨਹਿਂ ਧੌਂਸਾ ਗਰਜਾਵਹੁ।ਜੋ ਦੇਸ਼ਨਿ ਕੇ ਏਸ਼[2]ਬਿਸਾਲੇ।ਸਮਤਾ ਪੁਜਹਿਨਹੀਂ ਤਿਨ ਨਾਲੇ ॥੯॥ਲਰਨਿ ਬਿਖੈ ਸੁਖ ਪਈਅਤਿ ਨਾਂਹੀ।ਸਦਾ ਬਿਖਾਦ ਹੋਤਿ ਜਿਸਮਾਂਹੀ'। ਜਨਨੀ ਤੇ ਸੁਨਿ ਕਰਿ ਤਿਹ ਸਮੈਂ। ਕਹਯੋ: 'ਕਿਸੀ ਕੋ ਤ੍ਰਾਸ ਨ ਹਮੈਂ ॥ ੧੦॥ ਕਰਹਿਂ ਬਜਾਵਨਿ ਆਪ ਨਗਾਰਾ। ਖੇਲਹਿਂ ਕਾਨਨ ਬਿਖੈ ਸ਼ਿਕਾਰਾ। ਰਾਜ ਨ ਛੀਨਹਿਂ ਹਮ ਕਿਸ ਕੇਰਾ[3]।ਕਯੋਂ ਬਿਰੋਧ ਕੋ ਰਚਹਿ ਬਡੇਰਾ॥੧੧॥ ਅਪਨੋ ਦੇਸ਼ ਗ੍ਰਾਮ ਢਿਢ ਰਾਖੇ। ਬਿਨਾ ਹੇਤੁ ਕਿਮ ਰਣ ਅਭਿਲਾਖੇ।ਜੇਕਰਿ ਨਿਜ ਬਲ ਧਰਿ ਗਰਬਾਵੈ। ਬਿਨ ਕਾਰਨ ਹੀ ਬੈਰ ਬਧਾਵੈ ॥੧੨॥ ਤੌ ਹਮ ਕਹਾਂ ਕਰਹਿਂ ਗਰ ਪਰੇ[4]। ਸਾਰਹਿਂ ਕਾਜ ਜਥਾ ਤਬਿ ਸਰੇ। ਦੇਸ਼ ਰਾਜ ਕੋ ਧਰਹਿ ਗਰੂਰ। ਕਰਤਾ ਪੁਰਖ ਕਰਹਿ ਤਿਸ ਦੂਰ ॥੧੩॥–ਭੀਮਚੰਦ ਨ੍ਰਿਪ

[1]ਭਾਵ ਛੇਵੇਂ ਪਾਤਸ਼ਾਹ ਜੀ ਨੇ। [2]ਰਾਜੇ। [3]ਕਿਸੇ (ਰਾਜੇ) ਦਾ। [4]ਗਲ ਪਏ ਤੇ।

*ਪਾ:–ਸੁਤ।

ਨਿਕਟਿ–ਬਤਾਵਹੁ[1]। ਇਮ ਕਹਿ ਮੋ ਕਹੁ ਬਹੁਤ ਡਰਾਵਹੁ। ਜਥਾ ਬਾਲ
ਕੋ ਤ੍ਰਾਸ ਉਪਾਵੈਂ।–ਹਾਊ ਬੈਠਯੋ[2]–ਬੋਲਿ ਸੁਨਾਵੈਂ ॥੧੪॥ ਹਮ ਰਹਿਂ ਤਿਮ
ਗਿਰਪਤਿ ਜਿਮ ਹਮ ਸੋਂ। ਬਿਖਮ ਬਿਖਮ ਸੋਂ,ਸਮ ਹੁਇਂ ਸਮ ਸੋਂ[3]। ਪ੍ਰਥਮ
ਬਿਰੋਧ ਨਹੀਂ ਕਿਮ ਕਰੈਂ।ਮਿਲਹਿ ਤ ਮੇਲਹਿਂ ਲਰਹਿ ਤ ਲਰੈਂ ॥੧੫॥
ਗੁਰ ਕੋ ਘਰ ਆਦਰਸ਼ ਸਮਾਨੂ[4]। ਸਦਾ ਬਿਮਲ ਤੇ ਬਿਮਲ ਮਹਾਨੂ।
ਉੂਜਲ ਬਦਨ ਭਾਵਨਾ ਜੈਸੇ।ਕਰਹਿ ਬਿਲੋਕਨਿ ਫਲ ਕੋ ਤੈਸੇ॥੧੬॥ਅਹੋ
ਮਾਤ ! ਜਿਮ ਤੁਮਹੁਂ ਬਖਾਨੇ।ਕਿਮ ਹਮ ਛਿਪਹਿਂ ਸਕਲ ਜਗ ਜਾਨੇ।ਕਬਿ
ਲਗਿ ਨਹਿਂ ਦੁੰਦਭਿ ਬਜਵਾਵੈਂ।ਦੂਰ ਕਰਿ,ਨਹਿਂ ਆਪਾ ਬਿਦਤਾਵੈਂ?'॥੧੭॥
ਇਮ ਕਹਿ ਕਰਿ ਜਨਨੀ ਕੇ ਸੰਗ॥ਬੋਲਤਿ ਝੂਲਤਿ ਕਲਗ਼ੀ ਤੁੰਗ। ਉਠਿ
ਕਰਿ ਬਹੁਰ ਵਹਿਰ ਕੋ ਆਏ। ਬ੍ਰਿੰਦਹਿ ਬ੍ਰਿੰਦ[5] ਸੁਭਟ ਚਲਿ ਆਏ॥੧੮॥
ਜਾਇ ਸਭਾ ਕੇ ਸਦਨ ਸੁਹਾਏ। ਮਿਲੇ ਮਸੰਦ ਸਿੱਖ ਸਮੁਦਾਏ। ਗਰਜਤਿ
ਕਹਯੋ ਬੀਰ ਰਸ ਧਾਮਾ[6]। 'ਭਯੋ ਤਯਾਰ ਕੈ ਨਹੀਂ ਦਮਾਮਾ ?॥੧੯॥ ਡਾਰਿ
ਮਸਾਲੇ ਸੁਰਾ[7] ਮਝਾਰੀ। ਕਰਹੁ ਰਚਾਵਨਿ ਗਰਜੈ ਭਾਰੀ[8]। ਨਹੀਂ ਦੇਰ
ਅਬਿ ਕੀਜਹਿ ਕੈਸੇ। ਬਡੋ ਬਨਾਇ ਆਨੀਅਹਿ ਤੈਸੇ'॥੨੦॥ਤਬਿ ਕ੍ਰਿਪਾਲ
ਮਾਤੁਲ ਬਰ ਕਹਯੋ। 'ਭੂਤ ਭਵਿੱਖਯ ਆਪ ਸਭਿ ਲਹਯੋ। ਕਹਿਨਿ ਬਨੈ
ਨਹਿਂ ਰਾਵਰਿ ਸਾਥ। ਚਹਹੁ ਸੁ ਰਚਹੁ ਤੁਰਤ ਜਗਨਾਥ॥੨੧॥ਤਊ ਮਸੰਦ
ਆਦਿ ਧ੍ਰਿਤ[9]* ਹੌਰੇ।ਸ੍ਰੀ ਗੁਜਰੀ ਸੰਗ ਕਹਿਂ ਬਿਧਿ ਔਰੇ। ਤ੍ਰਸਤਿ ਚਿਤਾ-
ਰਤਿ ਪੂਰਬ ਜੰਗ।–ਭਯੋ ਹਜ਼ਾਰਨਿ ਬੀਰਨਿ ਭੰਗ॥੨੨॥ਰਾਵਰ ਕੇ ਸਮੀਪ
ਬਡ ਰਾਜਾ। ਭੀਮਚੰਦ ਗਨ ਸੈਨ ਸਮਾਜਾ। ਨਹੀਂ ਬਿਰੋਧ ਮੇਲ ਨਹਿਂ
ਕੋਈ। ਉਦਾਸੀਨ ਹੀ ਲਖੀਅਤਿ ਸੋਈ–॥੨੩॥ ਤਊ ਨੀਤ ਮਹਿਂ ਐਸੀ
ਬਾਤ।ਸਯਾਨੇ ਪੁਰਖ ਭਨੈਂ† ਅਵਿਦਾਤਿ[10]। ਨਿਕਟ ਭੂਪ ਕੇ ਭੂਪਤਿ ਜੋਈ।
ਮਿਲਯੋ ਦੇਸ਼ ਰਈਯਤ ਜੁਤਿ ਹੋਈ[11] ॥੨੪॥ ਸੋ ਆਪਸ ਮਹਿਂ ਸ਼ੱਤ੍ਰੂ ਬਨੈਂ।

---

[1]ਤੁਸੀਂ ਦੱਸਦੇ ਹੋ ਕਿ ਭੀਮ ਚੰਦ ਰਾਜਾ ਨੇੜੇ ਹੈ। [2]ਹਊਆ ਬੈਠਾ ਹੈ। [3]ਵਿਰੋਧੀ ਨਾਲ ਵਿਰੋਧੀ ਸੁਲਹ ਵਾਲੇ ਨਾਲ ਸੁਲਹ ਵਾਲੇ। [4]ਸ਼ੀਸ਼ੇ ਵਰਗਾ ਹੈ। [5]ਟੋਲਿਆਂ ਦੇ ਟੋਲੇ। [6]ਵੀਰ ਰਸ (ਦੇ) ਘਰ ਭਾਵ ਗੁਰੂ ਜੀ ਨੇ। [7]ਸ਼ਰਾਬ। [8]ਤਾਂਕਿ (ਨਗਾਰਾ) ਬਹੁਤ ਗੱਜ ਕੇ ਵੱਜੇ। [9]ਧੀਰਜ ਦੇ ਹੌਲੇ ਹਨ। [10]ਪ੍ਰਗਟ। [11]ਰਯਤ ਸਮੇਤ ਜਿਸ ਦਾ ਦੇਸ਼ ਮਿਲਿਆ ਹੋਵੇ ਭਾਵ ਹੱਦ ਸਾਂਝੀ ਹੋਵੇ)।

*ਪਾ:–ਭ੍ਰਿਤ। †ਪਾ:–ਬਨੇ।

ਕਬਹੂੰ ਲਰਨਿ ਹੋਇ ਰਿਸ ਸਨੈ। ਤਿਸ ਰਿਪੁ ਤੇ ਜੁ ਪਰੈ ਮਹਿਪਾਲਾ[1]। ਸੋਕਰੀਅਹਿ ਹੈ ਮਿੱਤ੍ਰਬਿਸਾਲਾ[2]॥੨੫॥ਤਿਸਤੇ ਪਰੈ ਤੀਸਰੋ ਜੋਇ।ਉਦਾਸੀਨ ਰਹਿ, ਭਾਖਹਿਂ ਸੋਇ[3]।ਚਢਹਿਂ ਆਪ, ਦੁੰਦਭਿ ਜਬਿ ਬਾਜੇ।ਚਹੁੰ ਦਿਸ਼ਿ ਕੇਰ ਸਮੀਪੀ ਰਾਜੇ॥੨੬॥ਖੁਨਸਹਿਂ, ਜਰਨੋ ਨ ਜਾਇ ਪ੍ਰਤਾਪੂ।ਬਿਗਰਹਿਂ,ਪਰਹਿ ਜੰਗ ਭਟ ਖਾਪੂ[4]।ਸੁਨਿ ਕ੍ਰਿਪਾਲਤੇ ਸੰਗੋ ਕਹੈ।'ਇਮ ਹਮ ਕਿਮ ਛਪਿ ਕਰਿ ਜਗ ਰਹੈਂ॥੨੭॥ਗੁਰ ਪ੍ਰਤਾਪ ਸਾਗਰ ਲਗਿ ਜਾਇ।ਅਚਲੇਸ਼ਨ ਤੇ ਰੁਕਹਿ* ਨ ਕਾਇ[5]।ਗੁਰ ਘਰ ਸ਼ੰਕਮਾਨ ਨਹਿਂ ਕਿਸਤੇ।ਚਲੇ ਆਇਂ ਸਿਖ ਜਿਸਕਿਸ ਦਿਸ਼ਿ ਤੇ' ॥ ੨੮ ॥ ਨਿਕਟ ਮਸੰਦਨ[6] ਸੁਨਤਿ ਬਖਾਨਾ। 'ਰਿਦੇ ਬਿਚਾਰ ਲੇਹੁ ਬਿਧਿ ਨਾਨਾ। ਰਿਪੁ ਕੋ ਅਪਨੋ[7] ਦਲ ਅਰੁ ਬਲ ਕੋ। ਤੋਲਨ ਕਰਿ ਲੀਜੈ ਲਖਿ ਛਲ ਕੋ[8] ॥੨੯॥ ਤੁਮ ਜਗ ਪੂਜ ਸ਼ਾਂਤਿਮਤਿ ਜਾਨਹੁਂ।ਦੇਸ਼ਨਿ ਪਤੀ ਨਰੇਸ਼[9] ਪਛਾਨਹੁ। ਪੁਨ ਤੁਰਕਨਿ ਕੋ ਜੋਰ ਬਡੇਰਾ।ਚਹੁੰ ਕੂੰਟਨਿ ਕੋ ਰਾਜ ਘਨੇਰਾ ॥ ੩੦ ॥ ਤੋਪ ਜੰਬੂਰਨਿ ਗਿਨਤੀ ਕਹਾਂ। ਲਖੀਅਤਿ ਜਗਤੰ ਪ੍ਰਤਾਪੀ ਮਹਾਂ'।ਪੁਨ ਸੰਗੋ ਕਰਿ ਤਮਕ[10] ਬਖਾਨਾ। 'ਗੁਰੂ ਪਿਤਾਮਾ ਹਮਰੋ ਨਾਨਾ॥੩੧॥ਤੁਰਕਨ ਸਾਥ ਕੀਨਿ ਘਮਸਾਨਾ।ਬਹੁਤਬਾਰਿਸਿੰਘਰ ਕੋ ਠਾਨਾ। ਜੋ ਤੁਮ ਭਨਿਹੋ ਬਡੋ ਬਡੇਰੋ। ਹਤਿ ਰਿਪੁ ਕੀਨਿ ਲਥੇਰ ਪਥੇਰੋ[11] ॥ ੩੨॥ ਤਿਨਹੂੰ ਕੇ ਪੌਤ੍ਰੇ ਇਹ ਅਹੈਂ। ਅਪਨਿ ਪ੍ਰਤਾਪ ਬਧਾਵਨਿ ਚਹੈਂ। ਸਕਲ ਕਲਾ ਸਮਰਥ ਬਲ ਭਾਰੀ।ਕਿਮ ਤੁਮ ਰੋਕਹੁ ਬਾਕ ਉਚਾਰੀ' ॥੩੩॥ ਸੁਨਿ ਸੰਗੋ ਕੇ ਬਚ ਰਸ ਬੀਰ। ਭਏ ਪ੍ਰਸੰਨ ਗੁਰੂ ਗੰਭੀਰ। 'ਭੋ ਮਾਤੁਲ! ਗਿਰ-ਪਤਿ ਨਿਤ ਪਾਸ। ਕਬਿ ਲੌ ਬੈਠਿ ਰਹੈਂ ਕਰਿ ਤ੍ਰਾਸ ॥ ੩੪ ॥ ਪੁਰਿ ਅਪਨੇ ਮਹਿਂ ਕੈ ਬਨ ਮਹੀਆ।ਕਰਹਿਂ ਤਥਾ ਜੈਸੇ ਚਿਤ ਚਹੀਆ।ਬਿਨ ਕਾਰਨ ਤੇ ਰਿਦੈ ਰਿਸੈ ਹੈਂ। ਅਪਨੋ ਬਲ ਹਮ ਪਰ ਕੁਛ ਕੈਹੈਂ ॥ ੩੫ ॥ ਤੌ ਇਤ ਕਹਾਂ ਨਾਰਿ ਤਨ ਧਾਰਾ[12]। ਕਰਹਿ ਦਿਖਾਵਨਿ ਖੜਗਨਿ ਧਾਰਾ।ਆਗਜਾ ਹਮਹਿਂ ਅਕਾਲ ਪੁਰਖ ਕੀ। ਕਰਹਿਂ ਬਾਰਤਾ ਕਰਤੇ ਰੁਖ ਕੀ[13] ॥ ੩੬ ॥ ਬਿਦਤਿ

[1]ਤੀਜੇ ਥਾਂ ਵਾਲਾ ਰਾਜਾ (ਜਿਸ ਦੀ ਹੱਦ ਨਾ ਲਗਦੀ ਹੋਵੇ)। [2]ਸੋ ਕਰਨਾ ਚਾਹੀਦਾ ਹੈ ਮਿੱਤ੍ਰ। [3]ਇਹ (ਸਿਆਣੇ) ਕਹਿੰਦੇ ਹਨ। [4]ਸੂਰਮੇ ਮਰਨਗੇ। [5]ਪਹਾੜੀ ਰਾਜਿਆਂ ਤੋਂ ਕਿਸੀ ਤਰ੍ਹਾਂ ਰੁਕ ਨਹੀਂ ਸਕੇਗਾ (ਗੁਰ ਪ੍ਰਤਾਪ)। [6]ਕੋਲ ਦੇ ਮਸੰਦਾਂ ਨੇ। [7]ਵੈਰੀ ਦੇ (ਤੇ) ਆਪਣੇ। [8]ਆਪਣੇ ਤੇ ਵੈਰੀ ਦੀ ਫੌਜ ਤੇ ਤਾਕਤ ਨੂੰ ਤੋਲ ਲਓ (ਨਾਲੇ) (ਉਸਦੇ) ਛਲ ਦਾ ਅਨੁਮਾਨ ਲਾ ਲਓ। [9]ਦੇਸ਼ਾਂ ਦੇ ਮਾਲਕ ਰਾਜੇ ਹਨ। [10]ਗੁੱਸਾ। [11]ਲਿਤਾੜ ਕੇ ਮਿੱਟੀ ਵਿਚ ਮੇਲ ਦਿੱਤੇ, ਭਾਵ ਤਬਾਹ ਕਰ ਦਿੱਤੇ। [12]ਤਾਂ ਏਥੇ ਕਿਹੜਾ (ਅਸਾਂ) ਤੀਵੀਆਂ ਦਾ ਤਨ ਧਾਰਿਆ ਹੋਇਆ ਹੈ। [13]ਅਕਾਲ ਪੁਰਖ ਦੇ ਰੁਖ ਦੀ।

*ਪਾ:-ਰੁਚਹਿ।

ਹੋਨਿ ਕੋ ਹੇਤੁ ਪਠਾਏ । ਕਯੋਂ ਨ ਕਰਹਿਂ ਹਮ ਪ੍ਰਭੂ ਰਜ਼ਾਏ। ਬਿਨ ਦੁੰਦਭਿ ਤੇ ਚਮੂੰ ਹਮਾਰੀ । ਕਿਮ ਸ਼ੋਭਾ ਪ੍ਰਾਪਤਿ ਬਲ ਭਾਰੀ ॥ ੩੭ ॥ ਜੇ ਅਬਿ ਛਪੈਂ ਤ੍ਰਾਸ ਕੋ ਧਰੈਂ । ਅਪਰ ਕਾਜ ਕੈਸੇ ਹਮ ਕਰੈਂ । ਬਿਨਾ ਬਿਲੰਬ ਤਯਾਰ ਕਰਿਵਾਵਹੁ । ਸਿਮਰਿ ਗੁਰੂ ਨਾਨਕ ਬਜਵਾਵਹੁ ॥੩੮॥ ਪਰਲੇ ਅਹੈਂ ਦੂਰ ਜੇ ਸੈਲ[1] । ਚਲਹਿਂ ਤਹਾਂ ਤਿਕ ਕਰਤੇ ਸੈਲ[2] । ਹੇਰਹਿਂ ਬਿਚਰਤਿ ਕਾਨਨ ਨਾਨਾ।ਖੇਲਤਿ ਕਰਹਿਂ ਅਖੇਰ ਮਹਾਨਾ॥੩੯॥ਭੀਮਚੰਦ ਭੂਪਤਿ ਅਹੰਕਾਰੀ। ਸਭਿ ਗਿਰਪਤਿ ਜਿਸ ਕੇ ਅਨੁਸਾਰੀ। ਪ੍ਰਥਮ ਦਯੋਸ ਹੀ ਤਾਂਹਿ ਸੁਨਾਵੈਂ । ਦੁਹਰੀ ਦੁੰਦਭਿ ਚੋਬ ਬਜਾਵੈਂ ॥ ੪੦ ॥ ਸੁਨਿ ਕਿਮ ਕਹੈ ਸੁ ਜਾਨਯੋ ਜਾਇ[3]। ਤਬਿ ਸਭਿ ਕੇ ਸੰਸੈ ਮਿਟਵਾਇ'। ਨੰਦ ਚੰਦ ਕੋ ਹੁਕਮ ਬਖਾਨਾ।'ਕੀਜਹਿ ਤਯਾਰ ਨਿਸ਼ਾਨ ਮਹਾਨਾ' ॥ ੪੧ ॥ ਸੋ ਚਲਿ ਗਯੋ ਤਯਾਰ ਕਰਿਵਾਯੋ। ਸੁਰਾ ਮਸਾਲੇ ਸਭਿ ਮਸਲਾਯੋ । ਭਯੋ ਤਯਾਰ ਜਿਸ ਕੀ ਧੁਨਿ ਭਾਰੀ।ਆਇ ਹਜ਼ੂਰ ਸੁ ਅਰਜ਼ ਉਚਾਰੀ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪ੍ਰਿਥਮ ਰੁਤੇ 'ਦੁੰਦਭਿ ਤਯਾਰ ਕਰਾਵਨਿ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥ ੨੫ ॥

੨੬. [ਰਣਜੀਤ ਨਗਾਰਾ ਵੱਜਣਾ] ।

ਦੋਹਰਾ ॥ ਨੰਦ ਚੰਦ ਕਰ ਬੰਦਿ ਕੈ ਕਹਯੋ ਸਮੀਪ ਮੁਕੰਦ । ਦੁੰਦਭਿ ਭਯੋ ਬਿਲੰਦ ਅਬਿ ਕੋ ਦੂਜਾ ਨ ਮਨਿੰਦ ॥ ੧ ॥ ਚੌਪਈ ॥ ਸੁਨਿ ਸਤਿਗੁਰ ਨਿਸ ਮਹਿਂ ਤਬਿ ਸੋਏ।ਉਠੇ ਬਹੁਰ ਪ੍ਰਾਤੀ[4]ਕਹੁ ਜੋਏ। ਅਧਿਕ ਤਿਹਾਵਲ ਕਰਿ ਮੰਗਵਾਯੋ।ਹਯ ਪਰ ਦੁੰਦਭਿ ਦੀਹ ਕਸਾਯੋ ॥ ੨ ॥ ਸ੍ਰੀ ਨਾਨਕ ਤੇ ਆਦਿਕ ਨਾਮੂ।ਲੇ ਅਰਦਾਸ* ਕਰੀ ਅਭਿਰਾਮੂ। ਪੁਨ ਧੌਂਸਾ ਧੁੰਕਾਰਨਿ ਕੀਨਾ।ਦੂਰ ਦੂਰ ਲਗਿ ਧੁਨਿ ਸੁਨਿ ਲੀਨਾ ॥੩॥ ਸਭਿ ਕੇ ਮਨੈ ਬਧਯੋ ਉਤਸਾਹੂ। ਪੁਰਿ ਨਰ ਅਨਿਕ ਆਇਗੇ ਪਾਹੂ। ਪੰਚਾਂਮ੍ਰਿਤ ਸਭਿ ਮਹਿਂ ਬਰਤਾਯੋ। ਗੁਰਨਿ ਸਰਾਹਿ ਸ੍ਵਾਦ ਸਭਿ ਪਾਯੋ ॥੪॥ ਸਭਿ ਸੁਭਟਨਿ ਤਯਾਰੀ ਨਿਜ ਕਰੇ। ਤਤ-ਛਿਨ ਜ਼ੀਨ ਤੁਰੰਗਨ ਪਰੇ। ਸ਼ਸਤ੍ਰ ਬਸਤ੍ਰ ਸੁਭ ਅੰਗ ਲਗਾਇ। ਉਤਸਾ-ਹਤਿ ਸਤਿਗੁਰ ਢਿਗ ਆਇ॥ ੫ ॥ ਇਤਨੇ ਮਹਿਂ ਮਸੰਦ ਮਿਲ ਦੋਇ।ਸ੍ਰੀ ਗੁਜਰੀ ਕਹਿ ਭੇਜੇ ਸੋਇ। ਹਾਥ ਜੋਰਿ ਤਿਨ ਅਰਜ਼ ਗੁਜ਼ਾਰੀ। 'ਤੁਮ ਪ੍ਰਤਿ ਮਾਤਾ ਏਵ ਉਚਾਰੀ ॥ ੬ ॥—ਕਯੋਂ ਇਮ ਕਰਹੁ ਜਿ ਵਧਹਿ ਬਖੇਰਾ। ਨ੍ਰਿਪ

[1]ਪਹਾੜ। [2]ਉਥੋਂ ਤੀਕ ਚੱਲਾਂਗੇ ਸੈਰ ਕਰਦੇ। [3]ਸੁਣ ਕੇ ਕਿਵੇਂ ਕਹਿੰਦਾ ਹੈ (ਉਹ ਭੀਮਚੰਦ) ਸੋ ਪਤਾ ਲਗ ਜਾਏਗਾ। [4]ਸਵੇਰ।

*ਪਾ:—ਕਰਿ ਦਾਸ।

ਕਹਿਲੂਰੀ ਬਲੀ ਬਡੇਰਾ। ਤਾਂਹਿ ਦੇਸ਼ ਦੁੰਦਭਿ ਬਜਵਾਵਹੁ । ਨਾਹਕ ਬੈਠੇ ਸਦਨ ਖਿਝਾਵਹੁ ॥੭॥ ਜੇ ਸ਼ਿਕਾਰ ਕੋ ਸ਼ੌਕ ਮਹਾਨਾ* । ਗਮਨਹੁੰ ਬਿਪਨ ਬਿਹੀਨ ਨਿਸ਼ਾਨਾ[1]* । ਮਨ ਭਾਵਨਿ ਬਿਚਰਹੁ ਹਰਖਾਵਹੁ* । ਨਿਸਾ ਪਰੇ ਆਨੰਦਪੁਰ ਆਵਹੁ*–' ॥੮॥ ਅਪਰ ਮਸੰਦ ਨਿਕਟਿ ਜੇ ਹੁਤੇ। ਸੁਨਿ ਕੈ ਸਕਲ ਮਾਤ ਕੇ ਮਤੇ[2] । ਕਹਿ ਕਹਿ ਪੁਸ਼ਟ ਬਨਾਇ ਸੁਨਾਵਹਿਂ। 'ਸੋ ਰਾਜੇ ਗਿਰਰਾਜ ਕਮਾਵੈਂ[3] ॥੯॥ ਮੇਲ ਤਿਨੋ ਸੰਗ ਆਛੋ ਅਹੈ।ਕਰਹੁ ਨ ਸੋ ਜਿਸ ਤੇ ਰਿਸ ਲਹੈਂ।ਕਿਮ ਸਮਤਾ ਤਿਨ ਕੀ ਹੁਇ ਆਵੈ ਲਰਨ ਮਰਨ ਇਕਠੇ ਹੁਇ ਜਾਵੈਂ ॥ ੧੦ ॥ ਬਾਰਿ ਬਾਰਿ ਮਾਤਾ ਬਰਜੰਤਿ। ਆਗੈ ਤੁਮ ਜਾਨਹੁਂ ਭਗਵੰਤ!'।ਸੁਨਿ ਕਲਗ਼ੀਧਰ ਕਹਯੋ ਤਿਨਹੁ ਕੋ । ਜਨਨੀ ਸੰਮਤ[4] ਬੈਨ-ਜਿਨਹੁ ਕੋ ॥੧੧॥ 'ਰਾਜ ਸਾਜ ਕੇ ਕਾਰਜ ਜੇਈ।ਕਰਿਬੇ ਜੰਗ ਆਦਿ ਹੈਂ ਤੇਈ।ਤਿਨਕੋ ਜਾਨਿ ਸਕਹਿ ਨਹਿ ਮਾਈ।ਕਹਾ ਗਿਰਪਤਿ ਜਿਨ ਤੇ ਡਰਪਾਈ॥੧੨॥ਹਮ ਕੋ ਆਗਯਾ ਪੁਰਖ ਅਕਾਲ।ਬਿਗਰਹਿਂ ਰਿਪੁ ਰਣ ਕਰਹਿਂ ਬਿਸਾਲ।ਪੂਰਬ ਧਰਹਿਂ ਨ ਕਿਸ ਸੋਂ ਬੈਰ। ਹੰਕਾਰੀ ਕੋ ਕਬਹੁੰ ਨ ਖੈਰ[5]' ॥੧੩॥ਇਮ ਭਨਿਤੇ ਘੋਰਾ ਤਬਿ ਆਯੋ।ਬਲੀ ਚਪਲ ਨਟ ਜਿਮ ਦਰਸਾਯੋ। ਖੜਗ ਨਿਖੰਗ ਬੰਧਿ ਕਟ ਸੰਗ। ਕਰ ਧਰਿ ਧਨੁ ਗੇ ਨਿਕਟਿ ਤੁਰੰਗ ॥੧੪॥ ਪਗ ਰਕਾਬ ਦੇ,ਭੇ ਅਸਵਾਰ। ਗਹਿ ਕਰਿ ਬਾਗ ਗਮਨ ਇਛ ਧਾਰਿ। ਲਖਿ ਪ੍ਰਭੁ ਰੁਖ਼ ਤਬਿ ਦੁੰਦਭਿ ਬਾਜਾ । ਦੁਹਰੀ ਚੋਬ ਮਨਹੁੰ ਘਨ ਗਾਜਾ॥੧੫ ॥ ਚਲੇ ਅਨੰਦਪੁਰਿ ਤੇ ਤਬਿ ਬਾਹਿਰ। ਕਰਹਿਂ ਬਿਲੋਕਨਿ ਨਰ ਗਨ ਜ਼ਾਹਿਰ। ਗਮਨੇ ਉੱਤਰ ਦਿਸ਼ਿ ਮੁਖ ਕਰਿਕੈ। ਸੁੰਦਰ ਸ਼ਗਨ ਦੇਖਿ ਮੁਦ ਭਰਿਕੈ ॥੧੬॥ ਚਢੀ ਬ੍ਰਿੰਦ ਸੈਨਾ ਚਲਿ ਪਾਛੇ। ਭਾ ਉਤਸਾਹ ਸੁਭਟ ਮਨ ਆਛੇ। ਚਪਲ ਚਲਾਕੀ ਚਲਤਿ ਤੁਰੰਗ। ਗਮਨਹਿਂ ਅੰਗ ਭਰੇ ਬਲ ਸੰਗ ॥੧੭॥ਸਨੇ ਸਨੇ ਕਾਨਨ ਮਹਿਂ ਗਏ। ਜਾਤਿ ਅਨਿਕ ਮ੍ਰਿਗ ਦੇਖਤਿ ਭਏ। ਤੀਰਨ ਸਾਥ ਕਿਤਿਕ ਤਹਿਂ ਮਾਰੇ। ਗੁਰ ਕਰ 'ਤੇ ਮਰਿ ਸੁਰਗ

---

[1]ਨਗਾਰੇ ਤੋਂ ਬਿਨਾਂ। [2]ਸਲਾਹਵਾਂ। [3]ਓਹ ਰਾਜੇ ਤਾਂ ਪਹਾੜਾਂ ਦਾ ਰਾਜ ਕਰਦੇ ਹਨ। [4]ਮਾਤਾ ਦੇ ਅਨੁਸਾਰੀ। [5]ਸੁਖ।

*ਛਾਪੇ ਦੇ ਨੁਸਖ਼ੇ ਵਿਚ ਇਨ੍ਹਾਂ ਚਾਰ ਤੁਕਾਂ ਦੀ ਥਾਵੇਂ ਏਥੇ ਚਾਰ ਤੁਕਾਂ ਹੋਰਵੇਂ ਹਨ ਜੋ ਕੁਥਾਂ ਪਈਆਂ ਹਨ। ਏਹ ਤੁਕਾਂ ਲਿਖਤੀ ਨੁਸਖਿਆਂ ਵਿਚ ਨਹੀਂ ਮਿਲੀਆਂ। ਤੁਕਾਂ ਏਹ ਹਨ:–'ਸੁਨਿ ਗੁਰ ਹਸ ਅਖੇਰ ਕੋ ਚਢੇ। ਸੰਗੋ ਸੰਗ ਅਨਦ ਮਨ ਬਢੇ। ਐਸੇ ਦਿਨਪ੍ਰਤਿ ਵਹਿਰ ਮਿਧਾਵੈਂ। ਨਿਸਾ ਪਰੇ ਆਨੰਦ ਪੁਰਿ ਆਵੈਂ'। ਜਾਪਦਾ ਹੈ ਕਿਸੇ ਨੇ ਅਰਥ ਪ੍ਰਸੰਗਲੀ ਨਾਂ ਸਮਝ ਕੇ ਪਾਈਆਂ ਹਨ।

ਸਿਧਾਰੇ ॥੧੮॥ ਕਿਤਿਕ ਤੁਰੰਗਨਿ ਸੰਗ ਸੰਘਾਰੇ। ਖੋਜਹਿਂ ਸੁਭਟ ਧਵਾਇਂ ਅਗਾਰੇ। ਅਨਿਕ ਝੰਖਾਰ* ਸਸੇ ਤਹਿਂ ਗੇਰੇ। ਬਾਵਰ ਸਹਿਤ[1] ਬਾਂਧ ਕਰਿ ਘੇਰੇ॥੧੯॥ਇਮ ਬਿਲਾਸ ਬਨ ਮਹਿਂ ਬਡ ਕਰਿਤੇ। ਜਾਤਿ ਬ੍ਰਿਛਨ ਕੇ ਪੁੰਜ ਨਿਹਰਿਤੇ। ਸਨੇ ਸਨੇ ਪਹੁੰਚੇ ਤਹਿਂ ਜਾਈ। ਕਿਤਿਕ ਦੂਰ ਰਹਿਗੋ ਗਿਰ-ਰਾਈ॥੨੦॥ਦੁੰਦਭਿ ਨਾਮ ਗੁਰੂ ਤਬਿ ਰਾਖ੍ਯ॥ਸਭਿ ਕੇ ਸੁਨਤਯੋਂ ਊਚੇ ਭਾਖ੍ਯ॥ 'ਗੁਰ ਘਰ ਕੋ ਰਣਜੀਤ ਨਗਾਰਾ। ਦੁਹਰੀ ਚੋਬ ਦੇਹੁ ਬਲਧਾਰਾ ॥ ੨੧॥ ਸੁਨਹਿਂ ਦੂਰ ਲਗਿ ਜ਼ਾਹਿਰ ਹੋਵੈ।ਦੇਸ਼ ਨਿਕਟਿਕੋ ਲਖਿਲਖਿ ਜੋਵੈ[2]'।ਸੁਨਿ ਨਗਾਰਚੀ ਗੁਰ ਬਚ ਜਬੈ। ਬਲ ਤੇ ਕਰਯੋ ਬਜਾਵਨਿ ਤਬੈ॥੨੨॥ ਦੁਹਰੀ ਚੋਬ ਪਰੀ ਧੁਨਿ ਐਸੇ। ਸਾਗਰ ਸ਼ਬਦ ਦੂਰ ਹ੍ਵੈ ਜੈਸੇ। ਸਪਤ ਸੈਲ ਧਾਰਾ ਥਰਹਰੀ[3]। ਔਚਕ ਸਭਿ ਕੇ ਸ਼੍ਰੁਤ ਧੁਨਿ ਪਰੀ ॥ ੨੩ ॥ ਚਹੁੰ ਦਿਸ਼ਿ ਗਰਜੇ ਤਬਹਿ ਪਹਾਰਾ। ਨਾਦਤਿ[4] ਬ੍ਰਿੰਦ ਕੰਦਰਾ ਭਾਰਾ[5]। ਬਨ ਮਹਿਂ ਸ਼ਬਦ ਪਸਰ ਬਡ ਗਯੋ। ਸੁਨਤਿ ਅਚੰਭਾ ਸਭਿ ਕੇ ਭਯੋ॥੨੪॥ਸਤਿਗੁਰ ਸ਼ਕਤਿ ਭਈ ਤਬਿ ਐਸੇ। ਧੁਨਿ ਦੁੰਦਭਿ ਤੇ ਅਚਰਜ ਜੈਸੇ। ਭੀਮਚੰਦ ਨ੍ਰਿਪ ਸਭਾ ਲਗਾਈ।ਤਿਸ ਕੇ ਕਾਨ ਪਰੀ ਧੁਨਿ ਜਾਈ।।੨੫॥ ਦਲਕਯੋ[6] ਰਿਦਾ ਬਾਤ ਸਭਿ ਛੋਰੀ।ਲਗਯੋ ਸੁਨਨਿ ਸ਼੍ਰੁਤ ਕਰਿ ਤਿਸ ਓਰੀ। ਦੁਹਰੀ ਚੋਬ ਪਰੀ ਜਬ ਗਾਵੇ। ਸੁਨਿ ਸੁਨਿ ਸਭਿ ਮਨ ਸ਼ੰਕਾ ਬਾਵੇ॥ ੨੬ ॥ ਮਹਿਪਾਲਿਕ ਢਿਗ ਸਚਿਵ ਨਿਹਾਰਾ। ਹਿਤ ਬੂਝਨਿ ਕੇ ਤਬਹਿ ਉਚਾਰਾ। 'ਧੁਨਿ ਗੰਭੀਰ ਦਮਾਮੈਂ ਉਠੈ।ਕਿਸ ਕੋ ਇਹ ਬਾਜਤਿ ਅਬਕਠੈ[7]॥੨੭॥ਕਿਸੀ ਗਿਰੇਸ਼ੁਰ ਕੋ ਅਸ ਨਾਂਹੀ। ਨਾਦਤਿ ਨਵੇਂ ਲਖੋ ਮਨ ਮਾਂਹੀ।ਇਮ ਧੁਨਿ ਸੁਨੀ ਨ ਆਨ ਨਗਾਰੇ। ਬਜਤਿ ਦੂਰ ਜਨੁ ਨਿਕਟ ਬਿਚਾਰੇ[8]॥੨੮॥ਸੁਨਿ ਅਮਾਤ[9] ਤਬਿ ਸਰਬ ਬ੍ਰਿਤਾਂਤ। ਭਨਤਿ ਭਯੋ ਸਭਿ ਮਹਿਂ ਬੱਖਯਾਤ। 'ਮਹਾਂਰਾਜ! ਮੈਂ ਸੁਨੀ ਸੁ ਗਾਥਾ। ਕਰੌਂ ਉਚਾਰਨਿ ਰਾਵਰਿ ਸਾਥਾ॥੨੯॥ਸ਼੍ਰੀ ਨਾਨਕ ਜਗ

---

[1]ਜਾਲਾਂ ਯਾ ਫਾਹੀਆਂ ਨਾਲ। [2]ਨੇੜੇ ਦੇ ਦੇਸ਼ ਜਾਣ ਜਾਣਕੇ ਤੱਕਣ। [3]ਕੰਬ ਗਈਆਂ। [4]ਗੂੰਜ ਉਠੀਆਂ। [5]ਭਾਰੀ ਕੰਦਰਾਂ। [6]ਕੰਬਿਆ। [7]ਸਾਹਮਣੇ ਪਾਸਿਓਂ ਕਿਸਦਾ ਇਹ ਦਮਾਮਾ ਹੁਣ ਵੱਜ ਰਿਹਾ ਹੈ ਜਿਸ ਦੀ ਧੁਨ ਗੰਭੀਰ ਉਠ ਰਹੀ ਹੈ [ਸੰਸ:, ਅਵਕਟ=ਸਾਹਮਣਾ ਪਾਸਾ]। (ਅ) ਨਗਾਰਾ। [ਪੁਰਾਣੇ ਸਮੇਂ ਕਾਠ ਦਾ ਦੌਰ ਬਣਾ ਕੇ ਉਸ ਨੂੰ ਚਮੜਾ ਮੜ੍ਹਕੇ ਵਜਾਉਂਦੇ ਸਨ, ਕਠ ਯਾ ਕਾਖ੍ਰ ਨਾਮ ਉਸ ਦਾ ਹੁੰਦਾ ਸੀ, ਲੋਹੇ ਦੇ ਦੌਰ ਬਣਾਕੇ ਮੜ੍ਹਨੇ ਮਗਰੋਂ ਟੁਰੇ ਹਨ]। [8]ਵਜਦਾ ਦੂਰ ਹੈ ਜਾਣੋ ਨੇੜੇ ਹੀ (ਵਜਦਾ) ਵਿਚਾਰੀਦਾ ਹੈ। [9]ਮੰਤ੍ਰੀ। *ਪਾ:-ਸੰਘਾਰ।

ਭਾਵਤਿ ਫਿਰਿ ਬਿਪਨ ਮਹਿਂ,ਸ਼ੱਤ੍ਰ ਨਹਿਂ ਨੇਰੇ[10]।ਬਹੁਰ ਅਨੰਦਪੁਰਿ ਕੋਹਟੇ
ਧੌਂਸਾ ਧੁੰਕਾਰੇ। ਆਇ ਕੋਹੀਆ ਗੌਨ ਮਿਲੇ ਕਰਿ ਭੇਟਅਗਾਰੇ[11]॥੭॥ਤਿਸ

---

[1]ਜਿਵੇਂ ਪ੍ਰਾਹੁਣਿਆਂ ਨੇ ਆਉਣਾ ਹੁੰਦਾ ਹੈ। [2]ਪ੍ਰਾਹੁਨਚਾਰੀ। [3]ਜੋ ਲੋੜੀਦਾ ਹੈ ਮੰਗਾਉਂਦੇ ਹਨ।
[4]ਢਾਲਾਂ ਰੂਪੀ ਰਕੇਬੀਆਂ ਬਣਵਾਉਂਦੇ ਹਨ। [5]ਦੇਣਾ ਕਰਨਗੇ। [6]ਪਰੋਸਣਗੇ। [7]ਬੜੀ ਛੇਤੀ
ਧਾਰਕੇ (ਪ੍ਰੋਸਣਗੇ)। [8]ਤਿਖੇ ਬਾਨ ਤੇ ਨੇਜ਼ੇ। [9]ਧੂੜ ਅਕਾਸ਼ ਚੜ੍ਹ ਗਈ। [10]ਸ਼ੱਤਰੂ (ਪਹਾੜੀ)
ਨੇੜੇ ਨਾ (ਵੇਖੇ)। [11]ਪਹਾੜੀਆਂ ਦੇ ਸਮੂਹ ਅੱਗੋਂ ਭੇਟਾ ਲੈਕੇ ਆ ਮਿਲੇ।

ਕੋ ਨਹਿਂ ਨੁਕਸਾਨ ਹੁਇ ਜੋ ਸਨਮੁਖ ਜਾਹੀ[1]।ਤ੍ਰਿਖੀ ਆਦਿ ਬਹੁ ਬਿਘਨ ਤਿਹਂ ਜੋ ਆਇ ਨ ਪਾਹੀ[2]।ਲਖਿ ਸੈਧਨਾ ਪਹੁੰਚੇ ਸਦਨ ਉਤਰੇ ਸੁਖ ਪਾਇ। ਜੋਧਾ ਨਿਜ ਨਿਜ ਮਿਸਲ ਮਹਿਂ[3] ਥਿਰ ਹੁਇ ਹਰਖਾਇ ॥੮॥ ਇਮ ਕੌਤਕ ਪਿਖਿ ਗੁਰੂ ਕੋ ਜੇ ਅਧਿਕ ਮਸੰਦਾ।ਤਪਤਿ ਰਿਦੇ ਨਹਿਂ ਸਹਿ ਸਕਹਿਂ ਉਤ-ਪਾਤ ਬਿਲੰਦਾ।–ਬਸਤਿ ਹੁਤੇ ਸੁਖ ਸ਼ਾਂਤਿ ਸੋਂ ਕੋ ਜਾਨਹਿ ਨਾਂਹੀ। ਇਨਹੁਂ ਉਠਾਯਹੁ ਦ੍ਵੰਦ ਬਡ ਬਯ ਨਈ ਉਮਾਹੀ[4]–॥ ੯ ॥ ਕਬਿ ਸ਼੍ਰੀ ਗੁਜਰੀ ਨਿਕਟ ਕਹਿਂ ਕਹਿ ਕਹਿ ਸਮੁਝਾਵਹਿਂ। 'ਕਯੋਂ ਨ ਬਿਚਾਰਹੁ ਮਾਤ ਜੀ! ਬਡ ਬੈਰ ਬਧਾਵਹਿਂ। ਸਾਹਿਬਜ਼ਾਦੇ ਕੀ ਉਮਰ ਅਬਿ ਅਹੈ ਨਵੀਨੀ। ਰਣ ਬਿਨ ਕਰਹਿਂ ਨ ਬਾਰਤਾ ਗਤਿ ਅਜਹੁਂ ਨ ਚੀਨੀ ॥ ੧੦ ॥ ਦੱਖ* ਬਡੇ ਸੰਗ੍ਰਾਮ ਮਹਿਂ ਨਹਿ ਨਯਨ ਨਿਹਾਰੇ। ਆਨ ਪਰਹਿ ਗਰ, ਲਖਹਿਂ ਤਬਿ ਹੁਇ ਨਾ ਉਪਚਾਰੇ। ਭੀਮਚੰਦ ਸੈਲਿੰਦ੍ਰ ਬਡ ਜਨ ਤਿਸ ਕੇ ਆਏ। ਘਨੋ ਕੀਨਿ ਅਪਮਾਨ ਕੋ ਹਤਿ ਵਹਿਰ ਕਢਾਏ॥੧੧॥ਇਕਠੇ ਹੁਇ ਰਾਜੇ ਚਵਹਿਂ ਬਡ ਪਰੈ ਲਰਾਈ। ਕੋ ਸਨਮੁਖ ਤਬਿ ਹੋਇ ਹੈ ਜਿਨ ਦਲ ਸਮੁਦਾਈ। ਮਾਰ ਬਕਾਰਾ ਨਿਤ ਕਰਹਿਂ–ਦਿੱਲੀ ਲੂਟ ਲੈਹੈਂ। ਲਵਪੁਰਿ ਠਾਨਾ ਪਾਇ ਕਰਿ ਮੁਲਤਾਨ ਮਲੈਹੈਂ[5] ॥੧੨॥ ਦੌਰ ਪਸ਼ੌਰਹਿਂ ਰੌਰ ਕਰਿ[6] ਸਭਿ ਲੇਂ ਪੰਜਾਬਾ। ਹਤਹਿਂ ਪਹਾਰੀ ਤੁਰਕ ਗਨ ਦੇਸ਼ਨਿ ਲੇਂ ਦਾਬਾ–।ਸਗਰੋ ਜਗ ਸ਼ੱਤ੍ਰੁ ਬਨਹਿ ਸੁਨਿ ਸੁਨਿ ਇਨ ਬੈਨਾ। ਬਸਿਬੋ ਮੁਸ਼ਕਲ ਹੋਇ ਜਬਿ ਕਿਤ ਘੌਲਹਿਂ ਐਨਾ[7]?' ॥ ੧੩ ॥ ਸ਼੍ਰੀ ਗੁਜਰੀ ਉੱਤਰ ਕਹੈ 'ਮੈਂ ਬਹੁ ਕਹਿ ਹਾਰੀ। ਨਹੀਂ ਮਿਟਤਿ ਨਿਜ ਬਲ ਕਰਹਿਂ ਰਾਖਤਿ ਦਲ ਭਾਰੀ। ਰਿਦੇ ਡਰੌਂ ਰਿਸ ਤੇ ਕਛੂ ਕਿਮ ਨਹੀ ਬਖਾਨੈਂ[8]। ਮੁਖ ਤੇ ਨਿਕਸਹਿ ਤਥਾ ਹੁਇ ਸਗਰੇ ਇਮ ਜਾਨੈਂ'॥੧੪॥ਸੁਨਤਿ ਮਸੰਦਨ ਤੇ ਬਹੁਰ ਕਬਿ ਸੁਤ ਢਿਗ ਆਵੈ। ਮ੍ਰਿਦੁਲ ਦਿਲਾਸੇ ਕੇ ਸਹਿਤ ਸੁਤ ਕੋ ਸਮੁਝਾਵੈ। 'ਸੁਨਹੁ ਪੁੱਤ੍ਰ! ਬਡ ਰਣ ਕਰੇ ਤੁਮਰੇ ਜੁ ਪਿਤਾਮਾ। ਲਾਖਹੁਂ ਤੁਰਕ ਸੰਘਾਰ ਕਰਿ ਭੇਜੇ ਜਮਧਾਮਾ ॥੧੫॥

---

[1]ਜੋ ਚਲਾ ਜਾਵੇ ਸਾਹਮਣੇ ਗੁਰੂ ਜੀ ਦੇ ਭਾਵ ਜੋ ਆ ਮਿਲੇ। [2]ਜੋ ਪਾਸ ਨਹੀਂ ਆਉਂਦਾ। ਅਰਥਾਤ ਜੋ ਆਕੜਦਾ ਹੈ, ਭਾਵ ਇਹ ਹੈ ਕਿ ਘਾਹ ਪੱਠੇ ਰਸਦ ਆਦਿ ਮੁੱਲ ਲੈਕੇ ਦੇਣੋਂ ਨਾਂਹ ਕਰਦਾ ਹੈ। [3]ਆਪੋ ਆਪਣੇ ਜਥੇ ਵਿਚ। [4]ਉਮਰ ਨਵੀਂ ਦਾ ਉਤਸਾਹ ਹੈ। [5]ਮੱਲ ਲਵਾਂਗੇ। (ਅ) ਮਲ ਸੁੱਟਾਂਗੇ। [6]ਰੋੜ ਕਰ ਦੇਣਾ ਹੈ। (ਅ) ਰੌਲਾ ਕਰਨਾ ਹੈ। [7](ਫਿਰ) ਕਿੱਥੇ ਪਾਵਾਂਗੇ ਘਰ। [8]ਕੁਛ (ਹੋਰ) ਨਾ ਕਹਿ ਦੇਣ। *ਪਾ:–ਦੁਖਤਿ।

ਤਿਨ ਕੀ ਕ੍ਰਿਤ ਕਛੁ ਛਪੀ ਨਹਿਂ ਜਗ ਜਾਨਹਿਂ ਸਾਰਾ। ਤਊ ਲਖਹੁ ਇਕ ਸ਼ਾਹ ਸੋਂ ਬਡ ਜੰਗ ਅਖਾਰਾ[1]।ਅਪਰਨਿ ਸੋਂ ਮੇਲਾ ਰਹ੍ਯੋ ਗੁਰ ਕੇ ਅਨੁਸਾਰ। ਚਿਤ ਚਾਹਤਿ ਬਿਚਰਤਿ ਰਹੇ ਸਗਰੇ ਹਿਤਵਾਰੇ ॥ ੧੬ ॥ ਅਬਿ ਗਾਵਰ ਕੇ ਸਮੇ ਮਹਿਂ ਨੌਰੰਗ ਬਡ ਦੋਖੀ।ਸ਼ਾਹਜਹਾਂ ਸੁਨਿ ਜਸੁ ਹਟਤਿ[2] ਇਹ ਮਿਟਹਿ ਨ ਰੋਖੀ[3]। ਗਾਵਰ ਕੇ ਪਿਤ ਸੰਗ ਜਿਨ ਸਿਰ ਲੌਂ ਕਰਿ ਦ੍ਰੋਹਾ। ਗੁਰੂ ਪੀਰ ਦਰਵੇਸ਼ ਗਨ ਸਭਿ ਸੋਂ ਇਹ ਰੋਹਾ॥੧੭॥ਇਕ ਤੌ ਸ਼ੱਤ੍ਰ ਬਿਸਾਲ ਸੋ ਦੱਖਣ ਗਾ ਪਾਪੀ[4]।ਸਕਲਦੇਸ਼ ਅਨੁਸਾਰਿ ਜਿਸ ਸੰਤਨ ਸੰਤਾਪੀ।ਘਰ ਅਨੰਦਪੁਰਿ ਆਪਕੇ ਸੁੰਦਰ ਸਭਿ ਛੌਨੀ[5]। ਇਕ ਦਿਸ਼ਿ ਗਿਰ ਚਖ ਤੁੰਗ[6] ਜੁਤਿ ਇਤ ਸਲਿਤਾ ਨੌਨੀ[7] ॥ ੧੮ ॥ ਗਨ ਰਾਜੇ ਸੈਲਨਪਤੀ ਇਨ ਕੇ ਢਿਗ ਬਾਸਾ। ਬਹੁ ਬਨ ਕਰਨਿ ਅਖੇਰ ਕੋ ਨਿਤ ਕਰਹੁ ਬਿਲਾਸਾ। ਭੀਮਚੰਦ ਸੋਂ ਸ਼ੱਤ੍ਰਤਾ ਤੁਮਰੀ ਬਨਿਆਈ। ਸਗਰੇ ਰਾਜੇ ਸੈਲਪਤਿ ਜਿਸ ਕੇਰ ਸਹਾਈ ॥ ੧੯ ॥ ਪਰੇ ਜੰਗ ਹੁਇ ਇਕਠੇ ਸਭਿ ਹੀ ਚਢਿ ਆਵੈਂ। ਬਸਿਬੋ ਭੀ ਮੁਸ਼ਕਲ ਬਨੈ ਕਯੋਂ ਸਮਤਾ ਪਾਵੈਂ[8]। ਹਿਤਕਾਰੀ ਗੁਰ ਸਦਨ ਕੇ ਇੱਤਯਾਦਿ ਬਿਚਾਰੈਂ। ਚਿਤ ਚਿੰਤਾ ਬਸਿ ਨਿਤ ਰਹੇ ਤੁਮ ਢਿਗ ਨ ਉਚਾਰੈਂ[7] ॥੨੦॥ ਜਨਨੀ ਕੇ ਸੁਨਿ ਬੈਨ ਕੋ ਕਲਗ਼ੀਧਰ ਭਾਖਾ। 'ਅਸ ਚਿੰਤਾ ਤੁਮ ਕਯੋਂ ਕਰੀ ਉਰ ਮਹਿਂ ਡਰ ਰਾਖਾ। ਖੜਗਕੇਤੁ ਕੋ ਆਸਰੋ ਇਕ ਰਿਦੇ ਹਮਾਰੇ। ਮਹਿਦ ਭਰੋਸਾ ਪ੍ਰਭੁ ਕੋ, ਨਰ ਕੌਨ ਬਿਚਾਰੇ ॥ ੨੧ ॥ ਤੁਰਕੇਸ਼ੁਰ ਕੀ ਦ੍ਰਿੜ੍ਹ ਜਰ੍ਹਾਂ ਹਮ ਦੇਹਿਂ ਉਖਾਰੀ*। ਗੁਰ ਸਿਖ ਛੀਨਹਿਂ ਧਰਾ ਕੋ ਹ੍ਵੈ ਦਲ ਬਲ ਭਾਰੀ। ਭੀਮਚੰਦ ਮਾਨੀ ਮਹਿਦ ਨਿਜ ਤੇਜ ਜਨਾਵੈ। ਲਿਧੋ ਚਹਤਿ ਛਲ ਕਰਿ ਦੁਰਦ ਹਮ ਕੋ ਡਰਪਾਵੈ ॥ ੨੨ ॥ ਕਰੌਂ ਜੰਗ ਤਿਸ ਸੰਗ ਅਸ ਪਿਖਿ ਜਾਇ ਪਲਾਈ। ਨਤੁ ਰਾਖੌਂ ਰਣ ਖੇਤ ਮਹਿਂ ਜਮ ਧਾਮ ਪਠਾਈ। ਹਮ ਛੱਤ੍ਰੀ ਡਰ ਨਹਿਂ ਕਰਹਿਂ, ਜੋ ਗਰਬ ਜਨਾਵੈਂ[9]। ਸਨਮੁਖ ਲੋਹਾ ਅਸ ਕਰਹਿਂ[10] ਫਿਰ ਮੁਖ ਨ ਦਿਖਾਵੈ॥੨੩॥ਥੋਰੇ ਅਰੁ ਬਹੁਤੇਨਿ ਕੋ ਇਕ ਪੁਰਖ ਅਕਾਲੀ।

---

[1](ਕੇਵਲ) ਇਕ ਸ਼ਾਹ ਜਹਾਨ ਨਾਲ ਹੀ ਜੰਗ ਅਖਾੜਾ ਸੀ। [2](ਗੁਰੂ ਜੀ ਦਾ) ਜਸ ਸੁਣਕੇ ਟਲ ਜਾਂਦਾ ਸੀ। [3](ਤੇ) ਇਹ (ਨੁਰੰਗਾ ਕ੍ਰੋਧੀ ਨਹੀਂ ਟਲੇਗਾ। [4]ਇਕ ਤਾਂ ਉਹ (ਨੁਰੰਗਾ) ਭਾਰਾ ਵੈਰੀ ਹੈ ਜੋ ਪਾਪੀ (ਹੁਣ) ਦੱਖਣ ਗਿਆ ਹੋਇਆ ਹੈ। [5]ਪ੍ਰਿਥਵੀ। [6]ਨੈਣਾ ਦਾ ਟਿੱਲਾ ਭਾਵ ਨੈਣਾ ਦੇਵੀ ਵਾਲੀ ਪਹਾੜੀ। [7]ਸੁੰਦਰ। [8]ਬਰਾਬਰੀ ਕਿਵੇਂ ਹੋਵੇਗੀ। [9]ਜੋ ਹੰਕਾਰ ਜਣਾਉਂਦਾ ਹੈ। [10]ਭਾਵ ਸ਼ਸਤ੍ਰ ਐਸੇ ਚਲਾਵਾਂਗੇ। *ਇਸ ਤੋਂ ਸਪਸ਼ਟ ਹੈ ਕਿ ਰਾਜਿਆਂ ਦੀ ਛੇੜਛਾੜ ਨੂੰ ਆਪ ਤੁਰਕਾਂ ਵੱਲੋਂ ਸਮਝ ਰਹੇ ਹਨ।

ਜਿਸ ਕੀ ਆਇਸੁ ਪਾਇ ਹਮ ਧਰਿ[1] ਜਨਮ ਦਿਖਾਲੀ। ਦੈਹੌਂ ਦੁਸ਼ਟਨਿ ਦੰਡ ਕੋ ਜੋ ਅਹੈਂ ਕੁਚਾਲੀ। ਸਿਖ ਅਪਨੇ ਰਾਜਾ ਕਰੌਂ ਛਿਤ ਛੀਨਿ ਬਿਸਾਲੀ'॥ ੨੪॥ ਇੱਤ੍ਯਾਦਿਕ ਹੁਇ ਬਾਰਤਾ ਬਰਨੈਂ ਬਹੁ ਬਾਰੀ। ਕਾਤੁਰ ਜੰਗ ਮਿਟਾਵਤੇ ਉਰ ਮਹਿਂ ਡਰ ਧਾਰੀ। ਚਾਹਤਿ ਜੋਧਾ ਜੁੱਧ ਕੋ[2]–ਹਮ ਹਤਹਿਂ ਪਹਾਰੀ–। ਮੂਰਖ ਮਹਿੰਮਾ ਗੁਰੂ ਕੀ ਨਹਿਂ ਸਕਹਿਂ ਬਿਚਾਰੀ॥੨੫॥ ਬਹੁ ਦੇਸ਼ਨ ਤੇ ਸੰਗਤਾਂ ਆਵਹਿਂ ਨਰ ਨਾਰੀ। ਤਿਨ ਮਹਿਂ ਜੇ ਬਰ ਬੀਰ ਹ੍ਵੈਂ ਰਣ ਬਿਧਿ ਅਨੁਸਾਰੀ[3]। ਰਹੈਂ ਨਿਕਟ ਸਤਿਗੁਰੂ ਕੇ ਨਹਿਂ ਸਦਨ ਪਯਾਨੈਂ[4]।–ਪਰਜੋ ਕਾਜ ਅਬਿ ਲਰਨਿ ਕੋ ਹਮ ਸ਼ੱਤ੍ਰੁਨਿ ਹਾਨੈਂ–॥੨੬॥ ਇਮ ਉਤਸਾਹੀ ਸਿੱਖ ਜੇ ਬਾਸੈਂ ਗੁਰ ਪਾਸੇ। ਨੰਦ ਚੰਦ ਸੁਧਿ ਸਭਿਨਿ ਕੀ ਦੇ ਬਾਸੁ ਰੁ ਗ੍ਰਾਸੇ[5]। ਉਤ ਨਿਜ ਪੁਰਿ ਅਰੁ ਦੇਸ਼ ਮਹਿਂ ਡਰ ਧਰਿ ਗਿਰਰਾਈ। ਪਠਹਿ ਸੁਭਟ ਸਭਿ ਦਿਸ਼ਨਿ ਮਹਿਂ ਰਾਖਹਿਂ ਤਕਰਾਈ॥੨੭॥ ਸੰਝ ਸਕਾਰੇ ਸੁਧਿ ਸਕਲ ਸੁਨਿ ਕੈ ਗੁਰ ਕੇਰੀ। ਰਹੈ ਬਿਚਾਰਤਿ ਅਨਿਕ ਬਿਧਿ–ਰਣ ਹੁਇ ਕਿਸ ਬੇਰੀ–। ਬਰੋਂਤ ਬਨਾਹ ਕੇ ਬਿਬਿਧਿ ਬਿਧਿ ਬਹੁ ਕਰਿ ਬਨਿਵਾਵੈ। ਆਇ ਮੇਲ ਤਿਨ ਸ਼ਸਤ੍ਰ ਜੁਤਿ ਕਹਿ ਕਹਿ ਬੁਲਵਾਵੈ॥੨੮॥ ਚਮੂੰ ਬਟੋਰਨ ਬਹੁ ਕਰੀ ਜਿਤ ਕਿਤ ਤੇ ਆਈ। ਸੁਨਿ ਗੁਰ ਸਰ ਕੀ ਸ਼ਾਹਦੀ[6] ਕਬਿ ਕਬਿ ਡਰ ਪਾਈ।[7]– ਤੀਖਨ ਭੀਮ ਤਤਾਰਚੇ[8] ਕੋਸਨਿ ਲਗਿ ਮਾਰੈਂ। ਗਰਕ ਹੋਇਂ ਪਰ ਲਗਿ ਸਰਬ[9], ਬਹੁ ਸ਼ੀਘ੍ਰ ਪ੍ਰਹਾਰੈਂ–॥੨੯॥ ਕਬਹਿ ਕੋਪ ਕੋ ਕਰਤਿ ਉਰ–ਰਹਿਂ ਦੇਸ਼ ਹਮਾਰੇ[10]। ਜਾਚੀ ਵਸਤੁ ਭਿ ਨਾ ਦਈ ਜਨ[11] ਵਹਿਰ ਨਿਕਾਰੇ–। ਇਤ ਕਲਗ਼ੀਧਰ ਕਹਤਿ ਹੈਂ 'ਰਣ ਰੰਗ ਨਿਹਾਰੈਂ'। ਸੰਗੋ ਆਦਿਕ ਪੰਚ ਬੀਰ ਸਿਖ* ਅਪਰ ਉਦਾਰੈ॥੩੦॥ ਦੇ ਉਤਸਾਹ ਬਧਾਵਤੇ ਸੁਨਿ ਸਕਲ ਅਨੰਦੇ। 'ਮਹਾਰਾਜ! ਅਬਿ ਦੇਖੀਐ ਜਬਿ ਜੰਗ ਬਿਲੰਦੇ। ਕਾਤੁਰ ਕ੍ਰੂਰੇ ਕੋਹੀਆ[12] ਕਪਟੀ ਰੁ ਕੁਚਾਲੀ। ਕਹਾਂ ਬਾਪੁਰੋ ਮਾਰਿਬੋ[13] ਲੁਟਲੇਹਿਂ ਉਤਾਲੀ'॥੩੧॥ ਇਮ ਦੋਨਹੁਂ ਦਿਸ਼ਿ ਸ਼ੱਤ੍ਰੁਤਾ ਦ੍ਰਿੜ੍ਹ ਹੋਤਿ ਹਮੇਸ਼ੂ। ਮਿਟਨਿ ਹੇਤੁ ਇਕ ਬਨਾਹੁ ਭਾ

---

[1]ਧਰਤੀ ਤੇ। [2]ਜੋਧੇ ਜੁੱਧ ਨੂੰ ਚਾਹੁੰਦੇ (ਜੀ ਵਿਚ ਇਹ ਆਖਦੇ ਹਨ) ਕਿ......। [3]ਰਣ ਦੀ ਬਿਧੀ ਦੇ ਅਨੁਸਾਰ (ਕੱਦ ਆਦਿ ਵਿਚ ਪੂਰੇ)। [4](ਇਹ ਸੋਚਕੇ ਕਿਃ–,। [5]ਟਿਕਾਣਾਂ ਤੇ ਭੋਜਨ। [6]ਗੁਰੂ ਜੀ ਦੇ ਬਾਣਾਂ ਦੀ ਮਸ਼ਹੂਰੀ। [7]ਇਹ ਵਡਜਾਈ ਸੁਣਦੇ ਹਨ ਕਿ। [8]ਬਾਣ। [9]ਸਾਰੇ (ਤੀਰ) ਪਰਾਂ ਤਕ ਗ਼ਰਕ ਹੋ ਜਾਂਦੇ ਹਨ (ਨਿਸ਼ਾਨੇ ਵਿਚ)। [10]ਕਦੇ (ਭੀਮਚੰਦ) ਕ੍ਰੋਧ ਧਾਰ ਲੈਂਦਾ ਹੈ (ਤੇ ਕਹਿੰਦਾ ਹੈ ਕਿ–) ਸਾਡੇ ਦੇਸ਼ ਵਿਚ ਰਹਿੰਦੇ ਹਨ। [11](ਮੇਰੇ) ਆਦਮੀ। [12]ਪਹਾੜੀਆ। [13]ਵਿਚਾਰਾ (ਸਾਨੂੰ) ਕੀ ਮਾਰੇਗਾ (ਅਸੀਂ)........। *ਪਾਃ–ਪੰਚ ਸਿੱਖ ਅਰੁ।

ਨਤੁ ਲਰਤਿ ਵਿਸ਼ੇਸ਼ੂ। ਇਤ ਉਤ ਕਰਿ ਤਯਾਰੀ ਰਹੇ ਸਭਿ ਜੰਗ ਸਮਾਜਾ। ਸੁਭਟ ਸ਼ਸਤ੍ਰ ਉਤਸਾਹ ਮਹਿਂ ਬਹੁ ਬਾਜਹਿਂ ਬਾਜਾ[1] ॥ ੩੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰੁਤੇ 'ਮਾਤਾ ਬਾਕ' ਪ੍ਰਸੰਗ ਬਰਨਨੰ ਨਾਮ ਦ੍ਵੌਇ ਚਤਵਾਰਿੰਸਤੀ ਅੰਸੂ ॥ ੪੨ ॥

੪੩. [ਨਾਹਣ ਦੇ ਰਾਜੇ ਦਾ ਵਜ਼ੀਰ ਆਇਆ]।

ਦੋਹਰਾ ॥ ਸਗਰੋ ਸੈਲਪਤੀਨ ਮਹਿਂ ਬਿਦਤਯੋ ਸਕਲ ਬ੍ਰਿਤੰਤ। 'ਭੀਮਚੰਦ ਅਰੁ ਗੁਰੂ ਕੋ ਬਧਯੋ ਬਿਰੋਧ ਅਤਿਅੰਤ ॥੧॥ ਹਾਕਲ ਛੰਦ ॥ ਇਕ ਨਾਹਨ ਨਗਰ ਬਿਰਾਜਾ*। ਗਿਰ ਊਪਰ ਸੁੰਦਰ ਸਾਜਾ। ਦੁਤਿ ਅਦਭੁਤ ਜਿਸਕੀ ਸੋਹੈ। ਥਲ ਤੁੰਗ ਮਹਿਤ ਪਰ ਜੋ ਹੈ[2] ॥ ੨ ॥ ਤਹਿਂ ਰਾਜਾ ਰਾਜ ਕਰੰਤਾ। ਰਜਧਾਨੀ ਠਾਨਿ ਬਸੰਤਾ। ਪਰਕਾਸ਼ ਮੇਦਨੀ ਨਾਮੂ। ਤਿਨ ਸੁਨਯੋ 'ਗੁਰੂ ਅਭਿਰਾਮੂ॥੩॥ਪੁਰਿ ਅਨੰਦ ਮਝਾਰ ਬਸੰਤੇ। ਸਿਖ ਸੰਗਤਿ ਆਇ ਨਿਵੰਤੇ। ਬਹੁ ਕਰਹਿਂ ਸ਼ਸਤ੍ਰ ਅੱਭਯਾਸਾ। ਦਲ ਰਾਖਯੋ ਦੀਰਘ ਪਾਸਾ॥੪॥ਬਡ ਜੰਗ ਕਰਨਿ ਕੋ ਜੋਧਾ। ਨਹਿਂ ਗਿਨਹਿ ਅਪਰ,ਜਬਿ ਕ੍ਰੋਧਾ। ਬਹੁ ਕਰਾਮਾਤ ਮਹਿਂ ਪੂਰਾ। ਸਰ[3] ਪਹੁੰਚਹਿ ਦੀਰਘ ਦੂਰਾ' ॥੫॥ ਸੁਨਿ ਰਾਜਾ ਉਰ ਹਰਖਾਯੋ। ਹਿਤ ਦਰਸ਼ਨ ਉਰ ਬਿਰਮਾਯੋ।-ਗੁਰ ਸੰਗ ਜਿ ਹੋਵਹਿ ਮੇਲਾ। ਸਭਿ ਕਾਰਜ ਬਨਹਿ ਸੁਹੇਲਾ†-॥੬॥ਨਿਜਮੰਤ੍ਰਿਨ ਸੰਗ ਬਿਚਾਰਾ।'ਗੁਰ ਪੂਰਨ ਹਰਿ ਅਵਤਾਰਾ। ਹੁਇ ਥਿਰੁ ਸ਼੍ਰੀ ਨਾਨਕ ਗਾਦੀ। ਪੁਰਿ ਆਨੰਦ ਕੀਨਿ ਅਬਾਦੀ॥੭॥ਤਿਂਹ ਨਿਕਟ ਨ੍ਰਿਪਤਿ ਕਹਿਲੂਰੀ।ਨਹਿਂ ਜਾਨੀਮਹਿਮਾ ਰੂਰੀ। ਵਧਿ ਗਯੋ ਵਿਰੋਧ ਵਧੇਰਾ। ਹੁਇ ਜੰਗ ਅਪਾਰ ਕਿਸ ਬੇਰਾ॥੮॥ ਤਿਨ ਸੰਗ

---

[1]ਵਾਜੇ ਵਜਦੇ ਹਨ। [2]ਬਹੁਤ ਉੱਚੇ ਥਾਂ ਪਰ ਜੋ ਹੈ। [3](ਉਹਨਾਂ ਦਾ ਚਲਾਇਆ) ਤੀਰ।

*ਨਾਹਨ ਸਿਰਮੌਰ ਤੇ ਡੇਹਰਾਦੂਨ ਨੂੰ ਜਮਨਾ ਨਖੇੜਦੀ ਹੈ। ਉਰਾਰ ਸਿਰਮੌਰ (ਨਾਹਨ) ਦੀ ਦੂਨ ਹੈ ਤੇ ਪਾਰ ਡੇਹਰਾਦੂਨ ਹੈ।

†ਇਸ ਦਾ ਭਾਵ ਇਹ ਹੈ ਕਿ ਨਾਹਨ ਦੇ ਰਾਜੇ ਦਾ ਗੜ੍ਹਵਾਲੀਏ ਰਾਜੇ ਨਾਲ ਵੈਰ ਸੀ, ਗੜ੍ਹਵਾਲੀਏ ਇਲਾਕੇ ਵਿਚ ਰਾਮਰਾਇ ਜੀ ਵਸਦੇ ਸਨ, ਜਿਨ੍ਹਾਂ ਦਾ ਦੇਹੁਰਾ ਹੁਣ ਤਕ ਓਥੇ ਹੈ। "ਡੇਹਰਾਦੂਨ ਰਾਮਰਾਇ" ਤੋਂ ਹੀ ਡੇਹਰਾਦੂਨ ਨਾਮ ਰਹਿ ਗਿਆ ਹੈ। ਗੜ੍ਹਵਾਲੀਏ ਨੂੰ ਰਾਮਰਾਇ ਜੀ ਦੀ ਮਦਦ ਸੀ, ਤੇ ਰਾਮਰਾਇ ਦੀ ਸ਼ਾਹੀ ਦਰਬਾਰ ਵਿਚ ਰਸਾਈ ਹੋਣ ਕਰਕੇ ਲੋਕੀਂ ਡਰਦੇ ਸਨ, ਦੂਜੇ ਕਰਾਮਾਤ਼ੀ ਸਮਝਦੇ ਸਨ। ਇਸ ਲਈ ਨਾਹਨ ਦਾ ਰਾਜਾ ਕੁਛ ਖੁਹਾ ਬੈਠਾਸੀ ਤੇ ਹਰ ਵੇਲੇ ਡਰਦਾ ਸੀਕਿ ਕਿਸੇਵੇਲੇ ਸਾਰਾ ਰਾਜ ਹੀ ਨਾ ਖੁਹਾ ਬੈਠਾਂ। ਉਸ ਨੇ ਸਤਿਗੁਰੂ ਜੀ ਦੀ ਆਤਮ ਸ਼ਕਤੀ ਤੇ ਬੀਰ ਸ਼ਕਤੀ ਦਾ ਲਾਭ ਉਠਾਉਣ ਲਈ ਆਪਣੇ ਇਲਾਕੇ ਵਿਚ ਸੱਦ ਘੱਲਣਾ ਮੁਨਾਸਬ ਜਾਤਾ, ਇਹ ਗੱਲ ਕਵੀ ਜੀ ਨੇ ਅੱਗੇ ਚੱਲਕੇ ਇਸੇ ਰੁਤ ਦੇ ਅੰਸੂ ੪੬ ਅੱਕ ੧੬. ੧੭ ਵਿਚ ਵਰਣਨ ਕੀਤੀ ਹੈ ਤੇ ਰਾਜਾ ਨੂੰ ਸ਼ਰਧਾਲੂ ਦੱਸਿਆ ਹੈ। ਦੇਖੋ ਅੰਕ ੨੭, ੨੮ ਇਸੇ ਅੰਸੂ ਦਾ।

ਬੇਨਤੀ ਲਿਖੀਏ।–ਪ੍ਰਭੁ ਦੇਸ਼ ਆਨਿ ਇਹ ਪਿਖੀਏ। ਬਡ ਸ਼ਾਰਮੌਰ ਕੋ ਸੈਲੰ[1]। ਫਿਰਿ ਕੀਜਹਿ ਸਭਿ ਥਲ ਸੈਲੰ॥੯॥ਸ਼ੁਭ ਜਮਨਾ ਨਿਰਮਲ ਨੀਰੰ। ਨਿਤ ਚਲਹਿ ਬੇਗ ਤੇ ਸੀਰੰ[2]।ਬਨ ਪੂਰਨ ਮ੍ਰਿਗਨਿ ਮਹਾਨਾ। ਨਿਤ ਕਰਹੁ ਅਖੇਰ ਜਿ ਨਾਨਾ' ॥ ੧੦ ॥ ਅਸ ਮਸਲਤ ਕਰਿ ਬਹੁ ਭਾਂਤੀ। ਪੁਨ ਕੀਨਿ ਲਿਖਾਵਨਿ ਪਾਤੀ।ਨਰਤਜਾਰ ਕਰਯੋ ਪਰਧਾਨਾ।ਸਭਿ ਆਸ਼ੈਜਾਨਿ ਪਯਾਨਾ ॥ ੧੧ ॥ ਕਰਿ ਮਜ਼ਲ ਬਿਸਾਲ ਉਤਾਲਾ। ਸਭਿ ਉਲੰਘਯੋ ਮਾਰਗ ਜਾਲਾ। ਪੁਨ ਪਹੁੰਚਯੋ ਆਨੰਦ ਪੁਰਿ ਮੈਂ। ਪਿਖਿ ਰਵਣਕ ਆਨੰਦ ਪੁਰਿ ਮੈਂ[3] ॥ ੧੨ ॥ ਕਰਿ ਡੇਰਾ ਸੁਧ ਪਹੁੰਚਾਈ। ਸੁਨਿ ਨੰਦ ਚੰਦ ਅਗੁਵਾਈ। ਸਭਿ ਕਲਗ਼ੀਧਰ ਸੋਂ ਭਾਖੀ। ਨ੍ਰਿਪ ਨਾਹਨ ਕੋ ਅਭਿਲਾਖੀ ॥੧੩॥ ਤਿਨ ਪਠਯੋ ਵਕੀਲ ਸੁ ਆਯੋ'।ਤਬਿ ਸ੍ਰੀ ਮੁਖ ਬਚ ਫੁਰਮਾਯੋ।ਚਹਿ ਅਪਨੋ ਬਾਕ ਸੁਨਾਯੋ। 'ਗਨ ਰਸਤ ਦੇਹੁ ਪਹੁੰਚਾਯੋ॥੧੪॥ਸਭਿ ਸਭਾ ਲਗਹਿ ਜਬਿ ਕਾਲੀ[4]। ਤਬਿ ਨਿਕਟਆਨਿ ਦਰਹਾਲੀ[5]'।ਸੁਨਿ ਆਇਸੁ ਗੁਰੂ ਦਿਵਾਨੰ। ਪਹੁੰਚਾਇ ਖਾਨ ਗਨ ਪਾਨੰ ॥ ੧੫ ॥ ਸਭਿ ਬਿਧਿ ਕੀ ਸੁਧਿ ਤਿਹ ਲੀਨੀ। ਪੁਨ ਰਾਤਿ ਬਿਤਾਵਨਿ ਕੀਨੀ। ਨਰ ਸਗਰੇ ਸੌਚ ਸ਼ਨਾਨੇ।ਮੁਖ ਗੁਰ ਗੁਰ ਜਾਪ ਬਖਾਨੇ ॥ ੧੬ ॥ ਬਡ ਸ਼ਬਦ ਸ਼ਬਦ ਕੋ ਗਾਵੈਂ[6]। ਗਨ ਬਾਦਿਤ ਸੰਗ ਬਜਾਵੈਂ। ਧੁਨਿ ਨੌਬਤਿ ਜਨ ਘਨ ਗਾਜਾ। ਰਣਜੀਤ ਨਗਾਰਾ ਬਾਜਾ ॥ ੧੭ ॥ ਪੁਨ ਭੱਟ ਨਕੀਬ ਪੁਕਾਰੇ। ਗੁਰ ਕੀਰਤਿ ਊਚ ਉਚਾਰੇ। ਬਹੁ ਬਜਹਿ ਘਰਾਵਲ ਨਾਦੰ[7]। ਨਰ ਉਠੇ ਜਾਗ ਅਹਿਲਾਦੰ॥੧੮॥ਦਿਨ ਘਰੀ ਚਾਰ ਜਬਿ ਆਯੋ। ਸ੍ਰੀ ਮੁਖ ਤੇ ਹੁਕਮ ਸੁਨਾਯੋ।'ਸ਼ੁਭਾ ਸਭਾ ਥਾਨ ਸੁਧਵਾਰੋ।ਰਚਿ ਸੁੰਦਰ ਫਰਸ਼ ਉਦਾਰੋ ॥ ੧੯ ॥ ਸਭਿਹਿਨਿ ਕੋ ਸੁਧਿ ਕਰਿ ਦੀਜੈ। ਪਤਿ ਨਾਹਣ ਦੂਤ ਬੁਲੀਜੈ'।ਸੁਨਿ ਨੰਦਚੰਦ ਤਤਕਾਲਾ।ਸਭਿ ਕਾਰਜ ਕੀਨਿ ਉਤਾਲਾ ॥੨੦॥ ਤਬਿ ਕਲਗ਼ੀਧਰ ਚਲਿ ਆਏ।ਸਿੰਘਾਸਨ ਬੈਠਿ ਸੁਹਾਏ।ਬਰ ਚਾਮੁਰ ਦੰਡ ਜਰਾਊ। ਗਨ ਹੀਰੇ ਦੁਤਿ ਦਮਕਾਊ ॥ ੨੧ ॥ ਸਿਰ ਫੁਰਤਿ ਫਿਰਤਿ ਬਹੁ ਬਾਰੀ। ਜਨੁ ਲੇਤਿ ਮਰਾਲ ਉਡਾਰੀ।ਤਨ ਬਸਤ੍ਰ ਸ਼ਸਤ੍ਰ ਜੁਤ ਸਾਜਾ। ਬਹੁ ਸ਼ੁਭਤਿ ਗ਼ਰੀਬ ਨਿਵਾਜਾ ॥੨੨॥ ਗਨ ਥਿਰੇ ਮਸੰਦ ਬਿਲੰਦੰ।ਧਰਿ ਆਯੁਧ

---

[1]ਸ਼ਾਰਮੌਰ ਸਾਰੀ ਦੂਨ ਦਾ ਨਾਮ ਹੈ ਜਿਸ ਦੀ ਰਾਜਧਾਨੀ ਨਾਹਨ ਹੈ। [2]ਠੰਢਾ (ਤੇ ਨਿਰਮਲ ਨੀਰ)। [3]ਪੂਰਨ ਆਨੰਦ ਮਈ ਰੌਣਕ ਦੇਖੀ। [4]ਕੱਲ ਨੂੰ। [5]ਛੇਤੀ ਲੈ ਆਉਣਾ। [6]ਬੜੀ ਧੁਨੀ ਨਾਲ ਸ਼ਬਦਾਂ ਨੂੰ ਗਾਉਂਦੇ ਹਨ। [7]ਘੜਿਆਲ ਦਾ ਸ਼ਬਦ।

ਜੋਧਾ ਬ੍ਰਿੰਦੇ। ਨ੍ਰਿਪ ਨਾਹਨ ਦੂਤ ਹਕਾਰਾ। ਚਲਿ ਆਯੋ ਸਭਾ ਮਝਾਰਾ।। ੨੩।।ਕਰਿ ਬੰਦਨ ਬਾਰੰਬਾਰੀ।ਲੈ ਆਇਸੁ ਬੈਠਿ ਉਚਾਰੀ। 'ਕਰ ਜੋਰੇ ਨੌਮਿ੍ ਨਰਿੰਦਾ। ਕਿਯ ਬੰਦਨ ਪਦ ਅਰਬਿੰਦਾ ॥ ੨੪ ॥ ਸੁਨਿ ਰਾਵਰ ਕੋ ਜਸੁ ਭਾਰੀ। ਉਰ ਦੀਰਘ ਆਨੰਦ ਧਾਰੀ। ਜਿਹ ਲਗੀ ਦਰਸ ਕੀ ਪਯਾਸਾ। ਮੁਹਿ ਭੇਜਯੋ ਰਾਵਰਿ ਪਾਸਾ' ॥ ੨੫ ॥ ਇਮ ਕਹਿ ਆਗੇ ਧਰਿ ਪਾਤੀ। 'ਪ੍ਰਭੁ ਸੁਨਹੁ ਲਿਖੀ ਜਿਸ ਭਾਂਤੀ'। ਸੁਨਿ ਸਤਿਗੁਰ ਨੇ ਪਠਵਾਈ। ਸਭਿ ਸਭਾ ਸੁਨਤਿ ਚਿਤ ਚਾਈ ॥ ੨੬ ॥ 'ਮੁਹਿ ਜਾਨਹੁ ਆਪਨ ਦਾਸਾ। ਧਰਿ ਰਾਵਰ ਪਰ ਭਰਵਾਸਾ। ਪਰਕਾਸ਼ ਮੇਦਨੀ ਰਾਜਾ। ਇਹ ਲਿਖਤਮ ਬਿਨੈ ਸੁ ਕਾਜਾ[1] ॥ ੨੭ ॥ ਲਖਿ ਪ੍ਰਭੁ ਬਡ ਕਹਿ ਨ ਸਕੰਤਾ। ਤੁਮ ਜਗਤ ਗੁਰੂ ਭਗਵੰਤਾ। ਲਿਖ ਤੁਮ ਪਹਿ ਪਠਿ ਮੈਂ*ਅਰਜ਼ੀ[2]। ਹਿਤ ਲਖਨਿ ਆਪਕੀ ਮਰਜ਼ੀ॥੨੮॥ ਮੈਂ ਸੁਨੀ ਬਾਤ, ਰਿਸ ਪੂਰੀ। ਤੁਮ ਸੰਗ ਨ੍ਰਿਪਤਿ ਕਹਿਲੂਰੀ। ਮਤਿਮੰਦ ਬਿਰੋਧ ਉਠਾਯੋ।ਨਹਿਂ ਭਲੋ ਆਪਨੋ ਭਾਯੋ॥੨੯॥ਸੋ ਕਰਨੇ ਆਪਨੋ ਪਾਵੈ।ਤੁਮ ਸਮ ਸੰਗ ਬੈਰ ਬਧਾਵੈ।ਜਹਿਂ ਚਰਨ ਆਪਕੇ ਜਾਵੈਂ। ਸੋ ਪਾਵਨ ਦੇਸ਼ ਸੁਹਾਵੈ ॥੩੦॥ ਜੇ ਚਹਹੁ ਕਰਨਿ ਕੋ ਸੈਲੀ।ਇਤ ਦੂਨ ਸੁੰਦਰੀ ਸੈਲੀ[3]। ਬਨ ਸ਼ੋਭਤਿ ਤਰੁਵਰੁ ਨਾਨਾ।ਫਲ ਫੂਲਨ ਸਹਿਤ ਮਹਾਨਾ ॥੩੧॥ ਜਲ ਜਮੁਨਾ ਅਧਿਕ ਪ੍ਰਵਾਹਾ।ਨਿਤ ਕਰਹੁ ਅਖੇਰ ਉਮਾਹਾ। ਰੁਚਿ ਜਾਵਦ ਹੋਇ ਤੁਮਾਰੀ। ਇਤ ਪਰਚਹੁ ਕਰਿ ਅਸਵਾਰੀ॥੩੨॥ਇਹ ਦੇਸ਼ ਆਪਨੋ ਜਾਨੋ। ਜਿਤ ਇੱਛੋ ਤਿਤੈ ਪਯਾਨੋ।ਮੈਂ ਸਕੌਂ ਨ ਇਹਠਾਂ ਆਈ†।ਚਿਤ ਦਰਸ਼ਨਕੋ ਲਲਚਾਈ'॥੩੩॥ ਸਭਿ ਸਭਾ ਸੁਨਤਿ ਹਰਖਾਨੀ। ਤਿਸ ਨ੍ਰਿਪ ਕੋ ਨੀਕ ਬਖਾਨੀ।ਪੁਨ ਸਾਹਿਬ ਬੂਝਨਿ ਠਾਨਾ।'ਰਮਨੀਕ ਦੇਸ਼ ਕਸ ਜਾਨਾ?॥੩੪॥ਤਿਸ ਪਰੈ ਰਾਜ ਕਿਸ ਕੇਰਾ? ਕਹੁ ਕਿਤਿਕ ਦੂਨ ਥਲ ਹੇਰਾ?'। ਕਰ ਜੋਰਿ ਦੂਤ ਕਹਿ ਬੈਨਾ। 'ਜਬਿ ਦੇਖੋਗੇ ਨਿਜ ਨੈਨਾ ॥੩੫॥ ਤਬਿ ਜਾਨਹੁ ਤਾਂਹਿ ਨਿਕਾਈ[4]।ਸੋ ਦੂਨ ਦੂਰ ਲਗਿ ਜਾਈ। ਸ੍ਰੀ ਰਾਮਰਾਇ ਜਬਿ ਦੇਖੀ। ਸਭਿ ਥਲ ਤੇ ਰੁਚਿਰ ਪਰੇਖੀ‡ ॥੩੬॥ ਹਮ ਨ੍ਰਿਪ ਕੇ ਰਾਜ ਪਰੇਰੇ[5]। ਮਹਿਪਾਲਕ ਅਪਰ ਬਡੇਰੇ।

---

[1]ਬੇਨਤੀ ਦਾ ਕਾਰਜ ਹੈ। [2]ਬਿਨਤੀ। [3]ਪਹਾੜ ਦੀ ਸੁਹਣੀ ਦੂਨ ਹੈ। [4]ਸੁੰਦਰਤਾਈ। [5]ਸਾਡੇ ਰਾਜੇ ਦੇ ਰਾਜ ਤੋਂ ਪਰੇ। *ਪਾ:-ਲਿਖਤਜੋਂ ਪਠੀ। †ਕਿਉਂਕਿ ਉਹ ਰਾਜ ਹੈ ਭੀਮਚੰਦ ਦਾ ਜੋ ਉਸ ਦੇ ਵੈਰੀ ਗੜ੍ਹਵਾਲੀਏ ਦਾ ਕੁੜਮ ਹੈ। ‡ਇਹ ਦੂਣ ਜੋ ਰਾਮਰਾਇ ਜੀ ਨੇ ਮੱਲੀ ਸੀ ਜਮਨਾ ਪਾਰ ਹੈ ਜਿਸ ਨੂੰ ਹੁਣ ਡੇਹਰਾ ਦੂਣ ਕਹਿਦੇ ਹਨ।

ਤਿਹ ਫਤੇ ਸ਼ਾਹਿ ਕਹਿਂ ਨਾਂਮੂ। ਬਡ ਦੇਸ਼ ਨ੍ਰਿਪਤ ਅਭਿਰਾਮੂ' ॥੩੭॥ ਪੁਨ ਸਤਿਗੁਰ ਕਹ੍ਯੋ ਸੁਨਾਈ। 'ਅਬਿ ਹੋਯੋ ਨੇਰ ਲਰਾਈ। ਇਸ ਸੰਗ ਜੰਗ ਕਰਿ ਦੀਹਾ। ਪੁਨ ਗਮਨ ਕਰਨ ਕੀ ਈਹਾ[1]॥੩੮॥ ਮਤਿਮੰਦਨਿ ਰੀਜਹਿ ਗਰਬਾ[2]।ਨਹਿਂ ਰਹਨਿ ਦੇਉਂ ਉਰ ਫਰਬਾ[3]।ਕਰਿ ਰਾਖੀ ਦੁਹਿਦਿਸ਼ ਤਯਾਰੀ। ਅਬਿ ਟਰ੍ਯੋ ਜਾਤਿ ਹੰਕਾਰੀ ॥ ੩੯ ॥ ਨਹਿਂ ਆਵੈ ਆਹਵਖੇਤਾ[4]। ਉਰ ਤ੍ਰਾਸਤਿ ਭੀਰੁ ਅਚੇਤਾ[5]।ਦਿਨ ਕਿਤਿਕ ਰਹਹੁ ਪੁਰਿ ਮਾਂਹੀ। ਪੁਨ ਗਮਨਹੁ ਨ੍ਰਿਪ ਨਿਜ ਪਾਹੀ' ॥੪੦॥ ਇਮ ਕਹਿ ਗੁਰ ਦਰਸ਼ਨ ਦੈ ਕੈ। ਸਿਖ ਸੰਗਤਿ ਆਨੰਦ ਕੈ ਕੈ। ਇਕ ਜਾਮ ਸਭਾ ਮਹਿਂ ਬੈਸੇ। ਪਰਿਵਾਰਤਿ ਸਸਿ ਉਡ ਜੈਸੇ॥੪੧॥ਪੁਨ ਕਲਗ਼ੀਧਰ ਉਠਿ ਚਾਲੇ। ਨਿਜ ਪਹੁੰਚੇ ਸਦਨ ਬਿਸਾਲੇ। ਗੁਨ ਬਰਨਨਿ ਕਰਤਿ ਉਦਾਰੇ। ਥਲ ਨਿਜ ਨਿਜ ਪਹੁੰਚੇ ਸਾਰੇ ॥ ੪੨॥ ਮਿਲਿ ਬ੍ਰਿੰਦ ਮਸੰਦ ਬਿਲੰਦੇ। ਸਭਿ ਗਿਨੀ ਗਾਥ ਹਿਤਵੰਦੇ। 'ਗੁਰ ਚਢਿ ਗਮਨਹਿਂ ਤਿਸ ਦੇਸ਼ਾ। ਇਹ ਨੀਕੀ ਬਾਤ ਵਿਸ਼ੇਸ਼ਾ ॥ ੪੩ ॥ ਨਹਿਂ ਹੁਇ ਉਤਪਾਤਿ ਲਰਾਈ। ਰਿਸ ਦੁਹਿ ਦਿਸ਼ਿ ਤੇ ਮਿਟਿ ਜਾਈ।ਸੁਤ ਬਯਾਹ ਬਿਖੈ ਨ੍ਰਿਪ ਫਾਸਾ। ਨਹਿਂ ਛੋਰ ਸਕਹਿ ਮੁਦ ਰਾਸਾ[6] ॥੪੪॥ ਗੁਰ ਪਰਚਹਿਂ ਤਿਤ ਕੋ ਜਾਈ। ਰਮਨੀਕ ਦੇਸ਼ ਬਿਹਰਾਈ[7]। ਠਹਿਰਾਯੋ ਕਰਨਿ ਪਯਾਨਾ[8]। ਅਬਿ ਕਿਸ ਬਿਧਿ ਕਰਹਿਂ ਬਖਾਨਾ[9]?॥੪੫॥ਸ਼੍ਰੀਗੁਜਰੀਨਿਕਟ ਸਿਧਾਵਹੁ। ਰਣ ਮਿਟਹਿ ਸੁ ਘਾਤ ਬਨਾਵਹੁ। ਸਮੁਝਾਵਨਿ ਸੁਤ ਕੋ ਆਈ[10]। ਪੁਨ ਹਮ ਸਭਿ ਕਹਹਿਂ ਬਨਾਈ' ॥ ੪੬ ॥ ਅਸ ਮਸਲਤ ਕਰਿ ਸਮੁਦਾਏ। ਸ਼੍ਰੀ ਮਾਤਾ ਕੇ ਢਿਗ ਆਏ। ਨ੍ਰਿਪ ਨਾਹਨ ਕੀ ਸਭਿ ਗਾਥਾ। ਕਹਿ ਦੀਨਿ ਚਾਤੁਰੀ ਸਾਥਾ॥੪੭॥'ਸੁਨਿ ਮਾਤ! ਘਾਤ ਅਬਿ ਆਈ[11]। ਕਹਿ ਬਹੁ ਬਿਧਿ ਦੇਹੁ ਚਢਾਈ। ਹਠ ਕਰਹਿਂ ਲਰਨ ਕੋ ਭਾਰੀ। ਸਮੁਝਾਇ ਭਲੇ ਦਿਹੁ ਟਾਰੀ॥੪੮॥ਤੁਮ ਕਹੋ ਪ੍ਰਥਮ ਸ਼ੁਭ ਬਾਨੀ।ਪੁਨ ਹਮ ਸਭਿ ਕਰਹਿਂ ਬਖਾਨੀ'। ਸੁਨਿ ਮਾਤਾ ਤਬਿ ਸਮੁਝਾਏ। 'ਲਿਹੁ ਨੰਦਹਿ ਚੰਦ ਮਿਲਾਏ ॥ ੪੯ ॥ ਪੌਰ ਭ੍ਰਾਤਨਿ ਸੋਂ ਕਹਿ ਦੀਜੈ। ਢਿਗ ਵਰਤੀ ਸਕਲ ਮਿਲੀਜੈ।ਸਭਿ ਏਕੋ

---

[1]ਇੱਛਾ ਹੈ। [2]ਹੰਕਾਰ ਨਾਸ਼ ਕਰਾਂਗੇ। [3]ਫਰੇਬ, ਛਲ। (ਅ) ਰਿਦੇ ਦਾ ਮੁਟਾਪਾ (ਹੰਕਾਰ)। [4]ਜੁੱਧ ਭੂਮਿਕਾ ਵਿਚ। [5]ਕਾਇਰ ਮੂਰਖ। [6]ਸਾਰੀ ਖ਼ੁਸ਼ੀ ਨੂੰ। [7]ਵਿਚ ਵਿਚਰਨਗੇ। [8](ਸ੍ਰੀ ਗੁਰੂ ਜੀ ਨੇ) ਚੱਲਣਾ ਤਾਂ ਠਹਿਰਾਇਆ ਹੋਇਆ ਹੈ। [9]ਆਖੀਏ (ਦਿਲ ਦਾ ਆਸ਼ਾ)। [10](ਜਦੋਂ) ਆਵੇ। [11]ਸਮਾਂ (ਮੌਕਾ) ਹੁਣ ਆਇਆ ਹੈ।

ਬਾਤਿ ਬਖਾਨੈਂ। ਤਬਿ ਮਾਨਹਿਂ ਕਰਹਿਂ ਪਯਾਨੈ'॥੫੦॥ ਸੁਨਿ ਮਾਤ ਬਾਕ ਹਿਤਵੰਤੇ।ਮਿਲਿ ਠਾਨਯੋਏਕ ਮਤੰਤੇ।ਇਮ ਕਹੀਸਭਿਨਿ ਹੂੰ ਮਾਨੀ।-ਇਹ ਨੀਕੀ ਬਾਤ ਪ੍ਰਮਾਨੀ-॥ ੫੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਨਾਹਨੇਸ਼' ਪ੍ਰਸੰਗ ਬਰਨਨੰ ਨਾਮ ਤੀਨ ਚਤਵਾਰਿੰਸਤੀ ਅੰਸੂ ॥ ੪੩ ॥

੪੪. [ਨਾਹਣ ਵਲ ਟੁਰਨਾ]।

ਦੋਹਰਾ ॥ ਅਗਲੇ ਦਿਨ ਸ੍ਰੀ ਸਤਿਗੁਰੂ ਸੁੰਦਰ ਸਦਨ ਸੁਹਾਇ। ਮਸਲਤ ਕਰਿ ਬਹੁਤੇ ਸਕਲ ਨਿਮੇ ਕਮਲ ਪਦ ਪਾਇ ॥੧॥ਹਾਕਲ ਛੰਦ॥ ਸ੍ਰੀ ਗੁਜਰੀ ਤਬਿ ਚਲਿ ਆਈ। ਸਨਮਾਨਤਿ ਊਚ ਬਿਠਾਈ। ਢਿਗ ਨੰਦ ਚੰਦ ਪੰਚ ਭ੍ਰਾਤਾ। ਗੁਰ ਚਰਨ ਜਿਨਹੁਂ ਮਨ ਰਾਤਾ ॥੨॥ਪੁਨ ਥਿਰ ਮਸੰਦ ਸਮੁਦਾਏ। ਸਭਿ ਗੁਰ ਦਿਸ਼ਿ ਦ੍ਰਿਸ਼ਟਿ ਲਗਾਏ। ਬਹੁ ਸੁਤ ਸਨੇਹ ਸੋਂ ਸਾਨੀ। ਪਿਖਿ ਮਾਤਾ ਬਾਤ ਬਖਾਨੀ ॥੩॥ 'ਹੇ ਪੁੱਤ੍ਰ! ਕਹਹੁ ਕਿਹ ਪਾਤੀ[1]? ਕਿਸ ਨ੍ਰਿਪਤਿ ਪਠੀ, ਕਿਸ ਭਾਂਤੀ? ਸੋ ਦੇਸ਼ ਅਹੈ ਦਿਸ਼ ਕੌਨੇ? ਕਹਿ ਪਠਯੋ ਕਹਾਂ, ਇਤ ਤੌਨੇ[2]?' ॥ ੪ ॥ ਸੁਨਿ ਮਾਤ ਬਾਕ ਕੋ ਬੋਲੇ। ਮੁਖ ਕਮਲ ਹੀਰ ਰਦ ਖੋਲੇ[3]। 'ਜਿਤ ਜਮੁਨਾ ਸ਼ਯਾਮਲ ਬਾਰੀ। ਤਿਤ ਗਿਰਪਤਿ ਪੁਰੀ* ਉਦਾਰੀ ॥ ੫ ॥ ਕਹਿਂ ਨਾਹਨ† ਤਾਂ ਮਹਿਪਾਲਾ[4]। ਲਿਖਿ ਭੇਜੀ ਅਰਜ਼ ਬਿਸਾਲਾ। ਇਤ ਬੈਰ ਬਧਯੋ ਸੁਨਿ ਲੀਨੋ। ਨਿਜ ਦੇਸ਼ ਅਵਾਹਨ ਕੀਨੋ' ॥ ੬ ॥ ਤਬਿ ਮਾਤੁਲ ਕਹਯੋ ਕ੍ਰਿਪਾਲੂ।'ਲਿਖਿ ਪਠਯੋ ਮਨੋਗ ਬਿਸਾਲੂ। ਰਮਣੀਕ ਦੂਣ ਹੈ ਸਾਰੀ। ਸੋ ਭਾਖਹਿਂ ਜਿਨਹੁਂ ਨਿਹਾਰੀ ॥ ੭ ॥ ਸ੍ਰੀ ਰਾਮਰਾਇ ਜਬਿ ਦੇਖੀ। ਸੁਖਦਾਯਕ ਜਾਨਿ ਵਿਸ਼ੇਖੀ। ਸੋ ਅਹੈ ਦੂਰ ਲਗਿ ਇਤ ਕੋ। ਰਵਿ ਸੁਤਾ ਅਨੰਦਤਿ ਜਿਤ ਕੌ[5] ॥ ੮ ॥ ਤਿਸ ਤੇ ਕੁਛ ਪਰੇ ਬਸੰਤਾ। ਤਹਿਂ ਬਿਹਰਤਿ ਬਹੁ ਹਰਖੰਤਾ'। ਸੁਨਿ ਨੰਦ ਚੰਦ ਕਹਿ ਬਾਨੀ।'ਅਸ ਸੁੰਦਰ ਦੂਣ ਮਹਾਨੀ ॥੯॥ ਜੇ ਰੁਚਿ ਹਜ਼ੂਰ ਮਨ ਭਾਵੈ।ਤਬਿ ਪਿਖਿਨਿ ਸਭਿਨਿ ਬਨਿ ਆਵੈ।ਨਿਤ ਕਰਹੁ ਅਖੇਰ ਘਨੇਰੇ। ਚਿਤ ਵਧਹਿ ਅਨੰਦ ਬਡੇਰੇ ॥ ੧੦ ॥ ਇਤ ਭੀਮ-ਚੰਦ ਕੁਰਿਆਰੀ। ਨਿਤ ਕ੍ਰੋਧ ਬਧਾਵਤਿ ਭਾਰੀ। ਟਰਿ ਗਯੋ ਤ੍ਰਾਸ ਕੋ ਧਾਰੇ। ਨਤੁ ਦੇਖਤਿ ਜੰਗ ਮਝਾਰੇ ॥ ੧੧ ॥ ਇਮ ਘਾਲ ਘਨੋ ਘਮਸਾਨਾ। ਜਿਸ

[1]ਕੇਹੜੀ ਪੱਤ੍ਰਿਕਾ। [2]ਤਿਸ ਨੇ। [3]ਹੀਰੇ ਵਰਗੇ ਦੰਦਾਂ (ਵਾਲਾ) ਕਮਲ ਮੁਖ ਖੁਹਲਿਆ। [4]ਉਸ ਰਾਜੇ ਨੂੰ ਨਾਹਨ (ਦਾ ਰਾਜਾ) ਕਹਿਦੇ ਹਨ। [5]ਜਮਨਾ ਅਨੰਦ ਦੇ ਰਹੀ ਹੈ ਜਿਸ ਨੂੰ ਪਾਸੇ।

*ਪਾ:-ਪਠੀ। †ਪਾ:-ਨਹਿਨਾਵਣ।

ਹੇਰਤਿ ਹੋਤਿ ਹਿਰਾਨਾ। ਮੁਖ ਪੰਕਜ ਕਾਰਸ ਲਾਗਤਿ[1]। ਜਲ ਧੋਏ ਨਿਤ ਬਹੁ ਦਾਗਤਿ[2] ॥੧੨॥ ਪ੍ਰਭੁ ਤੁਮਰੋ ਜਸੁ ਬਿਦਤਾਯੋ। ਬਿਨ ਲਰੇ ਬਿਜੈ ਪਦ ਪਾਯੋ'। ਸੁਨਿ ਸੈਂਗੋ ਵਾਕ ਬਖਾਨਾ। 'ਨਿਤ ਗੁਰਨਿ ਪ੍ਰਤਾਪ ਮਹਾਨਾ ॥੧੩॥ ਇਹ ਬਪੁਰੇ ਕਹਾਂ ਪਹਾਰੀ।ਤੁਰਕੇਸ਼ ਚਮੂੰ ਲਰਿ ਹਾਰੀ। ਗੁਰ ਖਸ਼-ਟਮ ਕੋ ਰਣ ਚਾਰੇ[3]। ਹੈਂ ਬਿਦਤਿ ਅਜਹੁੰ ਜਗ ਸਾਰੇ ॥ ੧੪ ॥ ਜੋ ਹੁਇ ਹਜ਼ੂਰ ਸੰਗ ਖੋਟਾ। ਨਿਤ ਪਰਹਿ ਤਿਨਹੁੰ ਬਡ ਟੋਟਾ।ਰਨ ਤਜ੍ਯਾਗ੍ਯੋ*ਸ਼ੱਤ੍ਰੂ ਕੁਚਾਲੇ[4]।ਪੁਨ ਕਹਾਂ ਉਡੀਕਨ ਹਾਲੇ[5]।੧੫॥ਅਬਿ ਸੈਲਨ ਸੈਲ ਕਰੀਜੈ। ਸਭਿ ਸੁੰਦਰ ਦੂਨ ਪਿਖੀਜੈ। ਚਿਤ ਰੁਚਹਿ ਤਹਾਂ ਤਬਿ ਰਹੀਏ। ਨਤੁ ਆਇ ਅਪਨਿ ਪੁਰਿ ਲਹੀਏ' ॥੧੬॥ ਸੁਨਿ ਸਤਿਗੁਰ ਸਭਿ ਮਹਿਂ ਭਾਖਾ। 'ਹਮ ਧਰਹਿਂ ਜੰਗ ਅਭਿਲਾਖਾ। ਨ੍ਰਿਪ ਭੀਮਚੰਦ ਜਿਮ ਚਾਹੈ[6]। ਪ੍ਰਭੁ ਆਇਸੁ ਤੇ ਤਿਮ ਪਾਹੈ[7]॥੧੭॥ਦਿਖਰਾਵਹਿਂ ਕਰਿ ਬਡ ਜੁੱਧਾ।ਤਬਿ ਲੌ ਹੁਇ ਸ਼ਾਂਤਿ ਨ ਕ੍ਰੁੱਧਾ[8]। ਮਤਿਮੰਦ ਹਮਹੁੰ ਕ੍ਯਾ ਜਾਨੈ। ਰਣ ਕਰਿ ਜੇ ਚਮੂੰ ਨ ਹਾਨੈ'॥੧੮॥ ਸੁਨਿ ਮਾਤ ਬਹੁਰ ਸਮੁਝਾਵੈ। 'ਗੁਰਘਰ ਕੋ ਰਿਪੁ ਦੁਖਪਾਵੈ। ਮਨ ਮਾਂਹਿ ਨ ਮਹਿਮਾ ਜਾਨੀ। ਸਠ ਭਾਗਹੀਨ ਮਤਿ ਹਾਨੀ ॥੧੯॥ ਸਿਰ ਧੁਨਿ ਪਾਛੇ ਪਛੁਤਾਵੈ। ਸੁਖ ਪਾਇ ਜਿ ਸ਼ਰਨੀ ਆਵੈ। ਜੇ ਰਣ ਤੇ ਟਰ੍ਯੋ ਪਹਾਰੀ।ਪੁਨ ਤੁਮ ਕ੍ਯੋਂ ਚਾਹਤਿ ਰਾਰੀ॥੨੦॥ਸ਼ਰਧਾਲੁ ਜਿ ਨਾਹਨ ਰਾਜਾ। ਅਰੁ ਸੁੰਦਰ ਦੇਸ਼ ਬਿਰਾਜਾ।ਉਤ ਪਰਖਹੁ ਪਹੁੰਚਿਨਿਹਾਰਹੁ। ਬਨ ਬਿਹਰਹੁ ਬਾਸੁਰ ਟਾਰਹੁ[9] ॥ ੨੧ ॥ ਪੁਨ ਐਹੋ ਪੁਰੀ ਅਨੰਦਾ। ਨਿਤ ਰਹੀਏ ਰਿਦੇ ਅਨੰਦਾ। ਰਣ ਕਾਰਨ ਕ੍ਰੋਧ ਨਿਵਾਰਹੁ।ਪੁਰਿ ਨਾਹਣ ਪੰਥ ਪਧਾਰਹੁ॥੨੨॥ ਰਿਪੁ ਭਾਗ੍ਯੋ ਗੈਲ ਨ ਗਹੀਏ।ਰਣ ਕਰਨਿ ਨ ਹਿਤ ਸੋਂ ਚਹੀਏ।ਜੇ ਧਰਹਿ ਬਹੁਰ ਹੰਕਾਰਾ।ਕਛੁ ਲਾਗੈ ਕਰਨਿ ਬਿਗਾਰਾ॥੨੩॥ਪੁਨਕਰਹੁ ਜਥਾ ਚਿਤ ਮਾਂਹੀ।ਤੁਮ ਰਿਦੈ ਛਪੀ ਕੁਛ ਨਾਂਹੀ। ਅਬਿ ਕਹ੍ਯੋ ਮਾਨੀਅਹਿ ਮੇਰਾ।ਨਹਿਂ

---

[1](ਉਸ ਦੇ) ਮੁਖ ਕਮਲ ਨੂੰ ਜੋ ਕਾਲਖ ਲੱਗੀ ਹੈ। (ਅ) ਬਿੰਦੀ ਸ਼ਾਹੀ। (ੲ) [ਪੰਕ+ਜਿ=] ਜੋ ਚਿੱਕੜ ਤੇ ਸ਼ਾਹੀ। [2](ਵਿਆਹ ਰੂਪੀ ਬਹਾਨਿਆਂ ਦੇ ਜਲ ਨਾਲ (ਭਾਵੇਂ) ਨਿਤ ਧੋਵੇ (ਉਹ ਸਗੋਂ) ਬਹੁਤ ਦਗਦੀ ਭਾਵ ਪ੍ਰਗਟਦੀ ਹੈ। [3]ਚਾਰ। [4](ਉਸ) ਖੋਟੀ ਚਾਲ ਵਾਲੇ ਸ਼ੱਤ੍ਰ ਨੇ ਜੰਗ ਛੱਡ ਦਿਤਾ ਹੈ [5]ਫਿਰ ਹਾਲੇ (ਉਸ ਨੂੰ) ਕੀ ਉਡੀਕਣਾ ਹੈ। [6]ਚਾਹੁੰਦਾ ਹੈ (ਜੁੱਧ)। [7]ਪਾਵੇਗਾ (ਜੁੱਧ)। [8]ਤਦ ਤਕ ਸਾਡਾ ਕ੍ਰੋਧ ਸ਼ਾਂਤਿ ਨਹੀਂ ਹੋਣਾ। [9]ਦਿਨ ਬਿਤਾਵੋ। *ਪਾ:-ਤਜ੍ਯਾਗੋ।

ਕੀਜੈ ਆਪ ਬਖੇਰ॥੨੪॥ਜੇ ਪ੍ਰਥਮ ਭਏ ਅਵਤਾਰ॥ਤਿਨਹੂੰ ਨ ਮਾਤ ਬਚ ਟਾਰਾ । ਸ੍ਰੀ ਰਾਮਚੰਦ੍ਰ ਭਗਵਾਨਾ॥ ਜਗ ਬਿਦਤ ਕ੍ਰਿਸ਼ਨ ਜਿਮ ਠਾਨਾ॥੨੫॥ ਤਿਮ ਅਬਿਕੈ ਮਮ ਬਚ ਮਾਨੋ।ਕਰਿਕੋਪ ਸ਼ਾਂਤਿਪ੍ਰਸਥਾਨੋ।ਸੋ ਦੇਸ਼ਕ੍ਰਿਤਾਰਥ ਕੀਜੈ।ਸਿਖ ਅਪਨੇ ਤਿਸ ਵਿਧਿ ਥੀਜੈ[1] ॥ ੨੬ ॥ ਸੁਨਿ ਮਾਤ ਬਾਕ ਗੁਰ ਭਾਖ॥'ਤੁਮ ਕਹਯੋ ਨ ਮੁਹਿ ਅਬਿ ਨਾਖਾ[2] । ਮੁਹਿ ਭੇਜਯੋ ਪੁਰਖ ਅਕਾਲ॥ ਰਣ ਕਰਿਬੇ ਹੇਤੁ ਕਰਾਲਾ!੨੭॥ਗਨ ਦੁਸ਼ਟਨ ਕੇ ਤਨ ਖੰਡੌਂ।ਛਿਤਛੀਨ ਜ਼ੋਰ ਤੇ ਦੰਡੌਂ।ਨਹਿਂ ਸਾਧ ਬਨੇ ਕੋ ਜਾਨੇ । ਪੁਰਸ਼ਾਰਥ ਕੋ ਜਗ ਮਾਨੇ* ॥ ੨੮ ॥ ਇਮ ਸ਼ੱਤ੍ਰੂ ਤੇ ਧਰਿ ਤ੍ਰਾਸਾ । ਤੌ ਹੁਇ ਹੈ ਕਿਤ ਮਮ ਬਾਸਾ । ਸਭਿ ਚਾਹਹਿਂ ਮੋਹਿ ਦਬਾਯੋ । ਨਹਿਂ ਬਸਨ ਦੇਹਿਂ ਕਿਤ ਥਾਯੋ ॥ ੨੯ ॥ ਸੁਤ ਛੱਤ੍ਰੀ ਕੋ ਰਣ ਧਰਮਾ । ਨਹਿਂ ਤਜਾਗੋਂ ਮੈਂ ਸ਼ੁਭ ਕਰਮਾ । ਦੇ ਸਿੱਖਨਿ ਕਰ ਹੱਥਯਾਰਾ । ਬਿਥਰਾਵੌਂ ਜੰਗ ਅਖਾਰਾ ॥ ੩੦॥ ਕਰਿ ਦੇਵਹੁੰ ਰੰਕਨ ਰਾਜੇ । ਹੁਇੰ ਰਾਜੇ ਰੰਕ ਨਿਲਾਜੇ[3]।ਤਬਿ ਜਾਨਹੁ ਮੋਰ ਪ੍ਰਤਾਪੂ॥ ਅਨਗਿਨਤ ਕਰੌਂ ਦਲ ਖਾਪੂ॥੩੧॥ਅਬਿ ਬਾਕ ਮਾਤ।ਤੁਵ ਮਾਨਾ॥ਕਰਿਦੇਹੁਂ ਪ੍ਰਾਤਿਪ੍ਰਸਥਾਨਾ॥ ਪਰ ਫੇਰ ਨ ਮੋਹਿ ਹਟਾਵਹੁ । ਨਿਜ ਉਰ ਤੇ ਤ੍ਰਾਸ ਮਿਟਾਵਹੁ' ॥ ੩੨ ॥ ਸੁਨਿ ਸਤਿਗੁਰ ਤੇ ਅਸ ਬਾਨੀ । ਸਭਿ 'ਧੰਨਹਿ ਧੰਨ' ਬਖਾਨੀ । 'ਪ੍ਰਭੁ ਕਰਨ ਕਰਾਵਨ ਹਾਰੇ । ਕੋ ਤੁਮਰੋ ਕਹਯੋ ਨਿਵਾਰੇ॥੩੩॥ ਇਕ ਬਾਕ ਕਹੇ ਜਗ ਹੋਵੈ। ਤਿਮ[4] ਸਕਲ ਬਿਨਾਸੀ ਜੋਵੈ। ਜੇ ਮੂਰਖ ਜਾਨੈ ਨਾਂਹੀ। ਸੋ ਪਰਹਿਂ ਨਰਕ ਕੇ ਮਾਂਹੀ' ॥੩੪॥ ਇਮ ਭਯੋ ਅੰਤ ਸੰਬਾਦਾ[5]।ਸਭਿ ਧਰਹਿਂ ਰਿਦੈ ਅਹਿਲਾਦਾ । ਪੁਨ ਸਤਿਗੁਰ ਹੁਕਮ ਬਖਾਨਾ । 'ਸੁਨਿ ਨੰਦ ਚੰਦ ! ਪ੍ਰਸਥਾਨਾ॥੩੫॥ਕਹਿ ਦੇਹੁ ਕਰਹਿਂ ਸਭਿ ਤਯਾਰੀ।ਸ਼ਮਿਯਾਨੇ ਤੰਬੂ ਭਾਰੀ । ਗਨ ਸਕਟ ਰੁ ਉਸ਼ਟਰ[6] ਲੈਕੈ। ਇਹ ਲਾਦ ਚਲੈਂ ਅਗੁਵੈਕੈ॥੩੬॥ ਸੁਧਿ ਸਭਿ ਮਹਿਂ ਦੇਹੁ ਸੁਨਾਈ॥ ਜਿਮ ਪ੍ਰਾਤਿ ਤਯਾਰ ਹੁਇ ਜਾਈ' । ਤਬਿ ਉਠਿ ਦਿਵਾਨ ਵਹਿਰਾਯੋ । ਕਹਿ ਜਥਾ ਜੋਗ ਕਰਿਵਾਯੋ ॥ ੩੭ ॥ ਸ੍ਰੀ ਗੁਜਰੀ

---

[1]ਹੋਣਗੇ । (ਅ) ਬਣਾ ਲਓ । [2]ਅਸਾਂ ਮੋੜਨਾ ਨਹੀਂ ਕਰਦੇ । [3]ਰਾਜੇ ਕੰਗਾਲ ਹੋਕੇ ਨਿਲੱਜ ਹੋ ਜਾਣਗੇ । [4]ਤਿਵੇਂ (ਇਕ ਬਚਨ ਕਹੇ ਤੇ) । [5]ਇਉਂ ਸੰਬਾਦ ਮੁੱਕਿਆ । [6]ਊਠਾਂ ਨੂੰ ।

*ਇਸ ਦਾ ਭਾਵ ਇਹ ਹੈ ਕਿ ਸ਼ਾਂਤ ਰਹਿ ਕੇ ਤੇ ਦੁਖ ਸਹਿ ਕੇ ਪੰਚਮ ਗੁਰੂ ਤੇ ਨਾਵੇਂ ਗੁਰੂ ਜੀ ਦੇ ਸਾਕੇ ਵਰਤ ਚੁੱਕੇ ਹਨ ਪ੍ਰਜਾ ਮੋਈ ਪਈ ਹੈ । ਹੁਣ ਇਸ ਵਿਚ ਪੁਰਸ਼ਾਰਥ ਭਰਕੇ ਜਿਵਾ ਦੇਣਾ ਹੈ ਤਾਂ ਹੀ ਪ੍ਰਜਾ ਜ਼ਾਲਮਾਂ ਤੋਂ ਛੁਟੇਗੀ ।

ਮਹਿਦ ਅਨੰਦੇ ।—ਬਚ ਮਾਨਯੋਂ ਮੋਹਿ ਸੁ ਨੰਦੇ—। ਉਠਿ ਗਈ ਅਪਨਿ ਘਰ ਮਾਂਹੀ । ਜਹਿਂ ਨੁਖਾ ਹੁਤੀ ਥਿਤ ਪਾਹੀ ॥੩੮ ॥ ਸਭਿਹੂੰਨਿ ਪ੍ਰਸੰਗ ਸੁਨਾਵਾ। 'ਰਣ ਹਟਯੋ, ਭਯੋ ਮਨ ਭਾਵਾ।ਅਬਿ ਹੁਇ ਹੈ ਪ੍ਰਾਤਿ ਪਯਾਨਾ। ਤਟ ਜਮਨਾ ਜੋ ਗਿਰ ਨਾਨਾ' ॥ ੩੯ ॥ ਸੁਨਿ ਹਰਖਯੋ ਸਭਿ ਪਰਿਵਾਰਾ । ਸੋ ਦਿਵਸ ਬਿਤਾਯੋ ਸਾਰਾ । ਕਰਿ ਖਾਨ ਪਾਨ ਸੁਖਦਾਨਾ । ਨਿਸ ਸੁਪਤੇ ਨਿਜ ਨਿਜ ਥਾਨਾ ॥੪੦॥ ਜਬਿ ਜਾਮ ਰਹੀ ਤਬਿ ਜਾਗੇ। ਤਨ ਸੌਚ ਸ਼ਨਾਨਹਿਂ ਲਾਗੇ। ਧੁਨਿ ਸ਼ਬਦ ਰਾਗ ਬਹੁ ਥਾਂਈ।ਸਿਖ ਸੁਨਹਿਂ ਪ੍ਰੇਮ ਉਮਗਾਈ ॥ ੪੧॥ ਗੁਰ ਧ੍ਯਾਨ ਠਾਨਿ ਕਰਿ ਬੈਸੇ। ਲਖਿ ਬ੍ਰਹਮ ਰੂਪ ਹੈ ਜੈਸੇ। ਦਿਨ ਉਦੇ ਪ੍ਰਕਾਸ਼ ਬਿਸਾਲਾ। ਤਨ ਪਹਿਰਿ ਬਸਤ੍ਰ ਤਿਸ ਕਾਲਾ ॥ ੪੨ ॥ ਢਿਗਵਰਤੀ ਸਭਿ ਚਲਿ ਆਏ । ਕਹਿ ਤਯਾਰੀ ਦੀਨਿ ਕਰਾਏ । ਰਣਜੀਤ ਨਗਾਰਾ ਬਾਜਯੋ । ਜਿਸ ਧੁਨਿ ਤੇ ਸੁਨਿ ਘਨ ਲਾਜਯੋ ॥੪੩॥ ਪਤਿਨਾਹਨ ਦੂਤ ਜੁ ਆਯੋ। ਸੋ ਸਤਿਗੁਰ ਨਿਕਟਿ ਬੁਲਾਯੋ। ਬਹੁ ਮੋਲਾ ਦੇ ਸਿਰੁਪਾਊ। ਕਰਿ ਦੀਨਸਿ ਬਿਦਾ ਅਗਾਊ ॥ ੪੪ ॥ 'ਹਮ ਆਏ ਦਿਹੁ ਸੁਧਿ ਜਾਈ। ਤੁਵ ਪੀਛੇ ਹੋਹਿ ਚਢਾਈ'। ਸੁਨਿ ਗੁਰ ਤੇ ਲੇ ਸਿਰੁਪਾਊ।ਕਰਿ ਬੰਦਨ ਭਯੋ ਬਿਦਾਊ ॥੪੫॥ ਕਰ ਦੀਰਘ ਮਜ਼ਲ ਪਯਾਨਾ । ਮਿਲਿ ਨਿਜ ਨ੍ਰਿਪ ਸਾਥ ਬਖਾਨਾ । 'ਗੁਰ-ਗੋਵਿੰਦਸਿੰਘ ਅਨੰਦਯੋ। ਤੁਵ ਦਿਸ਼ਿ ਤੇ ਮੈਂ ਜਬਿ ਬੰਦਯੋ ॥੪੬॥ ਚਢਿ ਪਰੇ ਆਇਂ ਮਗਮਾਂਹੀ।ਮੈਂਸੁਧ ਹਿਤ ਚਲਿ ਸਹਿਸਾਹੀ'। ਸੁਨਿ ਨਾਹਨਪਤਿ ਹਰ-ਖਾਯੋ । ਸਭਿ ਮਿਲਿਬੇ ਬਯੋਂਤ ਬਨਾਯੋ ॥ ੪੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਨਾਹਣ ਪ੍ਰਸਥਾਨ ਸੰਬਾਦ' ਪ੍ਰਸੰਗ ਬਰਨਨੰ ਨਾਮ ਚਤੁਰ ਚਤਵਾਰਿੰਸਤੀ ਅੰਸੂ ॥ ੪੪ ॥

੪੫. [ਕੀਰਤ ਪੁਰ ਹੋਕੇ ਨਾਹਣ ਪ੍ਰਵੇਸ਼]।

ਦੋਹਰਾ॥ਬਸਤ੍ਰ ਪਹਿਰ ਭੂਖਨ ਪਹਿਰ ਸ਼ਸਤ੍ਰ ਪਹਿਰ ਤਨ ਲੀਨਿ । ਸ੍ਰੀ ਗੁਰੂ ਗੋਵਿੰਦ ਸਿੰਘ ਜੀ ਤਯਾਰੀ ਕੀਨਿ ਪ੍ਰਬੀਨ ॥ ੧ ॥ ਸ੍ਵੈਯਾ ਛੰਦ ॥ ਦੁੰਦਭਿ ਦੀਹ ਬਜਯੋ ਰਣਜੀਤ, ਉਠੇ ਬਡ ਨਾਦ ਪਹਾਰਨ ਕੋਰੇ। ਸ੍ਰੌਨ ਸੁਨਯੋਂ ਸਭਿ ਸੈਨ ਤਹੀ ਛਿਨ, ਤਯਾਰ ਭਏ ਗਜ ਬਾਜਿਨਿ ਡੇਰੇ। ਜ਼ੀਨ ਸਜਾਵਨਿ ਕੀਨਿ ਤਬੈ ਅਸ ਪੀਨਨ ਪੈ ਜ਼ਰੀ ਦੋਜ਼[1] ਬਡੇਰੇ। ਹੌਦ ਅੰਬਾਰਨ ਝਾਲਰ ਝੂਲਤਿ, ਝੂਲਤਿ ਦੇਵ ਮਨੋਹਰ ਹੇਰੇ ॥੨॥ ਚੱਕ੍ਰਿਤ[2] ਚੌਪਤਿ ਚੰਚਲ ਚਾਤੁਰ ਚੋਰਤਿ

[1]ਜ਼ਰੀ ਦੇ ਕੰਮ ਵਾਲੇ। [2]ਚਕ੍ਰਿਤ ਦਾ ਅਰਥ ਹੈ ਹੈਰਾਨ ਹੋ ਰਿਹਾ ਹੈ, ਮੁਰਾਦ ਕਾਹਲੇ ਪੈਣ ਤੋਂ ਹੈ। (ਅ) ਅਕਾਰਣ ਡਰ ਦੱਸਕੇ ਘੋੜੇ ਦਾ ਕਾਹਲਾ ਪੈਣਾ। [ਸੰਸ:, ਚਕਿਤ]।

ਚੀਤਨ ਚਾਉ ਚਈਲਾ। ਚੌਕਸ ਚਾਰਹੂੰ ਓਰਨ ਕੋ ਚਿਤਵੈਤਿ ਬਿਲੋਚਨ ਤੇ ਚਰਚੀਲਾ[1]। ਛਾਲ ਉਛਾਲ ਤੇ ਛੂਟਣ ਛੋਭਤਿ ਸੁੰਮ ਛੁਵੈਂ ਛਿਤ ਛਿਪ੍ਰ ਛਬੀਲਾ।ਪੌਨ ਕਹਾਂ, ਮ੍ਰਿਗਛੌਨ ਕਹਾਂ,ਗੁਰਦੇਵ ਕੋ ਗੌਨ ਤੁਰੰਗਮ ਨੀਲਾ[2] ॥੩॥[3]ਜੋਤਿ ਜਵਾਹਰ ਜਾਹਰ ਜ਼ੀਨ ਜਰਾਉ ਜਰਯੋ ਜਿਹ ਜੇਬ ਅਜਾਇਬ। ਝਾਲਰ ਕੋਰ ਜ਼ਰੀ ਚਹੁੰ ਓਰਨ,ਮੋਰ ਕੀ ਮੋਰਿਕੇ ਗ੍ਰੀਵ ਬਨਾਇਬ। ਛਾਦਨ ਅੰਗ ਛਕਯੋ ਛਬਿ ਸੰਗ ਸੁਰੇਸ਼ ਮਤੰਗ ਸੁਰੰਗ ਸੁਹਾਇਬ। ਭੂਖਣ ਬ੍ਰਿੰਦ ਬਿਭੂਖਣ ਤੇ ਬਨ* ਦੂਖਣ ਬਾਝ† ਗੁਰੂ ਢਿਗ ਆਇਬ[3]॥੪॥ਤੀਖਨ ਧਾਰ ਕ੍ਰਿਪਾਨ ਉਦਾਰ ਕ੍ਰਿਪਾ ਨਿਧਿ ਧਾਰਿ ਗਰੇ ਮਹਿਂ ਪਾਯੋ[4]।ਬ੍ਰਿੰਦ ਖਤੰਗਨਿਸੰਗ ਭਰਯੋ ਨਿਜ ਅੰਗ ਨਿਖੰਗ ਕਸਯੋ ਦਿਪਤਾਯੋ। ਚਾਂਪ ਗਹਯੋ ਕਰ ਆਪ ਅਰਿੰਦਮ[5], ਦੀਹ ਪ੍ਰਤਾਪ ਅਪਾਪ ਸੁਹਾਯੋ[6]।ਹੇਤੁ ਅਰੂਵਨਿ ਕੇ ਗੁਨ ਗੂੜ੍ਹ[7] ਉਠੇ ਪਿਖਿ ਰੂੜ੍ਹ ਜਬੈ ਹਯ ਆਯੋ[8]॥੫॥[9]ਝੂਲਤਿ ਝੂਮ ਝੁਕੇ ਕਲਗ਼ੀ ਸ੍ਰੁਤ

---

[1]ਚਰਚੀਲਾ=ਸ਼ਿੰਗਾਰਿਆ ਜਾ ਰਿਹਾ। (ਅ) ਚੰਚਲ। [2]ਇਸ ਛੰਦ ਦਾ ਅਰਥ ਐਉਂ ਹੈ:-ਚਾਉ ਵਿਚ ਚੜ੍ਹਿਆ ਚੰਚਲ ਤੇ ਚਾਤੁਰ (ਘੋੜਾ) ਖੁਸ਼ੀ ਹੁੰਦਾ ਹੋਇਆ ਕਾਹਲਾ ਪੈ ਰਿਹਾ ਹੈ ਤੇ (ਦੇਖਣ ਵਾਲਿਆਂ ਦੇ) ਚਿੱਤਾਂ ਨੂੰ ਚੁਰਾ ਰਿਹਾ ਹੈ। ਸ਼ਿੰਗਾਰਿਆ ਜਾ ਰਿਹਾ ਚੌਕਸ ਹੋਕੇ ਚਾਰੋਂ ਪਾਸੇ ਅੱਖਾਂ ਨਾਲ ਵੇਖਦਾ ਹੈ। ਜਦ ਛੁਟਦਾ ਹੈ ਤਾਂ ਤਮਕ ਵਿਚ ਆਇਆ ਛਾਲਾਂ ਵਿਚ ਉਛਲਦਾ ਹੈ (ਇਉਂ) ਕਿ ਧਰਤੀ ਤੇ ਸੁੰਮ ਇਸ ਤੇਜ਼ੀ ਨਾਲ ਛੁਹੰਦੇ ਤੇ ਸੁੰਦਰ ਲਗਦੇ ਹਨ (ਕਿ) ਗੁਰੂ ਜੀ ਦੇ ਨੀਲੇ ਘੋੜੇ ਦੀ ਚਾਲ ਨਾਲ ਹਵਾ ਕਿਥੇ ਤੇ ਹਰਨੋਟਾ ਕਿੱਥੇ (ਮੇਲ ਖਾ ਸਕਦੇ ਹਨ)। [3]ਜਾਹਰਾਤ ਦੇ ਜੜਾਊ ਨਾਲ-ਜਿਨ੍ਹਾਂ ਦੀ ਜ਼ੇਬਾਇਸ਼ (ਫਬਨ) ਅਸਚਰਜ ਹੈ-ਜੜੀ ਹੋਈ ਕਾਠੀ ਦੀ ਜੋਤ ਜਾਹਰ ਹੋ ਰਹੀ ਭਾਵ ਪ੍ਰਕਾਸ਼ ਰਹੀ ਹੈ। ਚਾਰੋਂ ਪਾਸੇ ਜ਼ਰੀ ਦੀ ਕੰਨੀ ਤੇ ਝਾਲਰ ਹੈ, (ਘੋੜਾ ਇਉਂ ਸ਼ਿੰਗਾਰਿਆ) ਮੋਰ ਵਾਂਙੂ ਮੋੜ (ਪਾ ਪਾਕੇ) ਗਿੱਚੀ ਨੂੰ ਬਣਾਉਂਦਾ ਹੈ। (ਜ਼ਰੀ ਦੋਜ਼ ਕਪੜੇ ਨਾਲ) ਅੰਗ ਢਕਿਆ (ਘੋੜਾ) ਸੁੰਦਰਤਾ ਨਾਲ ਮਸਤ ਹੋਇਆ ਹੋਇਆ (ਐਸਾ ਲਗਦਾ ਹੈ ਕਿ ਮਾਨੋਂ) ਇੰਦ੍ਰ ਦਾ ਹਾਥੀ ਸੁਹਣੇ ਰੰਗਾਂ ਵਿਚ ਸੁਹਾ ਰਿਹਾ ਹੈ। (ਸਭ ਤਰ੍ਹਾਂ) ਬੇਐਬ ਘੋੜਾ (ਫਿਰ ਸਭ (ਤਰ੍ਹਾਂ ਦੇ) ਗਹਿਣਿਆਂ ਨਾਲ ਭੂਸ਼ਤ ਹੋਕੇ ਗੁਰੂ ਜੀ ਦੇ ਪਾਸ ਆਇਆ ਹੈ। [4]ਗੁਰੂ ਜੀ ਨੇ ਗਲੇ ਵਿਚ ਪਾਈ। [5]ਕਮਾਨ ਹੱਥ ਵਿਚ ਫੜਿਆ ਵੈਰੀਆਂ ਦੇ ਨਾਸ਼ ਕਰਨ ਵਾਲੇ (ਗੁਰੂ ਜੀ ਨੇ)। [6]ਪਾਪ ਰਹਿਤ ਪ੍ਰਤਾਪ ਭਾਵ ਰੂਹਾਨੀ ਜਲਾਲ ਸ਼ੋਭਿਆ। [7]ਗੂੜ੍ਹੇ ਗੁਣਾਂ ਵਾਲੇ (ਸਤਿਗੁਰੂ ਜੀ)। [8]ਜਦੋਂ ਸੁੰਦਰ ਘੋੜਾ ਆਇਆ। [9](ਜਦ ਉਠੇ ਤਾਂ ਸੀਸ ਰਤਾ ਕੁ) ਝੁਕ ਕੇ (ਜੁ ਹਿੱਲਿਆ ਤਾਂ) ਕਲਗੀ ਝੂੰਮੀ ਤੇ ਕੰਨਾਂ ਦੇ ਕੁੰਡਲ ਝੂਲੇ (ਜਿਸ ਨਾਲ) ਮੁਖ ਮੰਡਲ (ਹੋਰ) ਸ਼ੋਭਨੀਕ ਹੋ ਗਿਆ। (ਅ) ਝੂਲਦੇ ਝੂਮਦੇ (ਕੁਛ) ਝੁਕ ਕੇ (ਜਦ ਉਠੇ ਤਾਂ......)।

*ਪਾ:-ਬਿਨ। †ਪਾ:-ਬਾਜ।

ਕੁੰਡਲ ਦ੍ਵੈ ਮੁਖ ਮੰਡਲ ਸ਼ੋਭ।ਸੂਖਮ ਚੀਰ ਸ਼ਰੀਰ ਸਜੈਂ, ਜਨੁ ਕੁੰਚਰ ਸੁੰਡ ਬਡੀ ਭੁਜ ਦੋਭਾ[1]।ਪਾਗ ਜਿਗਾਜਗ[2] ਜ਼ੇਬ ਜਵਾਹਰ ਦੀਪਤਿਦੇਖਿਕੈ ਕੌਨ ਨ ਲੋਭਾ।ਪ੍ਰੇਮ ਬਿਸਾਲ ਸਮੇਤ ਜੁ ਸਿੱਖਸ ਮਨੋ ਤਿਨ ਹੇਤੁ ਅਨੰਦ ਕੀਗੋਭਾ[3] ॥੬॥ ਪਾਇ[4] ਰਕਾਬ ਮੈਂ ਪਾਇ ਕ੍ਰਿਪਾ ਨਿਧਿ ਬਾਗ ਗਹੇ ਕਰ ਬਾਜ ਚਰੇ[5]। ਸ਼੍ਰੀ ਗੁਰੁ ਨਾਨਕ ਆਦਿ ਮਨਾਇ ਚਲੇ ਜਬਿ ਦੁੰਦਭਿ ਚੋਬ ਪਰੇ।ਨਾਦਿਸੁਨੇ ਸਭਿ ਸੈਨ ਉਤਾਇਲ ਹ੍ਵੈ ਸਵਧਾਨ ਕੋ ਸ਼ਸਤ੍ਰ ਧਰੇ।ਹੋਇ ਅਰੂਢਿ ਤੁਰੰਗਮ ਊਪਰ ਧਾਇ ਮਿਲੇ ਮਨ ਮੋਦ ਭਰੇ ॥੭॥ ਪੈਦਲ ਸੈਨ ਚਲੇ ਸਿਖ ਸੰਗਤਿ ਜੋ ਮੁਖ ਦੇਖਨਿ ਕੇ ਅਭਿਲਾਖੀ । ਪੰਚ ਸੈ ਸੰਗ ਉਦਾਸੀ ਫਕੀਰ ਕਰਾਹ ਕੀ ਦੇਗ ਲਹੈਂ ਗੁਰ ਆਖੀ[6]। ਔਰ ਬਹੀਰ ਚਲ੍ਯੋ ਸੰਗ ਦੀਰਘ ਕੌਨ ਗਿਨੈ ਗਿਨਤੀ ਕਰਿ ਸਾਖੀ[7] । ਕੁੰਜਰ ਘੰਟਨ ਕੇ ਠਣਕਾਰ ਤੁਰੰਗਮ ਪੌਰਨ ਧੂਲ ਉਡਾਖੀ[8] ॥ ੮ ॥ ਕੇਤਿਕ ਪੈਦਲ ਸੈਨ ਸੁਚੇਤ ਅਨੰਦਪੁਰੇ ਮਹਿਂ ਰਾਖਿ ਟਿਕਾਈ।ਸੂਰਜਮੱਲ ਕੇ ਨੰਦਨ ਦ੍ਵੈ ਤਿਨਕੋ ਸਵਧਾਨ ਕਰ੍ਯੋ ਤਿਸ ਥਾਂਈ। ਔਰ ਮਸੰਦ ਕੋ ਛੋਰਨਿ ਕੀਨਸਿ ਲੈ ਸੁਧਿ ਜੋ ਸਭਿ ਕੀ ਪਿਛਵਾਈ। ਦੂਰ ਲੌ ਸੰਗ ਗਏ ਸਗਰੇ ਪੁਨ ਧੀਰਜ ਭਾਖਿ ਕੈ ਦੀਨਿ ਹਟਾਈ ॥੯॥ ਆਇ ਗਏ ਪੁਰਿ ਕੀਰਤਿ ਮੈਂ ਗੁਰ ਪੂਰਨ ਪੂਰਬ ਕੀਨਿ ਨਿਵੇਸ਼ੂ। ਆਇਸੁ ਪਾਇ ਤਿਹਾਵਲ ਕੋ ਤਤਕਾਲ ਕਰ੍ਯੋ ਤਹਿਂ ਲ੍ਯਾਇ ਵਿਸ਼ੇਸ਼ੂ।ਸ਼੍ਰੀ ਹਰਿਗੋਵਿੰਦਕੇ ਇਸਥਾਨ ਗਏ ਗੁਰ ਗੋਬਿੰਦ ਸਿੰਘ ਸੁਰੇਸ਼ੂ।ਬੰਦਿ ਉਭੈ ਕਰ ਬੰਦਨ ਕੀਨਿ, ਦਯੋ ਵਰਤਾਇ ਬਿਸਾਲ ਅਸ਼ੇਸ਼ੂ[9]॥੧੦॥ਆਨ ਜਿ ਥਾਨ ਜਥੋਚਿਤ ਜਾਨਿ ਸਭੈ ਬਿਧਿ ਠਾਨਿ ਗਏ ਨਿਜ ਡੇਰੇ। ਜੋ ਪੁਰਿ ਕੀਰਤਿ ਕੇ ਨਰ ਨਾਰਿ ਗੁਰੂ ਦਰਸੇ ਰਿਦ ਮੋਦ ਘਨੇਰੇ। ਦੇਤਿ ਅਕੋਰ ਜਥਾ ਸ਼ਕਤੀ ਜਿਨ ਸੇਵਿਨਿ ਕੇ ਤਹਿਂ ਧਾਮ ਬਸੇਰੇ। ਰੈਨ ਮੈਂ ਖਾਨ ਰੁ ਪਾਨ ਕਰੇ ਹੁਇ ਨੀਂਦ ਬਸੀ ਪੁਨ ਜਾਗ ਸਬੇਰੇ ॥੧੧॥ਸੌਚ ਸ਼ਨਾਨ ਕੋ ਠਾਨਿ ਭਲੇ ਪਟ ਆਯੁਧ ਧਾਰਿ ਭਏ ਅਸਵਾਰ।ਬ੍ਰਿੰਦ ਤੁਰੰਗ ਮਤੰਗ ਸਜੇ ਬਡ ਬਾਜ ਉਠ੍ਯੋ ਰਣਜੀਤ ਨਗਾਰਾ

---

[1]ਦੋਹਾਂ ਭੁਜਾਂ ਦੀ (ਭਾ=) ਸ਼ੋਭਾ ਹਾਥੀ ਦੀ ਸੁੰਡ ਸਮਾਨ ਹੈਸੀ। [2]ਪ੍ਰਕਾਸ਼ਦੀ ਹੈ। [3]ਅਨੰਦ ਦੀ ਲਗਰ (ਭਾਵ ਫੁੱਲਾਂ ਵਾਲੀ ਡਾਲ ਸੁਹਾ ਰਹੀ ਹੈ)। [4]ਚਰਨ। [5]ਘੋੜੇ ਤੇ ਚੜ੍ਹੇ। [6]ਗੁਰਾਂ ਦੇ ਕਹੇ (ਅਨੁਸਾਰ) ਲੈਂਦੇ ਹਨ। [7]ਸੰਖ੍ਯਾ ਕਰਕੇ ਕੌਣ ਗਿਣਤੀ ਗਿਣੇ। (ਅ) ਅੱਖੀਂ ਦੇਖਕੇ ਕੌਣ ਗਿਣੇ। [8]ਉਡੀ।(ਅ) ਉਡਕੇ ਅੱਖਾਂ 'ਚ ਪਈ। [9]ਭਾਵ ਸਾਰਾ ਕੜਾਹ ਪ੍ਰਸ਼ਾਦ ਬਹੁਤਾ ਬਹੁਤਾ ਵਰਤਾਇਆ।

ਪੰਥ ਪ੍ਰਯਾਤ ਅਖੇਰਨ ਖੇਲਤਿ ਰੋਪਰ ਆਨਿ ਨਿਵੇਸ਼ ਕੋ ਡਾਰਾ। ਰਾਤਿ ਬਿਤਾਇ ਜਥਾ ਸੁਖ ਸੰਗ ਚਢੇ ਦਿਨ ਮੈਂ ਚਲਿ ਪੰਥ ਮਝਾਰਾ॥੧੨॥ਈਖਦ ਕੋਸ ਅਨੰਦ ਸੋਂ ਚਾਲਤਿ, ਰਾਤਿ ਮੈਂ ਘਾਲਤਿ ਦੀਰਘ ਡੇਰਾ। ਕੂਚ ਪੈ ਕੂਚ ਚਲੇ ਮਗ ਜਾਤਿ ਪਹਾਰਨਿ ਹੇਰਤਿ ਨੇਰ ਹੀ ਨੇਰਾ।ਪੰਥਉਲੰਘਿ ਗਏ ਜਬਿ ਕੇਤਿਕ ਸੈਲ ਸਮੀਪ ਭਾ ਨਾਹਨ ਕੇਰਾ। ਭੂਪਤਿ ਕੋ ਸੁਧਿ ਪ੍ਰਾਪਤਿ ਭੀ ਹੁਇ ਤਯਾਰ ਚਲ੍ਯੋ ਚਿਤ ਚਾਵ ਬਡੇਰਾ॥੧੩॥ਨਰਾਜ ਛੰਦ* ॥ ਚਲ੍ਯੋ ਸਮਾਜ ਸੰਗ ਲੀਨਿ ਸੈਨ ਕੋ ਬਨਾਇ ਕੈ। ਸੁ ਮੇਦਨੀ ਪ੍ਰਕਾਸ਼ ਭੂਪ ਦੂਤ ਕੋ ਮਿਲਾਇਕੈ।ਤਰੇ ਪਹਾਰ ਤੀਰ ਕੇ ਨਿਵੇਸ਼[1] ਜਾਨਿ ਦ੍ਯਾਲਕੋ।ਪਯਾਨ ਕੀਨਿ ਆਇ ਗੋ ਸਮੀਪ ਤਾਤਕਾਲ ਕੋ ॥ ੧੪ ॥ ਅਕੋਰ ਲੈ ਤੁਰੰਗ ਸੋਂ ਸੁ ਚੀਰ ਬ੍ਰਿੰਦ ਬਿੱਤ ਕੋ। ਮਿਲ੍ਯੋ ਸੁ ਹਾਥ ਜੋਰਿਕੈ ਅਨੰਦ ਕੀਨਿ ਚਿੱਤ ਕੋ।ਪਦਾਰ-ਬਿੰਦ ਬੰਦਨਾ ਕਰੀ ਸਰੂਪ ਦੇਖਿਓ। ਪ੍ਰਭੂ ਮੁਕੰਦ ਬੂਝਿਓ 'ਅਨੰਦ ਹੈ ਅਸ਼ੇਖਿਓ[2]?'॥੧੫॥[3]"ਖੁਸ਼ੀਗੁਰੂ ਸੁ ਰਾਵਰੀਪ੍ਰਮੋਦ ਮੋਹਿ ਦੀਨਿਓ।ਬਸੀਰਹੋ ਸਨੇਹ ਕੇ ਅਛੇਹ ਏਹ ਕੀਨਿਓ।ਦਯੋ ਦਿਦਾਰ ਆਨਿਕੈ ਨਿਹਾਲ ਕੈ ਸੰਭਾ-ਲਿਓ[4]। ਮਨੋਰਥਾਨ ਪੂਰਿਓ ਚਰੰਨ ਦੇਸ਼ ਘਾਲਿਓ ॥ ੧੬ ॥ ਪੁਨੀਤ ਭੌਨ ਕੀਜਿਯੇ ਲਖੋ ਸੁ ਦਾਸ ਮੋਹਿਕੋ। ਅਖੇਰ ਖੇਲ ਭਾਵਤੇ ਬਿਲੋਕਿ ਬ੍ਰਿੰਦ ਕੋਹ ਕੋ'। ਬਿਨੈ ਬਖਾਨਿ ਏਵ ਭੂਪ ਮੇਦਨੀ ਪ੍ਰਕਾਸ਼ਯਾ[5]।ਮੁਕੰਦ[6] ਕੀਨਿ ਤਯਾਰ ਕੋ ਸੁ ਲੈ ਚਲ੍ਯੋ ਅਵਾਸਯਾ[7] ॥ ੧੭ ॥ ਤੁਰੰਗ ਪੈ ਅਰੂਢਿ ਹ੍ਵੈ ਪਯਾਨ ਆਪ ਕੀਨਿਯੋ। ਕ੍ਰਿਪਾਲ ਸੰਗ ਮਾਤੁਲੰ ਕ੍ਰਿਪਾਲ ਪਾਛ ਚੀਨਿਯੋ[8]। ਗਏ ਬਿਖੰਮ ਪੰਥ ਥੋਰ ਊਚ ਪਾਇ ਡਾਲਤੇ[9]।ਸੁ ਮੇਦਨੀ ਪ੍ਰਕਾਸ਼ ਸਾਥ ਬੂਝਤੇ ਦਿਖਾਲਤੇ ॥ ੧੮ ॥ ਪੁਰੀ ਮਨੋਗ ਨਾਹਨੰ ਬਿਲੋਕਿ ਲੋਕ ਆਵਈਂ। ਪ੍ਰਭੂ ਪਦਾਰਬਿੰਦ ਕੇ ਸਮੀਪ ਸੀਸ ਨਯਾਵਈਂ।ਬਜ਼ਾਰ ਕੋ ਨਿਹਾਰਿਤੇ ਪ੍ਰਸੰਨ ਹ੍ਵੈ ਪਯਾਨਿਤੇ[10]। ਮਹੀਪ ਸੰਗ ਮੇਦਨੀ ਪ੍ਰਕਾਸ਼ ਕੋ ਬਖਾਨਤੇ ॥ ੧੯ ॥ 'ਪੁਰੀ ਪਹਾਰ ਸੀਸ ਪੈ[11] ਬਿਸਾਲ ਸ਼ੋਭ ਪਾਵਹੀ। ਸੁ ਡੀਠ ਦੂਰਿ ਜਾਤਿ ਹੈ, ਮਹੀਰੁਹੰ

[1]ਵਾਸਾ। [2]ਸਭ ਤਰ੍ਹਾਂ ਕੁਸ਼ਲ ਹੈ ? [3]ਰਾਜਾ ਕਹਿੰਦਾ ਹੈ:-। [4]ਸੰਭਾਲ ਕੇ ਨਿਹਾਲ ਕੀਤਾ ਹੈ। [5]ਮੇਦਨੀ ਪ੍ਰਕਾਸ਼ ਨੇ। [6]ਭਾਵ ਗੁਰੂ ਜੀ ਨੂੰ। [7]ਘਰ। [8]ਨਾਲ ਮਾਮਾ ਕ੍ਰਿਪਾਲ ਜੀ ਨੂੰ ਸ੍ਰੀ ਗੁਰੂ ਜੀ ਨੇ ਪਿੱਛੇ ਦੇਖਿਆ। [9]ਚੜ੍ਹਾਈ ਚੜ੍ਹਦੇ। [10]ਜਾ ਰਹੇ ਹਨ। [11]ਪਹਾੜ ਦੀ ਚੋਟੀ ਉਤੇ।

*ਕਈ ਲਿਖਤੀ ਨੁਸਖਿਆਂ ਵਿਚ ਇਸ ਨੂੰ ਤ੍ਰਿਭੰਗੀ ਤੇ ਰਸਾਵਲ ਛੰਦ ਬੀ ਲਿਖਿਆ ਹੈ ਜੋ ਅਸ਼ੁੱਧ ਹੈ।

ਸੁਹਾਵਹੀ। ਬਸੰਤਿ ਥੋਰ ਥਾਨ ਮੈਂ, ਮਹਾਨ ਹੈ ਉਜਾਗਰੀ[1]। ਬਿਭੂਖਨਾਦਿ ਧਾਰਿਬੇ ਸੁ ਬੇਸੁ ਬੇਸ ਨਾਗਰੀ[2] ॥ ੨੦ ॥ ਦੋਹਰਾ ॥ ਕਰਤਿ ਬਤਕ ਇਮ ਨਗਰ ਕੀ ਮਹਿਪਾਲਕ ਕੇ ਸਾਥ। ਗਮਨੇ ਰੁਚਿਰ ਸਥਾਨ ਮਹਿਂ ਡੇਰੇ ਹਿਤ ਗੁਰ ਨਾਥ ॥ ੨੧ ॥ ਤੋਟਕਛੰਦ ॥ ਕਰ ਜੋਰਿ ਨਰੇਸ਼੍ਵਰ ਬਾਕ ਕਹੈ। 'ਬਿਸ-ਰਾਮ ਕਰੋ ਇਸਥਾਨ ਅਹੈ'। ਉਤਰੇ ਸੁਨਿ ਛੋਰਿ ਤੁਰੰਗ ਬਲੀ। ਪਰਯੰਕ ਥਿਰੇ ਤਹਿਂ ਭਾਂਤਿ ਭਲੀ ॥ ੨੨॥ ਚਿਰ ਕੇਤਿਕ ਬੈਠਿ ਮਹੀਪ ਗਯੋ। ਹਿਤ ਸੇਵ ਸਮਾਜ ਪਠਾਇ ਦਯੋ। ਘ੍ਰਿਤ ਚੂਨ ਸਿਤਾ ਬਹੁ ਤਯਾਰ ਕੀਏ। ਜੁਤਿ ਚਾਵਰਿ ਸੂਖਮ ਭੇਜਿ ਦੀਏ ॥੨੩॥ ਤ੍ਰਿਣ ਆਦਿਕ ਚਾਹੁ ਹੁਤੀ ਸੁ ਜਿਤੀ। ਕਰਿ ਤੂਰਨ ਦੀਨਿ ਪਠਾਇ ਤਿਤੀ। ਨ੍ਰਿਪ ਕੋ ਪਰਧਾਨ ਸਮੀਪ ਰਹਯੋ। ਤਤਕਾਲ ਦਯੋ ਜਿਨ ਜੋਇ ਚਹਯੋ॥੨੪॥ ਸਭਿ ਰੀਤਿ ਕਰੀ ਬਹੁ ਸੇਵ ਤਬੈ। ਮਧੁਰੇ ਤੁਰਸ਼ਾਨ ਅਚਾਰ ਸਬੈ। ਫਲ ਫੂਲ ਪਠੇ ਨਿਜ ਬਾਗਨ ਤੇ। ਸੁਧਿ ਲੇਤਿ ਸਭੀ ਅਨੁਰਾਗਨ ਤੇ ॥ ੨੫ ॥ ਦਲ ਬ੍ਰਿੰਦ ਬਿਖੈ ਬਹੁ ਬਾਰਿ ਫਿਰਯੋ। ਪਹੁੰਚਯੋ ਸਭਿ ਪਾਸ ਪ੍ਰਮੋਦ ਕਰਯੋ। ਇਮ ਖਾਨ ਰੁ ਪਾਨ ਸੁ ਸੈਨਹਿ ਮੈਂ[3]। ਸੁਪਤੇ ਸੁਖ ਪਾਇ ਸੁ ਰੈਨਹਿ ਮੈਂ ॥੨੬॥ ਭੁਨਸਾਰ ਬਡੀ ਸਭਿ ਜਾਗ ਰਹੇ। ਸਿਮਰੈਂ ਸਤਿਨਾਮ ਅਨੰਦ ਲਹੇ। ਬਹੁ ਗਾਇੰ ਗਿਰਾ ਗੁਰ ਕੀ[4] ਸੁਖ ਸੋਂ। ਜਿਸ ਤੇ ਬਚਿ ਅੰਤਕ ਕੈ ਦੁਖ ਸੋਂ[5]॥੨੭॥ ਕਲਗੀਧਰ ਸ਼ੌਚ ਸ਼ਨਾਨ ਕਰੇ। ਬਰ ਬਸਤਰ ਸ਼ਸਤ੍ਰਨ ਅੰਗ ਧਰੇ। ਜਬਿ ਦਯੋਸ ਚਢਯੋ ਪਰਯੰਕ ਥਿਰੇ। ਸਭਿ ਆਇ ਨਮੋ ਕਰਿ ਮੋਦ ਭਰੇ ॥੨੮॥ ਮਿਦਨੀ ਪਰਕਾਸ਼ ਨਰੇਸ਼ ਤਬੈ। ਬਰ ਬੀਰ ਅਮਾਤਨ ਸੰਗ[6] ਸਬੈ। ਹੱਥਯਾਰਨ ਕੋ ਧਰਿ ਆਇ ਗਯੋ। ਕਰ ਬੰਦਿ ਮਹੀਪ ਸਮੀਪ ਭਯੋ॥੨੯॥ ਪਗ ਪੰਕਜ ਕੋ ਪਰਨਾਮ ਕਰਯੋ। ਗੁਰ ਆਇਸੁ ਤੇ ਢਿਗ ਬੈਠਿ ਥਿਰਯੋ। 'ਥਲ ਸੈਲ ਭਲੇ ਫਿਰ ਸੈਲ ਕਰੋ। ਬਨ ਬੀਚ ਅਖੇਰ ਬਿਲਾਖ ਧਰੋ ॥੩੦॥ ਸਮੁਦਾਇ ਫਿਰੈਂ ਮ੍ਰਿਗ ਜਾਤਿ ਘਨੀ। ਪਰਚੌ

---

[1]ਵਸਦੀ ਹੈ ਥੋੜੇ ਥਾਂ ਵਿੱਚ ਪਰ ਮਸ਼ਹੂਰ ਬਹੁਤ ਹੈ। [2]ਗਹਿਣਿਆਂ (=ਸਜਾਵਟਾਂ) ਦੇ ਧਾਰਨ ਵਾਲੀ ਤੇ ਸੁਹਣੇ ਵੇਸ ਪਹਿਨਣ ਵਾਲੀ ਇਹ ਨਗਰੀ ਹੈ। [ਨਾਗਰੀ ਦਾ ਅਰਥ ਏਥੇ ਇਸਤ੍ਰੀ ਕਰਨਾ ਠੀਕ ਨਹੀਂ ਅੰਕ ੧੯ ਮੁਕਦਿਆਂ ਸਾਰ ਪੁਰੀ ਦੀ ਸ਼ੋਭਾ ਸ਼ੁਰੂ ਹੋਈ ਹੈ ਤੇ ਅੰਕ ੨੧ ਵਿਚ ਫਿਰ ਦੱਸਦੇ ਹਨ ਕਿ ਇਉਂ ਨਗਰੀ ਦੀਆਂ ਗਲਾਂ ਕਰਦੇ ਜਾ ਰਹੇ ਹਨ, ਸੋ ਨਾਗਰੀ ਦਾ ਏਥੇ ਨਿਸਚੇ ਅਰਥ ਨਗਰੀ ਹੈ]। [3]ਸੈਨਾ ਵਿਚ ਹੋਇਆ। [4]ਗੁਰੂ ਜੀ ਦੀ ਬਾਣੀ। [5]ਜਿਸ (ਗੁਰ ਬਾਣੀ) ਕਰਕੇ ਜਮ ਦੇ ਦੁਖ ਤੋਂ ਬਚ ਜਾਈਦਾ ਹੈ। [6]ਵਜ਼ੀਰਾਂ ਨਾਲ।

ਬਿਚਰੰਤਿ ਸੁ ਲੇਹੁ ਹਨੀ[1]।ਚਿਤ ਗਾਵਰ ਕੇਰਿ ਖੁਸ਼ੀ ਜਿਤ ਹ੍ਵੈ।ਥਿਰਿਬੇਹਿਤ ਥਾਨ ਪਿਖੇ ਤਿਤ ਹ੍ਵੈ ॥ ੩੧ ॥ ਅਟਕਾਉ ਨਹੀਂ ਕਿਤ ਕੋ ਹਮਰੇ। ਚਿਤ ਚਾਹਤਿ ਮੋਦ ਵਧੈ ਤੁਮਰੇ। ਕਰਿ ਲੇਹੁ ਪਸਿੰਦ ਬਿਲੋਕਨ ਕੈ। ਗਢ[2] ਪਾਇ ਲਿਜੈ ਰਿਪੁ ਰੋਕਨਿ ਕੈ' ॥੩੨॥ਸੁਨਿ ਸ਼੍ਰੋਨ ਗੁਰੂ ਤਿਹ ਵਾਕ ਕਹ੍ਯੋ।'ਜਹਿਂ ਤੈਂ ਸ਼ੁਭ ਥਾਨ ਬਿਲੋਕਿ ਲਹ੍ਯੋ। ਤਿਤ ਸੰਗ ਚਲੋ ਚਢਿ ਕੈ ਹਮਰੇ। ਸਭਿ ਭੇਦ ਰਿਦੇ ਬਿਦਤ੍ਯੋ ਤੁਮਰੇ॥੩੩॥ਤਿਤ ਹੇਰਿ ਅਖੇਰ ਸੁ ਖੇਲਹਿਂਗੇ। ਗਨ ਬਾਜ ਰੁ ਸ੍ਵਾਨ ਸੁ ਪੇਲਹਿਂਗੇ[3]'।ਕਰ ਜੋਰਿ ਨਰੇਸ਼ੂਰ ਬਾਤ ਕਹੀ। 'ਧਨ ਭਾਗ ਅਹੈਂ ਮੁਹਿ ਸੰਗ ਚਹੇ[4] ॥੩੪॥ ਦਿਨ ਆਜ ਮੁਕਾਮ ਇਹਾਂ ਕਰਿਯੋ। ਭੁਨ-ਸਾਰ ਭਏ ਇਤ ਤੇ ਚਰਿਯੋ।ਸਭਿ ਥਾਨ ਦਿਖਾਵਨਿ ਆਪ ਕਰੌਂ।ਤੁਮ ਹੋਹਿ ਖੁਸ਼ੀ ਚਿਤ ਚਾਹਿ ਧਰੌਂ' ॥੩੫॥ ਇੱਤ੍ਯਾਦਿਕ ਵਾਕ ਅਨੇਕ ਕਹੇ। ਚਿਰ-ਕਾਲ ਸਰੂਪ ਬਿਲੋਕਿ ਰਹੇ। ਕਰ ਬੰਦਨ ਕੋ ਨਿਜ ਧਾਮ ਗਯੋ।ਸਮ ਪੂਰਬ ਸੇਵ ਕਰੰਤਿ ਭਯੋ ॥ ੩੬ ॥ ਹਰਖ੍ਯੋ ਦਲ ਭੂਪ ਸਰਾਹਤਿ ਹੈ। ਪਿਖਿ ਦੇਸ਼ ਵਿਸ਼ੇਸ਼ਹਿ ਚਾਹਤਿ ਹੈ। ਦਿਨ ਰੈਨ ਮੁਕਾਮ ਤਹਾਂ ਕਰਿਕੈ। ਭੁਨਸਾਰ ਭਈ ਸੁਚਿਤਾ ਧਰਿਕੈ ॥ ੩੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਨਾਹਣ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚ ਚਤ੍ਵਾਰਿੰਸਤੀ ਅੰਸੂ ॥ ੪੫ ॥

੪੬. [ਜਮਨਾ ਦੇ ਕੰਢੇ ਥਾਂ ਪਸੰਦ ਕਰਨੀ]।

ਦੋਹਰਾ ॥ ਬਜ੍ਯੋ ਨਗਾਰਾ ਕੂਚ ਕੋ ਜ਼ੀਨ ਤੁਰੰਗਨਿ ਪਾਇ। ਭਯੋ ਤ੍ਯਾਰ ਡੇਰਾ ਸਕਲ ਉਤ ਨਾਹਣਪਤਿ ਰਾਇ॥੧॥ਕਬਿੱਤ॥ਖੇਲਿਬੇ ਅਖੇਰ ਕੋ ਸਮਾਜਿ ਗਾਜਿ ਲੀਨਿ ਬਾਜ[5] ਬਾਜ ਪੈ ਅਰੂੜ ਹ੍ਵੈ[6] ਗੁਰੂ ਕੇ ਤੀਰ ਆਯੋ ਹੈ। ਕੀਨਿ ਪਦ ਬੰਦਨਾ ਆਨੰਦ ਹ੍ਵੈ ਮੁਕੰਦ ਜਾਨਿ, ਚਢੇ ਪ੍ਰਭੁ ਬਾਹ ਕਰਿ ਤੂੰਦ ਕੋ ਚਲਾਯੋ ਹੈ। ਬਾਜਤਿ ਨਗਾਰੇ ਗਿਰ ਭਾਰੇ ਭਾਰੇ ਨਾਦਤਿ ਹ੍ਵੈ[7], ਕਾਨਨ ਪਧਾਰੇ ਗਨ ਪਾਦਪ[8] ਸੁਹਾਯੋ ਹੈਂ। ਮ੍ਰਿਗ ਕੋ ਪ੍ਰਹਾਰੈਂ ਛੋਰਿ ਤੁਪਕ ਪ੍ਰਹਾਰੇ ਕੇਈ, ਗੁਰੂ ਬਾਨ ਮਾਰੇ ਨਹੀਂ ਕੋਊ ਜਾਨਿ ਪਾਯੋ ਹੈ ॥ ੨ ॥ ਗਿਰਵਰ ਤਰੇ ਤਰੇ ਤਰੋਵਰ ਤਰਾ ਤਰ, ਬਾਟ ਅਰੁ ਪੀਪਰ ਬਰਨਬਰ ਜਾਲਹੈਂ[9]। ਹਰੜ,

---

[1]ਮਾਰ ਲਓ। [2]ਕਿਲ੍ਹਾ। [3]ਦਬਾਵਾਂਗੇ। [4]ਜੋ (ਆਪ ਨੇ) ਮੇਰਾ ਸੰਗ ਚਾਹਿਆ ਹੈ। [5]ਰਾਜਾ ਬਾਜ ਆਦਿ ਸਮਾਜ ਲੈਕੇ। [6]ਘੋੜੇ ਪਰ ਚੜ੍ਹਕੇ। [7]ਭਾਰੀ ਪਹਾੜ ਭਾਰੀ ਗੂੰਜਦੇ ਹਨ। [8]ਬ੍ਰਿਛ। [9]ਪਹਾੜ ਦੇ ਹੇਠ ਹੇਠ ਬ੍ਰਿੱਛ ਹਨ (ਤਰਾ ਤਰ=) ਬਹੁਤੇ ਬੋਹੜ ਤੇ ਪਿਪਲ (ਆਦਿਕ) ਸਾਰੇ ਸ਼੍ਰੇਸ਼ਟ ਰੰਗ ਦੇ ਹਨ।

ਬਹੇੜੇਖਰੇ ਆਂਵਰੇ[੧]ਉਚੇਰੇ ਪੀਨ,ਸਜੰਦਨ[੨]* ਬਡੇਰੇ ਪੈ ਘਨੇਰੇ ਕ੍ਰਿਤਮਾਲ[੩] ਹੈਂ। ਕਦਰ[੪], ਖਦਰ[੫], ਗਨ ਕਦਲੀ[੬], ਕਟਰ[੭], ਜੰਬੂ[੮], ਸਿੰਸਾ[੯], ਕਦੰਬ[੧੦], ਸੋ ਮਧੂਕ[੧੧], ਕਚਨਾਲ ਹੈਂ । ਉਗੇ ਸੁ ਏਕਨਾਲ[੧੨], ਉਦਾਲਕ[੧੩], ਰਸਾਲ[੧੪] ਹੈਂ, ਸਰਲ[੧੫], ਦੀਹ ਸਾਲ[੧੬] ਹੈਂ, ਕਨੇਰੇ ਫੂਲ ਮਾਲ ਹੈਂ[੧੭]॥੩॥ ਫਲੇ ਫਲ ਫੂਲਨਿ ਸੋਂ[੧੮], ਝੁਕੇ ਝੁਪ[੧੯]ਝੂਲਨਿ ਸੋਂ, ਗਾਢੇ ਤੀਨ ਮੂਲਨਿ ਸੋਂ[੨੦]ਖਰੇ ਏਕਸਾਰ ਹੈਂ। ਪਾਤਨ ਨਿਪਾਤ ਹੈਂ, ਅਨੇਕ ਪਾਤ ਜਾਤਿ ਹੈਂ[੨੧],ਦਿਪਤ ਬਹੁ ਭਾਂਤਿ ਹੈਂ ਸੁ ਆਰੂ ਤੇ ਅਨਾਰ ਹੈਂ। ਬਾਤਪੋਤ[੨੨], ਤਿੰਦਕ[੨੩], ਸਪਤਦਲ[੨੪], ਸਿੰਧਕ[੨੫] ਹੈਂ, ਇੰਗੁਦੀ[੨੬], ਉਦਾਲਕ[੧੩], ਤਿਲਕ[੨੭],ਦੇਵਦਾਰ[੨੮] ਹੈ। ਵਧੇ ਸਮੂਹ ਡਾਰ ਹੈਂ, ਅਧਿਕ ਬਿਸਤਾਰ ਹੈਂ, ਬਹੇ ਸੁ ਬਹੁ ਬਾਰਿ ਹੈ[੨੯],ਬਿਸਾਲ ਗੁਲਜ਼ਾਰ ਹੈ॥੪॥ ਸੈਯਾ ॥ ਕੋਰਨ ਕੇ ਮੁਖ ਚੌਮੁਕਲੇ ਬਿਕਸੇ ਰੰਗ ਫੂਲਨ ਕੋਰਨ ਕੇ।ਕੋਰਨ ਕੇ ਧਰਤਾ ਤਰੁ ਰਾਜਤਿ ਬਾਜਤਿ ਪਾਤਿ ਪਤੋਰਨ ਕੇ।ਤੋਰਨ ਕੇ ਨਹਿ ਦਾਇਬਡੇ ਫਲ ਬੂਟਬਿਸਾਲ ਬਿਜੋਰਨ ਕੇ। ਜੋਰਨ ਕੇ ਸਿਖਰੇ ਜਨੁ ਗੰਦਤਿ ਬਾਯੁ ਕੇ ਬੇਗ ਅਕੋਰਨ ਕੇ† ॥੫॥ ਚਿਤ੍ਰਪਦਾਛੰਦ॥ ਮੋਰ ਬਿਸਾਲ ਅਨੇਕ ਬਿਹੰਗ ਕਬੂਤਰ ਕੋਕਿਲ[੩੦] ਕੀਰ ਅਘੋਰ।ਘੋਰਨਿ ਤੇ ਘਨ ਬੋਲ ਉਠਹਿਂ ਪਿਕ,ਚਾਤ੍ਰਿਕ ਔ ਚਕਵਾਨਨ ਸ਼ੋਰ। ਸੋ ਰਹਿਂ ਸੇਵਤਿ ਕਾਨਨ ਕੋ ਨਿਤ ਦੰਪਤਿ ਕੀ ਮਿਲਿ ਕੈ ਬਰ[੩੧]

---

[੧]ਆਮਲੇ। [੨]ਤਿਨੀਖ ਬ੍ਰਿੱਛ। (ਅ) ਗਿਆਨੀ ਇਸ ਦਾ ਅਰਥ ਤੁਣ ਵੀ ਕਰਦੇ ਹਨ। [੩]ਅੰਬਲ-ਤਾਸ। [੪]ਚਿੱਟੀ ਖੈਰ। [੫]ਖੈਰ। [੬]ਕੇਲੇ। [੭]ਕਟਹਿਰ। [੮]ਜਾਮਨੂੰ। [੯]ਟਾਹਲੀ। [੧੦]ਇਕ ਬ੍ਰਿੱਛ ਜਿਸ ਨੂੰ ਬਰਸਾਤ ਵਿਚ ਗੋਲ ਗੋਲ ਪੀਲੇ ਫੁੱਲ ਲਗਦੇ ਹਨ। [੧੧]ਮਹੂਏ। [੧੨]ਭਾਵ ਨਾਲੋ ਨਾਲ ਉੱਗੇ ਹੋਏ ਹਨ। [੧੩]ਲਸੂੜੀ [ਸੰਸ:, ਉਦ੍ਵਾਲ]। [੧੪]ਅੰਬ। [੧੫]ਸਿੱਧੇ (ਅ) ਪੂਤੀਕਾਸਟ ਨਾਮੇ ਬ੍ਰਿੱਛ।(ੲ) ਚੀੜ ਜਿਸ ਵਿਚੋਂ ਗੰਦਾ ਬਰੋਜ਼ਾ ਨਿਕਲਦਾ ਹੈ [੧੬]ਲੰਮੇ ਸਾਲ ਬ੍ਰਿੱਛ। [੧੭]ਕਨੇਰ ਦੇ ਫੁੱਲਾਂ ਦੀਆਂ ਪੰਗਤੀਆਂ ਹਨ। [੧੮]ਫਲਾਂ ਫੁੱਲਾਂ ਨਾਲ। [੧੯]ਸਮੂਹ। [੨੦]ਮੁੱਢਾਂ ਤੋਂ ਬਹੁਤ ਮੋਟੇ। [੨੧]ਪੱਤੇ ਡਿਗਦੇ ਹਨ, ਅਨੇਕਾਂ ਜਾਤਾਂ ਪਾਤਾਂ ਦੇ ਹਨ। [੨੨]ਛਿੱਛਰਾ, ਪਲਾਸ [ਸੰਸ:, ਵਾਤ-ਪੋਥ]। [੨੩]ਤੇਂਦੂ, ਆਬਨੂਸ ਦੀ ਇਕ ਕਿਸਮ ਦਾ ਪੇੜ।(ਅ) ਪੀਲਕ। [੨੪]ਛਤਵਨ ਦਾ ਬੂਟਾ। ਵਿਸ਼ਾਲ ਤ੍ਵਚ; ਸਪਤ ਪੁਣਾ। [੨੫]ਸੰਭਾਲੂ। [੨੬]ਹਿੰਗੋਟ ਨਾਮੇ ਬ੍ਰਿਛ। ਤਾਪਸ ਤਰੂ। (ਅ) ਜੀਆ ਪੋਤਾ [ਸੰ:, ਇਂਗੁਦੀ]। [੨੭]ਸ੍ਰੀ ਮਤ ਨਾਮੇ ਬੂਟਾ। (ਅ) ਪੁੰਨਾਗ ਦੀ ਇਕ ਜਾਤੀ। (ੲ) ਫੁਲਾਹ। [੨੮]ਦਿਆਰ। [੨੯]ਬੜੀ ਵਾਯੂ ਵਗਦੀ ਹੈ। [੩੦]ਕੋਇਲ। [੩੧]ਨਰ ਮਾਦਾ ਦੇ ਸੁਹਣੇ ਸੁਹਣੇ ਜੋੜੇ ਮਿਲਕੇ।

*ਪਾ:—ਸਜੰਮਲ।

†ਇਹ ਸੈਯਾ ਰਾਸ ੧੧ ਅੰਸੂ ੪੯ ਅੰਕ ੧੯ ਵਿਚ ਆ ਚੁਕਾ ਹੈ, ਸਾਰੇ ਦੇ ਅਰਥ ਉਥੇ ਦਿਤੇ ਹੋਏ ਹਨ।

ਜੋਰਾਜੋਰ ਕਰੇ ਰਵ ਕੂੰਜਤਿ ਹੈਂ,ਰੁਚਿ ਪੂਜਤਿ ਬੈਠਤਿਹੈਂ ਪਰ ਮੋਰਿ[੧]*॥੬॥
ਦਾਇਕ ਜੇ ਸੁਖ, ਸੁੰਦਰ ਹੈਂ ਮੁਖ, ਹੀਨ ਰਹੈਂ ਦੁਖ ਤੇ ਹਰਖਾਇ[੨]। ਖਾਇ
ਸਦਾਮਨ ਭਾਵਤਿ ਜੇਵਲ,ਭੌਰ ਗੁੰਜਾਰਤਿਹੈਂਅਕੁਲਾਇ[੩]।ਲਾਇਕਜੇਮਨ
ਪ੍ਰੇਮ ਧਰੇ, ਮਨ ਪੀਨ ਭਏਤਨ ਜੇ ਬਿਰਧਾਇ। ਧਾਇ ਕਹਾਂ[੪] ਮ੍ਰਿਗ ਮਾਲ
ਫਿਰੈ,ਗ੍ਰਿਝ, ਰੋਝ[੫] ਝੰਖਾਰਨ[੬] ਕੇ ਸਮੁਦਾਇ†॥੭॥ਕੇਹਰਿ ਭਾਲਕਡੋਲਤਿ
ਹੈਂ ਗਜ ਬੋਲਤਿ ਹੈਂ ਕਰਨੀ ਅਵਿਲੋਕ॥ਇੰਗਦ ਦੀਰਘ ਸੂਕਰ ਧਾਰਤਿ[੭]
ਬ੍ਰਿੰਦ ਸਸੇ ਸੁ ਬਸੇ ਕਰਿ ਓਕ[੮]। ਸ਼੍ਰਿੰਗ ਉਤੰਗ ਝੰਖਾਰਨ ਕੇ[੯], ਪਲਪੀਨ[੧੦]
ਫਿਰੈਂ ਕਿਤਹੂੰ ਨਹਿਂ ਰੋਕ।ਤੀਤਰ,ਆਰਨ ਚੂਰ[੧੧],ਬਟੇਰਨ,ਜਾਇ ਸਕੈਂ ਨ
ਜਹਾਂ ਬਹੁ ਲੋਕ‡॥੮॥ਕਬਿੱਤ॥ ਲੈਕੇ ਸੰਗ ਨਾਹਟੇਸ਼ ਗੁਰੂ ਜਗਤੇਸ਼ ਹੂੰ ਕੋ,
ਖੇਲਿਬੇ ਅਖੇਰ ਕੇ ਬਹਾਨੇ ਬਨ ਗਾਹਈ। ਫਿਰੈ ਦੂਰ ਦੂਰ ਲੌ ਹਜ਼ੂਰ ਸੋਂ
ਬਖਾਨੈ ਬਾਕ'ਹੇਰੋ ਪ੍ਰਭੁ ਪੂਰਨ ਜਹਾਂ ਕੋ ਚਿਤ ਚਾਹਈ।ਹੋਇ ਸਭਿ ਰੀਤਿ
ਸੁਖ,ਕੋਈ ਰੁਤ ਮੈਂ ਨ ਦੁਖ,ਦੀਜੈਫੁਰਮਾਇਮੁਖ:-ਇਹਾਂ§ ਨਿਰਬਾਹਈ[੧੨]
-। ਤਹਾਂ ਘਾਲਿ ਡੇਰਾ ਕਰੋ ਅਨੰਦ ਬਸੇਰਾ ਨਿਤ, ਨਗਰ ਬਡੇਰਾ ਬਨੈ
ਆਪ ਜੋ ਉਮਾਹਈ[੧੩]'॥੯॥ ਊਚ ਨੀਚ ਥਾਨ ਫਿਰੇ ਗੁਰੂ ਭਗਵਾਨ ਬਹੁ
ਮਨ ਮੈਂ ਬਿਲੰਦ ਹੀ ਪਸੰਦ ਕੋ ਨ ਆਵਈ।ਬਿਚਰਤਿ ਗਏ ਰੰਮ[੧੪]ਜਮੁਨਾ
ਪ੍ਰਵਾਹ ਜਹਾਂ, ਹੇਰਿ ਹਰਖਾਨੇ ਨੀਰ ਅਧਿਕ ਸੁਹਾਵਈ। ਦੀਰਘ ਜੁ ਦੂਨ
ਤਾਂ ਕੀ ਦੁਤਿਕੌਚਊਨ[੧੫]ਕਰੈ,ਲੋਕਨ ਤੇ ਸੂੰਨ[੧੬] ਬਨ ਜਹਾਂ ਦ੍ਰਿਸ਼ਟਾਵਈ।
ਸਭਿ ਜੀ ਕੇ ਹਾਰ ਹੈ ਕਿ ਸਬਜ਼ੀ ਬਹਾਰ ਹੈ ਸੁ ਮੰਜੁਸ ਬਿਹਾਰ ਹੈ[੧੭] ਅਨੰਦ

[੧]ਉੱਚੀ ਅਵਾਜ਼ ਕਰਕੇ ਕੂਜਦੇ ਹਨ, (ਜਿਨਾਂ ਦੀ) ਰੁਚੀ ਪੂਰਨ ਹੋ ਰਹੀ ਹੈ, ਉਹ ਪਰ ਮੋੜ ਮੋੜ ਕੇ ਬੈਠਦੇ ਹਨ। [੨]ਜਿਨ੍ਹਾਂ ਦੇ ਮੂੰਹ ਸੁਹਣੇ ਹਨ ਤੇ ਸੁਖਾਂ ਦੇ ਦੇਣ ਵਾਲੇ ਹਨ ਤੇ ਜੋ ਦੁੱਖਾਂ ਤੋਂ ਹੀਨ ਹੋਕੇ ਹਰਖ ਵਿਚ ਰਹਿਦੇ ਹਨ (ਪੰਛੀ)। [੩]ਕਾਹਲੀ ਨਾਲ। [੪]ਕਿਧਰੇ ਤਾਂ ਦੌੜਦੀ ਫਿਰਦੀ ਹੈ। [੫]ਨੀਲਗਾਏ। [੬]ਬਾਰਾਸਿੰਗਾ। [੭]ਵਡੀਆਂ ਵਡੀਆਂ ਹੁੱਡਾਂ ਸੂਰ ਧਾਰਦੇ ਹਨ। [੮]ਘਰ ਬਣਾ ਕੇ ਰਹਿੰਦੇ ਹਨ। [੯]ਬਾਰਾਸਿੰਗਿਆਂ ਦੇ। [੧੦]ਮੋਟੇ ਮਾਸ ਵਾਲੇ। [੧੧]ਕੁੱਕੜ। [੧੨]ਏਥੇ ਨਿਰਬਾਹ ਹੋ ਜਾਵੇਗਾ। [੧੩]ਜੇ ਆਪ ਚਾਹੋਗੇ। [੧੪]ਸੁੰਦਰ। [੧੫]ਚਉਗਣਾ। [੧੬]ਭਾਵ ਏਕਾਂਤ। [੧੭]ਸਭ ਦੇ ਜੀ ਦੇ ਹਰਨਹਾਰੀ ਹਰਿਆਵਲ ਦੀ ਬਹਾਰ ਹੋ ਰਹੀ ਹੈ ਤੇ ਮਨੋਹਰ ਵਿਚਰਦੀ ਹੈ (ਜਮੁਨਾ) [ਸਿਸ:, ਮੰਜੁ=ਮਨੋਹਰ]।

*ਇਹ ਛੰਦ ਬੀ ਪਿਛੇ ਥੋੜੇ ਥੋੜੇ ਪਾਠਾਂ ਦੇ ਫਰਕ ਨਾਲ ਰਾਸ ੧੧ ਅੰਸੂ ੪੯ ਅੰਕ ੨੧ ਵਿਚ ਆ ਚੁੱਕਾ ਹੈ, ਸਾਰੇ ਦੇ ਅਰਥ ਉਥੇ ਤੱਕੋ। +ਪਾਠਾਂਤ੍ਰ ਭੇਦ ਨਾਲ ਇਹ ਛੰਦ ਰਾਸ ੧੧ ਅੰਸੂ ੪੯ ਅੰਕ ੨੨ ਵਿਚ ਵੀ ਆ ਚੁੱਕਾ ਹੈ ਅਰਥ ਵੀ ਓਥੇ ਦਿਤੇ ਹਨ। ‡ਪਾਠ ਦੇ ਥੋੜੇ ਥੋੜੇ ਫਰਕ ਨਾਲ ਰਾਸ ੧੧ ਅੰਸੂ ੪੯ ਅੰਕ ੨੩ ਵਿਚ ਇਹ ਬੀ ਆ ਚੁੱਕਾ ਹੈ ਤੇ ਅਰਥ ਬੀ ਓਥੇ ਦਿਤੇ ਹਨ। §ਪਾ:-ਜਹਾਂ।

ਉਪਜਾਵਈ॥੧੦॥ ਸੁਤਾ ਸਪਤਾਸੁ ਕੀ, ਨਸੱਯਾ ਪਾਪ ਰਾਸਿ ਕੀ ਦਿਵੱਯਾ ਮੋਖ ਦਾਸ ਕੀ ਲਖੈਂ ਜੁ ਨੇਮ ਜਮਨਾ। ਏਕ ਬਾਰਿ ਬਾਰਿ ਛੁਏ ਪਾਵਨਤਾ ਪਾਵਨ ਕੈ ਪਾਨ ਤੇ ਸ਼ਨਾਨ ਤੇ ਦੁਖਤਿ ਤਿਨ ਜਮ ਨਾ। ਸ਼ਯਾਮ ਜਲ ਜਲਜ ਬਿਲੋਚਨਿ ਕੀ ਸ਼ਯਾਮ ਪਤਿ ਚੰਚਲ,ਅਛਲ,ਜਿਨ ਛਲਯੋ ਕਾਲ-ਜਮੁਨਾ॥ਜਾਂਕੋਆਨ ਸਮ ਨਾ* ਬਿਘਨ ਗਨ ਸ਼ਮਨਾ ਸਦੀਵਸਿੰਧ ਗਮਨਾ ਸੁਹਾਇ ਸ਼ੁਭ ਜਮਨਾ†॥੧੧॥ਕੇਤੀ ਦੂਰ ਤੀਰ ਤੀਰ ਫਿਰੇ ਬਰ ਬੀਰ ਧੀਰ ਹੇਰਤਿ ਗੰਭੀਰ ਨੀਰ ਸੀਰ ਸ਼ੁਭ ਚਾਲਤੇ। ਕਹੂੰ ਬੇਗ ਜ਼ੋਰ ਤੇ ਮਰੋਰਤੇ ਸੁ ਭੌਰੀ ਪਰੈਂ[1],ਕਹੂੰ ਫੇਨ ਫੋਰਤੇ ਕਹੂੰਕ ਸੋ ਉਠਾਲਤੇ[2]।ਕਤਹੂੰ ਉਤੰਗ ਸ਼ਯਾਮ ਰੰਗ ਕੇ ਤਰੰਗ ਬ੍ਰਿੰਦ ਕਤਹੂੰ ਮਤੰਗ ਅੰਗ ਸੰਗਨਿ ਉਛਾਲਤੇ[3]। ਪਾਥਰ ਪਖਾਲਤੇ,ਕਹੂੰਕ ਤਟ ਡਾਲਤੇ[4],ਕਿਤੇਕ ਜਲ ਹਾਲਤੇ ਝਖਾਦਿਜੰਤੁਜਾਲ ਤੇ[5]॥੧੨॥ ਬਿਚਰੇ ਬਿਲੋਕਤਿ ਸੁ ਥਲ ਹੇਤੁ ਰੋਕਨਿ ਕੇ ਭੇਤੀ ਜੇ ਹੈਂ ਲੋਕ ਹਾਥਜੋਰਿ ਸੋ ਬਤਾਵਤੇ।ਸੁੰਦਰ ਸਿਲਾਨਕੂਲ ਜਾਨਨੇ ਅਨਕੂਲ ਆਛੇ ਖਰੇ ਦਿਢ ਮੂਲ ਜਹਾਂ ਬਿਟਪ ਸੁਹਾਵਤੇ।ਗੁਰੂ ਕੇ ਪਸੰਦ ਆਯੋ ਆਨੰਦ ਬਿਲੰਦ ਪਾਯੋ ਭਾਖਤਿ ਨਰਿੰਦ ਸੰਗ 'ਏਈ ਮਨ ਭਾਵਤੇ। ਪਿਖੈਂ ਸੁ ਪੂਰ ਆਵਤੇ[6] ਸਮੁਖ ਛਬਿ ਪਾਵਤੇ ਰਿਦੇ ਕੋ ਹਰਖਾਵਤੇ ਸੁ ਬੇਗ ਜਲ ਜਾਵਤੇ' ॥੧੩॥ ਮੇਦਨੀ ਪ੍ਰਕਾਸ਼ ਕੋ ਸੁਨਾਇ ਨਿਜ ਬਾਸਕੋ ਸੁ ਹੋਇ ਜਲ ਪਾਸਕੋ,ਤੁਰੰਗਕੋ ਟਿਕਾਇ ਕੈ।ਹੇਰਿਤਰੁ ਮੂਲ ਕੋ ਸੁ ਜਮਨਾ ਕੇ ਕੂਲ ਕੋ ਨਿਵੇਸ ਹੇਤੁ ਉਤਰੇ ਅਨੇਦ ਕੋ ਬਢਾਇ ਕੈ। ਤਾਤਕਾਲ ਡਾਲਿ ਕਰਿ ਫਰਸ਼ ਉਤਾਲ ਕਰਿ ਗਾਦੀ ਰੰਗ ਲਾਲ ਕੀ ਸੁ ਦਾਸਨਿ ਡਸਾਇ ਕੈ। ਬੈਠਿ ਸ੍ਰੀ ਗੁਬਿੰਦ ਸਿੰਘ ਬੋਲਤਿ ਨਰਿੰਦ ਸੰਗ 'ਸੁੰਦਰ ਬਿਲੰਦ ਹੈ ਪਸੰਦ ਮਨ ਭਾਇ ਕੈ॥੧੪॥

[1]ਘੁੰਮਰ ਪੈਂਦਾ ਹੈ। [2]ਕਿਤੇ ਓਹ (ਘੁੰਮਰ) ਝੱਗ ਫੋੜਦੇ ਹਨ ਤੇ ਕਿਤੇ (ਓਹ ਝੱਗ) ਬਣਾਉਂਦੇ ਹਨ। [3]ਕਿਤੇ ਹਾਥੀ (ਜਲ ਕ੍ਰੀੜਾ ਕਰਦੇ) ਅੰਗਾਂ ਨਾਲ (ਪਾਣੀ) ਉਛਾਲਦੇ ਹਨ (ਜੰਗਲੀ ਹਾਥੀ ਸ਼ਿਵਾਲਕ ਵਿਚ ਹੈਨ)।(ਅ) ਮਾਨੋ ਹਾਥੀ......। [4]ਕਿਨਾਰੇ ਢਹਿ ਰਹੇ ਹਨ। [5]ਤੇ ਕਿਤੇ ਕੁ ਸਮੂਹ ਮੱਛੀ ਆਦਿ ਜੰਤੂਆਂ ਕਰਕੇ ਜਲ ਹਿੱਲਦਾ ਹੈ। [6]ਪੂਰਨ (ਜਲ ਦਾ ਵੇਗ) ਆਉਂਦਾ ਦਿੱਸਦਾ ਹੈ।

*ਇਹ ਟਿਕਾਣਾ ਸੱਚਮੁਚ ਬੜਾ ਸੁਹਣਾ ਤੇ ਰਮਣੀਕ ਹੈ, ਜਮਨਾ ਦਾ ਪ੍ਰਵਾਹ ਏਥੇ ਉਪਰੋਂ ਆਉਂਦਾ ਸ਼ਿਵਾਲਕ ਨਾਲ ਟੱਕਰ ਖਾਕੇ ਹੇਠ ਨੂੰ ਮੁੜਦਾ ਡਾਢਾ ਖੂਬਸੂਰਤ ਲਗਦਾ ਹੈ। ਜਲ ਦਾ ਰੰਗ ਬੀ ਸਿਆਲੇ ਵਿਚ ਅਜੀਬ ਨੀਲਾ ਨੀਲਾ ਹੁੰਦਾ ਹੈ. ਕਿਨਾਰਾ ਉਚਾ ਹੈ। ਕਦੇ ਖਾਲਸਾ ਏਥੇ ਰੌਣਕ ਵਧਾਵੇ ਤਾਂ ਚੰਗਾ ਹੋਵੇ, ਬੜਾ ਸੁਹਣਾ ਥਾਉਂ ਹੈ।

†ਇਹ ਕਬਿਤ ਸ੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧ ਅਧਯਾਯ ੫੭ ਅੰਕ ੧੦੨ ਵਿਚ ਆ ਚੁਕਾ ਹੈ। ਅਰਥ ਵੀ ਉਥੇ ਦਿਤੇ ਹਨ।

ਜਮਨਾ ਪ੍ਰਵਾਹਇਕ,ਦੂਸਰੇ ਉਤੰਗ ਤਟ[੧],ਤੀਸਰੇ ਤਰੁਨਿਠਟ[੨]ਸੈਲਨਕੀ ਸੈਲ ਹੈ[੩] । ਸਬਜ਼ੀ ਸੁਹਾਇ, ਬਿਨ ਪੰਕ ਹੈ ਸੁ ਥਾਇ, ਸ਼ੁਭ ਦੂਣ ਬਿਸਤਾਰ ਸੋ ਉਦਾਰ ਚਲੈ ਗੈਲ ਹੈ[੪]।ਮੇਦਨੀ ਪ੍ਰਕਾਸ਼ ਸੁਨਿ ਹਾਥ ਜੋਰਿ ਬਾਕ ਭਨਿ 'ਮਨ ਕੀ ਪਛਾਨੋ ਤੁਮ ਦੇਖਯੋ ਥਲ ਛੈਲ ਹੈ[੫]।ਈਹਾਂ ਲਗਿ ਹੱਦ ਹਮ ਕਰੀ ਰਿਪੁ ਸੰਗ ਬਦ[੬] ਕੇਤੀ ਬਾਰ ਜਿਦੇਂ ਕਰਿ ਜੰਗ ਭਯੋ ਐਲ ਹੈ[੭] ॥ ੧੫ ॥ ਫਤੇ ਸ਼ਾਹ ਮਹੀਪਾਲ ਹਮ ਤੇ ਬਿਸਾਲ ਦੇਸ਼ ਧਾਰਤਿ ਗ਼ਰੂਰ ਸੂਰ ਲੈ ਕੈ ਸਮੁਹਾਤਿ ਹੈ। ਦੇਤਿ ਹੈ ਬਿਖਾਦ ਕੋ ਨ ਰਾਖੈ ਮਿਰਜਾਦ ਕੋ, ਬਿਰੋਧ ਪਰਯੋ ਆਦਿ ਕੋ ਨ ਹੋਤਿ ਕਬਿ ਸ਼ਾਂਤਿ ਹੈ। ਯਾਂ ਤੇ ਮੈਂ ਅਰਾਧੇ ਉਰ, ਆਏ ਆਪ ਬਲੀ ਗੁਰ, ਕਾਮਨਾ ਕੋ ਜਾਨਿ ਮਨ ਪੂਰੀ ਸਭਿ ਭਾਂਤਿ ਹੈ। ਹੱਦ ਪੈ ਨਿਵੇਸ ਕੀਨਿ ਭਯੋ ਸਭਿ ਤ੍ਰਾਸ ਹੀਨ,ਮੋਕੋ ਦਾਸ ਚੀਨ ਪਾਸ ਲੀਨਿ ਬਾਸ ਖਯਾਤ ਹੈ[੮] ॥੧੬॥ ਸੁਨਿ ਕੈ ਨਰਿੰਦ ਪੀਰ[੯] ਸ੍ਰੀ ਗੁਵਿੰਦ ਸਿੰਘ ਬੀਰ, ਦਈ ਕਹਿ ਧੀਰ 'ਜੌਲੌ ਹਮ ਥਿਰੈਂ ਥਾਨ ਮੈਂ । ਕੌਨ ਸੀਸ ਧਾਰੇ ਦੋਇ, ਆਇ ਕੈ ਸਮੁਖ ਹੋਇ[੧੦] ਤੀਰਨਿ ਪਰੋਇ ਰਿਪੁ ਕਰੌਂ ਘਮਸਾਨ ਮੈਂ। ਬਾਪੁਰੇ ਅਪਰ ਇਨ ਗਿਨਤੀ ਬਖਾਨੈ ਕਹਾਂ ਲਰੈ ਜੋ ਨੁਰੰਗ ਸਾਰੇ ਰੰਗ ਦੇਊ ਹਾਨ ਮੈਂ[੧੧]। ਅਭੈ ਦਾਨ ਦੀਨਿ 'ਰਹੋ ਸੁਖ ਮੈਂ ਅਸੀਨ[੧੨] ਅਬਿ,ਚਿੰਤ ਤੇ ਬਿਹੀਨ ਕਾਨ ਆਨ ਕੀ ਨ ਮਾਨ ਮੈਂ[੧੩]॥੧੭॥ ਸੈਯਾ ॥ ਬਾਕ ਬਿਲਾਸ ਪ੍ਰਭੂ ਇਮ ਕੀਨਿ ਨਰਿੰਦ ਬਿਲੰਦ ਅਨੰਦ ਕਿਯੋ। ਭੀਰ ਬਿਹੀਰ ਕੀ ਮਾਰਗ ਤੇ ਸਮੁਦਾਇ ਸਮਾਜ ਪਹੂੰਚਿ ਗਯੋ। ਕੀਨਿ ਨਿਵੇਸ਼ ਅਸ਼ੇਸ਼ ਹੀ ਸੈਨ, ਤੁਰੰਗ ਕੋ ਬ੍ਰਿੰਦ ਲਗਾਇ ਦਯੋ। ਆਪਨੇ ਆਪਨੇ ਥਾਨ ਸਭੀ,ਅਵਿਲੋਕਿ ਕੁਸ਼ਾਦ[੧੪] ਕੋ ਰੋਕ ਲਯੋ ॥੧੮॥ ਕਬਿੱਤ॥ ਤਨ ਦੀਨ[੧੫] ਚਾਨਣੀ ਚਕੋਦ[੧੬] ਚਾਰੁ ਚਹੂੰ ਦਿਸ਼ਿ ਝਾਲਰ ਜ਼ਰੀ ਕੀ ਗਨ ਲਰੀ ਮੁਕਤਾਨ ਕੀ। ਰੇਸ਼ਮ ਕੀ ਡੋਰਨ ਸੋਂ ਐਂਚਿ ਕਰਿ ਜੋਰਨ ਸੋਂ[੧੭] ਬੰਧਿ ਚਹੂੰ ਓਰਨ ਸੋਂ ਗਾਢੀ ਕੈ ਮਹਾਨ ਕੀ[੧੮]।

---

[੧]ਉੱਚਾ ਹੈ ਕਿਨਾਰਾ। [੨]ਤੀਸਰੇ ਬ੍ਰਿੱਛਾਂ ਦਾ ਠਾਠ (ਖੂਬ ਹੈ)। (ਅ) ਸੂਰਜ ਦੀ ਸ਼ੋਭਾ ਭੀ ਅਰਥ ਲਾਉਂਦੇ ਹਨ। [੩]ਪਹਾੜਾਂ ਦੀ ਸੈਰ ਹੈ। [੪]ਬੜਾ ਰਾਹ ਚਲਦਾ ਹੈ। [੫]ਸੁੰਦਰ। [੬]ਨੀਯਤ ਕੀਤੀ ਹੋਈ ਹੈ। [੭]ਜੰਗ ਦਾ ਰੌਲਾ ਪਿਆ ਹੈ। [੮]ਨੇੜੇ ਵਾਸਾ ਲਿਆ ਹੈ ਪ੍ਰਗਟ ਹੀ। [੯]ਰਾਜੇ ਦਾ ਦੁਖ। [੧੦]ਕੌਣ ਦੋ ਸਿਰਾਂ ਵਾਲਾ ਜੰਮਿਆ ਹੈ ਜੋ ਸਾਹਮਣੇ ਹੋਵੇ। [੧੧]ਰੰਗ (ਅਨੰਦ) ਨਾਸ਼ ਕਰ ਦਿਆਂਗਾ। [੧੨]ਸੁਖਾਂ ਵਿਚ ਟਿਕ ਕੇ। [੧੩]ਮਨ ਵਿਚ ਨਾਂ (ਜਾਣੋ)। [੧੪]ਖੁੱਲ੍ਹਾ (ਥਾਂ)। [੧੫]ਤਾਣ ਦਿਤੀ। [੧੬]ਚਾਰ ਕੋਨਿਆਂ ਵਾਲੀ ਚਾਨਣੀ। [੧੭]ਜ਼ੋਰ ਨਾਲ। [੧੮]ਬਹੁਤ ਤਕੜੀ ਕੱਸ ਦਿੱਤੀ।

ਤੰਬੂ ਜੁ ਕਦੰਬ ਆਛ ਦੀਨੇ ਹੈਂ[1] ਬਿਲੰਬ ਬਿਨ, ਤਾਨੀ ਹੈ ਬਨਾਤ ਕੀ ਕਨਾਤ ਓਟ ਠਾਨਿ ਕੀ[2]। ਲੈਨ[3] ਹੈ ਕਿਕਾਨ ਕੀ ਸੁਹਾਈ ਦੁਤਿਵਾਨ ਕੀ ਬਨਾਈ ਬੁੱਧਿਵਾਨ ਕੀ ਦਿਖਾਈ ਰੰਗਵਾਨ ਕੀ[4] ॥ ੧੯ ॥ ਲਾਗਯੋ ਹੈ ਅਸ਼ੇਸ਼ ਡੇਰਾ ਉਠਿਕੈ ਨਰੇਸ਼ ਹੇਰਾ ਲੈ ਕੈ ਗੁਰ ਆਇਸੁ ਕੋ ਆਪ ਜਾਨਿ ਕੀਨਿਯੋ।ਦੂਨ ਅਭਿਰਾਮਨੀ ਮੈਂ ਜਾਮਨੀ ਬਿਤੀਤ ਕਰੀ, ਜਮੁਨਾ ਕੇ ਜਲ ਮੈਂ ਸ਼ਨਾਨ ਕਰਿ ਲੀਨਿਯੋਂ।ਚਾਰ ਘਰੀ ਦਿਨ ਚਰੇ ਨਾਹਨੇਸ਼ ਪਾਸ ਆਯੋ ਬੰਦਨਾ ਕੋ ਠਾਨਿ ਪਗ ਪ੍ਰਭੁ ਪ੍ਰੇਮ ਭੀਨਿਯੋ। ਬੈਠਿਕੈ ਪ੍ਰਸੰਗ ਕੋਈ ਬੋਲਯੋ ਰਸ ਰੰਗ ਸੋਈ ਬੂਝਯੋ ਜਯੋਂ ਬਤਾਇ ਦੇਤਿ ਬਿਲਮ ਬਿਹੀਨਯੋ ॥ ੨੦ ॥ ਬਾਕ ਕੋ ਪ੍ਰਕਾਸ਼ ਕੀਨਿ ਮੇਦਨੀ ਪ੍ਰਕਾਸ਼ ਸੰਗ 'ਸੁਨੋਂ ਮਹਿਪਾਲਕ ! ਜਯੋਂ ਰੀਤਿ ਰਾਜਨੀਤਿ ਕੀ।ਸੁਭਟ ਪ੍ਰਚੰਡਕੋ ਘਮੰਡ ਹੁਇਆਗੇ ਬਹੁ ਕੈਸੇ ਬਿਨ ਜੰਗ ਤੇ ਧਰੈਂਗੇ ਧੀਰ ਚੀਤਕੀ[5]।ਵਧੈ ਗੋ ਵਿਰੋਧ, ਸਮਸ਼ੇਰ ਕੇਬਸਨ ਜੋਧ[6], ਹਤੈਂ ਸ਼ਮਸ਼ੇਰ ਕ੍ਰੋਧ, ਰੱਛਾ ਕਰੈਂ ਮੀਤ ਕੀ। ਚਾਹੀਏ ਮਵਾਸ ਕੋਟ ਬਨੈ[7] ਆਪ ਪਾਸ ਓਟ, ਤ੍ਰਾਸ ਦੇ ਰਿਪੂਨ, ਪੁਨ ਆਸ ਧਰੈਂ ਜੀਤਕੀ[8] ॥ ੨੧ ॥ ਨਾਹਨ ਨਰਿੰਦ ਹਾਥ ਬੰਦਿਕੇ ਬਖਾਨਯੋਤਬਿ"ਬਨੈ ਤਾਤਕਾਲ ਨ ਬਿਲਮ ਮੋਹਿ ਭਾਇ ਹੈ। ਮਗਰੀ ਅਨੀਕ[9] ਔਰ ਪ੍ਰਜਾ ਜੇਤੀ ਦੇਸ਼ ਬੀਚ ਕਰਿਹੌਂ ਬਟੋਰਨਿ ਪਹੂੰਚੈ ਸਹਿਸਾਇ ਹੈ। ਕਰੀਏ ਹਕਾਰਨਿ ਮਜੂਰ ਔਰ ਕਾਰੀਗਰ ਸੁਨਿਬੇ ਤੇ ਜਹਾਂ ਕਹਾਂ ਆਇਂ ਉਤਲਾਇ ਹੈਂ। ਅਪਨਿ ਲਗਾਵੋਂ ਸੈਨ, ਸ਼ੀਘ੍ਰ ਹੁਇੰ ਤਯਾਰ ਐਨ,ਹਮੈਂ ਕਾਹੂੰ ਭੈ ਨ ਰਿਪੁਤ੍ਰਾਸ ਘਨੇਪਾਇਹੈਂ'॥੨੨॥ ਸੈਯਾ ॥ ਸ਼੍ਰੀ ਕਲਗੀਧਰ ਸੋਂ ਕਹਿ ਕੈ ਸਭਿ ਗ੍ਰਾਮਨਿ ਮੈਂ ਤਤਕਾਲ ਪਠਾਏ। ਮਾਨਵ ਬ੍ਰਿੰਦ ਬਟੋਰਨਿ ਕੀਨਿ ਹੁਤੇ ਨਿਜ ਦੇਸ਼ ਮੈਂ ਸਾਰੇ ਬੁਲਾਏ। ਆਇ ਹਜ਼ਾਰਨ ਕੋਟ ਬਨਾਵਨਿ ਬ੍ਰਿੰਦ ਮਜੂਰ ਸੁਨੇ ਚਲਿ ਆਏ।ਭੀਰ ਭਈ ਗੁਰ ਦੇਗ ਚਲੈ ਬਿਨ ਤੋਟ ਰਹੈ ਪਿਖਿ ਕੈ ਬਿਸਮਾਏ॥੨੩॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜਗ੍ਰਿੰਥੇਪ੍ਰਥਮਰੁਤੇ 'ਜਮਨਾਤਟਆਗਮਨ' ਪ੍ਰਸੰਗ ਬਰਨਨੰਨਾਮ ਖਸ਼ਟਚਤ੍ਵਾਰਿੰਸਤੀਅੰਸੂ॥੪੬॥

[1]ਤੰਬੂ ਸਾਰੇ ਤਾਣ ਦਿੱਤੇ। [2]ਓਟ ਕਰ ਦਿੱਤੀ। [3]ਕਤਾਰ। [ਅੰਗ੍ਰੇਜ਼ੀ, ਲਾਈਨ]। [4]ਬੁਧੀਵਾਨਾਂ ਨੇ (ਅੱਡੋ ਅੱਡ) ਰੰਗ (ਦੇ ਘੋੜਿਆਂ) ਦੀ (ਕਤਾਰ) ਬਨਾ ਦਿਖਾਈ ਹੈ। [5]ਚਿਤ ਵਿੱਚ ਧੀਰਜ ਕੀਕੂੰ ਧਾਰਨਗੇ ਭਾਵ ਟਿਕ ਕੇ ਕੀਕੂੰ ਬੈਠਣਗੇ। [6]ਜੋਧਿਆਂ ਦਾ ਵੱਸਣਾ ਸ਼ੇਰਾਂ ਵਾਂਙੂ ਹੋਵੇਗਾ ਭਾਵ ਹਰ ਵੇਲੇ ਜੰਗ ਨੂੰ ਤਿਆਰ। [7]ਰਖਜਾ ਦਾ ਥਾਉਂ ਕੋਈ ਕਿਲਾ ਬਣੇ। [ਸੰਸ:, ਮਵਾਸ=ਰਾਖੀ ਦਾ ਥਾਉਂ]। [8]ਜੋ ਵੈਰੀਆਂ ਨੂੰ ਡਰ ਦੇਵੇ, ਫਿਰ (ਸੂਰਮੇ) ਜਿੱਤ ਦੀ ਆਸਾ ਰੱਖਣ। [9]ਸੈਨਾ।

੪੭. [ਪਾਂਵਟਾ ਰਚਿਆ]।

ਦੋਹਰਾ ॥ ਭਈ ਭੀਰ ਜਿਤ ਕਿਤਹੁੰ ਤੇ ਨਰ ਪਹੁੰਚੇ ਸਮੁਦਾਇ । ਜੰਗਲ ਮਹਿਂ ਮੰਗਲ ਕਰਯੋ ਕਲਗ਼ੀਧਰ ਹਰਿਖਾਇ ॥ ੧ ॥ ਤੋਟਕ ਛੰਦ ॥ ਹਿਤ ਕੋਟ ਚਿਨਾਵਨਿ ਚਾਹਿ ਧਰੀ । ਕਲਗ਼ੀਧਰ ਆਇਸੁ ਏਵ ਕਰੀ । 'ਅਬਿ ਲੇਹੁ ਹਜ਼ਾਰ ਕਰਾਹ ਕਰੋ[1] । ਜਮਨਾ ਤਟ ਲ੍ਯਾਇ ਬਨਾਇ ਧਰੋ' ॥ ੨ ॥ ਸੁਨਿ ਆਇਸੁ ਦਾਸਨਿ ਸ਼ੀਘ੍ਰ ਧਰੀ । ਬਨਵਾਇ ਭਲੇ ਬਿਧਿ ਸੌਚ ਕਰੀ । ਸਭਿ ਆਨਿ ਧਰ੍ਯੋ ਤਤਕਾਲ ਤਹਾਂ । ਜਮਨਾ ਤਟ ਬੈਠਨਿ ਥਾਨ ਜਹਾਂ ॥੩॥ ਗੁਰ ਨਾਨਕ ਆਦਿਕ ਨਾਮ ਲਿਏ । ਕਰ ਜੋਰਿ ਖਰੇ ਅਰਦਾਸ ਕਿਏ । 'ਦਸਮੋ ਪਤਿਸ਼ਾਹ ਚਿਨਾਵਤਿ ਹੈਂ । ਜਮਨਾ ਤਟ ਕੋਟ ਬਨਾਵਤਿ ਹੈਂ ॥ ੪ ॥ ਦਿਨ ਰੈਨ ਸਹਾਇਕ ਆਪ ਬਨੋ । ਬਿਘਨਾਗਨ ਕੋ ਤਤਕਾਲ ਹਨੋ' । ਇਮ ਹੋਇ ਖਰੇ ਅਰਦਾਸ ਕਰੀ । ਕਰ ਬੰਦਿ ਭਲੇ ਪਰਣਾਮ ਕਰੀ ॥ ੫ ॥ ਬਹੁਰੋ ਸਭਿ ਮੈਂ ਬਰਤਾਇ ਦਿਯੋ । ਕਰਿ ਆਦਰ ਲੇ ਮੁਖ ਖਾਨਿ ਕਿਯੋ । ਪੁਨ ਆਪ ਉਠੇ ਨ੍ਰਿਪ ਸੰਗ ਲਿਯੋ । ਪਰਧਾਨ ਸਮੂਹ ਸੁ ਸੰਗ ਭਯੋ ॥ ੬ ॥ ਬਿਸਤਾਰ ਜਿਤੇਕ ਬਿਸਾਲ ਚਹ੍ਯੋ । ਚਿਨਿਬੇ ਕਹੁ ਕੋਟ ਸੁਨਾਇ ਕਹ੍ਯੋ । ਜਿਸ ਬੀਚ ਹਜ਼ਾਰਹੁੰ ਬੀਰ ਰਹੈਂ । ਹਯ ਬਿੰਦਨਿ ਕੋ ਜਹਿਂ ਥਾਨ ਲਹੈਂ ॥੭॥ ਲਰਿਬੇ ਹਿਤ ਘਾਤ ਬਨਾਇ ਕਰੋ । ਹਤਿ ਹੇਤੁ ਤੁਫੰਗ ਬਿਧਾਨ ਧਰੋ[2] । ਗੁਰ ਪੂਰਬ ਹਾਥ ਲਗਾਇ ਦਯੋ । ਰਣ ਲੇਨਿ ਵਡੋ ਉਤਸਾਹ ਹਿਯੋ ॥ ੮ ॥ ਸਮੁਦਾਇ ਲਗੇ ਸਭਿ ਕਾਰ ਕਰੈਂ । ਗਨ ਪਾਹਨ ਆਨਿ ਬਨਾਇ ਧਰੈਂ । ਮ੍ਰਿਤਕਾ ਗਨ ਡਾਲਤਿ ਪੰਕ[3] ਘਨੋ । ਬਹੁ ਰੌਰ ਪਰੋ ਬਡ ਜੰਗ ਮਨੋ ॥੯॥ ਸਿਰ ਊਪਰ ਕੋਇ ਉਠਾਵਤਿ ਹੈ । ਗਨ ਪਾਥਰ ਕੋ ਉਖਰਾਵਤਿ ਹੈ । ਰਘੁਬੀਰ ਮਨੋ ਦਧਿ ਸੇਤੁ ਕਰ੍ਯੋ[4] । ਨਰ ਬ੍ਰਿੰਦਨਿ ਤੇ ਇਮ ਰੌਰ ਪਰ੍ਯੋ ॥ ੧੦ ॥ ਕਹਿ ਕੋਇਕ ਕਾਰ ਕਰਾਵਤਿ ਹੈਂ । ਬਿਧਿ ਰਾਖਨਿ ਕੋ ਸੁ ਬਤਾਵਤਿ ਹੈਂ । ਗੁਰ ਸੰਝ ਸਕਾਰ[5] ਨਿਹਾਰਤਿ ਹੈਂ । ਮੁਖ ਸਾਧਹਿ ਸਾਧ[6] ਉਚਾਰਤਿ ਹੈਂ ॥੧੧॥ ਮਹਿਪਾਲਿਕ ਸੈਨ ਕਰੈ ਕ੍ਰਿਤਕੋ । ਗੁਰ ਸੰਗਤਿ ਭਾਉ ਧਰੇ ਚਿਤਕੋ । ਕਲਗ਼ੀਧਰ ਕੇ ਭਟ ਕਾਰ ਕਰੈਂ । ਪੰਚ ਭ੍ਰਾਤ ਕਰਾਵਤਿ ਤੀਰ ਥਿਰੈਂ ॥੧੨॥ ਬਡ ਬ੍ਰਿੰਦ ਮਸੰਦਨਿ ਸੰਗ ਲਿਯੋ । ਨੰਦਚੰਦ ਕਹੈ ਉਤਸਾਹ ਦਿਯੋ । ਨਰ ਹੋਇ ਹਜ਼ਾਰਹੁੰ ਆਨਤਿ ਹੈਂ ।

[1] ਹਜ਼ਾਰ ਰੁਪੱਯੇ ਦਾ ਕੜਾਹ ਪ੍ਰਸ਼ਾਦ ਕਰੋ [2] ਮਾਰਨੇ ਲਈ ਬੰਦੂਕਾਂ ਦੀ ਬਿਧੀ ਬਨਾਓ । [3] ਚਿੱਕੜ ਭਾਵ ਗਾਰਾ । [4] ਰਾਮਚੰਦ੍ਰ ਮਾਨੋ ਸਮੁੰਦਰ ਤੇ ਪੁਲ ਬਨ੍ਹਾ ਰਿਹਾ ਹੈ। [5] ਸ਼ਾਮਾਂ ਨੂੰ ਤੇ ਸਵੇਰੇ । [6] ਸ਼ਾਬਾਸ਼ ਸ਼ਾਬਾਸ਼ ।

ਕਰਿ ਤੂਰਨਤਾ ਗਢ ਠਾਨਤਿ ਹੈਂ॥੧੩॥ਸਭਿ ਬਾਸੁਰ ਦੇਗ਼ ਬਿਸਾਲ ਚਲੈ। ਮਨ ਭਾਵਤਿ ਭੋਜਨ ਭੂਰ ਮਿਲੈ। ਗੁਰ ਲੇ ਕਰਿ ਸੰਗ ਮਹੀਪਤਿ ਕੋ।ਫਿਰਿ ਹੇਰਤਿ ਹੈਂ ਸਗਰੀ ਕ੍ਰਿਤ ਕੋ ॥ ੧੪ ॥ ਬਹੁ ਸ਼ੀਘ੍ਰ ਬਨੈਂ ਉਤਸਾਹਤਿ ਹੈਂ। ਗਢ ਕੋ ਦ੍ਰਿਢ ਠਾਨਿ ਉਮਾਹਤਿ ਹੈਂ।ਦਿਨਦ੍ਵਾਦਸ਼ ਮੈਂ ਸਭਿ ਤਯਾਰ ਕਰੈਂ। ਗਨ ਪਾਹਨ ਪੰਕ ਮਹਾਨ ਧਰੈਂ॥੧੫॥ਰਚਿ ਸੁੰਦਰ ਦ੍ਵਾਰ ਉਦਾਰ ਮਹਾਂ[1]। ਦ੍ਰਿੜ੍ਹਤਾ ਬਹੁ ਠਾਨਿ ਜਹਾਂ ਸੁ ਕਹਾਂ।ਰਿਪੁ ਆਇ ਸਮੀਪ ਸਕੈ ਨ ਕਬੈ।ਰਹਿ ਅੰਤਰਿ ਮਾਰਤਿ ਬਾਹਰ ਸਬੈ[2]॥੧੬॥ ਗੜ੍ਹ ਪੂਰਨ ਕੀਨਿ ਬਨਾਇ ਗਨੈ। ਜਿਸ ਮੈਂ ਰਚਿਰੀਤਿ ਮਹਾ ਨਰਨੈ[3]।ਗੁਰ ਪਾਸ ਮਹੀਪਤਿ ਜਾਤਿ ਭਯੋ।ਪਿਖਿ ਕੋਟ ਬਿਸਾਲ ਅਨੰਦ ਹਿਯੋ*॥੧੭॥–ਅਰਿ ਤ੍ਰਿਦਨ ਕੀ ਨਹਿਂ ਚਿੰਤ ਰਹੀ। ਗੁਰ ਪੂਰਨ ਕੀ ਕਰੁਨਾ ਸੁ ਲਹੀ–।ਪਦ ਪੰਕਜ ਬੰਦਤਿ ਬੈਠਿ ਗਯੋ। ਮਨ ਕੀ ਤਿਹ[4] ਜਾਨਿ ਬਖਾਨਿ ਕਿਯੋ ॥ ੧੮ ॥ 'ਸੁਨਿ ਭੂਪਤਿ! ਤ੍ਰਾਸ ਨ ਤਾਵਦ ਹੈ। ਇਸ ਥਾਨ ਬਿਖੈ ਹਮ ਜਾਵਦ ਹੈਂ। ਅਸ ਕੋ ਬਲਵਾਨ ਜੁ ਆਇ ਸਕੈ। ਕਰਿ ਭੌਂਹਨ ਬੰਕ ਜੁ ਤੋਹਿ ਤਕੈ॥੧੯॥ਪਗ ਪਾਵਨ ਦੇਉਂ ਨਹੀ ਕਿਹ ਕੋ। ਚਢਿ ਆਇ, ਲਖੋ ਮ੍ਰਿਤੁ ਹੈ ਤਿਹ ਕੋ। ਨਿਸ਼ਚਿੰਤ ਸਦਾ ਨਿਜ ਰਾਜ ਕਰੋ।ਗੁਰਧਾਮ ਬਿਖੈ ਨਿਤ ਭਾਉ ਧਰੋ॥੨੦॥ਜੁਗ ਲੋਕ ਸਹਾਇਕ ਹੋਵਹਿਂ ਗੇ। ਬਿਘਨੈ ਗਨ ਪਾਪਹਿਂ ਖੋਵਹਿਂਗੇ'। ਕਰ ਜੋਰਿ ਬਿਨੈ ਮਹਿਪਾਲ ਕਰੈ। 'ਮਨ ਮੋਰ ਭਰੋਸ ਇਹੀ ਸੁ ਧਰੈ॥੨੧॥ ਮਨ ਕਾਮਨ ਪੂਰਨ ਮੋਹਿ ਕਰੀ। ਹਦ ਪੈ ਰਚਿ ਕੋਟ ਸੁ ਚਿੰਤ ਹਰੀ। ਨਿਤ ਰਾਵਰ ਕੇਰ ਪ੍ਰਤਾਪ ਮਹਾਂ।ਸੁਨਿ-ਧੇਤਿ ਪ੍ਰਿਥੀ ਤਲ ਜਾਂਹਿ ਤਹਾਂ'॥੨੨॥ਇਮ ਧੀਰਜ ਦੀਨਿ ਮਹੀਸ਼ੁਰ ਕੋ। ਲਖਿ ਲੀਨਿ ਗੁਰੂ ਤਨ ਈਸ਼ੁਰ ਕੋ[5]। ਕਰ ਜੋਰਤਿ ਸੇਵਤਿ ਭਾਉ ਧਰੇ।ਬਹੁ ਬਾਰਨ ਬਾਕ ਬਿਲਾਸ ਕਰੇ॥੨੩॥ ਗੁਰ ਸੰਗ ਅਖੇਰ ਪਯਾਨਤਿ ਹੈ। ਜਿਤ ਕਾਨਨ ਦੀਹ ਬਖਾਨਤਿ ਹੈ। ਮ੍ਰਿਗ ਕੇਹਰਿ ਆਇ ਸੰਘਾਰਤਿ ਹੈਂ। ਤੁਪ-

[1]ਵਡੇ ਵਡੇ ਸੁਹਣੇ ਦਰਵਾਜ਼ੇ ਬਣਾਇ।[2]ਅੰਦਰ ਰਹਿਕੇ (ਅੰਦਰਲਾ ਬਾਹਰਲਿਆਂ ਨੂੰ ਮਾਰਦਾ ਰਹੇ ਗੋਲੀਆਂ। [3]ਬਹੁਤੇ ਪੁਰਸ਼ਾਂ ਦੇ ਰਹਿਣ ਦੀ ਤਰਕੀਬ ਕੀਤੀ। (ਅ) ਮਹਾਨ ਰਨੈ=ਮਹਾਨ ਜੰਗ ਦੀ ਰੀਤਿ ਮੂਜਬ ਰਚੀ। [4]ਤਿਸ ਦੇ ਮਨ ਦੀ ਜਾਣਕੇ। [5]ਗੁਰੂ ਜੀ ਨੂੰ ਈਸ਼ਵਰ ਸਰੂਪ ਜਾਣ ਲਿਆ (ਰਾਜੇ ਨੇ)।

*ਗੜ੍ਹ ਦੇ ਅੰਦਰ ਦਾ ਪੱਕਾ ਸਥਾਨ ਸਤਿਗੁਰ ਦਾ ਗੁਰਦਵਾਰੇ ਦੇ ਰੂਪ ਵਿਚ ਖੜਾ ਹੈ। ਪਰੰਤੂ ਗਾਰੇ ਤੇ ਪੱਥਰਾਂ ਦਾ ਕੋਟ ਅਰ ਕੱਚੇ ਕੋਠੇ ਸਭ ਸਫਾ ਹੋ ਚੁਕੇ ਹਨ। ਨਗਰ ਪਾਉਂਟਾ ਹੁਣ ਤੱਕ ਵਸਦਾ ਹੈ। ਸਤਿਗੁਰ ਦੇ ਟਿਕਾਣੇ ਹੋਰ ਬੀ ਲਾਗੇ ਹਨ।

ਕਾਨ ਕੈ ਬਾਨ ਪ੍ਰਹਾਰਤਿ ਹੈਂ॥੨੪॥ ਬਹੁ ਬਾਜ ਸਿਚਾਨਨਿ ਸ੍ਵਾਨਨਿ ਕੋ। ਇਮ ਛੋਰਤਿ ਗਾਹਤਿ[1] ਕਾਨਨ ਕੋ। ਕਲਗੀਧਰ ਕੋ ਹਰਖਾਵਤਿ ਹੈ। ਬਨ ਕੀ ਬਹੁ ਘਾਤ ਬਤਾਵਤਿ ਹੈ ॥ ੨੫ ॥ ਥਿਰਤਾ ਪੁਨ ਆਇ ਨਿਵੇਸ ਕਰੈਂ। ਮਿਲਿ ਬੈਠਤਿ ਹੈਂ ਉਰ ਭਾਉ ਧਰੈਂ। ਨਰ ਕੋ ਨਿਜ ਦੇਸ਼ ਪਠਾਵਤਿ ਹੈ। ਵਸਤੂ ਗੁਰ ਹੇਤੁ ਅਨਾਵਤਿ ਹੈ ॥੨੬॥ ਦਿਨ ਕੇਤਿਕ ਭੂਪ ਸਮੀਪ ਰਹ੍ਯੋ। ਪੁਰਿ ਨਾਹਨ ਕੋ ਪੁਨ ਜਾਨਿ ਚਹ੍ਯੋ।ਉਰ ਕੀ ਗੁਰ ਜਾਨਿ ਬਿਦਾ ਸੁ ਕਰ੍ਯੋ। ਪਗਪੰਕਜ ਪੈ ਨ੍ਰਿਪ ਹਾਥ ਧਰ੍ਯੋ॥੨੭॥ 'ਨਿਤ ਬਾਸ ਸਮੀਪਹਿ ਆਪਨ ਕੋ[2]। ਬਿਸਵਾਸ ਬਡੋ ਰਿਪੁ ਖਾਪਨਿ ਕੋ।ਸਿਮਰੋ ਤਤਕਾਲਹਿ ਆਵਨ ਹ੍ਵੈ[3]। ਰੁਚਿ ਸੰਗ ਬਸੋ ਥਲ ਪਾਵਨ ਹ੍ਵੈ' ॥ ੨੮ ॥ ਬਖਸ਼੍ਯੋ ਸਿਰੁਪਾਉ ਘਨੋ ਧਨ ਕੋ। ਸਿਰ ਪੈ ਧਰਿ ਮੋਦ ਕੀਯੋ ਮਨ ਕੋ।ਚਢਿ ਵਾਹਨ ਪੈ ਤਬਿ ਜਾਤਿ ਭਯੋ। ਪੁਰਿ ਨਾਹਣ ਜਾਇ ਨਚਿੰਤ ਭਯੋ ॥ ੨੯ ॥ ਇਤ ਸ਼੍ਰੀ ਕਲਗੀਧਰ ਬਾਸ ਕਰ੍ਯੋ। ਜਸ ਦੇਸ਼ ਬਿਦੇਸ਼ ਬਿਖੈ ਪਸਰ੍ਯੋ। ਭਟ ਰਾਖਤਿ ਜੋ ਚਲਿ ਆਵਤਿ ਹੈਂ। ਪ੍ਰਤਿ ਬਾਸੁਰ ਸੈਨ ਬਧਾਵਤਿ ਹੈਂ॥੩੦॥ ਹੁਇ ਹਿੰਦ ਕਿਧੌਂ ਤੁਰਕਾਨ ਕੂਊ।ਧਰਿ ਆਯੁਧ ਜਾਇ ਸਮੀਪ ਜੁਊ।ਦਰਮਾਹਨ ਕੋ ਤਿਸ ਬੰਧਿ ਰਖੈਂ[4]। ਕਹਿ ਮੇਲਤਿ ਹੈਂ ਮਿਸਲਾਨ ਬਿਖੈ[5]॥੩੧॥ਦਲ ਦੀਰਘ ਕੀਨਿ ਬਟੋਰਨਕੋ। ਸ਼ਲਖੈਂ ਚਲਿਵਾਇ ਸੁ ਜ਼ੋਰਨ ਕੋ[6]।ਧੁਨਿ ਦੂਰ ਲਗੇ ਸੁਨਿਯੰਤਿ ਮਹਾਂ।ਤਿਨ ਦੇਸ਼ਨਿ ਬਾਤ ਜਹਾਂ ਸੁ ਕਹਾਂ॥੩੨॥'ਗਾਢ ਕੋ ਦਿਢ ਕੀਨਿ ਗੁਰੂ ਇਤ ਹੈ। ਜਿਹ ਦੁੰਦ ਮਚਾਵਨਿ ਕੋ ਚਿਤ ਹੈ।ਦਲ ਰੋਜ਼ਬਿਸਾਲ ਸਕੇਲਤਿ ਹੈਂ।ਫਿਰਿ ਦੂਨ ਅਖੇਰਨਿ ਖੇਲਤਿ ਹੈਂ॥੩੩॥ਚਲਿਵਾਇ ਬਿਸ਼ਾਲ ਤੁਫੰਗਨ ਕੋ।ਬਖਸ਼ੈਂ ਧਨ ਦੀਰਘ ਸੰਗਨ ਕੋ[7]"। ਸੁਨਿ ਕੈ ਭਟ ਚਾਕਰ ਹੋਵਨਿ ਕੋ। ਬਹੁ ਆਇੰ ਚਲੇ ਸੁਖ ਜੋਵਨਿ ਕੋ ॥੩੪॥ ਕਬਿ ਰਾਖਤਿ ਬੀਸ ਪਚੀਸਨ ਕੋ। ਚਿਹਰਾ ਲਿਖਤੇ[8]ਕਬਿ ਤੀਸਨ ਕੋ।ਬਹੁ ਬੇਚਨਿ ਕੋ ਹਯ ਆਨਤਿ ਹੈਂ।ਗੁਰ ਤੇ ਧਨ ਲੇਤਿ ਪਯਾਨਤਿ ਹੈਂ॥੩੫॥ ਬਲਵਾਨ ਤੁਰੰਗ ਕਿ ਬੀਰ ਕੂਊ। ਗੁਰ ਪਾਸ ਪਹੁੰਚਤਿ ਆਨਿ ਜੁਊ।ਸਭਿ ਕੋ ਕਰਿ ਲੇਤਿ ਸਮੀਪਤਬੈ।ਧਨ ਦੇਤਿ ਛਿਮਾ-ਹਨਿ ਹੋਤਿ ਜਬੈ॥੩੬॥ਜਮੁਨਾ ਤਟ ਬੈਠਿ ਬਿਲਾਸ ਕਰੈਂ।ਸਬਜ਼ੀ ਚਹੁੰ ਓਰ

[1]ਗਾਹੁੰਦੇ ਹਨ। [2]ਆਪ ਦਾ ਵਾਸ ਹੋਇਆ। [3]ਜਦੋਂ ਆਪ ਮੈਨੂੰ ਯਾਦ ਕਰੋਗੇ ਤਤਕਾਲ ਆਵਾਂਗਾ। [4]ਮਾਹਵਾਰੀ ਤਨਖਾਹ ਮੁਕਰਰ ਕਰਕੇ (ਨੌਕਰ) ਰਖ ਲੈਂਦੇ ਹਨ। [5]ਜਥਿਆਂ ਵਿਚ ਰੱਖ ਲੈਂਦੇ ਹਨ। [6]ਜ਼ੋਰ ਨਾਲ। [7]ਸਾਥੀਆਂ ਨੂੰ। [8]ਹੁਲੀਆ ਲਿਖਦੇ ਹਨ।

ਅਨੰਦ ਧਰੈਂ। ਮਲਹੀਨ ਪ੍ਰਵਾਹ ਸ਼ਨਾਨਤਿ ਹੈਂ। ਸਿਖ ਬੈਠਿ ਤਹਾਂ ਜਪ ਠਾਨਤਿ ਹੈਂ ॥ ੩੭ ॥ ਤ੍ਰਿਣ ਈਂਧਨ ਕੀ ਨ ਕਮੀ ਕਿਹ ਕੋ। ਗਨ ਸੰਗਤਿ ਆਇ ਚਲੀ ਤਿਹ ਕੋ। ਦਰਬਾਰ ਲਗੈ ਦਰਸੰਨ ਕਰੈਂ। ਕਰ ਜੋਰਿ ਅਕੋਰਨਿ ਅੱਗ੍ਰ ਧਰੈਂ॥੩੮॥ ਗਨ ਆਯੁਧ ਦੇਂ ਬਹੁ ਭ੍ਰਾਂਤਿਨਿ ਕੇ। ਅਰਪੈਂ ਹਯ ਜੇ ਗਨ ਜ਼ਾਤਿਨਿ ਕੇ। ਬਹੁ ਮੋਲਨਿ ਕੇ ਪਟ ਆਨਤਿ ਹੈਂ। ਮਨ ਕਾਮਨ ਪੂਰਨ ਠਾਨਤਿ ਹੈਂ ॥੩੯॥ ਤਿਨ ਦੂਨ ਬਿਖੇ ਨਰਬ੍ਰਿੰਦ ਮਿਲੇ। ਇਕ ਆਵਤਿ ਹੈਂ ਇਕ ਜਾਤਿ ਚਲੇ। ਇਕ ਪਾਸ ਰਹੈਂ ਕਲਗ਼ੀਧਰ ਕੋ। ਕਰਿ ਪੂਰ ਮਨੋਰਥ ਜੋ ਉਰ ਕੇ ॥੪੦॥ ਦੋਹਰਾ॥ ਉਤੈ ਰਾਜ ਸ਼੍ਰੀ ਨਗਰ* ਕੋ, ਇਤ ਨਾਹਣ ਕੀ ਹੱਦ। ਸੈਲਪਤੀ ਦੋਹਾਨ ਮਹਿਂ ਲਗ੍ਯੋ ਗੁਰੂ ਕੋ ਗੱਦ[1]†॥੪੧॥ ਪਾਂਵ ਟਿਕ੍ਯੋ ਸਤਿਗੁਰੂ ਕੋ ਆਨੰਦਪੁਰਿ ਤੇ ਆਇ। ਨਾਮ ਧਰ੍ਯੋ ਇਮ ਪਾਂਵਟਾ‡ ਸਭਿ ਦੇਸ਼ਨਿ ਪ੍ਰਗਟਾਇ ॥ ੪੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਦੁਰਗ ਰਚਨਿ' ਪ੍ਰਸੰਗ ਬਰਨਨੰ ਨਾਮ ਸਪਤ ਚੱਤਵਾਰਿੰਸਤੀ ਅੰਸੂ ॥ ੪੭ ॥

੪੮. [ਨੰਦ ਚੰਦ ਤੇ ਦਯਾਰਾਮ ਰਾਮ ਰਾਇ ਪਾਸ ਗਏ]।

ਦੋਹਰਾ॥ ਭਯੋ ਸੁਭਟ ਸਮੁਦਾਇ ਬਡ ਗਾਢੋ ਗਢ ਜਬਿ ਪਾਇ। ਜੇ ਤਰਕਤਿ[2] ਗੁਰ ਸਦਨ ਕੋ ਤਿਨਹੁਂ ਤ੍ਰਾਸ ਉਰ ਪਾਇ ॥ ੧ ॥ ਚੌਪਈ ॥ ਨਿਕਟ ਪਾਂਵਟੇ ਪੁਰਿ ਕੇ ਜਿਤੇ। ਦਸ ਦਸ ਬੀਸ ਕੋਸ ਮਹਿਂ ਹੁਤੇ। ਤੇ ਸਭਿ ਮਿਲਿ ਮਿਲਿ ਕਰਹਿਂ ਬਿਚਾਰਾ। 'ਜੋਧਾ ਗੁਰੂ ਭਯੋ ਬਲਿ ਭਾਰਾ ॥ ੨ ॥ ਚਲਹਿ ਤੀਰ ਕੋ ਸਕਹਿ ਸਹਾਰੀ। ਦਲ ਬਲ ਤੇ ਕੋ ਟਿਕਹਿ ਅਗਾਰੀ'। ਇਮ ਕਲਗ਼ੀਧਰ ਕੀ ਸੁਧਿ ਸਾਰੀ। ਰਾਮਰਾਇ ਢਿਗ ਜਾਇ ਉਚਾਰੀ ॥ ੩ ॥ ਬੀਸ ਕੋਸ ਗੁਰ ਪੁਰਿ ਤੇ ਪਰੇ§। ਤਿਸੀ ਦੂਨ ਮਹਿਂ ਬਾਸੋ ਕਰੇ। ਸੰਗਤਿ ਘਨੀ ਆਨਿ ਕਰਿ ਸੇਵੈ। ਕਰ ਕੋ ਜੋਰਿ ਅਕੋਰਨ ਦੇਵੈ॥੪॥ ਦੇਸ਼ਨ ਮਹਿਂ ਮਸੰਦ ਗਨ ਫਿਰੈਂ। ਜਹਿਂ ਕਹਿਂ ਤੇ ਧਨ ਲ੍ਯਾਵਨਿ ਕਰੈਂ। ਜਬਿ ਤੇ ਚਵਗੱਤਾ ਚਢਿ ਗਯੋ[3]। ਗੁਰ

---

[1]ਗੱਦੀ, ਸਿੰਘਾਸਨ। [2]ਜੋ ਦੋਸ਼ ਦੇਂਦੇ ਸੀ। [3]ਭਾਵ ਦੱਖਣ ਨੂੰ ਚੜ੍ਹਕੇ ਗਿਆ ਸੀ।

*ਗੜ੍ਹਵਾਲ ਦੀ ਤਦੋਂ ਇਹ ਨਗਰ ਰਾਜਧਾਨੀ ਸੀ, ਇੱਥੇ ਗੁਰੂ ਨਾਨਕ ਦੇਵ ਜੀ ਦਾ ਗੁਰਦਵਾਰਾ ਬੀ ਹੈ ਸੀ। ਹੜ੍ਹ ਨਾਲ ਨਗਰ ਰੁੜ੍ਹ ਗਿਆ ਦੱਸੀਦਾ ਹੈ। †ਇਹ ਦੋਹਾ ਗੁਰ ਬਿਲਾਸ ਦਸਮੀ ਪਾਤਸ਼ਾਹੀ ਦੇ ਵਿੱਚੋਂ ਦਾ ਹੈ ਕੁਛ ਰਤਾ ਰਤਾ ਫਰਕ ਹੈ। ‡ਹੁਣ ਤਕ ਨਾਮ ਇਹੋ ਹੈ। §ਪਾਂਵਟੇ ਤੋਂ ਤ੍ਰੈ ਕੁ ਮੀਲ ਉਪਰ ਜਾਕੇ ਪੱਤਣ ਹੈ ਇਸ ਤੋਂ ਜਮਨਾ ਪਾਰ ਹੋਕੇ ਸਿੱਧੇ ਰਸਤੇ ਡੇਹਰਾਦੂਨ ਹੈ ਪਾਰਲੇ ਕਿਨਾਰੇ। ਏਥੇ ਅਜ ਕਲ ਜੰਗਲ ਦਾ ਬੰਗਲਾ ਹੈ। ਜਮਨਾ ਦਾ ਇਹ ਪਾਸਾ (ਡੇਹਰਾਦੂਨ ਵਾਲਾ) ਤਦੋਂ ਗੜ੍ਹਵਾਲੀਏ ਦਾ ਸੀ।

ਕੇ ਦਾਸ[1] ਨਿਕਾਸਨ ਕਿਯੋ ॥੫॥ ਤਬਿ ਤੇ ਇਤ ਦਿਸ਼ਿ ਕੋ ਚਲਿ ਆਯੋ[2]। ਕੇਤਿਕ ਗ੍ਰਾਮ ਨ੍ਰਿਪਨ ਤੇ ਪਾਯੋ*। ਜਹਿਂ ਕਹਿਂ ਅਜ਼ਮਤ ਦੇ ਬਹੁ ਬਾਰੀ। ਪੂਜਾ ਅਪਨੀ ਜਗਤ ਪਸਾਰੀ॥ ੬ ॥ ਘਨੇ ਮਸੰਦ ਕਿ ਰਹੈਂ ਵਕੀਰ। ਰਣ ਸਮਾਜ ਥੋਰੇ ਸੰਗ ਬੀਰ। ਜੋਧਾ ਸ਼ਸਤ੍ਰ ਧਰਨਿ ਕਹੁ ਨਾਂਹੀ।ਸਾਧ ਮਤੋ ਜਿਸ ਕੇ ਮਨ ਮਾਂਹੀ ॥ ੭ ॥ ਸ੍ਰੀ ਕਲਗ਼ੀਧਰ ਕੋ ਆਗਵਨੂੰ। ਸੁਨਯੋ ਸ੍ਰੋਨ ਇਹ ਨਿਜ-ਰਿਪੁ ਦਮਨੂੰ[3]।ਸਰ ਧਨ ਜੋਰਤਿ ਬਲਿ ਕਰਿ ਛੋਰਤਿ। ਰਿਪੁ ਓਰਨ ਰਿਸ ਤੇ ਉਰ ਫੋਰਤਿ ॥ ੮ ॥ ਜਾਇਂ ਦੂਰ ਲਗਿ ਸਰਪ ਸਮਾਨਾ। ਸ਼ੂਕਤਿ ਹਤਹਿਂ ਅਚੂਕ ਨਿਸ਼ਾਨਾ।ਜਿਨ ਕੇ ਤੀਰਨਿਕੋ ਡਰਿ ਧਰਿਕੈ।ਧੀਰਜ ਤਜਯੋ ਗਿਰੇਸ਼ੁਰ ਡਰਿਕੈ ॥੯॥ ਸਭਿ ਮਹਿਂ ਦੁੰਦਭਿ ਫਿਰਤਿ ਬਜਾਵਤਿ। ਕੋ ਨਹਿਂ ਬੋਲਿ ਸਕੈ ਡਰਪਾਵਤਿ। ਮੋ ਸੰਗ ਪੂਰਬ ਬੈਰ ਸੰਭਾਰਹਿਂ। ਅਸ ਨਹਿਂ ਹੋਇ ਆਇ ਇਤ ਮਾਰੈਂ॥੧੦॥ ਨਹਿਂ ਰੋਕਨਿ ਕੋ ਸਮਰਥ ਕੋਈ। ਸਕਲ ਰੀਤਿ ਜ਼ੋਰਾਵਰ ਸੋਈ। ਅਧਿਕ ਬੀਰਤਾ ਧਰਿ ਸਵਧਾਨਾ। ਕਰਾਮਾਤ ਮਹਿਂ† ਕੋ ਨ ਸਮਾਨਾ-॥੧੧॥ ਮਹਿਦ ਮੁਸਾਹਿਬ ਇਕ ਰਹਿ ਪਾਸ[4]। ਭਾਈ ਬਹਿਲੋ ਕੋ ਗੁਰਦਾਸ। ਸਪਤਮ ਸਤਿਗੁਰ ਸ੍ਰੀ ਹਰਿਰਾਇ। ਤੁਰਕੇਸ਼ੁਰ ਨੇ ਪਠੇ ਬੁਲਾਇ॥੧੨॥ ਰਾਮਰਾਇ ਕਹਿ ਤਬਹਿ ਪਠਾਏ[5]। ਕੇਤਿਕ ਸਿੱਖ ਮਸੰਦ ਮਿਲਾਏ। ਤਬਿ ਕੋ ਸੰਗ ਰਹਯੋ ਗੁਰਦਾਸ। ਮਸਲਤ ਕਰਨਿ ਬਿਖੈ ਰਹਿ ਪਾਸ॥੧੩॥ਇਸ ਤੇ ਆਦਿ ਮਸੰਦ ਵਕੀਰ। ਕਰੇ ਹਕਾਰਨਿ ਅਪਨੇ ਤੀਰ। ਚਿਤ ਕੀ ਚਿੰਤਾ ਸਕਲ ਸੁਨਾਈ।ਫੁਰੀ ਰਿਦੇ ਜਿਮ ਕੀਨਿ ਬੁਰਾਈ॥੧੪॥ 'ਸ੍ਰੀ ਗੁਰ ਗੋਵਿੰਦਸਿੰਘ ਹਠੀਲਾ।ਗੁਰ ਖਸ਼ਟਮਸਮ ਜਿਸਕੀ ਲੀਲਾ।ਤਿਨ ਤੇ ਭੀ ਕੇਤਿਕ ਅਧਿਕਾਈ। ਕਰਤਿ ਰਹਿਤਿ ਹਮ ਸਭਿ ਸੁਨਿ ਪਾਈ॥ ੧੫ ॥ ਨਿਕਟ ਆਨਿ ਗਢ ਦਿੜ੍ਹ ਬਡ ਪਾਯਹੁ। ਸੁਭਟ ਬਟੋਰਤਿ ਦਲ ਬਿਰਧਾਯਹੁ।ਜੋ ਰਿਸ ਧਰਿ ਇਤ ਕੋ ਚਲਿ ਆਵੈ।ਬਿਗਰਪਰੈ ਤਬਿਕੋ ਅਟ-ਕਾਵੈ ॥ ੧੬ ॥ ਧਨੁ ਵਿੱਦਯਾ ਮਹਿਂ ਮਹਿਦ ਮਹਾਨਾ। ਬਲ ਤੇ ਤਜੈ ਸਰਪ ਸਮ ਬਾਨਾ। ਕੋਸਨ ਲਗਿ ਪਹੁੰਚਤਿ ਜਬ ਛੋਰੈ। ਕੋ ਅਸ ਜੋਧਾ ਤਿਨਹੁ ਬਹੋਰੈ॥੧੭॥ਧੀਰਜ ਨਹੀਂ ਰਹਿਤਿ ਮੁਰ ਉਰ ਕੋ। ਚਲਹੁ ਅਨਤ[6] ਤਜਿ

---

[1]ਭਾਵ ਮਤੀਦਾਸ ਨੇ। [2]ਚਲ ਆਇਆ ਸੀ (ਰਾਮ ਰਾਇ)। [3]ਆਪਣੇ ਕੰਨੀ (ਰਾਮ ਰਾਇ ਨੇ) ਸੁਣਿਆਂ ਕਿ ਸ਼ੱਤ੍ਰੂਆਂ ਦੇ ਨਾਸ਼ ਕਰਤਾ (ਗੁਰੂ ਜੀ) ......। [4](ਰਾਮ ਰਾਇ ਜੀ ਦੇ ਪਾਸ। [5](ਰਾਮ ਰਾਇ ਨੂੰ) ਕਹਿ ਕੇ ਘੱਲਿਆ ਸੀ (ਸਤਵੇਂ ਗੁਰੂ ਜੀ ਨੇ)। [6]ਹੋਰਥੇ। *ਹੁਣ ਤਕ ਮਹੰਤਾਂ ਪਾਸ ਰਾਜਿਆਂ ਦੇ ਦਿਤੇ ਤ੍ਰਾਮੇ ਦੇ ਪਟੇ ਪਏ ਹਨ। †ਪਾ:-ਸਹਿ।

ਕਰਿ ਨਿਜ ਪੁਰਿਕੋ।ਬਿਗਰਹਿ ਪਾਛੇ ਕੁਛ ਨ ਹਮਾਰਾ।ਡੇਰਾ ਰਹੈ ਬਸ੍ਯੋ ਇਹ
ਸਾਰਾ ॥੧੮॥ ਜਬਹਿ ਦੂਨ ਇਹ ਤਜਿ ਕਰਿ ਜਾਵੈਂ। ਆਪਨਿ ਥਾਨ ਬਸਹਿਂ
ਪੁਨ ਆਵੈਂ"। ਇਮ ਸੁਨਿ ਕਰਿ ਬੋਲ੍ਯੋ ਗੁਰਦਾਸ। 'ਨਹਿਂ ਕੀਜਹਿ ਚਿਤ
ਮਹਿਂ ਇਮ ਤ੍ਰਾਸ ॥ ੧੯ ॥ ਬੈਠੇ ਰਹਹੁ ਆਪਨੇ ਪੁਰਿ ਮੈਂ। ਕਿਮ ਧੀਰਜ
ਛੋਰਤਿ ਹਹੁ ਉਰ ਮੈਂ। ਮੇਰੋ ਭ੍ਰਾਤ ਨਾਮ ਜਿਸ ਤਾਰਾ। ਤੀਰ ਪ੍ਰਹਾਰਨਿ ਮਹਿਂ
ਬਲਿ ਭਾਰਾ॥੨੦॥ਗੁਰਗੋਵਿੰਦ ਸਿੰਘ ਕੇ ਜਿਮ ਸੁਨੇ। ਤਿਸੀ ਪ੍ਰਕਾਰ ਚਲਾ-
ਵਤਿ ਘਨੇ।ਪ੍ਰਥਮੈਂ ਤੌ ਇਹ ਬਾਤ ਨ ਬਨੈ। ਤੁਮ ਲਗਿ ਆਵਨਿ ਗੁਰ ਨਹਿਂ
ਭਨੈਂ ॥੨੧॥ ਹੋਰੀ ਬਾਤ ਨਹੀਂ ਅਸ ਕਰੈ। ਨਿਜ ਘਰ ਸੰਗ ਨਹੀਂ ਇਮ
ਲਰੈ। ਬਨਹਿ ਕਦਾਚਿਤ ਜੇ ਅਸ ਆਇ। ਤੌ ਮਮ ਭ੍ਰਾਤਾ ਤੀਰ ਚਲਾਇ॥
॥੨੨॥ ਕਰਹਿ ਮਵਾਸ ਆਪਨੇ ਪੁਰਿ ਕੋ। ਬੈਠੇ ਰਹਹੁ ਧੀਰ ਧਰਿ ਉਰ ਕੋ।
ਜੇ ਬਹੁ ਪ੍ਰਬਲ ਪਿਖੈਂਗੇ ਤਬੈ। ਨਿਸ ਮਹਿਂ ਨਿਕਸਿ ਚਲੈਂਗੇ ਸਬੈ ॥ ੨੩ ॥
ਨਿਜ ਪਰ ਸਰ ਬਿਨ ਦੇਖਿ ਦਿਖਾਏ[੧]।ਉਚਿਤ ਨ ਤੁਮ ਕੋ ਚਲਹੁ ਪਲਾਏ।
ਨਿੰਦਾ ਪ੍ਰਗਟ ਹੋਇ ਜਗ ਮਾਂਹੀ। ਦਰਬ ਸੰਗਤਾਂ ਦੇਂ ਕੁਛ ਨਾਂਹੀ ॥ ੨੪ ॥
ਇੱਤ੍ਯਾਦਿਕ ਬਹੁ ਬਿਗਰਹਿ ਬਾਤ'। ਸੁਨਿ ਸ਼੍ਰੀ ਰਾਮਰਾਇ ਸਭਿ ਘਾਤ।
ਕੁਛ ਧੀਰਜ ਧਰਿ ਥਿਰਤਾ ਕੀਨਿ। ਤਊ ਤ੍ਰਾਸ ਮਹਿਂ ਕੁਛ ਚਿਤ ਲੀਨਿ।
॥੨੫॥ ਰਾਖਿ ਨਿਕਟ ਕੁਛ ਆਯੁਧ ਧਾਰੀ। ਦ੍ਰਿੜ੍ਹਤਾ ਕਰਤਿ ਰਹਤਿ ਨਿਜ
ਤ੍ਯਾਰੀ। ਵਹਿਰ ਦੂਰ ਨਹਿਂ ਕਿਤਹੁਂ ਸਿਧਾਵੈ।ਸੁਧ ਹਿਤ ਨਿਤ ਮਗ[੨] ਨਰਨ
ਬਿਠਾਵੈ ॥੨੬॥ ਕੌਤਿਕ ਆਇ ਪਾਂਵਟੇ ਜਾਈਂ। ਲੇ ਲੇ ਸੁਧਿ ਸਭਿ ਜਾਇ
ਸੁਨਾਈਂ। 'ਆਜ ਸਿੰਘਾਸਨ ਪਰ ਥਿਰ ਰਹੇ'।'ਆਜ ਅਖੇਰ ਖੇਲਿਬੇ ਚਹੇ'
॥੨੭॥ 'ਏਤਿਕ ਸੈਨਾ ਹੈ ਅਬਿ ਤ੍ਯਾਰੀ'।'ਆਜ ਸਭਾ ਮੈਂ ਏਵ ਉਚਾਰੀ'।
ਇੱਤ੍ਯਾਦਿਕ ਸੁਧ ਸਕਲ ਸੁਨਾਵੈਂ।ਦਿਨ ਪ੍ਰਤਿ ਧੀਰਜ ਧਰਿਤੋ ਜਾਵੈ॥੨੮॥
ਕ੍ਰਿਪਾ ਨਿਧਾਨ[੩] ਸਕਲ ਗਤਿ ਜਾਨੀ।ਕਰ੍ਯੋ ਚਹਿਤ ਤਿਹ ਚਿਤ ਡਰਹਾਨੀ।
ਨੰਦਚੰਦ ਕੋ ਸਭਿ ਸਮੁਝਾਯੋ। ਰਾਮਰਾਇ ਕੇ ਨਿਕਟ ਪਠਾਯੋ ॥ ੨੯ ॥
ਦਯਾਰਾਮ ਪ੍ਰੋਹਿਤ ਦ੍ਵੈ ਮਿਲਿਕੈ। ਪਹੁੰਚੇ ਤਹਾਂ ਹਯਨਿ ਪਰ ਚਲਿਕੈ।
ਪੂਰਬ ਸੁਧਿ ਸਮੀਪ ਪਹੁੰਚਾਈ। 'ਸ਼੍ਰੀ ਕਲਗੀਧਰ ਦਯਾ ਉਪਾਈ ॥ ੩੦ ॥
ਹਮ ਕੋ ਪਠ੍ਯੋ ਆਪ ਕੇ ਪਾਸ। ਜਾਨੇ ਇਮ ਨ ਕਰਹਿ ਉਰ ਤ੍ਰਾਸ[੪]"।

[੧]ਆਪਣੇ ਪਰਾਏ ਤੀਰਾਂ ਦੇ ਬਿਨਾਂ ਦੇਖੇ ਦਿਖਾਏ। [੨]ਰਾਹ ਵਿਚ। [੩]ਭਾਵ ਗੁਰੂ ਜੀ ਨੇ।
[੪](ਕਿ ਰਾਮਰਾਇ) ਇਉਂ ਜਾਣ ਲਵੇ ਤੇ ਚਿੱਤ ਵਿਚ ਡਰੇ ਨਾਂ।

ਸੁਨਿ ਸ੍ਰੀ ਰਾਮਰਾਇ ਹਰਖਾਇ।ਤਤਛਿਨ ਦੋਨਹੁੰ ਨਿਕਟ ਬੁਲਾਇ॥੩੧॥
ਨਮੋ ਠਾਨਿ ਕਰਿ ਬੈਠੇ ਜਾਇ। ਗੁਰ ਦਿਸ਼ਿ ਕੀ ਸੁਧਿ ਸਕਲ ਸੁਨਾਇ।
'ਕੁਸ਼ਲ ਆਪ ਕੀ ਬੂਝਨ ਹੇਤੁ।ਹਮਹਿਂ ਪਠਾਯਹੁ ਕ੍ਰਿਪਾਨਿਕੇਤ॥੩੨॥ਏਕੋ
ਸਦਨ ਹਮਾਰ ਤੁਮਾਰੇ। ਨਹੀਂ ਭੇਦ ਕੁਛ ਉਰ ਮਹਿ ਧਾਰੋ। ਖ਼ਬਰ ਕੁਸ਼ਲ
ਕੀ ਲਿਖਹੁ ਪਠਾਵਹੁ। ਕਛੂ ਫਰਕ ਨਹਿਂ ਮਨ ਮਹਿਂ ਲਯਾਵਹੁ ॥ ੩੩ ॥
ਅਪਨੇ ਪਰ ਗੁਰ ਕਰੁਨਾ ਧਰੈਂ। ਇਹ ਬਿਧਿ ਬਿਰਦ ਤਿਨਹੁੰ ਲਖਿ ਪਰੈ।
ਤੁਮ ਤੇ ਬਡੇ ਸਥਾਨ ਪਛਾਨਹੁਂ। ਮੇਲਿ ਕਰਨਿ ਕੋ ਮਨ ਮਹਿਂ ਠਾਨਹੁ' ॥
॥੩੪॥ਦਯਾਰਾਮ ਸਭਿ ਬਿਧਿ ਸਮੁਝਾਈ।'ਮੈਂ ਪ੍ਰੋਹਿਤ ਸੋਢਿਨ ਸਮੁਦਾਈ।
ਅਪਨੇ ਬਿਖੇ ਕਰੋਧ ਨ ਧਰੀਅਹਿ*। ਨਿਸ ਬਾਸੁਰ ਨਹਿਂ ਤਿਨ ਤੇ ਡਰੀ-
ਅਹਿ* ॥੩੫॥ ਧੀਰਮੱਲ ਕੇ ਧੀਰਜ ਨਾਂਹੀ। ਪਿਖਿ ਮਤਸਰ ਪਾਵਕ ਉਰ
ਮਾਹੀ।ਜਰਹਿ ਅਧਿਕ ਨਹਿਂ ਜਰਹਿ ਪ੍ਰਤਾਪੂ। ਇਸ ਪ੍ਰਕਾਰ ਨਹਿਂ ਚਹੀਏ
ਆਪੂ[1] ॥ ੩੬ ॥ ਸੋ ਆਛੀ ਦੁਹਿ ਦਿਸ਼ਿ ਕੋ ਨਾਂਹੀ। ਅਰੁ ਨਿੰਦਾ ਬਿਦਤਹਿ
ਜਗ ਮਾਂਹੀ। ਜਿਸ ਤੇ ਕਾਰਜ ਸੁਧਰੈ ਕੋਇ ਨ। ਤਿਸਕੋ ਗ੍ਰਹਨਿ ਕਰਨਿ
ਸ਼ੁਭਿ ਹੋਇ ਨ ॥ ੩੭ ॥ ਹਰਖਹੁ ਮਿਲਹੁ ਤ੍ਰਾਸ ਬਿਸਰਾਵਹੁ। ਏਕ ਰੂਪ
ਹੁਇ ਸੁਖ ਉਪਜਾਵਹੁ'। ਸੁਨਿ ਸ੍ਰੀ ਰਾਮਰਾਇ ਡਰ ਛੋਰਾ। ਮਿਲਬੇ ਹੇਤੁ
ਕੁਛਕ ਮਨ ਮੋਰਾ॥੩੮॥'ਦਯਾਰਾਮ ਪ੍ਰੋਹਿਤ ! ਸੁਨਿ ਲੀਜੈ। ਤਿਮ ਬਰਤ-
ਈਯਤਿ[2] ਜਥਾ ਜਨੀਜੈ॥ਆਸ਼ੈ ਲਖੇ ਬਿਨਾ ਕਯਾ ਜਾਨੈਂ। ਮਿਲਿ ਬੋਲਨਿ
ਤੇ ਸਕਲ ਪਛਾਨੈਂ ॥ ੩੯ ॥ ਅਬਿ ਤੁਮ ਆਇ ਜਥਾ ਸਮੁਝਾਈ। ਬਨਹਿ
ਮੇਲ ਸਭਿ ਭੇਦ ਮਿਟਾਈ। ਰਚੇ ਹਮਾਰੇ ਥਾਨ ਬਡੇਰੇ। ਬੰਦਨ ਕਰਿਬੋ
ਉਚਿਤ ਸੁ ਮੇਰੇ॥੪੦॥ਜੋ ਇਮ ਕਰੁਨਾਮੋ ਪਰ ਕਰੈਂ।ਤੌ ਕਿਮ ਫਰਕ ਬਿਧੀ
ਉਰ ਧਰੈਂ। ਜਿਮ ਉਚਰਹਿਂ ਤਿਮ ਹਮ ਅਨੁਸਾਰੇ। ਧੀਰਮੱਲ ਕੋ ਸਮ ਨ
ਬਿਚਾਰੋ'॥੪੧॥ਮੇਲ ਕਰਨਿ ਇੱਤਯਾਦਿਕ ਗਾਥਾ।ਕਹਤਿ ਭਯੋ ਦੋਨਹੁੰ ਕੇ
ਸਾਥਾ। ਪੁਨ ਆਛੇ ਦੇ ਕਰਿ ਸਿਰੁਪਾਊ। ਸਨਮਾਨੇ ਪੁਨ ਕੀਨਿ ਬਿਦਾਊ॥
॥੪੨॥ ਨੰਦ ਚੰਦ ਬੰਦਨ ਕਰਿ ਉਠਯੋ। ਦਯਾਰਾਮ ਨੇ ਆਸ਼ਿਖ ਪਠਯੋ[3]।
ਨਿਜਕੁਲ ਪ੍ਰੋਹਿਤ ਜਾਨਿ ਬਡੇਰਾ।ਕਿਤਿਕ ਦਰਬ ਦੀਨਿ ਸਿਤਿ ਸਬੇਰਾ॥੪੩।
ਚਢੇ ਤੁਰੰਗਨ ਪਰ ਚਲਿ ਆਏ।ਨਗਰ ਪਾਂਵਟੇ ਕੇ ਨਿਯਰਾਏ।ਨਿਜ ਡੇਰਨਿ

[1]ਆਪ ਨੂੰ। [2]ਵਰਤਾਉ ਕਰੀਏ। [3]ਅਸ਼ੀਰਵਾਦ ਪੜ੍ਹੀ ਭਾਵ ਦਿੱਤੀ।

*ਪਾਃ—ਅਪਨੇ ਸੋਂ ਬਿਰੋਧ ਜੋ ਧਰੀਅਹਿ। ਨਿਸ ਬਾਸਰ ਤਿਨਹੂੰ ਤੇ ਡਰੀਅਹਿ।

ਮਹਿਂ ਉਤਰੇ ਆਇ। ਪਰੀ ਨਿਸਾ ਤੇ ਰਹਿ ਸੁਪਤਾਇ ॥ ੪੪ ॥ ਭਈ ਭੋਰ ਉਠਿ ਕੀਨਿ ਸ਼ਨਾਨਾ। ਸ਼ਸਤ੍ਰ ਬਸਤ੍ਰ ਪਹਿਰੇ ਸਵਧਾਨਾ। ਸ਼੍ਰੀ ਕਲਗ਼ੀਧਰ ਕੇ ਦਰਬਾਰ। ਸੁਨਿ ਕਰਿ ਪਹੁੰਚੇ ਆਨੰਦ ਧਾਰਿ ॥ ੪੫ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰੁਤੇ 'ਸ਼੍ਰੀ ਰਾਮ ਰਾਇ' ਪ੍ਰਸੰਗ ਬਰਨਨੰ ਨਾਮ ਅਸ਼ਟ ਚੱਤ੍ਵਾ-ਰਿੰਸਤੀ ਅੰਸੂ ॥ ੪੮ ॥

੪੯. [ਬੁੱਧੂ ਸ਼ਾਹ। ਫਤੇਸ਼ਾਹ ਮਿਲਿਆ]।

ਦੋਹਰਾ ॥ ਨਿਕਟ ਪਹੁੰਚਿ ਸਤਿਗੁਰੂ ਕੇ ਪਦ ਅਰਬਿੰਦ ਨਿਹਾਰਿ। ਹਾਥ ਬੰਦਿ ਬੰਦਨ ਕਰੀ ਬੈਠੇ ਸਭਾ ਮਝਾਰ ॥ ੧ ॥ ਚੌਪਈ ॥ ਸ਼੍ਰੀ ਕਲਗੀਧਰ ਕੋ ਰੁਖ਼ ਪਾਯੋ। ਜੋ ਪ੍ਰਸੰਗ ਭਾ ਸਕਲ ਸੁਨਾਯੋ। 'ਪ੍ਰਭੂ! ਆਪ ਤੁਮ ਅੰਤਰਯਾਮੀ। ਸਭਿ ਘਟ ਕੇ ਮਾਲਿਕ ਜਗ ਸੁਾਮੀ॥੨॥ਕਰੀ ਕ੍ਰਿਪਾ ਤਿਨ ਤ੍ਰਾਸ ਮਿਟਾਯੋ। ਸਭਿ ਪੁਰਿ ਕੋ ਧੀਰਜ ਅਬਿ ਆਯੋ। ਕਹਯੋ ਆਪ ਕੋ ਜਬਹਿ ਸੁਨਾਇਵ। ਬਨਯੋ ਮ੍ਰਿਦੁਲ ਅਰੁ ਮਿਲਨਿ ਅਲਾਇਵ ॥ ੩ ॥ ਹਰਖ੍ਯੋ ਉਰ ਕਹਿ-ਹਮ ਅਨੁਸਾਰੇ। ਆਸ਼ੈ ਲਖੇ ਬਿਨਾ ਭ੍ਰਮ ਧਾਰੇ–। ਸੁਨਯੋ ਨਰਨਿ ਤੇ ਚਲਯੋ ਪਲਾਈ। ਕਹਿ ਬਹਿਲੋ ਕੋ[1] ਧੀਰ ਉਪਾਈ ॥੪॥ ਤਊ ਨ ਠਹਿਰਤਿ ਜਾਨਯੋ ਪਰੈ। ਅਨਤੈ[2] ਚਲਨਿ ਮਨੋਰਥ ਧਰੈ। ਆਸ਼ੈ ਤਿਸ ਕੋ ਜਾਨਯੋ ਜਾਈ। ਮਿਲਹਿ ਕਿਤਿਕ ਦਿਨ ਮਹਿਂ ਤੁਮ ਤਾਈਂ' ॥੫॥ ਸਤਿਗੁਰ ਕਹ੍ਯੋ 'ਤ੍ਰਾਸ ਕ੍ਯੋਂ ਧਾਰਾ। ਕਹਾਂ ਹਮਾਰੋ ਕਾਜ ਬਿਗਾਰਾ। ਬਸਹਿ ਨਿਸ਼ੰਕ ਦੂਨ ਕੇ ਮਾਂਹੀ। ਬਿਨ ਕਾਰਨ ਕੁਛ ਕੋ ਕਹਿ ਨਾਂਹੀ' ॥ ੬ ॥ ਇਮ ਕਹਿ ਅਪਰ ਖ੍ਯਾਲ ਬਿਰਮਾਏ। ਨਗਰ ਪਾਂਵਟੇ ਨਰ ਸਮੁਦਾਏ। ਆਇ ਹਜ਼ਾਰਹੁੰ ਨਿਤ ਦਰਸੈਹੈਂ। ਕਿਤਿਕ ਜਾਇਂ ਅਰੁ ਕਿਤਿਕ ਬਸੈਹੈਂ ॥੭॥ ਕਿਤਿਕ ਦੂਰ ਪੁਰਿ ਬਸਹਿ ਸਢੌਰਾ[3]*। ਬੁੱਧੂ ਸ਼ਾਹਿ ਸਦਨ ਤਿਸ ਠੌਰਾ। ਮਗ ਖ਼ੁਦਾਇ ਕੋ ਪ੍ਰੇਮੀ ਅਹੈ। ਸੰਤਨਿ ਸੰਗ ਮਿਲਨਿ ਚਿਤ ਚਹੈ॥੮॥ 'ਆਏ ਨਿਕਟ ਗੁਰੂ' ਤਿਨ ਸੁਨੇ। 'ਜਿਨ ਕੀ ਉਪਮਾ ਨਰ ਗਨ ਭਨੇ। ਸ਼੍ਰੀ ਨਾਨਕ ਗਾਦੀ ਕੋ ਮਾਲਿਕ।

---

[1]ਬਹਿਲੋ ਕੇ (ਗੁਰਦਾਸ ਨੇ)। [2]ਹੋਰਥੇ। [3]ਕਿਤਨੀ ਕੁ ਦੂਰ ਸਢੌਰਾ ਨਾਮ ਨਗਰ ਵਸਦਾ ਸੀ।

*ਇਹ ਬਹੁਤ ਪੁਰਾਣਾ ਟਿਕਾਣਾ ਬੁੱਧ ਸਮੇਂ ਦਾ ਹੈ, ਤਦੋਂ ਇੱਥੇ ਉਹਨਾਂ ਦੇ ਬਹੁਤ ਮਠ ਸਨ ਤੇ ਸਾਧੂ ਟਿਕਦੇ ਸਨ। ਇਸ ਦਾ ਨਾਮ 'ਸਾਧਵਾਰਾ' ਕਰਕੇ ਸੀ, ਜਿਸ ਦਾ ਬਿਗੜ ਕੇ ਸਢੌਰਾ ਬਣ ਗਿਆ ਹੈ। ਫਿਰ ਇਹ ਮੁਸਲਮਾਨਾਂ ਦਾ ਇਕ ਜ਼ੋਰ ਵਾਲਾ ਟਿਕਾਣਾ ਰਿਹਾ ਹੈ। ਤਸੀਲ ਨਰਾਯਨ ਗੜ੍ਹ ਵਿਚ ਹੈ। ਪਾਉਂਟੇ ਤੋਂ ਸੋਲਾਂ ਸਤਾਰਾਂ ਮੀਲ ਹੋਸੀ।

ਦੀਨ ਦੁਨੀ ਸਭਿ ਜਿਸ ਕੋ ਤਾਲਿਕ[1] ॥ ੯ ॥ ਜਿਸ ਪਰ ਕ੍ਰਿਪਾ ਕਰਹਿ ਅਧਿਕਾਇ।ਮਗ ਖ਼ੁਦਾਇ ਕੋ ਦੇਤਿ ਬਤਾਇ'। ਇੱਤ੍ਯਾਦਿਕ ਮਹਿਮਾ ਸੁਨਿ ਸ਼੍ਰੌਨ। ਤਯਾਰੀ ਕਰੀ ਚਲਨਿ ਕੀ ਤੌਨ[2] ॥ ੧੦॥ ਬ੍ਰਿੰਦ ਮੁਰੀਦ ਦੇਸ਼ ਮਹਿੰ ਜਿਸ ਕੇ। ਨਿਤ ਅਨੁਸਾਰਿ ਕਹੇ ਮਹਿੰ ਤਿਸ ਕੇ। ਕਿਤਿਕ ਇਕੱਤ੍ਰ ਕਰੇ ਬੁਲਿਵਾਇ। ਦਰਸ਼ਨ ਹਿਤ ਗਮਨੇ ਉਤਲਾਇ॥੧੧॥ਆਨਿ ਪਾਂਵਟੇ ਡੇਰਾ ਕਰ੍ਯੋ। ਮਿਲਿਨਿ ਮਨੋਰਥ ਕੋ ਉਰ ਧਰ੍ਯੋ। ਬੈਠੇ ਗੁਰ ਲਾਗ੍ਯੋ ਦਰਬਾਰ। ਆਨਿ ਕਰ੍ਯੋ ਦਰਸ਼ਨ ਸੁਖਸਾਰ॥੧੨॥ਧਰਿ ਅਕੋਰਕੋ ਸੀਸਨਿਵਾਯੋ।ਪਿਖਿ ਸਰੂਪ ਕੋ ਨਹਿ ਤ੍ਰਿਪਤਾਯੋ। ਲਖਿ ਦਰਵੇਸ਼ ਗੁਰਨਿ ਸਨਮਾਨਾ। ਸਹਿਤ ਮੁਰੀਦਨਿ ਬੈਠਨਿ ਠਾਨਾ॥੧੩॥ਬੂਝਨਿ ਕਰੇ 'ਬਸਤ ਹਹੁ ਕਹਾਂ ?। ਕਿਸ ਕਾਰਜ ਤੇ ਆਵਨ ਇਹਾਂ ?। ਅਹੋ ਕੌਨ ਕ੍ਯਾ ਨਾਮ ਤੁਮਾਰਾ ? ਕਹਹੁ ਪ੍ਰਸੰਗ ਆਪਨੋ ਸਾਰਾ' ॥੧੪॥ ਸੁਨਿ ਕਰ ਜੋਰਤਿ ਬਾਕ ਬਖਾਨੋ। 'ਸੱਯਦ ਜਾਤਿ ਦੇਹ ਕੀ ਜਾਨੋ।ਸ਼ਹਿਰ ਸਢੌਰੇ ਮਹਿੰ ਘਰ ਅਹੈਂ।ਬੁੱਧੂਸ਼ਾਹ ਨਾਮ ਜਗ ਕਹੈ॥੧੫॥ਮਹਿਮਾ ਸੁਨੀ ਘਨੀ ਬਹੁ ਦਿਨ ਤੇ।ਚਹਤਿ ਮਿਲਨਿ ਕੋ ਪ੍ਰੀਤੀ ਮਨ ਤੇ। ਅਬਿ ਹਜ਼ੂਰ ਨੇ ਮੇਲਨਿ ਕੀਨਿ। ਬਨਹਿ ਨ ਬਿਛੁਰਨਿ ਮੈਂ ਲਖਿ ਲੀਨਿ॥੧੬॥ਐਸੀ ਮਿਲਨੀ ਅਬਿ ਮਿਲਿ ਗਯੋ। ਲੇ ਦਰਸ਼ਨ ਕੋ ਮਨ ਦੇ ਦਿਯੋ। ਅਸ ਬਿਵਹਾਰ ਬਿਨਾ ਮੁਖ ਬੋਲੇ।ਹੋਇ ਚੁਕ੍ਯੋ ਤੂਰਨ ਬਿਨ ਤੋਲੇ[3] ॥੧੭॥ਜਿਸ ਤੇ ਫੇਰ ਨ ਫਿਰਨਾ ਹੋਇ।ਬਹੁ ਦਿਨ ਕੇ ਦਾਰਿਦ ਦੁਖ ਖੋਇ'। ਉਕਤਿ ਜੁਗਤਿ ਸਤਿਗੁਰ ਜਬਿ ਸੁਨੀ। ਰੀਝਿ ਮੌਜ ਕਰੁਨਾ ਕਿਯ ਘਨੀ[4] ॥ ੧੯ ॥ ਗੁਰ ਦਰਬਾਰ ਰਹ੍ਯੋ ਲਗਿ ਜਾਵਤ[5]। ਲੇਤਿ ਰਹ੍ਯੋ ਦਰਸ਼ਨ ਕੋ ਤਾਵਤ। ਪੁਨ ਉਠਿ ਪ੍ਰਭੁ ਜੀ ਭਏ ਇਕੰਤ। ਸਭਿ ਨਿਜ ਥਾਨ ਗਏ ਹਰਖੰਤਿ॥੧੯॥ਨੰਦ ਚੰਦ ਕੋ ਕਹ੍ਯੋ ਸੁਨਾਈ।'ਸੱਯਦ ਕੀ ਸੁਧਿ ਲੀਜਹਿ ਜਾਈ।ਆਛੇ ਥਾਨ ਕਰਾਇ ਨਿਵੇਸ਼। ਖਾਨ ਪਾਨ ਪਹੁੰਚਾਇ ਅਸ਼ੇਸ਼ ॥੨੦॥ ਬ੍ਰਿੰਦ ਮੁਰੀਦ ਸੰਗ ਜਿਸ ਅਹੈਂ। ਗੁਰ ਘਰ ਮਹਿ ਸ਼ਰਧਾ ਉਰ ਲਹੈ'। ਸੁਨਿ ਦਿਵਾਨ ਸਭਿ ਵਸਤੁ ਪੁਚਾਈ। ਸੁਖ ਸਮੇਤ ਨਿਸ ਤਿਨਹੁੰ ਬਿਤਾਈ॥੨੧॥ ਪ੍ਰਾਤਿ ਹੋਤਿ ਗੁਰ ਚਢੇ ਅਖੇਰ। ਜੁਰਰੇ[6] ਬਾਜ ਸਮਾਜ ਬਡੇਰ।ਪਾਂਚਹੁੰ ਭ੍ਰਾਤ

[1]ਜਿਸ ਦੇ ਅਧੀਨ ਹੈ। [2]ਤਿਸਨੇ। [3]ਬਿਨਾ ਤੋਲੇ ਤੇ ਬਿਨਾ ਮੁਖੋਂ ਬੋਲੇ ਹੀ ਐਸਾ ਵਿਹਾਰ ਦਰਸ਼ਨ ਲੈਕੇ ਮਨ ਦੇ ਦੇਣ ਦਾ) ਹੋ ਚੁਕਾ ਹੈ। [4]ਖੁਸ਼ੀ ਦੀ ਲਹਿਰ ਵਿਚ ਕਿਰਪਾ ਕੀਤੀ ਬਹੁਤੀ। [5]ਗੁਰ ਦਰਬਾਰ ਲੱਗਾ ਰਿਹਾ ਜਦ ਤਕ। [6]ਨਰ ਬਾਜ਼। [ਫਾ:, ਜੁੱਰਹ]।

ਤੁਰੰਗ ਅਰੂਢੇ।ਸੈਨ ਸੰਗ ਗਮਨੇ ਬਨ ਗੂਢੇ[1]॥੨੨॥ਕਬਿ ਸਤਿਗੁਰ ਆਰੋਹਿ ਮਤੰਗੀ। ਕਬਿਹੂੰ ਚੰਚਲ ਬਲੀ ਤੁਰੰਗੀ। ਸੁਨਹਿਂ ਸ਼ੇਰ, ਤਿਤ ਕੋ ਚਢਿ ਜਾਵੈਂ। ਨਿਜ ਸੁਭਟਨਿ ਕੋ ਕਹਿ ਹਤਵਾਵੈਂ[2] ॥ ੨੩ ॥ ਅਨਿਕ ਜਾਤਿ ਕੇ ਮ੍ਰਿਗ ਸਮੁਦਾਯਾ। ਰੋਝ ਝੰਖਾਰਨ ਕੇਤਿਕ ਆਯਾ।ਹਤਹਿਂ ਸ਼ੇਰ*ਇਕਦੁਇ ਜਬਿ ਚਢਹਿਂ। ਭੈਦਾਯਕ ਬਨ ਬੀਨਤਿ ਕਢਹਿਂ[3] ॥ ੨੪ ॥ ਏਕ ਜਾਮ, ਜੁਗ ਜਾਮ ਬਿਹਾਰੈਂ। ਜਿਤ ਕਿਤ ਖੇਲਤਿ ਰੌਰ ਪਸਾਰੈਂ। ਬਡ ਬਾਜਤਿ ਰਣਜੀਤ ਨਗਾਰਾ। ਦੂਰ ਦੂਰ ਲਗਿ ਸੁਨਹਿਂ ਉਦਾਰਾ ॥ ੨੫॥ਭਏ ਦੁਪਹਿਰੇ ਲਗਿ ਗੁਰ ਆਵਹਿਂ। ਭੋਜਨ ਕਰਿ ਅਰਾਮ ਕੋ ਪਾਵਹਿਂ। ਉਠਹਿਂ ਛਕਹਿਂ ਸੁੱਖਾ† ਸੁਖ ਕੇਰਾ। ਸੌਚ ਸ਼ਨਾਨ ਕਰਹਿਂ ਤਿਸ ਬੇਰਾ ॥੨੬ ॥ਦੇਖਿ ਦੇਖਿ ਦਰਸ਼ਨ ਅਰੁ ਦਲ ਕੋ। ਸਕਲ ਦੂਨ ਬਹਿ ਬਰਨਹਿ ਬਲ ਕੋ[4]। ਪੁਰਿ ਸ਼੍ਰੀ ਨਗਰ ਰਾਜ ਕੋ ਕਰਿਹੀ।ਫਤੇਸ਼ਾਹ ਤਿਹ ਨਾਮ ਉਚਰਿਹੀ॥੨੭॥ ਤਿਹ ਸਮੀਪ ਬਹੁ ਜਾਇ ਕਹੰਤੇ।'ਸਤਿਗੁਰ ਜੋਧੇ ਅਤਿ ਬਲਵੰਤੇ। ਸੁੰਦਰ ਮੰਦਿਰ ਗੁਨਨਿ ਸਰੂਪ[5]।ਸੁਨਯੋ ਮਦਨ[6]ਅਸ ਹੋਇ ਅਨੂਪ॥੨੮॥ਅਪਰ ਨ ਜਗ ਮਹਿਂ ਪਈਯਤਿ ਕੋਈ। ਰੁਚਿਰ ਸਰੀਰ ਹੋਇ ਸਮ ਜੋਈ[7]। ਅਧਿਕ ਸੁਸ਼ੀਲ ਬੀਰਤਾ ਭਰਯੋ।ਕਰਾਮਾਤ ਪੂਰਨ, ਦੁਖਦਰਯੋ[8]'॥੨੯॥ਇੱਤਯਾਦਿਕ ਜਸੁ ਕਹਿ ਸਭਿ ਕੋਈ। ਸੁਨਯੋ ਨ੍ਰਿਪਤਿ ਰੁਚਿ ਮਿਲਿਬੇ ਹੋਈ।ਸਗਰੀ ਸੈਨ ਬਟੋਰਨਿ ਕੀਨਿ। ਅਧਿਕ ਅਕੋਰਨ ਸੰਗਹਿ ਲੀਨਿ ॥ ੩੦ ॥ ਫਤੇਸ਼ਾਹ ਹੁਇ ਤਯਾਰ ਮਹੀਪਾ। ਆਯਹੁ ਮਿਲਿਬੇ ਹੇਤੁ ਸਮੀਪਾ। ਪ੍ਰਥਮ ਦਈ ਸੁਧਿ ਪਠਯੋ ਵਕੀਲਾ।ਗੁਰ ਦਰਬਾਰ ਲਗਾਇ ਛਬੀਲਾ॥੩੧॥ਨਰਨਿ ਹਜ਼ਾਰਨਿ ਕੋ ਸੰਗ ਲਯਾਯੋ। ਮਿਲਯੋ ਗੁਰੂ ਪਗ ਸੀਸ ਨਿਵਾਯੋ। ਸੁਭਟਨਿ ਸਹਿਤ ਸ਼ਸਤ੍ਰ ਤਨ ਧਾਰੇ। ਥਿਰਯੋ ਭੂਪ ਤਬਿ ਪ੍ਰਭੂ ਅਗਾਰੇ॥੩੨॥ਬੂਝਯੋ 'ਕੁਸ਼ਲ

---

[1]ਸੰਘਣੇ ਬਨ (ਵਿੱਚ)। [2]ਮਰਵਾ ਦੇਂਦੇ ਹਨ। [3]ਭਯਾਨਕ ਬਨ ਵਿਚੋਂ ਚੁਣ ਕੇ ਕੱਢਦੇ ਹਨ। [4]ਸਾਰੀ ਦੂਣ (ਦੇ ਲੋਕ) ਬੈਠਕੇ (ਗੁਰੂ ਜੀ ਦੇ) ਬਲ ਨੂੰ ਉਚਾਰਦੇ ਹਨ। [5]ਸੁੰਦਰ ਸਰੂਪ ਤੇ ਗੁਣਾਂ ਦੇ ਮੰਦਰ ਹਨ। [6]ਕਾਮਦੇਵ । [7]ਸੁੰਦਰ ਸਰੀਰ (ਜੋ ਗੁਰੂ ਜੀ ਦੇ ਸਰੀਰ ਦੇ) ਤੁਲ ਹੋਵੇ। [8]ਦੁਖਾਂ ਦੇ ਨਾਸ਼ ਕਰਤਾ ਹਨ। *ਉਂਞ ਤਾਂ ਨਾਹਨ ਵਿਚ ਬੀ ਬੜਾ ਸ਼ਿਕਾਰ ਤੇ ਜੰਗਲ ਸਨ ਪਰ ਸ਼ਿਵਾਲਕ ਦੀਆਂ ਪਹਾੜੀਆਂ ਹਰਦੁਆਰ ਤਕ ਮਹਾਨ ਜੰਗਲਾਂ ਨਾਲ ਭਰਪੂਰ ਹਨ, ਜਿਨ੍ਹਾਂ ਵਿੱਚ ਸ਼ੇਰਾਂ ਤੇ ਹਾਥੀਆਂ ਦਾ ਬੀ ਨਿਵਾਸ ਹੈ। †ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।

ਸ਼ਰੀਰ ਸੁ ਦੇਸ਼। ਸੈਨਾ, ਮੰਤ੍ਰੀ, ਕੋਸ਼ ਅਸ਼ੇਸ਼'। [੧]'ਸਭਿ ਕੇ ਹੈ ਕੱਲਜਾਨ ਸਦੀਵਾ'। ਸੁਨਤਿ ਬਤਾਈ ਨ੍ਰਿਪ ਹ੍ਵੈ ਨੀਵਾ ॥੩੩॥'ਰਾਜ ਕਿਤਿਕ?'ਪੁਨ ਬੂਝਨ ਕਰਜੋ। ਜਥਾ ਜੋਗ ਗੁਰ ਤੀਰ ਉਚਰਜੋ[੧]। ਕਰਨਿ ਅਖੇਰ ਅਨੇਕ ਪ੍ਰਸੰਗੀ। ਕਹੇ ਪਰਸਪਰ ਹਰਖਿ ਉਮੰਗੀ ॥ ੩੪ ॥ ਬਸਤ੍ਰ ਦਰਬ ਅਰੁ ਏਕ ਤੁਰੰਗਾ। ਅਰਪਨਿ ਕੀਨਿ ਭਾਵ ਕੇ ਸੰਗਾ। ਕਿਤਿਕ ਕਾਲ ਮਹਿਂ ਚਢਿਬੇ ਚਾਹਾ। ਪ੍ਰਭੁ ਬਹੁ ਕਹਿ ਡੇਰਾ ਉਤਰਾਹਾ॥ ੩੫ ॥ ਸੰਧਿ ਕਰਾਵਨਿ ਚਹਿਂ[੨] ਨ੍ਰਿਪ ਦੋਊ। 'ਬਧਜੋ ਬਿਰੋਧ ਅਧਿਕ, ਦਿਹੁ ਖੋਊ'। ਨਿਸ ਮਹਿਂ ਨ੍ਰਿਪ ਮੁਕਾਮ ਜਬਿ ਕੀਨਾ। ਸ੍ਰੀ ਪ੍ਰਭੁ ਤਬਿ ਕ੍ਰਿਪਾਲ[੩] ਪਠਿ ਦੀਨਾ[੪] ॥ ੩੬॥ਗੁਰ ਮਾਤੁਲ ਜਾਨਜੋ ਜਬਿ ਆਯੋ।ਕਰਿ ਸਨਮਾਨ ਸਮੀਪ ਬਿਠਾਯੋ। ਮ੍ਰਿਦੁਲ ਬਾਕ ਭਾਖੇ ਅਰੁ ਸੁਨੇ। ਜਿਸ ਤੇ ਹੋਇ ਪ੍ਰੇਮ ਰਸ ਸਨੇ ॥ ੩੭ ॥ [੫]'ਸੁਨਹੁ ਭੂਪ ਮੁਹਿ ਪ੍ਰਭੁ ਪਠਾਵਾ।ਅਭਿਲਾਖਤਿ ਚਿਤ ਬੈਰ ਮਿਟਾਵਾ।ਕਰੇ ਬੈਰ ਕੁਛ ਪ੍ਰਾਪਤਿ ਨਾਂਹੀ। ਤੌ ਜਾਨਹੁ ਨਿਸ਼ਫਲ ਨਿਜ ਮਾਂਹੀ ॥ ੩੮ ॥ ਨਾਹਿਲੇਸ਼ ਮਹਿਂ ਜੋ ਵਟ[੬] ਹੋਇ। ਸਤਿਗੁਰ ਕਹੇ[੭] ਸਕਲ ਦੇ ਖੋਇ। ਇਤ ਮਾਨਹੁ ਤੁਮ ਮਿਲਿਬੇ ਬਾਤੀ। ਤਿਸੇ ਹਕਾਰ ਲੇਤਿ ਪ੍ਰਭੁ ਪ੍ਰਾਤੀ ॥ ੩੯ ॥ ਸੋ ਨਹਿਂ ਮੋਰੈ ਗੁਰ ਕੋ ਕਹਜੋ। ਤੁਮ ਭੀ ਤਿਮ ਮਾਨਹੁ ਹਿਤ ਲਹਜੋ[੮]।ਸੁਨਿ ਕਰਿ ਫਤੇਸ਼ਾਹ ਕਹਿ ਬਾਨੀ। 'ਭਨਹਿਂ ਪ੍ਰਭੂ ਹਮ ਸਾਦਰ ਮਾਨੀ ॥ ੪੦ ॥ ਦੋਨਹੁੰ ਕੇ ਉਗਾਹ ਗੁਰ ਹੋਇ।ਬਹੁਰ ਬਖੇਰਾ ਕਰੈ ਨ ਕੋਇ'।ਇੱਤਜਾਦਿਕ ਸੁਨਿ ਕਰਿ ਕਿਰਪਾਲ*। ਆਨਿ ਬਤਾਯੋ ਨਿਕਟ ਕ੍ਰਿਪਾਲ[੯] ॥ ੪੧ ॥ ਤਬਿ ਪ੍ਰਭੁ ਨੰਦ ਚੰਦ ਸੋਂ ਭਾਖਾ।'ਪ੍ਰਾਤਿ ਜਾਹੁ ਨਾਹਿਨਕਰਿ ਕਾਂਖਾ[੧੦]।ਸੰਗ ਪ੍ਰਕਾਸ਼ ਮੇਦਨੀ ਲਜਾਓ।ਜੁਗਮ ਮਹੀਪਸਮੀਪ† ਮਿਲਾਓ'॥੪੨॥ਫਤੇਸ਼ਾਹ ਕੀ ਜ਼ਾਵਤ ਕੀਨਿ[੧੧]। ਖਾਨ ਪਾਨ ਸਭਿ ਕੁਛ ਪਠਿ ਦੀਨਿ। ਸੁਪਤਿ ਜਥਾ ਸੁਖ ਰਾਤਿ ਬਿਤਾਈ। ਜਾਗੇ ਸਭਿ ਪ੍ਰਭਾਤਿ ਹੁਇ ਆਈ ॥ ੪੩ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਫਤੇਸ਼ਾਹ ਮਿਲਨ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤਿ ਅੰਸੂ ॥ ੪੯ ॥

---

[੧](ਰਾਜੇ ਨੇ) ਦੱਸਿਆ। [੨](ਸ੍ਰੀ ਗੁਰੂ ਜੀ) ਚਾਹੁੰਦੇ ਹਨ। [੩]ਮਾਮਾ ਕ੍ਰਿਪਾਲ ਜੀ ਨੂੰ। [੪]ਭੇਜ ਦਿਤਾ (ਸ੍ਰੀ ਨਗਰ ਦੇ ਰਾਜੇ ਪਾਸ)। [੫]ਮਾਮਾ ਕ੍ਰਿਪਾਲ ਜੀ ਨੇ ਕਹਿਆ। [੬]ਦਿਲ ਵਿਚ ਗੁੱਸੇ ਦੇ ਰਖੇ ਹੋਏ ਭਾਵ ਨੂੰ 'ਵੱਟ' ਕਹਿੰਦੇ ਹਨ। [੭]ਸਤਿਗੁਰ ਜੀ ਦੇ ਕਹਿਣ ਤੇ। [੮]ਭਲਾ ਦੇਖਕੇ। [੯]ਭਾਵ ਗੁਰੂ ਜੀ ਦੇ ਪਾਸ। [੧੦]ਚਾਹਨਾ ਕਰਕੇ, ਖੁਸ਼ੀ ਨਾਲ। [੧੧]ਪ੍ਰਾਹੁਣਚਾਰੀ ਕੀਤੀ।

*ਪਾ:-ਭਨੇ ਕ੍ਰਿਪਾਲ। †ਪਾ:-ਜੁਗਮ ਮਹੀਪਤ ਆਨਿ।

੫੦. [ਫਤੇਸ਼ਾਹ ਤੇ ਨਾਹਣੇਸ਼ ਦਾ ਮੇਲ ਕਰਾਇਆ। ਸ਼ੇਰ ਸ਼ਿਕਾਰ]।

ਦੋਹਰਾ ॥ ਬਡੀ ਪ੍ਰਾਤਿ ਉਠਿ ਕਰਿ ਗਯੋ ਨੰਦਚੰਦ ਨ੍ਰਿਪ ਪਾਸ । ਸਮੁਝਾਯਹੁ ਬਹੁ ਬਿਧਿ ਕਹ੍ਯੋ 'ਕੀਜੈ ਬੈਰ ਬਿਨਾਸ ॥ ੧ ॥ ਚੌਪਈ ॥ ਫਤੇਸ਼ਾਹ ਨ੍ਰਿਪ ਨਿਕਟ ਰਹਾਯੋ[1]* । ਤੁਝ ਲੈਬੇ ਹਿਤ ਮੋਹਿ ਪਠਾਯੋ । ਸਭਿ ਗਿਨਤੀ ਤਜਿ ਹੁਜਹਿ ਸਾਥ[2] । ਕਰਹਿਂ ਪ੍ਰਤੀਖਨ ਤੋ ਕਹੁ ਨਾਥ' ॥ ੨ ॥ ਗੁਰ ਦਿਸ਼ਿ ਤੇ ਇਮ ਬਹੁ ਸਮੁਝਾਯੋ। ਜਯੋਂ ਕਯੋਂ ਕਰਿ ਨ੍ਰਿਪ ਸੰਗ ਚਢਾਯੋ । ਚਢਿ ਨਾਹਣ ਤੇ ਮਾਰਗ ਚਾਲਾ । ਸਾਥ ਅਨੀਕਹਿ[3] ਲੀਨਿ ਬਿਸਾਲਾ ॥ ੩ ॥ ਸਗਰੋ ਪੰਥ ਉਲੰਘਤਿ ਆਯੋ । ਨਗਰ ਪਾਂਵਟੇ ਡੇਰਾ ਪਾਯੋ।ਇਕ ਦਿਸ਼ਿ ਫਤੇਸ਼ਾਹ ਦਲ ਪਰਯੋ । ਦਿਸ਼ਿ ਦੂਸਰਿ ਮਹਿਂ ਆਨਿ ਉਤਰਯੋ॥੪॥ਤਬਿ ਪ੍ਰਭੁ ਕੋ ਮਿਲਿਬੇ ਹਿਤ ਚਾਹ੍ਯੋ । ਪ੍ਰਥਮ ਬੂਝਿ ਆਵਤਿਭਾ ਪਾਹ੍ਯੋ[4] । ਪਗ ਪੰਕਜ ਕੋ ਕੀਨਿ ਪ੍ਰਨਾਮ । ਹਰਖ੍ਯੋ ਦਰਸ ਪਾਇ ਅਭਿਰਾਮ ॥ ੫ ॥ ਸ੍ਰੀ ਕਲਗੀਧਰ ਨ੍ਰਿਪ ਸਨਮਾਨਾ । ਮਿਟਨਿ ਬਿਰੋਧ ਪ੍ਰਸੰਗ ਬਖਾਨਾ । ਸੁਨਤਿ ਭਾਉ ਕੇ ਬਾਕ ਬਖਾਨੈ । 'ਕ੍ਰਹਯੋ ਆਪ ਕੋ ਹਮ ਸਭਿ ਮਾਨੈਂ॥੬॥ ਜਿਸ ਪ੍ਰਕਾਰ ਹਿਤ ਹੋਇ ਹਮਾਰਾ । ਕ੍ਰਿਪਾ ਧਾਰਿ ਸੋ ਕਰਹੁ ਉਚਾਰਾ' । ਸਤਿਗੁਰ ਕਹ੍ਯੋ 'ਪ੍ਰਾਤਿ ਜਬਿ ਹੋਇ।ਕਰੈਂ ਹਕਾਰਨਿ ਆਵਹੁ ਦੋਇ॥੭॥ਮਿਲਹੁ ਪ੍ਰੇਮ ਤੇ ਤਜਹੁ ਬਿਕਾਰ[5]। ਹਮ ਨੇ ਤੁਮਰੋ ਹਿਤ ਨਿਰਧਾਰ' । ਇਮ ਠਹਿਰਾਇ ਗਯੋ ਨਿਜ ਡੇਰੇ । ਫਿਰੇ ਦੌਨ ਦਿਸ਼ਿ ਮਨੁਜ ਬਡੇਰੇ॥੮ ॥ਸੁਪਤਿ ਸਕਲ ਸਰਵਰੀ[6]ਬਿਤਾਈ । ਭਈ ਪ੍ਰਾਤਿ ਤਯਾਰੀ ਕਰਿਵਾਈ । ਕਰਯੋ ਫਰਾਸ਼ਨ ਫਰਸ਼ ਬਿਸਾਲਾ । ਰੰਗ ਅਨੇਕਨ ਕੋ, ਛਬਿਵਾਲਾ॥੯ ॥ ਬੀਚ ਸਿੰਘਾਸਨ ਕਰਯੋ ਡਸਾਵਨਿ । ਕਰੇ ਮਸੰਦ ਸੁਭਟ ਬੁਲਿਵਾਵਨਿ । ਲਗ੍ਯੋ ਦਿਵਾਨ ਮਹਾਨ ਸੁਜਾਨਾ । ਬਸਤ੍ਰ ਸ਼ਸਤ੍ਰ ਤੇ ਛਬਿ ਜਿਹ ਨਾਨਾ॥੧੦॥ ਪੁਨ ਕਲਗੀਧਰ ਗਰ ਸ਼ਮਸ਼ੇਰਾਧਨੁ ਸਰ ਕਰ ਦੀਪਤਿ ਸਮ ਸ਼ੇਰ । ਆਵਤਿ ਪੇਖਿ ਉਠੇ ਸਭਿ ਆਗੇ । ਬੰਦਤਿ ਅਨੁਰਾਗੇ ਪਗ ਲਾਗੇ॥੧੧॥ਬੈਠੇ ਪੁਨ ਸੁੰਦਰ ਸਿੰਘਾਸਨ । ਨਿਕਟ ਨਿਠੁਰ ਬਡ ਧਰ੍ਯੋ ਸਰਾਸਨ । ਚਮਰ ਢੁਰਨਿ ਲਾਗ੍ਯੋ ਚਹੁੰ ਫੇਰੇ। ਖਰੇ ਦੰਡਧਰਿ ਕੰਚਨ ਕੇਰੇ ॥੧੨॥ ਰਾਜ ਸਾਜ ਇੱਤਯਾਦਿਕ ਸਾਰਾ। ਦੀਪਤਿ ਸਤਿਗੁਰ ਕੇ ਦਰਬਾਰਾ ।ਪਠੇ ਦੂਤਨ ਨ੍ਰਿਪ ਨਿਕਟ ਮਸੰਦਾ। ਕਰੇ ਹਕਾਰਨਿ ਸੁਨਤਿ

---

[1](ਗੁਰੂ ਜੀ ਨੇ)ਰੱਖਿਆ ਹੈ ਪਾਸ। [2]ਭਾਵ ਮੇਰੇ ਨਾਲ ਚੱਲੋ। [3]ਸੈਨਾ। [4]ਪਹਿਲਾਂ ਪੁੱਛ ਕੇ ਪਾਸ ਆਇਆ (ਨਾਹਨ ਦਾ ਰਾਜਾ)। [5]ਵਿਗਾੜ। [6]ਰਾਤ। *ਪਾ:–ਟਿਕਾਯੋ।

ਅਨੰਦਾ ॥ ੧੩॥ਨਿਜ ਨਿਜ ਸੈਨਾ ਲੇ ਸਮੁਦਾਇ। ਦੁਹੁੰ ਦਿਸ਼ਿ ਤੇ ਦੋਨਹੁੰ
ਚਲਿ ਆਇ। ਪਦ ਅਰਬਿੰਦ ਬੰਦਨਾ ਕਰੇ। ਸਨਮਾਨੇ ਸਭਿ ਕੇ ਮਧ
ਥਿਰੇ ॥੧੪॥ ਸਤਿਗੁਰ ਕਹ੍ਯੋ 'ਪਰਸਪਰ ਕੌਰੀ[1]। ਭਰਿ ਕਰਿ ਮਿਲਹੁ
ਮੁਦਤਿ ਇਸ ਠੌਰੀ।ਬਧ੍ਯੋ ਬਿਰੋਧ ਛੋਰਿ ਸਭਿ ਦੀਜੈ। ਪ੍ਰਥਮ ਬਾਰਤਾ ਨਹਿਂ
ਸਿਮਰੀਜੈ' ॥ ੧੫ ॥ ਮਾਨਿ ਹੁਕਮ ਦੋਨਹੁੰ ਉਠਿ ਕਰਿਕੈ। ਮਿਲਿ ਆਪਸ
ਮਹਿਂ ਬੈਰ ਬਿਸਰਿ ਕੈ। ਬੰਦਨ ਕਰਿ ਬੈਠੇ ਸਤਿਗੁਰ ਕੋ। ਭੇਦ ਮਿਟਾਇ
ਅਨੰਦ ਭਰਿ ਉਰਕੋ ॥ ੧੬ ॥ ਕਰਹਿਂ ਪ੍ਰੇਮ ਕੀ ਬਾਤ ਬਹੋਰੀ। ਦੇਖਿ ਦੇਖਿ
ਸ਼੍ਰੀ ਪ੍ਰਭੁ ਕੀ ਓਰੀ। ਕਰਨਿ ਅਖੇਰ ਸ਼ੇਰ ਕੋ ਮਾਰਨਿ। 'ਦੂਨ ਸੁੰਦਰੀ'
ਕਰਹਿਂ ਉਚਾਰਨ ॥੧੭॥ਇੱਤ੍ਯਾਦਿਕ ਹੋਈ ਬਹੁ ਗਾਥਾ। ਦੋਨਹੁੰ ਭੂਪਨਿ
ਕੋ ਪ੍ਰਭੁ ਸਾਥਾ। ਭਯੋ ਜਾਮ ਲਗਿ ਤਬਿ ਦਰਬਾਰਾ। ਕਲਗ਼ੀਧਰ ਕੌ ਲਖਿ
ਰੁਖ਼ ਸਾਰਾ ॥੧੮॥ ਉਠਿ ਭੂਪਤਿ ਕਰਿ ਬੰਦਨ ਗਏ। ਨਿਜ ਨਿਜ ਸਿਵਰ
ਪਹੂੰਚਤਿ ਭਏ। ਉਠੇ ਆਪ ਭੋਜਨ ਤਬਿ ਖਾਯਹੁ। ਪੁਨ ਅਰਾਮ ਹਿਤ ਮਨ
ਬਿਰਮਾਯਹੁ ॥੧੯॥ ਉਠੇ ਬਹੁਰ ਸੁੱਖਾ ਛਕਿ*ਲੀਨਿ।ਸੌਚ ਸ਼ਨਾਨ ਸਕਲ
ਤਨ ਕੀਨਿ। ਜਾਮ ਦਿਵਸ ਤੇ ਹੇਤੁ ਅਖੇਰ। ਭਏ ਅਰੂਢਿ ਤੁਰੰਗਮ ਫੇਰ।
॥੨੦॥ ਦੋਨਹੁ ਭੂਪਤਿ ਸੰਗ ਚਢਾਇ।ਬਨ ਮਹਿਂ ਬਿਚਰੇ ਖਗ ਮ੍ਰਿਗ ਘਾਇ।
ਅਨਿਕ ਬਿਲਾਸ ਬਿਪਨ ਮਹਿਂ ਕਰੇ।ਸੰਧ੍ਯਾ ਜਾਨਿ ਸਿਵਰ ਕੋ ਫਿਰੇ॥੨੧॥
ਦੌਰ ਕੋਹੀਆ[2] ਇਕ ਤਬਿ ਆਯੋ। ਊਚ ਪੁਕਾਰਤਿ ਬਾਕ ਸੁਨਾਯੋ। 'ਪ੍ਰਭੁ
ਜੀ ! ਬਡੋ ਕੇਹਰੀ ਜੋਇ। ਸਗਰੀ ਦੂਨ ਜਾਨਤੀ ਸੋਇ ॥ ੨੨ ॥ ਕੋਇ ਨ
ਮਾਰ ਸਕ੍ਯੋ ਬਡ ਦਾਰੁਨ। ਗੋ ਮਹਿਖੀ ਸੋ ਕਰਤਿ ਸੰਘਾਰਨ। ਕਿਤਿਕ
ਦਿਵਸ ਮਹਿਂ ਇਹ ਦ੍ਰਿਸ਼ਟਾਯੋ।ਗਯੋਹੁਤੋ ਕਿਤ ਅਬਿ ਚਲਿ ਆਯੋ'॥੨੩॥

---

[1]ਜੋੜੀ। [2]ਪਹਾੜੀਆ।

*ਹੁਣ ਤਕ ਸਤਿਗੁਰ ਦੇ ਦਰਬਾਰ ਵਿਚ ਸੁੱਖੇ ਦਾ ਜ਼ਿਕਰ ਨਹੀਂ ਆਇਆ। ਅਚਾਨਕ ਏਥੇ ਤੇ ਪਿਛਲੇ ਅੰਸੂ ਦੇ ਅੰਕ ੨੬ ਵਿਚ ਆਇਆ ਹੈ। ਇਹ ਠੀਕ ਨਹੀਂ ਹੈ। ਕਵਿ ਜੀ ਆਪਣੇ ਸਮੇਂ ਸੁੱਖਾ ਸਿੱਖਾਂ ਵਿਚ ਪ੍ਰਧਾਨ ਦੇਖਕੇ ਲਿਖ ਰਹੇ ਹਨ। ਇਸ ਚੜ੍ਹਦੀ ਜਵਾਨੀ ਵਿਚ ਸੁੱਖੇ ਦਾ ਪ੍ਰਵੇਸ਼ ਹੋ ਸਕਣਾ ਤੇ ਉਸ ਗੁਰੂ ਦੇ ਘਰ ਵਿਚ, ਜੋ ਜੁੱਧ ਵਿਦਿਆ ਤੇ ਬੀਰਰਸ ਭਰ ਰਿਹਾ ਹੈ,ਦਲਿੱਦਰ ਕੱਢ ਰਿਹਾ ਹੈ ਤੇ ਤਮਾਕੂ ਤਕ ਮਨ੍ਹਾਂ ਕਰ ਰਿਹਾ ਹੈ ਤੇ ਸਭ ਨਸ਼ਿਆਂ ਤੋਂ ਵਰਜ ਰਿਹਾ ਹੈ, ਕਦ ਹੋ ਸਕਦਾ ਹੈ ਕਿ ਇਸ ਸ਼ਰੀਰ ਨਾਸ਼ਕ ਬਲ ਬੁਧਿ ਨਾਸ਼ਕ ਭੰਗ ਨੂੰ ਆਪਣੇ ਬੀਰਾਂ ਵਿਚ ਵਾੜੇ। ਸ਼ੋਕ ਹੈ ਕਿ ਇਸ ਸੁੱਖੇ ਨੇ ਨਿਹੰਗਾਂ ਸਿੰਘਾਂ ਜੈਸੀ ਬੀਤਰਾਗ ਤੇ ਬਲੀ ਸੰਪ੍ਰਦਾ ਨੂੰ ਸਖਤ ਹਾਨੀ ਪੁਚਾਈ ਹੈ।

ਦੋਨਹੁੰ ਰਾਵ ਗੁਰੂ ਜੁਤਿ ਸੁਨਯੋਂ । ਸਿਧਰਾ ਪਰੀ ਜਾਨਿ ਪ੍ਰਭੁ ਭਨਯੋ। 'ਅਬਿ
ਨ ਸਮੋਂ ਮਾਰਨਿ ਕੋ ਰਹਯੋ । ਚਲਹਿਂ ਪ੍ਰਾਤ ਜਿਸ ਥਲ ਤੈਂ ਲਹਯੋ' ॥੨੪॥
ਪ੍ਰਭੁ ਬਚ ਜੁਗ ਭੂਪਨ ਸਨਮਾਨਾ। 'ਆਪ ਪ੍ਰਭਾਤੀ ਕਰਹੁ ਪਯਾਨਾ।
ਹਮ ਸਭਿ ਚਢਹਿਂ ਤਮਾਸਾ ਲਹੈਂ[੧]। ਮਾਰਹਿਂ ਘੇਰਿ, ਨਹੀਂ ਬਚ ਰਹੈ[੨]'
॥੨੫॥ ਇਮ ਕਹਿ ਗਮਨੇ ਸਨਮੁਖ ਡੇਰੇ।ਕਰਹਿਂ ਸਰਾਹਨ, ਸ਼ੇਰ ਬਡੇਰੇ।
ਪ੍ਰਥਮ ਹਤੇ ਤਿਨ ਗਾਥਸੁਨਾਵੈਂ[੩]।ਭੀਰ ਅਨੀਕਸਹਿਤ[੪]ਚਲਿ ਆਵੈਂ॥੨੬॥
ਤਿਮਰ ਪ੍ਰਬਿਰਤੇ ਉਤਰੇ ਆਇ। ਨਿਜ ਨਿਜ ਸਿਵਰ ਬਿਖੈ ਸੁਖ ਪਾਇ।
ਬਿਦਤ ਬ੍ਰਿਤੰਤ ਕੇਹਰੀ ਕੇਰਾ। 'ਹੋਹਿ ਜੰਗ ਤਿਹ ਸੰਗ ਸਬੇਰਾ' ॥ ੨੭ ॥
ਖਾਨ ਪਾਨ ਕਰਿ ਕੈ ਸਮੁਦਾਇ। ਸੁਪਤਿ ਜਥਾ ਸੁਖ ਰਾਤਿ ਬਿਤਾਇ। ਸੌਚ
ਸ਼ਨਾਨ ਸਕਲ ਕਰਿ ਲੀਨਿ । ਤਬਿ ਰਣਜੀਤ ਬਜਾਵਨਿ ਕੀਨਿ ॥ ੨੮॥
ਸੁਨਿ ਸਭਿ ਜ਼ੀਨ ਤੁਰੰਗਨ ਪਾਇ।ਜੁਗ ਭੂਪਨਿ ਤਯਾਰੀ ਕਰਿਵਾਏ। ਸੁਭ-
ਟਨ ਸਹਿਤ ਅਰੂੜ੍ਹਤਿ ਭਏ। ਆਯੁਧ ਖੜਗ ਧਾਰਿ ਕਰ ਲਏ ॥ ੨੯ ॥
ਸਤਿਗੁਰ ਕਲਗ਼ੀ ਸੀਸ ਉਤੰਗ। ਦਿਪਤਿ ਸਰੂਪ ਬਿਭੂਖਨ ਸੰਗ। ਗਰ
ਸ਼ਮਸ਼ੇਰ ਸਿਪਰ ਕਹੁ ਧਾਰੀ। ਕਸ ਨਿਖੰਗ,ਗਹਿ ਕਰ ਧਨੁ ਭਾਰੀ[੫] ॥੩੦॥
ਤੁੰਗ ਮਤੰਗ ਅਰੂੜਤਿ ਭਏਂ। ਵਹਿਰ ਸਿਵਰ ਤੇ ਨਿਕਸਤਿ ਭਏ। ਥਿਤ
ਹੁਇ ਦੋਨਹੁੰ ਭੂਪ ਮਿਲਾਏ । ਸੋ ਕੋਹੀਆਂ[੬] ਕੀਨਸਿ ਅਗੁਵਾਏ ॥ ੩੧ ॥
ਗਹਬਰ ਬਨ[੭] ਕੇ ਪੰਥ ਪਧਾਰੇ।ਨ੍ਰਿਪ ਜੁਗ ਸੰਗ ਸੁਭਟ ਗਨ ਭਾਰੇ।ਦਲ ਕੋ
ਪਰ੍ਹਾ[੮] ਦੂਰ ਲਗਿ ਕਰਯੋ। ਖੋਜਤਿ ਭਏ, ਹੋਇ ਕਿਤ ਥਿਰਯੋਂ[੯] ॥੩੨॥ ਜਬਿ
ਬਿਸਾਲ ਬਨ ਗਾਹਨ ਕੀਨਾ।ਸੁਗਮ ਬਿਖਮ ਥਲਖੋਜਿ ਸੁ ਲੀਨਾ।ਕੇਤਿਕ
ਪਾਹੜੇ ਸੂਕਰ ਮਾਰੇ।ਹੋਤਿ ਕੁਲਾਹਲ ਬਿਪਨ ਮਝਾਰੇ॥੩੩॥ਕੰਟਕ ਸਹਿਤ
ਮਹੀਰੁਹ[੧੦] ਖਰੇ। ਸ਼ਾਖਾ ਉਰਝੀ ਸੰਘਨੇ ਖਰੇ। ਊਚੀ ਸਰਲੀ[੧੧] ਸਾਲ[੧੨]
ਬਿਸਾਲਾ। ਬਦਰੀ[੧੩], ਖਦਰ[੧੪], ਕਰੌਂਜੇ[੧੫] ਜਾਲਾ॥੩੪॥ ਨੀਠ ਨੀਠ ਜਹਿਂ
ਗਮਨਯੋਂ ਜਾਇ। ਇਮ ਖੋਜਯੋ ਬਿਚਰਤਿ ਸਭਿ ਥਾਇਂ। ਕਹਯੋ ਕੋਹੀਏ

---

[੧]ਦੇਖਾਂਗੇ। [੨](ਸ਼ੇਰ) ਬਚੇਗਾ ਨਹੀਂ। [੩]ਸ੍ਰੀ ਗੁਰੂ ਜੀ ਨੇ ਪਹਿਲੋਂ ਜੋ ਬੜੇ ਸ਼ੇਰ ਮਾਰੇ ਸਨ ਤਿਨ੍ਹਾਂ ਦੀ ਗਲ ਬਾਤ ਸੁਣਾਂਵਦੇ ਹਨ। [੪]ਸੈਨਾ ਦੀ ਭੀੜ ਨਾਲ। [੫]ਵਡਾ ਧਨੁਖ ਹੱਥ ਵਿਚ ਲੈਕੇ। [੬]ਓਹ ਪਹਾੜੀਆ। [੭]ਸੰਘਣੇ ਬਨ ਦੇ। [੮]ਫੌਜ ਦੀ ਕਤਾਰ। [੯]ਕਿਧਰੇ ਇਸਥਿਤ ਹੋਵੇਗਾ (ਸ਼ੇਰ)। [੧੦]ਬ੍ਰਿੱਛ। [੧੧]ਚੀੜ। (ਅ) ਸਿੱਧੀ। [੧੨]ਸਾਲ ਨਾਮੇ ਬ੍ਰਿੱਛ। [੧੩]ਬੇਰੀ। [੧੪]ਖੈਰ। [੧੫]ਕਰੀਂਜੂਆ।

'ਕੇਹਰਿ ਕੇਰਾ। ਦੇਖਹੁ ਪਗ ਕੋ ਖੋਜ ਬਡੇਰਾ ॥ ੩੫॥ ਅਬਿ ਹੀ ਗਯੋ ਰਹੋ ਸਵਧਾਨਾ। ਨਿਕਸਹਿ ਕਰਹਿ ਚੋਟ ਬਲਵਾਨਾ'। ਦੋਨਹੁ ਨ੍ਰਿਪ ਬਹੁ ਸੰਗ ਸੁ ਬੀਰਾ। ਗਮਨਤਿ ਜਾਤਿ ਅੱਗ ਗੁਰ ਧੀਰਾ ॥੩੬॥ ਸੰਘਨੇ ਬ੍ਰਿੱਖ ਉਲੰ-ਘਤਿ ਭੁਏ। ਪੁਨ ਆਛੇ ਥਲ ਮਹਿਂ ਚਲਿ ਗਏ। ਤਿਸ ਕੇ ਨਿਕਟ ਬਿਖਮ ਇਕ ਥਾਇਂ। ਕੰਟਕ ਸਹਿਤ ਬ੍ਰਿੱਖ ਕੀ ਛਾਇ॥ ੩੭ ॥ ਸੁਪਤਿ ਪਰਯੋ ਨਿਜ ਪਾਇਂ ਪਸਾਰੇ। ਤ੍ਰਿਪਤਯੋ ਆਮਿਖ ਕੀਨਿ ਅਹਾਰੇ। ਜਬਹਿ ਹਿਰੇਖਾ ਹਯ ਕੀ ਹੋਈ। ਸੁਨਯੋ ਸ਼ਬਦ ਔਚਕ ਤਿਨ ਸੋਈ ॥੩੮॥ ਤਯਾਗਿ ਨੀਂਦ ਥਲ ਤੇ ਗੁਰਨਾਯੋ[1]*। ਖਰੋ ਹੋਇ ਬੈਠਯੋ ਦ੍ਰਿਗ ਲਾਯੋ।ਬੋਲਯੋ ਸੁਨਯੋ ਜਾਨਿ ਤਿਨ ਲੀਨੋ। ਠਾਂਢੇ ਭੁਏ ਬਿਲੋਕਨ ਕੀਨੋ ॥ ੩੯ ॥ ਦਾਰੁਨ ਪੰਚਾਨਨ ਕੋ ਆਨਨ[2]। ਜਿਸ ਸਮਾਨ ਕੋ ਨਾਹਿਨ ਆਨਨ[3]†। ਕਾਨਨ[4] ਸਬਦ ਸੁਨਯੋ ਤਹਿਂ ਜਬੈ।ਕਿਨਹੁਂ ਕਿਨਹੁਂ ਦ੍ਰਿਗ ਦੇਖਯੋ ਤਬੈ॥੪੦॥ ਨਖ ਪਾਇਨ ਤੇ ਅੰਕੁਸ ਮਨੋ[5]। ਦਾਰੁਨ ਤੇ ਦਾਰੁਨ ਮੁਖ ਘਨੋ।ਸਟਾ[6] ਕੰਠ ਪਰ ਦੀਰਘ ਦੀਖੇ। ਲਾਲ ਬਿਲੋਚਨ ਸ਼ੋਣ ਸਰੀਖੇ[7] ॥੪੧॥ ਲਾਂਗੁਲ[8] ਸਹਿਤ ਲਾਂਬਿਧੋ ਬੇਲਾ[9]। ਦੀਰਘ ਦਸਨ‡ ਸੁ ਦਿਖਨਿ ਦੁਹੇਲਾ[10]। ਛਾਤੀ ਗ੍ਰੀਵ ਉਦਰ ਹੈ ਸ੍ਵੇਤਾ[11]। ਕਦ ਬਿਸਾਲ ਬਲ ਅਧਿਕ ਨਿਕੇਤਾ॥ ੪੨॥ ਚੌਰੇ ਚਰਨ ਪੀਨ ਅਰੁ ਦੀਹਾ[12]।ਪੀਤ ਸੁ ਬਰਨ ਸ਼ਯਾਮ ਗਨਲੀਹਾਂ[13]।ਸੁਪਨੇ ਮਹਿਂ ਭੀ ਜਾਂਹਿ ਨ ਤ੍ਰਾਸਾ। ਸਭਿ ਚਾਹਿਤਿ ਹੈਂ ਪਿਖਿਨਿ ਤਮਾਸਾ ॥ ੪੩॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਅਖੇਰ' ਪ੍ਰਸੰਗ ਬਰਨਨੰ ਨਾਮ ਪੰਚਾਸਤਿ ਅੰਸੂ ॥ ੫੦ ॥

੫੧. [ਸ਼ੇਰ ਮਾਰਿਆ, ਬੁੱਧੂ ਸ਼ਾਹ ਵਿਦਾ ਹੋਯਾ]।

ਦੋਹਰਾ ॥ ਸ਼੍ਰੀ ਕਲਗ਼ੀਧਰ ਦੇਖਿਕੈ ਊਚੇ ਕਹਯੋ ਪੁਕਾਰਿ। 'ਛੋਰਹੁ ਨਹੀਂ ਤੁਰੰਗ ਕੋ ਟਿਕੇ ਰਹਹੁ ਬਨ ਲਾਰਿ[14]' ॥੧॥ ਚੌਪਈ ॥ ਦੋਨਹੁਂ ਨ੍ਰਿਪ ਜੁਤਿ ਸੈਨਾ ਸਾਰੀ। ਹੇਤ ਬੰਗਾਰਨਿ ਗਿਰਾ ਉਚਾਰੀ। 'ਏਕ ਸੁਭਟ ਲੇ ਖੜਗ ਸੁ ਢਾਲ।ਲਲਕਾਰਹਿ[15]ਸਭਿ ਆਗੇਚਾਲਿ।।੨।।ਛਾਰ ਸਹਾਰ ਵਾਰ ਕਰਵਾਰ[16]।

[1]ਗਰਜਿਆ। [2]ਸ਼ੇਰ ਦਾ ਮੁਖ। [3]ਮੁਖ ਨਹੀਂ ਕਿਸੇ ਹੋਰ ਦਾ। [4]ਕੰਨਾਂ ਵਿਚ। [5]ਪੈਰਾਂ ਉਤੇ ਨਹੁੰ (ਨਹੁੰਦਰਾਂ) ਅੰਕੁਸ ਵਾਂਙੂ (ਭਾਵ ਤਿੱਖੇ ਤੇ ਮੁੜਵੇਂ) ਹਨ। [6]ਗਰਦਨ ਦੇ ਵਾਲ। [7]ਲਹੂ ਵਰਗੇ। [8]ਪੂਛ। [9]ਭਾਵ ਪਿਠ ਲੰਮੀ ਹੈ। [10]ਦੇਖਣਾ ਦੁਖਦਾਈ ਹੈ। [11]ਚਿੱਟਾ। [12]ਮੋਟੇ ਤੇ ਬੜੇ ਭਾਰੀ। [13]ਲਕੀਰਾਂ। [14]ਕਤਾਰ ਬਣਾ ਕੇ। [15](ਸ਼ੇਰ ਨੂੰ) ਲਲਕਾਰੇ। [16](ਸ਼ੇਰ ਦੀ) ਛਾਲ ਨੂੰ ਸਹਾਰੇ ਤੇ ਵਾਰ (ਕਰੇ) ਤਲਵਾਰਦਾ (ਸ਼ੇਰ ਉਤੇ)।

*ਪਾ:—ਗੁਰਰਾਯੋ।

†ਪਾ:—ਕਾਨਨ ਕੋ ਆਨਨ।

‡ਪਾ:—ਦਰਸ਼ਨ।

ਕਰਹਿ ਜੁੱਧ ਲੇ ਕੇਹਰਿ ਮਾਰ। ਮੁਖ ਮਾਂਗੇ ਹਮ ਬਖਸ਼ਹਿਂ ਤਾਂਹੀ। ਨਿਕਸਹਿ ਧੀਰ ਧਾਰਿ ਉਰ ਮਾਂਹੀ' ॥੩॥ ਸੁਨਿ ਕਰਿ ਫਤੇਸ਼ਾਹ ਬਚ ਬੋਲਾ। 'ਪ੍ਰਭੁ ਜੀ ਕੇਹਰਿ ਓਜ ਅਤੋਲਾ। ਕੋ ਨਰ ਅਸ ਇਸ ਕੋ ਬਲ ਝਾਲੈ। ਹੁਇ ਸਵਧਾਨ ਵਾਰ ਪੁਨ ਘਾਲੈ ॥ ੪ ॥ ਚਿਰੰਕਾਲ ਕੋ ਇਤ ਉਤ ਫਿਰੈ। ਨਹਿਂ ਕੋ ਧਿਰ* ਧਰਿ[1] ਆਗੈ ਅਰੈ। ਸੈਲਨ ਦੇਸ਼ ਬਿਖੇ ਬੱਖਜਾਤ। ਕਿਸਹੂੰ ਨਹਿਂ ਕੀਨੋ ਇਹ ਘਾਤਿ ॥੫॥ ਕੋ ਹੈ ਸਮ ਰਾਵਰ ਕੇ ਕਹੋ। ਤਰੁਨ ਬੈਸ ਬਲ ਸਮਰਥ ਅਹੋ। ਨਾਂਹਿਤ ਚਲਨੈ ਦੇਹੁ ਤੁਫੰਗ। ਗੁਲਕਾਂ ਬ੍ਰਿੰਦ ਲਗਹਿਂ ਇਕ ਸੰਗ ॥ ੬ ॥ ਜੇ ਹਤਿ ਹੋਇ ਪਰੈ ਤਨ ਭੂਪਰ। ਨਤੁ ਪਹੁੰਚਸੋ ਜਾਨਹੁ ਕਿਸ ਊਪਰ। ਮਿਲਸੋ ਬੀਚਤਬਿਮੁਸ਼ਕਲ ਮਾਰਨਿ। ਕਰਹਿ ਪ੍ਰਹਾਰਅਨਿਕ ਕਰਵਾਰਨ[2]' ॥੭॥ ਤਬਿ ਕਲਗ਼ੀਧਰ ਦੇਖੇ ਸਬੈ। ਨਿਕਸਜੋ ਨਹਿਂ ਕੋ ਜੋਧਾ ਜਬੈ। ਨਿਜ ਹਾਥੀ ਕੋ ਕਹਿ ਬਿਠਵਾਇਵ। ਚਹੈਂ ਆਪਨੋ ਬਲ ਦਿਖਰਾਇਵ ॥੮॥ ਹੌਦੇ ਬਿਖੈ ਧਰਜੋ ਧਨੁ ਭਾਥਾ[3]। ਖੜਗ ਸਿਪਰ ਗਹਿ ਲੀਨਸਿ ਹਾਥਾ। ਨੰਦ ਚੰਦ ਆਦਿਕ ਪੰਚ ਭ੍ਰਾਤਾ। ਦੇਖਜੋ ਗੁਰੂ ਬੀਰ ਰਸ ਰਾਤਾ ॥੯॥ ਸਹਿਤ ਕ੍ਰਿਪਾਲ ਸੁ ਚਹਿਤ ਹਟਾਏ। ਕਹਜੋ ਨ ਜਾਇ ਤੇਜ ਦਿਪਤਾਏ। ਨਾਹਨੇਸ਼ ਕਰ ਜੋਰਿ ਉਚਾਰਾ। 'ਗਨ ਗੁਲਕਾਂ ਤਜਿ ਲੇਹਿਂ ਸੰਘਾਰ॥੧੦॥ਪਸ਼ੁ ਕੇ ਸਮੁਖ ਆਪ ਕਯੋਂ ਜਾਵਹੁ। ਗਹੋ ਧਨੁਖ ਕੋ ਬਾਨ ਚਲਾਵਹੁ'। ਸਤਿਗੁਰ ਬੋਲੇ 'ਪਿਖਹੁ ਤਮਾਸ਼ਾ। ਇਸ ਤੇ ਕਹਾਂ ਕਰੈਂ ਹਮ ਤ੍ਰਾਸਾ' ॥੧੧॥ ਇਮ ਕਹਿ ਆਗੇ ਪ੍ਰਭੁ ਸਿਧਾਰੇ। ਖਰੇ ਦੂਰ ਲੌ ਦੇਖਤਿ ਸਾਰੇ। ਕੇਚਿਤ ਕਹੈਂ 'ਕਹਾਂ ਗੁਰ ਕਰਜੋ! ਕੇਹਰਿ ਨਿਕਟ ਜਾਨਿ ਹਠ ਧਰਜੋ' ॥ ੧੨ ॥ ਕੇਚਿਤ ਕਹੈਂ 'ਗੁਰੂ ਬਡ ਜੋਧਾ। ਹਤਹਿ ਕ੍ਰਿਪਾਨ ਸੰਗ ਕਰਿ ਕ੍ਰੋਧਾ'। ਸਨਮੁਖ ਹੋਇ ਕਰਜੋ ਜਬਿ ਨੇਰ। ਪਿਖੈ ਪਰਸਪਰ ਅਧਿਕ ਦਲੇਰ ॥ ੧੩॥ ਉਠਜੋ ਨਹੀਂ ਬੈਠਜੋ ਤਬਿ ਰਹਜੋ। ਹੇਤੁ ਬੰਗਾਰਨਿ ਊਚੇ ਕਹਜੋ। 'ਹੋਹੁ ਖਰੋ ਕਯੋਂ ਬੈਠਜੋ ਅਬੈ। ਬਨਿ ਸਵਧਾਨ ਪਿਖਹਿਂ ਤੁਮ ਸਬੈ' ॥ ੧੪॥ ਸੁਨਿ ਪ੍ਰਭੁ ਤੇ ਨਿਜ ਸੀਸ ਨਿਵਾਯੋ। ਥਿਰਜੋ ਰਹਜੋ ਨਿਜ ਚੌਰ[4] ਭ੍ਰਮਾਯੋ। ਵਹਿਰ ਮਦਾਨ ਬਿਖੇ ਗੁਰ ਖਰੇ। ਬਿਖਮ ਬਿਰ੍ਹੈ[5] ਕੇ ਬੀਚ ਨ ਬਰੇ ॥੧੫॥ ਬਚ ਊਚੇ ਕਹਿ ਫੇਰ ਪ੍ਰਚਾਰਯੋ[6]। 'ਖਰੋ ਹੋਹੁ ਕੈਸੇ

[1]ਧੀਰਜ ਧਰਕੇ। [2]ਤਲਵਾਰਾਂ ਦੇ ਅਨੇਕਾਂ (ਵਾਰ) ਕੀਤਿਆਂ ਵੀ (ਸ਼ੇਰ) ਮਾਰ ਕਰੇਗਾ। [3]ਰਖ ਦਿਤਾ ਧਨੁਖ ਤੇ ਭੱਥਾ। [4]ਪੂਛ ਦੇ ਸਿਰੇ ਤੇ ਵਾਲਾਂ ਦਾ ਜੋ ਗੁੱਛਾ ਜੇਹਾ ਹੁੰਦਾ ਹੈ। [5]ਬਿੜਾ, ਝਿੜਾ। [6]ਵੰਗਾਰਿਆ।

*ਪਾ:—ਸਿਰ।

ਬਲ ਹਾਰਯੋ। ਤੋਹਿ ਸੰਗ ਹੈ ਜੰਗ ਹਮਾਰਾ। ਟਰੇ ਬਨਹਿ ਨਹਿਂ, ਕਯੋਂ ਚਿਤ
ਹਾਰਾ?'॥੧੬॥ਬੈਠਯੋ ਸ਼ੇਰ ਆਪ ਤਹਿਂ ਖਰੇ।ਜੁਗ ਨ੍ਰਿਪ ਦਲ ਜੁਤਿ ਦੇਖਨਿ
ਕਰੇ। ਬਿਸਮਾਵਹਿਂ ਕਿਮ ਕਿਮ .ਨਰ ਕਹੈਂ। ਇਤ ਉਤ ਕਲਮਲਾਤਿ
ਸਭਿ ਲਹੈਂ ॥ ੧੭ ॥ ਜਬਿ ਦ੍ਵੈ ਬਾਰ ਕਹਯੋ ਨਹਿਂ ਖਰਯੋ। ਬਹੁਰ ਕ੍ਰੋਧ ਕਰਿ
ਊਚ ਉਚਰਯੋ।'ਗੀਦੀ! ਕਹਾਂ ਬਨਯੋ ਸਮ ਸਯਾਲ। ਬੈਠਯੋ ਤਯਾਗ ਬੰਸ ਕੀ
ਚਾਲ॥੧੮॥ਕਰਮ ਕੇਹਰੀ ਕੇਰ ਕਰਾਲੇ।ਕਾਤੁਰ ਕੂਰ ਕਾਰ ਡਰ ਘਾਲੇ[1]।
ਤੋਹਿ ਨ ਛੋਰਹਿਂ ਭਟਿ ਸਭਿ ਘਿਰੈਂ।ਕਿਮ ਗੀਦੀ ਗਾਦਰ[2] ਹੁਇ ਮਰੈਂ'॥੧੯॥
ਇਮ ਸੁਨ ਕੈ ਸਤਿਗੁਰ ਕੇ ਬੈਨ। ਉਠਯੋ ਕ੍ਰੋਧ ਕਰਿ ਰਾਤੇ ਨੈਨ। ਭਭਕਯੋ
ਭੀਖਨ ਸਟਾ ਫੁਲਾਏ[3]। ਨਿਕਸਯੋ ਵਹਿਰ ਪਿਖਯੋ ਸਮੁਦਾਏ॥ ੨੦॥ ਬਲ
ਬਿਸ਼ਾਲ ਕਰਿ ਛਾਲ ਉਤਾਲਾ। ਗਰਜਯੋ ਦੀਰਘ ਕਾਲ ਕਰਾਲਾ। ਪ੍ਰਭੁ ਕੇ
ਸਨਮੁਖ ਕੀਨਸਿ ਨੇਰ। ਉਛਰਯੋ ਛਿੱਪ੍ਰ ਛਾਲ ਕਰਿ ਫੇਰ॥ ੨੧॥ ਬਲ ਤੇ
ਜਬਿ ਪਹੁੰਚਯੋ ਪ੍ਰਭੁ ਊਪਰ। ਚਰਨ ਟਿਕਾਇ ਰਖੇ ਥਿਰ ਭੂਪਰ। ਆਗੈ
ਸਿਪਰ ਕਰੀ[4] ਤਤਕਾਲਾ। ਛਿੱਪ੍ਰ[5] ਨਿਕਾਸਯੋ ਖੜਗ ਕਰਾਲਾ॥੨੨॥ ਊਚੀ
ਛਾਲ ਢਾਲ ਪਰ ਲੈ ਕੈ।ਕਰਯੋ ਪ੍ਰਹਾਰ[6] ਆਪ ਬਲ ਕੈ ਕੈ।ਬਦਨ ਬਚਾਇ[7]
ਲਾਕ ਪਰ ਮਾਰਾ। ਬਹਯੋ ਘਾਵ ਜਿਮ ਸਾਬਨ ਤਾਰਾ[8] ॥ ੨੩ ॥ ਪਿਛਲੇ
ਪਾਇਨ ਪਰ ਗਿਰ ਰਹਯੋ।ਪਿਖਤਿ ਅਚੰਭਾ ਸਭਿ ਨੇ ਲਹਯੋ।ਜੁਗਮ ਨਰਿੰਦ
ਮਤੰਗ ਧਵਾਏ।ਪਹੁੰਚਿ ਸਮੀਪ ਦੇਖਿ ਹਰਖਾਏ॥੨੪॥ 'ਧੰਨ ਧੰਨ ਪ੍ਰਭੁ ਬਡੇ
ਦਲੇਰ।ਤੁਮ ਬਿਨ ਕੌਨ ਹਤਹਿ ਅਸ ਸ਼ੇਰ।ਅਵਨੀ ਤਲ ਮਹਿਂ ਆਪ ਮਨਿੰਦ।
ਸੁਨਯੋਂ ਨ ਦੇਖਯੋ ਕਿਤਹੁਂ ਬਿਲੰਦ॥੨੫॥ਅਸ ਕੇਹਰਿ ਦੀਰਘ ਨਹਿਂ ਹੇਰਾ।
ਦਾਰੁਨ ਦਾੜ੍ਹਨ ਓਜ ਘਨੇਰਾ।ਕਰਯੋ ਸੰਘਾਰਨ ਤੂਰਨ ਐਸੇ।ਛਾਗ ਬਿਹੀਨੋ
ਬਲ ਤੇ ਜੈਸੇ[9]॥ ੨੬ ॥ ਸ੍ਰੀ ਕਲਗ਼ੀਧਰ ਤਬਹਿ ਸੁਨਾਯੋ। 'ਇਹ ਪਾਂਡਵ
ਕੁਲ ਮਹਿਂ ਨਰ ਜਾਯੋ। ਭਾਰਥ ਮਹਿਂ ਮਰਿ ਰਹਯੋ ਕੁਢਾਲਾ। ਭਾਵੀ ਬਸ
ਤੇ ਧਰ ਤਨ ਜਾਲਾ[10]॥੨੭॥ਪਾਛਲ ਜਨਮ ਹੁਤੋ ਇਸ ਕੇਰਾ[11]।ਕੇਹਰਿ ਭਯੋ

---

[1]ਹੇ ਕਾਇਰਾ! ਡਰ ਕਰਕੇ ਕੂੜਿਆਂ ਵਾਲੀ ਕਾਰ ਕਰਦਾ ਹੈਂ। [2]ਕਾਇਰ [ਸਂ:, ਕਾਤੁਰ। ਹਿੰਦੀ, ਗਾਦਰ]। [3]ਭਯਾਨਕ ਗਰਦਨ (ਦੇ ਵਾਲ) ਫੁਲਾਕੇ। [4](ਗੁਰੂ ਜੀ ਨੇ) ਢਾਲ ਕੀਤੀ ਅੱਗੇ। [5]ਛੇਤੀ। [6]ਮਾਰ ਕੀਤੀ। [7]ਮੂੰਹ ਬਚਾ ਕੇ ਲੱਕ (ਪੇਟ) ਵਿਚ (ਤਲਵਾਰ) ਮਾਰ ਦਿਤੀ! (ਅ) (ਸ਼ੇਰ ਦੇ) ਮੂੰਹ (ਦੀ ਚੋਟ ਨੂੰ ਢਾਲ ਤੇ) ਬਚਾ ਕੇ। [8]ਜਿਵੇਂ ਸਾਬੁਨ ਨੂੰ ਤਾਰ ਵੱਢਦੀ ਹੈ। [9]ਜਿਵੇਂ ਨਿਰਬਲ ਬੱਕਰਾ ਹੁੰਦਾ ਹੈ। [10]ਬਹੁਤੇ ਸਰੀਰ ਧਾਰੇ ਸੀ (ਏਸ ਨੇ)। [11](ਇਹ ਜਨਮ) ਇਸ ਦਾ ਅੰਤਲਾ ਹੈਸੀ।

ਕਰਾਲ ਬਡੇਰ।ਅਬਿ ਮ੍ਰਿਤੁ ਹੋਇ ਭਲੀ ਗਤਿ ਲਹੀ। ਜਗ ਮਹਿਂ ਬਹੁਰ ਜਨਮ ਇਸ ਨਹੀਂ"॥੨੮॥ਸੁਨ ਕਰਿ 'ਧੰਨ ਧੰਨ' ਸਭਿ ਕਹੀਂ।ਮਹਾਂ ਪ੍ਰਤਾਪਵਾਨ ਮਨ ਲਹੈਂ।ਤਿਹ ਉਚਵਾਇ ਪਾਂਵਟੇ ਲਜਾਏ। ਕਰਤਿ ਬਤਕ ਨ੍ਰਿਪ ਜੁਤਿ ਪ੍ਰਭੁ ਆਏ॥੨੯॥ਉਤਰੇ ਨਿਜ ਨਿਜ ਸਕਲ ਠਿਕਾਨੇ।ਮਿਲਿ ਆਪਸ ਮਹਿਂ ਸੁਜਸੁ ਬਖਾਨੇ। ਸਗਰੇ ਲੋਕ ਕੇਹਰੀ ਹੇਰਹਿਂ। ਮਾਰਨ ਤੇ ਬਿਸਮਾਇ ਬਡੇਰਹਿਂ ॥ ੩੦ ॥ ਸੋ ਦਿਨ ਬੀਤਯੋ ਨਿਸਾ ਬਿਤਾਈ। ਬਿਦਾ ਹੋਇ ਪੁਨ ਦੋਨਹੁਂ ਰਾਈ। ਜਬਿ ਦਰਬਾਰ ਲਗਯੋ ਤਬਿ ਆਏ। ਕਰਿ ਬੰਦਨ ਕੋ ਬੈਨ ਸੁਨਾਏ॥੩੧॥'ਦੇਗ਼ ਹੇਤੁ ਲਿਹੁ ਹਮ ਤੇ ਗ੍ਰਾਮੂ। ਭਲੋ ਕਰਹੁ ਗਾਵਰਿ ਗੁਨ ਧਾਮੂ। ਅੰਗੀਕਾਰ ਭੇਟ ਕੋ ਕਰਹੁ। ਰਿਦੇ ਮਨੋਰਥ ਹਮਰੇ ਪੁਰਹੁ[1]"॥ ੩੨॥ ਫਤੇ ਸ਼ਾਹ ਤੇ ਸੁਨਿ ਕਰਿ ਬਾਨੀ। ਮੁਖ ਮੁਸਕਾਵਤਿ ਪ੍ਰਭੂ ਬਖਾਨੀ। 'ਗੁਰ ਘਰ ਕੀ ਤੁਮ ਸ਼ਰਨੀ ਆਵਹੁ। ਚਹਹੁ ਅਕਾਲ ਪੁਰਖ ਤੇ ਪਾਵਹੁ ॥ ੩੩ ॥ ਕੋਇ ਨ ਕਮੀ ਦੇਗ਼ ਸਤਿਗੁਰ ਕੀ। ਪੁਰਹਿਂ ਕਾਮਨਾ ਦਾਸਨ ਉਰ ਕੀ। ਗੁਰ ਕੀ ਦੇਗ਼ ਰੁ ਤੇਗ਼ ਸਵਾਈ। ਦਿਨਪ੍ਰਤਿ ਵਧਹਿ ਸਰਬ ਲਗਿ ਜਾਈ[2]॥ ੩੪ ॥ ਗੁਰ ਸਿੱਖੀ ਜੋ ਤੁਮ ਕੋ ਭਾਵੈ। ਕਹਿ ਸ੍ਰੀ ਅਸਧੁਜ[3] ਤੇ ਬਖਸ਼ਾਵੈਂ"। ਸੁਨਿ ਮੁਸਕਾਵਤਿ ਬਾਕ ਪ੍ਰਕਾਸ਼ੇ। 'ਹਮ ਹੈਂ ਸਦਾ ਆਪ ਕੇ ਦਾਸੇ ॥ ੩੫ ॥ ਹਮਰੇ ਭਾਗਨਿ ਤੇ ਇਤ ਆਏ।ਜਿਸ ਕਰਿ ਇਸ ਪ੍ਰਕਾਰ ਦਰਸਾਏ'। ਤਬਿ ਸਤਿਗੁਰ ਦੇ ਕਰਿ ਸਿਰੁਪਾਊ। ਦੋਨਹੁਂ ਕੋ ਤਬਿ ਕੀਨਿ ਬਿਦਾਊ ॥ ੩੬ ॥ ਹਾਥ ਬੰਦਿ ਬਹੁ ਬੰਦਨ ਕਰਿਕੈ।ਗਮਨੇ ਗਜ ਬਾਜਿਨ ਪਰ ਚਰਿਕੈ। ਬੈਰ ਬਿਸਾਰ ਸੰਧ ਕਰਿ ਦੋਇ। ਨਿਜ ਨਿਜ ਰਜਧਾਨੀ ਗੇ ਸੋਇ ॥ ੩੭ ॥ ਬੁੱਧੂਸ਼ਾਹ ਬਹੁਤ ਦਿਨ ਰਹਯੋ।ਮਗ ਖ਼ੁਦਾਇ ਕੋ ਗੁਰ ਤੇ ਲਹਯੋ।ਬ੍ਰਿੰਦ ਮੁਰੀਦ ਸਹਿਤ ਨਿਤ ਦਰਸੈ। ਕਰ ਤੇ ਚਰਨ ਕਮਲ ਕੋ ਪਰਸੈ ॥੩੮॥ ਕਰੈ ਪ੍ਰੇਮ ਨਿਸ ਬਾਸੁਰ ਧਯਾਵੈ। ਗੁਰ ਮੂਰਤਿ ਉਰ ਬਿਖੇ ਟਿਕਾਵੈ। ਤਿਸ ਪਰ ਸ੍ਰੀ ਪ੍ਰਭੁ ਕਰੁਨਾ ਧਰੈਂ। ਮਗ ਖ਼ੁਦਾਇ ਉਪਦੇਸ਼ਨਿ ਕਰੈਂ ॥ ੩੯ ॥ ਕਹਿ ਕਹਿ ਦੇਹਿਂ ਦੇਗ਼ ਤੇ ਅਸਨਾ। ਨਿਕਟ ਬਿਠਾਇ ਬਾਕ ਮ੍ਰਿਦੁ ਰਸਨਾ। ਮਹਿਮਾ ਲਖੀ ਮਹਾਂ ਮਹੀਯਾਨਾ। ਸਕਲ ਕੁਬੰਧਨ ਕੀਨਸਿ ਹਾਨਾ ॥੪੦॥ ਭਯੋ ਨਿਹਾਲ ਪ੍ਰੇਮ ਉਪਜਾਯੋ। ਬਸਯੋ ਨਿਕਟ ਕੁਛ ਸਮਾ ਬਿਤਾਯੋ। ਪੁਨ ਸਤਿਗੁਰ ਕੋ ਬੰਦਨ ਕੀਨਿ।ਚਲਨਿ ਸਦਨ ਕੋ ਬਚ ਕਹਿ ਦੀਨ ॥੪੧॥ ਸਿਰੋਪਾਉ ਤਬਿ

[1]ਪੂਰਨ ਕਰੋ। [2]ਸਭ ਥਾਂ ਤਕ ਜਾਵੇਗੀ। [3]ਅਕਾਲ ਪੁਰਖ।

ਪ੍ਰਭੂ ਦਿਵਾਯੋ।ਪਗ ਛੁਵਾਇ ਲੇ ਸੀਸ ਚਢਾਯੋ। 'ਕੇਤਿਕ ਦਿਨ ਮਹਿਂ ਪੁਨ ਫਿਰ ਆਵੋਂ । ਕਰਿ ਦਰਸ਼ਨ ਕੋ ਤਨ ਸੁਫਲਾਵੋਂ ॥ ੪੨ ॥ ਸਦਾ ਰਿਦੇ ਮਹਿਂ ਬਾਸਾ ਕਰੀਅਹਿ। ਨਿਜ ਦਾਸਨਿ ਕੋ ਦਾਸ ਬਿਚਰੀਅਹਿ। ਅਪਨੋ ਜਾਨਿ ਬਿਸਾਰਹੁ ਨਾਂਹੀ। ਚਹੋਂ ਬਾਸ ਰਾਵਰਿ ਪਗ ਮਾਂਹੀ'॥੪੩॥ਇਮ ਬਹੁ ਬਿਨਤੀ ਕਰਿ ਘਰਿ ਚਾਲਾ। ਸੰਗ ਮੁਰੀਦ ਲੀਨਿ ਨਿਜ ਜਾਲਾ। ਸ਼ਹਿਰ ਸਢੌਰੇ ਕੋ ਚਲਿ ਗਯੋ। ਜਹਿਂ ਕਹਿਂ ਸੁਜਸੁ ਉਚਾਰਤਿ ਭਯੋ ॥ ੪੪ ॥ ਪ੍ਰਭੂ ਪਾਂਵਟੇ ਬਿਖੈ ਬਿਰਾਜੇ। ਜਿਨ ਦਰਸ਼ਨ ਤੇ ਕਲਮਲ ਭਾਜੇ।ਚਲੀ ਹਜ਼ਾਰਹੁ ਸੰਗਤਿ ਆਵੈ। ਅਨਿਕ ਪਦਾਰਥ ਆਨਿ ਚਢਾਵੈ ॥ ੪੫ ॥ ਚਾਰਹੁ ਦਿਸ਼ਿ ਤੇ ਦੇਸ਼ ਬਿਦੇਸ਼ੂ। ਧਰਹਿਂ ਭਾਉ ਸਿਖ ਆਇਂ ਵਿਸ਼ੇਸ਼ੂ। ਸ਼ਸਤ੍ਰ ਤੁਰੰਗਮ ਬਸਤ੍ਰ ਅਜਾਇਬ। ਅਰਪਹਿਂ ਕਰਿ ਕਰਿ ਦਰਸ਼ਨ ਸਾਹਿਬ ॥ ੪੬ ॥

ਪਾਧੜੀ ਛੰਦ ॥ ਇਸ ਭਾਂਤਿ ਪਾਂਵਟੇ ਮਹਿਂ ਬਿਲਾਸ। ਦਾਸਨ ਨਿਹਾਲ, ਦੇ ਸ਼ੱਤ੍ਰ ਤ੍ਰਾਸ। ਰਸ ਬੀਰ ਉਦੈ ਦਿਨ ਪ੍ਰਤਿ ਕਰੰਤਿ। ਭਟ ਆਇਂ ਰਹਨਿ ਦੇ ਧਨ ਰਖੰਤਿ॥੪੭॥ਅਨਗਿਨਤਿ ਦਰਬ ਲੇ ਸਰਬ ਆਇ।ਮਨ ਚਿਤਹਿਂ ਕਾਮਨਾ ਦਾਸ ਪਾਇ। ਬਨ ਮਹਿਂ ਸ਼ਿਕਾਰ ਚਢਿ ਬਾਰਿ ਬਾਰਿ। ਹਤਿ ਰੋਝ[1] ਕੋਲ[2] ਭਾਲਕ[3] ਝੰਖਾਰ[4] ॥ ੪੮ ॥ ਬਲਵਾਨ ਭਯਾਨਕ ਮਾਰਿ ਸਿੰਘ[5]। ਬਰਨੰਤਿ ਸੁ ਕਵਿ ਸੰਤੋਖ ਸਿੰਘ। ਮਾਨੰਤਿ ਆਨ ਜੋ ਰਾਜ ਸਿੰਘ[6]। ਬਿਦਤੇ ਬਿਸਾਲ ਗੋਬਿੰਦ ਸਿੰਘ ॥ ੪੯ ॥ ਦੀਨਾਨ ਨਾਥ, ਨਾਥਾਨ ਨਾਥ। ਨਿਜ ਸੇਵਕਾਨ ਕਰਤੇ ਸਨਾਥ। ਮਾਨੰਤਿ ਆਨ[7] ਸਭਿ ਸਿੱਧ ਨਾਥ।ਨਿਜ ਬੰਦਿ ਹਾਥ ਧਰਿ ਚਰਨ ਮਾਥ॥ ੫੦ ॥ ਇਹ ਏਕ ਰਿਤੁ ਅਬਿ ਪੂਰਨਿ ਹੋਇ। ਗੁਰ ਜਸੁ ਬਿਸਾਲ ਬਰ ਬੀਚ ਪੋਇ[8]।ਸਿਖ ਪਠਤਿ ਸੁਨਤਿ,ਚਿਤ ਚਾਇ ਪਾਇ।ਸਭਿ ਕਰੋ ਇਕਾਵਨਿ[9] ਇਮ ਧਿਆਇ ॥ ੫੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪ੍ਰਥਮ ਰੁਤੇ 'ਕੇਹਰਿ ਹਤਨਿ' ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤਿ ਅੰਸੂ ॥ ੫੧ ॥

ਇਤਿ ਪ੍ਰਥਮ ਰੁਤ ਸਮਾਪਤੰ ਮਸਤ ਸੁਭ ਮਸਤ ॥

ਪਹਿਲੀ ਰੁਤ ਸਮਾਪਤਿ ਹੋਈ।

---

[1]ਨੀਲਗਾਇ । [2]ਸੂਰ । [3]ਰਿੱਛ । [4]ਬਾਰਾਸਿੰਗੇ । [5]ਸ਼ੇਰ ਮਾਰੇ। [6]ਰਾਜੇ ਤੇ ਸ਼ੇਰ। [7]ਆਨ ਮੰਨਦੇ ਹਨ। (ਅ) ਜੋ ਸ਼ੇਰਾਂ (ਵਤ) ਸੂਰਮੇ ਰਾਜੇ ਹਨ ਸੋ ਆਨ ਮੰਨਦੇ ਹਨ। ਈਨ। [8]ਬਹੁਤ ਸ੍ਰੇਸ਼ਟ ਗੁਰੂ ਜਸ (ਇਸ ਰੁਤ) ਵਿਚ ਪਰੋਇਆ ਹੈ। [9]ਇਕਵੰਜਾ।

ਦੂਜੀ ਰਿਤੁ ਰੌਲੀ

੧ ੴ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅਥ ਦੁਤਿਯ ਰੁੱਤ ਬਰਨਤੇ ।

ਅੰਸੂ ੧ [ਮੰਗਲ । ਖਾਨ ਨੌਕਰ ਰੱਖੇ] ।

੧. ਇਸ਼੍ਰ ਗੁਰੂ–ਦਸੇ ਗੁਰੂ ਸਾਹਿਬਾਂ ਦਾ–ਮੰਗਲ ।

ਕਬਿੱਤ ॥ **ਜਪ ਗੁਰੂ ਨਾਨਕ ਮੁਕੰਦ, ਗੁਰੂ ਅੰਗਦ, ਅਮਰ ਗੁਰੂ ਰਾਮਦਾਸ ਆਨੰਦ ਬਿਲੰਦ ਮੈਂ । ਸਤਿਗੁਰੂ ਅਰਜਨ, ਸ੍ਰੀ ਹਰਿਗੋਵਿੰਦ ਚੰਦ, ਗੁਰੂ ਹਰਿ ਰਾਇ ਬ੍ਰਿੰਦ ਬਿਘਨ ਨਿਕੰਦ ਮੈਂ । ਸ੍ਰੀ ਹਰਿ ਕ੍ਰਿਸ਼ਨ, ਨਵਮ ਗੁਰ ਪਾਤਸ਼ਾਹ, ਸ੍ਰੀ ਗੁਵਿੰਦ ਸਿੰਘ ਜੀ ਸਦੀਵ ਸੁਖਕੰਦ ਮੈਂ । ਸਭਿ ਕੇ ਪਦਾਰ-ਬਿੰਦ ਮਨਕੋਮਲਿੰਦ ਕਰਿ,ਗ੍ਯਾਨ ਮਕਰੰਦ ਹਿਤ ਬੰਦੌਂ ਹਾਥ ਬੰਦਿਮੈਂ॥੧॥**

{ ਜਪ=ਜਪਦਾ ਹਾਂ, ਅਰਾਧਨਾ ਕਰਦਾ ਹਾਂ, ਸਿਮਰਨ ਕਰਦਾ ਹਾਂ ।
ਮੈਂ=ਮੈਂ । (ਅ) ਜੇ 'ਮੈਂ' ਨੂੰ 'ਮਯ' ਸਮਝੀਏ ਤਾਂ ਅਰਥ
ਬਣੂ:—ਵਾਲੇ । ਸਰੂਪ ।
ਸੁਖਕੰਦ=ਸੁਖਾਂ ਦਾ ਮੂਲ । ਮਲਿੰਦ=ਭੌਰਾ । }

ਅਰਥ—ਮੈਂ ਸਿਮਰਨ ਕਰਦਾ ਹਾਂ ਮੁਕਤੀ ਦਾਤੇ ਗੁਰੂ ਨਾਨਕ ਜੀ ਦਾ, (ਅਤੇ) ਅਤਿ ਆਨੰਦ (ਦਾਤੇ) ਗੁਰੂ ਅੰਗਦ, ਸ੍ਰੀ ਗੁਰੂ ਅਮਰ ਦੇਵ ਤੇ ਗੁਰੂ ਰਾਮਦਾਸ ਜੀ ਦਾ, (ਫਿਰ) ਮੈਂ (ਸਿਮਰਨ ਕਰਦਾ ਹਾਂ) ਸਾਰੇ ਵਿਘਨਾਂ ਨੂੰ ਕੱਟਣ ਹਾਰੇ (ਸ੍ਰੀ) ਸਤਿਗੁਰੂ ਅਰਜਨ (ਦੇਵ ਜੀ), ਸ੍ਰੀ ਹਰਿ ਗੋਵਿੰਦ ਚੰਦ (ਅਤੇ) ਗੁਰੂ ਹਰਿ ਰਾਇ ਜੀ ਦਾ; (ਫਿਰ) ਮੈਂ (ਸਿਮਰਨ ਕਰਦਾ ਹਾਂ) ਸਦੀਵੀ ਸੁਖਦਾਤੇ ਸ੍ਰੀ (ਗੁਰੂ) ਹਰਿ ਕ੍ਰਿਸ਼ਨ (ਜੀ, ਸ੍ਰੀ) ਗੁਰੂ (ਤੇਗ ਬਹਾਦੁਰ ਜੀ) ਨੌਵੇਂ ਪਾਤਸ਼ਾਹ (ਤੇ) ਸ੍ਰੀ (ਗੁਰੂ) ਗੋਵਿੰਦ ਸਿੰਘ ਜੀ ਦਾ; (ਹਾਂ,) ਮੈਂ ਸਾਰੇ (ਗੁਰੂ ਸਾਹਿਬਾਂ ਦੇ) ਚਰਨਾਂ ਕਮਲਾਂ ਦਾ (ਆਪਣੇ) ਮਨ ਨੂੰ ਭਉਰਾ ਬਣਾ ਕੇ ਗ੍ਯਾਨ (ਰੂਪ) ਮਕਰੰਦ (ਪ੍ਰਾਪਤ ਕਰਨ) ਲਈ (ਦੋਵੇਂ) ਹਥ ਜੋੜਕੇ (ਉਨ੍ਹਾਂ ਚਰਨਾਂ ਉਤੇ) ਨਮਸਕਾਰ ਕਰਦਾ ਹਾਂ ।

੨. 'ਕਵਿ–ਸੰਕੇਤ' ਮਿਰਯਾਦਾ ਦਾ ਮੰਗਲ ।

ਦੋਹਰਾ ॥ **ਸਾਰਦ ਬਾਰਦ ਭਾਰਦੀ ਨਾਰਦ, ਪਾਰਦ, ਕੁੰਦ ।**
ਬਰਨ ਸਾਰਦਾ ਸਾਰਦਾ ਪਦ ਅਰਵਿੰਦਨਿ ਬੰਦਿ ॥ ੨ ॥

{ ਸਾਰਦ ਬਾਰਦ=ਸਰਦ ਰੁੱਤ ਦਾ ਬੱਦਲ।
ਭਾ ਰਦੀ=ਸ਼ੋਭਾ ਰੱਦ ਕਰ ਦਿਤੀ ਹੈ, ਭਾਵ ਮਾਤ ਕਰ ਦਿਤੀ ਹੈ।
ਨਾਰਦ=ਨਾਰਦ, ਜਿਸ ਦਾ ਰੰਗ ਚਿੱਟਾ ਮੰਨਿਆਂ ਹੈ।
ਪਾਰਦ=ਪਾਰਾ। ਕੁੰਦ—ਮਰਤਬਾਨ ਦਾ ਫੁੱਲ ਜੋ ਚਿੱਟਾ ਹੁੰਦਾ ਹੈ। ਬਰਨ ਸਾਰਦਾ=ਅਖਰਾਂ (ਦੁਆਰਾ ਵਿੱਦਜਾ ਵਿੱਗਜਾਨ ਰੂਪੀ) ਤੱਤ੍ਵ ਦੀ ਦਾਤੀ ਭਾਵ ਗਜਾਨ ਦਾਤੀ। ਸਾਰਦਾ=ਸਰਸ੍ਵਤੀ।
ਬੰਦਿ=ਬੰਦਨਾ ਕਰਦਾ ਹਾਂ। }

ਅਰਥ—ਸਰਦ ਰਿਤੂ ਦੇ ਬੱਦਲ, ਨਾਰਦ, ਪਾਰੇ ਤੇ ਕੁੰਦ (ਦੀ) ਸ਼ੋਭਾ (ਜਿਸ ਨੇ) ਮਾਤ ਕਰ ਦਿਤੀ ਹੈ, (ਉਸ) ਗਜਾਨ ਦਾਤੀ ਸਰੱਸ੍ਵਤੀ ਦੇ ਚਰਨਾਂ ਕਵਲਾਂ ਪਰ ਬੰਦਨਾ ਕਰਦਾ ਹਾਂ।

[ਬਿਨਯ]

ਉਚਰੌਂ ਰੁਤ ਅਬਿ ਦੂਸਰੀ ਗੁਰ ਕੀ ਕਥਾ ਰਸਾਲ।
ਸੁਨੀਅਹਿ ਸ਼੍ਰੋਤਾ ਪ੍ਰੀਤਿ ਧਰਿ ਹੁਇ ਸ਼ਰਧਾਲੁ ਬਿਸਾਲ॥ ੩॥

{ ਰਸਾਲ ਰਸ+ਆਲਯ=ਰਸਾਂ ਦਾ ਘਰ, ਜਿਸ ਵਿਚ ਨਵੇਂ ਹੀ ਰਸ ਹੋਣ। (ਅ) ਅੰਬ, ਭਾਵ ਸ੍ਵਾਦੀਕ ਅਥਵਾ ਰੋਚਕ। (ੲ) ਸੁੰਦਰ। }

ਅਰਥ—ਹੁਣ ਮੈਂ ਦੂਸਰੀ ਰੁਤ ਵਿਖੇ (ਸ੍ਰੀ) ਗੁਰੂ (ਗੋਬਿੰਦ ਸਿੰਘ) ਜੀ ਦੀ ਰਸਮਈ ਕਥਾ ਉਚਾਰਦਾ ਹਾਂ, (ਹੇ ਸ਼੍ਰੋਤਾ (ਜਨੋ! ਤੁਸੀਂ) ਬੜੇ ਸ਼ਰਧਾਲੂ ਹੋਕੇ ਪ੍ਰੀਤੀ ਨਾਲ ਸੁਣੋ:—

ਚੌਪਈ॥ ਬੁੱਧੂਸ਼ਾਹਿ ਗਯੋ ਨਿਜ ਡੇਰੇ। ਦਿਨ ਕੇਤਿਕ ਜਬਿ ਕੀਨਿ ਬਸੇਰੇ।
ਨਗਰ ਦਾਮਲਾ[1] ਏਕ ਸੁ ਜਾਨਿ। ਤਹਾਂ ਹੁਤੇ ਕੁਛ ਖਾਨਹਿ ਖਾਨ[2]॥ ੪॥
ਸਦਾ ਰਹਤਿ ਨੌਕਰ ਪਤਿਸ਼ਾਹੀ। ਕਰਤਿ ਜੀਵਕਾ ਨਿਜ ਨਿਰਬਾਹੀ।
ਕੁਛ ਕਾਰਜ ਤਿਨ ਦੀਨਿ ਬਿਗਾਰੇ।ਰਿਸਿ ਨੌਰੰਗ ਸੋ[3] ਦਹਿਰ ਨਿਕਾਰੇ॥੫॥
ਸਭਿ ਮਹਿਂ ਹੁਕਮ ਬਿਦਤਿ ਇਮ ਭਾਖੇ। 'ਇਨ ਕੋ ਚਾਕਰ ਨਹਿਂ ਕੋ ਰਾਖੇ।
ਖਤਾਵਿੰਦ[4] ਪਤਿਸ਼ਾਹੀ ਅਹੈਂ। ਰਾਖਹਿ ਜੋ ਸਜ਼ਾਇ ਸੋ ਲਹੈ'॥ ੬॥ ਭਏ
ਬਿਨੌਕਰ ਰੋਜ਼ੀ ਹੀਨੇ। ਫਿਰੇ ਬਹੁਤ, ਨਹਿਂ ਰਾਖਨਿ ਕੀਨੇ। ਹੁਤੇ ਪੰਚ ਸੈ
ਗਿਨਤੀ ਬਿਖੇ। ਭਏ ਦੀਨ, ਜਬਿ ਨਹਿਂ ਕਿਹ ਰਖੇ॥ ੭॥ ਬਿਚਰਤਿ
ਪਹੁੰਚੇ ਸ਼ਹਿਰ ਸਢੌਰੇ। ਡੇਰਾ ਕਰਯੋ ਦਹਿਰ ਕਿਸ ਠੌਰੇ। ਜਾਨਿ ਪੀਰ ਨਿਜ

---

[1]ਨਾਮ ਹੈ ਨਗਰ ਦਾ, ਕਰਨਾਲ ਦੇ ਜ਼ਿਲੇ ਵਿਚ ਹੈ। [2]ਖਾਨਾਂ ਦੇ ਘਰ। [3]ਓਹ (ਪਠਾਣ)।
[4]ਕਸੂਰਵਾਰ।

ਬੁੱਧੂਸ਼ਾਹਾ। ਜ਼ਾਰਤ ਹੇਤੁ[1] ਗਏ ਸਭਿ ਪਾਹਾ ॥ ੮ ॥ ਕੁਛ ਅਕੋਰ ਧਰਿ ਕੀਨਿ ਸਲਾਮੂ। ਬੈਠੇ ਜਾਇ ਸਮੀਪ ਤਮਾਮੂ। ਬੂਝਨ ਕਰਯੋ 'ਕਹਾਂ ਤੇ ਆਏ ?'। ਤਿਨ ਬ੍ਰਿਤੰਤ ਸਭਿ ਦੀਨਿ ਸੁਨਾਏ॥੯॥'ਰੋਜ਼ੀ ਹੇਤੁ ਫਿਰੇ ਹਮ ਸਾਰੇ। ਨਹਿਂ ਕਿਨ ਰਾਖਨਿ ਬਾਕ ਉਚਾਰੇ।ਹੁਇ ਨਿਰਾਸ ਹਮ ਚਲੇ ਅਵਾਸ। ਕਰਹਿਂ ਸ਼ਾਹ ਤੇ ਸਗਰੇ ਤ੍ਰਾਸ॥ ੧੦ ॥ ਜੋ ਨੌਰੰਗ ਤੇ ਨਹਿਂ ਉਰ ਡਰੈ। ਹਮਹਿਂ ਸਮੀਪ ਸੁ ਰਾਖਨਿ ਕਰੈ। ਅਬਿ ਜਗ ਮਹਿਂ ਅਸ ਦਿਖਤਿ ਨ ਕੋਈ। ਰਾਖਹਿ ਤ੍ਰਾਸ ਤਯਾਗ ਕਰਿ ਸੋਈ॥ ੧੧ ॥ ਭਏ ਲਚਾਰ ਜੀਵਕਾ ਹੇਤੁ। ਕਰਹਿਂ ਖੇਤ ਕ੍ਰਿਤ[2]ਜਾਇ ਨਿਕੇਤ। ਵਸਤੂ ਆਦਿਕ ਅਧਿਕ ਦਰਬ ਕੋ। ਖਰਚਯੋ ਪਹਿਰਨਿ ਖਾਨ ਸਰਬ ਕੋ[3] ॥ ੧੨ ॥ ਜੇ ਕਰਿ ਤੁਮ ਤੇ ਹੁਇ ਉਪਕਾਰ। ਕਰੋ ਪੀਰ ਜੀ ਮਿਹਰ ਉਦਾਰ'। ਅਰਜ਼ੀ ਸੁਨੀ ਭਨੀ ਹੁਇ ਦੀਨ। ਬੁੱਧੂਸ਼ਾਹ ਬਿਚਾਰਨਿ ਕੀਨਿ ॥ ੧੩ ॥–ਇਕ ਸ੍ਰੀ ਕਲਗ਼ੀਧਰ ਤੇ ਬਿਨੈ[4]। ਅਪਰ ਨ ਸਮਰਥ ਰਾਖਨਿ ਇਨੈ–।'ਸੁਨੋ ਖਾਨਜ਼ਾਦੇ[5]! ਮਮ ਬੈਨਾ। ਕੋ ਅਸ ਜਾਇ[6]* ਸ਼ਾਹਿ ਜਿਸ ਭੈ ਨਾ ॥ ੧੪ ॥ ਸ਼੍ਰੀ ਨਾਨਕ ਗਾਦੀ ਪਰ ਅਹੈ। ਸੋ ਨਹਿਂ ਤ੍ਰਾਸ ਕਿਸੂ ਤੇ ਲਹੈ। ਰਾਖਿ ਸਕਹਿ ਤੁਮ ਕੋ ਗੁਰ ਸੋਈ। ਅਪਰ ਬਿਖੈ ਨਿਸ਼ਚੈ ਨਹਿਂ ਕੋਈ॥੧੫॥ਦਲ ਕੋ ਕਰਹਿ ਸਕੇਲਨਿ ਬ੍ਰਿੰਦ। ਪਰਖਿ ਸੁਭਟ ਦੇ ਦਰਬ ਬਿਲੰਦ।ਕਿਤਿਕ ਦਿਵਸ ਮੈਂ ਤਿਨ ਢਿਗ ਰਹਯੋ[7]। ਤਬਿ ਆਵਤਿ ਪਾਵਤਿ ਚਿਤ ਚਹਯੋ[8] ॥ ੧੬ ॥ ਸੁਨਿ ਬੋਲਯੋ ਪੁਨ ਭੀਖਨ ਖਾਨ। 'ਤੁਮਰੇ ਸਕਲ ਮੁਰੀਦ ਪਠਾਨ। ਜੋ ਇਨ ਕੋ ਰੋਜ਼ੀ ਸਿਰ[9] ਕਰਿਹੋ। ਅਧਿਕ ਅਸਾਨ ਆਪਨੋ ਧਰਿ ਹੋ[10] ॥੧੭॥ਪਰਉਪਕਾਰ ਸਬਾਬ[11] ਮਹਾਨਾ। ਰਿਜ਼ਕ ਹੋਇ ਤੁਮ ਬਨਹੁ ਬਹਾਨਾ। ਹਮਰੇ ਹੇਤੁ ਪਧਾਨਹੁ ਫੇਰ। ਗੁਰ ਢਿਗ ਕਰਹੁ ਤਰੀਫ ਬਡੇਰ ॥੧੮ ॥ਖਾਨ ਪੰਚ ਸੈ ਰੋਜ਼ੀ ਬਨੇ। ਅਬਿ ਲਾਚਾਰ ਭਏ ਇਹ ਘਨੇ'। ਕਾਲੇਖਾਂ ਹਯਾਤਖਾਂ ਕਹਯੋ। 'ਇਕ ਆਸਰਾ ਰਾਵਰਿ ਲਹਯੋ॥੧੯॥ਕਰਹੁ ਸਬਾਬ[11] ਦੇਹੁ ਰਖਵਾਇ। ਨਤੁ ਹਯ

---

[1]ਦਰਸ਼ਨ ਕਰਨ ਵਾਸਤੇ। [2]ਖੇਤੀ ਦਾ ਕੰਮ। [3]ਪਹਿਰਨੇ ਤੇ ਖਾਣੇ ਲਈ ਸਭ ਧਨ ਤੇ ਵਸਤਾਂ ਖ਼ਰਚ ਦਿੱਤੀਆਂ ਹੈਨ। [4]ਬਿਨਾਂ। [5]ਹੇ ਪਠਾਣਾਂ ਦੇ ਪੁੱਤ੍ਰੋ। [6]ਕੇਹੜੀ ਐਸੀ ਜਗਾ ਹੈ (ਅ) ਕੌਣ ਐਸਾ ਜੰਮਿਆਂ ਹੈ ? [7]ਭਾਵ ਮੈਂ ਗੁਰਾਂ ਪਾਸ ਰਹਿ ਆਇਆ ਹਾਂ। [8]ਭਾਵ ਜੇ ਤੁਸੀਂ ਤਦੋਂ ਆ ਜਾਂਦੇ ਤਾਂ ਚਿਤ ਚਾਹੀ ਪਾ ਲੈਂਦੇ ਭਾਵ ਮੈਂ ਉਥੇ ਤੁਸਾਂ ਨੂੰ ਨੌਕਰ ਰਖਾ ਦੇਂਦਾ। [9]ਰੋਜ਼ੀ ਦੇ ਸਿਰ। [10]ਆਪਣਾ ਅਹਿਸਾਨ (ਸਾਡੇ ਤੇ) ਕਰੋਗੇ। [11]ਪੁੰਨ। *ਪਾ:–ਸਾਹ।

ਸ਼ਸਤ੍ਰ ਬੇਚ ਕਰਿ ਖਾਇੰ। ਬਹੁਰ ਨ ਬਾਨਾ ਬਨਹਿ ਸਿਪਾਹੀ। ਰੁਲ ਜੈਹੈਂ
ਕ੍ਰਿਤ ਕਰਿ ਕਰਿ ਖਾਹੀਂ ॥ ੨੦ ॥ ਗਮਨਹੁ ਤਹਿਂ ਲਗਿ ਸੰਗ ਹਮਾਰੇ।
ਦਿਹੁ ਰਖਵਾਇ ਮੁਰੀਦ ਤੁਮਾਰੇ[੧]'। ਇੱਤ੍ਯਾਦਿਕ ਜਬਿ ਬਹੁ ਘਿਘਿਆਏ।
ਬੁੱਧੂ ਸ਼ਾਹ ਮਿਹਰ ਮਨ ਲ੍ਯਾਏ॥੨੧॥ ਕਹ੍ਯੋ ਕਿ 'ਮੈਂ ਚਾਲਹੁਂ ਤੁਮ ਸਾਥ।
ਗਹਿਵਾਵੌਂ ਹਾਥਹਿ ਗੁਰ ਨਾਥ[੨]'। ਇਮ ਕਰਿ ਨਿਸਾ ਬਾਸ ਕੋ ਕੀਨਾ।
ਭਈ ਪ੍ਰਾਤਿ ਚਲਿਬੇ ਚਿਤ ਦੀਨਾ॥੨੨॥ ਖਾਨ ਪੰਚਸੈ ਲੈ ਕਰਿ ਸੰਗ। ਚਲ੍ਯੋ
ਪਾਂਵਟੇ ਚਢੇ ਤੁਰੰਗ। ਮਗ ਮਹਿਂ ਇਕ ਨਿਸ ਬਸਿ ਕਰਿ ਗਏ। ਪਿਖਿ ਥਲ
ਆਛੋ ਉਤਰਤਿ ਭਏ॥੨੩॥ ਦੁੰਦਭਿ ਬਜਤਿ ਸੁਨ੍ਯੋ ਜਬਿ ਕਾਨ। ਸੁਧਿ ਮੰਗ-
ਵਾਇ ਗੁਰੂ ਭਗਵਾਨ[੩]। 'ਹੇਤੁ ਨੌਕਰੀ ਰਹਿਬੇ ਆਏ। ਬੁੱਧੂਸ਼ਾਹੁ ਸੰਗ ਨਿਜ
ਲ੍ਯਾਏ'॥੨੪॥ ਉਤਰਿ ਜਾਮਨੀ ਏਕ ਬਿਤਾਈ। ਭਈ ਪ੍ਰਾਤਿ, ਨਿਜ ਵਜੀ*
ਵਧਾਈ[੪]। ਗੁਰ ਦਰਬਾਰ ਲਗ੍ਯੋ ਜਿਹ ਸਮੋ। ਬੁੱਧੂਸ਼ਾਹਿ ਜਾਇ ਕਰਿ ਨਮੋ।
॥੨੫॥ ਸਗਲੀ ਸੁਧਿ ਬੂਝੀ ਤਿਸ ਪਾਸ। ਸੁਨਿ ਗੁਰ ਤੇ ਸਭਿ ਕੀਨਿ ਪ੍ਰਕਾਸ਼।
'ਹੇਤੁ ਚਾਕਰੀ ਏ ਚਲਿ ਆਏ। ਰਹਨਿ ਹੇਤੁ ਮੋ ਕੋ ਸੰਗ ਲ੍ਯਾਏ ॥ ੨੬ ॥
ਲਰਿਬੇ ਕੋ ਪਠਾਨ ਹੁਇੰ ਗਾਢੇ[੫]। ਰਣ ਮਹਿਂ ਰਿਪੁ ਆਗੇ ਰਹਿਂ ਠਾਢੇ।
ਹੱਥਯਾਰਨ ਕੋ ਬਹੁ ਅੱਭ੍ਯਾਸੈਂ। ਪ੍ਰਸ਼ਤਨ ਲਗਿ ਇਨ ਸੰਘਰ ਆਸ਼ੈ[੬]'॥੨੭॥
ਸੁਨਿ ਸਤਿਗੁਰ ਕਹਿ ਖ਼ਾਨ ਬੁਲਾਏ। ਬ੍ਰਿੰਦ ਹਯਨਿ ਪਰ ਚਢਿ ਕਰਿ ਆਏ।
ਜਿਸ ਮਹਿਂ ਚਾਰ ਅਹੈਂ ਸਿਰਦਾਰ। ਭੀਖਨਖਾਂ ਇਕ ਨਾਮ ਉਦਾਰ॥੨੮॥
ਕਾਲੇਖਾਨ, ਨਿਜਾਬਤ ਖਾਨ। ਚੌਥੇ ਕੋ ਹਯਾਤਖਾਂ ਜਾਨਿ। ਹਯਨਿ ਸਮੇਤ
ਸੈਨ ਲਖਿ[੭] ਬਨੀ। ਪੁਨ ਬੁੱਧੂ ਫੁਰਮਾਇਸ਼ ਭਨੀ॥ ੨੯ ॥ ਨੰਦ ਚੰਦ ਸੰਗ
ਸਤਿਗੁਰ ਭਾਖਾ। 'ਚਿਹਰੇ[੮] ਲਿਖਹੁ, ਲੇਹੁ ਇਨ ਰਾਖਾ। ਏਕ ਰਜਤਪਣ
ਇਕ ਅਸਵਾਰ। ਪੰਚ ਪੰਚ ਸਿਰਦਾਰਨ ਚਾਰ[੯]' ॥੩੦॥ ਭਯੋ ਹੁਕਮ ਹਰਖੇ
ਉਰ ਖਾਨ। 'ਧੰਨ ਧੰਨ ਗੁਰ' ਕਰਹਿਂ ਬਖਾਨ। ਬੁੱਧੂਸ਼ਾਹ ਪੀਰ ਰਖਵਾਏ।

[੧](ਅਸੀਂ) ਤੁਸਾਂ ਦੇ ਮੁਰੀਦ ਹਾਂ। [੨]ਫੜਾਵਾਂਗਾ (ਤੁਹਾਡਾ) ਹੱਥ ਗੁਰੂ ਸੁਆਮੀ ਨੂੰ। [੩]ਭਾਵ ਪਠਾਣਾਂ ਦਾ ਨਗਾਰਾ ਵਜਦਾ ਗੁਰੂ ਜੀ ਨੇ ਸੁਣਿਆਂ ਤਾਂ ਖਬਰ ਮੰਗਵਾਈ (ਕਿ ਕੌਣ ਆ ਗਿਆ ਹੈ ਤਾਂ ਇਹ ਖਬਰ ਆਈ ਕਿ……)। [੪]ਸਵੇਰ ਹੋਣ ਤੇ ਆਪਣੀ (ਵਲੋਂ) ਵਧਾਈ ਦਿਤੀ (ਭਾਵ ਪਠਾਣਾਂ ਨੇ ਸ਼ਦਯਾਨਾ ਵਜਾਇਆ) (ਅ) ਨਿਜ (ਆਪਣੀ ਭਾਵ ਗੁਰੂ ਜੀ ਦੀ) ਵਧਾਈ ਵੱਜੀ, ਧੌਂਸੇ ਆਦਿ ਵਜੇ। [੫]ਤਕੜੇ ਹੁੰਦੇ ਹਨ। [੬]ਜੰਗ ਹੀ (ਇਹਨਾਂ ਦਾ) ਆਸ਼ਾ ਹੈ ਭਾਵ ਪੇਸ਼ਾ ਹੀ ਜੰਗ ਹੈ। [੭]ਦੇਖੀ (ਗੁਰੂ ਜੀ ਨੇ)। [੮]ਹੁਲੀਏ। [੯]ਚਾਰੋਂ ਸਰਦਾਰਾਂ ਦੇ ਪੰਜ ਪੰਜ (ਰੁਪੱਯੇ ਰੋਜ਼ ਕਰ ਦਿਤੇ)।

*ਪਾ:—ਵਧੀ।

ਰੋਜ਼ੀ ਕਰੀ ਵਿਰਤਿ ਅਕੁਲਾਇ ॥ ੩੧ ॥ ਨੰਦ ਚੰਦ ਹੁਇ ਖਰੋ ਕਿਨਾਰੇ। ਲਿਖਨਿ ਹੇਤੁ ਸਭਿ ਨਿਕਟ ਹਕਾਰੇ।ਚਿਹਰੇ[1] ਨਾਮ ਸਰਬ ਲਿਖਵਾਇ।ਜਿਤ ਪ੍ਰਵਾਹਿ ਜਮਨਾ ਜਲ ਜਾਇ ॥ ੩੨ ॥ ਤਿਤ ਦਿਸ਼ਿ ਡੇਰਾ ਦੀਨਿ ਕਰਾਇ। ਤੰਬੂ ਲਗੇ ਤੀਰ ਸਮੁਦਾਇ।ਬੁੱਧੂ ਸ਼ਾਹ ਅਧਿਕ ਸਨਮਾਨਾ। ਗੁਰ ਸੁਸ਼ੀਲ[2] ਤੇ ਉਰ ਹਰਖਾਨਾ ॥ ੩੩ ॥ ਰਹਯੋ ਨਿਕਟ ਜੇਤਿਕ ਮਨ ਭਾਯੋ। ਬਹੁਰ ਸਢੌਰੇ ਸ਼ਹਿਰ ਸਿਧਾਯੋ। ਖਾਨ ਪਾਂਚ ਸੈ ਢਿਗ ਰਖਵਾਇ।ਜਾਇ ਜਹਾਂ ਕਹਿਂ ਸੁਜਸੁ ਬਢਾਇ ॥੩੪॥ ਸਤਿਗੁਰ ਚਢਹਿਂ ਅਖੇਰ ਸਿਧਾਰਹਿਂ। ਬੀਨ ਬੀਨ ਸ਼ੇਰਨਿ ਕਹੁ ਮਾਰੈਂ। ਦੁਸ਼ਟ ਜੀਵ ਬਨਿ ਰਹਯੋ ਨ ਕੋਈ। ਚਰਹਿਂ[3] ਮਹਿਖ ਗੋ ਚਿੰਤ ਨ ਕੋਈ ॥੩੫॥ ਜਿਤ ਕਿਤ ਸੁਖੀ ਭਏ ਨਰ ਨਾਰੀ। ਬਿਚਰਹਿਂ ਸਗਰੀ ਦੂਨ ਮਝਾਰੀ। ਕਹੈਂ ਸਗਲ 'ਗੁਰ ਰੌਣਕ ਕੀਨੀ। ਜਗੇ ਭਾਗ ਅਵਨੀ ਇਸ ਚੀਨੀ' ॥ ੩੬ ॥ ਪੁਨ ਸਤਿਗੁਰ ਥਿਰ ਹੋਇ ਮਦਾਨ। ਸਭਿ ਸੁਭਟਨਿ ਸੌਂ ਕਰਹਿਂ ਬਖਾਨ।'ਤੀਰ ਤੁਪਕ ਤੋਮਰ ਤਰਵਾਰੈਂ। ਕਰਹੁ ਵਾਰ ਹਮ ਖਰੇ ਨਿਹਾਰੈਂ' ॥੩੭॥ ਮਾਤੁਲ ਸੰਗੋ ਆਦ ਕਰੈਂਤੇ।ਪੁਨ ਪਠਾਨ ਗਨ ਹਯ ਧਾਵੈਂਤੇ।ਤੁਪਕ ਚਲਾਇ ਤਾਕਿ ਲਛ[4] ਮਾਰੈਂ। ਤਿਮ ਹੀ ਗੁਰ ਕੇ ਸਿੱਖ ਸਿਧਾਰੈਂ ॥ ੩੮ ॥ ਤੋਮਰ ਕੋ ਭਰਮਾਇ ਦਿਖਾਵੈਂ। ਧਨੁ ਕੋ ਐਂਚਤਿ ਬਾਨ ਚਲਾਵੈਂ। ਇਸ ਪ੍ਰਕਾਰ ਬਹੁ ਧਰਹਿਂ ਪ੍ਰਕਾਸ਼ਾ। ਕਰਹਿਂ ਬਿਲੋਕਨਿ ਬੀਰ ਬਿਲਾਸਾ ॥ ੩੯ ॥ ਗੁਰ ਘਰ ਤੇ ਸਭਿ ਲੇਤਿ ਰੁਜ਼ੀਨਾ। ਜਥਾ ਜੋਗ ਜਿਸ ਕੋ ਕਰਿ ਦੀਨਾ। ਕੇਤਿਕ ਨਗਦੀ ਲੇ ਗੁਰ ਘਰ ਤੇ। ਕਿਤਿਕ ਚੂਨ ਚਾਵਰ ਲੇ ਬਰਤੇਂ ॥ ੪੦ ॥ ਕਿਤਿਕ ਦੇਗ਼ ਤੇ ਅਚਹਿਂ ਅਹਾਰਾ। ਰਾਜ ਸਮਾਜ ਬਧਯੋ ਤਬਿ ਭਾਰਾ। ਦਰਬ ਇਕੱਤ੍ਰ ਅਧਿਕ ਚਹੁੰ ਦਿਸ਼ਿ ਤੇ। ਭਯੋ ਕੋਸ਼ ਪਰਿ ਪੂਰਣ ਜਿਸਤੇ ॥ ੪੧ ॥ ਕਬਹੂੰ ਸੈਨਾ ਚਢਹਿ ਅਕੇਲੇ[5]। ਬਾਂਛਤਿ ਜਿਤਿਕ ਅਖੇਰਹਿਂ ਖੇਲੇ।ਸ਼ਲਖ ਬੰਦੂਕਨਿ ਕੀ ਮੁਚਕੈਤੀ[6]।ਸ਼ਬਦ ਮਹਿਦ ਇਕ ਬਾਰ ਉਠੰਤੀ ॥ ੪੨ ॥ ਜਬਿ ਪ੍ਰਤਾਪ ਇਮ ਬਧਯੋ ਬਧੇਰਾ। ਸ਼ੰਕਤਿ ਗਨ ਮਹੀਪ[7] ਤਿਸ ਬੇਰਾ। 'ਛੀਨ ਲੇਹਿਂ ਨਹਿਂ ਰਾਜ ਹਮਾਰਾ। ਕੋ ਕਰਿ ਸਾਕਹਿ ਜੰਗ ਅਖਾਰਾ ॥੪੩॥ਚਹੈਂ ਜਿ ਕਿਹ ਨ੍ਰਿਪ ਕੀ ਰਜਧਾਨੀ। ਬਿਨਾਂ ਬਿਲਮ ਲੇਂ ਤਿਨ ਕਰਿ ਹਾਨੀ। ਕੋ ਅਰ ਸਕਹਿ ਬੀਰਤਾ ਧਰਿਕੈ। ਜਾਇ

[1]ਹੁਲੀਏ। [2]ਚੰਗੇ ਸੁਭਾਵ। [3]ਚਰਦੀਆਂ ਹਨ। [4]ਨਿਸ਼ਾਨਾ। [5]ਚੜ੍ਹਦੀ ਹੈ ਇਕੇਲੀ। [6]ਛੱਡਦੇ ਹਨ। [7]ਸ਼ੰਕਾਵਾਨ ਹੋਏ ਸਾਰੇ ਰਾਜੇ।

ਪਲਾਇ ਨਤੁ ਮਰਿ ਹੈ ਡਰਿ ਕੈ' ॥ ੪੪ ॥ ਸਭਿ ਕੇ ਮਨ ਖਟਪਟ ਹੁਇ ਆਈ। ਲਖਹਿਂ ਸੁਭਟ ਗੁਰ ਕੌ ਅਧਿਕਾਈ। ਦਿਨ ਪ੍ਰਤਿ ਦਲ ਬਧਾਇ ਬਲ ਭਾਰਾ। ਗਿਰਪਤਿ ਸਗਰੇ ਕਰਹਿਂ ਬਿਚਾਰਾ ॥ ੪੫ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਖਾਨ ਰਾਖਨ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥ ੧ ॥

੨. [ਰਾਮ ਰਾਇ ਦਾ ਮਸੰਦ ਮੇਲ ਠਹਿਰਾਉਣ ਹਿਤ ਆਇਆ]।

ਦੋਹਰਾ॥ਇਸ ਪ੍ਰਕਾਰ ਸ਼੍ਰੀ ਸਤਿਗੁਰੂ ਰਾਜ ਸਮਾਜ ਬ੍ਰਿਧਾਇ।ਕਰੀ ਸਕੇਲਨਿ ਬਾਹਿਨੀ ਤ੍ਰਾਸ ਨ੍ਰਿਪਨਿ ਉਪਜਾਇ ॥ ੧ ॥ ਚੌਪਈ ॥ ਸੁਨਿ ਸ਼੍ਰੀ ਰਾਮਰਾਇ ਬਡਿਆਈ ।–ਦਿਨ ਪ੍ਰਤਿ ਬਧਤਿ ਜਾਤਿ ਅਧਿਕਾਈ[1]–। ਮਿਲਿਨਿ ਪਿਖਿਨਿ ਕੀ ਪ੍ਰੀਤਿ ਉਪਾਵੈ ।–ਕਹਨਿ ਸੁਨਨਿ ਹੁਇ–ਮਨ ਮਹਿਂ ਆਵੈ[2] ॥ ੨ ॥ ਕੇਤਿਕ ਦਿਨ ਲੌ ਰਹਯੋ ਬਿਚਾਰਤਿ। ਕੁਛ ਜਗ ਦਿਸ਼ਿ ਤੇ ਸ਼ੰਕਾ ਧਾਰਤਿ।–ਡੇਰੇ ਬਿਖੇ ਨ ਬਨਿ ਹੈ ਜਾਨ[3]।ਅਲਪ ਲਖਹਿਂਮੋਕਹੁ ਸਭਿਥਾਨ ॥੩॥ ਸੋ ਸਭਿ ਬਿਧਿ ਤੇ ਅਹੈਂ ਬਿਸਾਲਾ। ਅਹੌਂ ਭਤੀਜਾ, ਰਹੌਂ ਨਿਰਾਲਾ। ਮੁਰ ਪਿਤ ਤੇ ਗੁਰਤਾ ਲਘੁ ਭਾਈ[4]। ਤਿਨ ਤੇ ਪੁਨ ਇਨ ਕੇ ਘਰ ਆਈ ॥੪॥ ਅਹੈ ਜਥਾਰਥ ਇਹ ਸਭਿ ਬਾਤੀ।ਤਊ ਅਧਿਕ ਮੈਂ ਜਗ ਬੱਖਯਾਤੀ[5]। ਬ੍ਰਿੰਦ ਸੰਗਤਾਂ ਜੋ ਮੁਹਿ ਮਾਨਹਿਂ।ਸਭਿ ਤੇ ਅਧਿਕ ਰਿਦੇ ਪਹਿਚਾਨਹਿਂ॥੫॥ ਜੋ ਪਹੁੰਚੌਂ ਮੈਂ ਚਲਿ ਤਿਸ ਥਾਨ।ਤਿਸ ਤੇ ਅਲਪ ਮੋਹਿ ਲੇਂ ਜਾਨਿ। ਸਿੱਖ ਮਸੰਦ ਸੰਗਤਾਂ ਜੇਈ। ਮਿਲਿ ਮਿਲਿ ਕਰੈਹਿਂ ਬਿਚਾਰਨ ਤੇਈ ॥੬॥ ਮਗ ਮਹਿਂ ਮੇਲਕਿਤਹੁੰ ਜੇ ਹੋਇ।ਨਿਜ ਨਿਜਥਲ ਤੇ ਚਲਿ ਦਿਸ਼ਿ ਦੋਇ।ਤਬਿ ਸਮਤਾ ਮੇਰੀ ਰਹਿ ਆਵੈ। ਹੋਇ ਮੇਲ ਸੰਸੈ ਨ ਉਠਾਵੈਂ–॥ ੭ ॥ ਇਮ ਬਿਚਾਰ ਕਰਿ ਪਠਯੋ* ਮਸੰਦ। ਦੇ ਕਰਿ ਤਿਸਹਿ ਸਮਾਜ ਬਿਲੰਦ। ਬਸਤ੍ਰ ਬਿਭੂਖਣ ਨਰ ਸਮੁਦਾਯਾ। ਸਕਲ ਭੇਵ ਕਹਿ ਤਬਹੁੰ ਪਠਾਯਾ ॥ ੮ ॥ ਸੋ ਚਲਿ ਕਰਿ ਆਯਹੁ ਤਤਕਾਲਾ। ਪਿਖੀ ਪਾਂਵਟੈ ਭੀਰ ਬਿਸਾਲਾ। ਦੂਰ ਦੂਰ ਲੌ ਸੁਭਟ ਤੁਰੰਗ। ਉਤਰੇ ਧਰੇ ਸ਼ਸਤ੍ਰ ਨਿਜ ਅੰਗ ॥ ੯ ॥ ਪੌਰਦਾਰ ਢਿਗ ਮਨੁਜ ਪਠਾਯੋ।'ਕਰੀਅਹਿ ਸੁਧਿ–ਮਸੰਦ ਚਲਿ ਆਯੋ–'। ਸ਼੍ਰੀ ਕਲਗ਼ੀਧਰ ਸੁਨ ਕਰਿ ਕਹਯੋ।'ਪ੍ਰਾਤਿ ਹਕਾਰਹਿਂ ਮਿਲਿਨਿ ਜਿ ਚਹਯੋ'॥੧੦॥ਨੰਦ ਚੰਦ

---

[1]ਬਹੁਤ ਵਧਦੀ ਜਾਂਦੀ ਹੈ (ਵਡਿਆਈ)। [2]ਮਨ ਵਿਚ ਆਉਂਦੀ ਹੈ (ਰਾਮ ਰਾਇ ਦੇ)। [3]ਗੁਰੂ ਜੀ ਦੇ ਡੇਰੇ ਵਿਚ ਤਾਂ ਜਾਣਾ ਨਹੀਂ ਬਣਦਾ। [4]ਭਾਵ ਸ਼੍ਰੀ ਹਰਿਰਾਇ ਜੀ ਤੋਂ ਗੁਰਤਾ ਸ਼੍ਰੀ ਕ੍ਰਿਸ਼ਨ ਜੀ ਨੂੰ ਹੋਈ। [5]ਤਾਂ ਬੀ ਮੈਂ ਜਗਤ ਵਿਚ ਵੱਡਾ ਪ੍ਰਗਟ ਹਾਂ।

*ਪਾ:–ਗਯੋ।

ਸੋਂ ਹੁਕਮ ਬਖਾਨਾ। 'ਸਭਿ ਸੁਧਿ ਲੇਹੁ ਖਾਨ ਅਰੁ ਪਾਨਾ'। ਤਿਸ ਕੋ ਕਹਿ
ਡੇਰਾ ਕਰਿਵਾਯੋ। ਬਾਂਛਤਿ ਏਕ ਬਾਰਿ ਪਹੁੰਚਾਯੋ॥ ੧੧॥ ਨਿਸਾ ਬਿਤਾਇ
ਕੀਨਿ ਦਰਬਾਰਾ। ਦਰਸਹਿ ਸੰਗਤਿ ਮਿਲੀ ਹਜ਼ਾਰਾ। ਲਗੇ ਅਕੋਰਨ ਕੇ
ਅੰਬਾਰੇ। ਖਰੇ ਮੇਵਰੇ ਅਰਜ਼ ਗੁਜ਼ਾਰੇ॥ ੧੨॥ ਸੁਭਟਨਿ ਕੋ ਲਾਗਯੋ
ਦੀਵਾਨ। ਬੈਠੇ ਪਾਂਚਹੁ ਭ੍ਰਾਤ ਸੁ ਥਾਨ।ਨਿਕਟ ਕ੍ਰਿਪਾਲ ਸੁ ਮਾਤੁਲ ਅਹੈ।
ਸਿੱਖਨ ਦਿਸ਼ਿ ਕ੍ਰਿਪਾਲ ਕਬਿ ਲਹੈਂ[1]॥੧੩॥ਨੰਦ ਚੰਦ ਕਰ ਬੰਦਿ ਬਖਾਨ।
'ਨਰ ਸ਼੍ਰੀ ਰਾਮਰਾਇ ਠਹਿਰਾਨਾ। ਹੁਕਮ ਹੋਇ ਤਿਸ ਲੇਹਿ ਬੁਲਾਇ।
ਪਰਸਹਿ ਚਰਨ ਕਮਲ ਕੋ ਆਇ'॥੧੪॥ਆਇਸੁ ਦਈ 'ਹਕਾਰਹੁ ਤਾਂਹਿ'।
ਭੇਜਯੋ ਛਰੀਦਾਰ ਤਿਸ ਪਾਹਿ। ਸੁਨਿ ਮਸੰਦ ਨਰ ਬ੍ਰਿੰਦ ਸਮੇਤ। ਪਹੁੰਚਯੋ
ਦਰਸ਼ਨ ਲੈਬੇ ਹੇਤੁ॥ ੧੫॥ ਸਭਾ ਸੁਧਰਮਾ ਕੇ ਸਮ[2] ਹੇਰੀ। ਸੁਰ ਸਿੱਖਨਿ
ਤੇ ਸ਼ੁਭ ਤਿਸ ਬੇਰੀ। ਇੰਦ੍ਰ ਮਨਿੰਦ ਪ੍ਰਤਾਪ ਬਿਲੰਦ। ਸ਼੍ਰੀ ਗੋਬਿੰਦ ਸਿੰਘ
ਦਿਪਤਿ ਮੁਕੰਦ॥ ੧੬॥ਕਦਮ ਪਦਮ ਕੋ ਬੰਦਨ ਕੀਨਿ।ਬੈਠਿ ਸਮੁਖ ਸ਼ੁਭ
ਦਰਸ਼ਨ ਲੀਨਿ। ਭਾਖਿ ਬੂਝਿ ਨਿਜ ਅਰਜ਼ ਗੁਜ਼ਾਰੀ। 'ਮੋਹਿ ਪਠਾਇਸਿ
ਪਾਇ ਅਗਾਰੀ[3]॥੧੭॥ਰਿਦੇ ਪ੍ਰੇਮ ਧਰਿ ਗੁਰੂ ਹਮਾਰੇ[4]। ਮਿਲਿਬੇ ਕੀ ਬਾਂਛਾ
ਮਨ ਧਾਰੇ।ਆਇ ਨ ਸਕਹਿਂ ਪਾਂਵਟਾ ਪੁਰਿ ਮੈਂ।—ਦਰਸਹਿਂ ਅਨਤ ਥਾਨ—
ਇਹ ਉਰ ਮੈਂ॥ ੧੮॥ ਕੇਤੇ ਕਾਰਨ ਕਰਹਿਂ ਬਿਚਾਰਨ। ਸੋ ਮੁਹਿ ਢਿਗ
ਨਹਿਂ ਕੀਨਿ ਉਚਾਰਨਿ। ਚਹਤਿ ਰਹਤਿ ਰਿਦ ਹੇਤਿ ਸਹਿਤ ਹੈਂ[5]। ਇਤ
ਆਵਨਿ ਚਿਤ ਮਹਿਂ ਨ ਲਹਿਤਿ ਹੈਂ॥ ੧੯॥ ਚਢਹੁ ਅਖੇਰ ਹੇਤੁ ਉਤਿ
ਦਿਸ਼ਿ ਮੈਂ।ਸੁਧ ਦਿਹੁ ਆਵਹਿਂ ਤਿਸੀ ਦਿਵਸ ਮੈਂ। ਵਹਿਰ ਮੇਲ ਕਰਿ ਨਿਜ
ਘਰ ਜਾਇਂ। ਕਹਿਬੋ ਸੁਨਿਬੋ ਤਹਿਂ ਹੁਇ ਜਾਇ॥੨੦॥ ਨਹਿਂ ਨਿਸ ਬਸਿਬੇ
ਤਿਨ ਕੋ ਆਸ਼ੈ। ਨਹਿ ਸਮੁਦਾਇ ਹੋਇਂ ਸਿਖ ਪਾਸੈ। ਨਹਿਂ ਬਹੁ ਬਿਦਤਹਿ
ਜਗ ਕੇ ਮਹੀਆ। ਮੁਲਾਕਾਤ ਇਸ ਬਿਧਿ ਕੀ ਚਹੀਆ'॥ ੨੧॥ ਹੁਇ
ਮਸੰਦ ਇਮ ਨਿਕਟ ਬਖਾਨੀ। ਗੁਰੁ ਅਰੁ ਗੁਰੁ ਮਾਤੁਲ ਸੁਨਿ ਕਾਨੀ।
ਨਹੀਂ ਅਪਰ ਕੋ ਕੀਨਿ ਸੁਨਾਵਨਿ।ਸਨੇ ਸਨੇ ਸਭਿ ਕੀਨਿ ਬਤਾਵਨਿ॥੨੨॥
ਸੁਨਿ ਕ੍ਰਿਪਾਲ ਮਾਤੁਲ ਨੇ ਕਹ੍ਯੋ।'ਇਤੋ ਦੁਰਾਵ[6] ਕਰਨਿ ਕ੍ਯੋਂ ਚਹ੍ਯੋ?।

[1]ਭਾਵ ਸ਼੍ਰੀ ਗੁਰੂ ਜੀ ਦੇਖਦੇ ਹਨ। [2]ਇੰਦ੍ਰ ਦੀ ਸਭਾ ਵਾਂਙ। [3](ਆਪ ਦੇ) ਚਰਨਾਂ ਅੱਗੇ। [4]ਭਾਵ ਰਾਮ ਰਾਇ ਨੇ। [5]ਚਾਹੁੰਦੇ ਰਹਿੰਦੇ ਹਨ ਰਿਦੇ ਦੇ ਪਿਆਰ ਨਾਲ। [6]ਲੁਕਾਉ।

*ਪਾ:—ਗਯੋ।

ਸਗਰੋ ਇਕ ਘਰ ਹੈ ਗੁਰ ਕੇਰਾ॥ਸ਼੍ਰੀ ਹਰਿਗੋਬਿੰਦ ਬੰਸ ਬਡੇਰਾ ॥ ੨੩ ॥ਅਰੁ ਕਲਗ਼ੀਧਰ ਬਡੋ ਸਥਾਨੇ। ਬੈਠੇ ਤਖਤ ਸਗਲ ਜਗ ਜਾਨੇ। ਬੇਦੀ ਤੇਹਣ ਭੱਲੇ ਜੋਯ। ਧੀਰਮੱਲ ਬਿਨ ਸੋਢੀ ਵੋਯ[1] ॥ ੨੪ ॥ ਗੁਰ ਗਾਦੀ ਕੋ ਲਖਿ ਅਧਿਕਾਰਾ। ਮਿਲੇ ਸਕਲ, ਨਹਿਂ ਸੰਸੈ ਧਾਰਾ। ਆਇ ਪਾਂਵਟੇ ਮਿਲਿਬੋ ਠਾਨਹੁ। ਕੋ ਦਿਨ ਬਸਹੁ ਰਸਹੁ ਸੁਖ ਮਾਨਹੁ ॥ ੨੫ ॥ ਜੋ ਸ਼੍ਰੀ ਰਾਮਰਾਇ ਵਡਿਆਈ॥ਛਪੀ ਨਹੀਂ ਸਭਿ ਜਗ ਬਿਦਤਾਈ। ਦੇਸ਼ ਬਿਦੇਸ਼ਨਿ ਸੰਗਤਿ ਬ੍ਰਿੰਦ। ਦਰਸਹਿਂ ਪੂਜਹਿਂ ਭਾਵ ਬਿਲੰਦ॥ ੨੬ ॥ ਤੁਰਕੇਸ਼ੁਰ ਕੀ ਸਭਾ ਮਝਾਰੀ। ਜੀਤੇ ਅਜ਼ਮਤਿ ਅਰੁ ਮਤਿਧਾਰੀ[2]।ਜਸੁ ਬਿਸਾਲ ਕੋ ਨਿਤਪ੍ਰਤਿ ਪਾਯੋ। ਜਹਿਂ ਕਹਿਂ ਅਪਨੋ ਤੇਜ ਬਧਾਯੋ॥੨੭॥ਇਨ ਕੇ ਮਿਲਹਿ ਸੁ ਘਟਿ ਨਹਿ ਜਾਈ। ਕਯੋਂ ਚਿਤ ਮਹਿਂ ਅਸ ਸ਼ੰਕ ਉਪਾਈ'। ਪੁਨ ਮਸੰਦ ਬੋਲਯੋ ਕਰ ਜੋਰਿ। 'ਬਹੁ ਬਿਚਾਰ[3] ਭੇਜਯੋ ਇਤ ਓਰ ॥ ੨੮ ॥ ਪਾਵ ਨ ਬੀਚ ਪਾਂਵਟੇ ਘਾਲਹਿ।ਵਹਿਰ ਮਿਲਨਿ ਕੀ ਰਿਦੇ ਸਮਾਲਹਿ[4]।–ਸ਼੍ਰੀ ਪ੍ਰਭੁ ਨਿਤ-ਅਖੇਰ ਬਿਚਰੈਂਤੇ।ਬਨਹਿ ਮੇਲ ਤਹਿਂ–ਇਮ ਚਿਤਵੈਤੇ॥ ੨੯॥ਪੂਰਹੁ ਮਨੋ-ਰਥ ਇਮ ਹੀ ਤਿਨ ਕੋ।ਤੁਮ ਹੋ ਬਡੇ ਅਨੰਦ ਦਿਹ ਮਨ ਕੋ'।ਸੁਨਿ ਕਰਿ ਸ਼੍ਰੀ ਕਲਗ਼ੀਧਰ ਭਾਖਾ। 'ਕਰਹਿਂ ਤਥਾ ਹਮ ਤਿਨ ਅਭਿਲਾਖਾ ॥ ੩੦ ॥ ਸ਼੍ਰੀ ਜਮਨਾ ਕੇ ਰੁਚਿਰ ਪ੍ਰਵਾਹਾ।ਥਿਰਹਿਂਤਰੀ[5]ਬਿਚਰਹਿਂ ਜਲ ਮਾਹਾ।ਆਇਤ-ਵਾਰ ਦੂਜ ਤਿਥਿ ਜਾਨਹੁ।ਤਿਸ ਦਿਨ ਆਇ ਮੇਲ ਕੋ ਠਾਨਹੁ॥੩੧॥ਸੰਗਤਿ ਰਾਮਰਾਇ ਕੀ ਖੋਟੀ। ਬਿਨ ਉਪਦੇਸ਼ ਰਹੀ ਮਤਿ ਮੋਟੀ। ਬਿਨਾ ਤ੍ਰਾਸ ਤੇ ਤਾਂਹਿ ਮਸੰਦ। ਗਰਬੇ ਧਨ ਕੋ ਪਾਇ ਬਿਲੰਦ॥੩੨॥ ਤਿਨ ਤੇ[6] ਸ਼ੰਕਤਿ ਹੈ ਚਿਤ ਸੋਇ। ਇਸ ਕਾਰਨ ਬਿਨ ਦੁਤਿਯ ਨ ਕੋਇ। ਯਾਂ ਤੇ ਹਮ ਨੀਕੇ ਮਨ ਜਾਨੀ। ਬਿਗਰੇ ਕਬਿ ਕਾਰਜ ਤੇ ਹਾਨੀ[7] ॥ ੩੩ ॥ ਜਿਮ ਮਹਿਪਾਲਕ ਕੋ ਪਰਧਾਨ। ਬਨਹਿਂ ਧਨੀ ਧਾਰਹਿਂ ਅਭਿਮਾਨ।ਤਿਮ ਹੀ ਸੁਭਟ ਬਿਗਰ ਕਰਿ ਜਾਇਂ। ਨਿਜ ਸੁਾਮੀ ਕੋ ਨਾਸ਼ ਉਪਾਇਂ ॥ ੩੪ ॥ ਯਾਤੇ ਰਾਮਰਾਇ ਕੋ ਕਹੋ।–ਸਾਵਧਾਨ ਬਨਿ ਸਭਿ ਤੇ ਰਹੋ। ਸ਼੍ਰੀ ਜਮਨਾ ਮਹਿਂ ਤਰਨੀ ਤਰੈਂ[8]॥

---

[1]ਉਹ (ਹੋਰ ਸਾਰੇ)। [2]ਅਜ਼ਮਤੀ ਤੇ ਬੁੱਧੀਵਾਨ ਜਿੱਤੇ ਹਨ। [3]ਵਿਚਾਰਾਂ ਕਰ ਕੇ। [4]ਭਾਵ ਬਾਹਰ ਮਿਲਨ ਦੀ (ਇੱਛਾ) ਰਿਦੇ ਵਿਚ ਕਰਦੇ ਹਨ। [5]ਬੇੜੀ ਪਰ। [6]ਤਿਨਾਂ (ਮਸੰਦਾਂ) ਪਾਸੋਂ। [7]ਕਦੇ ਵਿਗੜਨਗੇ (ਤੇ) ਉਹਨਾਂ ਦੇ ਕੰਮ ਨੂੰ ਹਾਨੀ ਪੁਜੇਗੀ। [8]ਨੌਕਾ ਵਿਚ ਤਰਾਂਗੇ।

ਤਿਹਠਾਂ ਆਇ ਮੇਲ ਕੌ ਕਰੈ–'॥੩੫॥ਹਰਖਯੋ ਸੁਨਿ ਮਸੰਦ ਗੁਰ ਬਾਨੀ। 'ਰਾਵਰ ਭਨੀ ਸਕਲ ਹਮ ਮਾਨੀ। ਅਭਿਲਾਖਾ ਸਭਿ ਪੂਰਨ ਕਰੀ। ਚਲਯੋ ਚਹੌਂ ਤਿਤ ਮੈਂ ਇਸ ਘਰੀ' ॥ ੩੬ ॥ ਤਬਿ ਸਤਿਗੁਰ ਸਿਰੁਪਾਉ ਦਿਵਾਯੋ।ਉਠਿ ਤਤਛਿਨ ਪਦ ਸੀਸ ਨਿਵਾਯੋ।ਆਇਤੁਰੰਗਆਰੂਢਤਿਭਯੋ। ਰਾਮਰਾਇ ਕੀ ਦਿਸ਼ਿ ਚਲਿ ਗਯੋ ॥ ੩੭ ॥ ਜਾਇ ਮਿਲਯੋ ਸਭਿ ਕਹਯੋ ਪ੍ਰਸੰਗ।'ਜਮਨਾ ਮਹਿਂ ਮਿਲਿਬੋ ਹਿਤ ਸੰਗ।ਹੁਇਂ ਨਉਕਾਮਹਿਂ ਮਾਨਵ ਥੋਰੇ। ਆਦਿਤਵਾਰ ਚਲੌਂ ਤਿਸ ਓਰੇ ॥ ੩੮॥ਉਤ ਤੇ ਹਿਤ ਅਖੇਰ ਚਲਿ ਆਵੈਂ। ਕੁਛ ਮਾਨਵ ਅਪਨੇ ਸੰਗ ਲਯਾਵੈਂ। ਜਿਸ ਪ੍ਰਕਾਰ ਮਿਲਿਬੇ ਅਭਿਲਾਖਾ। [1]ਗਮਨਤਿ ਮੋਹਿ ਜਥਾ ਤੁਮ ਭਾਖਾ॥੩੯॥–ਹੁਇ ਬਿਧਿ ਸੋਂ–ਰਚਿ ਮੈਂ ਚਤੁਰਾਈ*।ਕਹਿ ਸੁਭ ਬਾਤਿ ਸੁ ਭਾਂਤਿ ਬਨਾਈ[1]*'।ਸੁਨਿਸ੍ਰੀਰਾਮਰਾਇ ਹਰਖਾਯੋ। ਤਿਸ ਮਸੰਦ ਕੁਛ ਦਰਬ ਦਿਵਾਯੋ ॥ ੪੦॥ਆਦਿਤਵਾਰ ਪ੍ਰਤੀਖਤਿ ਰਹਯੋ।ਪੁਨ ਸਮਾਜ ਬੂਝਨਿ ਕੋ ਕਹਯੋ।'ਕੇਤਿਕ ਦਲ,ਕੇਤਿਕ ਉਤਸਾਹ। ਕਿਤਿਕ ਅਕੋਰਨ ਅਰਪਹਿਂ ਪਾਹ'॥੪੧॥ਤਬਿ ਮਸੰਦ ਕਰ ਬੰਦਿਬਖਾਨ। 'ਦਿਨ ਪ੍ਰਤਿ ਬਧਤਿ ਸਮਾਜ ਮਹਾਨ।ਜਥਾ ਅਧਿਕ ਮਹਿਪਾਲਨਿ ਕੇਰਾ। ਖਰਚ ਆਮਦਨ ਤਥਾ ਬਡੇਰਾ ॥ ੪੨ ॥ ਪ੍ਰਥਮ ਗੁਰੂ ਸ੍ਰੀ ਹਰਿਗੋਵਿੰਦ। ਸੁਨਯੋਂ ਜਥਾ ਉਤਸਾਹ ਬਿਲੰਦ। ਤਿਨ ਤੇ ਦੂਨ ਚਊਨ ਬਿਸਾਲ। ਵਧਤੋ ਜਾਤਿ ਸਰਬਥਾ ਕਾਲ॥੪੩॥ਕੌਨ ਕੌਨ ਗਿਨ ਭਨੌਂ ਸਮਾਜਾ।ਸ਼ੋਭਤਿ ਬੈਠਿ ਜਥਾ ਮਹਾਰਾਜਾ। ਗਰ ਸ਼ਮਸ਼ੇਰ ਦਿਪਤਿ ਸਮ ਸ਼ੇਰਿ। ਊਚੀ ਦ੍ਰਿਸ਼ਟਿ ਲਖਹਿਂ ਸਭਿ ਜ਼ੇਰ[2]'॥੪੪॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥ ੨ ॥

੩. [ਬੇੜੀ ਉਤੇ ਰਾਮਰਾਇ ਨਾਲ ਮੇਲ]।

ਦੋਹਰਾ ॥ ਦਿਵਸ ਜਾਨਿ ਕਰਿ ਜਾਨਿ ਕੋ[3] ਕੁਛਕ ਫਕੀਰਨਿ ਸੰਗ। ਕੇਤਿਕ

[1]ਤੁਰਨ ਵੇਲੇ ਜਿਵੇਂ ਤੁਸਾਂ ਕਿਹਾ ਸੀ ਮੈਨੂੰ ਕਿ (ਮੇਰਾ ਮੇਲ ਇਸ) ਵਿਧਿ ਨਾਲ ਹੋਵੇ ਭਾਵ ਪਾਂਵਟੇ ਨਾ ਜਾਣਾ ਪਵੇ, ਕਿਤੇ ਰਾਹ ਖਹਿੜੇ ਮੇਲ ਹੋਵੇ (ਸੋ) ਤਿਵੇਂ ਮੈਂ ਚਤੁਰਾਈ ਕਰਕੇ ਸਭ ਗਲਾਂ ਕਰਕੇ ਉਸੀ ਭਾਂਤ (ਵਿਧੀ) ਬਨਾਈ ਹੈ। [2](ਉਹਨਾਂ ਦੀ) ਨਿਗਾਹ ਉੱਚੀ ਹੈ ਹੋਰ ਸਾਰੇ ਉਸ ਨਿਗਾਹ ਦੇ ਹੇਠਾਂ (ਤਾਬੇ) ਨਜ਼ਰ ਪੈਂਦੇ ਹਨ। (ਇਹ ਚੜ੍ਹਦੀਆਂ ਕਲਾਂ ਸੂਚਿਤ ਕਰਾ ਰਿਹਾ ਹੈ)। [3](ਗੁਰੂ ਜੀ ਨੂੰ ਮਿਲਨ) ਜਾਣ ਦਾ ਦਿਨ ਜਾਣਕੇ।

*ਐਉਂ ਅਹਿਲਕਾਰ ਗੱਲਾਂ ਬਨਾਕੇ ਆਪਣੀ ਕੀਮਤ ਮਾਲਕਾਂ ਪਾਸ ਵਧਾਕੇ ਉਹਨਾਂ ਦੀਆਂ ਵਾਗਾਂ ਹੱਥ ਲੈਂਦੇ ਹਨ।

ਸਿਖ ਜੁਤਿ ਤਯਾਰ ਹੁਇ ਚਢਿ ਕਰਿ ਚਲ੍ਯੋ[੧] ਤੁਰੰਗ ॥੧॥ ਚੌਪਈ॥ ਸਤਿ-ਗੁਰ ਪੂਰਨ ਸ੍ਰੀ ਹਰਿਰਾਇ। ਸੁਤ ਸ੍ਰੀ ਰਾਮਰਾਇ ਹਰਖਾਇ।ਮਿਲਿਬੇ ਹਿਤ ਗਮਨ੍ਯੋਂ ਤਤਕਾਲ।ਸੂਰਜ ਸੁਤਾ ਤੀਰ ਕੋ ਚਾਲ॥੨॥ਇਤਿ ਸ੍ਰੀ ਕਲਗੀ-ਧਰ ਭੇ ਤਯਾਰ। ਚਪਲ ਤੁਰੰਗਮ ਪਰ ਅਸਵਾਰ। ਦਯਾਰਾਮ ਪ੍ਰੋਹਤ ਹੁਇ ਨਾਲੇ। ਪੰਚਹੁੰ ਬੀਰ ਅਰੂੜ੍ਹਤਿ ਚਾਲੇ ॥ ੩ ॥ ਮਾਤੁਲ ਲੇ ਕ੍ਰਿਪਾਲ ਕੋ ਸਾਥ।ਗਮਨ ਕੀਨ ਕਲਗ਼ੀਧਰ ਨਾਥ।ਅਪਰ ਸੁਭਟ ਸਭਿ ਬਰਜਿਹਟਾਇ। ਖਰੇ ਬਿਲੋਕਤਿ ਹ੍ਵੈ ਸਮੁਦਾਇ॥੪॥ ਜਮਨਾ ਤੀਰ ਤੀਰ ਗਮਨੰਤੇ। ਰੁਚਿਰ ਪ੍ਰਵਾਹ ਹੇਰਿ ਹਰਖੰਤੇ। ਨੰਦ ਚੰਦ ਸੋਂ ਬੋਲਤਿ ਜਾਤੇ।ਸੁੰਦਰ ਨਦੀ ਬਿਪਨ ਬਹੁ ਭਾਂਤੇ ॥ ੫ ॥ ਸੰਗੋਸ਼ਾਹਿ ਜੀਤਮਲ ਸੰਗ । ਰੰਗਾਰਾਮ ਅਨੇਕ ਪ੍ਰਸੰਗ। ਬਹੁਰ ਮਾਹਰੀਚੰਦ ਪ੍ਰਬੀਨ।ਸੰਗ ਗੁਲਾਬ ਚੰਦ ਬਲ ਪੀਨ[੨] ॥ ੬॥ ਪੰਚਹੁੰ ਬੀਰਨਿ ਕੋ ਗੁਰ ਹੇਰਿ। ਖਰੇ ਹੋਇ ਬੋਲੇ ਤਿਸ ਬੇਰ। 'ਹਯ ਧਵਾਇ ਹੱਥਯਾਰ ਪ੍ਰਹਾਰਨਿ। ਕਰਹੁ ਕੁਵਾਇਦ ਅਬਹਿ ਦਿਖਾਰਨਿ' ॥ ੭ ॥ ਪਿਖਿ ਮਦਾਨ ਆਛੋ ਉਮਗਾਇ। ਪ੍ਰਿਥਕ ਪ੍ਰਿਥਕ ਹਯ ਬਲੀ ਧਵਾਇ। ਦੇਖਤਿ ਸਤਿਗੁਰ ਠਾਂਢੇ ਰਹੇ। ਨਿਪੁਨ ਸ਼ਸਤ੍ਰ ਬਿੱਦ੍ਯਾ ਮਹਿੰ ਲਹੇ ॥ ੮ ॥ਨੰਦਚੰਦ ਉਤਸਾਹ ਵਧਾਯੋ।ਹੇਤੁ ਦਿਖਾਵਨਿ ਤੁਰੰਗ ਧਵਾਯੋ। ਸ਼ਸਤ੍ਰ ਹਤਨਿ ਕੀ ਘਾਤ ਬਿਸਾਲ।ਬਾਮ ਦਾਹਿਨੀ ਕਰਿ ਕਰਿ ਚਾਲ[੩]॥੯॥ਦਯਾਰਾਮ ਕੋ ਚਿਤ ਹੁਲਸਾਯੋ। ਤੁੰਦ ਤੁਰੰਗਮ ਕਰਿ ਫੰਧਾਯੋ। ਬਹੁਰ ਧਵਾਇ ਘਾਤ ਹੱਥਯਾਰ। ਕਰੀ ਦਿਖਾਵਨਿ ਸਰਬ ਪ੍ਰਕਾਰ॥੧੦॥ ਪੁਨ ਕ੍ਰਿਪਾਲ ਮਾਤੁਲ ਬਰ ਬੀਰ। ਸਰਬ ਪ੍ਰਕਾਰਨਿ ਪੁਨ ਧਰਿ ਧੀਰ। ਚੰਚਲ ਬਲੀ ਫੇਰ ਬਹੁ ਭਾਂਤਿ। ਜਥਾ ਹੋਤਿ ਜੋਧਨਿ ਕੀ ਘਾਤ ॥ ੧੧ ॥ ਸਭਿ ਬਿਧਿ ਕੀ ਕਰਿ ਕਰਿ ਦਿਖਰਾਈ। ਭੁਗਨੀ ਸੁਤ ਕੋ[੪] ਖੁਸ਼ੀ ਉਪਾਈ। ਪ੍ਰਿਥਕ ਪ੍ਰਿਥਕ ਇਮ ਸਭਿ ਕੀ ਦੇਖਿ। ਸ੍ਰੀ ਕਲਗ਼ੀਧਰ ਤੁਰੰਗ ਵਿਸ਼ੇਖ ॥ ੧੨ ॥ ਕਰ੍ਯੋ ਤੇਜ,ਪਗ ਮੋਰਤਿ ਦੌਨ[੫]। ਰਿਸ੍ਯੋ-ਨ ਗਮਨੈ ਅੱਗ੍ਰਯ ਪੌਨ[੬]-।ਅਹੈ ਕੌਨ ਮ੍ਰਿਗਛੌਨ ਪਲਾਵੈ[੭]। ਫਾਂਧਿ ਉਤੰਗ[੮] ਅਧਿਕ ਉਤਲਾਵੈ ॥ ੧੩ ॥ਤੀਰ ਤੁਫੰਗਨਿ ਤੋਮਰ ਮਾਰਨਿ।ਹਾਥ

---

[੧](ਰਾਮ ਰਾਇ) ਚਲਿਆ। [੨]ਬੜਾ ਬਲਵਾਨ। [੩]ਖੱਬੇ ਸੱਜੇ ਸ਼ਸਤ੍ਰ ਚਲਾਉਣ ਦੀਆਂ ਘਾਤਾਂ ਕਰ ਕਰਕੇ (ਦੱਸਦਾ)ਚਲਦਾ ਹੈ। [੪]ਭਾਵ ਸਤਿਗੁਰੂ ਜੀ ਨੂੰ। [੫](ਘੋੜੇ ਨੇ)ਦੋਵੇਂ ਪੈਰ ਮੋੜੇ। [੬](ਐਸਾ) ਗੁੱਸੇ ਵਿੱਚ ਆਇਆ ਕਿ (ਚਾਹੇ ਕਿ ਹਵਾ) ਬੀ (ਮੈਥੋਂ) ਅੱਗੇ ਨਾ ਲੰਘ ਸਕੇ। [੭]ਹਿਰਨ ਦਾ ਬੱਚਾ ਕੌਣ ਹੈ (ਜੋ ਉਸ ਦੇ ਬਰਾਬਰ) ਦੌੜ ਸਕੇ। [੮]ਉੱਚੀ ਛਾਲ।

ਸਿਪਰ ਧਰਿ ਖਿਚਿ ਤਰਵਾਰਨਿ । ਸਕਲ ਕਵਾਇਦ ਕੀਨਿ ਬਿਲਾਸਾ* ।
ਥਲ ਸੁੰਦਰਜਮਨਾ ਤਟ ਪਾਸਾ॥੧੪॥ਕਰਹਿੰ ਪਰਸਪਰ ਅਧਿਕਸਰਾਹਨ।
'ਇਮ ਕੀਜਹਿ ਸ਼ੱਤ੍ਰ ਦਲ ਗਾਹਨ[੧]' । ਤੀਰ ਤੀਰ ਰਵਿ ਤਨੁਜਾ ਗਏ[੨]† ।
ਤਰਨੀ ਹੇਰਿ ਸਥਿਰੈਤਾ ਲਏ[੩] ॥੧੫॥ ਉਤਰਿ ਤੁਰੰਗਨ ਤ ਹੁਇ ਤਰੇ[੪] ।
ਤਰੇ ਚਹੈਤਿ,ਤੀਰ ਪਰ ਖਰੇ[੫]।ਖਰੇ ਤਰੋਵਰ ਹੇਰਤਿ ਹਰੇ[੬]। ਹਰੇ ਪਾਪ, ਜਲ
ਜਿਹ ਥਲ ਢਰੇ[੭]।।੧੬॥ਪਿਖਿ ਮਲਾਹ ਆਨੀ ਤਬਿ ਤਰਨੀ‡।ਤਰਨੀ ਬਯ
ਸੁਖ ਕੀ ਗੁਰ ਕਰਨੀ[੮] । [੯]ਕਰਨੀ ਕਰੀ ਪਗਨਿ ਗਨ ਖੋਜ। ਖੋਜਤਿ ਦੇ ਦੇ
ਦ੍ਰਿਗਨਿ ਸਰੋਜ[੯] ॥ ੧੭ ॥ ਬੋਲੇ ਸਤਿਗੁਰ ਸਾਰੰਗਪਾਨੀ । 'ਪਾਨੀ ਪਿਯਬੇ
ਥਾਇ ਪਛਾਨੀ[੧੦] । [੧੧]ਛਾਨੀ ਨਹਿਂ, ਜਗ ਬਿਦਤ ਕਹਾਨੀ। ਹਾਨੀ ਤਰਨਿ
ਬਹੁਤ ਇਸ ਥਾਨੀ[੧੧]' ॥੧੮॥ ਇਮ ਬੋਲਤਿ ਸਭਿਹਿਨਿ ਲੇ ਸਾਥ। ਨੌਕਾ
ਪਰ ਅਰੋਹਿ ਗੁਰ ਨਾਥ।ਠੇਲਿ ਨੀਰ ਪਰ ਕੀਨਿ ਚਲਾਵਨਿ। ਲਾਵੰਨਤਾ[੧੨]
ਦੇਖਤਿ ਜਲ ਪਾਵਨ ॥ ੧੯ ॥ ਉਤ ਸ਼੍ਰੀ ਰਾਮਰਾਇ ਚਲਿ ਆਯੋ। ਦੇਖਿ
ਕਮਲ ਦ੍ਰਿਗ ਤੇ ਬਿਗਸਾਯੋ। ਉਤਲਾਵਤਿ ਪਹੁੰਚ੍ਯੋ ਤਬਿ ਘੋਰਾ। ਕੇਵਟ
ਪ੍ਰੇਰ੍ਯੋ ਗੁਰ ਤਿਸ ਓਰਾ ॥ ੨੦ ॥ ਤਟ ਆਵਤਿ ਲੌ ਪਹੁੰਚੀ ਤਰੀ। ਚਢਿਬੇ
ਮਹਿਂ ਤੂਰਨਤਾ ਕਰੀ[੧੩] । ਬੰਦਿ ਦੁੰਦ ਕਰ ਪਦ ਅਰਬਿੰਦ। ਬੰਦਨ ਕੀਨਿ

---

[੧]ਨਾਸ਼ । [੨]ਜਮਨਾ ਦੇ ਕਿਨਾਰੇ। [੩]ਬੇੜੀ ਵੇਖਕੇ ਠਹਿਰ ਗਏ। [੪]ਹੇਠਾਂ ਉਤਰ ਕੇ। [੫]ਤਰਨਾ ਚਾਹੁੰਦੇ ਹਨ (ਪਰ ਅਜੇ) ਕੰਢੇ ਤੇ ਖੜੇ ਹਨ। [੬]ਹਰੇ ਹਰੇ ਸੁਹਣੇ ਬ੍ਰਿਛ ਖੜੇ ਦੇਖ ਰਹੇ ਹਨ । [੭]ਜਿੱਥੇ ਚਲਦਾ ਹੈ ਪਾਣੀ ਪਾਪਾਂ ਨੂੰ ਹਰਨ ਵਾਲਾ। [੮]ਜੋਬਨ ਆਯੂ ਸ਼੍ਰੀ ਗੁਰੂ ਜੀ ਦੀ ਸੁਖ ਦਾਤੀ ਹੈ। (ਅ) ਜੁਆਨ ਅਵਸਥਾ ਵਾਲੇ ਗੁਰੂ ਜੀ ਨੂੰ ਸੁਖ ਦੇਣ ਵਾਲੀ(ਬੇੜੀ)। [੯]ਬਹੁਤ ਹਥਨੀਆਂ ਤੇ ਹਾਥੀਆਂ ਦੇ ਪੈਰਾਂ ਦਾ ਖੋਜ ਨੇਤ੍ਰ ਕਵਲ ਦੇ ਦੇਕੇ ਭਾਲਿਆ ਭਾਵ ਦੇਖਿਆ। [੧੦](ਹਾਥੀਆਂ ਦੇ) ਪਾਣੀ ਪੀਣ ਦੀ ਥਾਂ ਪਛਾਣੀ ਜਾ ਰਹੀ ਹੈ। [੧੧]ਗੁੱਝੀ ਬਾਤ ਨਹੀਂ (ਇਹ) ਜਗਤ ਵਿਚ ਗੱਲ ਪ੍ਰਸਿੱਧ ਹੈ ਕਿ (ਜਿੱਥੇ) ਹਾਥੀ ਪਾਣੀ ਪੀਣ ਉਸ ਥਾਂ ਤੇ ਬ੍ਰਿਛ ਟੁੱਟਦੇ ਹਨ। (ਅ) ਇਸ ਥਾਂ ਤੇ ਤਰਨੇ ਵਿਚ ਬਹੁਤ ਹਾਨੀ ਹੈ। [੧੨]ਸੁੰਦਰਤਾ। [੧੩](ਸ੍ਰੀ ਰਾਮ ਰਾਇ ਜੀ ਨੇ) ਛੇਤੀ ਕੀਤੀ।

*ਇਥੋਂ ਸਪਸ਼ਟ ਹੈ ਕਿ ਗੁਰੂ ਜੀ ਨੇ ਆਪਣੇ ਦਲ ਨੂੰ ਆਪਣੀ ਕਿਸੇ ਕਵਾਯਦ ਨਾਲ ਕਵਾਯਦ ਦਾਨ ਬਣਾਇਆ ਹੋਯਾ ਸੀ।

†ਇਸ ਤੋਂ ਜਾਪਦਾ ਹੈ ਕਿ ਉਪਰਲੇ ਪਾਸੇ ਦੇ ਪਹਿਲੇ ਪੱਤਣ ਨੂੰ ਆਏ ਜੋ ਡੇਹਰਾਦੂਨ ਦੀ ਸਿੱਧੀ ਸੜਕ ਦੇ ਸਾਹਮਣੇ ਹੈ।

‡ਇਸ ਤੋਂ ਜਾਪਦਾ ਹੈ ਕਿ ਮੌਸਮ ਸਿਆਲੇ ਦਾ ਸੀ, ਕਿਉਂਕਿ ਏਥੇ ਹੁਨਾਲ ਵਿਚ ਸਰਨਾ ਅਤੇ ਤੁਲਿਹਾਂ ਆਦਿ ਨਾਲ ਪਾਰ ਹੁੰਦੇ ਹਨ, ਬੇੜੀ ਨਹੀਂ ਪਾਉਂਦੇ। ਬੇੜੀ ਬਰਸਾਤ ਮਗਰੋਂ ਪੈਂਦੀ ਹੈ। ਅਗਲੇ ਅੰਸੂ ਦੇ ਅੰਕ ੧੪ ਵਿਚ ਕੱਤਕ ਦੀ ਰੁੱਤ ਸਹੀ ਹੋ ਜਾਂਦੀ ਹੈ।

ਬਿਲੰਦ ਅਨੰਦ ॥੨੧॥ ਸ਼੍ਰੀ ਕਲਗ਼ੀਧਰ ਬਹੁ ਸਨਮਾਨਾ । ਨਿਕਟ ਬਿਠਾਵਨਿ ਅਪਨੇ ਠਾਨਾ। ਦੇਖਤਿ ਚੰਦ ਬਦਨ ਕੀ ਓਰਾ। ਲੋਚਨ ਮਨਹੁੰ ਚਕੋਰਨ ਜੋਰਾ[੧]॥੨੨॥[੨]–ਦੀਰਘ ਦੀਪਤਿ ਤੇਜ ਉਚੇਰਾ[੩]। ਭਰਨੋ ਸ਼ਕਤਿ ਬਲ ਬਿਖੈ ਬਡੇਰਾ। ਉਚਿਤ ਪ੍ਰਤਾਪ ਬਧਾਵਨ ਮਾਂਹੀ। ਚਹਹਿੰ ਸੁ ਕਰਹਿੰ ਮਿਟਹਿ ਕਿਮ ਨਾਂਹੀ–॥ ੨੩ ॥ ਗੁਰਨੰਦਨ ਸ਼੍ਰੀ ਗੁਰ ਕੋ ਦੇਖਾ[੪] । ਅਧਿਕ ਲਾਯਕੀ ਉਚਿਤ ਪਰੇਖਾ।ਕੁਸ਼ਲ ਪ੍ਰਸ਼ਨ ਕਹਿ ਆਪਸ ਮਾਂਹੀ। ਪ੍ਰੇਮ ਸਹਿਤ ਮੋਦ ਉਪਜਾਹੀ ॥ ੨੪ ॥ ਬਹਿਲੋ ਕਾ ਗੁਰਦਾਸ ਰੁ ਤਾਰਾ[੫]। ਇਕ ਦੁਇ ਨਿਕਟ ਮਸੰਦ ਉਦਾਰਾ । ਸਤਿਗੁਰ ਸੰਗ ਅਸ਼ਟ ਇਹ ਬੀਰ। ਅਪਰ ਖਰੇ ਸਭਿ ਜਮਨਾ ਤੀਰ ॥੨੫॥[੬]–ਬੰਧਨ* ਸੋਂ ਸ਼ਰੀਕਪਨ ਕਰਿਬੋ । ਮਤਸਰ ਆਦਿ ਅਸੂਆ ਧਰਿਬੋ।ਪੂਰਬ ਅਨਿਕ ਪ੍ਰਕਾਰ ਉਠਾਵਾ[੭]–। ਚਿਤ ਸ਼੍ਰੀ ਰਾਮ ਰਾਇ ਪਛੁਤਾਵਾ॥੨੬॥ਧਰੀ ਸਰਲਤਾ ਉਰ ਮਹਿ ਭਲੇ ।–ਭਈ ਸਫਲਤਾ ਗੁਰ† ਸੰਗ ਮਿਲੇ–। ਬੂਝਤਿ ਭਯੋ ਅਨੰਦਪੁਰ ਗਾਥਾ। 'ਕਿਮ ਬਿਰੋਧ ਉਪਜਯੋ ਨ੍ਰਿਪ ਸਾਥਾ ?॥੨੭॥ ਛਿਮਾ ਧਾਰਿ ਇਤ ਦਿਸ਼ ਕੋ ਆਇ।ਨਹਿੰਨ ਜੰਗ ਤਿਨ ਸੰਗ ਮਚਾਏ'।ਸੁਨਿ ਕਲਗ਼ੀਧਰ ਸਕਲ ਬਖਾਨਾ। 'ਮੂਢ ਚਹੈਂ ਹਮ ਸੋਂ ਛਲ ਠਾਨਾ ॥੨੮॥ ਕਪਟ ਸੰਗ ਚਹਿੰ ਲਹਯੋ ਮਤੰਗਾ । ਗੁਰ ਘਰ ਸੋਂ ਕਿਮ ਪੁਜਹਿ ਕੁਢੰਗਾ[੮] । ਸਰਬ ਪ੍ਰਕਾਰ ਭਈ ਰਣ ਤਯਾਰੀ । ਮਿਲਿ ਭ੍ਰਾਤਨਿ ਸੋਂ ਤਬਹਿ ਬਿਚਾਰੀ[੯]॥੨੯॥–ਬਯਾਹ ਬਿਖੈ ਹੁਇ ਸ਼ੋਕ ਮਹਾਨਾ–। ਟਰ ਕਰਿ ਗਯੋ ਬੀਰਰਸ ਹਾਨਾ[੧੦]। ਨਾਹਨੇਸ਼ ਇਤ ਹਮਹਿੰ ਬੁਲਾਯੋ। ਚਹਤਿ ਆਪਕੇ ਨਿਕਟ ਟਿਕਾਯੋ ॥ ੩੦ ॥ ਜਮਨਾ ਤਟ ਸੁੰਦਰ ਕੋ ਹੇਰਾ । ਘਾਲਯੋ ਆਨਿ ਆਪਨੋ ਡੇਰਾ‡। ਕਾਰਨ ਅਨਿਕ ਜਾਨਿ ਕਰਿ ਆਏ। ਬਸਤਿ ਸੁ ਬਿਹਰਤਿ[੧੧] ਅਨੰਦ ਉਪਾਏ' ॥੩੧॥ ਸੁਨਿ ਸ਼੍ਰੀ ਰਾਮਰਾਇ ਪੁਨ

---

[੧]ਜੋੜਾ। [੨](ਰਾਮਰਾਇ ਜੀ ਨੇ ਇਹ ਕੁਛ ਡਿੱਠਾ:--)। [੩](ਸ੍ਰੀ ਗੁਰੂ ਜੀ ਦਾ) ਉਚੇਰਾ ਤੇਜ। [੪]ਗੁਰੂ ਪੁਤ੍ਰ ਭਾਵ ਸ੍ਰੀ ਰਾਮਰਾਇ ਜੀ ਨੇ ਗੁਰੂ ਜੀ ਨੂੰ (ਐਸਾ) ਦੇਖਿਆ। [੫](ਦੋਵੇਂ ਮਸੰਦ) ਗੁਰਦਾਸ ਤੇ ਤਾਰਾ। [੬](ਇਹ ਵਿਚਾਰ ਕੇ ਕਿ:–) ਸਨਬੰਧੀਆਂ (ਸ੍ਰੀ ਹਰਿ ਕ੍ਰਿਸ਼ਨ ਜੀ ਭਿਰਾ ਤੇ ਗੁਰੂ ਤੇਗ ਬਹਾਦਰ ਜੀ ਬਾਬੇ) ਨਾਲ ਜੋ ਸ਼ਰੀਕਪੁਣਾ ਕਰਦਾ ਰਿਹਾ ਹਾਂ। [੭]ਉਠਾਏ (ਮਤਸਰ, ਅਸੂਯਾ ਆਦਿ)। [੮]ਕਿਵੇਂ ਖੋਟ ਪੁੱਜੇ। [੯](ਭੀਮਚੰਦ ਨੇ) ਵਿਚਾਰ ਕੀਤੀ। [੧੦]ਬੀਰਰਸ ਨਾਸ਼ ਕਰਕੇ ਟਲ ਗਿਆ। [੧੧]ਵਸਦੇ ਤੇ ਵਿਚਰਦੇ ਹਾਂ। *ਪਾ:--ਬੰਦਨ। †ਪਾ:--ਉਨ।

‡ਪਾ:--ਰਚਿ ਕਰਿ ਕੋਟ ਕੀਯੋ ਤਹਿਂ ਡੇਰਾ।

ਭਾਖਾ। 'ਕ੍ਵੈ ਨ ਹਟਾਇ ਸਕਹਿ ਤੁਮ ਕਾਂਖਾ[1]। ਜਾਨੀ ਪਰੈ ਬੈਸ ਮਮ ਥੋਰੀ। ਠਾਨਤਿ ਰਹੌ ਕ੍ਰਿਪਾ ਹਮ ਓਰੀ॥ ੩੨॥ ਭੇਦ ਭਾਵ ਜੇ ਅਨਿਕ ਪ੍ਰਕਾਰੀ। ਨਹਿੰ ਕੁਛ ਰਾਖਹੁ ਰਿਦੈ ਮਝਾਰੀ। ਬਿਗਰੇ ਬ੍ਰਿੰਦ ਮਸੰਦ ਹਮਾਰੇ। ਜੇ ਕਰਿ ਪੀਛੇ ਕਰਹਿਂ ਬਿਗਾਰੇ॥ ੩੩॥ ਸਭਿ ਡੇਰੇ ਕੀ ਕਾਰ ਸੁਧਾਰਹੁ। ਉਚਿਤ ਅਨੁਚਿਤ ਬਿਚਾਰਿ ਸੰਭਾਰਹੁ। ਬੰਸ ਬਿਭੂਖਨ ਭਏ ਅਦੂਖਨ। ਬਿਘਨ ਤਿਮਰ ਗਨ ਕੇ ਜਨੁ* ਪੂਖਨ[2]॥੩੪॥ਬਹੁ ਕਾਰਨ ਕਰਿ ਜਨਮ ਤੁਹਾਰਾ। ਮੈਂ ਨਿਰਨੈ ਕਰਿ ਲੀਨਿ ਬਿਚਾਰਾ। ਭਵਜਲ ਸਾਗਰ ਤਰਨ ਦੁਹੇਲਾ। ਇਸ ਕੋ ਤਰਿਬੇ ਹੇਤੁ ਸੁਹੇਲਾ॥ ੩੫॥ ਸ਼੍ਰੀ ਨਾਨਕ ਜੀ ਭਰਯੋ ਜਹਾਜਾ। ਅਨਿਕ ਰੀਤਿ ਕੇ ਜੀਵ ਸਮਾਜਾ। ਤਿਸ ਮਹਿਂ ਬਿਘਨ ਬਿਸਾਲ ਪ੍ਰਚੰਡ[3]। ਜਿਸ ਤੇ ਫਟਯੋ ਭਯੋ ਖੰਡ ਖੰਡ[4]॥ ੩੬॥ ਤਿਹ ਸਕੇਲਿ[5] ਪੁਨ ਇਕ ਬਨਾਵਹੁ। ਭਰਯੋ ਜਹਾਜ ਪਾਰ ਉਤਰਾਵਹੁ। ਪਿਤਾ ਗੁਰੂ[6] ਇਕ ਬਾਰਿ ਬਖਾਨੀ।ਸਿਖ ਢਿਗ ਤੇ ਮੈਂ ਸੁਨਿਬੋ[7] ਬਾਨੀ†॥੩੭॥–ਗੁਰ ਕੋ ਭਰਯੋ ਜਹਾਜ ਉਦਾਰਾ।ਲਾਇ ਧਯਾਨ ਕੋ ਹੇਰਿ ਬਿਚਾਰਾ।ਭਾ ਬਹੁ ਖੰਡ ਮਿਲਹਿ ਪੁਨ ਸੋਈ। ਹੁਇ ਅਸ ਪੁਰਖ ਮਿਲਾਵਹਿ ਜੋਈ–॥ ੩੮॥ ਤਬਿ ਕੋ ਮੈਂ ਬਿਚਾਰਤੋ ਰਹਯੋ। ਅਬਿ ਸੋ ਹੋਇ ਭਲੇ ਮੈਂ ਲਹਯੋ। ਦਰਸ਼ਨ ਦੇਖਤਿ ਭਈ ਪ੍ਰਤੀਤ। ਬਿਗਰੇ ਕਰਹੁ ਸੁਧਾਰਨ ਚੀਤ[8]॥ ੩੯॥ ਸੁਨਿ ਸ਼੍ਰੀ ਕਲਗ਼ੀਧਰ ਸਭਿ ਲਹਯੋ।ਗੁਰ ਸੁਤ ਨਿਜ ਆਸ਼ੈ ਜਿਮ ਕਹਯੋ।ਬੋਲੇ'ਰਾਮਰਾਇ' ਗੁਰ 'ਸਾਚਾ[9]'। ਗੁਰ ਪਰ ਕੋ ਹਿਤ ਸੋਂ ਚਿਤ ਰਾਚਾ'॥੪੦॥ਪੁਨ ਤਟ ਦਿਸ਼ਾ ਦ੍ਰਿਸ਼ਟਿ ਗੁਰ ਪ੍ਰੇਰੀ।ਕੇਤਿਕ ਸੰਗਤਿ ਥਿਤ ਤਿਸ ਕੇਰੀ।ਬੇਮੁਖ ਹੁਇ ਕਰਿ ਖਰੇਕੁਚਾਰੀ[10]। ਸਤਿਗੁਰ ਕੀ ਦਿਸ਼ਿ ਕੀਨਿ ਪਿਛਾਰੀ॥ ੪੧॥ ਮੰਦ ਭਾਗ ਮਤਿਮੰਦ ਮਲੀਨੇ।ਸਨਮੁਖ ਹੋਇ ਨ ਦਰਸ਼ਨ ਕੀਨੇ। ਗਨ ਪਾਪਨ ਅਸ ਫਲ ਉਪ-ਜਾਯੋ। ਜਿਸ ਤੇ ਨਹਿਂ ਗੁਰ ਦਰਸ਼ਨ ਪਾਯੋ॥੪੨॥ ਪ੍ਰਭੁ ਬਿਲੋਕਿ ਤਿਨ ਕੋ ਮੁਸਕਾਨੇ। ਸਭਿ ਕੇ ਸੁਨਤਯੋ ਪੁਨਹਿ ਬਖਾਨੇ। 'ਰਾਮਰਾਇ ਤੋ ਹੈ ਗੁਰ

[1]ਆਪਦੀ ਇੱਛਾ। [2]ਸੂਰਜ ਰੂਪ। [3]ਤਿੱਖੇ। [4]ਟੁਕੜੇ ਟੁਕੜੇ (ਜਹਾਜ਼)। [5]ਇਕੱਠਾ ਕਰਕੇ। [6]ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ। [7]ਸੁਣੀ ਸੀ। [8]ਵਿਗੜੇ ਚਿੱਤਾਂ ਨੂੰ ਤੁਸੀਂ ਸੁਧਾਰੋਗੇ। [9]ਗੁਰੂ ਜੀ ਬੋਲੇ ਰਾਮ ਰਾਇ ਸੱਚਾ ਹੈ। (ਅ) ਬੋਲੇ ਰਾਮਰਾਇ ਸਚਾ ਗੁਰੂ ਹੈ। 'ਗੁਰੂ' ਦਾ ਅਰਥ ਭਾਵ ਅਵਤਾਰ ਗੁਰੂ ਨਹੀਂ, ਪਰ ਅਪਣੀ ਸੰਗਤ ਦਾ ਮੁਹਰੀ ਯਾ ਮੁਰਸ਼ਿਦ ਜਿਵੇਂ ਮੰਜੀਆਂ ਦੀ ਬਖਸ਼ਸ਼ਾਂ ਵਾਲੇ ਹੁੰਦੇ ਸਨ। ਦੇਖੋ ਟੂਕ* ਅਗਲਾ ਸਫਾ। [10]ਖੋਟੀ ਚਾਲ ਵਾਲੇ।

*ਪਾ:–ਜਗ। †ਪਾ:–ਸਾਨੀ।

ਸਾਚੇ*।ਇਸ ਕੇ ਸਿਖ ਮੂਰਖ ਮਤਿ ਕਾਚੇ॥੪੩॥ਅਹੈ ਭੂਤਨੀ ਸੰਗਤਿ ਸਾਰੀ। ਜਿਨਹੁ ਗੁਰਨਿ ਦਿਸ਼ਿ[1] ਕੀਨਿ ਪਿਛਾਰੀ।ਗੁਰੂ ਪ੍ਰਲੋਕ ਨ ਬਨਹਿਂ ਸਹਾਈ। ਇਹੈ ਕਾਮਨਾ ਕਛੁ ਲੇ ਪਾਈ[2]' ॥ ੪੪ ॥ ਇਮ ਕਹਿ ਪੁਨ ਗੁਰਦਾਸਹਿਂ ਹੇਰਾ। ਥਿਰ ਸ਼੍ਰੀ ਰਾਮਰਾਇ ਕੈ ਨੇਰਾ।'ਸੁਨਿ ਬਹਿਲੋ ਕੇ ਹਮਹਿਂ ਬਤਾਵਹੁ। ਹਮਰੇ ਸਨਮੁਖ ਤੀਰ ਚਲਾਵਹੁ ? ॥ ੪੫ ॥ ਕਿਸ ਕੌ ਬਲ ਲੇ ਕਰਤਿ ਪ੍ਰਹਾਰਾ?ਜਿਸਤੇ ਮਹਿਦ ਗਰਬਕੌ ਧਾਰਾ'।ਤਬਿ ਲੱਜਤਿ ਹੁਯਸਿਗੁਰਦਾਸ। ਤਰੇ ਦ੍ਰਿਸ਼ਟਿ ਕਰਿ ਹਿਰਦੇ ਤ੍ਰਾਸ ॥ ੪੬ ॥ ਹਹਿਰਤਿ ਬੋਲਯੋ ਦ੍ਵੈ ਕਰਿ ਜੋਰਿ।'ਪ੍ਰਭੁ ਜੀ!ਹਮ ਕੌ ਤੁਮਰਾ ਜੋਰ। ਲਘੁ ਦੀਰਘ ਜੋ ਕਾਰਜ ਸਾਰੇ।ਹਮ ਕਰਿ ਸਕਹਿਂ ਪ੍ਰਤਾਪ ਤੁਮਾਰੇ' ॥ ੪੭ ॥ ਪੁਨ ਗੁਰ ਭਨਯੋ 'ਧਨੁਖ ਜਿਨ ਧਾਰਾ। ਤਜਹਿ ਬਾਨ, ਤਿਹ ਨਾਮ ਸੁ ਤਾਰਾ।ਉਦੈ ਭਯੋ ਤਬਿਹੂੰ ਤੇ ਕਹ੍ਯੋ[3]। ਅਬਿ ਸੋ ਅਸਤ ਹੋਇ ਹਮ ਲਹ੍ਯੋ[4]' ॥ ੪੮ ॥ ਸੁਨਿ ਕਰਿ ਕੰਪਤਿ ਤੂਸ਼ਨਿ ਠਾਨੀ। ਰਹ੍ਯੋ ਜੋਰਿ ਕਰ ਗੁਰ ਅਗੁਵਾਨੀ।ਵਧਿਕੈ ਬਾਕ ਬਿਅਦਬੀ ਕਹ੍ਯੋ। ਪਛੁਤਾਵਤਿ ਤਿਸ ਕੋ ਫਲ ਲਹ੍ਯੋ ॥ ੪੯ ॥ ਇਮ ਸ਼੍ਰੀ ਰਾਮਰਾਇ ਅਰੁ ਸਤਿਗੁਰ। ਬਾਕ ਬਿਲਾਸ ਕਰੇ ਭਰਿ ਮੁਦ ਉਰ। ਬੰਦਨ ਠਾਨਿ ਬਿਦਾ ਹੁਇ ਗਯੋ। ਤੀਰ ਤੁਰੰਗ ਅਰੂਢਤਿ ਭਯੋ ॥ ੫੦ ॥ ਸਿਖ ਮਸੰਦ ਲੇ ਸੰਗ

---

[1]ਜਿਨ੍ਹਾਂ ਨੇ ਗੁਰਾਂ ਵਲ ਭਾਵ ਆਪਣੇ ਮੁਰਸ਼ਿਦ ਤੇ ਗੁਰੂ ਅਵਤਾਰ ਦੋਹਾਂ ਵਲ। [2]ਏਥੇ (ਮਾਤ ਲੋਕ ਵਿਚ) ਕੁਛ ਕਾਮਨਾ ਪਾ ਲੈਣਗੇ। [3]ਉਦੈ ਹੋਇਆ ਤਦ ਤੋਂ (ਜਦੋਂ ਤੂੰ ਉਹ) ਵਾਕ ਕਿਹਾ ਸੀ। [4]ਹੁਣ ਓਹ ਛੁਪ ਗਿਆ ਅਸਾਂ ਡਿੱਠਾ ਹੈ।

*ਏਥੇ 'ਗੁਰੂ' ਦਾ ਅਰਥ ਗੁਰਮੁਖ ਯਾ ਮੁਰਸ਼ਿਦ ਹੈ, ਕਿ ਆਪਣੀ ਸੰਗਤ ਦੇ ਆਗੂ ਹਨ। ਇੱਥੇ ਗੁਰ ਅਵਤਾਰ ਤੋਂ ਭਾਵ ਨਹੀਂ ਹੈ। 'ਗੁਰ ਅਵਤਾਰ' ਤਾਂ ਕਦੇ ਦੋ ਹੋ ਨਹੀਂ ਸਕਦੇ, ਓਹ ਕੇਵਲ ਇਕ ਸਮੇਂ ਇਕ ਹੀ ਹੋ ਸਕਦਾ ਹੈ, ਜੋ ਇਸ ਵੇਲੇ ਕਲਗੀਧਰ ਜੀ ਆਪ ਹਨ, ਜਿਨ੍ਹਾਂ ਨੂੰ ਸ਼੍ਰੀ ਰਾਮਰਾਇ ਜੀ ਨੇ ਖ਼ੁਦ ਗੁਰੂ ਅਵਤਾਰ ਮੰਨਿਆ ਹੈ ਤੇ ਬੰਦਨਾਂ ਕੀਤੀ ਹੈ ਤੇ ਮੁਖੋਂ ਜਸ ਕਿਹਾ ਹੈ। ਦੇਖੋ ਅੰਕ ੨੧ ਅਤੇ ੩੮, ੩੯। 'ਬੋਲੇ ਰਾਮਰਾਇ ਗੁਰ ਸਾਚਾ' ਤੇ ਇਹ ਤੁਕ 'ਰਾਮਰਾਇ ਤੈਂ ਹੈਂ ਗੁਰ ਸਾਚੇ' ਇਨ੍ਹਾਂ ਤੁਕਾਂ ਦਾ ਇਹ ਭਾਵ ਭੀ ਜਾਪਦਾ ਹੈ ਕਿ ਪਿੱਛੇ ਤਾਂ ਸ਼੍ਰੀ ਰਾਮਰਾਇ ਜੀ ਭੀ ਗੁਰੂ ਘਰ ਨਾਲ ਵਿਰੋਧ ਕਰਕੇ ਵਿੱਥ ਤੇ ਰਹੇ ਹੈਨ ਹੁਣ ਪਿਛਲੀ ਭੁੱਲ ਤੇ ਪਛੁਤਾਵਾ (ਵੇਖੋ ਅੰਕ ੨੬ ਵਿਚ ਕਰਕੇ ਗੁਰੂ ਘਰ ਦੇ ਹਿਤੂ ਬਣਕੇ ਸਤਿਗੁਰੂ ਨਾਲ 'ਸੱਚੇ' ਹੋ ਗਏ ਹਨ, ਪਰ ਰਾਮਰਾਇ ਜੀ ਦੀ ਸੰਗਤ ਪਿੱਠ ਕਰਨ ਦੇ ਕਾਰਨ ਭੂਤਨੀ ਹੈ, ਭਾਵ ਸਤਿਗੁਰਾਂ ਤੋਂ ਬੇਮੁਖ ਹੀ ਰਹੀ ਹੈ। ਤੁਕ ਦਾ ਇਹ ਅਰਥ ਬਣੇਗਾ, ਕਿ (ਭੁੱਲ ਮੰਨਕੇ) ਸਚੇ ਹੋ ਗਏ ਹਨ।

ਸਿਧਾਰਾ। ਕਛੁ ਬ੍ਰਿਤੰਤ ਤਿਨ ਮਹਿਂ ਨ ਉਚਾਰਾ[1]।ਜਾਇ ਪ੍ਰਵੇਸ਼ਨੋ ਆਪਨਿ ਡੇਰੇ। ਉਤਰਨੋ ਹਯ ਤੇ ਕੀਨਿ ਬਸੇਰੇ ॥੫੧॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥ ੩ ॥

੪. [ਕਪਾਲ ਮੋਚਨ]।

ਦੋਹਰਾ ॥ ਸ਼੍ਰੀ ਕਲਗੀਧਰ ਤਰੀ ਕੋ ਪ੍ਰੇਰਨਿ ਕਰਿ ਜਲ ਮਾਂਹਿ।ਰਵਿ ਤਨੁਜਾ ਕੇ ਬੀਚ ਹੀ ਚਲੇ ਆਇਂ ਹਰਖਾਹਿਂ॥੧॥ਚੌਪਈ॥ਚਲੇ ਨਊ ਜਲ ਕੇ ਅਨੁ-ਕੂਲੰ[2]। ਅਵਿਲੋਕਹਿਂ ਸੁੰਦਰ ਦ੍ਵੈ ਕੂਲੰ। ਗਨ ਪੰਕਤਿ ਤਰੁਵਰੁ ਕੀ ਖਰੀ[3]। ਹੇਰਹਿਂ ਹਰੀ ਹਰੀ ਜਬਿ ਖਰੀ[4]॥੨॥ਸਨੇ ਸਨੇ ਗਮਨੈ ਜਲ ਤਰਨੀ।ਸ਼੍ਰੀ ਮੁਖ ਤੇ ਸ਼ੋਭਾ ਬਹੁ ਬਰਨੀ। ਪਸ਼ੁਪਤਿ[5] ਬਨ ਕੋ ਕਰਹਿਂ ਦਿਖਾਵਨਿ। ਤਰੁਵਰ ਕੀ ਬਹੁ ਜਾਤਿ ਬਤਾਵਨਿ ॥ ੩ ॥ ਬਿਨਾ ਪੰਕ[6] ਤੇ ਚਾਰੁ ਪ੍ਰਵਾਹੂ।ਸ਼ਯਾਮਲ ਬਰਨ ਬਿਲੋਕਹਿਂ ਤਾਹੂ। ਨਗਰ ਪਾਂਵਟਾ ਤਟ ਪਰ ਜਾਂਕੇ। ਆਵਤਿ ਚਲੇ ਨੀਰ ਪਰ ਤਾਂਕੇ ॥੪॥ ਤੀਰ ਤੀਰ ਪਰ ਹਯ ਡੁਰਿਆਏ[7]। ਸਭਿਹਿਨਿ ਕੇ ਸੇਵਕ ਲੈ ਧਾਏ। ਜਹਿਂ ਬੈਠਨਿ ਕੀ ਰੁਚਿਰ ਸਥਾਈ।ਸਿਲਾ ਬਿਸਾਲ ਪਰੀ ਤਟ ਛਾਈ ॥ ੫ ॥ ਅਬਿ ਲੌ ਥਲ ਬਿਨ ਕਰਦਮ ਸੋਊ। ਦਿਖੀਅਤਿ ਹੈ ਸੁੰਦਰ ਤਟ ਦੋਊ। ਕਰੀ ਖਰੀ ਤਰਨੀ ਤਹਿਂ ਆਇ। ਸ਼੍ਰੀ ਗੋਬਿੰਦ ਸਿੰਘ ਉਤਰੇ ਰਾਇ॥੬॥ ਖਾਨ ਪਾਨ ਕਰਿ ਨਿਸਾ ਬਿਤਾਈ। ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ। ਸੌਚ ਸ਼ਨਾਨ ਠਾਨਿ ਗੁਰ ਪੂਰੇ। ਕਵਿਤਾ ਕਰਨਿ ਲਗੇ ਪ੍ਰਭੁ ਰੂਰੇ ॥ ੭ ॥ ਪ੍ਰਥਮੈ ਸ਼੍ਰੀ ਕ੍ਰਿਸ਼ਨਾ ਅਵਤਾਰੂ। ਛੰਦ ਸਵੈਯੇ ਕਰਤਿ ਉਚਾਰੂ। ਰੁਚਿਰ ਰਾਸ ਮੰਡਲ ਬਹੁ ਬਰਨਯੋਂ। ਉਪਮਾਨਹਿਂ ਉਪਮੇਯਹਿ ਕਰਨਯੋਂ[8] ॥੮॥ ਕਰਿ ਸ਼ਨਾਨ ਬੈਠਹਿਂ ਤਿਸ ਤੀਰ। ਸਿਲਾ ਸੰਗ ਖਸ[9] ਚਾਲਤਿ ਨੀਰ। ਜਾਮ ਦਿਵਸ ਜਬਿ ਲੌ ਚਢਿ ਆਵੈ।ਰਹੈਂ ਇਕਾਕੀ ਗਿਰਾ ਬਨਾਵੈਂ ॥ ੯ ॥ ਨਹਿਂ ਕਿਸਹੂ ਕੋ ਦਰਸ਼ਨ ਹੋਇ।ਦੂਰ ਦੂਰ ਰਹਿਂ ਥਿਰ ਸਭਿ ਕੋਇ।

---

[1]ਤਿਨ੍ਹਾਂ ਆਪਣੇ ਮਸੰਦਾਂ) ਵਿਚ (ਮਿਲਣ ਦਾ ਨਹੀਂ ਦੱਸਿਆ। [2]ਨਾਓ ਪਾਣੀ ਦੇ ਪ੍ਰਵਾਹ ਅਨਕੂਲ (ਹੇਠਾਂ ਨੂੰ) ਜਾ ਰਹੀ ਹੈ। [3]ਖੜੀ ਹੈ। [4]ਜਦ ਵੇਖਦੇ ਹਨ ਹਰੀ ਕਤਾਰ ਰੁੱਖਾਂ ਦੀ ਤਾਂ) ਸੁਹਣੀ ਲਗਦੀ ਹੈ। [ਖਰੀ=ਸੁਹਣੀ]। [5]ਫੁਲਾਂ ਨਾਲ ਭਰੇ ਹੋਏ। [6]ਚਿਕੜ ਤੋਂ ਬਿਨਾਂ ਭਾਵ ਨਿਰਮਲ। ਚਿਕੜ ਬਿਨ ਪਾਣੀ ਵੀ ਸਿਆਲੇ ਦੀ ਨਿਸ਼ਾਨੀ ਹੈ। [7]ਕੰਢੇ ਕੰਢੇ ਘੋੜੇ ਲਈ ਆਏ। [8]ਉਪਮਾਨ ਤੇ ਉਪਮੇਯ ਕਰਕੇ।(ਅ) ਉਪਮਾਂ ਨਹਿਂ=ਕਿਸੇ ਉਪਮੇਯ ਨਾਲ ਉਪਮਾ ਨਹੀਂ ਕਰੀ ਜਾ ਸਕਦੀ; ਭਾਵ ਬਾਣੀ ਅਲੌਕਿਕ ਹੈ। [ਉਪਮਾਨ=ਜਿਸ ਦੀ ਉਪਮਾ ਦਿੱਤੀ ਜਾਵੇ ਜੈਸੇ, ਚੰਦ। ਉਪਮੇਯ=ਜਿਸਨੂੰ ਉਪਮਾ ਦਿੱਤੀ ਜਾਵੇ। ਜੈਸੇ ਮੁਖ]। [9]ਖਹਿਕੇ।

ਮਨ ਟਿਕਾਇ ਬਰ ਬਾਨੀ ਰਚੈਂ। ਕ੍ਰਿਸ਼ਨ ਬਿਲਾਸਾਦਿਕ ਬਿਧਿ ਮਚੈਂ[1] ॥
੧੦॥ ਆਦਿ ਰਾਧਕਾ ਗੋਪੀ ਬ੍ਰਿੰਦ। ਤਿਨ ਸੌਂ ਮਿਲਿ ਜਿਮ ਕੀਨਿ ਅਨੰਦ।
ਬਰਨਹਿਂ ਸਤਿਗੁਰ ਪ੍ਰੇਮ ਲਗਾਇ। ਪੁਨ ਤੁਕਾਂਤ ਮਹਿਂ ਪੈਂਤੀ ਪਾਇ॥੧੧॥
ਆਦਿ ਕਕਾਰ ਸੁ ਅੰਤ ੜਕਾਰ[2]। ਜਿਹ ਜੋ ਬਰਨ ਜਥਾ ਕ੍ਰਮ ਧਾਰ[3]।ਪਾਇ
ਸਵੈਯਨਿ ਕੇ ਜੁਤਿ ਕ੍ਰਾਂਤਿ[4]। ਪਾਠਕ ਸੁਮਤਿ ਲਖੈ ਬੱਖ੍ਯਾਤ ॥ ੧੨ ॥
ਇੱਤ੍ਯਾਦਿਕ ਕੀ ਬਹੁ ਚਤੁਰਾਈ।ਸੁੰਦਰ ਕਵਿਤਾ ਕਰਿ ਕਰਿ ਪਾਈ। ਜਲ
ਖਸਿ[5] ਚਲੈ ਸਿਲਾ ਕੇ ਸਾਥ। ਤਹਾਂ ਬਿਰਾਜੈਂ ਸ਼੍ਰੀ ਜਗਨਾਥ॥੧੩॥ ਕਾਤਕ
ਮਾਸ ਸੁੰਦਰੀਰੁਤਮੈਂ।–ਚਢੈਂ ਅਖੇਰਅਬਹਿ–ਹੁਇ ਚਿਤ ਮੈਂ।ਸਿੱਖ ਮਸੰਦਨ
ਬ੍ਰਿੰਦਨਿ ਬ੍ਰਿੰਦ। ਭਯੋ ਆਨਿ ਬਹੁ ਮੇਲ ਬਿਲੰਦ ॥੧੪॥ ਸਿਰੇ ਪਾਉ ਸਭਿ-
ਹਿਨਿ ਹਿਤ ਦੈਬੇ। ਪਠੇ ਦਾਸ ਹਿਤ ਮੋਲਹਿ ਲੈਬੇ। ਨਗਰ ਨਿਕਟ
ਜੇਤਿਕ ਤਹਿਂ ਜਾਨੇ। ਸਭਿਨਿ ਬਿਖੈ ਗਨ ਮਨੁਜ ਪਯਾਨੇ ॥ ੧੫ ॥ ਹੁਤੋ
ਬੂੜੀਆ ਨਗਰ ਸਢੌਰਾ। ਇੱਤ੍ਯਾਦਿਕ ਪਹੁੰਚੇ ਸਭਿ ਠੌਰਾ। ਸੌ ਦੋ ਸੌ
ਪਗੀਆ ਤਹਿਂ ਲੀਨਿ।ਅਪਰ ਨ ਪ੍ਰਾਪਤਿ ਖੋਜਨ ਕੀਨਿ॥੧੬॥ਹਟਿ ਆਏ
ਜਹਿਂ ਕਹਿਂ ਤੇ ਦਾਸਿ। ਜੇਤਿਕ ਹੁਤੀ ਸੁ ਆਨੀ ਪਾਸ। ਕਾਰਜ ਨਹੀਂ ਸਰਯੋ
ਸਭਿ ਕੇਰਾ। ਦਿਵਸ ਪੰਚਮੀ ਚਢੇ ਅਖੇਰਾ ॥ ੧੭ ॥ ਪੰਥ ਦੂਨ ਕੇ ਚਲਿ
ਕਰਿ ਆਏ। ਵਹਿਰਿ ਗਿਰਨ ਤੇ ਥਲ[6] ਦਿਖਰਾਏ। ਇਕ ਸਮ ਅਵਨੀ
ਮਹਿਂ ਕਰਿ ਡੇਰਾ। ਬਿਚਰੇ ਕੇਤਿਕ ਦਿਵਸ ਅਖੇਰਾ॥ ੧੮ ॥ ਇਕ ਕਪਾਲ
ਮੋਚਨ[7] ਸ਼ੁਭ ਤਾਲ। ਤਹਿਂ ਕੋ ਮੇਲਾ ਅਯੋ ਬਿਸਾਲ। ਸੁਨਯੋਂ ਸੁ ਤੀਰਥ
ਸਤਿਗੁਰ ਜਬੈ।ਸਭਿਹਿਨਿ ਮਹਿਂ ਬੋਲਹਿਂ ਇਮ ਤਬੈ॥੧੯॥ 'ਚਲਹੁ ਕਰਹਿਂ
ਮੇਲਾ ਤਿਸ ਥਾਨਾ। ਆਵਤਿ ਖਿਲਹਿਂ ਅਖੇਰ ਮਹਾਨਾ'। ਇਮ ਕਹਿ ਕਰਿ
ਤਯਾਰੀ ਕਰਿਵਾਈ। ਸੈਨਾ ਸੰਗਿ ਚਢੀ ਸਮੁਦਾਈ ॥ ੨੦ ॥ ਬਜਤਿ ਬਡੋ
ਰਣਜੀਤ ਨਗਾਰਾ। ਆਨਿ ਪਹੂੰਚੇ ਥਾਨ ਨਿਹਾਰਾ। ਡੇਰਾ ਕਰਯੋ ਤਾਨਿ
ਸ਼ਮਿਯਾਨੇ।'ਸਤਿਗੁਰ ਥਿਰੇ ਸਭਿਨਿ ਸੁਨਿ ਕਾਨੇ॥੨੧॥ਸੇਵਕ ਸਿੱਖ ਆਨਿ

[1]ਅਸਲ ਵਿਧੀ ਪੂਰਬਕ (ਸੰਚਦੇ=) ਸੰਕਲਤ ਕਰਦੇ ਭਾਵ ਰਚਦੇ ਹਨ। [2]ਭਾਵ ਕ੍ਰਿਸ਼ਨਾ ਅਵਿਤਾਰ ਦੇ ਦਸਮ ਸਕੰਧ ਵਿਚ ਪਹਿਲੇ ਕਕਾ ਤੁਕ ਦੇ ਅੰਤ ਵਿਚ ਰਖਕੇ ੜਾੜੇ ਤਕ ਪੈਂਤੀ ਪੂਰੀ ਕੀਤੀ ਹੈ। [3]ਜੋ ਅੱਖਰ ਕ੍ਰਮ ਅਨੁਸਾਰ ਪਾਇਆ ਹੈ। [4]ਸ੍ਵੈਯਾਂ ਵਿੱਚ ਅੱਖਰ ਪਾਏ ਹਨ ਸ਼ੋਭਾਸਹਿਤ। [5]ਖਹਿਕੇ। [6]ਪਹਾੜਾਂ ਤੋਂ ਬਾਹਰ ਥਾਂ। [7]ਨਾਮ ਹੈ ਤੀਰਥ ਦਾ, ਜਗਾਧਰੀ ਤੋਂ ਸਤ ਅੱਠ ਮੀਲ ਉਪਰ ਨੂੰ ਇਹ ਟਿਕਾਣਾ ਹੈ।

ਪਗ ਪਰਸਹਿਂ।ਪਾਇਂ ਕਾਮਨਾ ਦਰਸ਼ਨ ਦਰਸਹਿਂ।ਕਾਤਕ ਕੀ ਪੂਰਣਮਾ* ਨੇਰੇ†। ਮੇਲਾ ਭਯੋ ਸਕੇਲ ਘਨੇਰੇ॥ ੨੨ ॥ ਤਬਹਿ ਮਸੰਦਨ ਸਤਿਗੁਰ ਪਾਸ। ਹਾਥ ਜੋਰਿ ਕੀਨਸਿ ਅਰਦਾਸ। 'ਮਹਾਰਾਜ ਹਮ ਬਹੁ ਪੁਰਿ ਫਿਰੇ। ਪਗੀਯਾ ਥੋਰੀ ਲਯਾਵਨਿ ਕਰੇ ॥੨੩॥ ਖਰਚ ਹਜ਼ਾਰ ਪਾਗ ਕੋ ਅਬੈ। ਕਰੇ ਉਪਾਇ ਨ ਪ੍ਰਾਪਤਿ ਸਬੈ।ਹੁਕਮ ਆਪ ਕੋ ਹੋਇ ਸੁ ਕਰੀਅਹਿ। ਕਿਤ ਤੇ ਆਨਹਿ ? ਨਹੀਂ ਨਿਹਰੀਅਹਿ' ॥ ੨੪ ॥ ਤਬਿ ਸਤਿਗੁਰ ਉਰ ਚਰਿਤ ਬਿਚਾਰਾ।-ਬਲ ਤੇ ਛੀਨਹਿਂ ਕਰਹਿਂ ਪੁਕਾਰਾ। ਭਾਗ ਜਾਇਂ, ਮੇਲਾ ਡਰ-ਪਾਵੈ। ਬਿਗਰੇ, ਜੰਗ ਕਰਨਿ ਬਨਿ ਆਵੈਂ[1] ॥੨੫॥ਤਊ ਨ ਸਰਿ ਹੈ ਕਾਰਜ ਕੋਊ। ਕਰਹਿਂ ਸੁ ਇਮ ਸੁਖ ਤੇ ਸਿਧ ਹੋਊ-। ਨਿਜ ਸੁਭਟਨ ਸੋਂ ਹੁਕਮ ਬਖਾਨਾ।'ਬਿਚਰਹੁ ਮੇਲੇ ਮਾਹਂ ਸਵਧਾਨਾ॥੨੬॥ਕਰਹਿਂ ਬਿਅਦਬੀ ਤੀਰਥ ਕੇਰੀ। ਤਯਾਗਹਿ ਲਘੁ ਸ਼ੰਕਾ[2] ਲਿਹੁ ਹੇਰੀ। ਨਿਕਟ ਤਾਲ ਕੇ ਜੋ ਨਰ ਹੋਇ। ਕਰਹਿ ਪਖਾਰਨ‡ ਕਰ ਬਿਚ ਕੋਇ[3] ॥ ੨੭ ॥ ਤਿਨਕੀ ਪਗੀਯਾ ਲੇਹੁ ਉਤਾਰੀ§। ਨਹਿਂ ਮਾਰਹੁ ਦੀਜਹਿ ਬਹੁ ਗਾਰੀ¶। ਬਿਚਰਹੁ ਚਹੁੰਦਿਸ਼ਿ ਤੀਰਥ ਕੇਰ। ਕਰਹਿ ਬਿਅਦਬੀ ਵਲ ਦਿਹੁ ਹੇਰਿ[4]' ॥ ੨੯ ॥ ਸੁਨਿ ਗੁਰ

---

[1]ਡਰ ਖਾਕੇ ਮੇਲਾ ਭਜ ਜਾਏਗਾ, ਜੇ ਵਿਗੜ ਖੜੋਤੇ ਤਾਂ ਜੰਗ ਕਰਨਾ ਪਵੇਗਾ। [2]ਪਿਸ਼ਾਬ। [3]ਭਾਵ (ਤਾਲ) ਵਿਚ (ਜੋ) ਕੋਈ ਹੱਥ ਪਾਣੀ ਕਰੇ ਤਾਂ...... । [4]ਦੇਖਕੇ, ਭਾਵ ਸੁਣੇ ਸੁਣਾਏ ਤੇ ਦੰਡ ਨਹੀਂ ਦੇਣਾ, ਅੱਖੀਂ ਦੇਖਕੇ ਦੇਣਾ।

*ਇਹੋ ਦਿਨ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦਾ ਸੀ ਜੋ ਏਥੇ ਮਨਾਇਆ ਗਿਆ।

†ਪਾ:-ਡੇਰੇ ‡ਪਾ:-ਬਿਛਾਰਨਿ।

§ਲੋਕੀ ਉਸੇ ਤਾਲ ਵਿਚੋਂ ਹੱਥ ਪਾਣੀ ਕਰਦੇ ਤੇ ਪੇਸ਼ਾਬ ਪਖਾਨਾ ਵੀ ਕਿਨਾਰੇ ਹੋਣ ਕਰਕੇ ਬੀਮਾਰੀ ਪਾ ਦਿਆ ਕਰਦੇ ਸਨ। ਗੁਰੂ ਜੀ ਦਾ ਸਫਾਈ ਰੱਖਣ ਲਈ ਹੁਕਮ ਸੀ ਕਿ ਤਾਲ ਤੋਂ ਦੂਰ ਦੂਰ ਮਲ ਮੂਤ੍ਰ ਤੇ ਸ਼ੋਚ ਕਰਨ, ਜੋ ਇਹ ਹੁਕਮ ਨਾ ਮੰਨੇ ਉਸ ਲਈ ਹਲਕੀ ਸਜ਼ਾ ਪੱਗ ਲਾਹ ਲੈਣ ਦੀ ਤਜਵੀਜ਼ ਕੀਤੀ। ਪਗਾਂ ਦੀ ਲੋੜ ਲਈ ਇਹ ਕੌਤਕ ਨਹੀਂ ਰਚਿਆ। ਇਹ ਹੁਕਮ ਯਾਤ੍ਰੂਆਂ ਦੇ ਆਪਣੇ ਭਲੇ ਲਈ ਸੀ, ਹਲਕੇ ਦੰਡ ਦਾ ਕਾਰਨ ਅੰਕ ੨੫ ਵਿਚ ਦੱਸਿਆ ਹੈ ਕਿ ਬਹੁਤਾ ਡਰ ਨਹੀਂ ਦੇਣਾ ਜੋ ਲੋਕੀ ਭੱਜ ਹੀ ਨਾਂ ਜਾਣ।

¶ਕਹਿੰਦੇ ਹਨ ਕਿ ਨਾ ਬਹੁਤੀਆਂ ਗਾਲਾਂ ਦਿਓ ਤੇ ਨਾ ਮਾਰੋ। ਭਾਵ ਇਹ ਹੋਇਆ ਕਿ ਹਲਕੀ ਜੇਹੀ ਝਾੜ ਪਾਓ ਤੇ ਪੱਗ ਲਾਹ ਲਓ।

ਹੁਕਮ ਸੁਭਟ ਸਵਧਾਨੇ।ਗਹੇ ਸਿਪਰ ਅਰੁ ਹਾਥ ਕ੍ਰਿਪਾਨੇ।ਲਘੁ ਸ਼ੰਕਾ[1] ਤਜਾਗਤਿ ਜੋ ਨੇਰੇ।ਬਿਚਰਤਿ ਜਿਤ ਕਿਤ ਨਰ ਕੌ ਹੇਰੇਂ॥੨੯॥ਤਿਸ ਕੀ ਤੂਰਨ ਪਾਗ ਉਤਾਰੈਂ। ਸਮੁਝਾਵਹਿਂ ਅਰੁ ਗਾਰਿ ਨਿਕਾਰੈਂ*।'ਮੂਢਹੁ ਪਾਪ ਕਰਨਿ ਕੌ ਆਏ।ਕੈ ਸ਼ਨਾਨ ਤੇ ਚਹਤਿਗਵਾਏ'॥੩੦॥ਸੁਨਿ ਤੂਸ਼ਨਿ ਹੁਇ ਕਰਤਿ ਨ ਬੈਨ। ਭਾਜਹਿਂ ਇਤ ਉਤ ਕਰਿ ਤਰੁ ਨੈਨ[2]।–ਆਛੀ ਭਨਹਿਂ–ਸਕਲ ਮਨ ਜਾਨੈ[3]। ਪਾਗ ਛਿਨਾਇ ਕਛੂ ਨ ਬਖਾਨੈਂ॥ ੩੧॥ ਇਮ ਲੇ ਲੇ ਜੋਧਾ ਬਲਵਾਨ। ਕਰਹਿਂ ਸੰਭਾਰਨਿ ਕਰਿ ਇਕ ਥਾਨ। ਤੀਨ ਦਿਵਸ ਲੌ ਬਿਚਰਤਿ ਐਸੇ। ਪਗੀਆ ਕਰਹਿਂ ਉਤਾਰਨਿ ਤੈਸੇ॥ ੩੨॥ ਸਭਿ ਨਰ ਜਹਿਂ ਕਹਿਂ ਮਿਲੈਂ ਅਲਾਵੈਂ।'ਤੀਰਥ ਅਦਬ ਗੁਰੂ ਰਖਵਾਵੈਂ।ਨਰ ਮੂਰਖ ਮਹਿਮਾਂ ਨਹਿਂ ਜਾਨਹਿਂ। ਅਘ ਨਹਿਂ ਹਰਹਿਂ ਉਲਟ ਗਨ ਠਾਨਹਿਂ[4]॥੩੩॥ ਧੰਨ ਧੰਨ' ਭਾਖਹਿਂ ਸਭਿ ਲੋਗ। 'ਸ਼੍ਰੀ ਗੋਬਿੰਦ ਸਿੰਘ ਠਾਨਹਿਂ ਜੋਗ[5]। ਆਛੋ ਕਰਨ ਹੇਤੁ ਉਪਦੇਸ਼। ਮਹਾਂ ਪੁਰਖ ਕੌ ਹੋਨਿ ਵਿਸ਼ੇਸ਼'॥੩੪॥ ਇੱਤਯਾਦਿਕ ਕਹਿ ਮਿਲਿ ਸਮੁਦਾਏ। ਪਾਗ ਛਿਨਾਇ ਸੁ ਪੁਨ ਪਛੁਤਾਏ। ਤੀਨ ਦਿਵਸ ਲਗਿ ਮੇਲ ਸਕੇਲੇ। ਕਰਿ ਪਗੀਅਨਿ ਕੋ ਕਾਜ ਸੁਹੇਲੇ॥੩੫॥ ਜਗ ਮਹਿਂ ਸੁਜਸੁ ਲੀਨਿ ਬਹੁਤੇਰੋ। ਦਰਸਹਿਂ ਪੂਜਹਿਂ ਭਾਵ ਘਨੇਰੋ। ਪਗੀਆ ਗਿਨੀ ਸਾਤ ਸੈ ਭਈ। ਧੋਵਨ ਹਿਤ ਧੁਬੀਆ ਕੌ ਦਈ॥ ੩੬॥ ਕਰਿਕੈ ਤਯਾਰ ਗੁਰੂ ਢਿਗ ਆਨੀ। ਮਲ ਬਿਨ ਰੁਚਿਰ ਸੁਪੈਦ ਮਹਾਨੀ। ਆਗਲ ਪਾਛਲ[6] ਕਰਿ ਇਕਠਾਈ। ਗਨ ਮਸੰਦ ਸਿਖ ਲਏ ਬੁਲਾਈ ॥ ੩੭॥ ਸਭਿ ਕੇ ਸੀਸ ਦਈ ਬੰਧਵਾਇ। ਇਸ ਪ੍ਰਕਾਰ ਦੇ ਕਰਿ ਸਿਰੁਪਾਇ। ਸੰਗਤਿ ਬ੍ਰਿੰਦ ਮਸੰਦ ਜਿ ਆਏ। ਕਰੇ ਬਿਦਾ ਸਭਿ ਸਦਨ ਸਿਧਾਏ॥੩੮॥ ਕੇਤਿਕ ਦਿਨ ਰਾਖਯੋ ਤਹਿਂ ਡੇਰਾ।ਕਈ ਬਾਰ ਚਢਿਗਏ ਅਖੇਰਾ।ਅਨਿਕ ਬਿਧਿਨਿ ਕੇ ਕਰੇ ਬਿਲਾਸਾ। ਜੁਗ ਤੀਰਥ[7] ਪਰ ਕੀਨਿਸਿ ਬਾਸਾ ॥ ੩੯॥ ਸੁਨਿ ਸੁਨਿ ਜਸੁ ਸੇਵਕ ਸਮੁਦਾਇ। ਧਰਿ ਧਰਿ ਭਾਵ ਦਰਸ ਕੋ ਆਏ। ਜਥਾ

[1]ਪਿਸ਼ਾਬ। [2]ਅੱਖਾਂ ਨੀਵੀਆਂ ਕਰਕੇ। [3]ਸਾਰੇ ਸਮਝਦੇ ਹਨ ਕਿ ਇਹ ਠੀਕ ਗਲ ਕਹਿ ਰਹੇ ਹਨ। [4]ਪਾਪਾਂ ਨੂੰ (ਤੀਰਥ ਤੇ ਆਕੇ) ਦੂਰ ਨਹੀਂ ਕਰਦੇ ਸਗੋਂ ਬਹੁਤੇ (ਪਾਪ) ਕਮਾਉਂਦੇ ਹਨ। [5]ਮੁਨਾਸਬ ਬਾਤ ਕਰ ਰਹੇ ਹਨ। [6]ਪਹਿਲੀਆਂ ਤੇ ਮਗਰਲੀਆਂ। [7]ਕਪਾਲ ਮੋਚਨ ਦੇ ਪਾਸ ਰਿਣ ਮੋਚਨ ਨਾਮੇ ਇਹ ਦੂਸਰਾ ਤਲਾਉ ਬੀ ਤੀਰਥ ਮੰਨਿਆ ਹੋਇਆ ਹੈ।

*ਇਸ ਦਾ ਮਤਲਬ ਗਾਲੀ ਤੋਂ ਨਹੀਂ ਪਰ ਦਬਕੇ ਦੇਣ ਤੋਂ ਹੈ, ਗਾਲ ਦਾ ਨਮੂਨਾ ਅੱਗੇ ਨਾਲ ਹੀ ਹੈ।

ਸ਼ਕਤਿ ਕੀ ਧਰਹਿਂ ਅਕੋਰ। ਕਦਮ ਪਦਮ ਬੰਦਹਿਂ ਕਰ ਜੋਰਿ॥੪੦॥ਧਰਹਿਂ
ਕਾਮਨਾ ਪਾਇ ਸਿਧਾਰਹਿਂ। ਅਨਿਕ ਪ੍ਰਕਾਰ ਸੁਜਸੁ ਬਿਸਥਾਰਹਿਂ। ਪੁਨ
ਸਤਿਗੁਰ ਕਰਿਕੈ ਇਸ਼ਨਾਨਾ। ਚਹਿਤਿ ਪਾਂਵਟੇ ਕਿਯਸਿ ਪਯਾਨ॥੪੧॥
ਗਰਜਤਿ ਬਹੁ ਰਣਜੀਤ ਨਗਾਰਾ। ਚਢੀ ਬਾਹਿਨੀ ਹੁਇ ਹੁਇ ਤਯਾਰਾ।
ਪੰਥ ਪਾਂਵਟੇ ਚਲਿ ਕਰਿ ਗਏ।ਇਕ ਨਿਸ ਮਗ ਬਸਿ ਪਹੁੰਚਤਿ ਭਏ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਕਪਾਲ ਮੋਚਨ' ਪ੍ਰਸੰਗ ਬਰਨਨੰ ਨਾਮ
ਚਤੁਰਥੋ ਅੰਸੂ ॥ ੪ ॥

੫. [ਰਾਜ ਕੌਰ ਦਾ ਹਾਲ]।

ਦੋਹਰਾ ॥ ਬਸੇ ਪਾਂਵਟੇ ਪੁਰਿ ਬਿਖੈ ਹਯ ਸੈਨਾ ਸਮੁਦਾਇ। ਮੰਗਲ ਅਨਿਕ
ਪ੍ਰਕਾਰ ਕੇ ਦਿਨ ਪ੍ਰਤਿ ਗਨ ਸੁਖਦਾਇ ॥੧॥ਚੌਪਈ ॥ਜਿਤ ਕਿਤ ਤੇ ਗਨ
ਸੰਗਤਿ ਆਵੈ। ਬਸਤ੍ਰ ਸ਼ਸਤ੍ਰ ਬਹੁ ਬਿਧਿ ਅਰਪਾਵੈ। ਬਹੁ ਮੋਲੇ ਹਯ
ਤੁਰਕੀ ਤਾਜ਼ੀ।ਚਪਲ ਬਲੀ ਆਨਹਿਂ ਬਰ ਬਾਜੀ[1]॥੨॥ਬਿਦਤ ਬਾਤ ਸਭਿ
ਜਗਤ ਮਝਾਰ।'ਸਤਿਗੁਰ ਚਾਹਤਿ ਹਯ ਹੱਥਯਾਰ'। ਸੁਨਿ ਸੁਨਿ ਸਿਖ ਬਹੁ
ਜਤਨ ਉਪਾਵੈਂ।ਜਿਤ ਕਿਤ ਦਰਬ ਦੇਤਿਹਯ ਲ੍ਯਾਵੈਂ॥੩॥ਬ੍ਰਿੰਦ ਬਲਾਇਤ
ਤੇ ਹੱਥਯਾਰ। ਖਰਚਹਿਂ ਧਨ ਕੋ ਰੁਚਿਰ ਨਿਹਾਰਿ। ਜਬਿ ਅਰਪਹਿਂ ਸਤਿ-
ਗੁਰ ਕੇ ਤੀਰ। ਖੁਸ਼ੀ ਦੇਤਿ ਸਿੱਖਨ ਗੰਭੀਰ ॥ ੪ ॥ ਸੈਫ਼, ਤੁਫੰਗ, ਤਿਖੀ
ਤਰਵਾਰੈਂ।ਬਿਛੂਏ ਬਾਂਕ ਦੁਧਾਰਨਿ ਧਾਰੈਂ[2]।ਕੌਨ ਕੌਨਕੇ ਗਿਨੀਅਹਿ ਨਾਮੂ।
ਆਨਹਿਂ ਸ਼ਸਤ੍ਰ ਮਹਿਦ ਅਭਿਰਾਮੂ ॥ ੫॥ਜਬਿ ਅਰਪਹਿਂ ਗੁਰ ਕਰ ਮਹਿਂ
ਧਾਰੈਂ। ਲੋਹਾ ਪਰਖਹਿਂ ਭਲੇ ਨਿਹਾਰੈਂ।ਕਰਹਿਂ ਸਰਾਹਨਿ ਅਨਿਕ ਪ੍ਰਕਾਰਾ।
ਦੇਂ ਸਿਖ ਕੌ ਪੁਨ ਖੁਸ਼ੀ ਅਪਾਰਾ ॥੬॥ਤਿਮ ਹੀ ਤਰਲ[3] ਤੁਰੰਗਮ ਹੇਰੈਂ।ਜੋ
ਆਨਹਿਂ ਦੇਂ ਖੁਸ਼ੀ ਬਡੇਰੈਂ।ਯਾਂਤੇ ਚਿਤ ਮਹਿਂ ਚੌਪ ਚਹੰਤੇ। ਜਿਤ ਕਿਤ ਤੇ
ਆਨਹਿਂ ਧਨਵੰਤੇ॥੭॥ਨਿਤਪ੍ਰਤਿ ਰਹਤਿ ਭੀਰ ਦਰਬਾਰ।ਕਾਂਖੀ ਦਰਸ਼ਨ
ਕਈ ਹਜ਼ਾਰ।ਬਰ ਕੋ ਪਾਇ ਕਾਮਨਾ ਪੂਰਹਿਂ। ਨਹਿਂ ਤ੍ਰਿਪਤਹਿਂ ਪਿਖਿ ਸ੍ਰੀ
ਮੁਖ ਰੂਰਹਿਂ॥ ੮ ॥ ਅਬਿ ਸ੍ਰੀ ਰਾਮਰਾਇ ਕੁਛ ਕਥਾ।ਸੁਨੀਯਹਿ
ਸ੍ਰੋਤਾ ਬਾਤੀ ਜਥਾ। ਕਰਯੋ ਅਰਾਧਨ ਕਿਹ ਸਿਖ ਭੀਰ[4]।ਅਧਿਕ ਦੂਰ ਕਿਤ
ਸਿਮਰਯੋ ਧੀਰ ॥੯॥ ਚਿਤ ਮਹਿਂ ਚਾਹਤਿ–ਕਰਨ ਸਹਾਈ–। ਦਾਸ ਜਾਨਿ
ਮਨ ਰਹਯੋ ਨ ਜਾਈ[5]। ਮਹਿਲਾ ਹੁਤੀ ਚਾਰ ਤਿਸ ਕੇਰੀ। ਰਾਜਕੁਵਰ

[1]ਸ੍ਰੇਸ਼ਟ ਘੋੜੇ। [2]ਟੇਢੇ ਤੇ ਦੋ ਧਾਰਾਂ ਵਾਲੇ ਬਿਛੂਏ [ਬਿਛੂਆ ਇਕ ਪ੍ਰਕਾਰ ਦੀ ਕਟਾਰ ਹੈ ਜੋ ਬਿੱਛੂ ਦੇ ਡੰਗ ਵਾਂਕੂ ਟੇਢਦਾਰ ਹੁੰਦੀ ਹੈ। ਬਾਂਕ=ਟੇਢਾ]। (ਅ) ਬਾਂਕ=ਇਕ ਖਮਦਾਰ ਸ਼ਸਤ੍ਰ ਬੀ ਹੈ। [3]ਚੰਚਲ। [4]ਭੀੜ ਪਈ ਤੇ। [5]ਰਾਮਰਾਇ ਜੀ ਕੋਲੋਂ।

ਸਭਿ ਬਿਖੈ ਬਡੇਰੀ ॥ ੧੦ ॥ ਸੋ ਲਰਿ ਪਰੀ ਕੰਤ ਕੇ ਸੰਗ। ਸੁਨਿ ਸ੍ਰੋਤਾ ਕੁਛ ਤਾਂਹਿ ਪ੍ਰਸੰਗ॥ ਰਿਸ ਉਰ ਧਾਰਿ ਬਿਚਾਰਤਿ ਸੋਈ।'ਮੇਰੋ ਰਹਨਿ ਨਹੀਂ ਅਬਿ ਹੋਈ ॥ ੧੧ ॥ ਬਨੌਂ ਇਕਾਂਕੀ ਹਰਿ ਗੁਨ ਗਾਵੌਂ। ਪ੍ਰਥਕ[1] ਤੁਮਹਿ ਤੇ ਬੈਸ ਬਿਤਾਵੌਂ'। ਸੁਨਿ ਕਰਿ ਰਾਮਰਾਇ ਤਬਿ ਕਹ੍ਯੋ। 'ਇਤ ਤੇ ਪਯਾਨ ਕਰਨਿ ਕੋ ਚਹ੍ਯੋ? ॥ ੧੨ ॥ ਜਹਿਂ ਸਿਖ ਸੰਗਤਿ ਹੋਇ ਹਮਾਰੇ। ਤਹਿਂ ਹੀ ਬੈਠੇ ਕਰਹਿਂ ਗੁਜ਼ਾਰੇ। ਅਪਰ ਕੌਨ ਸੋ ਥਲ ਚਲਿ ਜਾਵੈਂ। ਮਮ ਸਿੱਖਨ ਤੇ ਆਪ ਪੁਜਾਵੈਂ॥੧੩॥[2]ਔਰ ਕਹਾਂ ਸ਼ਕਤੀ ਕੋ ਧਾਰਹਿਂ।ਅਪਨੇ ਸਿੱਖ ਬਨਾਇ ਉਧਾਰਹਿਂ"। ਸੁਨਿ ਪਤਿ ਤੇ ਰਿਸ ਅਤਿ ਉਪਜਾਈ।ਮੁਖ ਤੇ ਮਹਿਦ ਕਠੋਰ ਅਲਾਈ ॥ ੧੪ ॥ 'ਗ੍ਰਾਮ ਨਗਰ ਜਹਿਂ ਤੁਵ ਸਿਖ ਹੋਇ। ਤਹਿਂ ਬਾਸਾ ਮੈਂ ਕਰੌਂ ਨ ਕੋਇ। ਜਿਸ ਥਲ ਨਹੀਂ ਨਾਮ ਸਿਖ ਦਾਸ। ਤਹਿਂ ਅਵਾਸ ਕਰਿ ਲੈਹੌਂ ਬਾਸ'॥੧੫॥ਇਮ ਪ੍ਰਨ ਕਰਿ ਕਸਵਾਯੋ ਡੇਰਾ। ਲੇ ਕਛੁ ਦਾਸ ਚਲੀ ਗਿਰ ਓਰਾ। ਤੀਰ ਤੀਰ ਸੈਲਨਿ ਕੇ ਜਾਤਿ। ਉਤਰਹਿ ਕਹੂੰ ਬਸਨ ਹਿਤ ਰਾਤਿ ॥ ੧੬ ॥ ਬਸਹਿਂ ਸਿੱਖ ਤਹਿਂ ਸੁਨਿ ਕਰਿ ਆਵੈਂ। ਜਥਾ ਸ਼ਕਤਿ ਕੁਛ ਭੇਟ ਚੜ੍ਹਾਵੈਂ। ਤਹਿਂ ਤੇ ਪਿਖਿ ਉਠਿਵਾਵਹਿ ਡੇਰਾ।ਨਹੀਂ ਲੇਤਿ ਕਿਸ ਪਾਸ ਅਕੋਰਾ॥੧੭॥ ਕਿਤ ਕਿਤ ਨਿਸਾ ਬਸਹਿ ਤਮ ਹੋਏ। ਖੋਜਤਿ ਥਲ ਜਹਿਂ ਸਿੱਖ ਨ ਕੋਏ। ਬਹੁਤੇ ਗ੍ਰਾਮ ਨਗਰ ਫਿਰਿ ਹੇਰੇ। ਇਮ ਚਲਿ ਆਈ ਦੂਰ ਬਡੇਰੇ ॥ ੧੮॥ ਮਿਲਿ ਸਿਖ ਜੂਥ[3] ਤੁਰਤ ਉਠਿ ਚਾਲਹਿ।ਤਿਮਰ ਪ੍ਰਬਿਰਤੇ ਡੇਰਾ ਘਾਲਹਿ। ਗਮਨਤਿ ਗਮਨਤਿ ਆਈ ਤਹਿਂਵਾ। ਮਨਸਾ ਦੇਵੀ ਮੰਦਿਰ ਜਹਿਂਵਾ॥੧੯॥ਮਨੂਮਾਜਰਾ[4]ਪੁਰਿ ਤਿਹ ਪਾਸ। ਉਤਰੀ ਤਹਾਂ ਜਾਇ ਤਿਹ ਬਾਸ। 'ਕੌਨ ਅਹੈ ਇਹ' ਬੂਝ੍ਯੋ ਆਨਿ। ਮਾਨਵ ਮਿਲੇ ਕਿਤਿਕ ਤਿਸ ਥਾਨ॥੨੦॥ ਕਹ੍ਯੋ ਕਹਾਰਨਿ ਬਚ ਤਿਸ ਬੇਰੀ। 'ਪਤਨੀ ਰਾਮਰਾਇ ਗੁਰ ਕੇਰੀ। ਬਸਿਓ ਚਾਹਿਤਿ ਤੁਮਰੇ ਪੁਰਿ ਮਹਿਂ।ਕਰਨਿ ਸਦਨ ਕੀ ਬਾਂਛਾ ਉਰ ਮਹਿਂ'॥੨੧॥ਸੁਨਿ ਕਰਿ ਨਰਨਿ ਅਨਾਦਰ ਕਰ੍ਯੋ।'ਕੌਨ ਗੁਰੂਹਮਭਾਉ ਨ ਧਰ੍ਯੋ। ਲੇ ਕਰਿ ਜਾਹੁ ਉਠਾਵਹੁ ਡੇਰਾ। ਹਮ ਨਹਿਂ ਮਾਨਹਿਂ, ਹ੍ਵੈ ਕਿਸ

---

[1]ਵੱਖਰੀ ਹੋਕੇ। [2]ਹੋਰ ਤੂੰ ਕੇਹੜੀ ਤਾਕਤ ਰਖਦੀ ਹੈਂ ਜੋ ਆਪਣੇ ਸਿਖ ਬਣਾਕੇ ਉਧਾਰ ਕਰੇਂਗੀ? [3](ਜਿੱਥੇ) ਸਿੱਖਾਂ ਦੀ ਭੀੜ ਮਿਲੇ (ਉਥੋਂ)। [4]ਮਨੀਮਾਜਰਾ ਜੋ ਅੰਬਾਲੇ ਦੇ ਜ਼ਿਲੇ ਵਿੱਚ ਹੈ। ਇਹ ਥਾਂ ਕੈਥਲ ਵਾਂਗੂ ਕਦੇ ਸਿਖ ਰਿਆਸਤ ਸੀ।

ਓਰਾ[1]॥੨੨॥ਸੁਨਿਕੈ ਰਾਜ ਕੁਵਰ ਹਰਖਾਨੀ।ਬਸਿਬੇ ਹੇਤੁ ਥਾਉਂ ਸੋ ਜਾਨੀ। –ਇਸ ਪੁਰਿ ਮੋਂ ਨਹਿਂ ਗੁਰ ਕੋ[2]ਸਿੱਖ।ਬੈਸ ਬਿਤਾਊਂ ਬੈਸਿ ਭਵਿੱਖ[3]–॥੨੩॥ ਜਤੌਂ ਕਲੌਂ ਕਰਿ ਸੋ ਨਰ ਸਮੁਝਾਏ।ਕਹਿ ਕਰਿ ਡੇਰਾ ਲੀਨਿ ਜਮਾਏ। ਸਨੇ ਸਨੇਂ ਤਹਿਂ ਸਦਨ ਬਨਾਇ। ਕੀਨਸਿ ਬਾਸ ਰਿਦੈ ਹਰਖਾਇ॥੨੪॥ ਬਸ-ਤਯੋ ਕੇਤਿਕ ਮਾਸ ਬਿਤਾਏ।ਗ੍ਰੀਖਮ ਤੇ ਬਰਖਾ ਰਿਤੁ ਆਏ।ਬਰਖਹਿ ਮੇਘ ਘਟਾ ਹੁਇ ਭਾਰੀ। ਪਰਹਿ ਬਿਸਾਲ ਧਰਾ ਪਰ ਬਾਰੀ[4] ॥ ੨੫ ॥ ਅਰਧ ਰਾਤ੍ਰਿ ਬਹੁ ਬਰਖਤਿ ਨੀਰ। ਗਯੋ ਛਾਤ ਕੋ ਟੂਟ ਛਤੀਰ। ਜਲ ਘਰ ਬਿਖੈ ਪਰਨਿ ਬਹੁ ਲਾਗੇ। ਠਾਨਹਿਂ ਜਤਨ ਦਾਸ ਤਿਸ ਜਾਗੇ ॥੨੬॥ ਰਾਜ ਕੌਰ ਲਖਿ ਬਿਘਨ ਬਡੇਰਾ।ਹੁਤੋ ਚੌਧਰੀ ਬਡ ਪੁਰਿਕੇਰਾ।ਕਹਿ ਕਰਿ ਤਹਾਂ ਪਠਾ-ਇਸਿ ਦਾਸ। 'ਜਾਹਿ ਤੁਰਤ ਭਨੀਅਹਿ ਤਿਸ ਪਾਸ॥ ੨੭॥ ਇਕ ਸ਼ਤੀਰ ਉਚਵਾਇ ਸੁ ਲਯਾਊ। ਨਰ ਗਨ ਸੰਗ ਤੁਰਤ ਅਬਿ ਆਊ। ਸਦਨ ਗਿਰ ਗਯੋ ਚਲੌ ਉਧਾਰਹੁ[5]। ਪੁਰਹੁ ਕਾਮਨਾ ਜਿਮ ਉਰ ਧਾਰਹੁ'॥੨੮॥ ਸੁਨਤਿ ਦਾਸ ਗਮਨਯੋ ਤਤਕਾਲਾ।ਜਾਇ ਜਗਾਯੋ ਸਦਨਉਤਾਲਾ।'ਘਰ ਮਾਤਾਕੋ[6] ਤੁਟਯੋ ਸ਼ਤੀਰ। ਤੋਹਿ ਹਕਾਰਯੋ ਚਲੀਅਹਿ ਤੀਰ'॥ ੨੯ ॥ ਅਪਰ ਬਾਰਤਾ ਸਕਲ ਸੁਨਾਈ। ਹੁਤੋ ਧਨੀ ਕੁਛ ਮਨ ਨਹਿਂ ਭਾਈ। [7]'ਬਰਖਾ ਅਧਿਕ ਤਿਮਰ ਘਨ ਛਾਯੋ।ਜਤਨ ਨ ਬਨੈ ਅਬੈ ਕਿਤ ਜਾਯੋ[8]'॥੩੦॥ਜਾਇ ਦਾਸ ਤਤਕਾਲ ਬਖਾਨੀ।ਰਾਜਕੁਅਰ ਪੁਨ ਸੁਨਿ ਕਹਿ ਬਾਨੀ। 'ਅਲਪ[9] ਚੌਧਰੀ ਦੂਸਰ ਜੋਈ। ਪਹੁੰਚਹੁ ਤੁਰਤ ਹਕਾਰਹੁ ਸੋਈ॥੩੧॥ਘਰ ਕੇ ਨਰ[10] ਅਰੁ ਲਯਾਇ ਸ਼ਤੀਰ[10]।ਤੂਰਨ ਆਇ, ਜਾਹੁ ਤਿਸ ਤੀਰ[11]'। ਧਾਇ ਦਾਸ ਤਿਸ ਕੇ ਘਰ ਗਯੋ। ਕਾਰਜ ਸਕਲ ਸੁਨਾਵਤਿ ਭਯੋ ॥ ੩੨ ॥ 'ਚਲਹੁ ਜਤਨ ਕਰਿ ਛਾਤ ਸੁਧਾਰਹੁ। ਪੁਰਵਹੁ ਅਭਿਲਾਖਾ ਜਿਮ ਧਾਰਹੁ'। ਸੁਨਤਿ ਜਾਟ ਚਿਤ ਬਿਖੈ ਬਿਚਾਰੈ।–ਮਮ ਕੁਲ ਰਾਜ ਕਰਹਿ ਦੁਖ ਟਾਰੈ–॥ ੩੩ ॥ ਲੇ ਸ਼ਤੀਰ ਘਰ ਕੇ ਨਰ ਜਾਲਾ। ਬਰਖਾ ਤਿਮਰ ਬਿਖੈ ਤਹਿਂ ਚਾਲਾ। ਜਾਇ ਤੁਰਤ ਕਰ ਬੰਦਿ ਸੁਨਾਯੋ। 'ਫੁਰਮਾਵਹੁ ਮੈਂ ਲੇ ਕਰਿ ਆਯੋ' ॥ ੩੪ ॥

---

[1]ਹੋਊ ਕਿਸੇ ਪਾਸੇ (ਰਾਮਰਾਇ ਗੁਰੂ)। (ਅ) ਕਿਸ ਪਾਸੇ ਹੈ ? [2]ਭਾਵ ਰਾਮਰਾਇ ਦਾ। [3]ਬੈਠਕੇ ਇਥੇ ਬਿਤਾਵਾਂਗੀ ਅਗਲੀ ਆਯੂ। [4]ਜਲ। [5]ਬਚਾਓ। [6]ਮਾਤਾ(ਰਾਜਕੌਰ) ਦੇ ਘਰ ਦਾ। [7](ਚੌਧਰੀ ਨੇ ਕਿਹਾ:–)। [8]ਐਸ ਵੇਲੇ ਕਿੱਥੇ (ਕੋਈ) ਜਾਵੇ। [9]ਛੋਟਾ। [10](ਚੌਧਰੀ) ਆਪਣੇ ਘਰ ਦੇ ਪੁਰਸ਼ ਤੇ ਸ਼ਤੀਰ ਲਿਆਵੇ। [11]ਤਿਸ ਦੇ ਪਾਸ ਜਾਓ।

ਰਾਜਕੁਵਰ ਤਿਹ ਸਾਥ ਉਚਾਰਾ । 'ਛਾਤ ਬਨਾਵਹੁ ਤਿਸੀ ਪ੍ਰਕਾਰਾ'। ਓਢਿ ਕਾਮਰੀ[1] ਲਗੇ ਬਨਾਵਨਿ। ਪੂਰਬ ਦੀਪਕ ਕਰੇ ਜਲਾਵਨਿ ॥ ੩੫ ॥ ਕਰੇ ਉਪਾਵ ਸ਼ਤੀਰ ਟਿਕਾਵਾ । ਊਪਰ ਗਨ ਕਾਸ਼ਟ ਤੇ ਛਾਵਾ । ਮ੍ਰਿਤਕਾ ਖਨਿ ਖਨਿ ਤਿਸ ਪਰ ਪਾਈ। ਹੋਤਿ ਪ੍ਰਾਤ ਲੌ ਭਲੀ ਬਨਾਈ ॥੩੬॥ ਰਾਜਕੁਵਰ ਪਿਖਿ ਹਰਖ ਉਪੰਨਾ । ਕਹ੍ਯੋ 'ਲੇਹੁ ਬਰ' ਹੋਇ ਪ੍ਰਸੰਨਾ । 'ਜੋ ਇਸ ਸਮੈਂ ਜਾਚਨਾ ਕਹੈਂ । ਨਿਹਸੰਸੈ ਮੁਝ ਤੇ ਸੋ ਲਹੈਂ'॥੩੭॥ਸੁਨਤਿ ਜਾਟ ਕਰ ਜੋਰਿ ਬਖਾਨਾ। 'ਰੱਯਤ ਹੋਨਿ ਮਹਾਂ ਦੁਖ ਜਾਨਾ। ਜੇ ਤੁਮਰੇ ਮਨ ਕਰੁਨਾ ਫੁਰ੍ਯੋ। ਦੀਜਹਿ ਰਾਜ ਮਹਿਦ ਸੁਖ ਭਰ੍ਯੋ॥ ੩੮॥ ਮਮ ਕੁਲ ਮਹਿਂ ਨਹਿਂ ਦਾਰਿਦ ਰਹੈ। ਅਬਿ ਤੇ ਐਸ਼੍ਵਰਜ ਘਰ ਮਹਿਂ ਲਹੈਂ[2]'।ਸੁਨੀ ਕਾਮਨਾ ਜਾਚਨ ਕੀਨਿ। ਰਾਜਕੁਅਰ ਸੋਈ ਬਰ ਦੀਨ॥੩੯॥'ਅਬਿ ਤੇ ਹੋਇ ਬੈਸ ਮਹਿਂ ਰਾਜਾ। ਸਨੇ ਸਨੇ ਸਭਿ ਵਧੈ ਸਮਾਜਾ । ਮੋਰ ਹਕਾਰਨੋ ਆਇ ਨ ਜੋਈ[3] । ਰੱਯਤ ਬਨਹਿ ਤੋਹਿ ਕੁਲ ਸੋਈ[4]' ॥੪੦॥ ਇਮ ਬਰ ਦੇ ਕਰਿ ਕਰ੍ਯੋ ਨਿਹਾਲਾ । ਵਧਨਿ ਲਗ੍ਯੋ ਐਸ਼੍ਵਰਜ ਬਿਸਾਲਾ । ਮਨੂ ਮਾਜਰੇ ਮੈਂ ਸੋ ਰਾਜੇ। ਅਬਿ ਲੌ ਲਖੀਅਤਿ ਅਧਿਕ ਸਮਾਜੇ*॥੪੧॥ਰਾਜਕੁਵਰ ਬਸਿ ਬੈਸ ਬਿਤਾਈ।ਤਹਿਂ ਤਨ ਤਜਿ ਸੁਰ ਲੋਕ ਸਿਧਾਈ । ਪੂਜਹਿਂ ਤਹਾਂ ਦੇਹੁਰਾ ਸੋਈ । ਅਬਿ ਲੌ ਅਹੈ ਪਿਖਹਿਂ ਸਭਿ ਕੋਈ॥੪੨॥ ਇਮ ਸ੍ਰੀ ਰਾਮਰਾਇ ਕੀ ਘਰਨੀ। ਹੁਤੀ ਬਡੀ ਤਿਸ ਕੀ ਕਥ[5] ਬਰਨੀ । ਅਪਰ ਤੀਨ ਮਹਿਲਾ ਤਿਸ ਕੇਰੀ । ਬਸਤਿ ਨਿਕਟ ਕਰਿ ਪ੍ਰੀਤਿ ਬਡੇਰੀ ॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ੍ਰੀ ਰਾਮ ਰਾਇ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥ ੫ ॥

੬. [ਰਾਮ ਰਾਇ ਜੀ ਦਾ ਅੰਤ]।

ਦੋਹਰਾ ॥ ਤੀਨੋ ਮਹਿ ਮੁਖਿ ਏਕ ਤ੍ਰਿਯ ਨਾਮ ਕੁਵਰ ਪੰਜਾਬ[6] । ਚਹਿਂ ਸਹਾਇਤਾ ਸਿੱਖ ਕੀ,ਨਿਕਟ ਬੁਲਾਇ ਸ਼ਿਤਾਬ[7] ॥੧॥ ਚੌਪਈ ॥ ਪਾਸ ਬਿਠਾਇ ਅਧਿਕ ਸਤਿਕਾਰੀ। ਰਾਮਰਾਇ ਤਿਹ ਸਾਥ ਉਚਾਰੀ । 'ਅੰਤਰ ਕੋਸ਼ਠ[8] ਕੇ ਤਨ ਮੇਰੋ । ਥਿਰ੍ਯੋ ਰਹੈ, ਕੋ ਇਸਹਿ ਨ ਹੇਰੋ[9] ॥੨॥ ਮੋ ਕਹੁ ਕਾਰਜ ਹੈ

[1]ਕੰਬਲ ਉਪਰ ਲੈਕੇ । [2]ਦੇਖਾਂ । [3]ਭਾਵ ਵੱਡਾ ਚੋਧਰੀ । [4]ਰਯਤ ਬਣੇਗਾ ਤੇਰੀ ਕੁਲ ਦੀ ਉਹ ਭਾਵ ਵੱਡਾ ਚੋਧਰੀ । [5]ਕਥਾ । [6]ਪੰਜਾਬ ਕੋਰ । [7](ਸ੍ਰੀ ਰਾਮਰਾਇ ਜੀ) ਸਿੱਖ ਦੀ ਸਹਾਇਤਾ ਕਰਨੀ ਚਾਹੁੰਦੇ ਹਨ ਇਸ. ਕਰਕੇ ਪਾਸ ਬੁਲਾਇਆ ਛੇਤੀ (ਪੰਜਾਬ ਕੁਇਰ) ਨੂੰ । [8]ਕੋਠੇ। [9]ਕੋਈ ਦੇਖੇ ਨਾ ਇਸ ਨੂੰ ।

*ਕਵੀ ਜੀ ਦੇ ਸਮੇਂ ਇਸ ਦੀ ਵੰਸ਼ ਦੇ ਸਿਖ ਰਾਜੇ ਰਾਜ ਕਰਦੇ ਸੀ । ਹੁਣ ਰਿਆਸਤ ਜ਼ਬਤ ਹੋ ਚੁਕੀ ਹੈ ।

ਅਤਿ ਭਾਰੀ। ਬਹੁਰ ਆਇ ਕਰਿ ਲੇਹੁ ਸੰਭਾਰੀ। ਕਿਸਹੂੰ ਨਿਕਟ ਨ ਆਵਨਿ ਦੀਜੈ। ਸਭਿਹਿਨਿ ਤੇ ਰੱਖਯਾ ਤਨ ਕੀਜੈ' ॥ ੩ ॥ ਇਮ ਪੰਜਾਬ ਕੁਇਰ ਸਮੁਝਾਈ।ਕੋਸ਼ਠ ਮਹਿਂ ਪ੍ਰਵਿਸ਼੍ਯੋ ਸਹਿਸਾਈ। ਕਰੇ ਕਿਵਾਰ ਅਸੰਜਤਿ[1] ਠਾਢੋ। ਅੰਤਰ ਸਾਂਕਰ ਦੇ ਕਰਿ ਗਾਢੋ[2]॥੪॥ਆਸਤਰਨ[3] ਪਰ ਤਤਛਿਨ ਪਰ੍ਯੋ। ਨਿਜ ਸ਼ਕਤੀ ਬਲ ਕੌ ਬਹੁ ਕਰ੍ਯੋ। ਤਨ ਕੌ ਤ੍ਯਾਗਿ ਗਯੋ ਜਹਿ ਜਾਨਾ। ਨਿਜ ਸਿਖ ਕੋ ਲਖਿ ਕਾਜ ਮਹਾਨਾ ॥੫॥ਜਬਿ ਇਕ ਜਾਮ ਬਿਤੀਤਨਿ ਕਰ੍ਯੋ। ਬੀਚ ਮਸੰਦਨ ਰੌਰਾ ਪਰ੍ਯੋ। 'ਨਹਿਂ ਨਿਕਸੇ ਗੁਰ ਵਹਿਰ ਹਮਾਰੇ। ਜਥਾ ਦੇਤਿ ਨਿਤ ਦਰਸ ਉਦਾਰੇ ॥੬ ॥ ਕਹਾਂ ਭਯੋ ਕੁਛ ਜਾਇ ਨ ਜਾਨਾ'। ਮਿਲਹਿਂ ਪਰਸਪਰ ਕਰਹਿਂ ਬਖਾਨਾ।ਚਿਤਵਤਿ ਘਟਿਕਾ ਚਤੁਰ ਬਿਤਾਈ। ਇਕ ਥਲ ਭੇ ਮਸੰਦ ਸਮੁਦਾਈ ॥ ੭ ॥ ਤਿਨ ਮਹਿਂ ਮੁੱਖਿ ਸੁ ਨਿਕਟਿ ਬੁਲਾਏ। ਕਹਿ ਪੰਜਾਬ ਕੁਵਰ ਸਮੁਝਾਏ। 'ਇਮ ਕਰਿ ਹੁਕਮ ਗਏ ਜਿਤ ਜਾਨੋ। ਨਹਿੰਨ ਬਿਲੋਕਹੁ ਚਿੰਤ ਨ ਠਾਨੋ ॥੮ ॥ਤੂਸ਼ਨ ਰਹਹੁ ਲਖਹੁ ਉਰ ਐਸੇ। ਕਾਰ ਕਰਹੁ ਨਿਜ ਪੂਰਬ ਜੈਸੇ'। ਸੁਨਯੋਂ ਸੁ ਮਾਨਯੋਂ ਸਭਿ ਜਿਮ ਕਹ੍ਯੋ। ਤਊ ਸਚਿੰਤ ਤਿਨਹਿ ਮਨ ਰਹ੍ਯੋ[4]*॥੯॥ਬਚ ਪੰਜਾਬ ਕੁਵਰ ਜੋ ਭਾਖਾ। ਦ੍ਰਿੜ੍ਹ ਨਿਸ਼ਚਾ ਨਹਿਂ ਤਿਸ ਪਰ ਰਾਖਾ। ਦਿਵਸ ਬਿਤ੍ਯੋ ਸੋ ਨਿਸਾ ਬਿਤਾਈ। ਮਿਲੇ ਮਸੰਦ ਪ੍ਰਾਤਿ ਸਮੁਦਾਈ ॥ ੧੦ ॥ ਕਹੈਂ ਸੁ 'ਹਮ ਗੁਰ ਤਨ ਤਜਿ ਗਯੋ।ਸੋ ਅਬਿ ਲੌ ਨਿਕਸਤਿ ਨਹਿਂ ਭਯੋ।ਜੋ ਸਹਾਇਤਾ ਕੌ ਕਿਤ ਜਾਤੇ।ਤੌ ਉਠਿ ਦਰਸ਼ਨ ਦੇਤਿ ਪ੍ਰਭਾਤੇ॥੧੧॥ ਕਹਾਂ ਪੰਜਾਬ ਕੁਵਰ ਲਖਿ ਭੇਵ। ਅਚਰਜ ਚਰਿਤ ਕਰਹਿਂ ਗੁਰਦੇਵ। ਤ੍ਰਿਯ ਕੇ ਤਨ ਮਹਿਂ ਹ੍ਵੈ ਨ ਮਹਾਨੀ[5]। ਇਸ ਕੀ ਕਹੀ ਕਹਾਂ ਸਚ ਜਾਨੀ ॥ ੧੨॥ ਅਪਨਿ ਭੇਵ ਪਰਲੋਕ ਸਿਧਾਰਨ। ਨਿਕਟਿ ਨ ਕਿਸ ਕੇ ਕੀਨਿ ਉਚਾਰਨ। ਧੀਰਜ ਦੇਨ ਹੇਤੁ ਇਸ ਮਨ ਕੋਂ। ਧਰਹਿ ਸ਼ੋਕ ਨਹਿਂ ਕਰਹਿ ਰੁਦਨ ਕੌ॥੧੩॥ ਯਾਂ ਤੇ ਕਛੁ ਫਰੇਬ ਸੰਗ ਬਾਨੀ। ਕਹੀ ਹੋਇਗੀ, ਨਹਿਂ ਇਸ ਜਾਨੀ। ਕਰਹੁ ਜਤਨ ਜਿਮ ਖੁਲਹਿਂ ਕਿਵਾਰ।ਸਭਿ ਮਿਲਿ ਕਰੋਂ ਨਹਿਂ ਲੇਤਿ ਨਿਹਾਰ'॥੧੪॥

---

[1]ਬੰਦ। [2]ਸੰਗਲੀ ਮਾਰਕੇ ਚੰਗੀ ਤਰ੍ਹਾਂ। [3]ਵਿਛੌਣੇ ਉਪਰ। [4]ਤਿਨ੍ਹਾਂ ਦਾ ਮਨ ਚਿੰਤਾਤੁਰ ਰਿਹਾ। [5]ਇਸਤ੍ਰੀ ਸ਼ਰੀਰ ਵਿੱਚ ਵਿਸ਼ਾਲਤਾ ਨਹੀਂ ਹੁੰਦੀ ਮੁਰਾਦ ਹੈ ਕਿ ਇਸਤ੍ਰੀਆਂ ਮੁਆਮਲਾ ਫਹਿਮ ਨਹੀਂ ਹੁੰਦੀਆਂ। (ਅ) ਇਸਤ੍ਰੀ ਸਰੀਰ ਵਿੱਚ ਬਹੁਤੀ (ਬੁੱਧੀ) ਨਹੀਂ ਹੁੰਦੀ।

*ਪਾ:—ਤਨਹਿ ਮਨ ਰਹਯੋ।

ਗਰਬਤਿ ਧਨੀ ਮਸੰਦ ਬਿਲੰਦ। ਧਰਹਿਂ ਨ ਤ੍ਰਾਸ ਮਹਾਂ ਮਤਿ ਮੰਦ।ਜਬਹਿ ਜਤਨ ਕਛੁ ਲਾਗਹਿਂ ਕਰਨੇ। ਤੋਰ ਕਿਵਾਰਨ ਚਹਤਿ ਉਘਰਿਨੇ[1] ॥੧੫॥ ਸੁਨਿ ਪੰਜਾਬ ਕੁਵਰ ਤਬਿ ਦਾਸੀ। ਭੇਜੀ ਤੂਰਨ ਤਿਨ ਕੇ ਪਾਸੀ। ਕਰੇ ਹਟਾਵਨਿ 'ਤੁਮ ਕਸਾ ਕਰੋ। ਗੁਰੂ ਹੁਕਮ ਕੋ ਤ੍ਰਾਸ ਨ ਧਰੋ ॥੧੬॥ਮੁਝ ਸੋਂ ਕਹਿ ਕਰਿ ਆਪ ਸਿਧਾਰੇ।ਬਰਜੇ ਕਰੋਂ ਨਹਿਂ ਰਹਿਤਿ ਹਮਾਰੇ। ਪੁਨ ਆਵੈਂ ਨਿਜ ਦੇਹਿ ਸੰਭਾਰਹਿਂ। ਬੈਠਿ ਸਭਾ ਮਹਿਂ ਦਰਸ ਦਿਖਾਰਹਿਂ'॥੧੭॥ ਸੁਨਿ ਮਸੰਦ ਪੁਨ ਗਮਨੇ ਪਾਸ। 'ਗੁਰ ਬਚ ਮਹਿਂ ਕਿਮ ਧਾਰਤਿ ਆਸ। ਰੁਦਨ ਸ਼ੋਕ ਨਹਿਂ ਉਪਜੈ ਤੋਹੀ।ਹਿਤ ਧੀਰਜ ਕੇ ਭਾਖਤੇ ਹੋਹੀ ॥੧੮॥ ਕਰੋਂ ਗਤਿ ਕਰਨਿ ਦੇਤਿ ਨਹਿਂ ਆਛੇ। ਅਜਹੁ ਜੀਵਬੋ ਪਤਿ ਕੋ ਬਾਂਛੇ। ਆਠ ਪਹਿਰ ਬੀਤੇ ਤਨ ਤਜਾਗੇ। ਅਬਿ ਦੁਰਗੰਧਤਿ ਹੋਵਨਿ ਲਾਗੇ॥੧੯॥ਕਰੋਂ ਸਸਕਾਰ ਨ ਦੇਤਿ ਸਰੀਰ। ਕਹਾਂ ਕਹੇ ਪਰ ਬਾਂਧਤਿ ਧੀਰ[2]। ਜਿਮ ਭਾਖੀ ਸੋ ਭੇਵ ਨ ਜਾਨਹਿਂ। ਨਾਹਕ ਬੈਠੀ ਹਠ ਕੋ ਠਾਨਹਿਂ'॥੨੦॥ਸੁਨਿ ਪੰਜਾਬ ਕੁਵਰ ਪੁਨ ਕਹੀ।'ਤਨ ਤਜਿਬੇ ਗਤਿ ਕੁਛ ਨਹਿਂ ਲਹੀ।ਜੁਤਿ ਉਤਸਾਹ ਧੀਰਕੇ ਸਾਥ। ਆਛੀ ਰੀਤਿ ਕਹਜੋ ਬਚ ਨਾਥ ॥ ੨੧ ॥ –ਨਹਿਂ ਕਿਵਾਰ ਕਿਮ ਖੋਲਨਿ ਕਰੀਅਹਿ–। ਗੁਰ ਦਿਸ਼ ਤੇ ਡਰ ਉਰ ਮਹਿਂ ਧਰੀਅਹਿ। ਨਾਂਹਿ ਤ ਸ੍ਰਾਪ ਦੇਹਿੰਗੇ ਭਾਰੇ।ਲਖਹਿਂ ਅਵੱਗਜਾ ਜਰਹਿਂ[3] ਉਖਾਰੇ'॥੨੨॥ਨੀਠ ਨੀਠ ਇਮ ਬਰਜਿ ਹਟਾਏ।ਚਾਹਤਿ ਚਿਤ ਅਬਿ ਦੇਹਿਂ ਜਰਾਏ।ਰੌਰਾ ਕਰਤਿ ਰਹੇ ਦਿਨ ਸਾਰੇ। ਪਰੀ ਜਾਮਨੀ ਤਿਮਰ ਪਸਾਰੇ ॥੨੩ ॥ ਮਿਲਿ ਮਸੰਦ ਤਬਿ ਮਤਾ ਪਕਾਏ। 'ਅਬਿ ਨਹਿਂ ਮਿਟਹੁ ਜਿ ਕਿਮਹੁ ਹਟਾਏ। ਹੋਤਿ ਪ੍ਰਾਤਿ ਕੇ ਦਿਹੁ ਸਸਕਾਰ।ਕੀਜਹਿ ਜਥਾ ਜੋਗ ਸਭਿ ਕਾਰ'॥੨੪॥ਕਰਿ ਮਸਲਤ ਇਮਨਿਸ ਮਹਿਂ ਸੋਏ। ਉਠੇ ਪ੍ਰਾਤਿ ਅਰਨੋਦੈ ਹੋਏ। ਤਤਛਿਨ ਤੋਰਿ ਕਿਵਾਰ ਉਘਾਰੇ। ਸਿਹਜਾ ਊਪਰ ਪਰੇ ਨਿਹਾਰੇ॥੨੫॥ ਕਹਿ ਪੰਜਾਬ ਕੁਵਰ ਬਹੁ ਰਹੀ।ਗਰ-ਬਤਿ ਮੂਢਨ ਮਾਨੀ ਨਹੀਂ। ਮਿਲਿ ਸਭਿਹਿਨਿ ਤਨ ਲੀਨਿ ਉਚਾਈ। ਸਸਕਾਰਨਿ ਤਯਾਰੀ ਕਰਿਵਾਈ॥੨੬॥ਆਦਿ ਪੰਜਾਬ ਕੁਇਰ ਰੁਦਨਾਵੈ। ਦੇਖਿ ਦੇਖਿ ਬਡ ਸ਼ੋਕ ਬਧਾਵੈ। ਦਿਨਕਰ ਚਢਨੇ ਬਿਮਾਨ ਬਨਾਯੋ। ਅਧਿਕ ਦਰਬ ਤਿਹ ਊਪਰ ਲਾਯੋ॥੨੭॥ਦਾਸ ਮਸੰਦ ਸਿੱਖ ਸਮੁਦਾਏ।ਸੁਨਿ

---

[1]ਖੋਲ੍ਹਣੇ। [2]ਸ਼੍ਰੀ ਰਾਮਰਾਇ ਜੀ ਦੇ ਕਹੇ ਪਰ ਕਿਉਂ ਧੀਰਜ ਬੰਨ੍ਹ ਰਹੀ ਹੈਂ। [3]ਜੜ੍ਹਾਂ।

ਸੁਨਿ ਜਿਤ ਕਿਤ ਤੇ ਸਭਿ ਆਏ। ਫੂਲਨ ਮਾਲਾ ਚੰਦਨ ਆਨਯੋਂ।ਸ਼ਬਦ
ਕੀਰਤਨ ਮਿਲਤਿ ਬਖਾਨਯੋਂ ॥੨੮॥ ਕੇਤਿਕ ਰੋਦਤਿ ਸ਼ੋਕ ਵਧਾਵਹਿਂ।
ਗਨ ਧਨਵਾਨ ਮਸੰਦ ਅਲਾਵਹਿਂ। 'ਪਿਖਹੁ ਪੰਜਾਬ ਕੁਇਰ ਕਯਾ ਕੀਨਿ।
ਗੁਰ ਕੋ ਭੇਦ ਸਕੀ ਨਹਿਂ ਚੀਨ ॥੨੯॥ ਖੋੜਸ਼ ਜਾਮ ਰਹਯੋ ਤਨ ਖਾਲੀ।
ਸਸਕਾਰਨਿ ਕੀ ਕੀਨਿ ਨ ਚਾਲੀ। ਅਬਿ ਭੀ ਤਿਸਕੋ ਕਹਯੋ ਮਿਟਾਯੋ।
ਅੰਤਰ ਹੇਰਿ ਵਹਿਰ ਨਿਕਸਾਯੋ॥੩੦॥ਬਿਨਾ ਸ੍ਵਾਸਤੇ ਪਰਯੋ ਸਰੀਰ।ਹਮ ਨੇ
ਜਾਨ ਲੀਨਿ ਬਿਨ ਤੀਰ[1]'।ਕਹਹਿਂ ਪਰਸਪਰ ਤ੍ਯਾਰੀ ਠਾਨਹਿਂ। ਚੰਦਨ
ਕਾਸ਼ਟ ਸੰਚਹਿਂ, ਆਨਹਿਂ ॥ ੩੧॥ ਪੁਨ ਮਸੰਦ ਮਿਲਿਕੇ ਸਮੁਦਾਇ।ਹਿਤ
ਸ਼ਨਾਨ ਕੇ ਜਲ ਸੁਚ ਲ੍ਯਾਇ। ਹੁਤੇ ਮੁੱਖਿ ਤਨ ਤਿਨਹੁਂ ਉਠਾਯੋ।ਜੀਵਤਿ
ਮਨਹੁਂ ਸਭਿਨਿ ਦਰਸਾਯੋ ॥੩੨॥ ਪੁਨ ਪੰਜਾਬ ਕੁਇਰ ਬਚ ਭਾਖਾ। 'ਬੁਰਾ
ਕੀਯੋ ਤੁਮ ਤਨ ਨਹਿਂ ਰਾਖਾ। ਦੁਤਿ ਜੀਵਤਿ ਸਮ ਦੇਖੀ ਪਰੈ।ਇਮ ਨਹਿਂ
ਰਹੈ ਜਿ ਪ੍ਰਾਨੀ ਮਰੈ'॥੩੩॥ਚਿਤ ਮਹਿਂ ਲਗੀ ਅਰਾਧਨਿ ਪਤਿਕੋ।–ਕਹਾਂ
ਕੀਨਿ ਤੁਮ ਪਾਛਲ ਗਤਿਕੋ।ਅਬਿ ਭੀ ਪਹੁੰਚਹੁ ਦੇਹਸੰਭਾਰੋ।ਖੋਟ ਮਸੰਦਨ
ਕੋ ਨਿਰਧਾਰੋ ॥੩੪॥ ਮੇਰੋ ਕਹਯੋ ਨ ਮੂਰਖ ਮਾਨਹਿਂ। ਨਹਿਂ ਪ੍ਰਤਾਪ ਕੁਛ
ਰਾਵਰਿ ਜਾਨਹਿਂ–।ਲੋਚਨ ਮੂੰਦਿ ਧ੍ਯਾਨ ਜਬਿ ਠਾਨਾ।ਲਗੇ ਕਰਾਵਨ ਤਨ
ਇਸ਼ਨਾਨ॥੩੫॥ਜਲ ਘਟ ਕੋ ਜਲ ਊਪਰ ਡਾਰਾ।ਅਰੁਸਾਧ੍ਵੀ[2]ਕਰਿ ਧ੍ਯਾਨ
ਹਕਾਰਾ। ਜਹਿਂ ਥਿਰ ਹੁਤੇ ਸਰਬਗਤਿ ਜਾਨੀ। ਕੀਨਿ ਆਗਵਨ ਤੂਰਨ
ਠਾਨੀ॥੩੬॥ਗਗਨਪੰਥ[3]ਮਹਿਂ ਤਤਛਿਨਆਇ।ਦੇਖੇ–ਮਿਲੇਲੋਕ ਸਮੁਦਾਇ।
ਤਨ ਨਿਕਾਸ ਕਰਿਵਾਇ ਸ਼ਨਾਨਾ। ਸਸਕਾਰਨ ਹਿਤ ਸਭਿ ਕੁਛੁ ਠਾਨਾ
॥ ੩੭॥ ਮਹਾਂ ਬਿਘਨ ਕੀਨਸਿ ਮਤਿਮੰਦਨਿ। ਨਿਜ ਬਲ ਤੇ ਮਮ ਪ੍ਰਾਨ
ਨਿਕੰਦਨ।ਅਬਿ ਜੀਵਨ ਕੀ ਬਾਤ ਨ ਆਛੇ। ਦੇਖਯੋ ਤਨ ਸਭਿਹਿਨਿ ਮੁਝ
ਪਾਛੇ–॥ ੩੮॥ ਪੁਨ ਪੰਜਾਬਕੁਵਰ ਦਿਸ਼ਿ ਹੇਰਾ। ਥਿਰੀ ਧ੍ਯਾਨ ਉਰ ਸ਼ੋਕ
ਬਡੇਰਾ।ਮਹਾਂ ਕ੍ਰੋਧ ਤੇ ਸ਼ਬਦ ਸੁਨਾਯੋ।'ਮਿਲਿ ਮੂਢਨਿ ਬਡ ਬਿਘਨ ਉਠਾਯੋ
॥੩੯॥ਪਰਿਹੋ ਘੋਰ ਆਪਦਾ ਮਾਂਹੀ।ਵਧਹਿ ਬਿਖਾਦ ਮਿਟਹਿ ਕਿਮ ਨਾਂਹੀ।
ਮਹਾਂ ਪਾਤਕੀ ਤੁਮ ਅਬਿ ਹੋਇ। ਗੁਰ ਕੇ ਪ੍ਰਾਨ ਘਾਤਿ ਕਰਿ ਜੋਇ॥ ੪੦॥
ਮ੍ਰਿੱਤੁਮਸੰਦਨ ਕੀ ਨਿਯਰਾਈ।ਜਿਸ ਤੇ ਕੀਨ ਕੁਕਰਮਬਨਾਈ'।ਬੋਲਤਿ
ਸੁਨਯੋ ਸ਼ਬਦ ਤਹਿਂ ਮਾਨਵ। ਤਊ ਨ ਤ੍ਰਾਸ ਰਿਦੈ ਕੁਛ ਠਾਨਵ॥ ੪੧॥

---

[1]ਕੋਲ ਹੋਏ ਤੋਂ ਬਿਨਾਂ। [2]ਇਸਤ੍ਰੀ ਨੇ। [3]ਆਕਾਸ਼ ਮਾਰਗ।

ਪੁਨ ਪੰਜਾਬ ਕੁਵਰ ਸੋਂ ਭਾਖਾ । 'ਮਮ ਪਲਟੇ ਕੀ ਰਖਿ ਅਭਿਲਾਖਾ । ਤੁਮ ਦੇਖਤਿ ਇਹ ਅਪਦਾ ਪਾਵੈਂ।ਫਲ ਕੋ ਭੋਗੈਂ ਪ੍ਰਾਨ ਗਵਾਵੈਂ॥੪੨॥ ਅਬਿ ਤੌ ਬੀਤ ਗਈ ਸਭਿ ਬਾਤੀ । ਗੁਰਮਤਿ ਚਿਤ ਧਰਿ ਠਾਨਹੁ ਸ਼ਾਂਤੀ । ਉੱਦਮ ਕਰਿ, ਪਲਟੇ ਕੋ ਪੈਹੈਂ । ਨਾਂਹਿਤ ਇਹ ਤੁਝ ਬਹੁ ਦੁਖ ਦੈਹੈਂ॥ ੪੩ ॥ ਤੇਜ ਪ੍ਰਤਾਪ ਸਮੇਤ ਉਦਾਰਾ । ਤੋਹਿ ਸਮੀਪ ਬਸਹਿ ਗੁਰ ਭ੍ਰਾਰਾ। ਤਿਨ ਸੋਂ ਕਹਿ ਆਪਨ ਬਿਰਤੰਤਾ । ਸਭਿ ਮਸੰਦ ਕੌ ਕੀਜਹਿ ਅੰਤਾ'॥੪੪॥ ਇਮ ਪੰਜਾਬ ਕੁਇਰ ਸਮੁਝਾਈ । ਬਹੁਰ ਨ ਗਿਰਾ ਗਗਨ ਤੇ ਆਈ । ਸੁਰ ਪੁਰਿ ਪਹੁੰਚੇ ਕੀਨਸਿ ਬਾਸਾ । ਇਸ ਪ੍ਰਕਾਰ ਭਾ ਅਜਬ ਤਮਾਸ਼ਾ॥੪੫॥ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥ ੬ ॥

੭. [ਪੰਜਾਬ ਕੌਰ ਦੀ ਸਤਿਗੁਰਾਂ ਨੂੰ ਚਿੱਠੀ]।

ਦੋਹਰਾ॥ਸੰਸਕਾਰ* ਸਮਿੱਗ੍ਰੀ ਸਹਿਤ ਤਨ ਲੀਯੋ ਵਹਿਰ ਨਿਕਾਸ।ਜਲ ਤੇ ਦਯੋ ਸ਼ਨਾਨ ਕਰਿ ਪਿਖਿ ਗੁਰ ਪੁੱਤ੍ਰ ਉਦਾਸ॥੧॥ਚੌਪਈ॥ ਤਨ ਮਹਿੰ ਨਹਿੰ ਪ੍ਰਵੇਸ਼ ਪੁਨ ਕੀਨੋ । ਹੁਇ ਨਿਰਾਸ ਸੁਰਿ ਪੁਰਿ ਮਗ ਲੀਨੋ । ਭ੍ਰਾਤ ਗੁਰੂ ਕੋ ਸ੍ਰਾਪ ਚਿਤਾਰਾ । ਨਹਿੰ ਜੀਵਨ ਮਹਿੰ ਨਿਜ ਮਨ ਧਾਰਾ॥੨॥ਗਗਨ ਗਿਰਾ[1] ਕਿਨ ਕਿਨ ਸੁਨਿ ਲੀਨੀ । ਗਰਬਤਿ ਮਹਿਦ ਮਸੰਦ ਨ ਚੀਨੀ[2] । ਇਕ ਪੰਜਾਬ ਕੁਇਰ ਉਰ ਧਾਰੀ।ਦੁਖਤਿ ਬਾਪੁਰੀ[3]ਭਈ ਲਚਾਰੀ॥੩॥ਨਹਿਂ ਕੁਛ ਜਤਨ ਬਨੇ ਤਿਸ ਪਾਸਾ।ਰੋਦਤਿ ਅਧਿਕ ਲੇਤਿ ਬਡ ਸ੍ਵਾਸਾ।ਜੁਗਸੌਤਨ[4] ਜੁਤਿ ਬਿਲਪਹਿੰ ਦਾਸੀ । ਸਭਿ ਕੋ ਆਨਿ ਪਰਜੋ ਦੁਖ ਰਾਸੀ ॥ ੪ ॥ ਬ੍ਰਿੰਦ ਮਸੰਦਨ ਕਰਿ ਸਭਿ ਤਯਾਰੀ । ਦੇਹਿ ਚਿਖਾ ਪਰਿ ਧਰਿ ਕਰਿ ਜਾਰੀ।ਮੱਜਨ ਕਰਿ ਬੈਠੇ ਸਮੁਦਾਇ।ਪੁਨ ਉਠਿ ਉਠਿ ਨਿਜ ਸਦਨ ਸਿਧਾਇ॥ ੫ ॥ ਦਰਬ ਆਦਿ ਵਸਤੁਨਿ ਸੰਭਾਰੇ।ਲਗੇ ਦੁਰਾਵਨਿ ਜਿਸ ਅਨੁਸਾਰੇ।ਸੁਰ ਪੁਰਿ ਰਾਮ-ਰਾਇ ਚਲਿ ਗਏ । ਅਪਰਨ ਤੇ ਨਹਿੰ ਤ੍ਰਾਸਤਿ ਭਏ॥੬॥ ਜਹਿੰ ਜਹਿੰ ਛੋਰੇ ਹੁਤੇ ਮਸੰਦ । ਸਿਖ ਸੰਗਤਿ ਤੇ ਲੇ ਧਨ ਬ੍ਰਿੰਦ । ਹੁਤੇ ਪ੍ਰਥਮ ਹੀ ਤ੍ਰਾਸ ਨ ਮਾਨਤਿ।–ਹਮਰੇ ਕਰਜੋ ਗੁਰੂ–ਯਹ ਜਾਨਤਿ†॥੭॥ ਗਰਬਤਿ ਰਿਦੈ ਸੁਨੀ ਪੁਨ ਐਸੇ[5]।ਅਬਿ ਹਮ ਕੋ ਡਰ ਰਹਯੋਨ ਕੈਸੇ†।ਜਹਿ ਕਹਿੰ ਤੇ ਗਨ ਦਰਬ

[1]ਆਕਾਸ਼ ਬਾਣੀ । [2]ਬਹੁਤੇ ਹੰਕਾਰੀ ਮਸੰਦਾਂ ਨੇ ਨਾ ਪਛਾਣੀ।[3]ਵਿਚਾਰੀ । [4]ਦੋ ਸੌਂਕਣਾਂ । [5]ਫਿਰ ਇਸ ਤਰ੍ਹਾਂ ਸੁਣਕੇ (ਕਿ ਸ਼੍ਰੀ ਰਾਮਰਾਇ ਜੀ ਗੁਜ਼ਰ ਗਏ ਹਨ ਰਿਦੇ ਵਿੱਚ (ਮਸੰਦ) ਹੰਕਾਰ ਕਰਨ ਲੱਗੇ ।

*ਇਸ ਪਦ ਵਿਚ ਦੋ ਮਾਤ੍ਰਾਂ ਵਧ ਹਨ।

†ਇਸ ਤੋਂ ਸਪਸ਼ਟ ਹੈ ਕਿ ਮਸੰਦਾਂ ਨੇ ਜਾਣਕੇ ਰਾਮਰਾਇ ਜੀਨੂੰ ਸਾੜਿਆ ਸੀ ਕਿਅਸੀਂ ਮਾਲਕ ਬਣ ਜਾਈਏ ਥਾਓਂ ਥਾਈਂ।

ਸੰਭਾਰ।ਮਿਲਿ ਆਪਸਮਹਿਂ ਰੌਰਨੌ[1] ਸਾਰ॥੮॥ਕਹੇਪੰਜਾਬ ਕੁਵਰਬਹੁਤੇਰੇ। ਹਟਹਿਂ ਨ ਮਾਨਹਿਂ ਦੁਸ਼ਟ ਬਡੇਰੇ। ਕੁਛ ਬਸ ਚਲੇ ਨ, ਭਈ ਲਚਾਰੀ। ਨਹਿਂ ਮਾਨਹਿਂ ਬਿਨ ਦੰਡ ਕੁਚਾਰੀ ॥ ੯ ॥ ਗੁਰ ਕੇ ਤਰਫ ਲਿਖੀ ਤਬਿ ਅਰਜ਼ੀ। 'ਘਰ ਰਾਵਰਿ ਕੋ, ਹਮ ਇਹ ਅਰਜ਼ੀ[2]। ਹੁਤੇ ਭਤੀਜਾ, ਆਪ ਬਡੇਰੇ[3]। ਤੁਮ ਮਾਲਿਕ ਸਾਂਭਹੁ ਇਸ ਬੇਰੇ॥੧੦॥ ਦੁਸ਼ਟ ਮਸੰਦਨ ਕੀਨਿ ਬਿਗਾਰਾ। ਤਨਕ ਨ ਤ੍ਰਾਸ ਕਿਸਹੁਂ ਤੇ ਧਾਰਾ। ਅਬਿ ਨਚਿੰਤ ਧਰਿ ਗਰਬ ਬਿਸਾਲੇ।ਜਿਤ ਕਿਤ ਦਰਬ ਦੁਰਾਇ ਸੰਭਾਲੇਂ॥੧੧॥ਮੁਝ ਕੋ ਭਨੈਂ–ਤ੍ਰਿਯਾ ਤਨ ਤੋਰੋ। ਲਖਹਿਂ ਕਹਾਂ ਅਸ ਭਾਵ* ਬਡੇਰੋ[4]–। ਕ੍ਰਿਪਾ ਧਾਰਿ ਆਵਹੁ ਜੇ ਆਪ। ਦਿਹੁ ਫਲ ਇਨਹੁਂ ਕਿਯੋ ਜਿਮ ਪਾਪ॥੧੨॥ਦੰਡ ਉਚਿਤ ਜੋ ਦੰਡ ਨ ਪਾਯੋ। ਉਲਟੇ ਮਿਲਿ ਸਭਿ ਗਰਬ ਬਢਾਯੋ। ਮਨ ਭਾਵਤਿ ਕ੍ਰਿਤ ਕੋ ਸਭਿ ਕਰੈਂ।ਵਸਤੁ ਦੁਰਾਵੈਂ ਲੈ ਲੈ ਧਰੈਂ॥੧੩॥ਅਬਿ ਤੁਮ ਬਿਨ ਨਹਿਂ ਕੋਇ ਹਮਾਰਾ। ਦੁਖ ਸਮੁੰਦ੍ਰ ਤੇ ਕਰਹੁ ਉਧਾਰਾ'। ਹੁਤੋ ਜੁ ਬਹਿਲੋ ਕੋ ਗੁਰ-ਦਾਸਿ। ਮਿਲਿ ਪੰਜਾਬ ਕੁਵਰ ਕੇ ਪਾਸ ॥੧੪॥ ਸਕਲ ਮਸੰਦਨ ਤੇ ਛਪਿ ਕਰਿਕੈ। ਇਹ ਪੱਤ੍ਰੀ ਸਭਿ ਲਿਖੀ ਬਿਚਰਿਕੈ। ਸਭਿਹਿਨਿ ਤੇ ਦੁਰਾਇ ਪਹੁੰਚਾਈ। ਕਲਗ਼ੀਧਰ ਸਮੀਪ ਤਬਿ ਆਈ ॥੧੫ ॥ ਨੰਦ ਚੰਦ ਲੇ ਕਰਿ ਢਿਗ ਗਯੋ। ਸਰਬ ਪ੍ਰਸੰਗ ਸੁਨਾਵਤਿ ਭਯੋ। ਤਿਸ ਨਰ ਕੌ ਭੀ ਨਿਕਟ ਹਕਾਰਾ। ਬੂਝਯੋ,ਤਾਂਹਿ ਬ੍ਰਿਤੰਤ ਉਚਾਰਾ ॥੧੬॥ 'ਬਰਜ ਰਹੀ ਸਭਿ ਕੌ ਬਹੁ ਬਾਰੀ।ਨਹਿਂ ਮਾਨੀ ਕਾਯਾਂ ਮਿਲਿ ਜਾਰੀ। ਭੈ ਨਿਰਭੈ[5] ਮਨ ਭਾਵਤਿ ਕਰੈਂ। ਦਰਬ ਚੁਰਾਵਹਿਂ ਨਿਜ ਨਿਜ ਧਰੈਂ[6] ॥੧੭॥ ਇਕ ਗੁਰਦਾਸ ਕੁਛਕ ਅਨੁ-ਸਾਰੀ। ਅਪਰ ਸੁ ਬਿਗਰੇ ਹੁਇ ਹੰਕਾਰੀ। ਅਬਿ ਸਹਾਇਤਾ ਚਹੈਂ ਤੁਮਾਰੀ। ਅਹੋ ਅਲੰਬ ਏਕ ਨਿਰਧਾਰੀ' ॥੧੮ ॥ ਸ਼੍ਰੀ ਕਲਗ਼ੀਧਰ ਸੁਨਤਿ ਬਿਚਾਰੇ। –ਬ੍ਰਿੰਦ ਮਸੰਦ ਬਿਲੰਦ ਬਿਗਾਰੇ। ਡਰਤਿ ਨ ਰਾਮਰਾਇ ਤੇ ਜੇਈ। ਕਯੋਂ ਨ ਬੁਰਾ ਠਾਨਹਿਂ ਅਬਿ ਤੇਈ॥ ੧੯ ॥ ਸ਼੍ਰੀ ਗੁਰ ਨਾਨਕ ਕੇ ਘਰ ਸਾਰੇ। ਧਨੀ ਮਸੰਦ ਅਧਿਕ ਹੰਕਾਰੇ।ਅਦਬ ਨ ਕਰਹਿਂ ਨ ਸ਼ਰਧਾ ਧਾਰਹਿਂ।ਅਪਰ ਨਰਨਿ ਸਮ ਗੁਰੂ ਬਿਚਾਰਹਿਂ ॥ ੨੦ ॥ ਗਨ ਸਿੱਖਨ ਕੇ ਮਹਿਦ ਸੰਤਾਪੀ।

---

[1]ਝਗੜਾ। [2]ਬੇਨਤੀ ਹੈ। [3]ਰਾਮਰਾਇ ਜੀ ਆਪ ਦੇ ਭਤੀਜੇ ਸਨ ਆਪ ਵਡੇ (ਥਾਂ) ਹੋ। [4]ਤੇਰਾ ਇਸਤ੍ਰੀ ਸਰੀਰਹੈ ਐਸੇ ਮਹਾਨ ਭਾਵ ਨੂੰ ਤੂੰ ਕੀ ਸਮਝ ਸਕਦੀ ਹੈਂ ਅਰਥਾਤ ਸੰਗਤਾਂ ਦੇ ਸੰਭਾਲਣ ਆਦਿ ਨੂੰ। [5]ਭੈ ਤੋਂ ਨਿਡਰ ਹੋਏ। [6]ਆਪੋ ਆਪਣੇ (ਘਰੀਂ) ਰੱਖਦੇ ਹਨ। *ਪਾ:–ਭੇਵ।

ਧਨ ਲੇ ਬਨਹਿਂ ਸੁਰਾਪੀ[1] ਪਾਪੀ। ਬੇਸਯਾ ਭੋਗਨਿ ਆਦਿ ਬਿਕਾਰਾ। ਸਭਿ ਮਹਿਂ ਫਸਹਿਂ ਪੁਨਹਿਂ ਹੰਕਾਰਾ ॥੨੧॥ ਜਬਿ ਕਬਿ ਸਿੱਖੀ ਰੀਤਿ ਬਿਗਾਰੈਂ। ਕਰਹਿਂ ਅਨਾਦਰ ਸਿੱਖਨ ਤਾਰੈਂ[2]। ਇਨ ਕੋ ਮੂਲ ਉਖਾਰਿ ਨ ਹੋਇ[3]।ਸੁਖ ਪ੍ਰਾਪਤਿ ਸਤਿਸੰਗ ਨ ਸੋਇ[4]-॥੨੨॥ ਇੱਤ੍ਯਾਦਿਕ ਗੁਰ ਰਿਦੈ ਬਿਚਾਰੀ। ਪੱਤ੍ਰੀ ਲਿਖਿਬੇ ਹੇਤੁ ਉਚਾਰੀ। 'ਜਹਿਂ ਕਹਿਂ ਤੁਮਰੇ ਅਹੈਂ ਮਸੰਦ। ਕਰਹੁ ਹਕਾਰਨਿ ਨਿਜ ਢਿਗ ਬ੍ਰਿੰਦ ॥ ੨੩ ॥ ਲਿਖਹੁ ਸਭਿਨਿ ਪ੍ਰਤਿ ਤੁਮ ਚਲਿ ਆਵਹੁ।ਸਿਰੋ ਪਾਉ ਗੁਰ ਘਰ ਤੇ ਪਾਵਹੁ। ਪੁਨ ਗਮਨਹੁ ਨਿਜ ਨਿਜ ਅਸ-ਥਾਨ।ਭੇਤ ਨ ਦੇਹੁ, ਨ ਲੇਹਿਂ ਪਛਾਨ॥੨੪॥ਜਬਹਿ ਆਨਿ ਮਿਲਿਹੈਂ ਸਮੁ-ਦਾਇ। ਹਮ ਸਮੀਪ ਦਿਹੁ ਸੁਧ ਪਹੁੰਚਾਇ। ਤਤਛਿਨ ਚਢਿ ਕੈ ਆਇ ਸੁਧਾਰੈਂ। ਜਿਮ ਕਹਿਬੋ ਹੁਇ ਤਥਾ ਬਿਚਾਰੈਂ' ॥੨੫॥ ਇੱਤ੍ਯਾਦਿਕ ਲਿਖਿ ਧੀਰਜ ਹੇਤੁ। ਪਠੀ ਪੱਤ੍ਰਿਕਾ ਛਿੱਪ੍ਰ ਸਮੇਤ।ਲੇ ਪਹੁੰਚਯੋ ਗੁਰਦਾਸਹਿ ਪਾਸ। ਪਠਿ ਕਰਿ ਬਹੁ ਛਪਾਇ ਕਰਿ ਤਾਸ[5]॥ ੨੬ ॥ ਜਾਇ ਪੰਜਾਬ ਕੁਇਰ ਸਮੁਝਾਈ। 'ਆਇ ਕਰਹਿਂ ਗੁਰ ਸਕਲ ਉਪਾਈ'। ਨਿਕਟ ਮਸੰਦ ਜਿਤੇ ਕੁਰਿਆਰ। ਗੁਰ ਸੁਤ ਤ੍ਰਿਯ ਨੇ[6] ਲਿਏ ਹਕਾਰ ॥ ੨੭ ॥ ਜੁਤਿ ਗੁਰਦਾਸ ਸਭਿਨਿ ਸੋਂ ਭਾਖਾ।'ਚਹੀਅਹਿ ਰੀਤਿ ਕਰੀ ਇਮ ਕਾਂਖਾ[7]'। ਜਿਤਿਕ ਮਸੰਦ ਗੁਰੂ ਘਰ ਕੇਰੇ। ਪਹੁੰਚਹਿਂ ਸਕਲ ਇਹਾਂ ਇਸ ਬੇਰੇ ॥੨੮॥ ਨਏ ਨਏ ਦੇ ਕਰਿ ਸਿਰੁਪਾਇ। ਪੁਨ ਤਿਸ ਦੇਸ਼ਨਿ ਦੇਹਿਂ ਪਠਾਇ। ਪ੍ਰਥਮ ਰੀਤਿ ਇਮ ਹੀ ਚਲਿ ਆਈ। ਤੁਮ ਸਯਾਨੇ ਸਮਝਹੁ ਸਮੁਦਾਈ ॥੨੯॥ ਲਿਖਹੁ ਮਾਸ ਕੀ ਤਿਥ ਇਕ ਸਾਰੇ[8]। ਮਿਲਹਿਂ ਆਨ ਤਿਸ ਦਿਵਸ ਹਕਾਰੇ'। ਸੁਨਿ ਮਸਲਤ ਸਭਿਹਿਨਿ ਮਨ ਮਾਨੀ। ਰੀਤਿ ਆਦਿ ਗੁਰ ਕੀ ਘਰ ਜਾਨੀ ॥ ੩੦॥ ਲਿਖੇ ਹੁਕਮਨਾਮੇ ਤਬਿ ਸਾਰੇ।'ਪਹੁੰਚਹੁ ਇਸ ਥਲ ਬਿਲਮ ਬਿਸਾਰੇ। ਗੁਰ ਘਰ ਤੇ ਬਡਤਾ ਅਬਿ ਪਾਵੋ। ਪੁਨ ਸਿੱਖਨ ਤੇ ਧਨ ਉਗਰਾਵੋ ॥੩੧॥ ਜਹਿਂ ਕਹਿਂ ਲਿਖਿ ਕਰਿ ਤੁਰਤ ਪਠਾਏ। ਪਠਿ ਪਠਿ ਹੁਕਮ ਸਕਲ ਚਲਿ ਆਏ। ਹਰਖ ਉਪਾਇ ਅਧਿਕ ਮਨ ਮਾਂਹੀ। 'ਹਮ ਬਿਨ ਗੁਰੂ ਬਨੈ ਕਿਮ

---

[1]ਸ਼ਰਾਬ ਪੀਣ ਵਾਲੇ। [2]ਤਾੜਨਾ ਕਰਦੇ ਹਨ। [3](ਜੇ) ਨਾ ਪੁੱਟਿਆ ਗਿਆ। [4]ਸੁਖ ਨੂੰ ਪ੍ਰਾਪਤ ਕਰਨ ਵਾਲਾ ਸਤਿਸੰਗ ਨਹੀਂ ਦਿੱਸ ਸਕੇਗਾ। [5]ਤਿਸ ਨੇ। [6]ਭਾਵ ਸ੍ਰੀ ਰਾਮਰਾਇ ਜੀ ਦੀ ਇਸਤ੍ਰੀ ਨੇ। [7]ਮੇਰੀ ਇੱਛਾ ਹੈ ਇਸ ਤਰ੍ਹਾਂ ਰੀਤ ਕਰਨੀ ਚਾਹੀਦੀ ਹੈ। [8]ਸਾਰਿਆਂ ਨੂੰ ਮਹੀਨੇ ਦੀ ਇੱਕੋ ਹੀ ਤਿੱਥ ਲਿਖੋ।

ਨਾਂਹੀ ॥ ੩੨ ॥ ਯਾਂਤੇ ਖਾਤਰ ਕਰਹਿਂ ਹਮਾਰੀ। ਕਰੋਂ ਨ ਲੇਹੁ ਸਿਰੁਪਾਉ ਉਦਾਰੀ'।ਦੇਸ਼ ਬਿਦੇਸ਼ਨਿ ਤੇ ਸਮੁਦਾਇ। ਗਨ ਮਸੰਦ ਲਘੁ ਦੀਰਘ ਆਏ ॥ ੩੩ ॥ ਭਈ ਆਨਿ ਕਰਿ ਭੀਰ ਘਨੇਰੀ। ਮਿਲਹਿਂ ਪਰਸਪਰ ਪ੍ਰੀਤਿ ਬਡੇਰੀ। ਬਹੁ ਉਤਸਾਹ ਕਰਤਿ ਮਿਲਿ ਮਿਲਿ ਕੈ। ਪਹੁੰਚੇ ਜਬਹਿ ਸਕਲ ਚਲਿ ਚਲਿ ਕੈ॥ ੩੪ ॥ ਪੁਨ ਪੰਜਾਬ ਕੁਇਰ ਲਿਖਿ ਪਾਤੀ। ਛਪਿ ਕਰਿ ਸਭਿ ਤੇ ਜੇਤਿਕ ਬਾਤੀ।'ਮਿਲੇ ਆਨ ਕਰਿ ਦੁਸ਼ਟ ਮਸੰਦਾਧਨ ਪ੍ਰਾਪਤਿਤੇ ਅਨੰਦ ਬਿਲੰਦ ॥ ੩੫ ॥ ਬਿਨਾ ਬਿਲੰਬ ਆਪ ਚਲਿ ਆਵਹੁ। ਬੁਧਿ ਬਲ ਤੇ ਸਭਿ ਜਤਨ ਬਨਾਵਹੁ। ਏਕ ਆਸਰਾ ਰਾਵਰ ਕੇਰਾ। ਨਹਿਂ ਇਸ ਸਮੈਂ ਅਪਰ ਕੋ ਮੇਰਾ' ॥ ੩੬ ॥ ਇੱਤਯਾਦਿਕ ਲਿਖਿ ਬਿਨੈ ਪਠਾਈ। ਗਯੋ ਦੂਤ ਲੇ ਕਰਿ ਸਹਿਸਾਈ। ਆਨਿ ਪਾਂਵਟੇ ਪਹੁਂਚਯੋ ਸੋਇ। ਸਿੰਘ ਪੌਰ ਪਰ ਥਿਰ ਤਬਿ ਹੋਇ ॥ ੩੭ ॥ ਕਲਗ਼ੀਧਰ ਢਿਗ ਸੁਨਿ ਪਹੁਂਚਾਈ। ਸੁਨਿ ਕਰਿ ਅੰਤਰ ਲੀਨਿ ਬੁਲਾਈ। ਬੂਝਨਿ ਕੀਨਿ ਸਕਲ ਹੀ ਬਾਤਿ। ਸਤਿ-ਗੁਰ ਪਾਸ ਕਹੀ ਬੱਖਯਾਤਿ ॥੩੮॥ 'ਜਿਤਕ ਮਸੰਦ ਅਹੈਂ ਤਿਸ ਘਰ ਕੇ। ਲਿਏ ਬਟੋਰ ਹਕਾਰਨਿ ਕਰਿਕੇ। ਰਾਵਰ ਕੀ ਪ੍ਰਤੀਖਨਾ ਕਰਿ ਹੀ। ਸਿਖ ਸੰਗਤਿ ਅਭਿਲਾਖਾ ਧਰਿ ਹੀ॥੩੯॥ਬਿਨ ਬਿਲੰਬ ਅਬਿ ਕੀਜਹਿ ਤਯਾਰੀ। ਦੇਖਤਿ ਹੈਂ ਸਭਿ ਦਿਸ਼ਾ ਤੁਮਾਰੀ'। ਸੁਨਿ ਗੁਰ ਨੰਦਚੰਦ ਸੋਂ ਕਹਯੋ। 'ਸਮਾ ਚਹਤਿ ਸੋ ਅਬਿ ਹਮ ਲਹਯੋ ॥ ੪੦ ॥ ਪ੍ਰਾਤਿ ਹੋਤਿ ਹੀ ਕੀਜਹਿ ਤਯਾਰੀ।ਕੇਤਿਕ ਸੈਨਾ ਲੇਹੁ ਸੰਗਾਰੀ। ਅਪਰ ਟਿਕਹਿਂ ਸਭਿ ਧੀਰਜ ਦੀਜੈ। ਅਬਿ ਤੇ ਸਕਲ ਬੁਲਾਇ ਭਨੀਜੈ[1]' ॥ ੪੧ ॥ ਇਤਿ ਸ੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਰਾਮਰਾਇ ਪ੍ਰਲੋਕ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥ ੭ ॥

੮. [ਗੁਰੂ ਜੀ ਡੇਹਰੇ ਆਏ। ਮਸੰਦਾਂ ਨੂੰ ਦੰਡ ਦੇਣ ਹਿਤ ਤਯਾਰੀ]।

ਦੋਹਰਾ ॥ ਨਿਸਾ ਬਸੇ ਬਿਸਰਾਮ ਕਰਿ ਸ੍ਰੀ ਗੁਰ ਕ੍ਰਿਪਾ ਨਿਧਾਨ। ਬਡੀ ਪ੍ਰਾਤਿ ਤਯਾਰੀ ਕਰੀ ਕਹਿ ਬਜਵਾਇ ਨਿਸ਼ਾਨ ॥ ੧ ॥ ਚੌਪਈ ॥ ਤਤਛਿਨ ਜ਼ੀਨ ਤੁਰੰਗਨਿ ਡਾਰੇ। ਸ੍ਰੀ ਗੁਰ ਸ਼ਸਤ੍ਰ ਬਸਤ੍ਰ ਤਨ ਧਾਰੇ। ਡੀਲ ਬਿਲੰਦ ਮਤੰਗ ਮੰਗਾਯੋ।ਜ਼ਰੀਦਾਰ ਜਿਹ ਝੂਲ ਸੁਹਾਯੋ॥੨॥ਭਏ ਅਰੂਢਨਿ ਸ਼ੋਭਤਿ ਐਸੇ। ਐਰਾਵਤਿ ਪਰ ਸੁਰਪਤਿ[2] ਜੈਸੇ। ਤਬਿ ਮਾਤੁਲ ਕਿਰਪਾਲ ਬੁਲਾਯੋ। ਹਾਥੀ ਪਰ ਪਸ਼ਚਾਤਿ ਚਢਾਯੋ ॥ ੩ ॥ ਨੰਦ ਚੰਦ ਹੱਥਯਾਰਨਿ ਧਾਰੇ।

---

[1]ਹੁਣ ਤੋਂ ਸਾਰਿਆਂ ਨੂੰ ਬੁਲਾਕੇ ਕਹਿ ਦਿਓ। [2]ਇੰਦ੍ਰ।

ਚਢ੍ਯੋ ਤੁਰੰਗਮ ਪਰ ਬਲ ਭਾਰੇ। ਸੰਗੋ ਸੰਗ ਪੰਚ ਜੋ ਭ੍ਰਾਤਾ। ਹਯ ਅਰੋਹਿ ਮਗ ਕੀਨਿ ਪ੍ਰਯਾਤਾ[1] ॥੪॥ ਸੈਨਾ ਸੰਗ ਪੰਚ ਸੈ ਔਰ। ਗਮਨੇ ਕੁਲ ਸੋਢੀ ਸਿਰਮੌਰ। ਅਪਰ ਸਭਿਨਿ ਕੋ ਨਗਰ ਟਿਕਾਯੋ। ਚਲਤਿ ਭਏ ਦੁੰਦਭਿ ਗਰਜਾਯੋ ॥ ੫॥ 'ਰਾਮਰਾਇ ਕੀ ਜਾਹਿਂ ਮੁਕਾਨ[2]'। ਮਿਲਹਿਂ ਜਹਾਂ ਕਹਿਂ ਕਰਹਿਂ ਬਖਾਨਿ[3]। ਦੂਨ ਮਹਾਂ ਰਮਨੀਕ ਨਿਹਾਰਤਿ।ਦਲ ਫਲ ਫੂਲ ਬ੍ਰਿੱਛ ਗਨ ਧਾਰਤਿ ॥੬॥ ਦੋਨਹੁਂ ਦਿਸ਼ਿ ਸੈਲਨਿ ਕੀ ਸੈਲ[4]।ਨੀਕੇ ਕਰਤਿ ਜਾਤਿ ਗੁਰ ਗੈਲ[5]। ਸਭਿ ਕੇ ਅੱਗ੍ਰ ਨਾਥ ਕੋ ਹਾਥੀ। ਨਿਕਟ ਚਲਹਿਂ ਬੋਲਹਿਂ ਤਿਨ ਸਾਥੀ[6] ॥ ੭ ॥ ਪੰਕਤਿ ਕਰੇ ਬਾਹਨੀ[7] ਗਮਨੇ। ਸ਼ਸਤ੍ਰ ਬਸਤ੍ਰ ਹਯ ਤੇ ਭਟ ਰਵਨੇ। ਕਿਤਿਕ ਅਖੇਰ ਕਰਤਿ ਗੁਰ ਚਾਲੇ। ਕਰਹਿਂ ਪ੍ਰਹਾਰਨਿ ਬਾਨ ਬਿਸਾਲੇ॥੮॥ਸਗਰੇ ਦਿਨ ਇਮ ਕਰਤਿ ਪਯਾਨਾ।ਪਹੁੰਚੇ ਰਾਮਰਾਇ ਅਸਥਾਨਾ। ਅੱਗ੍ਰ ਪੰਜਾਬ ਕੁਇਰ ਸਭਿ ਤਯਾਰੀ। ਕਰਤਿ ਰਹੀ, ਲਖਿ ਕਰਿ ਦਲ ਭਾਰੀ ॥੯॥ ਤ੍ਰਿਣ ਦਾਨਾ ਗਨ ਕੀਨਿ ਬਿਟੋਰਨਿ। ਕਰੇ ਸੁਚੇਤ ਦਾਸ ਸਭਿ ਠੌਰਨਿ। ਸਗਲ ਮਸੰਦ ਰਿਦੈ ਧਰਿ ਗ਼ਮ ਕੌ[8]।–ਇਨ ਕੌ ਮੇਲ ਭਲੌ ਨਹਿਂ ਹਮ ਕੋ–॥ ੧੦ ॥ ਮਿਲਹਿਂ ਬਿਚਾਰਹਿਂ ਕਰਹਿਂ ਉਚਾਰਨਿ। 'ਆਵਨਿ ਇਨ ਬੁਤਰਾਵਨਿ ਕਾਰਨ[9]।ਬਹੁਦਿਨ ਠਹਿਰਨ ਹੋਇ ਨ ਇਨ ਕੋ।ਅਧਿਕ ਖਰਚ ਸੰਗੀ ਦਲ ਗਨ ਕੋ' ॥੧੧॥ ਇੱਤਯਾਦਿਕ ਮਿਲਿ ਕਹੈਂ ਮਸੰਦ।ਤਊ ਰਿਦੈ ਮਹਿਂ ਚਿੰਤ ਬਿਲੰਦ। ਮਹਾਂ ਕੁਸ਼ਗਨ ਹੋਇਂ ਸਭਿਹੂੰਨਿ। ਜਿਤ ਕਿਤ ਮਿਲਿਬੈਠਹਿਂ ਮਨਊਨ[10]॥੧੨॥ਸ਼੍ਰੀਕਲਗ਼ੀਧਰ ਪਹੁੰਚੇ ਜਾਇ। ਕੇਤਿਕ ਆਨਿ ਮਿਲੇ ਅਗੁਵਾਇ। ਜਲ ਛਾਯਾ ਕੋ ਸੁੰਦਰ ਹੇਰਾ। ਸਹਿਤ ਬਾਹਿਨੀ ਕੀਨਸਿ ਡੇਰਾ॥੧੩॥ਗਜ ਤੇ ਉਤਰਿ ਗੁਰੂ ਕੁਛ ਬਿਰੇ। ਸ਼ੁਭ ਨਰ ਨਿਕਟ ਹਕਾਰਨਿ ਕਰੇ। ਸਭਿ ਸੁਭਟਨਿ ਕੋ ਭਲੇ ਟਿਕਾਇ।ਅੰਤਰ ਆਪ ਪ੍ਰਵੇਸ਼ੇ ਜਾਇ॥ ੧੪ ॥ ਪਰਦੇ ਮਹਿਂ ਪੰਜਾਬ ਕੁਇਰ ਥਿਰ।ਮਹਾਂ ਫਰਸ਼ ਤੇ ਛਾਇ ਰਖੀ ਧਰ[11]।ਤਨ ਕੇ ਪੁਸ਼ਟ ਮਸੰਦ ਬਿਲੰਦ। ਬਨ ਬਨ ਜਹਿਂ[12] ਬੈਠੇ

---

[1]ਘੋੜੇ ਤੇ ਸਵਾਰ ਹੋਕੇ ਰਸਤੇ ਤੇ ਤੁਰ ਪਏ। [2]ਮੁਕਾਣ ਦੇਣ ਚੱਲੇ ਹਨ। [3](ਇਸ ਤਰ੍ਹਾਂ) ਕਰਿੰਦੇ ਹਨ। [4]ਸੈਰ। [5]ਰਾਹ ਵਿਚ। [6]ਜੇਹੜੇ ਨੇੜੇ ਨੇੜੇ ਜਾਂਦੇ ਹਨ ਤਿਨ੍ਹਾਂ ਨਾਲ ਗਲਾਂ ਕਰਦੇ ਜਾਂਦੇ ਹਨ (ਗੁਰੂ ਜੀ)। [7]ਸੈਨਾ ਕਤਾਰ ਵਿਚ ਕਰਕੇ। [8]ਚਿੰਤਾ ਕਰਦੇ ਹਨ। [9](ਰਾਮਰਾਇ ਦੇ ਮਰਨੇ ਤੇ) ਭੁਲਾਵਨ ਵਾਸਤੇ ਇਹਨਾਂ ਦਾ ਆਵਣਾ ਹੈ। [10]ਉਦਾਸ ਮਨ। [11]ਧਰਤੀ ਛਾ ਰਖੀ ਸੀ ਭਾਵ ਫਰਸ਼ ਕੀਤਾ ਹੋਇਆ ਸੀ। [12]ਜਿੱਥੇ।

ਮਤਿਮੰਦ॥੧੫॥ਤੇਜ ਬਿਲੋਕਤਿ ਸ੍ਰੀ ਗੁਰ ਕੇਰਾ। ਉਠੇ ਅੱਗ੍ਰ ਤੇ ਸਭਿ ਤਿਸ ਬੇਰਾ। ਬੈਠੇ ਜਾਇ ਸਭਿਨਿ ਕੇ ਮਾਂਹਿ। ਸੁਭਟ ਬਿਸਾਲ ਕਿਤਿਕ ਥਿਤ ਪਾਹਿ ॥੧੬॥ ਬੂਝੇ:'ਕੌ ਕਾਰਨ ਤਨ ਭਯੋ? । ਜਿਸ ਤੇ ਸੁਰ ਪੁਰਿ ਕੋ ਚਲਿ ਗਯੋ'। ਸੁਨਿ ਪੰਜਾਬ ਕੁਇਰ ਤਬਿ ਬੋਲੀ। ਭਰੀ ਕਸ਼ਟ ਜਨੁ ਕੁਠੀਆ ਖੋਲੀ[1] ॥੧੭॥ 'ਮੋ ਕਹੁ ਭਲੀ ਭਾਂਤਿ ਸਮੁਝਾਇ। -ਤਨ ਕਉ ਰਾਖੋ-ਕਹਤਿ ਸਿਧਾਇ। ਨਹੀਂ ਮਸੰਦਨਿ ਕੁਛ ਕਰਿ ਮਾਨਾ। ਬਰਜ ਰਹੀ ਬਹੁ ਕਨੋਂਹੁ ਨ ਜਾਨਾ ॥ ੧੮ ॥ ਦ੍ਵਾਰ ਕਿਵਾਰ ਅਸੰਜਤਿ ਤੋਰੇ[2]। ਪੌਢਯੋ ਤਨ ਦੇਖਯੋ ਤਿਸ ਠੌਰੇ। ਲਿਯੋ ਉਠਾਇ ਵਹਿਰ ਕੋ ਆਨਾ। ਕਰੇ ਅਰਾਧਨ ਮੈਂ ਧਰਿ ਧ੍ਯਾਨਾ। ॥੧੯॥ਗਗਨ ਪੰਥ ਤਤਛਿਨ ਚਲਿਆਇ।ਲਖਿ ਕਸੂਤ ਰਿਸਵਾਕ ਸੁਨਾਏ*। ਨਹੀਂ ਪ੍ਰਵੇਸ਼ਨਿ ਭਏ ਸਰੀਰ।ਗਮਨੇ ਪੁਨ ਸੁਰ ਪੁਰਿ ਕੋ ਧੀਰ'॥੨੦॥ਪਿਖਿ ਮਸੰਦ ਦਿਸ਼ਿ ਗੁਰੂ ਬਖਾਨਾ। 'ਕਨੋਂ ਨ ਕਹਯੋ ਯਾ ਕੋ ਤੁਮ ਮਾਨਾ?।ਮਹਾਂ-ਪੁਰਖ ਕੇ ਅਚਰਜ ਚਰਿਤ੍ਰਾ। ਕਾਰਜ ਗਨ ਸਿੱਖਨਿ ਕੇ ਕਰਿਤ੍ਰਾ ॥ ੨੧ ॥ ਮਤਿਮੰਦਹੁ! ਤੁਮ ਕੀਨਿ ਕੁਕਰਮਾ।ਜਿਸ ਤੇ ਬਡੋ ਨ ਅਪਰ ਅਧਰਮਾ।ਨਿਜ ਗੁਰ ਕੌ ਤੁਮ ਭਲੋ ਨ ਚਾਹਾ। ਜਿਯਤਿ ਸਰੀਰ ਚਿਖਾ ਧਰਿ ਦਾਹਾ'॥੨੨॥ ਗੁਰ ਪ੍ਰਤਾਪ ਪਿਖਿ ਠਾਨੀ ਮੌਨ। ਉੱਤਰ ਦਿਯੋ ਮਸੰਦ ਨ ਕੌਨ[3]। ਪੁਨ ਧੀਰਜ ਜੁਤਿ ਬਾਕ ਅਲਾਇ। ਜਿਸ ਤੇ ਡਰ ਕਰਿ ਭਾਜ ਨ ਜਾਇ॥੨੩॥ 'ਭਈ ਸੁ ਭਈ ਰਹਹੁ ਸਵਧਾਨਾ।ਕਰਹੁ ਸੰਭਾਰਨਿ ਘਰਬਿਧਿ ਨਾਨਾ'।ਭੀਰ ਮਸੰਦਨਿ ਬ੍ਰਿੰਦਨਿ ਹੋਰੀ। ਜਹਿਂ ਕਹਿਂ ਥਿਰੀ ਹਜ਼ਾਰਨਿ ਕੇਰੀ॥੨੪॥ਚਲਿ ਆਏ ਕਲਗ਼ੀਧਰ ਡੇਰੇ।ਕਰਿ ਬਿਸਰਾਮ ਰਹੇ ਤਿਸ ਬੇਰੇ। ਤਬਿ ਪੰਜਾਬ ਕੁਇਰ ਪਠਿ ਦਾਸ। ਤ੍ਰਿਣ ਦਾਨਾ ਪਠਿਯੋ ਸਭਿ ਪਾਸ॥੨੫॥ ਨਾਨਾ ਬਿਧਿ ਕੀ ਸੇਵ ਕਰਾਈ।ਲੇ ਲੇ ਪਹੁੰਚੇ ਨਰ ਸਮੁਦਾਈ।ਸੁਪਤਿ ਜਥਾ ਸੁਖ ਨਿਸਾ ਬਿਤਾਇ। ਉਠੇ† ਪ੍ਰਾਤਿ ਕਰਿ ਸ਼ੌਚ ਨਹਾਇ॥੨੬॥ਕੁਛ ਦਿਨ ਚਢੇ ਤਯਾਰ ਤਬਿ ਹ੍ਵੈਕੈ। ਆਦਿ ਕ੍ਰਿਪਾਲ ਸੰਗ ਸਭਿ ਲੈ ਕੈ। ਅੰਤਰ ਪਹੁੰਚੇ ਜਾਇ ਗੁਸਾਈਂ। ਬ੍ਰਿੰਦ ਮਸੰਦਨ ਸਭਾ ਲਗਾਈ॥੨੭॥ਗਨ ਫਕੀਰ ਬੈਠੇ ਜਿਨ ਮਾਂਹੀ।ਊਚੀ ਕੁਲਹਿ ਸੀਸ ਪਰ ਜਾਂਹੀ। ਪਰਦੇ ਮਹਿਂ ਪੰਜਾਬ ਕੁਇਰ ਥਿਰ। ਅਧਿਕ ਭੀਰ ਸੋਂ ਪਹੁੰਚੇ ਸਤਿਗੁਰ ॥ ੨੮ ॥ ਉਠਿ ਸਭਿਹਿਨਿ ਸਨਮਾਨਿ ਬਿਠਾਏ। ਦੇਖਹਿਂ

[1]ਕਸ਼ਟ ਦੀ ਭਰੀ ਹੋਈ ਕੋਠੀ ਮਾਨੋ ਖੋਹਲੀ ਹੈ। [2]ਬੰਦ ਕੀਤੇ ਹੋਏ ਤੋੜੇ ਬੂਹੇ। [3](ਕਿਸੇ) ਮਸੰਦ ਨੇ ਕੋਈ ਉਤਰ ਨਾ ਦਿੱਤਾ। *ਪਾ:-ਬੈਕੁੰਠ ਸਿਧਾਏ। †ਪਾ:-ਬੈਠੇ।

ਤ੍ਰਾਸ ਰਿਦੈ ਉਪਜਾਇ। ਬਹੁਤ ਮੋਲ ਕੋ ਸੇਤ ਦੁਸ਼ਾਲਾ। ਦਰਬ ਸਮੂਹ ਦੀਨਿ ਤਿਸ ਨਾਲਾ॥ ੨੯ ॥ ਉਠਿ ਕਰਿ ਦਯਾਰਾਮ ਕਰ ਲੀਨਿ। ਜਾਇ ਪੰਜਾਬ ਕੁਇਰ ਕੌ ਦੀਨਿ। ਤਤਛਿਨ ਲੇ ਕਰਿ ਸੀਸ ਚਢਾਯੋ। ਬੰਦਨ ਕੀਨਿ ਭਾਵ ਬਿਰਧਾਯੋ ॥੩੦॥ ਨੰਦ ਚੰਦ ਢਿਗ ਲੀਨਿ ਬੁਲਾਇ। ਅਪਨੋ ਸੰਕਟ ਸਕਲ ਸੁਨਾਇ। 'ਕਰਹੁ ਮਸੰਦਨ ਕੋ ਉਪਚਾਰ। ਨਹਿਂ ਚਹੀਅਹਿ ਅਬਿ ਕਰੀ ਅਵਾਰ[1]' ॥੩੧॥ ਬੋਲਯੋ ਦਯਾਰਾਮ ਤਿਸ ਬੇਰੀ। 'ਇਮ ਮਰਜ਼ੀ ਹੈ ਸਤਿਗੁਰ ਕੇਰੀ।–ਬੰਦੁ ਬਸਤ ਕਰਿ ਤਨਹੁ ਕਨਾਤ। ਕੋਇ ਨ ਜਾਨਿ ਸਕਹਿ ਬੱਖਯਾਤ ॥ ੩੨ ॥ ਦਰ ਪਰ ਸੁਭਟ ਰਹੈਂ ਸਵਧਾਨ। ਹੁਇ ਮਸੰਦ ਇਕ ਇਕ ਕੋ ਜਾਨਿ[2]। ਸਿਰੋਪਾਉ ਕੋ ਮਿਸ ਕਰਿ ਧਾਰੋ।ਇਮ ਸਭਿ ਪ੍ਰਥਕ ਸੁ ਲੇਹੁ ਹਕਾਰੇ॥੩੩॥ ਬੰਧਿ ਬੰਧਿ ਕਰ ਪਗ[3] ਤਿਨ ਕੇਰਾ। ਅੰਤਰ ਕੋਸ਼ਠ ਕੇ ਦਿਹੁ ਗੇਰਾ। ਪੀਛੇ ਜਿਸ ਪ੍ਰਕਾਰ ਮਨ ਭਾਵੈ। ਦਿਹੁ ਸਜ਼ਾਇ ਕੋ ਜੋ ਗਰਬਾਵੈਂ[4]–॥੩੪॥ਇਹ ਮਸਲਤ ਨਿਸ ਮਹਿਂ ਗੁਤ ਕੀਨਿ। ਇਕ ਇਕ ਕੋ ਪਕਰਨਿ ਸ਼ੁਭ ਚੀਨ। ਹੋਤਿ ਪ੍ਰਾਤ ਕੇ ਕੀਜਹਿ ਤਯਾਰੀ।ਨਹਿਂ ਆਛੀ ਅਬਿ ਕਰਨਿ ਅਵਾਰੀ' ॥੩੫॥ ਸੁਨਿ ਪੰਜਾਬ ਕੁਇਰ ਲਖਿ ਨਿਜ ਹਿਤ। 'ਜਿਮ ਗੁਰ ਠਟੀ ਰੁਚਹਿ ਸੋ ਮਮ ਚਿਤ। ਬਹੁ ਜੋਧਾ ਲਖਿ ਪ੍ਰਾਤੀ ਆਵੈਂ।ਪਕਰਨਿ ਕੋ ਸਭਿ ਬਨੋਂਤ ਬਨਾਵੈਂ ॥ ੩੬ ॥ ਮਮ ਅਨੁਸਾਰੀ ਨਰ ਕੁਛ ਥੋਰੇ। ਅਸ ਨਹਿਂ ਹੋਹਿ ਪਰਹਿ ਬਡ ਰੌਰੇ। ਬਿਗਰ ਨ ਜਾਇ ਗਹਿਨ ਮੈਂ ਬਾਤ[5]। ਹੁਇ ਨ ਮਸੰਦਨ ਮੈਂ ਬੱਖਯਾਤ' ॥ ੩੭ ॥ ਇਸ ਪ੍ਰਕਾਰ ਕਰਿ ਨੀਕੇ ਮਤ ਕੋ। ਅਰੁ ਸਤਿਸੰਗਤਿ* ਕੇ ਬਹੁ ਹਿਤ ਕੋ। ਥਿਰੇ ਮਸੰਦਨ ਮਹਿਂ ਗੁਰ ਰਹੇ। ਅਨਿਕ ਪ੍ਰਕਾਰਨਿ ਬਾਤਨਿ ਕਹੇ॥੩੮॥ਚਤੁਰ ਘਟੀ ਮਹਿਂ ਉਠਿਬੋ ਚਾਹੇ। ਦਯਾਰਾਮ ਆਯੋ ਚਲਿ ਪਾਹੇ। ਨੰਦ ਚੰਦ ਕੋ ਲੇ ਕਰਿ ਸਾਥ। ਸੁਭਟਨ ਸਹਿਤ ਕਹਿਤਿ ਤਬਿ ਨਾਥ॥੩੯॥ ਸਭਿਨਿ ਬਿਖੈ ਤਿਨ ਦਈ ਸੁਨਾਇ। 'ਸਿਰੋਪਾਉ ਸੈਂਚੇ ਸਮੁਦਾਇ। ਹੋਤਿ ਪ੍ਰਾਤਿ ਕੌ ਦੇ ਹੈਂ ਆਇ। ਨਿਜ ਨਿਜ ਦੇਸ਼ਨ ਤਥਾ ਪਠਾਇਂ' ॥੪੦॥ ਕੇਤਿਕ ਚਤੁਰ ਮਸੰਦਨਿ ਜਾਨਾ। ਤਊ ਨ ਕਿਹ ਸੋਂ ਕਹੂ ਬਖਾਨਾ। ਅਪਦਾ ਮੂਢਨ ਕੀ ਨਿਯਰਾਈ। ਹਤੈ ਗੁਰੂ, ਕੋ ਸਕੈ ਬਚਾਈ[6] ? ॥ ੪੧ ॥ ਸੇਵਾ ਸਰਬ ਭਾਂਤਿ ਲੇ ਸੁਧਿ ਕੋ। ਕਹਿ ਪੰਜਾਬ

---

[1]ਦੇਰ। [2]ਜਾਣਾ। [3]ਹੱਥ ਪੈਰ। [4]ਜੋ ਹੰਕਾਰੀ ਹੋਏ ਸਨ। [5]ਫੜਨ ਵਿਚ ਗਲ ਵਿਗੜ ਨਾ ਜਾਵੇ। [6]ਗੁਰੂ ਮਾਰੇ ਤਾਂ ਕੌਣ ਬਚਾ ਸਕੇ ? *ਪਾ:–ਕਰਿ ਮਤਿ ਸਿੰਗਤਿ।

ਕੁਵਰ ਕਰਿ ਬੁਧਿ ਕੋ। ਸੋ ਦਿਨ ਬਹੁਰ ਬਿਤਾਵਨਿ ਕਰਯੋ। ਰਚਹਿਂ ਉਪਾਇ ਜਥਾ ਚਿਤ ਧਰਯੋ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥ ੮ ॥

੯. [ਮਸੰਦਾਂ ਨੂੰ ਦੰਡ]।

ਦੋਹਰਾ॥ਕਹ੍ਯੋ ਫਰਾਸ਼ਨ ਕੋ ਤਬੈ 'ਤਨਹੁ ਕਨਾਤ ਬਨਾਇ।ਦੂਰ ਦੂਰ ਥਲ ਘੇਰੀਯੋ ਅੰਤਰ ਕੋਇ ਨ ਜਾਇ' ॥੧॥ ਚੌਪਈ ॥ ਬ੍ਰਿੰਦ ਕਰਾਹੇ ਤਹਿਂ ਧਰਿ-ਵਾਏ। ਤੇਲ ਬਿਸਾਲ ਸੰਗ ਭਰਿਵਾਏ। ਬੰਦੁਬਸਤ ਨਰ ਗਨ ਕੋ ਭਯੋ। ਅੰਤਰ ਪ੍ਰਵਿਸ਼ਨਿ ਕੋ ਨਹਿਂ ਦਯੋ ॥੨॥ ਈਂਧਨ ਅਧਿਕ ਮੰਗਾਇ ਧਰਾਏ। ਰਸਰਨਿ[1] ਬ੍ਰਿੰਦ ਭਾਰੁ ਅਨਵਾਏ।ਇਹ ਨਿਸ ਮਹਿਂ ਸਭਿ ਕੀਨਿਸਿ ਤਯਾਰੀ। ਉਤ ਮਸੰਦ ਹਰਖਤਿ ਉਰ ਭਾਰੀ ॥ ੩ ॥–ਭੋਰ ਹੋਤਿ ਲੇ ਕਰਿ ਸਿਰਪਾਉ। ਨਿਜ ਨਿਜ ਸੰਗਤਿ ਬਿਖੈ ਸਿਧਾਉਂ–। ਸੁਪਤਿ ਜਾਮਨੀ ਸਭਿਨਿ ਬਿਤਾਈ। ਭਈ ਪ੍ਰਭਾਤਿ ਉਠੇ ਸਮੁਦਾਈ ॥ ੪ ॥ ਸੌਚ ਸ਼ਨਾਨ ਸਭਿਨਿਹੂੰ ਕੀਨਿ। ਚੀਰ ਸ਼ਰੀਰ ਭਲੇ ਧਰਿ ਲੀਨਿ। ਬਸਤ੍ਰ ਸ਼ਸਤ੍ਰ ਸਤਿਗੁਰੂ ਸਜਾਏ। ਲੇ ਮਾਤੁਲ ਕੋ ਸੰਗ ਸਿਧਾਏ ॥ ੫ ॥ ਨੰਦ ਚੰਦ ਅਰੁ ਪਾਂਚਹੁ ਭ੍ਰਾਤਾ। ਦਯਾ-ਰਾਮ ਆਯੁਧ ਧਰਿ ਗਾਤਾ। ਇੱਤਯਾਦਿਕ ਲੇ ਜੋਧਾ ਔਰ। ਪਹੁੰਚੇ ਬੰਦੁ-ਬਸਤ ਕੇ ਠੌਰ॥੬॥ਅਪਰ ਸੈਨ ਸਵਧਾਨ ਬਨਾਈ। ਸਗਰੇ ਦ੍ਵਾਰਨਿ ਥਾਨ ਟਿਕਾਈ। ਪਰਦਾ ਕਰਿ ਸਤਿਗੁਰ ਕੇ ਨੇਰੇ। ਥਿਰੀ ਪੰਜਾਬ ਕੁਇਰ ਤਿਸ ਬੇਰੇ ॥ ੭ ॥ ਭਾਈ ਬਹਿਲੋ ਕੋ ਗੁਰਦਾਸ। ਤਾਂਹਿ ਬੁਲਾਇ ਬਿਠਾਯੋ ਪਾਸ। ਇਸ ਤੇ ਆਦਿ ਜਿਤਿਕ ਅਨੁਸਾਰੀ।ਸੋ ਸਗਰੇ ਢਿਗ ਲੀਨਿ ਹਕਾਰੀ॥੮॥ ਪਕਰਨਿ ਹੇਤੁ ਬਲੀ ਕੁਛ ਬੀਰ।ਕਰੇ ਹਕਾਰਨਿ ਰਾਖੇ ਤੀਰ। ਇੱਤਯਾਦਿਕ ਸਭਿ ਕਰਿ ਤਕਰਾਈ। ਜੋ ਮਸੰਦ ਸਭਿ ਮਹਿਂ ਬਡਿਆਈ ॥੯॥ ਪਠਿ ਨਰ ਤਿਸਕੋ ਪ੍ਰਥਮ ਬੁਲਾਯੋ। ਸਿਰੋਪਾਉ ਹਿਤ ਬਾਕ ਸੁਨਾਯੋ। ਸੁਨਿ ਅਨੰਦ ਕਰਿ ਪਹੁੰਚ੍ਯੋ ਜਾਈ। ਬੈਠੇ ਕਲਗ਼ੀਧਰ ਤਿਸ ਠਾਂਈ॥੧੦॥ਥਿਰ੍ਯੋ ਆਨ ਕਰਿ ਨਿਕਟੀ ਜਬੈ।ਸ਼ਾਰਤ ਕਰੀ ਭਟਨ ਕੋ ਤਬੈ। ਗਹਿ ਲੀਨੋ ਸਿਰ ਪਾਗ ਉਤਾਰੀ। ਕਰ ਪਗ ਤੇ ਜੂੜ੍ਯੋ ਦ੍ਰਿੜ੍ਹ ਭਾਰੀ ॥੧੧ ॥ ਤਿਮ ਹੀ ਦੁਤੀ ਮਸੰਦ ਹਕਾਰਾ। ਕਰ ਪਗ ਜੂੜਿ ਤਿਸੀ ਢਿਗ ਡਾਰਾ। ਨਹਿਂ ਬੋਲਨ ਦੀਨੋ ਕਹਿ ਤ੍ਰਾਸ।ਕੌਸ਼ਠ ਬਿਖੈ ਬਿਠਾਯੋ ਤਾਸ॥੧੨॥ਪੁਨ ਤੀਸਰ ਕੋ ਲੀਆ ਬੁਲਾਇ।

[1]ਰੱਸਿਆਂ ਦੇ।

ਕਰ ਪਗ ਬਾਂਧੇ ਦੇਤਿ ਬਿਠਾਇ। ਵਹਿਰ ਸਭਿਨਿ ਮਹਿਂ ਇਮ ਬਿਦਤਾਏ। 'ਦੈਬੋ ਕਰਹਿਂ ਬ੍ਰਿੰਦ ਸਿਰੁਪਾਏ' ॥ ੧੩ ॥ ਪਹਿਰ ਪਹਿਰ ਤਨ ਮਹਿਂ ਪਟ ਆਛੇ। ਹਰਖ ਧਰਤਿ ਅੰਤਰ ਕੋ ਗਾਛੇ[1]। ਇਕ ਦੁਇ ਤ੍ਰੈ ਮਿਲਿ ਨਿਕਟ ਸਿਧਾਏ। ਪਕਰਹਿਂ ਅੰਤਰ ਦੇਤਿ ਗਿਰਾਏ ॥੧੪॥ ਆਵਤਿ ਹੋਤਿ ਪ੍ਰਵੇਸ਼ ਅਨੇਕ।ਹਟਿ ਕਰਿਨਿਕਸੈ ਨਾਂਹਿ ਨ ਏਕ।ਬਾਂਧਿਬਾਂਧਿ ਕੋਸ਼ਠ ਮਹਿਂ ਗੇਰਹਿਂ। ਖਰੇ ਨਿਕਟ ਕਯੋਂਹੂੰ ਨਹਿਂ ਟੇਰਹਿਂ[2]॥੧੫॥ ਜਬਿ ਗਹਿ ਮੁਸ਼ਕਹਿਂ ਦੇਤਿ ਗਿਰਾਵਹਿਂ। ਤਬਿ ਪਕਰਨਿ ਕੀ ਸੁਧ ਕੋ ਪਾਵਹਿਂ। ਜਾਤਿ ਵਹਿਰ ਤੇ ਹਰਖ ਉਦੋਤਿ।ਅੰਤਰ ਪ੍ਰਵਿਸ਼ਹਿਂ ਬੰਧਨ ਹੋਤਿ ॥ ੧੬ ॥ ਜਬਹਿ ਪੰਚਸੈ ਪਕਰੇ ਗਏ।ਕਛੁ ਸੰਸੈ ਸ਼ੇਖਨ[3] ਕੋ ਭਏ।ਸਾਂਭ ਢਿਗ ਪਹੁੰਚੇ ਭਟ ਸਵਧਾਨ। 'ਤੂਰਨ ਚਲੀਅਹਿ' ਕਰਤਿ ਬਖਾਨਿ ॥ ੧੭ ॥ ਘੇਰ ਘੇਰ ਸਭਿ ਅੰਤਰ ਕਰੇ। ਰਸਰਨਿ ਸੰਗ[4] ਬੰਧ ਤਹਿਂ ਧਰੇ। ਕਹੌਂ ਕਹਾਂ ਲਗਿ ਕਥਾ ਅਗੇਰੀ। ਗਹੇ ਇਕਾਦਸ਼ ਸੌ ਤਿਸ ਬੇਰੀ ॥ ੧੮ ॥ ਬਹੁ ਕੋਠਨਿ ਮਹਿਂ ਗਹਿ ਗਹਿ ਪਾਏ।ਦ੍ਵਾਰ ਕਿਵਾਰਨਿ ਕੁਲਫ ਲਗਾਏ।ਦਿਨ ਮੱਧਯਾਨ ਭਯੋ ਗੁਰੁ ਜਾਨਾ। ਉਠਿ ਕਲਗ਼ੀਧਰ ਕੀਨਿ ਪਯਾਨਾ॥੧੯॥ ਸੁਭਟ ਸੈਂਕਰੇ ਤਹਿਂ ਠਹਿਰਾਏ। ਗਈ ਪੰਜਾਬਕੁਇਰ ਨਿਜ* ਥਾਏ। ਖਾਨ ਪਾਨ ਕਰਿ ਗੁਰ ਬਿਸਰਾਮੇ। ਸਿਹਜਾ ਮਾਂਹਿ ਬਿਸਦ ਅਭਿਰਾਮੇ[5] ॥ ੨੦ ॥ ਜਾਮ ਦਿਵਸ ਉਠਿ ਹੁਕਮ ਬਖਾਨਾ।'ਕਰਹੁ ਮਸੰਦਨ ਤਾੜ ਮਹਾਨਾ'।ਤਬਿ ਪੰਜਾਬ ਕੁਇਰ ਸੋਂ ਭਾਖਾ। 'ਲਿਹੁ ਪਲਟਾ ਜਿਮ ਉਰ ਅਭਿਲਾਖਾ' ॥ ੨੧॥ ਤਪਨ ਲਗੇ ਤਬਿ ਤੇਲ ਕੜਾਹੇ। ਲਯਾਇ ਮਸੰਦਨ ਕੋ ਤਿਨ ਪਾਹੇ। ਕਰਛੇ ਭਰਿ ਭਰਿ ਸਿਰ ਮਹਿਂ ਪਾਵੈਂ।ਸੰਕਟਪਰੇ ਅਧਿਕ ਬਿਲਲਾਵੈਂ॥੨੨॥ਕਿਸਹੂੰ ਪਰਹੁਇ ਬੈਤਨਮਾਰ। ਹਨਤਿ ਹਨਤਿ ਭੇ ਪ੍ਰਾਨ ਸੰਘਾਰਿ[6]। ਬਡੇ ਮਸੰਦ ਬਡੇ ਅਪਰਾਧੀ। ਬਡੀ ਸਜ਼ਾਇ ਪਾਇ ਮ੍ਰਿਤੁ ਲਾਧੀ ॥੨੩॥ ਨਿਸ ਦਿਨ ਬਨਹਿ ਤਾੜਨਾ ਭਾਰੀ। ਮ੍ਰਿਤਕ ਭਏ ਬਾਹਿਰ ਦੇਂ ਡਾਰੀ। ਕੇਤਿਕ ਦਿਨ ਗੁਰ ਰਾਖਯੋ ਡੇਰਾ। ਸੇਵ ਪੰਜਾਬ ਕੁਇਰ ਬਹੁਤੇਰਾ॥੨੪॥ਬਾਰਿ ਬਾਰਿ ਕਹਿ ਰਖਹਿ ਮੁਕਾਮੂ। 'ਜਾਨ ਲੇਹੁ ਇਹ ਆਪਨ ਧਾਮੂ'। ਕਹਿਂ ਲਗਿ ਕਹੌਂ ਸਜ਼ਾਇ ਮਸੰਦਨ। ਜਿਹ ਹਨੀਯਤਿ ਭੇ ਪ੍ਰਾਨ ਨਿਕੰਦਨ॥੨੫॥ਕੋਠਨ ਤੇ ਬਾਹਰ ਗਹਿ ਲਯਾਵਹਿਂ।

---

[1]ਅੰਦਰ ਜਾਂਦੇ ਹਨ। [2](ਸੂਰਮੇ) ਪਾਸ ਖਲੋਤੇ ਹਨ (ਇਸ ਲਈ) ਕਿਸੇ ਤਰ੍ਹਾਂ (ਕੋਈ) ਬੋਲ ਨਹੀਂ ਸਕਦਾ। [3]ਬਾਕੀਆਂ ਨੂੰ। [4]ਰੱਸਿਆਂ ਨਾਲ। [5]ਉੱਜਲ ਸੁੰਦਰ ਛੇਜਾ ਪਰ। [6]ਨਾਸ਼। *ਪਾ:-ਤਿਸ।

ਤਪਤ ਤੇਲ ਬਹੁ ਊਪਰ ਪਾਵਹਿਂ। ਕਿਤਿਕ ਬੰਧਿ ਸਿਰ ਤਰ[1] ਲਟਕਾਏ। ਚਾਬਕ ਗਨ ਤੇ ਧਰ ਹਤਵਾਏ[2] ॥੨੬॥ ਜਸ ਅਪਰਾਧ ਕਰਯੋ ਹੰਕਾਰੇ*। ਤਸ ਦੁਖ ਦੇ ਕਰਿ ਪ੍ਰਾਨ ਸੰਘਾਰੇ। ਇਮ ਮਾਰਤਿ ਮਾਰਤਿ ਮਰਿ ਗਏ।ਮਹਾਂ ਪਾਪ ਤੇ ਬਚਤਿ ਨ ਭਏ॥੨੭॥ਗੁਰ ਪੂਜਾ ਕੋ ਲੇ ਧਨ ਪਾਪੀ।ਭੋਗਹਿਂ ਬਾਰ-ਬਧੂਨ ਸੁਰਾਪੀ[3]*। ਸਿਖ ਕੋ ਕਰਹਿਂ ਅਨਾਦਰ ਭਾਰੀ। ਜਨੋਂ ਕਸੋਂ ਲੇਤਿ

[1]ਸਿਰ ਹੇਠਾਂ, ਭਾਵ ਪੁੱਠੇ। [2]ਮਰਵਾਏ। [3]ਵੇਸ਼ਵਾ ਭੋਗਦੇ ਤੇ ਸ਼ਰਾਬ ਪੀਂਦੇ।

*ਮਸੰਦਾਂ ਨੂੰ ਜਿਨਾਂ ਦੇ ਪਾਪ ਇੱਥੇ ਦੱਸੇ ਹਨ ਅਤੇ ਜਿਨ੍ਹਾਂ ਨੇ ਰਾਮਰਾਇ ਜੀ ਨੂੰ ਜੀਉਂਦਿਆਂ ਸਾੜ ਦਿਤਾ ਸੀ ਦੰਡ ਦੇਣਾ ਨੀਤੀ ਅਨਕੂਲ ਸੀ। ਇਹ ਗਲ ਕਿ ਕਿਤਨੇ ਮਸੰਦ ਸਨ ਤੇ ਕੀਹ ਕੀਹ ਸਜ਼ਾ ਸੀ ਇਸ ਪਰ ਇਹੋ ਤੁਕ ਕੁਛ ਰਸਤਾ ਪਈ ਦੇਂਦੀ ਹੈ 'ਜਸ ਅਪਰਾਧ ਕਰਯੋ ਹੰਕਾਰੇ' ਜੈਸਾ ਜੈਸਾ ਅਪਰਾਧ ਹੰਕਾਰੀਆਂ ਨੇ ਕੀਤਾ ਸੀ ਤੈਸਾ ਤੈਸਾ ਦੰਡ ਸੀ।

ਜਿਨ੍ਹਾਂ ਨੇ ਜੀਂਵਦੇ ਜੀ ਰਾਮਰਾਇ ਜੀ ਨੂੰ ਸਾੜ ਦਿਤਾ ਸੀ ਉਹਨਾਂ ਦਾ ਦੰਡ ਤਾਂ ਮੌਤ ਹੋਣਾ ਹੀ ਸੀ। ਉਹਨਾਂ ਨੇ ਆਪਣੇ ਅਪਰਾਧ ਦਾ ਇਕਰਾਰ ਨਹੀਂ ਸੀ ਕੀਤਾ। ਤਦੋਂ ਤੇਲ ਤੱਤਾ ਕਰਕੇ ਕਹਿਣਾ ਵਿਚ ਹੱਥ ਪਾ ਤਾਂ ਸੱਚ ਪਤੀਜੇਗਾ, ਇਹ ਆਮ ਤ੍ਰੀਕਾ ਸੀ ਅਪਰਾਧੀ ਪਰਖਣੇ ਦਾ। ਇਸ ਤਰ੍ਹਾਂ ਡਰਾ ਡਰਾ ਰਾਮਰਾਇ ਜੀ ਦੇ ਪ੍ਰਾਣਾਂਤ ਕਰਨ ਵਾਲੇ ਖ਼ੂਨੀ ਲੱਭਣ ਤੇ ਪਰਖਣ ਦਾ ਜਤਨ ਕੀਤਾ ਹੋਣਾ ਹੈ। ਇਸਤੋਂ ਸਮਾਂ ਪਾਕੇ ਰਵਾਯਤ ਚੱਲ ਪਈ ਕਿ ਸਾਰੇ ਤੇਲ ਪਾ ਪਾ ਸਾੜੇ। ਇਹ ਤਾਂ ਤ੍ਰੀਕਿਆਂ ਵਿਚ ਇਕ ਤ੍ਰੀਕਾ ਸੀ ਅਪਰਾਧ ਸਹੀ ਕਰਨੇ ਦਾ। ਸੋ ਜੋ ਮੌਤ ਦੀ ਸਜ਼ਾ ਦੇ ਲਾਇਕ ਸਨ ਉਹ ਮੌਤ ਦੀ ਸਜ਼ਾ ਨਾਲ ਦੰਡੇ ਗਏ ਤੇ ਬਾਕੀ ਦੇ ਆਪਣੇ ਆਪਣੇ ਅਪਰਾਧਾਂ ਮੂਜਬ ਸਜ਼ਾਯਾਬ ਹੋਏ। ਯਾਰਾਂ ਸੌ ਦਾ ਸਾੜੇ ਜਾਣਾ ਸਮਝ ਲੈਣਾ ਠੀਕ ਨਹੀਂ। ਯਾਰਾਂ ਸੌ ਮਸੰਦ ਗਿਣਤੀ ਵਿਚ ਹੋਣਾ ਬੀ ਸੰਸੇ ਵਾਲੀ ਗਲ ਹੈ। ਯਾਰਾਂ ਸੌ ਨੂੰ ਤੱਕਣ ਵਾਸਤੇ ਕੋਠੇ ਕਿੰਨੇ ਕੁ ਚਾਹੀਏ ਤੇ ਬੰਨ੍ਹਣ, ਨਿਆਂ ਕਰਨ ਤੇ ਸਾੜ ਦੇਣ ਵਾਸਤੇ ਵਕਤ ਕਿੰਨਾ ਕੁ ਲੋੜੀਏ ? ਅੰਕ ੩੧ ਦੱਸਦਾ ਹੈ ਕਿ ਮਸੰਦ ਜੋ ਚੰਗੇ ਸਨ ਦੇਸ਼ਾਂ ਬਦੇਸ਼ਾਂ ਨੂੰ ਟੋਰੇ। ਸੋ ਸਹੀ ਹੋਇਆ ਕਿ ਚੋਖੇ ਮਸੰਦ ਬਚ ਰਹੇ ਜੋ ਪ੍ਰਦੇਸ਼ਾਂ ਨੂੰ ਟੋਰੇ ਤੇ ਅਦਾਲਤ ਬੀ ਜ਼ਰੂਰ ਹੋਈ ਜਿਸ ਵਿਚ ਚੰਗੇ ਬੁਰੇ ਪਰਖੇ ਗਏ। ਤ੍ਵਾਰੀਖ ਖਾਲਸਾ ਦੇ ਲੇਖਕ ਨੇ ਬੀ ਤੇਲ ਵਿਚ ਸਾੜੇ ਜਾਣਾ ਸ੍ਵੀਕਾਰ ਨਹੀਂ ਕੀਤਾ।

ਮਸੰਦਾਂ ਦੇ ਅਪਰਾਧ ਵਿਚਾਰਿਆਂ ਜੋ ਉਹਨਾਂ ਨੇ ਸੰਗਤਾਂ ਨੂੰ ਦੁੱਖ ਦਿਤੇ ਸਨ ਤੇ ਜੋ ਵਿਭਚਾਰ ਕਮਾਏ ਸਨ ਤੇ ਅੱਗੇ ਜਿਨ੍ਹਾਂ ਦੁਖਾਂ ਦੇ ਸੰਗਤਾਂ ਨੂੰ ਵਾਪਰਨ ਦਾ ਡਰ ਸੀ ਸੋ ਉਹਨਾਂ ਨੂੰ ਅਪਰਾਧ ਮੂਜਬ ਦੰਡ ਦੇਣਾ ਸੰਗਤਾਂ ਨਾਲ ਪਿਆਰ ਕਰਨਾ ਸਿੱਧ ਹੁੰਦਾ ਹੈ। ਦੇਖੋ ਅੰਸੂ ੮ ਅੰਕ ੩੮ ਦੀ ਤੁਕ 'ਅਰ ਸਤਿਸੰਗਤ ਕੋ ਬਹੁ ਹਿਤ ਕੋ' ਤਥਾ ਅੰਸੂ ੧੦ ਦਾ ਅੰਕ ੧ 'ਨਿਜ ਸਿੱਖਨ ਕੋ ਸੁਖ ਦਯੋ ਬਿਗਰਤਿ ਪੰਥ ਸੁਧਾਰਿ।' ਰਾਮਰਾਇ ਜੀ ਦੇ ਦੇਹੁਰੇ ਦੇ ਨਾਲ ਹੀ ਉੱਤਰ ਦੇ ਪਾਸੇ ਉਹ ਟਿਕਾਣਾ ਹੈ ਜਿੱਥੇ ਬੈਠਕੇ ਸਤਿਗੁਰੂ ਜੀ ਨੇ ਨਿਆਂ ਕੀਤਾ ਸੀ, ਇਹ ਟਿਕਾਣਾ ਹੁਣ ਤਕ ਹੈ। ਪਹਿਲੋਂ ਮਹੰਤ ਜੀ ਤੇ ਸੇਵਾਦਾਰ ਆਪ ਜਗ੍ਹਾ ਦਿਖਾਲਦੇ ਤੇ ਦੱਸਿਆ ਕਰਦੇ ਸਨ ਕਿ ਐਥੇ ਦਸਮ ਗੁਰੂ ਜੀ ਬੈਠੇ ਸਨ, ਐਥੇ ਦਿਵਾਨ ਲਾਇਆ ਸੀ, ਐਥੇ ਦੰਡ ਦਿਤਾ ਸੀ, ਪਰ ਅਕਾਲੀ ਅੰਦੋਲਨ ਤੋਂ ਮਗਰੋਂ ਭੈ ਕਰਕੇ ਕਿ ਮਤਾਂ ਅਕਾਲੀ ਨਾਂ ਆ ਜਾਣ, ਟਿਕਾਣੇ ਦੱਸਣ ਵੇਲੇ ਹੁਣ ਕੁਛਕ ਸੰਕੋਚ ਤੋਂ ਕੰਮ ਲੈਂਦੇ ਹਨ।

ਦਰਬ ਦੋ ਗਾਰੀ॥੨੮॥ਬਹੁਰ ਗੁਰਨ ਕੀ ਸਮਤਾ ਚਹੈਂ। –ਹਮ ਬਡਿਆਇ ਤ ਪੂਜਾ ਲਹੈਂ। ਕਰਨੋ ਹਮਾਰੋ ਹੀ ਗੁਰ ਹੋਇ। ਹਮਰੇ ਬਿਨ ਧਨ ਦੇਇ ਨ ਕੋਇ–॥੨੯॥ ਇੱਤਯਾਦਿਕ ਹੰਕਾਰ ਅਫਾਰੇ। ਪਾਪ ਬ੍ਰਿੰਦ ਨੇ ਅਵਗਤਿ ਡਾਰੇ। ਛੁਟਯੋ ਨ ਕੋਊ ਜੋ ਗਹਿ ਲਏ।ਹਨੀਅਤਿ ਇਮ ਹੀ ਮਰਿ ਮਰਿ ਗਏ ॥੩੦॥ ਹੁਤੇ ਪੰਜਾਬ ਕੁਵਰ ਅਨੁਸਾਰੀ। ਤਿਨਹੁੰ ਮਸੰਦੀ ਦੇ ਤਿਸ ਬਾਰੀ। ਦੇਸ਼ ਬਿਦੇਸ਼ਨਿ ਬਿਖੈ ਪਠਾਏ।ਪਹੁੰਚਿ ਜਹਾਂ ਕਹਿੰ ਗੁਰ ਧਨ ਲ੍ਯਾਏ॥੩੧॥ ਇਮ ਸਭਿ ਰੀਤਿ ਸੁਧਾਰਨਿ ਕੀਨੀ। ਨਿਸ਼ਕੰਟਕ ਤਿਸਕੋ ਕਰਿ ਦੀਨੀ। ਮਨਭਾਵਤ ਕਰਿ ਹਰਖਤਿ ਹੋਈ। ਕਾਰ ਕਰਨਿ ਲਾਗੇ ਸਭਿ ਕੋਈ। ॥੩੨॥ਬੰਦੁਬਸਤ ਸਭਿ ਘਰ ਕੋ ਕਰਯੋ।ਮਾਨਵ ਦੁਸ਼ਟ ਨਿਕਾਰਨਿ ਕਰਯੋ। ਚਿਤ ਕੀ ਚਿੰਤਾ ਦੂਰ ਬਿਦਾਰੀ।ਪੁਨ ਕਲਗ਼ੀਧਰ ਕੀਨਸਿ ਤਯਾਰੀ॥੩੩॥ ਦੁਸ਼ਟ ਮਸੰਦ ਪ੍ਰਹਾਰ ਸੰਘਾਰੇ[1]।ਅੰਤਰ ਸਤਿਗੁਰ ਬੈਠਿ ਉਚਾਰੇ।:'ਅਬਿ ਤੁਮ ਭਯੋ ਮਨੋਰਥ ਪੂਰਾ। ਨਿਰਬਾਹਹੁ ਘਰ ਕਾਰਜ ਰੂਰਾ'॥੩੪॥ਬਿਨੈ ਪੰਜਾਬ ਕੁਇਰ ਬਹੁ ਕਹੀ। 'ਤੁਮ ਬਿਨ ਕੋ ਕਰਿ ਸਕਿ ਇਮ ਨਹੀਂ। ਬਡੇ ਆਪ ਮਮ ਕਾਜ ਸੁਧਾਰੀ। ਸਭਿ ਬਿਧਿ ਕੀ ਮਮ ਚਿੰਤ ਨਿਵਾਰੀ ॥ ੩੫ ॥ ਆਗੈ ਸਦਾ ਸੰਭਾਰਤਿ ਰਹੀਅਹਿ। ਮੋ ਵਿਧਵਾ ਕੀ ਕਾਰ ਨਿਬਹੀਅਹਿ'। ਸੁਨਿ ਕਲਗ਼ੀਧਰ ਧੀਰਜ ਦੀਨਿ।'ਨਿਜ ਅਨੁਸਾਰਿ ਸਕਲ ਅਬਿ ਕੀਨਿ[2]॥੩੬॥ ਜਥਾ ਕਹੈਂ[3] ਤਿਮ ਕਾਰਜ ਕਰੈਂ। ਤ੍ਰਾਸ ਲਹੈਂ, ਨਹਿੰ ਬਿੱਪ੍ਰੈ ਧਰੈਂ[4]'। ਕਹਿ ਇੱਤਯਾਦਿ ਉਠੇ ਤਿਸ ਕਾਲਾ। ਸ੍ਰੀ ਗੋਬਿੰਦ ਸਿੰਘ ਬਾਹੁ ਬਿਸਾਲਾ ॥ ੩੭ ॥ ਤਬਿ ਪੰਜਾਬ ਕੁਵਰ ਕਰ ਬੰਦੇ। ਬੰਦਨ ਕਰੀ ਚਰਨ ਅਰਬਿੰਦੇ। ਹੁਇ ਰੁਖ਼ਸਦ ਬਾਹਰ ਕੋ ਆਏ। ਕਰਯੋ ਕੂਚ ਦੁੰਦਭਿ ਬਜਵਾਏ॥੩੮॥ਤਤਛਿਨ ਜ਼ੀਨ ਤੁਰੰਗਮ ਡਾਰੇ। ਨਿਜ ਬਾਹਨ[5]ਪਰ ਹੁਇ ਅਸਵਾਰੇ।ਪਸ਼ਚਮ ਦਿਸ਼ਿ ਕੌ ਮੁਖ ਕਰਿ ਚਾਲੇ। ਭਈ ਬਾਹਨੀ[6] ਨਾਲ ਬਿਸਾਲੇ ॥੩੯ ॥ ਮਗ ਮਹਿੰ ਕਰਤਿ ਅਖੇਰ ਘਨੇਰੇ। ਜਮਨਾ ਤੀਰ ਤੀਰ ਤਰੁ ਹੇਰੇ[7]।ਅਨਿਕ ਭਾਂਤਿ ਕੀ ਸ਼ੋਭਾ ਧਾਰਤਿ। ਗਮਨਤਿ ਮਾਰਗ ਤਿਨਹੁੰ ਨਿਹਾਰਤਿ॥੪੦॥ਤੇਜ ਸਹਿਤ ਤੂਰਨਤਾ ਧਾਰੀ। ਸ੍ਰੀ ਗੋਬਿੰਦ ਸਿੰਘ ਕੀ ਅਸਵਾਰੀ। ਨਗਰ ਪਾਂਵਟੇ ਪਹੁੰਚਤਿ ਭਏ। ਲੋਕ ਹਜ਼ਾਰਹੁੰ ਅੱਗ੍ਰੀ ਅਏ* ॥ ੪੧ ॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਦੁਤਿਯ ਰੁਤੇ 'ਰਾਮਰਾਇ ਮਸੰਦ ਸਾੜਨ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥੯॥

---

[1]ਮਾਰ ਮਾਰ ਕੇ ਮਾਰ ਦਿੱਤੇ। [2]ਸਾਰੇ ਮਸੰਦ ਹੁਣ (ਤੁਹਾਡੇ) ਆਪਣੇ ਅਨੁਸਾਰੀ ਕਰ ਦਿੱਤੇ ਹਨ। [3]ਤੂੰ ਕਹੇਂਗੀ। [4]ਉਲਟਾ ਨਹੀਂ ਕਰਨਗੇ। [5]ਅਸਵਾਰੀ। [6]ਸੈਨਾ। [7]ਬ੍ਰਿੱਛ ਦੇਖੇ। *ਪਾ:–ਭਏ।

੧੦. ਫਤੇਸ਼ਾਹ ਦੇ ਲਾਗੀ ਆਏ। ਤੰਬੋਲ ਦੀ ਤਿਆਰੀ]।

ਦੋਹਰਾ ॥ ਇਸ ਪ੍ਰਕਾਰ ਸ੍ਰੀ ਸਤਿਗੁਰੂ ਦੁਸ਼ਟ ਮਸੰਦਨ ਮਾਰਿ।ਨਿਜ ਸਿੱਖਨ ਕੌ ਸੁਖ ਦਿਯੋ ਬਿਗਰਤਿ ਪੰਥ ਸੁਧਾਰਿ ॥੧॥ ਚੌਪਈ ॥ ਬਸੇ ਪਾਂਵਟੇ ਨਗਰ ਮਝਾਰਾ। ਜਹਿਂ ਸ੍ਰੀ ਜਮੁਨਾ ਸੁੰਦਰ ਧਾਰਾ। ਸ਼ਿਲਾ ਬਿਸਾਲ ਤੀਰ ਥਿਰ* ਜਹਾਂ[1]। ਕਰਿ ਮੱਜਨ ਕੌ ਬੈਠੇ ਤਹਾਂ॥੨॥ ਸ੍ਰੀ ਮੁਖ ਤੇ ਕਵਿਤਾ ਸ਼ੁਭ ਰਚੈਂ। ਛੰਦ ਸਵੈਯੇ ਸ਼ੁਭ ਪਦ ਖਚੈਂ। ਜਾਮ ਦਿਵਸ ਲੌ ਤਹਾਂ ਸੁਹਾਵੈਂ। ਕੋ ਕਾਰਜ ਕਿਤ[2] ਨਿਕਟ ਨ ਆਵੈ ॥੩॥ ਲਿਖਿਬੇ ਹਿਤ ਇਕ ਥਿਰੇ ਲਿਖਾਰੀ। ਹੋਇ ਇਕਾਂਕੀ ਕਰਹਿਂ ਬਿਚਾਰੀ।ਪੁਨ ਉਠਿ ਮਹਾਰਾਜ ਗੁਰ ਪੂਰੇ।ਅਚਹਿਂ ਅਸਨ ਨਾਨਾ ਬਿਧਿ ਰੂਰੇ ॥ ੪ ॥ ਵਰਤਹਿ ਦੇਗ ਅਤੋਟ ਭੰਡਾਰਾ। ਖਾਇਂ ਅਹਾਰਨਿ ਸਿੱਖ ਹਜ਼ਾਰਾ। ਆਵਹਿਂ ਜਾਇਂ ਨਿਤਾਪ੍ਰਤਿ ਨਏ। ਦਰਸਹਿਂ ਚਰਨ ਕਮਲ ਸੁਖ ਮਏ ॥ ੫ ॥ ਪੁਨ ਕਲਗ਼ੀਧਰ ਕੇਤਿਕ ਸਮੈਂ। ਥਿਰੇ ਪ੍ਰਯੰਕ ਆਇ ਨਰ ਨਿਮੈਂ। ਨੰਦ ਚੰਦ ਸੰਗੋ ਤੇ ਆਦਿ। ਬੰਦਤਿ ਬੈਠਹਿਂ ਧਰਿ ਅਹਿਲਾਦਿ॥੬॥ਰਾਜ ਸਾਜ ਕੀ ਬਾਤ ਅਨੇਕ।ਕਰਹਿਂ ਬੂਝਿ ਕਰਿ ਜਲਧਿ ਵਿਵੇਕ। ਅਪਰ ਪ੍ਰਸੰਗ ਕਹੈਂ ਮਨ ਭਾਏ। ਹਾਸ ਬਿਲਾਸ ਅਨੰਦ ਕੋ ਪਾਏ ॥੭॥ਪੁਨ ਸਤਿਗੁਰੂ ਕੁਛ ਕਰਹਿਂ ਅਰਾਮ।ਪੌਢਹਿਂ ਬਡ ਪ੍ਰਯੰਕ ਅਭਿਰਾਮ। ਜਾਮ ਤੀਸਰੇ ਉਠੈਂ ਗੁਸਾਈਂ। ਸੁੱਖਾ ਹੋਇ ਤਯਾਰ ਸਮੁਦਾਈ ॥੮॥ ਸਹਿਤ ਅਫੀਮ ਛਕਹਿਂ ਤਿਸ ਨਾਲੇ†।ਚਢਹਿਂ ਤੁਰੰਗਮ ਬਾਹਰ ਚਾਲੇ।ਕਿਤਿਕ ਦੂਰ ਪਸ਼ਚਮ ਦਿਸ਼ਿ ਤਹਾਂ।ਲਗਵਾਯੋ ਉਪਬਨ ਤਰੁ ਮਹਾਂ[3] ॥੯॥ ਆਰੂ ਦਾਰਮ[4], ਬ੍ਰਿੰਦ ਰਸਾਲ[5]।ਆਮਰੂਦ, ਕਦਲੀ[6], ਗੁਲਲਾਲ[7]। ਗਾਇਬੇਲ[8], ਚੰਬੇਲੀ

[1]ਜਿੱਥੇ ਕਿਨਾਰੇ ਤੇ ਵੱਡੀ ਸ਼ਿਲਾ ਟਿਕੀ ਹੈ। [2]ਕਿਸੇ ਕਾਰਜ ਲਈ ਕੋਈ। [3]ਬਾਗ ਬਹੁਤੇ ਬ੍ਰਿੱਛਾਂ ਵਾਲਾ। [4]ਅਨਾਰ। [5]ਅੰਬ। [6]ਕੇਲੇ। [7]ਲਾਲ ਫੁਲਾਂ (ਦੇ ਬੂਟੇ) ਜੈਸੇ ਜਾਪਾ ਕੁਸਮ। (ਅ) ਗੂੜ੍ਹੇ ਲਾਲ ਰੰਗ ਦਾ ਫੁਲ ਜਿਸ ਦੇ ਅੰਦਰ ਕਾਲਾ ਦਾਗ ਹੁੰਦਾ ਹੈ, ਜਿਸ ਨੂੰ ਗੁਲੇ ਲਾਲਾ ਕਹਿੰਦੇ ਹਨ। (ੲ) ਕਈ ਗਿਆਨੀ ਇਸ ਨੂੰ ਗੁਲ ਦੁਪਹਿਰੀ ਸਮਝਦੇ ਹਨ ਜੋ ਸਲੂਣਕ ਦੀ ਜਾਤ ਵਿਚੋਂ ਹੈ ਤੇ ਉਨ੍ਹਾਲੇ ਧੁੱਪ ਚੜ੍ਹਿਆਂ ਖਿਲਦਾ ਹੈ। [8]ਰਵੇਲ। *ਪਾ:-ਸੁਤੀਰਥ।

†ਜਾਪਦਾ ਹੈ ਕਿ ਕਵਿ ਜੀ ਨੇ ਗੁਰ ਬਿਲਾਸ ਭਾਈ ਸੁੱਖਾ ਸਿੰਘ ਤੋਂ ਭੰਗ ਅਫੀਮ ਦਾ ਖਿਆਲ ਲੈਕੇ ਯਾ ਰਵਾਯਤਨ ਸੁਣਕੇ ਆਪਣੀ ਖੋਜ ਕੀਤੇ ਬਿਨਾਂ ਹੀ ਲਿਖਿਆ ਹੈ। ਬੀਸ ਕੁ ਬਰਸ ਦੀ ਉਮਰ ਵਿਚ ਅਫੀਮ ਦੀ ਲੋੜ ਕਦ ਪੈਂਦੀ ਹੈ ਤੇ 'ਉਹ ਰਸੁ ਪੀਆ ਇਹ ਰਸੁ ਨਹੀਂ ਭਾਵਾ' ਮਹਾਂ ਵਾਕ ਦੇ ਜੀਵਨ ਵਾਲੇ ਪੇਗ਼ੰਬਰ ਅਵਤਾਰ ਤੇ ਗੁਰ ਪਰਮੇਸ਼ਰ ਕਦੇ ਇਹਨਾਂ ਦੁਖਦਾਈ ਚੀਜ਼ਾਂ ਦੇ ਮੁਥਾਜ ਹੋ ਸਕਦੇ ਸਨ ? ਅਜੇ ਤਕ ਜੰਗ ਬੀ ਨਹੀਂ ਆਰੰਭ ਹੋਏ ਜੋ ਕੋਈ ਜੰਗ ਦਾ ਬਹਾਨਾ ਹੀ ਦੇ ਸਕੇ ਕਿ ਜੁੱਧ ਵੇਲੇ ਲੋੜ ਹੁੰਦੀ ਹੈ। ਦੇਖੋ ਰੁਤ ੩ ਅੰਸੂ ੪੪ ਅੰਕ ੨੦ ਦੀ ਹੇਠਲੀ ਟੂਕ।

ਘਨੀ। ਆਲਬਾਲ ਸੁੰਦਰ ਜਲ ਸਨੀ ॥੧੦॥ ਸੇਵ[1], ਸੇਵਤੀ[2], ਦਲ ਫਲ ਫੂਲ। ਕਲਤਿ ਮਾਲਤੀ[3], ਤਰੁ ਦ੍ਰਿਢ ਮੂਲ[4]। ਅਬਿ ਲੌ ਥਲ ਤਿਸ ਖਰੇ ਰਸਾਲ[5]। ਕਹੈ ਸਿੰਘ ਕਵਿ ਪਿਖੇ ਬਿਸਾਲ* ॥੧੧॥ ਛਕਿ ਸੁੱਖਾ ਉਪਬਨ[6] ਕੋ ਆਵਹਿਂ। ਸੁਭਟ ਸੈਂਕਰੇ ਸੰਗ ਸਿਧਾਵਹਿਂ। ਸੌਚ ਸ਼ਨਾਨ ਕਰਹਿਂ ਤਿਸ ਥਾਨ। ਬੈਠਹਿਂ ਸਤਿਗੁਰ ਲਾਇ ਦਿਵਾਨ ॥੧੨॥ ਗਨ ਰਾਜਨਿ ਕੇ ਆਇਂ ਵਕੀਲ। ਦਰਸ਼ਨ ਕਰਹਿਂ ਸਰਾਹਿਂ ਸੁਸ਼ੀਲ। ਹੁਇ ਸ਼ਸਤ੍ਰਨਿ ਬਿੱਦਯਾ ਅੱਭਯਾਸ। ਹਨਹਿਂ ਲੱਛ ਬਹੁ ਧਰਹਿਂ ਹੁਲਾਸ॥੧੩॥ ਤੀਰ ਤੁਪਕ ਤੋਮਰ ਕੋ ਮਾਰਨਿ। ਬਾਰਿ ਬਾਰਿ ਭਟਹੂੰਨ ਨਿਹਾਰਨ। ਤੁਰੰਗ ਪਲਾਵਨ[7], ਕਬਹੁ ਫੰਧਾਵਨ[8]। ਅਨਿਕ ਚਲਾਕੀ ਫੇਰਿ ਦਿਖਾਵਨਿ॥੧੪॥ ਇਸ ਪ੍ਰਕਾਰ ਕੇ ਅਨਿਕ ਬਿਲਾਸਨਿ। ਰਣ ਕਰਿਬੇ ਹਿਤ ਕਰਹਿਂ ਪ੍ਰਕਾਸ਼ਨਿ। ਸਿੱਖਨ ਮਹਿਂ ਜਹਿਂ ਕਹਿਂ ਜਸ ਫੈਲਾ। ਹਤੇ ਮਸੰਦ ਅਧਿਕ ਸੁਖਦੈਲਾ[9] ॥ ੧੫ ॥ ਸੰਧਯਾ ਭਏ ਆਇ ਪੁਨ ਡੇਰੇ। ਸੁਭਟ ਸ਼ਸਤ੍ਰ ਜੁਤਿ ਸੰਗ ਘਨੇਰੇ। ਸ਼ਬਦ ਕੀਰਤਨ ਕਰਹਿਂ ਰਬਾਬੀ। ਭਾਂਤਿ ਭਾਂਤਿ ਕੇ ਰਾਗ ਅਜਾਬੀ[10] ॥ ੧੬ ॥ ਬਾਗ਼ ਬੀਚ ਇਕ ਬਾਸੁਰ ਬੈਸੇ। ਸੁਰ ਸਿੱਖਨ† ਮਹਿਂ ਸੁਰਪਤਿ ਜੈਸੇ। ਫਤੇਸ਼ਾਹਿ ਸ੍ਰੀਨਗਰ ਭੁਪਾਲਾ। ਲਾਗੀ ਪਠੇ ਆਇ ਤਿਸ ਕਾਲਾ॥੧੭॥ ਕਰਿ ਬੰਦਨ ਕੋ ਦੀਨਸਿ ਪਾਤੀ। ਨ੍ਰਿਪ ਕੀ ਨਮੋ ਕੀਨਿ ਬੱਖਯਾਤੀ। ਆਨਿ ਕਾਵਰਾਂ[11] ਅਨਿਕ ਕਹਾਰਨਿ[12]। ਗੁਰ ਆਗੇ ਸਭਿ ਕੀਨਿ ਉਤਾਰਨਿ॥੧੮॥ ਹਾਥ ਬੰਦਿ ਮਾਨਵ ਕਹਿਂ ਬਾਨੀ। 'ਮਹਿਪਾਲਕ ਬਹੁ ਬਿਨੈ ਬਖਾਨੀ। ਰੀਠ[13] ਪੂੰਗ ਫਲ ਆਦਿ ਪਠਾਈ। ਨਿਜ ਕੰਨਯਾ ਕੋ ਬਯਾਹ ਰਚਾਈ॥੧੯॥ ਸਦਨ ਅਵਾਹਨ ਤੁਮ ਕੋ ਚਾਹਾ। ਹਿਤ ਬਡਿਆਈ ਅਧਿਕ ਉਮਾਹਾ। ਚਰਨ ਆਪ ਕੇ ਜਬਿ ਤਹਿਂ

[1]ਸੇਉ। [2]ਚਿੱਟਾ ਗੁਲਾਬ ਜੋ ਅਕਸਰ ਖੁਦਰੌ ਤੇ ਇਕਹਿਰਾ ਤੇ ਖੁਸ਼ਬੂਦਾਰ ਹੁੰਦਾ ਹੈ; ਵੈਦ ਦਵਾਈਆਂ ਵਿਚ ਵਰਤਦੇ ਹਨ। [3]ਸੁੰਦਰ ਮਾਲਤੀ। [4]ਬ੍ਰਿਛ ਪੱਕੀਆਂ ਜੜ੍ਹਾਂ ਵਾਲੇ। [5]ਅੰਬ। [6]ਬਾਗ। [7]ਨਸਾਉਣੇ। [8]ਛਾਲਾਂ ਮਰਵਾਉਣੀਆਂ। [9]ਸੁਖ ਦੇਣ ਵਾਲੇ (ਸ੍ਰੀ ਗੁਰੂ ਜੀ ਨੇ)। [10]ਅਸਚਰਜ। [11]ਵਹਿਗੀਆਂ। [12]ਕਹਾਰਾਂ ਨੇ। [13]ਰਾਜੇ ਨੇ ਰੀਢ ਭੇਜੀ ਹੈ ਸੁਪਾਰੀ ਆਦਿਕ। [ਸੂਚਨਾ—ਮੌਲੀ ਸੁਪਾਰੀ ਆਦਿ ਚੀਜ਼ਾਂ ਭੇਜ ਦੇਣ ਨੂੰ ਰੀਢ ਘੱਲਣੀ ਕਹਿੰਦੇ ਹਨ। ਇਹ ਰੀਢ ਮੇਲ ਨੂੰ ਸੱਦਣ ਵਾਸਤੇ ਘੱਲੀਦੀ ਹੈ। ਹੁਣ ਆਮ ਮੁਹਾਵਰਾ ਹੋ ਗਿਆ ਹੈ ਫੁਲਾਣੇ ਨੇ ਰੀਢ ਘੱਲੀ ਹੈ ਭਾਵ ਮੇਲ ਸੱਦਿਆ ਹੈ]।

*ਇਹ ਕਵੀ ਜੀ ਨੇ ਆਪ ਡਿੱਠਾ ਹੈ ਸਾਰਾ ਟਿਕਾਣਾ ਤੇ ਸਮਾਚਾਰ ਤੇ ਰਵਾਇਤਾਂ ਸੀ ਇਥੋਂ ਸਹੀ ਕੀਤੀਆਂ ਜਾਪਦੀਆਂ ਹਨ।

†ਪਾ:—ਸਿੰਘਨ।

ਪਰੈਂ।ਸਭਿ ਭ੍ਰਾਤਨਿ ਤੇ ਬਡਤਾ ਧਰੈਂ'॥੨੦॥ਸੁਨਿ ਸਤਿਗੁਰ ਤਿਨ ਧੀਰਜ ਦੀਨੋ।ਮਿਲਿ ਕਰਿ[1] ਵਾਸ ਪਾਂਵਟੇ ਕੀਨੋ।ਭਈ ਭੋਰ ਨਿਜ ਨਿਕਟ ਬੁਲਾਇ। ਕਰੇ ਬਿਸਰਜਨ ਦਰਬ ਦਿਵਾਇ ॥ ੨੧ ॥ 'ਹਮਰੇ ਆਵਨਿ ਮਹਿਂ ਸੰਦੇਹੂ। ਸੰਗ ਭੂਰ ਸਿਖ ਸੈਨ ਸਨੇਹੂ[2] । ਕਾਰਨ ਘਨੇ ਅਪਰ ਕਹਿਂ ਕਹਾਂ । ਰਾਜ ਅਨਿਕ ਆਇ ਹੈਂ ਜਹਾਂ॥੨੨॥ਹੁਇ ਨ ਪਰਹਿ ਕਿਸ ਸਾਥ ਬਖੇਰ।ਕੇਤਿਕ ਪੂਰਬ ਬਾਢਜੋ ਛੇਰ।ਨਿਜ ਦੀਵਾਨ ਪਠਾਵਨ ਕਰੈਂ । ਕੇਤਿਕ ਸੈਨ ਤਿਨਹੁਂ ਸੰਗ ਕਰੈਂ' ॥੨੩॥ ਇੱਤਯਾਦਿਕ ਸੋ ਨਰ ਸੁਨਿ ਕਾਨ।ਬੰਦਤਿ ਨ੍ਰਿਪ ਢਿਗ ਕੀਨਿ ਪਯਾਨ । ਜਾਇ ਪ੍ਰਸੰਗ ਸੁਨਾਵਨਿ ਕਰਯੋ । ਬਚ ਕਲਗ਼ੀਧਰ ਜਥਾ ਉਚਰਯੋ॥੨੪॥ ਸਕਲ ਭਾਂਤਿ ਤਯਾਰੀ ਕਰਿਵਾਈ।ਫਤੇਸ਼ਾਹਿ ਉਰ ਮੋਦ ਬਢਾਈ।–ਬਹੁਤੇ ਆਇਂ ਮੇਲ ਮਹਿਂ ਰਾਜੇ।ਉਤ ਬਰਾਤ ਮਹਿਂ ਬ੍ਰਿੰਦ ਬਿਰਾਜੇ[3] ॥੨੫॥ਸਕਲ ਗਿਰਨਧਾਰਾ ਪਤਿ ਮਿਲੇਂ।ਹੁਇ ਉਤਸਾਹ ਬਯਾਹ ਕੌ ਭਲੇ–। ਘਨੋ ਅੰਨ ਘ੍ਰਿਤ ਕੋ ਪਕਵਾਨ।ਮਧੁਰਕਰਹਿਂ ਰਖਵਾਇ ਮਹਾਨ॥੨੬॥ਤ੍ਰਿਣ ਦਾਨਾ ਕੇ ਸੰਚਿ ਅੰਬਾਰ । ਖਰਚਹਿਂ ਧਨ ਕੌ ਬਨਯੋ ਉਦਾਰ।ਇਤ ਸਤਿਗੁਰ ਉਰ ਬਿਖੈ ਬਿਚਾਰ।ਰਾਜਨੀਤਿ ਕੋ ਜਿਤਿਕ ਪ੍ਰਕਾਰ॥੨੭॥–ਕੰਨਯਾ ਬਯਾਹ ਬਿਖੈ ਕਛੁ ਦੇਨਾ । ਜਗਤ ਰੀਤਿ ਠਾਨਹਿ, ਸਭਿ ਲੇਨਾ । ਜਾਨਿ ਆਪਨੀ ਊਚ ਬਡਾਈ । ਦੁਤੀਏ ਪਿਖਹਿਂ ਬ੍ਰਿੰਦ ਗਿਰਰਾਈ–॥੨੮ ॥ ਬਹੁਰੋ ਚਿਤ ਉਦਾਰ ਗੁਰ ਕੇਰਾ । ਯਾਂਤੇ ਚਾਹਤਿ ਦਿਯੋ ਘਨੇਰਾ । ਜੇਵਰ ਜਰੇ ਜਰਾਵ[4] ਜਵਾਹਰ । ਜਾਗਤਿ ਜ਼ੇਬ ਜਿਨਹੁਂ ਕੀ ਜ਼ਾਹਰ ॥ ੨੯ ॥ ਸੁੰਦਰ ਕੁੰਦਨ ਕੇ[5] ਕਰਿਵਾਏ । ਬਹੁਤ ਦਰਬ ਜਿਨ ਊਪਰ ਲਾਏ । ਪਸ਼ਮੰਬਰ ਪਾਟੰਬਰ ਘਨੇ। ਗੋਟਾ ਜ਼ਰੀ ਲਾਗ ਬਰ ਬਨੇ ॥ ੩੦ ॥ ਬਾਸਨ[6] ਕੰਚਨ ਰਜਤ[7] ਘਰਾਏ। ਕਾਰੀਗਰਨਿ ਅਨੇਕ ਬਨਾਏ। ਇੱਤਯਾਦਿਕ ਦਾਇਜ ਕੇ ਹੇਤੁ । ਧਨ ਗਨ ਦੀਨਸਿ ਕ੍ਰਿਪਾਨਿਕੇਤ ॥੩੧॥ ਸਵਾਲਾਖ ਕੇ ਕਰਿ ਤੰਬੋਲ[8]। ਬਸਤੁ ਅਜਾ-ਇਬ ਜਿਨ ਬਹੁ ਮੋਲ । ਨੰਦਚੰਦ ਸਭਿ ਤਯਾਰ ਕਰਾਇ । ਸ਼੍ਰੀ ਸਤਿਗੁਰ ਕੋ ਦੀਨਿ ਦਿਖਾਇ ॥੩੨॥ ਅਵਿਲੋਕਤਿ ਪ੍ਰਭੁ ਹੁਕਮ ਬਖਾਨਾ।'ਦਯਾਰਾਮ ਪ੍ਰੋਹਤ ਮਤਿਵਾਨਾ।ਤੋਹਿ ਸਹਿਤ ਲੈ ਚਮੂੰ ਘਨੇਰੀ।ਪਹੁੰਚਹਿ ਬਨਹਿ ਬਯਾਹ

[1]ਮੁਲਾਕਾਤ ਤੋਂ ਮਗਰੋਂ (ਉਨ੍ਹਾਂ ਲਾਗੀਆਂ ਨੇ)। [2]ਭਾਵ ਸਿੱਖ, ਫੌਜ ਤੇ ਮਿੱਤ੍ਰ ਸੰਬੰਧੀ (ਸੰਗੋ ਸ਼ਾਹ ਆਦਿਕ)ਬਹੁਤ ਨਾਲ ਹਨ ।[3](ਮੇਰੇ ਘਰ)ਮੇਲ(ਮਾਂਵੀ)ਬਣਕੇ ਬਹੁਤੇ ਰਾਜੇ ਆਉਣਗੇ,ਉਧਰੋਂ ਜੰਞ ਵਿਚ ਬੀ ਬਹੁਤੇ ਰਾਜੇ ਬਿਰਾਜਣਗੇ।[4]ਜੜਾਊ।[5]ਖਾਲਸ ਸੋਨੇ ਦੇ।[6]ਭਾਂਡੇ।[7]ਸੋਨੇਚਾਂਦੀ ਦੇ। [8]ਨਿਉਂਦ੍ਰਾ।

ਜਿਸ ਬੇਰੀ ॥੩੩॥ ਸੈਲਪਤਨਿ ਕੋ ਗਨ ਜਬਿ ਮਿਲੈਂ । ਕਰਹੁ ਦਿਖਾਵਨਿ ਤਬਿ ਸਭਿ ਭਲੇ'।ਨੰਦ ਚੰਦ ਅਰੁ ਦਿਜ ਸੁਨਿ ਕਰਿਕੈ।ਬੂਝਨਿ ਲਾਗੇ ਰਿਦੈ ਬਿਚਰਿਕੈ॥੩੪॥'ਪਰਬਤ ਪਾਲਿਕ[1] ਕਿਤਿਕ ਬਿਰੋਧੀ।ਭੀਮਚੰਦ ਤੇ ਆਦਿ ਕਰੋਧੀ।ਭਏ ਮੇਲ ਤੇ ਵਧਹਿ ਬਖੇਰਾ।ਆਵਨ ਮੁਸ਼ਕਲ ਹੁਇ ਤਿਸ ਬੇਰਾ। ॥੩੫॥ਪੰਥ ਪਹਾਰਨ ਬਿਖਮ ਬਡੇਰੇ। ਕੌਨ ਸਹਾਇਕ ਹੁਇ ਤਿਸ ਬੇਰੇ?'। ਸੁਨਿ ਕਲਗੀਧਰ ਹੁਕਮ ਬਖਾਨਾ।'ਸੰਸ਼ਯ ਕਹਾਂ ਏਵ ਤੁਮ ਠਾਨਾ॥੩੬॥ ਦ੍ਰਿਢ ਨਿਸ਼ਚਾ ਉਰ ਰਾਖਹੁ ਐਸੇ। ਸਤਿਗੁਰ ਕਰਹਿਂ ਪਠਾਵਨਿ ਜੈਸੇ।ਤਿਮ ਹੀ ਸਤਿਗੁਰ ਲਜਾਵਨਿ ਕਰੈਂ। ਅਪਨੇ ਜਾਨਹਿਂ ਰੱਛਾ ਧਰੈਂ ॥ ੩੭ ॥ ਜੋ ਸਿਖ ਮੇਰੋ ਗਹੈ ਅਲੰਬ[2]। ਕਰੈਂ ਮਿਟਾਵਨਿ ਬਿਘਨ ਕਦੰਬ[3]। ਜੋ ਰਾਖਹਿਂ ਨਿਤ ਮੋਰ ਭਰੋਸਾ। ਤਿਨ ਕੇ ਨਿਕਟ ਨ ਪਹੁੰਚੈ ਦੋਸ਼ਾ ॥ ੩੮ ॥ ਅੰਗ ਸੰਗ ਗੁਰ ਬਨਹਿਂ ਸਹਾਈ।ਤਾਤੀ ਵਾਉ ਨ ਲਾਗਨਿ ਪਾਈ।ਜੋ ਨਹਿਂ ਸਿਮਰਹਿਂ ਮੋਕਹੁ ਕਦੇ। ਨਿਜ ਬਲ ਪਰ ਬਿਸਵਾਸੀ[4] ਰਿਦੇ ॥ ੩੯ ॥ ਨਹਿਂ ਤਿਨ ਕੋ ਮੈਂ ਬਨਹੁਂ ਸਹਾਈ। ਗੁਰ ਸੰਗੀ ਹੁਇਂ ਜੋ ਸ਼ਰਨਾਈ[5]। ਯਾਂ ਤੇ ਸਦਾ ਰਾਖ ਬਿਸਵਾਸਹਿ। ਪ੍ਰਭੁ ਹੁਇਂ ਸਦਾ ਦਾਸ ਕੇ ਪਾਸਹਿ'॥੪੦॥ ਸੁਨਿ ਦੋਨਹੁਂ ਕੋ ਧੀਰਜ ਆਯੋ। ਕਰਿ ਨਿਸ਼ਚਾ ਤਬਿ ਸੀਸ ਨਿਵਾਯੋ। ਸਕਲ ਵਸਤੁ ਕੀ ਤਯਾਰੀ ਠਾਨਿ। ਗੁਰ ਆਗਯਾ ਤੇ ਚਹਿਸਿਪਯਾਨ॥੪੧॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਿਤਿਯ ਰੁਤੇ 'ਨੰਦ ਚੰਦ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥ ੧੦ ॥

੧੧. [ਨੰਦ ਚੰਦ ਤੰਬੋਲ ਲੈਕੇ ਗਿਆ। ਬਰਾਤ]।

ਦੋਹਰਾ ॥ ਬੀਤ ਗਈ ਜਬਿ ਜਾਮਨੀ ਉਠਹਿਂ ਪ੍ਰਾਤਿ ਕੋ ਪਾਇ। ਠਾਨਤੇ ਸ਼ੌਚ ਸ਼ਨਾਨ ਕੋ ਭਏ ਤਯਾਰ ਤਬਿ ਆਇ॥੧॥ ਚੌਪਈ। ਚਰਨ ਬੰਦਨਾ ਗੁਰ ਕੋ ਕਰਿ ਕੈ।ਸਗਰੀ ਵਸਤੂ ਭਲੇ ਸੰਭਰਿਕੈ[6]। ਸੰਗ ਪੰਚ ਸੈ ਲੇ ਅਸਵਾਰ। ਧਾਰੇ ਧਨੁਖ ਬਾਨ ਹੱਥਯਾਰ॥੨॥ਤੋਮਰ ਤਰਵਾਰਨਿ ਕਰ ਧਰਿ ਕੈ।ਗਮਨੇ ਚਪਲ ਤੁਰੰਗਮ ਚਰਿਕੈ। ਸਵਾਲਾਖ ਕੋ ਲੇ ਤੰਬੋਲ[7]। ਵਸਤੂ ਅਜਾਇਬ ਜਿਨ ਬਹੁ ਮੋਲ ॥ ੩ ॥ ਸਕਲ ਕਹਾਰਨਿ ਤੇ ਉਚਵਾਈ। ਪ੍ਰਸਥਾਨੇ ਸ਼੍ਰੀ ਨਗਰ ਸਥਾਈ। ਮਾਰਗ ਸਕਲ ਉਲੰਘਤਿ ਗਏ। ਰਜਧਾਨੀ ਪੁਨ ਪਹੁੰਚਤਿ ਭਏ ॥੪ ॥ ਫਤੇਸ਼ਾਹਿ ਸੁਨਿਕੈ ਮਹਿਪਾਲ। ਡੇਰੇ ਹੇਤੁ ਕਹਯੋ ਤਤਕਾਲ। 'ਪੁਰਿ ਅੰਤਰ ਇਕ ਸਦਨ ਬਿਸਾਲਾ। ਤਹਾਂ ਦੇਹੁ ਡੇਰਾ ਨਿਜ ਘਾਲਾ' ॥ ੫ ॥

[1]ਪਹਾੜੀ ਰਾਜੇ। [2]ਆਸਰਾ। [3]ਸਾਰੇ। [4]ਆਪਣੇ ਬਲ ਤੇ ਭਰੋਸੇ ਵਾਲੇ। [5]ਜੋ ਸ਼ਰਨ ਹਨ ਗੁਰੂ ਉਹਨਾਂ ਦੇ ਸੰਗ ਹੈ। [6]ਸੰਭਾਲਕੇ। [7]ਨਿਉਂਦ੍ਰਾ।

ਸਾਦਰ ਜਬਿ ਸੋ ਥਾਨ ਦਿਖਾਯੋ।ਕਰਿ ਬਿਚਾਰਨੰਦਚੰਦ ਅਲਾਯੋ।'ਸਤਿਗੁਰ
ਕੇ ਸਿਖ ਸੰਗ ਹਮਾਰੇ। ਉੱਗ੍ਰ[1] ਸੁਭਾਵ ਜਿਨਹੁਂ ਰਣ ਪਜਾਰੇ ॥ ੬ ॥ ਅੰਤਰ
ਨਗਰ ਹਰਖ ਨਹਿਂ ਮਾਨਹਿਂ।ਥਾਨ ਕੁਸ਼ਾਦ[2]ਲੇਨਿਕੌਠਾਨਹਿਂ।ਡੇਰਾਕਰਤਿ
ਪਰਸਪਰ ਲਰਹਿਂ। ਖੜਗ ਪ੍ਰਹਾਰਨਿ ਤੇ ਨਹਿਂ ਡਰਹਿਂ॥੭॥ਪੁਰਿ ਜਨ ਸੋਂ
ਇਹ ਕਰਹਿਂ ਬਖੇਰਾ। ਹੁਕਮ ਨ ਮਾਨਤਿ ਹੈਂ ਕਿਸ ਕੇਰਾ। ਇਕ ਗੁਰ
ਬਿਨਾ ਨ ਜਾਨਹਿਂ ਆਨ। ਲਰਤਿ ਨ ਧਾਰਹਿਂ ਕਿਸ ਕੀ ਕਾਨ॥੮॥ ਯਾਂ ਤੇ
ਸਿਵਰ ਇਨਹੁਂ ਕੋ ਆਛੇ। ਵਹਿਰ ਕੁਸ਼ਾਦ ਥਾਨ ਮਹਿਂ ਬਾਂਛੇ। ਸੌਚ ਸ਼ਨਾਨ
ਸੁਖੇਨ ਸੁ ਠਾਨਹਿਂ। ਅੰਤਰ ਥਲ ਤੇ ਹਰਖ ਨ ਮਾਨਹਿਂ*' ॥ ੯ ॥ ਸਿਵਰ
ਕਰਾਵਣ ਹਾਰ ਜਿ ਆਇ। ਸੁਨਿ ਕਰਿ ਨ੍ਰਿਪ ਕੋ ਜਾਇ ਸੁਨਾਇ। 'ਗੁਰ
ਦਿਵਾਨ ਉਤਰਹਿ ਨਹੀਂ ਅੰਤਰ ।ਚਾਹਤਿ ਡੇਰਾ ਵਹਿਰ ਨਿਰੰਤਰ'॥੧੦॥
ਫਤੇਸ਼ਾਹ ਸੁਨਿ ਕਰਿ ਪੁਨ ਭਾਖਾ। 'ਇਸ ਪ੍ਰਕਾਰ ਕੀ ਜੇ ਅਭਿਲਾਖਾ।ਪੰਥ
ਪਾਂਵਟੇ ਪਰ ਉਪਬਨ[3] ਹੈ।ਤਹਾਂ ਉਤਾਰਹੁ ਜਿਮ ਸੁਖ ਮਨਿ ਹੈ'॥੧੧॥ਇਮ
ਸੁਨਿ ਨਰ ਬਹੋਰ ਕਰਿ ਲਜਾਇ। ਬਾਗ਼ ਬਿਸਾਲ ਸਿਵਰ[4] ਕਰਿਵਾਇ। ਦਾਵ
ਘਾਵ ਆਪਨਿ ਰਖਿ ਸਾਰਾ। ਸਤਿਗੁਰ ਦਲ ਡੇਰੋ ਪਿਖਿ ਡਾਰਾ॥ ੧੨ ॥
ਸਿੰਗਰ[5] ਲਯੋ ਅਧਿਕ ਬੰਧਵਾਇ। ਨਿਜ ਤਕਰਾਈ ਭਲੇ ਕਰਾਇ। ਇਕ
ਜਾਮਨਿ ਕਰਿ ਬਾਸ ਬਿਤਾਈ।ਗਏ ਪ੍ਰਾਤ ਮਿਲਿਬੇ ਗਿਰਰਾਈ॥੧੩॥'ਤੁਮਕੋਂ
ਖੁਸ਼ੀ ਕਰੀ ਗੁਰ ਪੂਰੇ। ਦਾਇਜ ਪਠਜੋ ਮੋਲ ਬਹੁ ਰੂਰੇ।ਅਪਨੋ ਜਾਨਿ ਦਯਾ
ਉਰ ਛਾਈ। ਸਦਲ ਭੇਜ ਮੁਹਿ ਹਿਤ ਬਡਿਆਈ[6]'॥੧੪ ॥ਫਤੇਸ਼ਾਹ ਕਰ
ਜੋਰਿ ਉਚਾਰਾ।'ਹਮ ਪਰ ਕਰਜੋ ਅਧਿਕ ਉਪਕਾਰਾ। ਸੇਵਕ ਸਦਾ ਗੁਰੂ ਘਰ
ਕੇਰੇ।ਇਤੋ ਸੁਜਸੁ ਚਾਹਤਿ ਸੋ ਮੇਰੇ' ॥ ੧੫ ॥ ਇੱਤਜਾਦਿਕ ਕਹਿ ਆਪਸ
ਮਹੀਆ।ਆਏ ਸਿਵਰ ਪਰਜੋ ਨਿਜ ਜਹੀਆ।ਨਿਤ ਭੂਪਤਿ ਸੇਵਾਕਰਿਵਾਵੈ।
ਤ੍ਰਿਣ ਦਾਨਾ ਇਨ ਸਕਲ ਪੁਚਾਵੈ॥੧੬॥ਖਾਨ ਪਾਨ ਕਰਿ ਸ੍ਵਾਦ ਮਹਾਨੇ।
ਨਿਸ ਦਿਨ ਬਨੇ ਰਹਿਤ ਸਵਧਾਨੇ। ਫਤੇਸ਼ਾਹ ਨਿਤ ਪ੍ਰਤਿ ਸਤਿਕਾਰੀ।
ਹਿਤ ਬਰਾਤ ਕੇ ਠਾਨਹਿ ਤਜਾਰੀ॥੧੭॥ਇਸ ਪ੍ਰਕਾਰ ਇਤ ਕੋ ਬਿਰਤਾਂਤ।

[1]ਤੇਜ਼। [2]ਖੁੱਲ੍ਹਾ। [3]ਬਾਗ। [4]ਡੇਰਾ। [5]ਸੈਨਾ ਦੇ ਆਰਜ਼ੀ ਡੇਰੇ ਦੇ ਉਦਾਲੇ ਕੰਧ
ਯਾ ਉੱਚਾ ਮਿੱਟੀ ਦਾ ਧੂੜਕੋਟ ਯਾ ਛਾਪਿਆਂ ਦੀ ਵਾੜ ਜੋ ਬਾਹਰੋਂ ਕਿਸੇ ਨੂੰ ਛੇਤੀ
ਅੰਦਰ ਨਾ ਜਾਣ ਦੇਵੇ। [ਮਿੰਸ:, ਸਿੰਗਰ]। [6]ਆਪ ਦੀ ਵਡਿਆਈ ਵਾਸਤੇ ਮੈਨੂੰ ਫੌਜ ਸਣੇ
ਘੱਲਿਆ ਹੈ। *ਕਵਿ ਜੀ ਇਥੇ ਨੰਦਚੰਦ ਦੀ ਨੀਤੀ ਨਿਪੁਨਤਾ ਦਿਖਾ ਰਹੇ ਹਨ।

ਉਤ ਕੀ ਸੁਨੀਅਹਿ ਆਇ ਬਰਾਤ।ਭੀਮਚੰਦ ਸਭਿ ਨ੍ਰਿਪਤ ਪਹਾਰੀ। ਮਿਲ੍ਯੋ ਮੇਲ ਜਹਿਂ ਕਹਿਂ ਤੇ ਭਾਰੀ॥ ੧੮ ॥ ਬਹੁ ਧਾਰਨਿ ਕੋ ਮਹਿਪਤਿ ਆਏ।ਨਿਜ ਨਿਜ ਦਲ ਸਕੇਲ ਕਰਿ ਲ੍ਯਾਏ।ਬਸਤ੍ਰ ਸ਼ਸਤ੍ਰ ਤੇ ਬਨਿ ਠਨਿ ਭਲੇ।ਆਨਿ ਆਨਿ ਚਹੁੰ ਦਿਸ਼ਿ ਤੇ ਮਿਲੇ ॥੧੯॥ ਦਲ ਸਕੇਲ ਬਹੁ ਸ਼ਗਨ ਮਨਾਇ। ਗਨ ਨਾਰਿਨਿ ਤੇ ਗੀਤ ਗਵਾਇ। ਬਡੀ ਬਰਾਤ ਜੋਰਿ ਕਰਿ ਚਢ੍ਯੋ। ਬਾਜੇ ਬਹੁ ਬਜਾਇ ਮੁਦ ਬਢ੍ਯੋ ॥ ੨੦ ॥ ਮੰਗਲ ਕਰਿਤੇ ਅਨਿਕ ਪ੍ਰਕਾਰਾ। ਉਲੰਘੇ ਪੰਥ ਬਿਖਮ ਸਮ ਸਾਰਾ[1]। ਨਿਕਟ ਪਾਂਵਟੇ ਕੇ ਚਲਿ ਗਏ।ਕੋਸ ਦੋਇ ਤ੍ਰੈ ਉਤਰਤਿ ਭਏ॥੨੧॥ਸੰਧ੍ਯਾ ਸਮੈ ਟਿਕ੍ਯੋ ਜਬਿ ਡੇਰਾ। ਬਾਤ ਸੁਨੀ ਪ੍ਰਭੁ ਕੀ ਤਿਸ ਬੇਰਾ*।-ਪੰਥ ਪ੍ਰਾਂਤਿ ਕੋ ਜਿਸ ਥਲ ਗਵਨੂ। ਉਤਰੇ ਤਹਾਂ ਸਦਲ ਬਲ ਭਵਨੂ[2]॥੨੨॥ਸੁਨਿ ਕਰਿ ਚਿਤ ਉਪਜੀ ਦੁਚਿਤਾਈ[3]।-ਕਿਸ ਪ੍ਰਕਾਰ ਹਮ ਉਲੰਘਹਿਂ ਜਾਈ ?-।ਹੇਤੁ ਮੰਤ੍ਰ[4] ਕੇ ਸਕਲ ਬੁਲਾਏ। ਭੀਮਚੰਦ ਢਿਗ ਗਿਰਪਤਿ ਆਏ ॥ ੨੩ ॥ ਇਕ ਗੁਲੇਰੀਆ ਨਾਮ ਗੁਪਾਲ। ਮੰਡੀਪਤਿ, ਸੁਕੇਤ, ਜਸੁਵਾਲਿ। ਆਦਿ ਹੰਡੂਰੀ ਜੇਤਿਕ ਸਾਥ।ਸਭਿ ਮਿਲਿ ਥਿਰੇ ਵਹਿਰ† ਗਿਰਨਾਥ॥੨੪॥ਸਭਿ ਕੋ ਕਰਿ ਆਦਰ ਕਹਿਲੂਰੀ। ਬੋਲ੍ਯੋ 'ਇਕ ਚਿੰਤਾ ਵਧਿ ਭੂਰੀ। ਸ਼੍ਰੀ ਗੁਰ ਸੰਗ ਵਿਗਾਰ ਹਮਾਰਾ। ਭਯੋ ਪ੍ਰਥਮ ਰਨ ਕ੍ਯੋਹੂੰ ਟਾਰਾ[5]॥੨੫॥ਪੰਥ ਪ੍ਰਾਂਤਿ ਕੋ ਮਹਿਂ ਤਿਨ ਡੇਰਾ। ਨੇਰ ਪਰੈ, ਹੁਇ ਹੈ ਭਟ ਭੇਰਾ। ਉਤਸਵ ਬ੍ਯਾਹ ਜਾਨਿ ਕਰਿ ਟਾਰੇ। ਅਬਿ ਕਿਮ ਉਲੰਘਹਿ ਦਲ ਬਲ ਭਾਰੇ' ॥੨੬॥ ਤਬਿ ਜਸੁਵਾਲਿ ਕੇਸਰੀ ਚੰਦ। ਆਦਿ ਗੁਲੇਰੀ ਅਪਰ ਨਰਿੰਦ।ਕਹਤਿ 'ਧੀਰ ! ਕ੍ਯੋਂ ਚਿੰਤਾ ਠਾਨੀ। ਕਿਤਕ ਸੈਨ ਗੁਰ ਕੇ ਸੰਗ ਜਾਨੀ?॥੨੭॥ਹਮ ਸਗਰੇ ਮਹਿਪਤਿ ਦਲਸੰਗ। ਕ੍ਯੋਂ ਕਰਿ ਟਰਹਿਂ ਕਰਨਿ ਤੇ ਜੰਗ।ਅਲਪ ਚਮੂੰ[6] ਤੇ ਤ੍ਰਾਸ ਨ ਮਾਨੈਂ।ਨਿਜ ਬਲ ਤੇ ਆਗੈ ਪ੍ਰਸਥਾਨੈਂ॥੨੮॥ਅਬਿ ਤੁਮ ਪੂਰਬ ਪਠਹੁ ਵਜ਼ੀਰ। ਜਾਨਹਿ ਭੇਦ ਜਿਤਿਕ ਭਟ ਭੀਰ।ਨਿਜ ਪ੍ਰਾਕ੍ਰਮ ਕੋ ਭਾਖਿ ਸੁਨਾਵੈ।-ਦਿਹੁ ਮਗ ਨਤੁ

[1]ਬਿਖੜਾ ਤੇ ਪੱਧਰਾ ਸਾਰਾ। [2]ਦਲ ਸਹਿਤ ਬਲ ਦੇ ਘਰ(ਸ਼੍ਰੀ ਗੁਰੂਜੀ)। [3]ਚਿੰਤਾ। [4]ਸਲਾਹ ਲਈ। [5]ਕਿਵੇਂ ਨ ਕਿਵੇਂ ਟਾਲਿਆ ਹੈ। [6](ਗੁਰੂ ਜੀ ਦੀ) ਥੋੜੀ ਫੌਜ ਤੋਂ। ਇਸ ਤੋਂ ਟਪਕ ਰਿਹਾ ਹੈ ਕਿ ਰਾਜਿਆਂ ਦੇ ਨਾਲ ਫੌਜ ਬਹੁਤ ਸੀ।

*ਗੁਰੂ ਜੀ ਦੇ ਪਾਉਂਟੇ ਹੋਣ ਦਾ ਪਤਾ ਤਾਂ ਪਹਿਲੋਂ ਤੋਂ ਜ਼ਰੂਰ ਹੋਣਾ ਹੈ ਪਰ ਫੌਜਾਂ ਸਹਿਤ ਹੋਣ ਦਾ ਤੇ ਦੁਰਗ ਰਚੇ ਹੋਣ ਦਾ ਵਿਸਥਾਰ ਦਾ ਪੂਰਾ ਪਤਾ ਭਾਵੇਂ ਇੱਥੇ ਆ ਕੇ ਪਤਾ ਲੱਗਾ ਹੋਵੇ। †ਪਾ:-ਬਹੁਰ।

ਡੇਰਾ ਲੂਟਿ ਜਾਵੈ–'॥੨੯॥ਭੀਮਚੰਦ ਸੁਨਿ ਰਾਜਨਿ ਬਾਨੀ।ਨਿਜ ਉਤਸਵ ਲਖਿ ਤਿਨਹੁੰ ਬਖਾਨੀ। 'ਰਣ ਕਰਿਬੇ ਕੀ ਬਾਤ ਨ ਆਛੀ। ਸ਼ਾਦੀ ਸੈਲਪਤਿਨਿ ਘਰ ਬਾਛੀ॥੩੦॥ਪਰੇ ਜੰਗ ਹੁਇ ਮਾਰਨ ਮਰਨੋ। ਭੁਇ ਸ਼ੋਕ ਆਨੰਦ ਹੁਇ ਹਰਨੋ[1]। ਨਿਸ਼ਚੈ ਲਰਯੋ ਚਹੈਂ ਇਕ ਬਾਰੀ। ਸੁਤ ਸ਼ਾਦੀ ਤੇ ਲਖਹੁੰ ਪਿਛਾਰੀ॥ ੩੧ । ਯਾਂ ਤੇ ਕਰਯੋ ਪ੍ਰਥਮ ਮੈਂ ਟਾਰਾ। ਏਵ ਮਤੋ ਉਰ ਜਾਨਿ ਹਮਾਰਾ। ਅਬਿ ਤੌ ਬਿਨੈ ਕਰਨਿ ਹੀ ਬਨੈ। ਜਿਸ ਤੇ ਜਾਨਹਿਂ ਪ੍ਰੇਮੀ ਸਨੈ॥੩੨॥ ਅਪਰ ਥਾਨ ਕੋ ਪੰਥ ਨ ਨੇਰੇ। ਜੇ ਕੋ ਅਹੈ ਪਰਤਿ ਬਡ ਫੇਰੈ[2]। ਤਿਤ ਕੌ ਗਮਨਤਿ ਸਾਹਾ ਟਰੈ।ਪੀਛੇ ਪਹੁੰਚਿ ਕਹਾਂ ਤਬਿ ਕਰੈਂ॥੩੩॥ ਬਡੋ ਬਿਰਸ ਉਤਸਵ ਮਹਿਂ ਪਰਿਹੀ। ਜੇ ਬਿਰੋਧ ਅਬਿ ਗੁਰ ਸੰਗ ਧਰਿਹੀ।ਰਾਜ ਘਾਟ ਪਰ ਕੀਨਸਿ ਡੇਰਾ[3]। ਆਪ ਸੂਰਮਾ ਬਲੀ ਬਡੇਰਾ ॥ ੩੪ ॥ ਸਭਿ ਬਿਧਿ ਕੀ ਹੁਇ ਹੈ ਤਕਰਾਈ। ਬਲ ਤੇ ਕਯੋਂ ਹੂੰ ਦੇਹਿ ਨ ਜਾਈ। ਸੁਮਤਿ ਬਿਚਾਰ ਕਰਹੁ ਛਲ ਐਸੇ। ਇਸੀ ਪੰਥ ਮਹਿਂ ਗਮਨੈਂ ਜੈਸੇ ॥ ੩੫॥ ਸਾਥ ਜਾਮਤਾ[4] ਨੀਕੋ ਬਾਤ। ਸੁਖ ਸੋਂ ਪਹੁੰਚੇ ਸਕਲ ਬਰਾਤ'। ਭੀਮਚੰਦ ਤੇ ਸੁਨਿ ਕਰਿ ਬਾਨੀ। ਕਰਿ ਲਗਿ ਗਰਬ* ਨ੍ਰਿਪਤ ਸਭਿ ਮਾਨੀ[5] ॥ ੩੬ ॥ 'ਪਠੌ ਵਜੀਰ ਕਰਨਿ ਕੌ ਬਿਨਤੀ।ਪੀਛੇ ਲਰਹਿਂ' ਕੀਨਿ ਮਿਲਿ ਗਿਨਤੀ। ਛਲਨੋ ਚਹੈਂ ਸਰਬੱਗਨ ਮਤਿ ਕੌ[6]। ਬਲ ਚਾਤੁਰਤਾ ਲਖਿ ਨਿਜ ਮਤਿ ਕੋ ॥੩੭॥ ਭਾਵਹੀਨ ਮਤਿਮੰਦ ਪਹਾਰੀ। ਕਿਨਹੁ ਨ ਨੀਕੀ ਰਿਦੈ ਬਿਚਾਰੀ। ਸੁਮਤਿਵੰਤਿ ਨਿਜ ਸਚਿਵ ਬੁਲਾਯੋ। ਸਾਦਰ ਸਭਿਨਿ ਬੀਚ ਬੈਠਾਯੋ॥੩੮॥ ਨਿਜ ਆਸ਼ੈ ਸਗਰੋ ਸਮੁਝਾਵਾ। 'ਨਹੀਂ ਚਹੈਂ ਹਮ ਸੰਘਰ[7] ਪਾਵਾ।ਜਯੋਂ ਕਯੋਂ ਕਰਿ ਮਾਰਗ ਇਹ ਲੈਨਾ।ਸਾਚ ਝੂਠ ਹਿਤ ਚਹਿਕਹਿ ਦੈਨਾ[8]॥੩੯॥ਬਾਤਨ ਸੋਂ ਰਿਝਾਇ ਗੁਰ ਲੀਜੈ। ਇਤ ਕੇ ਬਿਨੈ ਬਾਕ ਕਹਿ ਦੀਜੈ। ਜੋ ਦਾਨਾਇ ਜਗਤ ਮਹਿਂ ਅਗਰੇ[9]। ਬਿਬਸ ਲਖਹਿਂ ਕਾਰਜ ਕਛੁ ਬਿਗਰੇ[10] ॥ ੪੦ ॥

---

[1]ਨਾਸ਼। [2]ਫੇਰ ਪੈਂਦਾ ਹੈ ਭਾਵ ਰਾਹ ਲੰਮਾ ਹੈ। [3]ਵਡੇ ਘਾਟ ਪਰ ਗੁਰੂ ਜੀ ਦਾ ਡੇਰਾ ਹੈ। [4]ਸੁਲਹ ਨਾਲ। [5]ਹੰਕਾਰ ਕਰਨ ਲਗੇ (ਪਰ) ਸਾਰੇ ਰਾਜਿਆਂ ਮੰਨ ਲਈ। [6]ਭਾਵ ਗੁਰੂ ਜੀ, ਜਿਨ੍ਹਾਂ ਦੀ ਬੁੱਧੀ ਸਰਬੱਗਜ ਹੈ। [7]ਜੰਗ। [8]ਭਲੇ ਵਾਸਤੇ ਸੱਚ ਝੂਠ ਬੀ ਚਾਹੇ ਕਹਿ ਦੇਣਾ। [9]ਚਤੁਰ। (ਅ) ਜੋ ਅੱਗੇ ਹੋ ਚੁਕੇ ਹਨ। [10]ਕੁਛ ਕਾਰਜ ਵਿਗੜਨ ਦੀ ਲਚਾਰੀ ਨੂੰ ਜਦ ਲਖ ਲੈਂਦੇ ਹਨ ਤਾਂ.....।

*ਜਾਪਦਾ ਹੈ ਕਿ 'ਕਰਿ ਲਗਿ' ਦੀ ਥਾਵੇਂ ਪਾਠ 'ਕਰਿ ਲਘੁ' ਹੋਣਾ ਹੈ, ਲਿਖਾਰੀਆਂ ਦੀ ਕਲਮ-ਉਕਾਈ ਹੋਈ ਹੈ। 'ਕਰਿ ਲਘੁ ਗਰਬ' ਦਾ ਅਰਥ ਹੈ ਆਪਣੇ ਹੰਕਾਰ ਨੂੰ ਘਟਾ ਕੇ। ਇਹ ਅਰਥ ਅੰਕ ੪੧ ਤੋਂ ਸਹੀ ਹੋ ਜਾਂਦਾ ਹੈ।

ਅਲਪ ਬਨਹਿਂ[1],ਸੁਧਰਹਿ[2] ਜਿਸ ਰੀਤਿ।ਠਾਨਹਿਂ ਤਿਮ ਹੀ ਤੂਰਨ ਨੀਤਿ।
ਕਨੌਂਹੂੰ*ਲਘੁ ਸੋ ਹੋਇ ਨ ਜਾਈ[3]।ਸਜਾਨੇ ਜਾਨਹਿਂਤਿਹ ਅਧਿਕਾਈ'॥੪੧
॥ਭੀਮਚੰਦ ਜਬਿ ਐਸੇ ਕਹ੍ਯੋ। ਅਪਰ ਗਰਿੰਦਨ ਸੋ[4] ਨਹਿਂ ਸਹ੍ਯੋ। 'ਕ੍ਯੋਂ
ਸਭਿ ਕੀ ਤੁਮ ਲਘੁਤਾ ਕਰੋ ? ਬੁਧਿ, ਬਲ,ਦਲ ਕੌ ਦੀਰਘ ਧਰੋ' ॥੪੨॥
'ਸੁਨਹੁ ਵਜੀਰ ! ਆਪਨੌ ਜੋਰ। ਕਹੈ ਸਕਲ ਨ੍ਰਿਪ ਦਲ ਕੋ ਜ਼ੋਰ।–ਤਜਿ
ਮਗ ਕੌ ਅਬਿ ਕਰੋ ਕਿਨਾਰ।ਮਿਲਹਿਸੈਨ ਤਬਿ ਹੋਇਬਿਗਾਰ॥੪੩॥ਅਸ
ਨਹਿਂ ਬਨਹਿ ਜਾਇ ਲੁਟਿ ਡੇਰਾ।ਯਾ ਤੇ ਸੁਧਿ ਕਰਿਬੇ ਮੁਝ ਪ੍ਰੇਰਾ–।ਇੱਤ੍ਯਾ-
ਦਿਕ ਨਿਜ ਓਜ ਜਨਾਵਹੁ। ਬਹੁ ਬਿਧਿ ਤੇ ਗੁਰ ਤ੍ਰਾਸ ਉਪਾਵਹੁ' ॥੪੪॥
ਭੀਮਚੰਦ ਸੁਨਿ ਬਹੁਰ ਬਖਾਨੀ। 'ਪ੍ਰਥਮ ਕਟਕ[5] ਨਹਿਂ ਭਾਖਹੁ ਬਾਨੀ।
ਸਹਿਤ ਸ਼ਾਮਤਾ[6] ਜੋ ਮਗ ਦੇਹਿਂ। ਇਸ ਤੇ ਆਛੀ ਬਾਤ ਨ ਕੇਹ[7]॥੪੫॥ਜੇ
ਨਹਿਂ ਮਾਨਹਿਂ ਪੁਨ ਕਹਿ ਦੀਜੈ। ਜ੍ਯੋਂ ਕ੍ਯੋਂ ਛਲ ਬਲ ਕਰਿ ਮਗ ਲੀਜੈ'।
ਸੁਮਤ ਵਜ਼ੀਰ ਜਾਨਿ ਅਭਿਪ੍ਰਾਯ[8]। 'ਰਣ ਨ ਕਰਹੁ' ਸਭਿ ਕੌ ਸਮੁਝਾਯ॥
੪੬॥ ਆਪ ਚਲਨਿ ਕੌ ਕੀਨਸਿ ਤਯਾਰੀ। ਸੰਗ ਸੁਭਟ ਲੇ ਘੋੜਸਚਾਰੀ[9]।
ਡੇਰਾ ਕਰਿ ਮੁਕਾਮ ਤਿਸ ਥਾਨ[10]।ਇਕ ਵਜੀਰ ਠਾਨ੍ਯੋਂ ਪ੍ਰਸਥਾਨ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਗਿਰਿ ਦ੍ਵਿਨ' ਪ੍ਰਸੰਗ ਬਰਨਨੰ ਨਾਮ ਏਕਾਦਸ਼ਮੋ ਅੰਸੂ ॥ ੧੧ ॥

੧੨. [ਰਾਜੇ ਦਾ ਵਜ਼ੀਰ ਰਾਹ ਲੈਣ ਆਇਆ]।

ਦੋਹਰਾ ॥ ਨ੍ਰਿਭੈ ਹੋਇ ਹਿਤ ਸਾਮ ਕੇ ਗੁਰ ਢਿਗ ਚਢ੍ਯੋ ਵਜ਼ੀਰ। ਭੀਮਚੰਦ
ਚਿਤ ਚਟਪਟੀ[11], ਬਡੀ ਚਿੰਤ, ਨਹਿਂ ਧੀਰ ॥੧॥ ਚੌਪਈ ॥–ਕਲਗ਼ੀਧਰ
ਬਡ ਤੇਜ ਪ੍ਰਤਾਪੀ।ਨਹੀਂ ਨ੍ਯੂਨਤਾ[12] ਸਹਹਿਂ ਕਦਾਪੀ।ਕਿਮ ਹ੍ਵੈ ਹੈ[13],ਕਿਮ
ਉਲੰਘਹਿਂ ਆਗੇ ? ਮਹਾਂ ਬਿਘਨ ਹੁਇ ਜੋ ਰਣ ਜਾਗੇ॥ ੨ ॥ ਗਿਰਪਤਿ
ਮੇਲ ਬਿਖੈ ਗਨ ਆਏ। ਹਟਹਿਂ ਕੁਸ਼ਲ ਸੋਂ ਨਰ ਸਮੁਦਾਏ। ਗਾਵਹਿਂ ਗੀਤ
ਉਛਾਹਿ ਬਿਸਾਲਾ। ਕਰਿਬੋ ਜੰਗ ਸ਼ੋਕ ਕੀ ਸਾਲਾ[14]॥੩॥ ਨਿਜ ਨਿਜ ਡੇਰੇ
ਟਿਕੈਂ ਪਹਾਰੀ। ਆਇ ਵਜ਼ੀਰ ਤ ਠਾਨਹਿਂ ਤਯਾਰੀ–। ਇਮ ਪ੍ਰਤੀਖਨਾ
ਧਰਿ ਟਿਕ ਰਹੇ।'ਗੁਰ ਕਬਿ ਮਿਲਹਿਂ[15]'ਪਰਸਪਰ ਕਹੈਂ॥੪॥ ਉਤ ਕਲਗ਼ੀ-

---

[1]ਨੀਵੇਂ ਬਣ ਜਾਂਦੇ ਹਨ। [2](ਕਾਰਜ [illegible] [3](ਜੋ ਵਡਾ ਹੈ) ਉਹ ਕਿਵੇਂ ਬੀ ਛੋਟਾ ਨਹੀਂ ਹੋ ਜਾਂਦਾ। [4]ਭਾਵ ਪਿੱਛੇ ਕਹੀ ਗਲ। [5]ਕੌੜੀ। [6]ਸੁਲਹ ਨਾਲ। [7]ਕੋਈ। [8]ਮਤਲਬ, ਤਾਤਪਰਯ। [9]ਵੀਹ ਕੁ। [10](ਸਾਰੀ ਫੌਜ ਨੇ) ਉਥੇ ਡੇਰਾ ਕਰਕੇ ਟਿਕਾਉ ਕੀਤਾ। [11]ਉਚਿੜ ਚਿੱਤੀ। [12]ਛੁਟਿਆਈ। [13]ਕਿਵੇਂ ਹੋਵੇਗੀ। [14]ਸ਼ੋਕ ਦਾ ਘਰ ਹੈ। [15]ਗੁਰੂ ਜੀ ਕਦੇ ਮਿਲਾਪ ਕਰ ਲੈਣ ਤਾਂ (ਚੰਗੀ ਗਲ ਹੈ)। (ਅ) ਗੁਰੂ ਜੀ ਨੇ ਕਦ ਮਿਲਣਾ ਹੈ ? *ਪਾ:–ਤੂੰ।

ਧਰ ਲਗੇ ਦਿਵਾਨ। ਬੈਠੇ ਸ਼ੋਭਤਿ ਇੰਦ੍ਰ ਸਮਾਨ। ਸੁਧਿ ਪਹੁੰਚੀ ਗਿਰ-ਰਾਜਨਿ ਕੇਰੀ। 'ਬਜਾਹ ਬਰਾਤਿ ਬਟੋਰਿ ਬਡੇਰੀ॥੫॥ਪਰਯੋ ਸਮੀਪ ਆਨਿ ਕਰਿ ਡੇਰਾ।ਗਜ ਬਾਜੀ ਗਨ ਸੁਭਟਨਿ ਕੇਰਾ। ਇਸ ਹੀ ਪੰਥ ਉਲੰਘ੍ਯੋ ਚਹੈਂ।ਦਲ ਬਹੁ ਸੰਗ ਨ੍ਰਿਭੈ ਉਰ ਅਹੈਂ'॥੬॥ਸੁਨਿ ਬੋਲੇ ਪ੍ਰਭੁ ਬਹੁ ਬਲ ਭਰਿ ਕੈ।'ਕਿਹ ਦੁਇ ਸੀਸ ਉਲੰਘਹਿ ਅਰਿਕੈ[੧]।ਤਜੌਂ ਧਨੁਖ ਤੇ ਬਾਨ ਕਰਾਰੇ। ਗਿਰਹਿਂ ਖੇਤ ਰਣ ਜਥਾ ਮੁਨਾਰੇ॥੭॥ਸੁਪਤਹਿਂ ਬਡੀ ਨੀਂਦ ਮਹਿਂ ਜੋਧਾ[੨]। ਕੁਲਸਨਿ ਵਾਰਨਿ ਸਮ ਹੁਇ ਰੋਧਾ[੩]। ਕਰਹਿਂ ਮਾਰ ਖੜਗਨਿ ਕੀ ਐਸੇ। ਤਰੁ ਕਾਨਨ ਕੌ ਖਾਤੀ ਜੈਸੇ[੪]॥੮॥ਇਕ ਸੁਤ ਬਜਾਹ ਹੇਤ ਕੌ ਆਇ।ਰਚਹਿਂ ਬਜਾਹ ਹੂਰਨਿ ਸਮੁਦਾਏ[੫]। ਰੁੰਡ ਮੁੰਡ ਰਨ ਬਿਖੈ ਬਿਥਾਰੌਂ।ਸ਼੍ਰੋਣਤ ਪੰਕ ਧਰਾ ਕਰਿ ਡਾਰੌਂ[੬]' ॥ ੯ ॥ ਇੱਤਜਾਦਿਕ ਗੁਰ ਨਿਕਟ ਬ੍ਰਿਤੰਤਾ। ਤਯਾਰ ਸੁਭਟ ਕੀਨੇ ਭਗਵੰਤਾ।ਸਨੱਧ ਬੱਧ ਪੰਚ ਸੈ ਗਾਢੇ। ਕੋਸ ਅਗਾਰੀ[੭]ਕੀਨਸਿ ਠਾਂਢੇ ॥ ੧੦ ॥ 'ਜਬਿ ਅਵਨੀਪ[੮] ਸਮੀਪ ਬਿਲੋਕਹੁ। ਛੋਰਿ ਸ਼ਲਖ ਤਬਿ ਤਿਸ ਥਲ ਰੋਕਹੁ।'ਮਚੈ ਜੰਗ ਸਭਿ ਦਲ ਚਢਿ ਆਵਹਿ। ਹਤਹਿਂ ਸ਼ੱਤ੍ਰ ਗਨ ਆਯੁਧ ਪਾਵਹਿਂ[੯]। ॥੧੧॥ਇਤਨੇ ਮਹਿਂ ਵਜ਼ੀਰ ਚਲਿ ਆਯੋ।ਸੁਭਟ ਸਨੱ-ਧਨਿ ਕੌ ਦਰਸਾਯੋ[੧੦]।ਭਯਜੁਤਿ ਹੋਇ ਬੰਦਨਾ ਠਾਨਾ।'ਕਰਨਿ ਸਾਮ ਹਿਤ ਚਲਨਿ[੧੧]' ਬਖਾਨਾ ॥੧੨॥ 'ਸ਼੍ਰੀ ਸਤਿਗੁਰ ਕੇ ਢਿਗ ਮੈਂ ਜਾਨਾ। ਪਠਯੋ ਗਿਰਿੰਦ੍ਰਨਿ ਨੰਮ੍ਰ ਨਿਧਾਨਾ[੧੨]'।ਇਮ ਕਹਿ ਉਲੰਘ੍ਯੋ ਸੁਭਟਨਿ ਠਟ ਕੋ।ਗਿਨੈ ਗਟੀ-ਨਹਿਂ ਪੁਜਹਿ ਕਪਟ ਕੋ[੧੩]-॥੧੩॥ ਸਿੰਘ ਪੌਰ ਬੀਰਨ ਜੁਤਿ ਜੋਵਾ। ਉਤਰਿ ਤੁਰੰਗ ਕਰਿ ਨਮੋ ਖਰੋਵਾ। ਦ੍ਵਾਰਪਾਲ ਸੰਗ ਸਕਲ ਸੁਨਾਵਾ। 'ਬ੍ਰਿੰਦ ਗਿਰਿੰਦ੍ਰਨਿ ਮੋਹਿ ਪਠਾਵਾ ॥ ੧੪ ॥ ਮਹਾਰਾਜ ਸਤਿਗੁਰ ਕੇ ਸਾਥ।

[੧]ਕਿਸ ਦੇ ਦੋ ਸਿਰ ਹੋਨ ਕਿ ਜੰਗ ਕਰਕੇ ਲੰਘੇਗਾ ? [੨]ਭਾਵ ਮਰਨਗੇ। [੩]ਬੱਜਰ ਦੇ (ਬਾਰ=) ਤਖਤਿਆਂ ਵਾਂਙ ਹੋ ਕੇ ਰੋਕਾਂਗੇ। [ਸੰਸ:, ਕੁਲਿਸ਼=ਵੱਜ੍ਰ] (ਅ) ਪਰ ਜਾਪਦਾ ਹੈ ਕਿ ਸ਼ੁੱਧ ਪਾਠ 'ਕੁਲਿਸ਼ ਕਿਵਾਰਨ' ਸੀ। [੪]ਬਣ ਦੇ ਬ੍ਰਿੱਛਾਂ ਨੂੰ ਤਰਖਾਣ ਵਾਂਗ। [੫]ਸਾਰਿਆਂ ਦਾ ਬਜਾਹ ਹੂਰਾਂ (ਨਾਲ) ਰਚ ਦਿਆਂਗੇ। [੬]ਲਹੂ ਦਾ ਚਿੱਕੜ ਧਰਤੀ ਤੇ ਕਰ ਦਿਆਂਗਾ। [੭]ਕੋਹ ਭਰ ਅੱਗੇ। [੮]ਰਾਜੇ। [੯](ਤੁਹਾਡਾ) ਜੰਗ (ਉਹਨਾਂ ਨਾਲ) ਮਚਦੇ ਸਾਰ (ਇਧਰੋਂ ਬਾਕੀ ਦਾ) ਸਾਰਾ ਦਲ ਚੜ੍ਹ ਆਵੇਗਾ (ਫਿਰ ਰਲ ਕੇ) ਸਾਰੇ ਵੈਰੀਆਂ ਨੂੰ ਮਾਰ ਲਵਾਂਗੇ, ਚੁਫੇਰਿਓਂ ਜੰਗ ਮਚਾਕੇ। [ਆ=ਸਰਬ ਓਰ ਤੇ। ਯੁਧ=ਜੰਗ]।(ਅ) ਆਯੁਧ ਪਾਉਣ ਵਾਲੇ ਭਾਵ ਸ਼ਸਤ੍ਰ ਧਾਰੀ ਸ਼ਤ੍ਰੂਆਂ ਨੂੰ ਮਾਰ ਲਵਾਂਗੇ। [੧੦]ਸਨੱਧ ਬੱਧ ਸੂਰਮਿਆਂ ਨੂੰ ਦੇਖਿਆ। [੧੧]ਸੁਲਹ ਵਾਸਤੇ ਮੇਰਾ (ਸ਼੍ਰੀ ਗੁਰੂ ਜੀ ਪਾਸ) ਜਾਣਾ ਹੈ। [੧੨]ਨਿੰਮ੍ਰਤਾ ਦੀ ਨਿਧੀ ਭਾਵ ਅਤਿ ਨਿੰਮ੍ਰਤਾ ਵਾਲਿਆਂ ਰਾਜਿਆਂ ਨੇ। [੧੩]ਕਪਟ ਨਹੀਂ ਪੁੱਜਣਾ।

ਕਹੁ ਸੁਧ ਜਾਇ ਸਕਲ ਇਹ ਗਾਥ।–ਬਹੁ ਗਿਰਧਾਰ ਬਰਾਤ ਬਟੋਰੀ। ਡੇਰਾ ਪਰਜੋ ਨਿਕਟ ਇਤ ਓਰੀ–'॥੧੫॥ਸੁਨਿ ਇਮ ਅੰਤਰ ਤੂਰਨ ਗਯੋ। 'ਦ੍ਵੈ ਕਰ ਜੋਰਿ ਸੁਨਾਵਤਿ ਭਯੋ। ਭੀਮਚੰਦ ਤੇ ਆਦਿ ਗਿਰੇਸ਼। ਨਿਕਟ ਸਿਵਰ ਕੌ ਘਾਲਿ ਅਸ਼ੇਸ਼[1]॥੧੬॥ ਪਠਜੋ ਵਜ਼ੀਰ ਪੌਰ ਪਰ ਖਰਜੋ। ਦਰਸ਼ਨ ਕੀ ਲਾਲਸ ਉਰ ਧਰਜੋ'।ਸ਼੍ਰੀ ਪ੍ਰਭੁ ਤਬਹਿ ਹਕਾਰਨਿ ਕੀਨੋ।'ਆਨਹੁ ਸਭਾ ਤਿਸਹਿ' ਕਹਿ ਦੀਨੋ ॥ ੧੭ ॥ ਤਤਛਿਨ ਦ੍ਵਾਰਪਾਲ ਨਿਜ ਸਾਥ। ਲੇ ਕਰਿ ਗਮਨਜੋਂ ਨਿਕਟ ਸੁ ਨਾਥ।ਸੁਰ ਸਮਾਨ ਸਭਿ ਸਭਾ ਪ੍ਰਕਾਸ਼ਨਿ। ਬੀਚ ਬਿਰਾਜਹਿ ਰੁਚਿਰ ਸਿੰਘਾਸਨ ॥ ੧੮ ॥ ਤਿਸ ਪਰ ਇੰਦ੍ਰ ਮਨਿੰਦ ਸੁਹਾਏ। ਕਲਗ਼ੀ ਤੁੰਗ ਸ਼ੋਭ ਅਧਿਕਾਏ। ਖਰ ਖਪਰਾ[2] ਇਕ ਕਰ ਮਹਿਂ ਧਾਰੈਂ। ਬਾਰਹਿ ਬਾਰ ਭ੍ਰਮਾਇ ਨਿਹਾਰੈਂ ॥ ੧੯ ॥ ਧਨੁਖ ਕਠੋਰ ਅਗਾਰੀ ਧਰਜੋ। ਆਵਤਿ ਨ੍ਰਿਪਤ ਵਕੀਲ ਨਿਹਰਜੋ।ਨੰਮ੍ਰੀ ਬਨਤਿ ਹਾਥ ਜੁਗਜੋਰੇ। ਪਹੁੰਚਜੋ ਜਬਿ ਹੀ ਜਾਇ ਨਿਹੋਰੇ॥੨੦॥ਸ਼੍ਰੀ ਗੁਰ ਮੰਦ ਮੰਦ ਮੁਸਕਾਨੇ। ਕ੍ਰਿਪਾ ਧਾਰਿ ਗੁਰਦੇਵ ਬਖਾਨੇ। 'ਆਵਹੁ ਰਾਜੇ ਦਿਧਾ ਵਜ਼ੀਰਾ! ਚਿਰੰਕਾਲ ਮਹਿਂ ਪਹੁੰਚਿਆ ਤੀਰਾ?'॥੨੧॥ਸੁਨਤਿ ਸੀਸ ਤੇ ਬੰਦਨ ਠਾਨੀ। ਆਇਸੁ ਪਾਇ ਬੈਠਿ ਅਗਵਾਨੀ।'ਕਹੁ ਨਿਜ ਰਾਜੇ ਕੇਰ ਬ੍ਰਿਤੰਤ। ਕਿਮ ਤੋ ਕਹੁ ਕਹਿ ਪਠਜੋ ਮਤੰਤ?'॥੨੨॥ਸੁਨਿ ਵਜ਼ੀਰ ਕਰ ਜੋਰਤਿ ਬੋਲਾ। 'ਜਾਨ ਆਪ ਕੋ ਅਪਨੋ ਓਲਾ[3]।ਨਮੋ ਠਾਨਿ ਬਹੁ ਕਰੀ ਪ੍ਰਸੰਸਾ। ਸਤਿਗੁਰ ਸੋਢੀ ਕੁਲ ਅਵਤੰਸਾ॥ ੨੩॥ਜਬਿ ਕੇ ਤੁਮ ਇਤ ਕੋ ਚਲਿ ਆਏ।ਕਈ ਬਾਰ ਸਿਮਰਤ ਪਛੁਤਾਏ[4]। ਅਬਿ ਨਰਿੰਦਰ ਹਿਤ ਨੰਦਨ ਬਜਾਹੂ। ਬ੍ਰਿੰਦ ਗਿਰਿੰਦ੍ਰਨਿ ਮੇਲ ਉਛਾਹੂ ॥ ੨੪ ॥ ਚਢਿ ਕਹਿਲੂਰ ਤਜਾਗ ਕਰਿ ਆਏ। ਬਡੀ ਬਰਾਤ ਬਟੋਰਨ ਲਗਾਏ'।[5]"ਕਹੋ ਵਜ਼ੀਰ ਗਿਰੇਸ਼ਨ ਐਸੇ[6] –ਜੇ ਬਲ ਕੋ ਮਦ ਹੈ ਉਰ ਕੈਸੇ[7] ॥੨੫॥ ਤੌ ਬਿਨ ਸ਼ੰਕ ਸਮੁਖ ਚਲਿ ਆਵੋ।ਹਮ ਦਿਸ਼ ਤੇ ਨਹਿਂ ਦੇਰ ਲਗਾਵੋ।

---

[1]ਸਾਰਿਆਂ ਨੇ। [2]ਤਿੱਖਾ ਬਾਣ। [3]ਜਾਣਿਆਂ ਹੈ ਆਪ ਨੂੰ ਆਪਣਾ ਆਸਰਾ। [4]ਇਥੋਂ ਅੱਗੋਂ ਕੋਈ ਤੁਕ (ਯਾਂ ਤੁਕਾਂ) ਰਹੀ ਹੋਈ ਜਾਪਦੀ ਹੈ। ਗੁਰ ਬਿਲਾਸ ਵਿੱਚ ਇਹੋ ਪ੍ਰਸੰਗ ਹੈ, ਉਥੇ ਵਜ਼ੀਰ ਨੇ ਕਿਹਾ ਹੈ 'ਅਬ ਚਲੀਐ ਤਵਨੇ ਸਭ ਥਾਨਾ। ਆਨੰਦ ਪੁਰੇ ਬਿਮਲ ਅਸਥਾਨਾ'। ਇਥੇ ਉਪਰਲਾ ਭਾਵ ਰਹਿ ਗਿਆ ਇਸ ਗਲ ਤੋਂ ਸਹੀ ਹੋ ਜਾਂਦਾ ਹੈ ਕਿ ਅੱਗੇ ਅੰਕ ੨੬ ਵਿਚ ਗੁਰੂ ਜੀ ਇਸੇ ਗਲ ਦਾ ਉੱਤਰ ਦੇ ਰਹੇ ਹਨ ਜੋ ਗੁਰ ਬਿ: ਵਿਚ ਹੈ ਤੇ ਸੂ: ਪ੍ਰ: ਵਿਚ ਨਹੀਂ। [5](ਗੁਰੂ ਜੀਨੇ ਕਿਹਾ)। [6]ਹੇ ਵਜ਼ੀਰ! ਪਹਾੜੀ ਰਾਜਿਆਂ ਨੂੰ ਐਉਂ ਕਹੁ:– [7]ਜੇ ਬਲ ਦਾ ਹੰਕਾਰ ਕਿਸੇਤਰ੍ਹਾਂ ਦਾ ਬੀ ਹੈ।

[1]ਪਹੁੰਚਨਿ ਤੈਂ ਅਨੰਦਪੁਰਿ ਕਹ੍ਯੋ। ਇਸ ਬਿਧਿ ਹਮ ਨੇ ਨੀਕ ਨ ਲਹ੍ਯੋ॥
੨੬॥ਬਿਜੈ ਕਰੈਂਗੇ ਪੂਰਬ ਅਰਿ ਕੋ। ਪੁਨ ਗਮਨਹਿੰਗੇ ਆਪਨ ਪੁਰਿ ਕੋ[1]।
ਦਗੇ ਬਾਜ਼ ਕੀ ਗੈਲ ਨ ਜਾਵੈਂ। ਕਹੈਂ ਅਪਰ ਮੁਖ, ਅਪਰ ਕਮਾਵੈਂ[2]॥੨੭॥
ਅਪਨੇ ਬਲ ਆਸ਼੍ਰਯ ਹਮ ਰਹੈਂ।ਜੇਨਿਰਬਲ ਤੇ ਪਰ*ਕੋ ਲਹੈਂ[3]।ਉਛਲਤਿ
ਮਮ ਤਰਕਸ਼ ਕੇ ਤੀਰ। ਪ੍ਰਵਿਸ਼ਹਿੰ ਤੂਰਨ ਰਿਪੁਨਿ ਸਰੀਰ ॥ ੨੮ ॥ ਜਸੇ
ਬਲਮੀਕ ਬਿਖੈ ਅਹਿ ਬਰੈਂ[4]। ਡਸੈਂ ਸ਼ੱਤ੍ਰ ਕੌ[5] ਤਤਛਿਨ ਮਰੈਂ। ਗਿਰਪਤਿ
ਹਿਤ ਬਰਾਤ ਪਹੁਨਾਈ[6]। ਲਖਿ ਆਗਮੌਨ ਸੁਧਾਰਿ ਬਨਾਈ॥੨੯॥ ਢਾਲ
ਬਿਸਾਲ ਥਾਲ ਕਰਿ ਆਗੇ।ਘੇਵਰ ਖੜਗ ਦੇਉਂ ਤਨ ਖਾਂਗੇ[7]।ਗਨ ਗੁਲਕਾ
ਬਹੁ ਸ਼ੱਕਰਪਾਰੇ। ਖਪਰੇ ਬ੍ਰਿੰਦ ਜਲੇਬ ਉਤਾਰੇ ॥ ੩੦ ॥ ਸੂਰ ਸਮੂਹ
ਪਰੋਸਨਹਾਰੇ।ਤ੍ਰਿਪਤਾਵਹਿਂ ਬਹੁ ਭਾਂਤਿ ਕਰਾਰੇ[8]। ਰਖਹੁ ਬੀਰਤਾ ਛੁਧਾ[9] ਜਿ
ਮਨ ਮੈਂ।ਬਿਨਾ ਬਿਲਮ ਪਹੁੰਚਹੁ ਅਬਿ ਰਨ ਮੈਂ॥੩੧॥ਨਾਤੁਰ ਗੀਦੀ ਮੂਢ
ਗਵਾਰੋ। ਅਪਰ ਪੰਥ ਕੋ ਦੇਖਿ ਸਿਧਾਰੋ।ਸੁਨਹੁ ਵਜ਼ੀਰ! ਜਥਾ ਹਮ ਕਰਨੀ।
ਸਭਿ ਨਿਸ਼ਕਪਟ ਤੋਹਿ ਢਿਗ ਬਰਨੀ ॥ ੩੨ ॥ ਚਹੋ ਜੰਗ ਤੌ ਇਤ ਚਲਿ
ਆਵੋ। ਬਹੁ ਦਿਵਸਨਿ ਕੋ ਛੋਭ ਮਿਟਾਵੋ'। ਇਮ ਸਤਿਗੁਰ ਜਬਿ ਸਾਫ
ਬਖਾਨੀ। ਨਹਿਂ ਕਹਿ ਸਕ੍ਯੋ ਦੂਤ ਕਛੁ ਬਾਨੀ ॥੩੩॥ਤਰੇ ਦ੍ਰਿਸ਼ਟਿ ਕਰਿ
ਬੈਠ੍ਯੋ ਰਹ੍ਯੋ ।-ਘਟ ਘਟ ਕੋ ਗ੍ਯਾਤਾ ਪ੍ਰਭੁ-ਲਹ੍ਯੋ।-ਕਪਟ ਗਿਰਿੰਦ੍ਰਨਿ
ਕੋ ਮਨ ਜਾਨਾ।ਕਿਮ ਸਹਿ ਸਕਹਿਂ ਆਪਨੀ ਹਾਨਾ[10]-॥੩੪॥ਇੱਤ੍ਯਾਦਿਕ
ਬਿਚਾਰਿ ਮਨ ਮਾਂਹੀ। ਨਿਸ਼ਚੈ ਲਖੀ ਪੰਥ ਦੈ ਨਾਂਹੀ[11]-। ਜੁਗ ਕਰ ਜੋਰਿ
ਬੰਦਨਾ ਠਾਨੀ। ਉਠਿ ਚਹਿ ਗਮਨ੍ਯੋ ਚਿੰਤ ਮਹਾਨੀ ॥ ੩੫॥ ਸਰਬ ਸਭਾ
ਕੋ ਕਰਿ ਕਰਿ ਨਮੋਂ। ਨਿਕਸਿ ਦ੍ਵਾਰ ਹਯ ਚਢਿ ਤਿਹ ਸਮੋਂ। ਜਹਿਂ ਕਹਿਂ
ਬੀਰ ਬ੍ਰਿੰਦ ਬਰ ਹੇਰੇ।ਪਿਖੇ ਪਠਾਨਨਿ ਕੇ ਬਹੁ ਡੇਰੇ॥੩੬॥ਆਯੁਧ ਅਧਿਕ

[1](ਵਜ਼ੀਰ ਨੇ ਗੁਰੂ ਜੀ ਨੂੰ ਮੁੜ ਅਨੰਦਪੁਰ ਚਲਣ ਲਈ ਕਿਹਾ ਹੋਸੀ, ਉਸ ਦੇ ਉਤਰ ਵਿਚ ਕਹਿੰਦੇ ਹਨ ਕਿ) ਤੂੰ ਸਾਨੂੰ ਕਿਹਾ ਹੈ ਕਿ ਅਨੰਦਪੁਰ ਮੁੜ ਕੇ) ਚਲ ਪਹੁੰਚੋ ਐਉਂ (ਜਾਣਾ) ਸਾਨੂੰ ਚੰਗਾ ਨਹੀਂ ਲਗਦਾ, ਪਹਿਲਾਂ ਵੈਰੀ ਨੂੰ ਜਿੱਤਾਂਗੇ ਫੇਰ ਆਪਣੇ ਸ਼ਹਿਰ ਚਲਾਂਗੇ। [2]ਮੂੰਹੋਂ ਹੋਰ ਕਹਿੰਦੇ ਹਨ ਤੇ ਕਮਾਉਂਦੇ ਹੋਰ ਹਨ। [3]ਨਿਰਬਲ ਓਹ ਹਨ ਜੋ ਦੂਜੇ ਦਾ (ਆਸਰਾ) ਤੱਕਦੇ ਹਨ। [4]ਜਿਉਂ ਖੁੱਡਾਂ ਵਿਚ ਸਪ ਵੜਦੇ ਹਨ (ਇਉਂ)। [5]ਵੈਰੀ (ਦੇ ਸਰੀਰ ਵਿਚ ਧਸ ਕੇ) ਡਸਣਗੇ। [6]ਪ੍ਰਾਹੁਣਚਾਰੀ। [7]ਤਨ ਨੂੰ ਚੀਰਨ ਵਾਲੀ ਤਲਵਾਰ ਰੂਪੀ ਘੇਵਰ ਦਿਆਂਗਾ। (ਅ) ਖਾਂਗੇ=ਖਾਣ ਲਈ। (ੲ) ਖਾਂਗੇ=ਖੱਗ, ਖੜਗ। [8]ਬਹੁਤ ਤਰ੍ਹਾਂ ਕਰੜੇ। [9]ਸੂਰਮੱਤਣ ਰੂਪੀ ਭੁੱਖ। [10](ਤੇ ਸੋਚਣ ਲਗਾ ਕਿ ਸ੍ਰੀ ਗੁਰੂ ਜੀ) ਆਪਣੀ ਹਾਨੀ ਕਿਸ ਤਰ੍ਹਾਂ ਸਹਾਰ ਸਕਦੇ ਹਨ। [11]ਰਾਹ ਨਹੀਂ ਦੇਣਗੇ।

*ਪਾ:-ਪਦ।

ਮੋਲ ਕੇ ਧਰੈਂ। ਚਪਲ ਬਲੀ ਹਯ ਊਪਰ ਚਰੈਂ। ਸਿੱਖ ਸੁਭਟ ਸਮੁਦਾਇ ਸਿਵਰ ਮੈਂ। ਜਥਾ ਸ਼ੇਰ ਕਾਨਨ ਗਿਰਵਰ ਮੈਂ[1]॥੩੭॥ ਤੁਰੰਗ ਤਬੇਲੇ ਥਿਤ ਗਨ ਲੈਨ[2]। ਅਨਿਕ ਦੇਸ਼ ਕੇ ਭਟ ਬਿਨ ਚੈਨ*। ਨਾਨਾ ਰੀਤਿ ਦਿਪਤ ਹੱਥਨਾਰੇ। ਹੇਰਤਿ ਹਹਿਰ[3] ਹਿਰਾਨ ਬਿਚਾਰੈ[4] ॥੩੮॥—ਦੁਰਗ ਮਹਾਂ ਦਿਢ ਦੀਰਘ ਦਿਪੈ।ਥਲਥਲ ਥਿਰੇ ਸੁਚੇਤੀ ਥਪੈਂ[5]।ਬਸਯੋ ਨਗਰ ਬਹੁ ਬਿਚਰਤਿ ਮਾਨਵ। ਨਿਜ ਬਿਵਹਾਰ ਕਰਤਿ ਹਿਤ ਠਾਨਵ[6]—॥੩੯॥ ਨਿਕਸਿ ਵਹਿਰ ਗਮਨਯੋਂ ਲਘੁ ਦੂਰੀ[7]।ਉਪਬਨ[8] ਪਿਖਯੋ ਰਚਨ ਜਿਸ ਰੂਰੀ। ਨਾਨਾ ਜਾਤਿ ਤਰੋਵਰੁ ਖਰੇ।ਸੁਮਨਸ ਖਰੇ ਸ਼ੁਭਨ ਖਗ ਰਰੇ[9]॥੪੦॥ਸੰਗੀ ਮਨੁਖਨਿ ਸੰਗ ਬਖਾਨਾ। 'ਗੁਰ ਪ੍ਰਤਾਪ ਤੁਮ ਪਿਖਹੁ ਮਹਾਨਾ। ਚਢਿ ਅਨੰਦਪੁਰ ਤੇ ਇਤ ਆਇ। ਗਿਰ ਕਾਨਨ ਮਹਿਂ ਨਗਰ ਬਸਾਇ॥ ੪੧ ॥ ਥੋਰੇ ਦਿਵਸਨ ਮਹਿਂ ਅਸ ਰਚਨਾ। ਨਰਨਿ ਸਮਾਜ ਭਯੋ ਬਡ ਸਚਨਾ[10]।ਬ੍ਰਿੰਦ ਬਾਹਿਨੀ ਜਹਿਂ ਕਹਿਂ ਛਾਈ[11]। ਸ੍ਰੀ ਜਮਨਾ ਤਟ ਸੁੰਦਰ ਥਾਈਂ'॥੪੨॥ਇੱਤਯਾਦਿਕ ਕਹਿ ਕਰਿ ਚਲਿ ਜਾਵਤਿ।ਸਤਿਗੁਰ ਕੀਰਤਿ ਸਭਿਨਿ ਸੁਨਾਵਤਿ।ਪਹੁੰਚਯੋ ਸੈਲ-ਪਤਿਨਿ ਜਹਿਂ ਡੇਰਾ।ਸਭਿਹਿਨਿ ਰਿਦੈ ਸੰਦੇਹ ਬਡੇਰਾ॥੪੩॥—ਕਲਗ਼ੀਧਰ ਮਗ ਦੇਹਿਂ ਕਿ ਨਾਂਹੀ। ਦਲ ਬਿਸਾਲ ਕੋ ਸੁਨਿ ਡਰਪਾਹੀਂ[12]—। ਕੇਤਿਕ ਕਹੈਂ 'ਗੁਰੂ ਬਰ ਬੀਰ। ਕਿਮਹੁਂ ਨ ਉਲੰਘਨਿ ਦੇਹਿ ਬਹੀਰ ॥੪੪॥ ਨ੍ਰਿਭੈ ਰਹਤਿ ਹੈਂ ਜੇ ਬਡ ਜੋਧਾ।ਗਿਨਹਿਂ ਨ ਬਹੁਤ, ਕਰਹਿਂ ਰਣ ਕ੍ਰੋਧਾ[13]†। ਪੁਨ ਤਿਨ ਕੋ ਘਰ ਊਪਰ ਮਗ ਕੇ। ਕਹੋ ਨ੍ਰਿਪਨ ਕੇ ਤਜਹਿਂ ਨ ਭਗਕੇ[14]॥੪੫॥ ਸ਼ਸਤ੍ਰ ਧਾਰੀਅਨਿ ਮਹਿਂ ਅਤਿ ਸ੍ਰੇਸ਼ਟ। ਦੇਗ਼ ਤੇਗ਼ ਕੇ ਧਨੀ ਸੁ ਜੇਸ਼ਟ[15]'। ਇੱਤਯਾਦਿਕ ਬੋਲਤਿ ਮਿਲਿ ਕਰਿਕੈ।ਮਨੈ ਪਰਬਤੀ ਸੰਸੈ ਧਰਿਕੈ[16]॥੪੬॥

[1]ਪਹਾੜੀ ਜੰਗਲ ਵਿਚ। [2]ਕਤਾਰ, ਲਾਰ [ਅੰ:, ਲਾਈਨ Line]। [3]ਕੰਬਿਆ। [4]ਹੈਰਾਨ ਹੋਕੇ ਵਿਚਾਰਦਾ ਹੈ। [5]ਸੁਚੇਤੀ ਕਰਦੇ ਹਨ। [6]ਪ੍ਰੇਮ ਕਰਕੇ! [7]ਥੋੜੀ ਦੂਰ ਤਕ। [8]ਬਾਗ। [9]ਫੁਲਾਂ (ਦੇ ਬੂਟੇ) ਖੜੇ ਹਨ (ਤੇ) ਸ਼ੋਭਦੇ ਹਨ ਪੰਛੀ ਚਹਿਕਦੇ। [10]ਇਕੱਠਾ। [11]ਫੈਲੀ ਹੋਈ ਹੈ। [12](ਸਾਡਾ) ਦਲ ਬਹੁਤਾ ਸੁਣਕੇ ਡਰਦੇ ਹਨ (ਕਿ ਨਹੀਂ ਗੁਰੂ ਜੀ)। [13](ਆਪ) ਜੁ ਵੱਡਾ ਜੋਧਾ ਹੈ ਨਿਰਭੈ ਰਹਿੰਦਾ ਹੈ; (ਜਦੋਂ) ਕ੍ਰੋਧ ਕਰਕੇ ਰਣ ਕਰਦਾ ਹੈ ਤਾਂ ਬਹੁਤਿਆਂ ਦੀ ਗਿਣਤੀ ਨਹੀਂ ਕਰਦਾ ਭਾਵ ਪ੍ਰਵਾਹ ਨਹੀਂ ਕਰਦਾ। (ਅ ਜੋ ਵੱਡੇ ਵੱਡੇ ਜੋਧੇ (ਉਹਨਾਂ ਪਾਸ ਰਹਿੰਦੇ ਹਨ) ਓਹ (ਡਾਢੇ) ਕ੍ਰੋਧ ਨਾਲ ਲੜਦੇ ਹਨ, (ਸ਼ੱਤ੍ਰੂਆਂ ਦੀ) ਬੁਤੈਤ ਨੂੰ ਗਿਣਦੇ ਨਹੀਂ ਭਾਵ ਕੁਛ ਸ਼ੈ ਨਹੀਂ ਸਮਝਦੇ। [14]ਨੱਸਕੇ। [15]ਬੜੇ। [16]ਪੈਰਬਤ ਵਾਸੀ ਮਨ ਵਿੱਚ ਸੰਸਾ ਧਾਰਕੇ ਮਿਲਿ ਮਿਲਿਕੇ ਗੱਲਾਂ ਕਰਦੇ ਹਨ। (ਅ) ਮਨੈ ਪਰਬਤੀ=ਪਰਬਤੀ ਮਾਨੂ=ਭਾਵ ਪਹਾੜੀ ਆਦਮੀ।

*ਪਾ:—ਥਿਤ ਹੈਨ। †ਪਾ:—ਰੋਧਾ।

ਇਤਨੇ ਮਹਿਂ ਵਜ਼ੀਰ ਚਲਿ ਆਯੋ।ਗਰਬਚ ਸੁਨਿਬੇਦਲ ਉਮਡਾਯੋ।‘ਦਿਯੋ ਕਿ ਨਹੀਂ ਪੰਥ ਹਿਤ ਜਾਨੈ[1]? ਲਰਹਿ ਕਿ ਨਹੀਂ,ਮੇਲ ਕੋ ਠਾਨੈ?’॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ ‘ਵਜ਼ੀਰ’ ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥੧੨॥　　੧੩. ਕੇਵਲ ਦੂਲਹੁ ਤੇ ਵਜ਼ੀਰ ਦੇ ਲੰਘਣ ਦੀ ਆਗਜ਼ਾ ਲੈਣੀ]।

ਦੋਹਰਾ ॥ ਭੀਮਚੰਦ ਸੁਧਿ ਗੁਰੂ ਕੀ ਕਰਤਿ ਪ੍ਰਤੀਖਨ ਚੀਤ। [2]ਗਮਨਜੋ ਸ਼ੀਘ੍ਰ ਢੁਕਾਉ ਹਿਤ ਮਿਲਹਿਂ ਅਨਿਕ ਨ੍ਰਿਪ ਮੀਤਿ[2] ॥੧॥ ਚੌਪਈ॥ ਉਤਰਿ ਤੁਰੰਗ ਤਤਕਾਲ ਵਜ਼ੀਰ। ਪਹੁੰਚਯੋ ਚਲਿ ਗਿਰਪਤਿ ਕੇ ਤੀਰ। ਮੁਸਕਾਵਤਿ ਮੁਖ ਨਿਕਟਿ ਬਿਠਾਰ॥ [3]‘ਕਹੋ ਕਹਾਂ ਸਤਿਗੁਰੂ ਉਚਾਰ?’॥੨॥ਸੁਨਿ ਮੰਤ੍ਰੀ ਕਰ ਜੋਰਿ ਬਖਾਨਾ। ‘ਕਲਗ਼ੀਧਰ ਤੁਮਰੋ ਛਲ ਜਾਨਾ।–ਅਪਨੋ ਅਰਥ[4]ਹੇਤੁ ਬਨ ਮੀਤਾ।ਪੁਨ ਤਤਛਿਨ ਹੋਵਤਿ ਬਿਪਰੀਤਾ[5]–॥੩॥ਸਾਹਿਬ ਕਰਾਮਾਤ ਗੁਰੁ ਪੂਰਾ। ਕਿਮ ਪੁਜ ਸਕਹਿ ਤਿਨਹੁਂ ਢਿਗ ਕੂਰਾ। ਕਹੀ ਜਾਇ ਕਰਿ ਅਧਿਕ ਪ੍ਰਸੰਸ॥ ਸੁਨਿ ਕਰਿ ਸੋਢਿ ਬੰਸ ਅਵਤੰਸ਼॥੪॥ਕਪਟ ਸਮੇਤ ਜਾਨਿ ਨਹਿਂ ਮਾਨੀ। ਭਰੀ ਬੀਰ ਰਸ ਗਿਰਾ ਬਖਾਨੀ।–ਇਸ ਮਗ ਮਹਿਂ ਨਹਿਂ ਉਲੰਘਨ ਦੈ ਹੌਂ।ਰੋਕਿ ਬਿਲੋਕਤਿ ਸ਼ੋਕ ਉਪੈ ਹੌਂ[6]॥੫॥ਜੇ ਗਿਰ ਪਤਿਨਿ ਬਿਖੈ ਬਲ ਭਾਰੀ। ਦਲ ਸਕੇਲ ਚਲਿ ਆਉ ਅਗਾਰੀ। ਬਿਗਰੇ ਰਹਹੁ ਅਨੰਦ ਪੁਰਿ ਜਬਿ ਕੇ[7]।ਲਰਿਬੇ ਤਯਾਰ ਅਹੈਂ ਹਮ ਤਬਿਕੇ॥੬॥ਜੰਗ ਖੇਤ ਅਭਿਲਾਖਾ ਰਾਖੀ। ਪੁਰਵਹੁ ਅਬਹਿ ਆਨਿ–ਗੁਰ ਭਾਖੀ।–ਕਰਨਿ ਸੰਧਿ[8] ਕੋ ਕਾਜ ਨ ਕੋਈ। ਬਨਹਿ ਮਿਲਹਿਂ ਗਨ ਸ਼ਸਤ੍ਰਨਿ ਸੋਂ ਈ[9]॥੭॥ ਖਰੇ ਪੰਚ ਸੈ ਸੁਭਟ ਅਗਾਰੀ।ਕਰਹਿਂ ਪ੍ਰਤੀਖਨ ਤੁਮ ਅਸਵਾਰੀ। ਗੁਰ ਦਲ ਮਹਿਂ ਨਹਿਂ ਬਿਲਮ ਰਤੀਕੀ[10]।ਚਾਹਿ ਪਿਖਿਨਿਤੁਮ ਚਮੂੰ ਗਤੀਕੀ[11]’॥੮॥ ਭੀਮਚੰਦ ਸੁਨਿ ਚਿੰਤ ਬਿਸਾਲਾ।–ਪਰਯੋ ਬਿਘਨ ਕਿਮ ਹੋਇ ਨ ਟਾਲਾ। ਬਯਾਹ ਦਿਵਸ ਅਬਿ ਆਇ ਨਜੀਕਾ। ਪਰਹਿ ਜੰਗ ਬਡ, ਹੋਹਿ ਨ ਠੀਕਾ ॥੯॥ ਅਪਰ ਪੰਥ ਜੈਬੇ ਕਹੁ ਨਾਂਹੀ। ਜੇ ਕੋ ਅਹੈ ਦੂਰ ਕੋ ਜਾਹੀ[12]। ਬਿਤ

[1]ਜਾਣ ਵਾਸਤੇ ਰਾਹ। [2](ਜੋ ਭੀਮਚੰਦ) ਜਾ ਰਿਹਾ ਸੀ ਅਨੇਕਾਂ ਰਾਜੇ ਮਿੱਤ੍ਰਾਂ ਨੂੰ ਨਾਲ ਮਿਲਾ ਕੇ ਢੁਕਾਉ ਲਈ। [3]ਭੀਮਚੰਦ ਨੇ ਪੁੱਛਿਆ। [4]ਅਪਣੇ ਮਤਲਬ। [5]ਉਲਟ,ਵਿਰੋਧੀ। [6]ਰੋਕਾਂਗਾ ਤੇ ਵੇਖਦਿਆਂ ਵੇਖਦਿਆਂ ਸ਼ੋਕ ਉਪਾਦਿਆਂਗਾ,ਭਾਵ ਸ਼ੱਤ੍ਰ ਨੂੰ ਨਾਸ਼ ਕਰਾਂਗਾ। (ਅ) (ਜੇ ਰਾਜੇ ਵਲੋਂ ਮੈਂ ਆਪਣੀ ਇਸ ਗਲ ਵਿਚ ਰੋਕ=) ਅੜੀ ਵੇਖਾਂਗਾ ਤਾਂ ਸ਼ੋਕ ਉਪਾਵਾਂਗਾ। [7]ਜਦ ਅਨੰਦਪੁਰ (ਸੀ) ਤਦ ਦੇ ਵਿਗੜੇ ਰਹਿੰਦੇ ਹੋ। [8]ਮੇਲ। [9]ਸਮੂਹ ਸ਼ਸਤ੍ਰਾਂ ਨਾਲ ਹੀ ਮੇਲ ਗੇਲ ਬਣੇਗਾ (ਹੁਣ)। [10]ਰਤੀ ਕੁ ਬੀ [11]ਸੈਨਾਂ ਦੀ ਚਾਲ ਦੇਖਣ ਦੀ। [12]ਦੂਰ ਦੀ ਜਾਂਦਾ ਹੈ।

ਜੈ ਹੈ ਸਾਹੇ ਕੋ ਸਮੈਂ । ਆਨਿ ਬਨੀ ਅਸਮੰਜਸ[1] ਹਮੈਂ–॥੧੦॥ ਚਿਤਵਤਿ ਗਿਰਪਤਿ ਸਕਲ ਬੁਲਾਇ।ਕਰਿ ਆਦਰ ਨਿਜ ਨਿਕਟਿ ਬਿਠਾਇ। 'ਮਿਲਿ ਮਸਲਤ ਕੀਜਹਿ ਅਬਿ ਕੈਸੇ। ਸਮਧੀ ਸਦਨ ਪਹੂੰਚਹਿੰ ਜੈਸੇ॥੧੧॥ ਗੁਰੂ ਕੈਨੇ ਤੇ ਇਹ ਸੁਧਿ ਆਈ। ਦੇਤਿ ਨ ਮਗ ਦ੍ਰਿਢ ਹੇਤੁ ਲਰਾਈ[2]'। ਸੁਨਿ ਸੈਲੇਂਦ੍ਰਨਿ ਕਰਿ ਹੰਕਾਰਾ। ਸਭਿਹਿਨਿ ਧੀਰਜ ਹੇਤੁ ਉਚਾਰਾ॥੧੨॥'ਕਹਾਂ ਤ੍ਰਾਸ ਚਿਤ ਮੈਂ ਤੁਮ ਕੀਨੋ। ਇਤੋ ਕਟਕ[3] ਇਕੱਤ੍ਰ ਕਰਿ ਲੀਨੋ*। ਸੂਧੇ ਗਮਨਹਿੰ ਪੰਥ ਮਝਾਰੇ।ਬਨ ਅਰਿ ਅਰਹਿ ਜਿ ਆਇ ਅਗਾਰੇ[4]॥੧੩॥ਬੀਨ ਬੀਨ ਹਮ ਸੁਭਟ ਬਟੋਰੈਂ[5]।ਹੇਲ ਘਾਲਿ[6]ਰਿਪੁ ਊਪਰ ਦੌਰੈਂ।ਸਭਿਨਿ ਧਕਾ-ਵਹਿੰ ਕਰਹਿੰ ਕਿਨਾਰੇ[7]। ਦ੍ਰਿਢ ਹ੍ਵੈ ਕਰੈਂ, ਰਹੈਂ ਬਲਿ ਭਾਰੇ॥੧੪॥ ਗੁਲਕਾਂ ਸ਼ਲਖਨਿ ਮਾਰਹਿੰ ਤਕਹੀ। ਰਿਪੁ ਬਹੀਰ ਪਰ ਆਇ ਨ ਸਕਹੀ।ਸਨੈ ਸਨੈ ਮਗ ਉਲੰਘਹਿੰ ਸਾਰੇ। ਚਢਿ ਨੌਕਾ ਜਮੁਨਾ ਪਰਿ ਪਾਰੇ॥੧੫॥ਜਬਿ ਸਮਾਜ ਪਰਲੈ ਹੁਇ ਕੂਲ[8]। ਦੇ ਕਰਿ ਏਕ ਬਾਰ ਦਲ ਹੂਲ[9]। ਡੇਰੇ ਮਹਿੰ ਤਬਿ† ਕਰੀਅਹਿ ਛੂਟ। ਸ਼ਸਤ੍ਰ ਬਸਤ੍ਰ ਧਨ ਲੀਜਹਿ ਲੂਟ ॥੧੬॥ ਦਲ ਬਲ ਤੇ ਗੁਰ ਸੈਨ ਹਟਾਇ। ਲੂਟਤਿ ਚਲਹਿੰ ਨਿਸ਼ਾਨ ਬਜਾਇ'। ਇਮ ਜਸਵਾਲ ਕੇਸਰੀ ਚੰਦ। ਕਹਯੋ ਗੁਪਾਲ ਗੁਲੇਰ ਨਰਿੰਦ ॥ ੧੭ ॥ ਸੰਗ ਕ੍ਰਿਪਾਲ ਕਟੋਚਿਨ ਆਦਿ।ਭਯੋ ਪਰਸਪਰ ਚਲਨਿ ਸੰਬਾਦ।ਭੀਮਚੰਦ ਸਤਿਗੁਰ ਕੋ ਜਾਨਹਿ।–ਆਯੁਧ ਧਾਰੀ ਬੀਰ–ਪਛਾਨਹਿ॥੧੮॥ਨਹਿੰ ਲਰਿਬੇ ਕੀ ਮਸ-ਲਤ ਮਾਨੀ। 'ਨਹਿੰ ਆਛੀ,ਦੁਖਦਾਨ ਮਹਾਨੀ[10]।ਕਹੁ ਵਜ਼ੀਰ! ਉਲੰਘਨ ਕੀ ਬਾਤ। ਕਿਮ ਰਹਿ ਆਇ ਬਨਾਹ ਕੀ ਬਾਤ ॥ ੧੯ ॥ ਗੁਰ ਢਿਗ ਦਲ ਕੇਤਿਕ ਮਿਲਿ ਗਯੋ। ਕਿਮ ਠਕੁਰਾਈ[11] ਠਾਨਤਿ ਭਯੋ। ਤੁਮ ਮਤਿ ਮਹਿੰ ਆਵਤਿ ਕਹੁ ਕੈਸੇ ? ਬਿਘਨ ਨ ਪਰਹਿ ਆਨ ਕਰਿ ਜੈਸੇ'॥ ੨੦ ॥ ਸੁਨਤਿਬੈਨ ਪਰਧਾਨ ਬਖਾਨੈ।'ਸਭਿਗਿਰਿੰਦ੍ਰ ਤੁਮਬਹੁ ਬੁਧਿਵਾਨੈ। ਨਿਕਟ ਚਮੂੰ ਭੀ ਅਹੈ ਮਹਾਨਾ[12]। ਤਊ ਨ ਹੋਵਹੁ ਗੁਰੂ ਸਮਾਨਾ ॥ ੨੧ ॥ ਲਾਖਹੁੰ ਨੰਮ੍ਰਿ ਹੋਇਂ ਨਰ ਪਾਇਨ। ਆਨਹਿੰ ਅਰਪਹਿੰ ਅਨਿਕ ਉਪਾਇਨ। ਸ਼੍ਰੀ

[1]ਅਣ ਬਣ। [2]ਲੜਾਈ ਕਰਨ ਲਈ ਦ੍ਰਿੜ ਹੈ। [3]ਸੈਨਾ। [4]ਸ਼ੱਤ੍ਰੂ ਬਣਕੇ ਜੋ ਅੱਗੇ ਆਕੇ ਅੜੇਗਾ। [5]ਇਕੱਠੇ ਕਰਾਂਗੇ। [6]ਹੱਲਾ ਦੇਕੇ। [7]ਪਾਸੇ ਕਰਾਂਗੇ (ਰਾਹ ਤੋਂ) । [8]ਪਰਲੇ ਕਿਨਾਰੇ ਤੇ ਹੋ ਜਾਏਗਾ। [9]ਹੱਲਾ ਕਰਕੇ। [10](ਲੜਨ ਦੀ ਸਲਾਹ) ਚੰਗੀ ਨਹੀਂ ਦੁਖਦਾਈ ਹੈ ਬਹੁਤ। [11]ਸਰਦਾਰੀ। (ਅ) ਰਜਧਾਨੀ ਸਾਜੀ ਹੈ। [12]ਬਹੁਤ ਹੈ (ਤੁਹਾਡੇ ਪਾਸ)।

*ਇਥੋਂ ਸਪਸ਼ਟ ਹੈ ਕਿ ਰਾਜਿਆਂ ਨਾਲ ਫੌਜ ਬਹੁਤ ਸੀ। †ਪਾ:–ਹਬ।

ਨਾਨਕ ਕੀ ਗਾਦੀ ਸਾਥ। ਕਿਮ ਸਮਸਰਤਾ ਹੁਇ ਗਿਰ ਨਾਥ ! ॥ ੨੨॥
ਅਬਿ ਅਨੰਦ ਪੁਰਿ ਤੇ ਸੌ ਗੁਨਾ। ਦਲ ਪ੍ਰਤਾਪ ਬਾਢਯੋ ਅਤਿ ਘਨਾ।ਸੁਭਟ
ਸ਼ਸਤ੍ਰ ਜੁਤਿ ਜਿਤ ਕਿਤ ਖਰੇ । ਪੁਸ਼ਟ ਤੁਰੰਗਮ ਗਨ ਬਲ ਭਰੇ ॥ ੨੩ ॥
ਅਤਿ ਉਤਸਾਹ ਚਮੂੰ ਬਹੁ ਦੀਖਾ। ਲਰਿ ਕਰਿ ਕੋਇ ਨ ਬਨੈ ਸਰੀਖਾ[1] ।
ਜਮਨਾ ਤਟ ਲੌ ਦੇਹਿਂ ਨ ਜਾਨੇ । ਵਧਹਿਂ ਅਗਾਊ ਕਰਿ ਘਮਸਾਨੇ[2]॥੨੪॥
ਕਿਮ ਤਿਨ ਕੌ ਲੂਟਨਿ ਤੁਮ ਚਾਹਾ।ਰਾਤਿ ਦਿਵਸ ਜਿਨ ਲਰਨਿ ਉਮਾਹਾ।
ਧਨ ਹੰਕਾਰ ਨ ਕੀਜਹਿ ਐਸੇ। ਪਸ਼ਚਾਤਾਪ ਬਿਸੂਰਹੁ ਜੈਸੇ ॥ ੨੫ ॥ ਮੈਂ
ਦੇਖੀ ਸਭਿ ਰੀਤਿ ਬਿਚਾਰੀ। ਗੁਰੂ ਨ ਉਲੰਘਨਿ ਦੇਹਿ ਅਗਾਰੀ। ਕਿਸ
ਬਿਧਿ ਹੋਤਿ ਸਾਮਤਾ[3] ਨਾਂਹੀ। ਲਰਿਬੇ ਬਿਜੈ ਨਹੀਂ ਰਨ ਮਾਂਹੀ ॥ ੨੬ ॥
ਔਰ ਉਪਾਵ ਏਕ ਮੈਂ ਜਾਨਾ। ਦੂਲਹੁ ਇਸ ਮਗ ਕਰਹੁ ਪਯਾਨਾ। ਇਕ
ਦੁਇ ਸੇਵਕ ਲੇ ਕਰਿ ਸੰਗ। ਸਨਮੁਖ ਗਮਨਯੋਂ ਜਾਇ ਨਿਸੰਗ[4]॥ ੨੭ ॥
ਬਯਾਹ ਸਮੇਂ ਪਹੁੰਚੈ ਸਸੁਰਾਰੇ। ਫੇਰੇ ਫਿਰਹਿ ਕਾਜ ਕੌ ਸਾਰੇ। ਅਪਰ
ਜਾਹਿਂ ਸਭਿ ਮਾਰਗ ਦੂਜੇ। ਸਨੇ ਸਨੇ ਚਲਿ ਕੈ ਤਹਿਂ ਪੂਜੇ[5] ॥ ੨੮ ॥
ਆਛੋ ਜਤਨ ਅਹੈ ਇਕ ਏਹੀ। ਅਪਰ ਬਿਧੀ ਉਰ ਆਇ ਨ ਕੇਹੀ'।
ਸੁਨਤਿ ਕੇਸਰੀ ਅਪਰ ਗੁਪਾਲ। ਸਭਾ ਬੀਚ ਬੋਲੇ ਤਿਸ ਕਾਲ ॥ ੨੯ ॥
ਕਹਾਂ ਬਾਤ ਤੈਂ ਕਹੀ ਵਜ਼ੀਰ ?। ਹਮ ਕੋ ਨਾਂਹਿ ਨ ਜਾਨਯੋਂ ਬੀਰ। ਕਰਿ
ਕਾਤੁਰ ਸਭਿ ਚਹਤਿ ਹਟਾਈ[6]। ਕਹਾਂ ਗੁਰੂ ਢਿਗ ਦੇਖਯੋ ਜਾਇ?॥੩੦॥
ਕੌਨ ਜਾਤਿ ਕੇ ਹੈਂ ਬਰ ਬੀਰ ? ਕਟਕ[7] ਬਟੋਰਿ ਜੁ ਰਾਖਯੋ ਤੀਰ। ਕੇਤਿਕ
ਗਿਨਤੀ ਮਹਿਂ ਮਨੁ[8] ਜਾਨੇ ? ਕੇਤਿਕ ਅਸੁ[9] ਕਿਸ ਬਿਧ ਸਵਧਾਨੇ ?'
॥੩੧॥ਸੁਨਿ ਵਜ਼ੀਰ ਗਿਰਨਾਥਹਿ ਸਾਥ।ਕਹਤਿ ਭਯੋ ਗੁਰ ਦਲ ਕੀ ਗਾਥ।
'ਘਨੇ ਪਠਾਨ ਬਨ੍ਹੇ ਹਥਯਾਰ[10]। ਸਭਿ ਤੇ ਉਰੇ ਪਰੇ[11] ਬਲਧਾਰਿ ॥ ੩੨ ॥
ਬਾਨ ਸਰਾਸਨ ਧਾਰਨਹਾਰੇ। ਖੜਗ ਤੁਪਕ ਯੁਤ ਭਿੜਨਿ ਕਰਾਰੇ। ਦੇਸ਼
ਬਿਦੇਸ਼ੀ ਭਟ ਸਿਖ ਸੰਗਤਿ। ਥਲ ਥਲ ਥਿਰੇ ਪਿਖੀ ਬਹੁ ਪੰਗਤਿ॥ ੩੩॥
ਬ੍ਰਿੰਦ ਉਦਾਸੀ ਬਿਚਰਤਿ ਹੇਰੇ। ਖਾਇਂ ਕੜਾਹਿ ਸੁ ਪੁਸ਼ਟ[12] ਬਡੇਰੇ। ਰਿਦੇ

[1]ਭਾਵ ਕੋਈ ਬਰਾਬਰ ਨਹੀਂ ਢੁੱਕ ਸਕਦਾ। [2]ਅੱਗੇ ਵਧ ਕੇ ਘਮਸਾਨ ਕਰਨਗੇ। [3]ਸੁਲਹ। (ਅ) ਸਮਤਾ। [4]ਸਾਹਮਣੇ (ਗੁਰੂ ਜੀ ਦੇ) ਨਿਸ਼ੰਗ ਹੋਕੇ ਟੁਰਿਆ ਜਾਵੇ। [5]ਤਿਥੇ ਪੁੱਜਣ। [6]ਕਾਇਰ ਕਰਕੇ ਸਾਰਿਆਂ ਨੂੰ (ਜੰਗ ਤੋਂ) ਹਟਾਇਆ ਚਾਹੁੰਦਾ ਹੈ। [7]ਸੈਨਾ। [8]ਮਨੁੱਖ, ਆਦਮੀ। [9]ਘੋੜੇ। [10]ਹਥਯਾਰਬੰਦ। [11](ਡੇਰਾ ਪਾਈ) ਪਏ ਹੋਏ ਹਨ। [12]ਮੋਟੇ।

ਅਰੰਭ ਭਯੋ ਦਲ ਜੋਵਾ। ਸੰਗ੍ਰਹਿ ਇਤੋ ਕਵਨ ਬਿਧਿ ਹੋਵਾ॥ ੩੪॥ ਅਤਿ ਉਤਸਾਹ ਲਰਨ ਕੌ ਜਿਨ ਮੈਂ।ਲਖੀਅਤਿ ਮਨੋ ਲਈ ਜੈ ਰਨ ਮੈਂ।ਮੈਂ ਮਸਲਤ ਕਬਿ ਕਹੌਂ ਨ ਲਰਿਬੋ।ਤੁਮ ਕਰੀਅਹਿ ਜਿਸ ਬਿਧਿ ਬੁਧਿ ਧਰਿਬੋ'॥੩੫॥ ਸੁਨਿ ਵਜ਼ੀਰ ਤੇ ਗੁਰ ਕੀ ਗਾਥਾ। ਠਾਨੀ ਮੌਨ ਜਿਤਿਕ ਗਿਰਨਾਥਾ।ਭੀਮਚੰਦ ਕੋ ਚਿੰਤ ਬਿਲੰਦਾ।–ਛੰਦ ਬੰਦ ਕੋ ਨਹੀ ਪੁਜੰਦਾ[1]–॥ ੩੬॥ 'ਸੁਨਿ ਵਜ਼ੀਰ।ਤੈਂ ਮੰਤ੍ਰ[2] ਬਤਾਵਾ॥ ਦੂਲੋ ਏਕਲ ਚਹੈਂ ਪਠਾਵਾ।ਜੇ ਸਤਿਗੁਰ ਗਹਿ ਕਰਿਹੈਂ ਕੈਦ। ਬਹੁਰ ਛੁਟਾਵਨਿ ਕਹਾਂ ਉਮੈਦ॥੩੭॥ ਪ੍ਰਿਯ ਸੁਤ ਕੋ ਇਮ ਬਿਘਨ ਬਿਸਾਲਾ। ਮੋਤੇ ਸ਼ਹਨੋ ਨ ਜਾਇ ਕਰਾਲਾ। ਅਪਜਸੁ ਜਗ ਮਹਿ ਭਾਖਹਿਂ ਸਾਰੇ। ਬੁਧਿ ਅਰੁ ਬਲ ਮੇਰੋ ਧਿਧਕਾਰੇ[3] ॥ ੩੮॥ ਗੁਰ ਕੋ ਧਨ ਕੀ ਚਾਹਿ ਨ ਕੋਇ[4]। ਜਿਸ ਕੌ ਦੇ ਮੁਚਵਾਵੌਂ ਸੋਇ[5]।ਮਸਲਤ ਆਪ ਕਰੋ ਹਿਤ ਜਾਨੈ[6]। ਜਿਮ ਦੂਲਹੁ ਸ੍ਰੀ ਨਗਰ ਪਧਾਨੈ[7]॥ ੩੯॥ ਸੁਨਿ ਪਰਧਾਨ ਬਖਾਨੇ ਬੈਨਾ।'ਤੁ ਗਿਰਿੰਦ੍ਰ! ਇਮ ਕੀਜੈ ਭੈਨਾ।ਗੁਰੂ ਗੰਭੀਰ ਧੀਰ ਬਲਬੀਰ। ਇਮ ਨਹਿਂ ਕਰਹਿ ਗਏ ਤੇ ਤੀਰ॥੪੦॥ਮਹਾਂ ਕ੍ਰਿਪਾਲੁ ਗਯਾਨਿ ਗੁਨਵੰਤ। ਅਸ ਕਾਰਜ ਨਹਿਂ ਕਰਹਿ ਕਦੰਤ।ਉਰ ਨਿਚਿੰਤ ਹੁਇ ਸੁਤ ਪਠਿ ਦੀਜੈ। ਮਾਰਗ ਅਪਰ ਆਪ ਗਮਨੀਜੈ॥੪੧॥ ਮਸਲਤ ਸਾਰ ਮਾਨਿ' ਇਹ ਮੇਰੀ। ਜਾਨਿ ਆਪਨੀ ਛੇਮ[8] ਭਲੇਰੀ। ਅਪਰ ਉਪਾਇ ਨਹੀਂ ਬਨਿ ਆਵੈ। ਜਿਸ ਤੇ ਸਿਰੀ ਨਗਰ ਮਹਿਂ ਜਾਵੈਂ'॥੪੨॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਮਸਲਤ ਕਰਨਿ' ਪ੍ਰਸੰਗ ਬਰਨਨੰ ਨਾਮ ਤ੍ਰਿਯੋਦਸਮੋ ਅੰਸੂ॥ ੧੩॥

੧੪. [ਭੀਮਚੰਦ ਦਾ ਪੁੱਤ੍ਰ ਤੇ ਵਜ਼ੀਰ ਸ੍ਰੀ ਨਗਰ ਪੁੱਜੇ]।

ਦੋਹਰਾ॥ ਜਤਨ ਅਨੇਕ ਬਿਚਾਰਿ ਕੈ ਭੀਮਚੰਦ ਗਿਰਰਾਇ। ਮਾਨਯੋ ਮੰਤ੍ਰ ਵਜ਼ੀਰ ਕੋ,ਔਰ ਨ੍ਰਿਪਨ ਸਮੁਦਾਇ[9]॥੧॥ਚੌਪਈ॥[10]'ਸੁਨੋ ਸੈਲਨਾਥਨ! ਬਰ ਮੇਰੇ।ਬਯਾਹ ਸਮੈ ਆਯੋ ਅਬਿ ਨੇਰੇ।ਲਰਿਬੇ ਬਿਖੈ ਦਿਵਸ ਬਹੁ ਲਾਗੈਂ।ਪਿਖਿ ਦਲ ਬਲ ਕੌ ਗੁਰ ਨਹਿਂ ਭਾਗੈ॥ ੨॥ ਭੀਮ ਜੰਗ ਦੁਇ ਦਿਸ਼ਿ ਤੇ ਪਰੈ। ਦੋਨਹੁੰ ਚਮੂੰ ਸੁਭਟ ਬਲਧਰੈਂ।ਹਟ ਨਹਿਂ ਜਾਇਂ ਲਾਜ ਨਿਰਬਾਹੈਂ।ਕੋ ਜਾਨੇ ਤਬਿ ਕਯਾ ਹੁਇ ਜਾਹੈ॥ ੩॥ ਬਯਾਹ ਕਾਜ ਪੂਰਨ ਅਬਿ ਕਰੋ। ਪੁਨ ਗੁਰ

---

[1]ਛਲ ਵਲ ਕੋਈ ਨਹੀਂ ਪੁਜਦਾ (ਗੁਰੂ ਜੀ ਨਾਲ)। [2]ਸਲਾਹ। [3]ਧ੍ਰਿਕਾਰਨਗੇ। [4]ਗੁਰੂ ਜੀ ਨੂੰ ਧਨ ਦੀ ਚਾਹ ਨਹੀਂ ਕੋਈ। [5]ਜਿਸ (ਧਨ) ਨੂੰ ਦੇਕੇ ਉਸ ਨੂੰ ਛੁਡਵਾ ਲਵਾਂਗਾ। [6]ਜਾਣੇ ਵਾਸਤੇ। [7](ਸਭ ਤੋਂ) ਉੱਤਮ। [8]ਸੁਖ। [9]ਭੀਮ ਚੰਦ ਪਹਾੜੀ ਰਾਜੇ ਤੇ ਹੋਰ ਸਾਰਿਆਂ ਰਾਜਿਆਂ ਨੇ ਵਜ਼ੀਰ ਦੀ ਸਲਾਹ ਮੰਨ ਲਈ। [10]ਭੀਮਚੰਦ ਕਹਿੰਦਾ ਹੈ:–

ਸੰਗ ਲਰੋ ਨਹਿਂ ਟਰੋ। ਅਬਿ ਰਿਸ ਤਜਹੁ ਅਪਰ ਮਗ ਗਮਨਹੁ। ਬਹੁਰ
ਆਇ ਗੁਰ ਦਲ ਕੋ ਦਮਨਹੁ[1] ॥ ੪ ॥ ਫਤੇਸ਼ਾਹ ਕੋ ਲੇ ਕਰਿ ਸੰਗ। ਦਿਹੁ
ਉਠਾਇ ਇਤ ਤੇ[2] ਕਰਿ ਜੰਗ। ਸਭਿਨਿ ਬਿਰੋਧੀ ਬਨ੍ਯੋਂ ਮਹਾਨ। ਕੈਸੇ
ਬਸਨ ਦੇਹਿਂ ਇਸ ਥਾਨ ॥੫॥ ਬਿਘਨ ਬਿਸਾਲ ਬਨਾਹ ਮਹਿਂ ਡਾਲਾ। ਇਸ
ਪਲਟੋਂ ਮੈਂ ਲੇਉਂ ਬਿਸਾਲਾ'। ਇੱਤ੍ਯਾਦਿਕ ਕਹਿ ਨ੍ਰਿਪ ਸਮੁਝਾਇ। ਲਰਿਬੇ
ਤੇ ਤਿਸ ਸਮੈਂ ਹਟਾਇ ॥ ੬ ॥ ਕਰਯੋ ਤਯਾਰ ਸੁਤ ਹੇਤੁ ਪਠਾਵਨ। ਨਿਕਟ
ਅਮਾਤ[3] ਕੀਨਿ ਸਮੁਝਾਵਨਿ। 'ਗਮਨਹੁ ਇਸੀ ਸੰਗ ਮਗ ਸੂਧੇ। ਗੁਰੂ ਕਦਾ-
ਚਿਤ ਜੇ ਮਗ ਰੂਧੇ[4] ॥ ੭ ॥ ਬਨਿ ਕੈ ਦੀਨ ਬਿਨੈ ਬਹੁ ਭਾਖੋ। ਜਨੋਂ ਕਨੋਂ
ਕਰਿ ਉਲੰਘਨ ਅਭਿਲਾਖੋ। ਕਰ ਬੰਦਨ ਬੰਦਨ ਪਗ ਠਾਨਹੁ[5]। ਹਮ ਦਿਸ਼ਿ
ਤੇ ਬਹੁ ਅਰਜ਼ ਬਖਾਨਹੁ ॥ ੮ ॥—ਨਹਿਂ ਮਗ ਦੀਯੋ ਨ ਆਯੋ ਰਾਜਾ।
ਸਕਲ ਸਹਾਰਯੋ ਬਨ੍ਯੋਂ ਕੁਕਾਜਾ। ਤੁਮ ਸੰਗ ਲਰਯੋ ਨ ਚਾਹਤਿ ਸੋਈ।
ਠਾਨੀਨਮੋਂ ਬੰਦਿ ਕਰ ਦੋਈ—' ॥੯॥ ਕਹਿ ਸੁਤ ਕੌ ਝੰਪਾਨ[6] ਚਢਾਵਾ। ਰਿਦਾ
ਹੌਲ ਜੁਤਿ ਪੰਥ ਪਠਾਵਾ। ਇਕ ਦੁਇ ਦਾਸਿਕ ਸੰਗ ਵਜ਼ੀਰ[7]। ਗਮਨੇ
ਜਬਿ, ਨ੍ਰਿਪ ਹੋਤਿ ਅਧੀਰ ॥੧੦॥ ਸਨੇ ਸਨੇ ਸਨਮੁਖ ਜਬਿ ਗਏ। ਗੁਰ ਦਲ
ਕੇ ਸਮੀਪ ਜਬਿ ਭਏ। ਦੇਖਤਿ ਜਾਨ੍ਯੋਂ—ਰਿਪੁ ਦਲ ਆਯੋ—। ਚਢੇ ਤੁਰੰਗਨ
ਉਰ ਉਮਗਾਯੋ ॥ ੧੧ ॥ ਤਯਾਰ ਤੁਰੰਗਨ ਕਰਤਿ ਧਵਾਏ[8]। ਭੀਮਚੰਦ
ਨੰਦਨ ਪਿਖਿਜਾਏ[9]। ਬਿਨਾ ਬਾਹਿਨੀ ਕੇ ਚਲਿਆਯੋ। ਘੇਰ ਲਿਯੋਨਿ ਜ ਅੱਗੂ
ਚਲਾਯੋ ॥੧੨॥ ਸਹਿਤ ਵਜ਼ੀਰ ਤਹਾਂ ਪਹੁੰਚਾਏ। ਜਹਿਂ ਸਤਿਗੁਰ ਕੇ ਪੌਰ
ਸੁਹਾਏ। ਦ੍ਵਾਰਪਾਲ ਸੁਧਿ ਜਾਇ ਸੁਨਾਈ। 'ਨ੍ਰਿਪ ਸੁਤ ਕੌ ਸੈਨਾ ਗਹਿ ਲ੍ਯਾਈ
॥ ੧੩ ॥ ਜਾਤਿ ਹੁਤੋ ਹਿਤ ਬਨਾਹ ਅਗਾਰੀ। ਸਚਿਵ ਏਕ ਦੁਇ ਨਰ
ਸੰਗ ਧਾਰੀ। ਡਰਿ ਧਰਿ ਕਰਿ ਸਗਰੇ ਮਹਿਪਾਲਾ। ਸੈਨ ਸਮੇਤ ਸਮਾਜ
ਬਿਸਾਲਾ ॥੧੪॥ ਅਪਰ ਪੰਥ ਕੋ ਸੇ ਚਲਿ ਗਏ। ਦੂਲਹੁ ਮੰਤ੍ਰੀ ਇਤ ਕੋ ਅਏ'।
ਸੁਨਿ ਸਤਿਗੁਰ ਸੋ ਨਿਕਟਿ ਹਕਾਰਾ। ਭਏ ਨੰਮ੍ਰਿ ਜਬਿ ਦਰਸ ਨਿਹਾਰਾ
॥ ੧੫ ॥ ਹਾਥ ਜੋਰਿ ਠਾਂਢੇ ਹੁਇ ਰਹੇ। ਸ਼੍ਰੀ ਮੁਖ ਤੇ ਬਿਗਸਤਿ ਬਚ ਕਹੇ।
'ਕਹੁ ਬਾਲਿਕ! ਤੁਝ ਕਰਿ ਹੈਂ ਕੈਦ। ਕਿਮ ਛੂਟਨਿ ਕੀ ਧਰਹਿਂ ਉਮੈਦ?

[1]ਦੰਡ ਦਿਓ। [2]ਇਥੋਂ (ਪਾਂਵਟੇ) ਤੋਂ। [3]ਵਜ਼ੀਰ। [4]ਰੋਕੇ। [5]ਹੱਥ ਜੋੜ ਕੇ ਚਰਨਾਂ ਤੇ ਨਮਸਕਾਰ ਕਰੋ। [6]ਪਾਲਕੀ ਉਪਰ। [7]ਇਕ ਦੋ ਦਾਸ ਤੇ ਇਕ ਵਜ਼ੀਰ ਨਾਲ। [8]ਦੌੜਾਏ (ਘੋੜੇ)। [9]ਜਾਕੇ ਦੇਖਿਆ।

॥੧੬॥ ਤੋਰ ਪਿਤਾ ਹੈ ਸ਼ੱਤ੍ਰ ਹਮਾਰਾ। ਸਾਧ ਲੇਹਿਂ ਨਿਜ ਬੈਰ ਉਦਾਰਾ[੧] ?
ਲਾਖਹੁਂ ਧਨ ਇਮ ਥਾਨ ਅਨਾਵੈਂ।ਤੁਮ ਸੋਂ ਕਰਹਿਂ ਜਥਾ ਮਨ ਭਾਵੈ' ॥੧੭॥
ਜੋਰਤਿ ਹਾਥ ਵਜ਼ੀਰ ਉਚਾਰੇ।'ਨ੍ਰਿਪ ਸੁਤ ਆਯੋ ਸ਼ਰਨਿ ਤੁਮਾਰੇ। ਜੇਤਿਕ
ਰਾਜ ਸਮਾਜ ਘਨੇਰਾ। ਸਗਰੋ ਬਖਸ਼ਨੋ ਰਾਵਰ ਕੇਰਾ ॥ ੧੮ ॥ ਮੈਂ ਤੁਮਰੋ
ਜਥਿ ਕਹ੍ਯੋ ਬਖਾਨ੍ਯੋ। ਤਤਛਿਨ ਭੀਮਚੰਦ ਨ੍ਰਿਪ ਮਾਨ੍ਯੋ। ਗਯੋ ਅਪਰ
ਮਗ ਕੌ ਕਰਿ ਕੂਚ। ਬ੍ਯਾਹ ਸਮੈ ਨਹਿਂ ਪੁੱਤ੍ਰ ਪਹੂਚਿ[੨]॥੧੯ ॥ ਯਾਂ ਤੇ ਇਸ
ਮਗ ਕਰ੍ਯੋ ਪਠਾਵਨਿ।ਤੁਮ ਆਗੇ ਕਰਿ ਸੀਸ ਨਿਵਾਵਨਿ।ਬਿਰਦ ਕ੍ਰਿਪਾਲ
ਆਪ ਕੋ ਸੁਨ੍ਯੋ। ਗਿਰਪਤਿ ਕਛੂ ਨ ਮਨ ਮਹਿਂ ਗੁਨ੍ਯੋ ॥ ੨੦ ॥ ਨਹੀਂ
ਸੰਦੇਹ ਆਪ ਤੇ ਠਾਨਾ।ਪ੍ਰਿਯ ਸੁਤ ਕੋ ਇਤ ਕੀਨਿ ਪਯਾਨਾ। ਕਹ੍ਯੋ-ਜਥਾ
ਨੰਦਨ ਇਹ ਮੇਰੋ।ਤਿਸ ਬਿਧਿ ਹੀ ਕਲਗ਼ੀਧਰ ਕੇਰੋ ॥੨੧॥ਜੇ ਇਸ ਪੰਥ
ਨ ਪਠਵਤਿ ਪੂਤੈ।ਹੋਤਿ ਬ੍ਯਾਹ ਕੋ ਮਹਾਂ ਕੁਸੂਤੈ।ਜਾਇ ਸਮੈ ਤਿਸ ਲੇ ਅਬਿ
ਫੇਰੇ[੩]। ਬਿਨ ਬਰਾਤ ਭਾ ਬਿਘਨ ਬਡੇਰੇ-'॥੨੨॥ ਸੁਨਿ ਬਿਨਤੀ ਕੋ ਪ੍ਰਭੂ
ਗਹੀਰੈ। ਹੇਰ੍ਯੋ ਜੋਰਤਿ ਹਾਥ ਵਜ਼ੀਰੈ।ਨ੍ਰਿਪ ਸੁਤ ਜਥਾ ਨੰਮ੍ਰਿ ਹੁਇ ਰਹ੍ਯੋ।
ਕ੍ਰਿਪਾ ਨਿਧਾਨ ਕ੍ਰਿਪਾ ਕਰਿ ਕਹ੍ਯੋ ॥ ੨੩ ॥ 'ਭੀਮਚੰਦ ਦ੍ਰੋਹੀ ਜਿਮ ਝੂਠਾ।
[੪]ਤਿਮ ਜੇ ਕਰਤੇ ਫਿਰਤਿ ਅਪੂਠਾ।ਗਹਿ ਅਬਿ ਲੇਤਿ ਕਰਤਿ ਜਿਮ ਕਾਂਖਾ।
ਕਹਾਂ ਹੋਤਿ ਮਗ ਦੁਤਿਯੇ ਨਾਖਾ ॥੨੪॥ ਬਿਨ ਦੂਲੋ ਤੇ ਨਿਫਲ ਸਮਾਜਾ।
ਕਹਿਤੇ ਕਹਾਂ, ਮੇਲ ਗਨ ਰਾਜਾ[੪]।ਜਾਹੁ ਅਬਹਿ ਹਮ ਛੋਰਨਿ ਕਰ੍ਯੋ। ਨ੍ਰਿਪ
ਕਰਤਬ ਕੋ ਉਰ ਨਹਿਂ ਧਰ੍ਯੋ*' ॥੨੫॥ ਸੁਨਤਿ ਵਜ਼ੀਰ ਆਦਿ ਹਰਖਾਏ।
ਬਾਰਿ ਬਾਰਿ ਬੰਦਹਿਂ ਕਰ ਪਾਏ[੫]। 'ਧੰਨ ਧੰਨ ਗੁਰ' ਕੱ ਕਹਿ ਚਾਲੇ।

---

[੧]ਆਪਣਾ ਵੈਰ ਕੱਢ ਲਈਏ। [੨]ਨਹੀਂ ਪਹੁੰਚ ਸਕਦਾ ਸੀ। [੩]ਤਿਸ (=ਫੇਰਿਆਂ ਦੇ) ਸਮੇਂ ਸਿਰ ਪੁਜਕੇ ਫੇਰੇ ਲੈ ਲਵੇਗਾ। [੪](ਜੇ ਉਸ ਨਾਲ ਤਿਮ=) ਉਸੇ ਤਰ੍ਹਾਂ ਦਾ (ਸਲੂਕ) ਕਰਦੇ ਤਾਂ (ਹੇ ਵਜ਼ੀਰ! ਤੈਨੂੰ) ਪੁੱਠਾ ਮੁੜਨਾ ਪੈਂਦਾ ਤੇ (ਟਿੱਕੇ ਨੂੰ) ਫੜ ਲੈਂਦੇ ਤੇ ਜੋ ਜੀ ਆਉਂਦੀ ਕਰਦੇ, ਫਿਰ ਦੂਸਰੇ ਰਸਤੇ ਰਾਜਿਆਂ ਤੇ ਸੈਨਾ ਲੰਘਣ ਦਾ ਕੀ ਗੁਣ ਹੁੰਦਾ, ਦੂਲੇ (ਦੇ ਪਹੁੰਚੇ) ਬਿਨਾ ਸਾਰਾ ਸਮਾਜ (ਸ੍ਰੀ ਨਗਰ ਅੱਪੜਿਆ) ਨਿਸ਼ਫਲ ਹੁੰਦਾ; (ਉਥੇ) ਸਾਰੇ ਰਾਜਿਆਂ ਦਾ ਮੇਲ ਫਿਰ ਕੀ ਕਹਿੰਦਾ। [੫]ਬਾਰ ਬਾਰ ਜੋੜਕੇ ਹੱਥ ਚਰਨਾਂ (ਤੇ ਲਾਉਂਦੇ ਹਨ)।

*ਭੀਮ ਚੰਦ ਨਿਰੀ ਜੰਞ ਲੈਕੇ ਵਿਆਹ ਤੇ ਨਹੀਂ ਸੀ ਜਾ ਰਿਹਾ, ਨਾਂ ਹੀ ਇਤਨੀ ਥੋੜੀ ਫੌਜ ਨਾਲ ਜਾ ਰਿਹਾ ਸੀ ਕਿ ਜੋ ਕੇਵਲ ਰਾਜੇ ਦੀ ਇੱਜ਼ਤ ਲਈ ਤੇ ਰੱਯਤ ਦੀ ਰਾਖੀ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

ਮਨਹੁ ਮ੍ਰਿਤਕ ਕਰਿ ਕ੍ਰਿਪਾ ਜਿਵਾਲੇ ॥ ੨੬ ॥ ਸ੍ਰੀ ਜਮਨਾ ਜਲ ਉਤਰੇ ਪਾਰਾਗਮਨੇ ਪੰਥ ਸ਼ੀਘ੍ਰਤਾ ਧਾਰਿਗਏ ਉਲੰਘਿ ਕੈ ਗਿਰ ਬਨ ਦੇਸ਼ਾਪਹੁੰਚੇ

[ਪਿਛਲੇ ਪੰਨੇ ਦੀ ਬਾਕੀ ਟੂਕ]

ਲਈ ਕਾਫੀ ਹੋਵੇ, ਸਗੋਂ ਉਸ ਨਾਲ ਬਹੁਤ ਸਾਰੀ ਫੌਜ ਸੀ ਯਥਾ 'ਦਲ ਬਿਸਾਲ ਕੋ ਸੁਨਿ ਡਰਪਾਹੀ' (ਰੁਤ ੨ ਅੰਸੂ ੧੨, ਅੰਕ ੪੪)। ਪੁਨਾ: 'ਚਮੂੰ ਅਧਿਕ ਸੋਂ ਬਸ ਨ ਬਸੈ ਹੈ' (ਰੁਤ ੨ ਅੰਸੂ ੧੫ ਅੰਕ ੬) ਅਰਥਾਤ ਰਾਜਿਆਂ ਕੋਲ ਫੌਜ ਬਹੁਤੀ ਸੀ। ਪੁਨਾ:—'ਆਇ ਮੇਲ, ਤਿਨ ਸ਼ਸਤ੍ਰ ਜੁਤਿ ਕਹਿ ਕਹਿ ਬੁਲਵਾਵੈ' (ਰੁਤ ੧ ਅੰਸੂ ੪੨ ਅੰਕ ੨੮)। ਇਤਨੀ ਫੌਜ ਦਾ ਜੰਵ ਦੇ ਬਹਾਨੇ ਨਾਲ ਹੋਣਾ ਗੁਰੂ ਜੀ ਲਈ ਦੂਰੰਦੇਸ਼ੀ ਪੈਦਾ ਕਰਨ ਦਾ ਕਾਰਨ ਸੁਤੇ ਹੀ ਹੋਣਾ ਚਾਹੀਦਾ ਸੀ ਕਿ ਕੋਲੋਂ ਦੀ ਜੰਞ ਬਹਾਨੇ ਲੰਘਦਾ ਦੁਸ਼ਮਣ ਜੇ ਅਚੇਤ ਸਾਡੇ ਤੇ ਆ ਪਵੇ ਤਾਂ ਫੇਰ ਕੀ ਬਣੇ। ਇਸ ਡਰ ਦਾ ਸਬੂਤ ਰਾਜੇ ਨੇ ਆਪ ਦੇ ਦਿੱਤਾ ਹੈ, ਜਦ ਵਜ਼ੀਰ ਹੱਥ ਸੁਨੇਹਾ ਘੱਲਿਆ ਹੈ, ਤਾਂ ਵਿਚ ਆਪ ਦਾਬਾ ਦੇ ਘੱਲਿਆ ਹੈ। ਯਥਾ—'ਇਹੁ ਮਗ ਨਤੁ ਡੇਰਾ ਲੁਟ ਜਾਵੈ' (ਅੰਸੂ ੧੧, ਅੰਕ ੨੯)। ਪੁਨਾ: 'ਤਜਿ ਮਗ ਕੋ ਅਬ ਕਰੋ ਕਿਨਾਰਾ। ਮਿਲੈ ਸੈਨ ਤਬਿ ਹੋਇ ਬਿਗਾਰਾ। ਅਸ ਨਹਿ ਬਨੈ ਜਾਇ ਲੁਟ ਡੇਰਾ' (ਅੰਸੂ ੧੧, ਅੰਕ ੪੩) ਇਸ ਦਾਏ ਦੇ ਅੱਪੜਨ ਤੋਂ ਪਹਿਲਾਂ ਸ਼ੱਤ੍ਰ ਦੇ ਦਾਵ ਘਾਵ ਨੂੰ ਸਮਝ ਲੈਣਾ ਤੇ ਤਯਾਰੀ ਕਰ ਰੱਖਣੀ ਦੂਰਦਰਸ਼ਤਾ ਤੇ ਫੌਜੀ ਜੀਵਨ ਦੀ ਆਵੱਸ਼ਕਤਾ ਸੀ। ਜਦ ਇਹ ਦਾਬਾ ਪੁੱਜ ਗਿਆ ਤਾਂ ਵੈਰੀ ਦਾ ਸੰਕਲਪ ਸਪਸ਼ਟ ਪਤਾ ਲਗ ਗਿਆ, ਹੁਣ ਦਾਬੇ ਅੱਗੇ ਨਿਉਂ ਜਾਣਾ ਬਿਨਾ ਹਾਰੇ ਹਾਰ ਮੰਨ ਲੈਣੀ ਹੋਈ। ਭੀਮਚੰਦ ਦਾ ਖੋਟ ਵਿਆਹ ਬਹਾਨੇ ਬਹੁਤੀ ਫੌਜ ਲੈ ਜਾਣ ਵਿਚ ਗੁਰੂ ਜੀ ਨੂੰ ਪ੍ਰਾਜੇ ਕਰ ਲੈਣ ਦਾ—ਅੰਸੂ ੧੯ ਅੰਕ ੨੮ ਵਿਚ ਉਸ ਦੇ ਮੂੰਹੋਂ ਨਿਕਲ ਪੈਂਦਾ ਹੈ, ਯਥਾ 'ਬ੍ਯਾਹ ਬਹਾਨੇ ਨ੍ਰਿਪ ਗਨ ਆਏ। ਸਭ ਤੇ ਲੇਹੁ ਸੁਭਟ ਸਮੁਦਾਏ। ......ਇਹੁ ਉਠਾਇ ਇਤ ਤੇ ਸਭਿ ਡੇਰਾ'।

ਜੰਞ ਦੇ ਬਹਾਨੇ ਆਪਣੇ ਵੈਰੀ ਤੇ ਅੱਚਨਚੇਤ ਜਾ ਪੈਣ ਦੀ ਗਲ ਇਤਿਹਾਸ ਵਿਚ ਵਰਤ ਚੁਕੀਆਂ ਘਟਨਾਵਾਂ ਵਿਚੋਂ ਹੈ। ਸ਼ਾਇਸਤਾ ਖਾਂ ਮੁਗ਼ਲ ਜਰਨੈਲ ਸੇਵਾ ਜੀ ਨੂੰ ਦਬਾਉਂਦਾ ਪੂਨੇ ਅੱਪੜਕੇ ਉਸ ਘਰ ਵਿਚ ਉਤਰਿਆ ਜੋ ਕਦੇ ਸੇਵਾ ਜੀ ਦਾ ਵਸੇਬਾ ਸੀ। ਇਸ ਵੇਲੇ ਸੇਵਾ ਜੀ ੧੨ ਮੀਲ ਤੇ ਸਿੰਘ ਗੜ੍ਹ ਵਿਚ ਸੀ। ਇਕ ਹਨੇਰੀ ਰਾਤ ਨੂੰ ਸੇਵਾ ਜੀ ਟੁਰ ਪਿਆ। ਜਗ੍ਹਾ ਜਗ੍ਹਾ ਸਿਪਾਹੀ ਛੋੜਦਾ ਗਿਆ ਤੇ ਰਾਤ ਵੇਲੇ ੨੦ ਮਵਾਲੀਆਂ ਨਾਲ ਇਕ ਜੰਞ ਵਿਚ ਜਾਞੀ ਬਣਕੇ ਸ਼ਹਿਰ ਜਾ ਵੜਿਆ, ਜਾਂਞੀ ਦੀ ਹੈਸੀਯਤ ਵਿਚ ਕਿਸੇ ਨੂੰ ਸ਼ੁਬਹ ਨਾ ਪਿਆ, ਤੇ ਸੇਵਾ ਜੀ ਦਾਉ ਤਕਾ ਕੇ ਮਕਾਨ ਦੇ ਪਿਛਲੇ ਰਸਤੇ ਮਹਿਲ ਵਿਚ ਧਸ ਗਿਆ। ਸ਼ਾਇਸਤਾ ਖਾਂ ਨੱਠਕੇ ਬਚਿਆ ਪਰ ਦੋ ਉਂਗਲਾਂ ਕਟ ਗਈਆਂ, ਉਸ ਦਾ ਪੁੱਤ੍ਰ ਤੇ ਜਾਨਨਿਸਾਰ ਸਾਥੀ ਸਾਰੇ ਮਾਰੇ ਗਏ ਤੇ ਸੇਵਾ ਜੀ ਉਸੇ ਫੁਰਤੀ ਨਾਲ ਮੁੜ ਪਿਆ ਤੇ ਰਸਤੇ ਪਰ ਖੜੇ ਕੀਤੇ ਆਪਣੇ ਫੌਜੀ ਦਸ-ਤਿਆਂ ਨਾਲ ਮੁੜ ਟਿਕਾਣੇ ਪੁੱਜ ਗਿਆ। ਸੋ ਜੰਞ ਦੇ ਬਹਾਨੇ ਆਏ ਵੈਰੀ ਦਲ ਨੂੰ ਰੋਕਣਾ, ਨਾ ਰੁਕੇ ਤਾਂ ਜੰਗ ਲਈ ਤਿਆਰ ਹੋਣਾ ਇਹ ਨੀਤੀ ਸੀ ਤੇ ਦਰੁਸਤ ਸੀ।

ਇਹ ਪ੍ਰਤੀਤ ਦੇਂਦਾ ਹੈ ਕਿ ਵਜ਼ੀਰ ਨੂੰ ਗੁਰੂ ਜੀ ਨੇ ਉਸਦੇ ਮਾਲਕ ਦੇ ਕੁਟਲ ਸਨੇਹਿਆਂ ਤੇ ਦਾਬਿਆਂ ਦੇ ਉਤਰ ਵਿਚ ਆਪਣੀ ਨੀਤੀ ਨਿਪੁਨਤਾ ਤੇ ਫੌਜੀ ਬਲ ਦੱਸ ਕੇ ਜੰਞ ਨੂੰ

[ਬਾਕੀ ਟੂਕ ਵੇਖੋ ਅਗਲੇ ਪੰਨੇ ਦੇ ਹੇਠ]

ਪੁਰਿ ਸ੍ਰੀ ਨਗਰ ਬਿਸ਼ੇਸ਼ ॥੨੭॥ ਫਤੇਸ਼ਾਹ ਠਾਨਤਿ ਸਭਿ ਤਯਾਰੀ। ਰਿਦੈ ਪ੍ਰਤੀਖ-ਬ੍ਯਾਤ ਹੁਇ ਭਾਰੀ। ਦੂੰਦਭਿ ਆਦਿ ਬਜੇ ਬਹੁ ਬਾਜੇ। ਐਹੈਂ ਗਨ ਸੈਲਨਿ ਕੇ ਰਾਜੇ-॥੨੯॥ਉਤਸਵ ਕੌ ਚਿਤਵਤਿ ਬਹੁ ਭਾਂਤੀ।ਅਧਿਕ ਮੋਲ ਧ੍ਰਤਿ ਸੀਤਲ ਛਾਤੀ। ਇਤਨੇ ਬਿਖੈ ਵਜ਼ੀਰ ਪਹੂੰਚਾ। ਦੇਖਯੋ ਸਭਾ ਬਿਰਚੇ

[redacted] (ਪਿਛਲੇ ਪੰਨੇ ਦੀ ਬਾਕੀ ਟੂਕ)

ਬਿਨਾ ਫੌਜ ਦੇ ਲੰਘ ਜਾਣ ਦੀ ਆਗਿਆ ਦੇ ਦਿਤੀ ਹੋਣੀ ਹੈ। ਪਰ ਭੀਮਚੰਦ ਨੇ ਫੌਜ ਬਿਨਾ ਆਪ ਤੇ ਰਾਜੇ ਲੈਕੇ ਲੰਘਣੇ ਗੁੱਸੇ ਵਿਚ ਜੋਗ ਨਹੀਂ ਸਮਝੇ ਕਿ ਕਿਵੇਂ ਆਪਣੇ ਰੋਸ ਦਾ ਅਸਰ ਫਤਹਸ਼ਾਹ ਤੇ ਜ਼ੋਰਦਾਰ ਕਰਕੇ ਪਾਵਾਂ। ਕੇਵਲ ਲਾੜੇ ਤੇ ਵਜ਼ੀਰ ਨੂੰ ਕੁਛ ਹੋਰ ਸਾਥੀਆਂ ਨਾਲ ਟੋਰਿਆ ਹੈ। ਕਿਉਂਕਿ ਅੰਸੂ ੧੪ ਅੰਕ ੨੪ ਵਿਚ ਗੁਰੂ ਜੀ ਕਹਿੰਦੇ ਹਨ ਕਿ ਜੰਞ ਦੇ ਦੂਸਰੇ ਰਸਤੇ ਲੰਘਣ ਦਾ ਕੀ ਫੈਦਾ ਹੁੰਦਾ ਜੇ ਅਸੀਂ ਹੁਣ ਦੂਲੋ ਨੂੰ ਨਾ ਲੰਘਣ ਦੇਵੀਏ ਤਾਂ। ਕਵਿ ਜੀ ਸਫੁਟ ਨਹੀਂ ਲਿਖ ਸਕੇ ਪਰ ਸਾਰੇ ਪ੍ਰਸੰਗ ਦੀ ਧੁਨੀ ਇਧਰ ਲੈ ਜਾਂਦੀ ਹੈ ਕਿ ਕੇਵਲ ਜਿੰਨੀ ਨੀਤੀ ਦੀ ਜ਼ਰੂਰਤ ਸੀ ਉਤਨੀ ਰੋਕ ਪਾਈ ਹੈ, ਕਿ ਫੌਜ ਦੂਜੇ ਰਸਤੇ ਜਾਵੇ ਤੇ ਵਾਧੂ ਰੋਕ ਨਹੀਂ ਕੀਤੀ। ਵਜ਼ੀਰ ਦਾ ਲਾੜੇ ਨੂੰ ਆਪੇ ਲੈ ਲੰਘਣਾ ਕਯਾਸ ਨਹੀਂ ਮੰਨਦਾ। ਵਜ਼ੀਰ ਲਾੜੇ ਨੂੰ ਲੰਘਾ ਲੈ ਜਾਣ ਦੀ ਆਗਯਾ ਪਹਿਲੀ ਮੁਲਾਕਾਤ ਵਿਚ ਲੈ ਗਿਆ ਹੈ, ਵਰਨਾ ਇਹ ਕਦ ਮੁਮਕਿਨ ਸੀ ਕਿ ਭੀਮਚੰਦ ਨਿਰੇ ਵਜ਼ੀਰ ਦੇ ਆਖੇ ਲਾੜੇ ਨੂੰ ਖ਼ਤਰੇ ਵਿਚ ਪਾਵੇ। ਵਜ਼ੀਰ ਨੇ ਜਦੋਂ ਰਾਜੇ ਨੂੰ ਆਖਿਆ ਹੋਊ ਕਿ ਗੁਰੂ ਜੀ ਆਗਯਾ ਦੇਂਦੇ ਹਨ ਤਾਂ ਰਾਜਾ ਨੇ ਮੰਨਿਆਂ ਤੇ ਪੁੱਤ ਨੂੰ ਟੋਰਿਆ ਹੀ ਹੋਣਾ ਹੈ। ਗੁਰੂ ਜੋ ਆਖੇ ਉਹ ਸੱਚ ਮੁੱਚ ਨਿਬਾਹੇਗਾ ਇਹ ਗੁਰੂ ਕਿਆਂ ਦਾ ਤੇ ਸਿੱਖਾਂ ਦਾ ਆਚਰਨ ਉਸ ਸਮੇਂ ਜ਼ਮਾਨਾ ਸਾਰਾ ਮੰਨਦਾ ਸੀ। ਗੁਰੂ ਤੇ ਗੁਰੂ ਕੇ ਸਿੱਖਾਂ ਦੇ ਸੱਚ ਦਾ ਉਸ ਸਮੇਂ ਸਿੱਕਾ ਬੈਠਾ ਹੋਇਆ ਸੀ।

ਫਿਰ ਇਕ ਵਿਚਾਰ ਹੋਰ ਹੈ ਕਿ ਜਦੋਂ ਲਾੜਾ ਸ੍ਰੀ ਨਗਰ ਅੱਪੜਦਾ ਹੈ ਤੇ ਭੀਮਚੰਦ ਦੂਜੇ ਰਸਤੇ ਅੱਪੜਦਾ ਹੈ, ਵਯਾਹ ਹੋ ਜਾਂਦਾ ਹੈ ਤੇ ਫਤਹ ਸ਼ਾਹ ਗੁਰੂ ਕੇ ਤੰਬੋਲ ਨੂੰ ਖੱਟ ਦੇ ਵੇਲੇ ਲੈਕੇ ਆਪਣੀ ਇਜ਼ਤ ਅਫਜ਼ਾਈ ਸਮਝਦਾ ਹੈ ਤੇ ਆਪ ਕਿਸੇ ਗੁੱਸੇ ਵਿਚ ਨਹੀਂ ਆਉਂਦਾ, ਉਸ ਤੋਂ ਸਫੁਟ ਹੈ ਕਿ ਰਾਜਾ ਨੇ ਗੁਰੂ ਜੀ ਦੀ ਰੋਕ ਪਾਉਣ ਨੂੰ ਭਾਵੇਂ ਪਸੰਦ ਨਹੀਂ ਕੀਤਾ ਪਰ ਨੀਤੀ ਦੀ ਹੱਦ ਦੇ ਅੰਦਰ ਜਾਤਾ ਹੈ। ਰਾਜਾ ਫਤਹਸ਼ਾਹ ਜੰਗ ਲਈ ਕੇਵਲ ਤਦੋਂ ਤਯਾਰ ਹੁੰਦਾ ਹੈ ਜਦੋਂ ਕਿ ਉਸ ਨੂੰ ਭੀਮਚੰਦ ਡੋਲਾ ਮੋੜਨ ਦਾ ਡਰਾਵਾ ਦੇਂਦਾ ਹੈ। ਇਸ ਬਦਨਾਮੀ ਤੋਂ ਡਰਕੇ ਉਹ ਗੁਰੂ ਜੀ ਨਾਲ ਲੜਨਾ ਮੰਨਦਾ ਹੈ। ਇਹ ਬੀ ਗਲ ਸਾਫ ਦਿੱਸਦੀ ਹੈ ਕਿ ਭੀਮਚੰਦ ਘਰੋਂ ਹੀ ਗੁਰੂ ਜੀ ਨੂੰ ਪ੍ਰਾਜੇ ਕਰਨ ਦੀ ਵਿਉਂਤ ਧਾਰਕੇ ਗਿਆ ਹੈ। ਦੇਖੋ ਅੰਸੂ ੧੪ ਅੰਕ ੪-੫ ਵਿਚ ਘਰ ਦੀ ਗਿਣੀ ਮਿਥੀ ਗੱਲ ਸਾਫ ਮੂੰਹੋਂ ਪਈ ਨਿਕਲਦੀ ਹੈ ਕਿ ਫਤਹਸ਼ਾਹ ਨੂੰ ਨਾਲ ਲੈਕੇ ਲੜੋ। ਫਤਹਸ਼ਾਹ ਕਿਸੇ ਕਾਰਨ ਨੂੰ ਲੈਕੇ ਗੁਰੂ ਜੀ ਨਾਲ ਨਹੀਂ ਲੜਿਆ ਜਿਸ ਦਾ ਸਬੂਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਸ੍ਰੀ ਮੁਖਵਾਕ ਵਿਚ ਦਰਜ ਹੈ, (ਬਚਿ: ਨਾ:)–'ਫਤਹਸ਼ਾਹ ਕੋਪਾ ਤਬ ਰਾਜਾ। ਲੋਹ ਪਰਾ ਹਮ ਸੋਂ ਬਿਨ ਕਾਜਾ।' ਇਸ ਤੋਂ ਸਾਨੂੰ ਗੁਰੂ ਜੀ ਦੀ ਆਪਣੀ ਉਗਾਹੀ ਮਿਲ ਗਈ ਕਿ ਅਸਾਂ ਫਤੇਸ਼ਾਹ ਨੂੰ ਕੋਈ ਖੇਚਲ ਨਹੀਂ ਦਿਤੀ ਸੀ, ਜਿਸ ਤੋਂ ਉਸ ਦਾ ਜੁੱਧ ਕਰਨਾ ਸਾਡੇ ਨਾਲ ਵਿਹਤ ਸੀ। ਉਹ ਅਕਾਰਨ ਸਾਡੇ ਨਾਲ ਲੜਿਆ ਹੈ।

ਸਭਿ ਊਚਾ[1] ॥੨੯॥ ਸਮਧੀ ਕੋ[2] ਪਰਧਾਨ ਨਿਹਾਰਯੋ । ਨਮੋ ਕਰਤਿ ਕਹੁ ਬਹੁ ਸਤਿਕਾਰਯੋ । 'ਕਹੁ ਸੁਧ ਕਿਤ ਬਰਾਤ ਸਮੁਦਾਈ? ਮਾਨਵ ਪਠਯੋ ਨ ਕੋ ਅਗੁਵਾਈ?'॥੩੦॥ਸੁਨਿ ਵਜ਼ੀਰ ਸਭਿ ਗਾਥਾ ਕਹੀ। 'ਨਿਕਟਿ ਬਰਾਤ ਪਹੂੰਚਤਿ ਨਹੀਂ[3] । ਪਰਯੋ ਪੰਥ ਮਹਿਂ ਬਿਘਨ ਬਿਸਾਲਾ। ਕਲਗ਼ੀਧਰ ਰੋਕੇ ਨ੍ਰਿਪ ਜਾਲਾ ॥੩੧॥ ਇਕ ਨਰ ਭੀ ਨਹਿਂ ਉਲੰਘਨਿ ਦੀਨੋ । ਦ੍ਵੈਸ਼ ਗਿਰੇ-ਸ਼ਨ ਸਿਮਰਨ ਕੀਨੋ[4]।ਦੀਨ ਹੋਇ ਹਮ ਬੈਨ ਬਖਾਨਯੋਂ। ਨੀਠ ਨੀਠ ਕਰਿ ਦੂਲਹੁ ਆਨਯੋਂ ॥੩੨॥ ਸਾਹਾ ਸਮੈ ਨ ਟਰਿ ਕਰਿ ਜਾਈ । ਯਾਂਤੇ ਪਹੁੰਚਯੋ ਠਾਨਿ ਉਪਾਈ। ਵਹਿਰ ਜਮਾਤਾ ਬੈਠਯੋ ਆਇ। ਸਾਦਰ ਆਨਹੁ ਸ਼ਗਨ ਮਨਾਇ॥ ੩੩ ॥ ਸਭਿ ਗਿਰਨਾਥ ਬਰਾਤ ਬਡੇਰੀ। ਗਏ ਦੂਸਰੇ ਮਾਰਗ ਹੇਰੀ। ਕੇਤਿਕ ਦਿਨ ਮਹਿਂ ਪਹੁੰਚਹਿਂ ਆਈ। ਤਬਿ ਕੀਜਹਿ ਜੈਸੇ ਮਨ ਭਾਈ' ॥੩੪॥ ਫਤੇਸ਼ਾਹ ਸੁਨਿ ਦਹਿਲਯੋ ਐਸੇ।ਸੁਖ ਤੇ ਥਿਰਯੋ ਚੋਟ ਲਗਿ ਜੈਸੇ[5] । ਬਿਘਨ ਬਯਾਹ ਮਹਿਂ ਜਾਨਯੋ ਹੋਵਾ। ਅਪਨੇ ਸਚਿਵਨਿ ਕੀ ਦਿਸ਼ਿ ਜੋਵਾ ॥ ੩੫ ॥ ਕਹਯੋ 'ਜਾਹੁ ਸਭਿ ਦੂਲਹੁ ਪਾਸ। ਆਨਹੁ ਕਰਿ ਸਨ-ਮਾਨ ਅਵਾਸ। ਤਯਾਰੀ ਅਪਰ ਸਕਲ ਠਹਿਰਾਵਹੁ। ਜਬਿ ਨ੍ਰਿਪ ਆਵਹਿਂ ਤਬਹਿ ਸਜਾਵਹੁ' ॥ ੩੬ ॥ ਸੁਨਿ ਕੈ ਸਭਿਹਿਨਿ ਮਨ ਮੁਰਝਾਯੋ। ਅੰਤਹਿ-ਪੁਰ ਆਦਿਕ ਬਿਸਮਾਯੋ। ਤੂਰਨ ਗਮਨੇ ਦੂਲਹੁ ਆਨਯੋਂ। ਸੁੰਦਰ ਸਦਨ ਬਾਸ ਕੋ ਠਾਨਯੋਂ ॥੩੭॥ ਪਾਨ ਗ੍ਰਹਨ ਕੋ ਸਮੈ ਬਿਚਾਰਾ। ਨ੍ਰਿਪ ਸੁਤ ਫੇਰੇ ਫਿਰਿ ਤਿਸ ਬਾਰਾ।ਫਤੇਸ਼ਾਹ ਕੁਲਰੀਤਿ ਕਰਾਈ। ਜਥਾ ਬ੍ਰਿਧਨਿ ਅਰੁਬਿੱਪ੍ਰ ਬਤਾਈ ॥੩੮॥ ਲੇਨਿ ਦੇਨਿ ਜੇਤਿਕ ਬਿਧਿ ਚੀਨੋ। ਫਤੇਸ਼ਾਹ ਦੁਹੂੰ ਦਿਸ਼ਿ ਕੋ ਕੀਨੋ। ਪੁਨ ਅਪਨੇ ਘਰ ਰਾਖਤਿ ਭਯੋ। ਗੁਰੂ ਕਰਮ ਕੋ ਚਿਤਵਨਿ ਕਿਯੋ ॥੩੯॥ ਸਮਧੀ ਸਹਿਤ ਬਰਾਤ ਗਿਰੇਸ਼ਾ। ਕਰਤਿ ਪ੍ਰਤੀਖਨ ਰਹਿਤ ਹਮੇਸ਼ਾ॥ਨੰਦਚੰਦ ਗੁਰ ਪ੍ਰੋਹਤ ਦੋਊ। ਸੁਨਯੋ ਪ੍ਰਸੰਗ ਕਿਸੇ ਤੇ ਸੋਊ ॥੪੦॥—ਬਧਯੋ ਬਖੇਰਾ—ਰਿਦੈ ਬਿਚਾਰਾ। ਇਕ ਦਿਨ ਗਏ ਭੂਪ ਕੇ ਦ੍ਵਾਰਾ। ਸਾਦਰ ਅਪਨੇ ਨਿਕਟਿ ਬਿਠਾਏ। ਦਯਾਰਾਮ ਕਹਿ ਬਾਕ ਸੁਨਾਏ ॥ ੪੧ ॥ 'ਪਠਯੋ ਤੰਬੋਲ ਗੁਰੂ ਪ੍ਰਭੁ ਜੋਈ। ਲੀਜਹਿ ਆਪ ਹਮਹੁਂ ਤੇ ਸੋਈ।ਬਹੁ ਦਿਨ ਭਏ

[1]ਸਭ ਤੋਂ ਉੱਚਾ ਸਭਾ ਵਿਚ ਬੈਠਾ ਹੋਯਾ (ਫਤੇਸ਼ਾਹ) । [2]ਕੁੜਮ ਦਾ । [3](ਸਾਹੇ ਦੇ) ਨੇੜੇ ਬਰਤਾ ਨਹੀਂ ਪਹੁੰਚ ਸਕਦੀ । [4]ਪਹਾੜੀ ਰਾਜਿਆਂ ਦੀ ਦ੍ਵੈਸ਼ ਚੇਤੇ ਕਰਕੇ । [5]ਸੁਖ ਨਾਲ ਬੈਠੇ ਨੂੰ ਜਿਵੇਂ ਚੋਟ ਲਗ ਜਾਵੇ ।

ਇਹਾਂ ਚਲਿ ਆਏ। ਦੇ ਕਰਿ ਤੁਮ ਕੋ ਚਹਤਿ ਸਿਧਾਏ ॥ ੪੨ ॥ ਅਧਿਕ ਬਸਨ ਨੀਕੋ ਨ ਬਿਗਾਨੇ[1]।ਨਿਜਨਿਜ ਥਲਬਸਿਬੋ ਸਭਿਠਾਨੇ[2]।ਦਯਾਰਾਮ ਕੀ ਸੁਨਿ ਇਮ ਬਾਨੀ।ਵਤੇਸ਼ਾਹ ਇਵ ਸਭਾ ਬਖਾਨੀ ॥੪੩॥ 'ਲੇਨਿ ਦੇਨਿ ਕਾਰਜ ਜਿਸ ਕਾਲਾ।ਸੋ ਤੌ ਨਹੀਂ ਭਯੋ ਦਰਹਾਲਾ[2]।ਸਿਮਰਨ ਦ੍ਵੈਸ਼ ਪ੍ਰਥਮ ਗੁਰ ਕੀਨੇ[3]। ਇਸ ਮਗ ਨ੍ਰਿਪ ਨਹਿਂ ਆਵਨ ਦੀਨੇ ॥੪੪॥ਯਾਂਤੇ ਕੇਤਿਕ ਦਿਵਸ ਪਿਛਾਰੀ। ਲੇਨਿ ਦੇਨਿ ਹੁਇ ਹੈ ਬਿਧਿ ਸਾਰੀ। ਦੁਹਿਂ ਦਿਸ਼ਿ ਤੇ ਨ੍ਰਿਪ ਗਨ ਜਬਿ ਮਿਲੈਂ। ਕਰਹੁ ਦਿਖਾਵਨਿ ਦੇਵਨਿ ਭਲੇ ॥੪੫॥ ਹਮਰੀ ਅਰੁ ਗੁਰ ਕੀ ਵਡਿਆਈ। ਸਭਿ ਕੇ ਹੇਰਤਿ ਵਧਹਿ ਸਵਾਈ। ਅਬਿ ਥੋਰੇ ਦਿਨ ਮਹਿਂ ਚਲਿ ਆਵਹਿਂ। ਤੁਮ ਕੋ ਰੁਖ਼ਸਦ ਕਰਹਿਂ ਦਿਖਾਵਹਿਂ[4]'॥੪੬॥ ਇੱਤਯਾਦਿਕ ਕਹਿ ਕਰਿ ਸਨਮਾਨੇ। 'ਰਾਖਹੁ ਕੰਨੇ, ਨਾਹਿਨ ਪਯਾਨੇ[5]'। ਉਠਿ ਦੋਨਹੁਂ ਡੇਰੇ ਨਿਜ ਆਏ।ਨਿਤ ਸੁਚੇਤ ਹੁਇ ਰਹਤਿ ਸਵਾਏ॥ ੪੭॥ [6]"ਕਾਚੀ ਮਤਿ ਇਨ ਸਕਲ ਪਹਾਰੀ।ਰਾਖਹੁ ਨਹਿਂ ਭਰੋਸ ਕੋ ਧਾਰੀ। ਅਹੈ ਬਖੇਰਾ ਇਨ ਕੇ ਸੰਗਾ। ਅਸ ਨ ਹੋਇ ਪਰਿ ਜੈ ਹੈ ਜੰਗਾ' ॥੪੮॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨ੍ਰਿਪਸੁਤ ਬਯਾਹ' ਪ੍ਰਸੰਗ ਬਰਨਨੰ ਨਾਮ ਚਤੁਰ ਦਸ਼ਮੋ ਅੰਸੂ ॥੧੪॥

੧੫. [ਸਉਦਾਗਰ। ਬਰਾਤ ਸ਼੍ਰੀ ਨਗਰ]।

ਦੋਹਰਾ ॥ ਕਲਗ਼ੀਧਰ ਰੋਕੇ ਜਬਹਿ ਨ੍ਰਿਪ* ਸੁਤ ਦਿਯੋ ਪਠਾਇ। ਭੀਮਚੰਦ ਸੁਧਿ ਪਾਇ ਸਭਿ ਔਰ ਪੰਥ ਗਮਨਾਇ॥੧॥ ਚੌਪਈ॥ ਕ੍ਰਮ ਕ੍ਰਮ ਕਰੇ ਉਲੰ-ਘਤਿ ਆਯੋ। ਪਾਇ ਕਸ਼ਟ ਕਛੁ ਬਸ ਨ ਬਸਾਯੋ। ਤਿਸ ਹੀ ਮਗ ਕੋ ਏਕ ਸੁਦਾਗਰ। ਗੁਰ ਕੋ ਸਿਖ ਧਨਵਾਨ ਉਜਾਗਰ ॥ ੨॥ ਕਰੇ ਖਰੀਦਨ ਅਸੂ ਕਸ਼ਮੀਰ। ਬਲੀ ਅਨਿਕ ਅਰੁ ਪੁਸ਼ਟ ਸਰੀਰ। ਇਕ ਸੌ ਬੀਨ ਬੀਨ ਕਰਿ ਲਯਾਯੋ।ਚਾਹਤਿ ਹੈ ਗੁਰ ਢਿਗ ਪਹੁਚਾਯੋ॥੩॥ਜਬਿ ਤਿਸ ਦੇਸ਼ ਬਿਖੈ ਚਲਿ ਆਵਾ।ਬਯਾਹ ਪ੍ਰਸੰਗ ਸਕਲ ਸੁਨਿ ਪਾਵਾ।-ਤਿਸ ਮਗ ਸਤਿਗੁਰ ਦੀਏ ਨ ਜਾਨ। ਇਤ ਕੋ ਆਵਤਿ ਕਰਹਿਂ ਪਯਾਨ-॥੪॥ਰਿਦੈ ਬਿਚਾਰਯੋ-ਕੁਮਤਿ ਪਹਾਰੀ। ਜੋ ਗੁਰ ਸੰਗ ਦ੍ਵੈਸ਼ ਕੋ ਧਾਰੀ। ਤੌ ਮੁਝ ਸੰਗ ਬਿਗਰ ਕਰਿ ਜਾਇਂ। ਹਯ ਛੀਨਹਿਂ ਨਿਜ ਬਲ ਦਿਖਰਾਇਂ ॥ ੫॥ ਨਹਿਂ ਗੁਰ ਕੇ ਢਿਗ

[1]ਬਿਗਾਨੀ ਥਾਂ ਤੇ ਬਹੁਤ ਵੱਸਣਾ ਚੰਗਾ ਨਹੀਂ। [2]ਇਸ ਵੇਲੇ ਤਕ। (ਅ) ਛੇਤੀ। [3]ਗੁਰਾਂ ਨੇ। [3](ਭੀਮਚੰਦ ਦਾ ਅਨੰਦ ਪੁਰ ਵਾਲਾ) ਪਹਿਲਾ ਦ੍ਵੈਸ਼ ਯਾਦ ਕਰਕੇ ......। [4](ਕੁੜਮਾਂ ਨੂੰ ਤੰਬੋਲ) ਦਿਖਾ ਕੇ। [5](ਤੰਬੋਲ) ਪਾਸ ਰਖੋ ਤੇ ਜਾਓ ਨਹੀਂ। [6]ਦੋਵੇਂ ਆਪੋ ਵਿਚ ਵਿਚਾਰਦੇ ਹਨ।

*ਪਾ:-ਨਿਜ।

ਪਹੁੰਚਨਿ ਦੈਹੈਂ।ਚਮੂੰ ਅਧਿਕ ਸੋਂ ਬਸ ਨ ਬਸੈਹੈ–।ਇਮ ਬਿਚਾਰ,ਕਰਿਕੂਚ
ਬਡੇਰੇ।ਪਹੁੰਚ੍ਯੋ ਸਿਰੀ ਨਗਰ ਕੇ ਨੇਰੇ॥੬॥ਤਹਾਂ ਸੁਨੀ 'ਸਤਿਗੁਰੂ ਦਿਵਾਨ।
ਪਠ੍ਯੋ ਗੁਰੂ ਕੌ ਉਤਰ੍ਯੋ ਆਨਿ। ਸੰਗ ਪੰਚ ਸੈ ਜਿਸ ਅਸਵਾਰ।ਦਿਢ ਸੈਨਾ
ਬਾਧੇ ਹੱਥਯਾਰ' ॥੭॥ ਸੁਨਤਿ ਸੁਦਾਗਰ ਬੰਦਨ ਠਾਨੀ। 'ਧੰਨ ਧੰਨ ਸਤਿ-
ਗੁਰਨਿ' ਬਖਾਨੀ।'ਅਪਨੀ ਵਸਤੁ ਸੰਭਾਰਹੁ ਆਪ।ਲਖੀਅਤਿ ਜਿਤ ਕਿਤ
ਅਧਿਕ ਪ੍ਰਤਾਪ' ॥ ੮ ॥ ਬਹ੍ਯੋ ਹੁਤੋ ਬਡ ਚਿੰਤਾ ਨਦੀ। ਪ੍ਰਾਪਤਿ ਧੀਰਜ
ਤਰਨੀ ਤਦੀ[੧]। ਕਰੇ ਤੁਰੰਗਮ ਤ੍ਯਾਰ ਬਡੇਰੇ। ਪਹੁੰਚ੍ਯੋ ਜਾਇ ਸ਼ੀਘ੍ਰ ਗੁਰ
ਡੇਰੇ ॥ ੯ ॥ ਮਿਲੇ ਪਰਸਪਰ ਬੰਦਨ ਕਰੇ। ਕਰੇ ਬਿਲੋਕਨਿ ਹਯ ਸਤ[੨]
ਖਰੇ।ਖਰੇ ਚਲਾਕ ਮਹਾਂ ਬਲ ਭਰੇ।ਭਰੇ ਹਰਖ ਬਾਤਨਰਸ ਢਰੇ॥੧੦॥ਭਲੀ
ਭਾਂਤਿ ਡੇਰਾ ਲਗਵਾਯੋ। ਖਾਨ ਪਾਨ ਕੋ ਅਧਿਕ ਦਿਵਾਯੋ। ਨਿਜ ਦਿੜ੍ਹਤਾ
ਆਛੇ ਕਰਿਵਾਈ। ਗੁਰ ਪ੍ਰੋਹਤ ਦਿਵਾਨ ਸੁਖਦਾਈ ॥੧੧॥ ਭੀਮਚੰਦ ਲੈ
ਸੰਗ ਨਰਿੰਦੇ। ਪਹੁੰਚ੍ਯੋ ਆਇ ਸੁਨ੍ਯੋ ਸੁ ਨਰਿੰਦੈ[੩]।ਅਪਨਿ ਮੇਲ ਕੇ ਨ੍ਰਿਪ
ਸਮੁਦਾਇ। ਲੇ ਪਰਧਾਨ ਗਯੋ ਸਮੁਹਾਇ ॥੧੨॥ ਸਮਧੀ ਮੇਲ ਭਯੋ ਸੁਖ
ਪਾਯੋ। ਕਰ੍ਯੋ ਢੁਕਾਉ ਦਰਬ ਬਰਖਾਯੋ। ਅਨਿਕ ਬੈਰਖਾਂ[੪] ਅਨਿਕ ਬਰਨ
ਕੀ[੫]।ਜਗਮਗਾਤ ਕਰ ਲਗੇ ਤਰਨਿ ਕੀ[੬] ॥੧੩॥ ਨਿਜ ਕੁਲ ਰੀਤਿ ਕਰੀ
ਦਿਸ਼ ਦੋਇਨ। ਬਾਜਤਿ ਬਾਜ ਸੁਨਤਿ ਬਚ ਕੋਇ ਨ। ਸਿਵਰ ਕਰਾਇ ਸੁ
ਪੁਰਿ ਜਨਬਾਸੇ[੭]। ਚਹੀਯਤਿ ਵਸਤੂ ਕਰੀ ਸੁਪਾਸੇ[੮] ॥੧੪॥ ਨਾਨਾ ਬਿੰਜਨ
ਕਰੇ ਪਰੋਸਨਿ।ਭੱਖਭੋਜ ਲੇਹਜ ਅਰੁ ਚੋਸਨ।ਦੁਹਿ ਦਿਸ਼ਿ ਦਿਯੇ ਲਾਗ ਮਨ
ਭਾਏ। ਇਸ ਬਿਧਿ ਕੇਤਿਕ ਦਿਵਸ ਬਿਤਾਏ॥੧੫॥ ਪੁਨ ਦਾਇਜ ਕੋ ਕੀਨ
ਦਿਖਾਵਨਿ। ਬਸਤ੍ਰ ਬਿਭੂਖਨ ਬਹੁ ਮਨ ਭਾਵਨ। ਹਾਥੀ ਹਯਨਿ ਸਾਜ
ਸਿੰਗਾਰੇ।ਭਾਜਨ[੯] ਧਰੇ ਅਨੇਕ ਪ੍ਰਕਾਰੇ॥੧੬॥ਦਯਾਰਾਮ ਸਤਿਗੁਰੂ ਦਿਵਾਨ।
ਤਿਸ ਛਿਨ ਤਹਿਂ ਪਹੁੰਚੇ ਬੁਧਿਵਾਨ। ਸਵਾਲਾਖ ਕੌ ਲੇ ਤੰਬੋਲ। ਜਿਸ ਪਰ
ਲਗ੍ਯੋ ਦਰਬ ਬਹੁ ਮੋਲ ॥ ੧੭ ॥ ਜਹਿਂ ਬੈਠ੍ਯੋ ਰਾਜਨ ਸਮੁਦਾਇ। ਦੂਹੂੰ
ਦਿਸ਼ਿਨਿਕੇ ਸੈਲਨ ਰਾਇ। ਡਸੇ ਫਰਸ਼ ਪਰ ਵਸਤੂ ਨਾਨਾ। ਪ੍ਰਿਥਕ ਪ੍ਰਿਥਕ
ਧਰਿ ਧਰਿ ਤਿਸ ਥਾਨ॥੧੮॥ਬਲੀ ਚਪਲ ਸੁੰਦਰ ਸਰਬੰਗ। ਕੰਚਨ ਜ਼ੀਨ

---

[੧]ਧੀਰਜ ਰੂਪੀ ਬੇੜੀ ਤਦੋਂ ਮਿਲ ਗਈ। [੨]ਸੌ ਘੋੜੇ। [੩]ਰਾਜੇ (ਫਤੇਸ਼ਾਹ ਨੇ)। [੪]ਝੰਡੀਆਂ [ਅ:, ਬੈਰਕ]। [੫]ਅਨੇਕ ਰੰਗਾਂ ਦੀਆਂ। [੬]ਸੂਰਜ ਦੀਆਂ ਕਿਰਨਾਂ ਲਗਣ ਨਾਲ ਚਮਕਦੀਆਂ ਹਨ[ਸੰਸ:; ਕਰ=ਕਿਰਣ]। [੭]ਡੇਰਾ ਕਰਾਯਾ ਨਗਰ ਦੇ ਜੰਞ ਘਰ ਵਿੱਚ। [੮]ਸੋ ਕੋਲ ਪਹੁੰਚਾਈ। [੯]ਭਾਂਡੇ।

ਤੁਰੰਗਮ ਸੰਗ। ਭਾਂਦਨ[1] ਹੇਮ ਰਜਤ ਕੇ ਧਰੇ। ਇੱਤਜਾਦਿਕ ਸਭਿ ਹੇਰਨਿ ਕਰੇ ॥੧੯॥ ਦ੍ਰਿਸ਼ਟਿ ਲਗੀ ਜਬਿ ਸਭਿ ਗਿਰਰਾਈ। ਭਾਟ ਪੁਕਾਰਤਿ ਊਚ ਸੁਨਾਈ। 'ਜਿਸਤੇ ਸਵਾਲਾਖ ਧਨ ਲਗਜੋ। ਵਸਤੁ ਅਜਾਇਬ ਤੇ ਜਗ-ਮਗਜੋ ॥੨੦॥ ਸ੍ਰੀ ਨਾਨਕ ਜਗ ਗੁਰ ਕੀ ਗਾਦੀ। ਤਿਸ ਪਰ ਬੈਠਜੋ ਜਨ ਅਹਿਲਾਦੀ[2]। ਫਤੇਸ਼ਾਹਿ ਗਿਰਪਤਿ ਭੁਜ ਭਾਰੀ। ਤਿਸ ਪਰ ਕ੍ਰਿਪਾ ਦ੍ਰਿਸ਼ਟਿ ਨਿਜ ਧਾਰੀ ॥ ੨੧ ॥ ਦਾਇਜ ਹੇਤੁ ਪਠਜੋ ਇਹ ਆਯੋ। ਗੁਰ ਦਿਵਾਨ ਅਰੁ ਪ੍ਰੋਹਤ ਲਜਾਯੋ। ਸਭਿ ਤੇ ਸ੍ਰੇਸ਼ਟ ਬਡੋ ਤੰਬੋਲ। ਨਾਨਾ ਵਸਤੂ ਜਿਨ ਬਹੁ ਮੋਲ' ॥੨੨॥ ਭੀਮਚੰਦ ਸੁਨਿ ਸਤਿਗੁਰ ਨਾਮੂ। ਜਰ ਬਰ ਗਯੋ ਭਯੋ ਜਨੁ ਆਮੂ[3]। ਖੁਨਸਜੋ, ਨਿਜ ਲੋਕਨਿ ਸੰਗ ਬੋਲਜੋ। ਗੁਰੂ ਦ੍ਵੈਖ ਕੋ ਮੁਖ ਤੇ ਖੋਲਜੋ ॥੨੩॥ 'ਦੇਖਹੁ ਇਹ ਅਚਰਜ ਕੀ ਬਾਤੀ। ਸ੍ਰੀ ਗੋਬਿੰਦ ਸਿੰਘ ਮੋਹਿ ਅਰਾਤੀ[4]। ਅਪਰ ਬਾਰਤਾ ਕਹੀਏ ਕਹਾਂ। ਆਵਨਿ ਦਯੋ ਨ ਮੋਕਹੁ ਇਹਾਂ ॥੨੪॥ ਲਰਨਿ ਹੇਤੁ ਦਲ ਸਨਮੁਖ ਕਰਜੋ। ਛਿਮਾ ਧਰੀ ਮੈਂ ਬਨਾਹ ਬਿਚਰਜੋ। ਸਰਬ ਰੀਤਿ ਤੇ ਭਾ ਨੁਖਸਾਨ। ਉਤਸਵ ਵਧਤਿ ਕਰਜੋ ਚਹਿ ਹਾਨਿ ॥੨੫॥ ਇਸ ਬਿਧਿ ਕੋ ਅਧਿਕਾਇ ਬਿਰੋਧੀ। ਗਿਰ ਓਰਨਿ ਬਰਾਤ ਸਭਿ ਰੋਧੀ। ਤਿਸ ਰਿਪੁ ਸੋਂ ਅਸ ਸਮਧੀ ਮੇਰਾ। ਭਾ ਸੰਗੀ ਜਨੁ ਮੀਤ ਬਡੇਰਾ ॥੨੬॥ ਜੌ ਗੁਰ ਸੰਗ ਸਖਾਪਨ ਰਖੈ। ਤੌ ਇਸ ਕੌ ਨਿਜ ਸ਼ੱਤ੍ਰੁ ਲਖੈਂ। ਰਿਪੁ ਕੋ ਮਿੱਤ੍ਰ ਸ਼ੱਤ੍ਰ ਸੋ ਭਾਰੋ[5]। ਕਿਸ ਬਿਧਿ ਤੇ ਨਹਿਂ ਮੇਲ ਹਮਾਰੋ ॥ ੨੭ ॥ ਕਿਮ ਸਮਧਾਪਨ ਕੋ ਨਿਰਬਾਹੈ। ਜੋ ਹਮਰੇ ਰਿਪ ਕੋ ਪਖ ਚਾਹੈ। ਨਿਕਟ ਹਮਹੁੰ ਤੇ[6] ਕਛੁ ਨ ਬਿਚਾਰ। ਜਾਇਂ ਦੂਰ ਤੌ ਕਰਹਿ ਬਿਗਾਰ ॥੨੮॥ ਕਹਿਬੇ ਕਹਾਂ ਨ ਕਛੁ ਬਨਿ ਆਵੈ। ਫਤੇਸ਼ਾਹਿ ਕੋ ਜੇ ਇਮ ਭਾਵੈ। ਤਿਸ ਦੁਹਿਤਾ ਕੌ[7] ਤਜਿ ਦਿਹੁ ਡੇਰਾ। ਕਰਹੁ ਕੂਚ ਗਮਨਹੁ ਘਰ ਓਰਾ' ॥੨੯॥ ਭੀਮਚੰਦ ਕੋ ਆਸ਼ੈ ਸੁਨਜੋਂ। ਨ੍ਰਿਪ ਜਸਵਾਲ ਕਟੋਚੀ ਭਨਜੋ। 'ਗੁਰ ਕੇ ਸੰਗ ਸ਼ੱਤ੍ਰਤਾ ਭਾਰੀ। ਫਤੇਸ਼ਾਹ ਮਨ ਕਜੋਂ ਨ ਬਿਚਾਰੀ ॥੩੦॥ ਕੈ ਅਨਜਾਨ ਪਨੇ ਮੋਂਹਿ ਰਹਜੋ। ਤੁਮਰੀ ਦਿਸ਼ਿ ਕੋ ਰੋਸ ਨ ਲਹਜੋ[8]। ਗੁਰ ਸੰਗ ਮੇਲ ਬਨੈ ਇਸ ਕੈਸੇ। ਵਧਜੋ ਵਿਰੋਧ ਜੁ ਤੁਮ ਸੰਗ ਐਸੇ' ॥੩੧॥ ਸੁਨਿ ਗੁਲੇਰੀਆ ਕਹੈ ਗੁਪਾਲ।

---

[1]ਭਾਂਡੇ। [2]ਦਾਸਾਂ ਨੂੰ ਅਨੰਦ ਦੇਣ ਵਾਲੇ। [3]ਮਾਨੋ ਰੋਗੀ ਹੋਗਿਆ। [4]ਵੈਰੀ। [5]ਵੈਰੀ ਦਾ ਜੋ ਮਿੱਤ੍ਰ ਹੈ ਸੋ ਭਾਰੀ ਵੈਰੀ ਹੁੰਦਾ ਹੈ। [6]ਸਾਡੇ ਕੋਲ ਹੁੰਦਿਆਂ। [7]ਪੁੱਤ੍ਰੀ ਦਾ। [8]ਭਾਵ ਤੇਰੇ ਗੁਰੂ ਨਾਲ ਗੁੱਸੇ ਦਾ ਉਸਨੂੰ ਪਤਾ ਨਹੀਂ।

'ਬੂਝੋ ਫਤੇਸ਼ਾਹ ਕੇ ਨਾਲ। ਜੇ ਨ ਰਹਹਿ ਸਾਕਨਿ ਅਨੁਸਾਰੀ।ਤੌ ਸਗੀਧਤਾ ਕਹਾਂ ਤੁਮਾਰੀ[1] ॥੩੨॥ ਜੇ ਮਾਨਹਿਂ, ਗੁਰ ਸੌਂ ਲਰ ਪਰੈ। ਸਾਕ ਸਥਾਪਨ ਕੌ ਤਬਿ ਧਰੈ।ਆਸ਼ੈ ਲਖਹਿ ਬਿਨਾ ਕਿਮ ਕ੍ਰੋਧਹੁ ? ਪਠਿ ਪਰਧਾਨ ਰਿਦਾ ਤਿਸ ਸੋਧਹੁ' ॥੩੩॥ ਸੁਨਿ ਇਮ ਭੀਮਚੰਦ ਮਨ ਮਾਨੀ। ਇਕ ਜਸਵਾਲ ਪ੍ਰਧਾਨ ਬਿਨਾਨੀ[2]। ਫਤੇਸ਼ਾਹ ਕੇ ਨਿਕਟ ਪਠਾਇ। ਨਿਜ ਆਸ਼ੈ ਸਭਿ ਕਹਨੋ ਸੁਨਾਏ ॥੩੪॥ ਦਾਇਜ ਜਹਾਂ ਸੁਧਾਰਿ ਸੁਧਾਰਿ। ਧਰਿਵਾਵਹਿ ਕਰਿ ਕਰਿ ਬਿਸਤਾਰ। ਦੋਨਹੁੰ[3] ਜਾਇ ਜੁਦਾ ਤਿਸ ਕਰਨੋ।ਥਿਰੇ ਇਕਾਂਕੀ ਬਾਕ ਉਚਰਨੋ॥੩੫॥'ਸੁਨਹੁ ਨਰਿੰਦ੍ਰ! ਕਹਾਂ ਤੈਂ ਚੀਨਾ।ਗੁਰ ਕੇ ਸਾਥ ਮੇਲ ਇਮ ਕੀਨਾ। ਸਮਧੀ ਦੇਖਤਿ ਕ੍ਰੋਧ ਬਧਾਯੋ। ਕਹਿ ਤੈਂ ਬੋਲ ਕਹਾਂ ਅਨਵਾਯੋ। ॥੩੬॥ਅਧਿਕ ਸ਼ੱਤ੍ਰੁਤਾ ਜਿਨ ਕੇ ਸੰਗ। ਸੰਧਨਾ ਪ੍ਰਾਪਤਿ ਕਰਨੋ ਚਹਿ ਜੰਗ। ਆਵਤਿ ਕੌ ਜਿਨ ਪੰਥ ਨ ਦੀਨਾ।ਅਧਿਕ ਦ੍ਵੈਸ਼ ਤੁਮ ਸਭਿ ਬਿਧਿ ਚੀਨਾ॥ ॥੩੭॥ ਤਊ ਨ ਤਿਨ ਸੰਗ ਕੀਨਸਿ ਅੰਤਰ[4]। ਸ਼ਰਨਿ ਪਰਨਿ ਚਾਹਤਿ ਚਿਤ ਅੰਤਰ।ਭੀਮਚੰਦ ਨ੍ਰਿਪ ਰਿਪੁ ਕੇ ਸਾਥੀ[5]। ਜੇ ਤੁਮ ਬਨੇ ਰਹੋ ਇਕ ਗਾਥੀ[6] ॥ ੩੮ ॥ ਲਰਹਿਂ ਨਹੀਂ, ਬਨ ਰਹਹਿਂ ਸਹਾਇ। ਸਮਧਿਪਨੋ[7] ਸਗਰੋ ਟੂਟ ਜਾਇ।ਤਵ ਤਨੁਜਾ ਕਹੁ ਤਜਾਗਹਿ ਡੋਰਾ।ਕਰਹੁ ਨਿਹੋਰਨਿ[8], ਹ੍ਵੈ ਨ ਨਿਹੋਰਾ[9] ॥੩੯॥ ਬਨਹਿਂ ਨ ਮੇਲ ਫਰਕ ਉਰ ਪਰੈ। ਜੋ ਕਰਿ ਗਿਰਪਤਿ ਗਨ ਬਿਚ ਪਰੈਂ।ਕ੍ਰੱਧਤਿ ਅਧਿਕ ਅਬਹਿ ਉਠ ਚਾਲਾ[10]।ਨੀਠ ਨੀਠ ਕਰਿ ਬਹੁਰ ਬਿਠਾਲਾ ॥੪੦॥ ਰਸ ਰਾਖਨਿ ਕੈ ਕਰਤਿ ਬਿਰਸ ਕੌ। ਜਸ ਅਭਿਲਾਖਹੁ ਭਾਖਹੁ ਤਸ ਕੌ[11]'। ਫਤੇ ਸ਼ਾਹ ਸੁਨਿ ਚਿੰਤ ਮਹਾਨੀ। ਕਠਨ ਬਾਤ ਦਹੁੰਦਿਸ਼ਿ ਤੇ ਜਾਨੀ॥੪੧॥-ਸਮਰਸ ਗੁਰੁ ਸਨ ਹੈ ਬਹੁਭਾਂਤੀ[12]।ਹਿਤ ਠਾਨਤਿ ਮੇਰੋ ਦਿਨ ਰਾਤੀ।ਕ੍ਰਿਪਾ ਕਰਹਿਂ ਰਾਖਹਿਂ ਸਨਮਾਨਾ।ਪ੍ਰਥਮ ਬਿਰੋਧ ਮਿਟਾਇ ਮਹਾਨਾ[13]-॥੪੨॥'ਸੁਨਿ ਵਜ਼ੀਰ! ਤੂੰ ਸੁਮਤਿ ਸਯਾਨਾ॥ ਵਧੈ ਵੈਰ,

[1]ਤਾਂ ਤੁਹਾਡੀ ਕੁੜਮਾਚਾਰੀ ਕੀਹ ਹੋਈ ? [2]ਸੁਸਿੱਖਜਤ ਪ੍ਰਧਾਨ [ਸੰਸ:, ਵਿਨਯਨ=ਸਿਖਜਾ] (ਅ) ਪਰ ਸੁੱਧ ਪਾਠ 'ਬਿਯਾਨੀ' ਜਾਪਦਾ ਹੈ। ਬਿਯਾਨੀ=ਦੂਸ੍ਰਾ। [3]ਦੋਹਾਂ ਭਾਵ ਜਸਵਾਲੀਏ ਤੇ ਮੰਤ੍ਰੀ ਨੇ। [4]ਵਿੱਥ ਨਾ ਪਾਈ। [5]ਭੀਮਚੰਦ ਰਾਜੇ ਦੇ ਵੈਰੀ ਭਾਵ ਗੁਰੂ ਜੀ ਨਾਲ। [6]ਇਕ ਗਲ ਵਾਲੇ। [7]ਕੁੜਮਾਚਾਰੀ। [8](ਹੁਣ) ਬੇਨਤੀ ਕਰੇ (ਭੀਮਚੰਦ ਅੱਗੇ)। [9](ਫੇਰ ਤੇਰੀ) ਬੇਨਤੀ ਨਹੀਂ ਮੰਨਣੀ। [10]ਉਠ ਚੱਲਿਆ ਸੀ। [11]ਰਸ ਰੱਖਣਾ ਕਿ ਬਿਰਸੀ ਕਰਨੀ ਜੇ ? ਜੋ ਚਾਹੁੰਦੇ ਹੋ ਸੋ ਆਖੋ। [12]ਗੁਰਾਂ ਨਾਲ (ਮੇਰਾ) ਬਹੁਤ ਤਰ੍ਹਾਂ ਦਾ ਮੇਲ ਹੈ। [13]ਨਾਹਨ ਨਾਲ ਸੁਲਹ ਵਲ ਇਸ਼ਾਰਾ ਹੈ।

ਵਿੱਪ੍ਰੈ ਜਨ ਠਾਨਾ[1]। ਹਿਤ ਕੇ ਕਰਨਹਾਰ ਹੁਇਂ ਕੋਈ[2]। ਤਿਹ ਸਨ[3] ਲਰੇ ਪਾਪ ਬਡ ਹੋਈ॥੪੩॥ਕੌਨ ਬਿਗਾਰ ਜਾਨ ਕਰਿ ਮਨ ਮੈਂ। ਲੇ ਦਲ ਸਮੁਖ ਬਨੋ[4] ਗੁਰ ਰਨ ਮੈਂ। ਨਾਹਕ ਤੁਮ ਨੇ ਰਚੇਂ ਬਖੇਰਾ। ਕਰਾਮਾਤ ਸਾਹਿਬ ਸੰਗ ਝੇਰਾ॥੪੪॥ਜਾਚੀ ਵਸਤੁ ਨਹੀਂ ਜੇ ਦੀਨਿ।ਤਊ ਪੂਜਿਬੇ ਥਾਨ ਪ੍ਰਬੀਨ। ਬਨਹੁ ਨਿੰਮ੍ਰਿ ਇਮ ਹੀ ਬਨਿ ਆਵੈ।ਬਧੈ ਵਿਰੋਧ ਨਹੀਂ ਕੁਛ ਪਾਵੈ[5] ॥੪੫॥ ਮੈਂ ਅੰਤਰ ਪਰ[6] ਮੇਲ ਕਰਾਵੌਂ। ਗੁਰ ਤੇ ਕਹਿ ਕਰਿ ਸਭਿ ਬਖਸ਼ਾਵੌਂ। ਭਈ ਸੁ ਭਈ ਜਾਨਿ ਅਬਿ ਦੀਜੈ। ਬ੍ਰਿਥਾ ਬਿਰੋਧ ਬਾਦ ਕਯੋਂ ਕੀਜੈ' ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਫਤੇਸ਼ਾਹ' ਪ੍ਰਸੰਗ ਬਰਨਨੰ ਨਾਮ ਪੰਚਦਸਮੋ ਅੰਸੂ ॥੧੫॥

੧੬. [ਤੰਬੋਲ ਸਿਭਾਲ ਕੇ ਨੰਦ ਚੰਦ ਦਾ ਵਾਪਸ ਹੋਣਾ]।

ਦੋਹਰਾ ॥ ਸੁਨਿ ਜਸਵਾਲ ਵਜ਼ੀਰ ਤਬਿ ਫਤੇਸ਼ਾਹ ਕੇ ਬੈਨ। ਭੀਮਚੰਦ ਕੇ ਢਿਗ ਗਇ ਥਿਰਯੋ ਜਹਾਂ ਰਿਸ ਨੈਨ[7] ॥੧॥ ਚੌਪਈ ॥ ਤਰਕਤਿ ਵਾਕ ਕਹਯੋ ਜਸਵਾਲ। 'ਤਵ ਸਮਧੀ ਕੋ ਰਸ ਗੁਰ ਨਾਲ। ਉਲਟੋ ਤੁਮ ਕੌ ਚਹਹਿ ਮਿਲਾਯੋ[8]।ਲਖੀਅਤਿ ਗੁਰ ਕਰਾਹ ਕੁਛ ਖਾਯੋ॥੨॥ਕਰਾਮਾਤ ਸਾਹਿਬ ਪ੍ਰਭੁ ਜਾਨੈ[9]। ਤਿਨ ਸਨ ਦ੍ਵੈਸ਼ ਨਹੀਂ ਕਿਮ ਠਾਨੈ। ਜਥਾ[10] ਬਨਯੋ ਗੁਰਸਿੱਖ ਬਿਸਾਲ।ਤਿਮ[11]ਬੋਲਤਿ ਹਮ ਸੋਂ ਇਸ ਕਾਲ॥੩॥ਰਾਵਰਿ ਕ੍ਰੋਧ ਨ ਜਾਨਯੋ ਘਨੋ।ਫਿਰਯੋ ਨ ਗੁਰ ਤੇ,ਰਸ ਉਰ ਸਨੋ[12]। ਜਥਾ ਆਇ ਤੁਮਰੇ ਮਨ ਮਾਂਹੀ। ਕਰੋ ਤਥਾ ਕੋ ਬਰਜਤਿ ਨਾਂਹੀ'॥ ੪ ॥ ਸੁਨਿ ਕਰਿ ਭੀਮਚੰਦ ਰਿਸ ਛਾਈ। ਅਗਨਿ ਜ੍ਵਲਤਿ ਆਹੁਤਿ ਜਨੁ ਪਾਈ[13]।ਕਹਯੋ 'ਦੇਹੁ ਕਰਿ ਕੂਚ ਨਗਾਰਾ। ਮੈਂ ਨ ਕਰੌਂ ਕਛੁ ਅੰਗੀਕਾਰਾ॥੫॥ ਆਨ ਥਾਨ ਨਿਜ ਨੰਦਨ ਬਯਾਹੌਂ। ਇਸ ਕੇ ਦੇਸ਼ ਨ ਆਵਨਿ ਚਾਹੌਂ।ਅਸ ਦੁਸ਼ਮਨ ਮੇਰੋ ਦੁਖਦਾਈ। ਤਿਨ ਕੇ ਸੰਗ ਪ੍ਰੀਤਿ ਉਪਜਾਈ॥੬॥ ਜਿਮ ਗੁਰ ਸ਼ੱਤ੍ਰ ਤਥਾ ਇਹ[14] ਮੇਰੋ। ਲਰੌਂ ਦੁਹਨ ਸੋਂ ਪਰਯੋ ਬਖੇਰੋ'। ਇਮ ਕਹਿ ਕਰਿ ਮੌਨਵ ਪਠਿ ਦੀਨੋ। ਕਾਰਨ ਕੂਚ ਨਗਾਰਾ ਕੀਨੋ[15]॥੭॥ਤਤਛਿਨ ਜ਼ੀਨ ਹਯਨਿ ਪਰ ਡਾਲੇ।ਕਰੀ ਸ਼ਿੰਗਾਰ-ਨ[16] ਕੀਨਿ ਉਤਾਲੇ।ਇਮ ਜਬਿ ਤਯਾਰ ਅਰੂਢਨਿ ਭਯੋ।ਫਤੇਸ਼ਾਹ ਕੇ ਨਰ

[1](ਜਨ=) ਭਲੇ ਪੁਰਖ ਨਾਲ ਉਲਟੀ ਕੀਤਿਆਂ ਵੈਰ ਵਧਦਾ ਹੈ। [2]ਭਾਵ ਪਿਆਰ ਕਰਨ ਵਾਲੇ ਵਿਰਲੇ ਹੁੰਦੇ ਹਨ। [3]ਸਾਥ। [4]ਮੁਕਾਬਲਾ ਕਰਨ ਵਾਲਾ ਬਣਾਂ। [5]ਵਿਰੋਧ ਵਧਿਆਂ ਕੁਛ ਮਿਲਣਾ ਨਹੀਂ। [6]ਮੈਂ ਵਿਚ ਪੈਕੇ। [7]ਕ੍ਰੋਧੀ ਅੱਖਾਂ ਵਾਲਾ। [8](ਗੁਰੂ ਜੀ ਨਾਲ) ਮਿਲਾਯਾ ਚਾਹੁੰਦਾ ਹੈ। [9](ਗੁਰੂ ਜੀਨੂੰ) ਜਾਣਦਾ ਹੈ। [10]ਮਾਨੋ। [11]ਐਉਂ। [12]ਭਾਵ ਦਿਲ ਵਿਚ ਪਯਾਰ ਹੈ। [13]ਅਹੂਤੀ ਮਾਨੋ ਪਾਈ ਹੈ। [14]ਭਾਵ ਫਤੇਸ਼ਾਹ। [15]ਕੂਚ ਕਰਨ ਵਾਸਤੇ ਨਗਾਰਾ ਵਜਾਯਾ। [16]ਹਾਥੀ (ਹੌਦੇ ਆਦਿ ਪਾਕੇ) ਸ਼ਿੰਗਾਰ ਲਏ।

ਸੁਨਿ ਲਯੋ ॥੮॥ ਮੰਤ੍ਰੀ ਆਦਿ ਉਤਾਇਲ ਧਾਏ।ਨਿਜ ਰਾਜੇ ਕਨਿ[1] ਵਾਕ ਅਲਾਏ। 'ਤੂਟਨ ਸਮਧੀ ਸਾਥ ਤੁਮਾਰੋ। ਕਿਮ ਬਨਿ ਆਵਹਿ, ਕਯੋਂ ਨ ਬਿਚਾਰੋ ॥੯॥ ਗੁਰ ਸੋਂ ਮੇਲ ਕਰਨਿ ਹੈ ਕਹਾਂ। ਦਿਨ ਕੇਤਿਕ ਤੇ ਥਿਰ ਭੇ ਇਹਾਂ। ਚਲਯੋ ਛੋਰ ਤਵ ਤਨੁਜਾ ਡੋਰ।। ਇਹ ਅਪਜਸੁ ਪਸਰੈ ਚਹੁੰ ਓਰ॥ ੧੦॥ ਨਿਜ ਸਮਧੀ ਕੇ ਬਨਿ ਅਨੁਸਾਰੀ। ਰਹਿ ਆਵਹਿ ਜਿਮ ਲਾਜ ਤਿਹਾਰੀ'। ਸੁਨਿ ਕਰਿ ਨਿਜ ਸਚਿਵਨ ਕੀ ਬਾਨੀ। ਸ਼ੰਕਤਿ ਚਿਤ ਮਹਿਂ ਤਬਹਿ ਬਖਾਨੀ॥੧੧॥ 'ਤੂਰਨ ਜਾਇ ਛਿਮਾ ਕਰਿਵਾਵੋ। ਕਰੋ ਨਿਹੋਰਨਿ ਚਢ੍ਹਤਿ ਹਟਾਵੋ।ਸ਼੍ਰੇਯ ਹੇਤੁ[2] ਮੈਂ ਤਿਨ ਸੋਂ ਕਹਯੋ। ਕਯੋਂ ਤੂਟਨ[3] ਕਹੁ ਚਿਤ ਮਹਿਂ ਚਹਯੋ ॥ ੧੨ ॥ ਮੈਂ ਸਮਧੀ ਕੇ ਨਿਤ ਅਨੁਸਾਰੀ। ਲਰੌਂ ਗੁਰੂ ਸੰਗ ਤਿਨਹੁਂ ਅਗਾਰੀ। ਏਤੋ ਕੋਪ ਕਹਹੁ ਕਿਮ ਕੀਨੋ।ਜਿਸ ਤੇ ਚਢ੍ਹਤਿ[4] ਪ੍ਰੀਤ ਹੁਇ ਹੀਨੋ' ॥੧੩॥ ਸੁਨਿ ਮੰਤ੍ਰੀ ਦੌਰੇ ਤਬਿ ਗਏ।ਹਾਥ ਜੋਰਿ ਸਭਿ ਉਚਰਤਿ ਭਏ। 'ਸੁਮਤਿਵੰਤਿ ਤੁਮ ਕਯੋਂ ਨ ਬਿਚਾਰੋ। ਫਤੇਸ਼ਾਹ ਨ੍ਰਿਪ ਤੁਵ ਅਨੁਸਾਰੋ ॥੧੪॥ ਜਿਮ ਰਨ ਹੋਇ ਨ,ਤਿਮ ਤਿਨ ਭਾਖੀ।ਨਿਸ਼ਚੈ ਲਰਨਿ ਜਿ ਤੁਮ ਅਭਿਲਾਖੀ। ਤੌ ਸਭਿ ਆਗੈ ਗੁਰ ਕੇ ਸੰਗ। ਸ੍ਰੀ ਨਗਰੇਸ਼ੂਰੁ ਘਾਲਹਿ ਜੰਗ ॥੧੫॥ ਲੈ ਹੈ ਛੀਨ ਪਾਂਵਟਾ ਥਾਨ। ਡੇਰਾ ਲੂਟਹਿ ਵਸਤੁ ਮਹਾਨ। ਥਿਰਹੁ ਆਪ ਮਸਲਤ ਮਿਲਿ ਠਾਨਹੁਂ। ਸਾਕ ਬਿਸਾਲ ਆਪਨੋ ਜਾਨਹੁਂ ॥੧੬॥ ਐਸੀ ਬਾਤਿ ਨ ਉਚਿਤ ਤੁਹਾਰੇ। ਹਸਹਿਂ ਲੋਕ ਅਪਵਾਦ ਉਚਾਰੇ'।ਭੀਮਚੰਦ ਸੁਨਿ ਤਬਹਿ ਉਚਾਰੀ। 'ਗੁਰ ਸਨ ਲਰਹਿ ਜਿ ਹਮਹੁ ਅਗਾਰੀ॥੧੭॥ਤਬਿ ਪ੍ਰਤੀਤ ਹਮਰੇ ਉਰ ਆਵੈ।ਮਿਲਿਬੇ ਕਹੁ ਸਨੇਹ ਉਪਜਾਵੈ[5]'। ਇਮ ਕਹਿ ਪਠੇ ਸਕਲ ਪਰਧਾਨ। ਆਏ ਫਤੇਸ਼ਾਹ ਜਿਸ ਥਾਨ ॥੧੮॥ ਬੈਠੇ ਬਹੁਤ ਬਾਰਿ ਸਮੁਝਾਯੋ। ਗੁਰ ਸਨ ਲਰਿਬੋ ਮਤ ਠਹਿਰਾਯੋ। ਆ ਪਸ ਮਹਿਂ ਸਮਧੀ ਮਿਲਿ ਬਾਤਨ। ਭਏ ਹਰਖ, ਕਰਿ ਹੈਂ ਪੁਨ ਘਾਤਨ[6] ॥੧੯॥ 'ਅਬਿ ਤੌ ਬਯਾਹ ਪ੍ਰਸੰਗ ਨਿਬੇਰੋ।ਪਾਛੈ ਪਰਿ ਹੈ ਜੰਗ ਬਖੇਰੋ'।ਫਤੇਸ਼ਾਹ ਨ੍ਰਿਪ ਇਮ ਠਹਿਰਾਇ। ਉਠਿ ਆਯੋ ਪੁਨ ਦੂਸਰ ਠਾਇ॥੨੦॥ ਗੁਰ ਪ੍ਰੋਹਤ ਅਰ ਜਹਾਂ ਦਿਵਾਨ। ਦੀਨੋ ਰਹੈਂ ਤੰਬੋਲ ਮਹਾਨ। ਕੇਤਿਕ ਸੁਭਟ

[1]ਪਾਸ। [2]ਭਲੇ ਵਾਸਤੇ। [3](ਸਬੰਧ) ਤੋੜਨ ਨੂੰ। [4]ਜਿਸ ਦੇ ਚੜ੍ਹਨੇ ਕਰ। (ਅ) ਜਿਸ (ਕ੍ਰੋਧ) ਦੇ ਕਾਰਨ ਚੜ੍ਹਾਈ ਕਰਦਾ ਹੈ (ਉਸ ਚੜ੍ਹਾਈ ਨਾਲ) ਪ੍ਰੀਤ ਹੀਨ ਹੁੰਦੀ ਹੈ। [5](ਸਾਨੂੰ) ਮਿਲਣੇ ਦਾ ਸਨੇਹ ਉਪਜੇਗਾ। (ਅ) (ਤਦ ਸਮਝਾਂਗੇ ਕਿ ਸਾਡੇ ਨਾਲ) ਮਿਲਣੇ ਦਾ ਪਿਆਰ ਪੈਦਾ ਕੀਤਾ ਸੁ।

[6]ਦਾਉ ਘਾਉ।

ਜਿਨਹੁੰ ਕੇ ਸਾਥ। ਆਦਿ ਖੜਗ ਤੇ ਆਯੁਧ ਹਾਥ॥ ੨੧ ॥ ਗਿਰਪਤਿ ਦ੍ਰਿਸ਼ਟਿ ਸਮੁਖ ਨਹਿਂ ਕੀਨੀ[1]।ਨੰਦਚੰਦ ਚਾਤੁਰ ਤਬਿ ਚੀਨੀ[2]।ਦਯਾਰਾਮ ਪ੍ਰੋਹਤ ਕੇ ਕਾਨਨ[3]।ਭਾਖੀ ਗਤਿ ਸਮੀਪ ਕਰਿ ਆਨਨ[4] ॥੨੨॥ 'ਬਿਗਰੋ[5] ਲਖੀਯਤਿ ਦੁਸ਼ਟ ਪਹਾਰੀ। ਮਿਲਯੋ ਕੁਸੰਗ ਸੰਗ ਮਤਿ ਮਾਰੀ। ਅਬਿ ਨ ਕਰੋ ਇਨ ਕੋ ਬਿੱਸ੍ਵਾਸ। ਰਹਹੁ ਸੁਚੇਤ ਧਰਹੁ ਗੁਰ ਆਸ ॥ ੨੩ ॥ ਹੁਤੋ ਬਿਲੋਕਤਿ ਜਥਾ ਅਗਾਰੇ। ਨਹੀਂ ਤੌਰ ਸੋ ਪਰਹਿ ਨਿਹਾਰੇ[6]।ਨਹਿਂ ਤੰਬੋਲ ਦਿਸ਼ਿ ਦ੍ਰਿਸ਼ਟਿ ਲਗਾਈ।ਭਾਲ ਬਿਸਾਲ ਰਹਯੋ ਬਿਲਖਾਈ[7]॥੨੪॥ ਤਨਕ ਨ ਰੁਖ਼ ਹਮਰੀ ਦਿਸ਼ਿ ਕੀਨਸਿ। ਧਰੇ ਬੱਕ੍ਰਤਾ ਟਰਿਬੋਲੀਨਸਿ[8]। ਲਖੀ ਪਰੈ ਜਿਮ ਰਖੀ ਰੁਖਾਈ[9]। ਕਰਯੋ ਚਹੈ ਕੁਛ ਮੂਢ ਖੁਟਾਈ ॥ ੨੫ ॥ ਇਹਾਂ ਠਹਿਰਬੋ ਨਾਂਹਿਨ ਆਛੋ। ਕਹਿਨ ਸੁਨਨਿ ਇਨ ਸਨ ਨਹਿਂ ਬਾਂਛੋ। ਹੁਇ ਸਵਧਾਨ ਸਮਾਲਹੁ ਡੇਰਾ। ਮੁਝ ਦੀਖਹਿ, ਹੁਇ ਪਰੈ ਬਖੇਰਾ॥੨੬॥ ਸਰਬ ਗਿਰੇਸ਼ਨ ਕੀ ਬਹੁ ਸੈਨ। ਬਹੁਰ ਦੇਸ਼ ਹਮਰੋ ਇਤ ਹੈ ਨ'। ਦਯਾਰਾਮ ਸੁਨਿ ਕੈ ਪੁਨ ਬੋਲਾ। 'ਪਠਯੋ ਗੁਰੂ ਇਨ ਦੇਹੁ ਤੰਬੋਲ॥੨੭॥ਨਿਜ ਦਿਸ਼ਿ ਤੇ ਨੀਕਹਿ ਕਰਿ ਚਲੀਅਹਿ।ਪੁਨ ਗਮਨਹੁ ਸਤਿਗੁਰ ਸਨ ਮਿਲੀਅਹਿ। ਪ੍ਰਭੁ ਸੋਂ ਬੁਰਾ ਤਕਹਿ ਇਹ ਜੈਸੇ। ਫਲ ਸੰਕਟ ਕੋ ਲਹਿਸਹਿ ਤੈਸੇ ॥੨੮॥ ਇਤੇ ਦਿਵਸ ਹਮ ਕੌ ਇਨ ਰਾਖਾ।ਅਬਿ ਮੂਰਖ ਬਿਗਰਨਿ ਅਭਿ-ਲਾਖਾ। ਉਪਕਾਰੀ ਸਨ ਬਨਿ ਅਪਕਾਰੀ[10]।ਮਤ ਮਾਰੀ ਦ੍ਰੋਹੀ ਸੁ ਪਹਾਰੀ' ॥੨੯॥ ਨੰਦ ਚੰਦ ਕਹਿ 'ਪ੍ਰੋਹਤ ! ਸੁਨੀਅਹਿ। ਦੇਨ ਇਤੋ ਧਨ ਕੋ ਗੁਨ ਗੁਨੀਅਹਿ[11] ? ਇਹ ਨਿਸ਼ਚੈ ਬਿਗਰਹਿਂ ਮਤਿ ਮੂਢੇ। ਸਾਢਸਤੀ[12] ਇਨ ਸੀਸ ਅਰੂਢੇ ॥੩੦॥ ਲਿਹੁ ਸਭਿ ਅਪਨੀ ਵਸਤੁ ਸੰਭਾਰਹਿ।ਚਲਿ ਦੀਜਹਿ ਸਤਿਗੁਰੂ ਅਗਾਰਹਿ।ਬਨੇ ਬਿਰੋਧੀ ਕੋ ਕਿਮ ਦੇਨਾ। ਨਿਜ ਬਲ ਕਰਿ ਹਮ ਲੂਟ ਸੁ ਲੇਨਾ ॥ ੩੧ ॥ ਬਨਯੋਂ ਰਹਤਿ ਜੇ ਗੁਰ ਕੋ ਦਾਸ। ਤੌ ਹਮ ਦੇਤਿ ਵਸਤੁ ਇਨ ਪਾਸ। ਭਯੋ ਬਿਰਸ ਅਬਿ ਲੇਹੁ ਬਟੋਰਿ। ਤੂਰਨ ਚਲੋ ਸਿਵਰ ਨਿਜ ਓਰ' ॥੩੨॥ ਦਯਾਰਾਮ ਆਸ਼ੈ ਲਖਿ ਪਾਯੋ। ਸਭਿ ਤੰਬੋਲ ਇਕਠਾ

[1]ਫਤੇਸ਼ਾਹ ਨੇ ਸਾਹਮਣੇ ਨਿਗਾਹ ਨ ਕੀਤੀ। [2](ਗਲ) ਸਮਝ ਲਈ। [3]ਕੰਨਾਂ ਵਿਚ। [4]ਮੂੰਹ ਨੇੜੇ ਕਰਕੇ। [5]ਬਿਗੜਿਆ ਹੋਇਆ। [6]ਭਾਵ (ਪਿਆਰ ਵਾਲੇ) ਤੌਰ ਬਦਲ ਗਏ ਹਨ। [7]ਮੱਥਾ ਬਹੁਤ ਸ਼ਰਮਿੰਦਾ ਹੋ ਰਿਹਾ (ਜਾਪਦਾ ਹੈ)। [8]ਟੇਢਤਾਈ ਧਾਰਕੇ ਇਥੋਂ ਟਲ ਗਿਆ ਹੈ। [9]ਜਾਣੀ ਪੈਂਦੀ ਹੈ ਜਿਵੇਂ ਇਸ ਨੇ ਰੁੱਖਾ ਪਨ ਰਖਿਆ ਹੈ। [10]ਵੈਰੀ। [11]ਇਤਨੇ ਧਨ ਦੇਣ ਦਾ ਸੋਚੋ ਕਿ ਕੀ ਗੁਣ ਹੈ ? [12]ਬਦ-ਕਿਸਮਤੀ। ਵੇਖੋ ਰਾਸ ੪ ਅੰਸੂ ੫੮ ਅੰਕ ੧੬ ਦਾ ਪ੍ਰਯਾਯ।

ਕਰਿਵਾਯੋ। ਤਤਛਿਨ ਹੁਇ ਸਵਧਾਨ ਬਿਸਾਲੇ। ਵਸਤੁ ਸੰਭਾਰਤਿ ਗਨ ਹੁਇ[1] ਚਾਲੇ* ॥੩੩॥ ਤੋਮਰ, ਤੁਪਕ, ਤਬਰ, ਤਰਵਾਰ। ਹੁਇ ਸੁਚੇਤ ਹਾਥਨਿ ਮਹਿਂ ਧਾਰਿ।ਹੁਇਇਕੱਤ੍ਰ ਡੇਰੇ ਚਲਿ ਆਇ।ਤਤਛਿਨ ਜ਼ੀਨ ਤੁਰੰ-ਗਮ ਪਾਏ ॥੩੪॥ ਤਯਾਰੀ ਕਰੀ ਅਰੂਢਨਿ ਹੇਤੁ। ਹੁਇ ਸੁਚੇਤ ਬਹੁ ਸ਼ੀਘ੍ਰ ਸਮੇਤ। ਦੋਨਹੁਂ ਸਮਧੀ ਮਿਲਿ ਜਬਿ ਥਿਰੇ। ਬੋਲਨਿ ਮਿਲਨਿ ਪ੍ਰੇਮ ਤੇ ਭਰੇ ॥੩੫॥ਧਾਇ ਨਰਨਿ ਸੁਧਿ ਤਬਹਿ ਸੁਨਾਈ। 'ਗੁਰ ਦਿਵਾਨ ਤਯਾਰੀ ਕਰਿ-ਵਾਈ। ਜੇਤਿਕ ਵਸਤੁ ਦੇਨ ਹਿਤ ਆਨੀ। ਸਭਿ ਲੇ ਚਲ੍ਯੋ ਰਿਦੇ ਰਿਸ ਠਾਨੀ' ॥੩੬॥ ਭੀਮਚੰਦ ਕੈ ਛੋਭ ਬਿਸਾਲ। ਕਰਤਿ ਸ਼ੀਘ੍ਰਤਾ ਕਹਿ ਤਿਸ ਕਾਲ੍ਹ। 'ਤੂਰਨ ਪਠਹੁ ਸੁਭਟ ਗਨ ਗਾਢੇ। ਘਾਟਾ[2] ਰੋਕ ਲੇਹੁ ਦਿਢ ਠਾਂਢੇ ॥੩੭॥ਨਹਿਂ ਨਿਕਸਨਿ ਪਾਵਹਿਂ ਲਿਹੁ ਘੇਰਿ।ਹਤਹੁ ਤੁਪਕ ਜਬਿ ਪਹੁੰਚੈਂ ਨੇਰਿ। ਇਤ ਤੇ ਸਭਿ ਰਾਜਨ ਕੀ ਸੈਨਾ।ਚਢਹਿ ਧਰਨਿ ਆਯੁਧ ਗਨ ਪੈਨਾ[3]॥੩੮॥ ਸੋ ਤੁਰੰਗ ਜੋ ਲਯਾਇ ਸੁਦਾਗਰ। ਚਪਲ ਬਲੀ ਗੁਨ ਬ੍ਰਿੰਦ ਉਜਾਗਰ। ਸਗਰੇ ਛੀਨ ਲੇਹੁ ਕਰਿ ਧਰਿ ਧਰਿ।ਸ਼ਸਤ੍ਰ ਖਸੋਟਹੁ ਦੀਨਸਿ ਕਰਿ ਕਰਿ[4] ॥ ੩੯ ॥ ਪੁਨ ਘਾਟੇ ਤੇ ਵਹਿਰ ਨਿਕਾਸਹੁ। ਹੁਇ ਸਨਮੁਖ[5] ਹਤਿ ਸ਼ਸਤ੍ਰ ਬਿਨਾਸਹੁ।ਵਸਤੁ ਜਾਨੇ ਦੇਹੁ ਨ ਕੋਈ।ਨਗਨ ਸੀਸ ਕਰਿ ਭੇਜੋ ਸੋਈ'॥੪੦॥ ਫਤੇਸ਼ਾਹ,ਸਮਧੀ ਤੇ[6] ਸੁਨਿ ਕਰਿ।–ਲੇ ਸਭਿ ਚਲੇ–ਜਾਨਿ, ਇਮ ਰਿਸ ਧਰ। ਕਰ੍ਯੋ ਹੁਕਮ 'ਘਾਟਾ ਲਿਹੁ ਰੋਕ।ਘੇਰਹੁ ਚਢਿ ਕਰਿ ਭਲੇ ਬਿਲੋਕਿ॥੪੧॥ ਛੀਨ ਲੇਹੁ ਸਭਿ ਤਿਨ ਕੋ ਡੇਰਾ।ਜਿਨਹੁਂ ਨਹੀਂ ਡਰ ਮਾਨ੍ਯੋਂ ਮੇਰਾ।ਆਨ੍ਯੋ ਬਡ ਤੰਬੋਲ ਨਹਿਂ ਦੀਨਿ। ਕੋਪ ਜਨਾਵਤਿ ਚਲਿਬੋ ਕੀਨਿ' ॥ ੪੨ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਰਾਜਨ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥ ੧੬ ॥

੧੭. [ਘਾਟਾ ਲੰਘਣਾ]।

ਦੋਹਰਾ॥ ਸੁਨਤਿ ਗਿਰਿੰਦਨ ਹੁਕਮ ਕੋ ਸੁਭਟ ਪੰਚ ਸੈ ਜਾਇ। ਘਾਟਾ ਰੋਕ੍ਯੋ ਅੱਗ੍ਰ ਤੇ ਮਹਾਂ ਬਿਖਮ ਜਿਸ ਥਾਇ ॥ ੧ ॥ ਚੌਪਈ॥ ਪੁਨ ਸਭਿ ਦਲ ਮਹਿਂ

---

[1] ਕੱਠੇ ਹੋਕੇ (ਸਾਰੇ)। [2] ਪਹਾੜਾਂ ਵਿੱਚ ਕੋਈ ਚੜ੍ਹਾਈ ਵਾਲਾ ਰਸਤਾ ਜੋ ਕਈ ਵੇਰ ਦੋ ਉੱਚੇ ਟਿੱਲਿਆਂ ਦੇ ਵਿੱਚ ਦੀ ਹੁੰਦਾ ਹੈ। [3] ਸਮੂਹ ਤਿੱਖੇ ਸ਼ਸਤ੍ਰ ਧਾਰਨ ਵਾਲੀ। [4] ਉਨ੍ਹਾਂ ਨੂੰ ਦੀਨ ਕਰ ਕਰਕੇ। (ਅ) ਹੱਥੋ ਹੱਥੀ। [5] ਜੋ ਮੁਕਾਬਲਾ ਕਰੇ ਉਸ ਨੂੰ……। [6] ਕੁੜਮ ਤੋਂ।

*ਜਾਪਦਾ ਹੈ ਕਿ ਕੰਨੋਸੰਨੀ ਗਲ ਨੰਦਚੰਦ ਨੇ ਕੁਝ ਸੁਣ ਲਈ ਸੀ ਫਿਰ ਰਾਯੇ ਫਤਹ ਸ਼ਾਹ ਦੀ ਬੇ ਰੁਖੀ ਤੋਂ ਗੱਲ ਨਿਸ਼ਚੇ ਜਾਣ ਲਈ, ਫਿਰ ਵਕਤ ਸੰਭਾਲ ਲਿਆ, ਇਹ ਚਾਤੁਰਤਾ ਭਰੀ ਦੂਰੰਦੇਸ਼ੀ ਸੀ।

ਬਜੇ ਨਗਾਰੇ। ਜੋਧਾ ਸਨਧਬੱਧ ਭੇ ਸਾਰੇ। [1]'ਸ਼ਸਤ੍ਰ ਗਹੈਂ ਜੋ ਸਨਮੁਖ ਹੋਇ। ਤੌ ਹਤਿ ਦੇਇਂ, ਦੋਸ਼ ਨਹਿਂ ਕੋਇ॥੨॥ ਜੇ ਹਥੀਆਰਨ ਮਹਿ ਦੇਂ ਡਾਰ[2]*। ਹਾਥਨਿ ਜੋਰਹਿਂ ਮਾਨਹਿਂ ਹਾਰ। ਛੀਨ ਛੀਨ ਤਬਿ ਦੇਹੁ ਨਿਕਾਸੀ†'।ਸਭਿ ਸੁਭਟਨਿ ਮਹਿਂ ਏਵ ਪ੍ਰਕਾਸ਼ੀ॥੩॥ਸਤਿਗੁਰ ਦਲ ਮਹਿਂ ਸੁਧਿ ਤਬਿ ਗਈ। 'ਦੇਖਹੁ ਕਹਾਂ ਚਮੂੰ ਬਡ ਆਈ। ਸੁਭਟ ਪੰਚ ਸੈ ਗਏ ਅਗਾਰੀ। ਘਾਟਾ ਰੋਕਯੋ ਦ੍ਰਿੜ੍ਹਤਾ ਧਾਰੀ ॥੪॥ ਘੇਰਾ ਪਰਯੋ ਤੁਮਹਿਂ ਚਹੁੰਫੇਰੇ। ਮੁਸ਼ਕਲ ਨਿਕਸਨਿ ਬਨੈ ਅਗੇਰੇ। ਜੇ ਉਪਾਇ ਤੁਮ ਤੇ ਬਨਿ ਆਵੈ।ਕਰਿ ਲੀਜੈ ਨਤੁ ਦਲ ਅਬਿ ਆਵੈ' ॥ ੫ ॥ ਸੁਨਿ ਸਚਿੰਤ ਸਭਿ ਕੇ ਮਨ ਹੋਏ। ਰੁਕਿਬੇ ਤੇ ਡਰ ਧਰਿ ਸਭਿ ਕੋਏ। 'ਉਲੰਘਨ ਬਨਯੋ ਕਠਨ ਅਬਿ ਘਾਟਾ।ਰਿਪੁ ਦਲ ਹਮ ਜਿਮ ਲੋਨ ਰੁ ਆਟਾ[3] ॥੬॥ ਕਵਨ ਜਤਨ ਹੁਇ ਚਹੁੰ ਦਿਸ਼ਿ ਘਿਰੇ। ਗਿਰਪਤਿ ਕ੍ਰਿਤਘਨ ਸਭਿ ਮਨ ਫਿਰੇ। ਜੇ ਕਰਿ ਘਾਟਾ ਹ੍ਵੈ ਨ ਅਗਾਰੇ। ਤੌ ਹਮ ਜਾਹਿਂ ਸ਼ਸਤ੍ਰ ਰਿਪੁ ਮਾਰੇ' ॥੭॥ ਦਯਾਰਾਮ ਅਰੁ ਆਦਿ ਦਿਵਾਨ। ਮਿਲਿ ਮਿਲਿ ਮਸਲਤ ਕਰਹਿਂ ਬਖਾਨ।ਇਕ ਸਿਖ ਗੁਰ ਸ਼ਰਧਾਲੁ ਬਡੇਰਾ। ਸਭਿ ਮਹਿਂ ਕਰਯੋ ਬਾਕ ਤਿਸ ਬੇਰਾ ॥ ੮ ॥ 'ਜਬਿ ਤੁਮ ਭਏ ਤਯਾਰ ਇਤ ਆਵਨ ।-ਗਿਰਪਤਿ ਰਿਪੁ ਹੈਂ-ਕਰੇ ਬਤਾਵਨਿ[4]।ਸੰਸੈ ਲਖਯੋ ਤੁਮਾਰੇ ਉਰ ਕੋ। ਤਬਿ ਇਮ ਬਾਕ ਭਯੋ ਸਤਿਗੁਰ ਕੋ ॥ ੯ ॥-ਆਪਾ ਨਹੀਂ ਜਨਾਵਨ ਕਰੀਅਹਿ। ਏਕ ਭਰੋਸਾ ਗੁਰ ਕੋ ਧਰੀਅਹਿ। [5]ਜਿਸ ਪ੍ਰਭੁ ਨੇ ਹਮ ਕਰੇ ਪਠਾਵਨ। ਸੋ ਸਤਿਗੁਰ ਹਮ ਕਰਿਹੈ ਲਯਾਵਨਿ-॥੧੦॥ਇਮ ਕਲਗ਼ੀਧਰ ਪ੍ਰਥਿਵਤਿ ਕਹਯੋ।ਸੋ ਕਿਮ ਨਹਿਂ ਸਿਮਰਤਿ?ਦੁਖ ਲਹਯੋ[6]।ਸਭਿ ਤਜੀਅਹਿ ਚਿੰਤਾ ਸੰਦੇਹੂ। ਕਯੋ ਨਹਿਂ ਉਠਹੁ ਨਾਮ ਗੁਰ ਲੇਹੂ' ॥੧੧॥ ਸਿਖ ਕੋ ਬਾਕ ਸ਼੍ਰਵਣ ਸਭਿ ਧਰਯੋ। ਬਿਸਰਯੋ ਦਰਬ ਮਨਹੁ ਕਰ ਪਰਯੋ[7]। ਸਭਿ ਕੇ ਰਿਦੈ

---

[1]ਇਹ ਹੁਕਮ ਮਿਲਿਆ ਸੈਨਾ ਨੂੰ।[2]ਜੇ ਹਥਿਆਰ ਧਰਤੀ ਤੇ ਸੁੱਟ ਦੇਣ। (ਅ) (ਜੇ ਹਥੀਆ= ਜੇ ਹਥਯਾਰ ਰਣ ਵਿੱਚ ਸਿੱਟ ਦੇਣ। [3]ਆਟੇ ਵਿੱਚ ਲੂਣ। [4](ਜਦੋਂ ਤੁਸਾਂ ਗੁਰਾਂ ਨੂੰ) ਦੱਸਿਆ ਸੀ ਕਿ (ਕਈ) ਰਾਜੇ ਵੈਰੀ ਹਨ (ਤੇ ਓਥੋਂ ਆਉਣਾ ਮੁਸ਼ਕਲ ਹੋਵੇਗਾ)।[5](ਇਹ ਭਰੋਸਾ ਕਰਨਾ ਕਿ" । [6]ਸੋ (ਵਾਕ) ਕਿਉਂ ਨਹੀਂ ਯਾਦ ਕਰਦੇ (ਵਾਕ ਨੂੰ ਭੁਲਾਕੇ ਹੀ) ਦੁੱਖ ਲੈ ਰਹੇ ਹੋ। [7]ਮਾਨੋਂ ਭੁੱਲਿਆ ਹੋਇਆ ਧਨ ਫੇਰ ਹੱਥ ਆ ਗਿਆ। *ਪਾ:-ਕਹਿ ਲੇ ਡਾਰ।

†ਕਿਤਨੀ ਨੀਚਤਾ ਹੈ ਕਿ ਆਪ ਦਿੱਤਾ ਨਿਉਂਦ੍ਰਾ ਤਾਂ ਨਾ ਲਓ ਪਰ ਲੁੱਟ ਕੇ ਲੈ ਲਓ।

ਭਰੋਸਾ ਭਯੋ । 'ਜੈ ਸਤਿਗੁਰ ਕੀ' ਬਚ ਕਹਿ ਦਯੋ ॥੧੨॥ ਭਏ ਸਨੱਧਬੱਧ
ਭਟ ਸਾਰੇ। ਸਕਲ ਸਮਾਜ ਬਿਲੋਕਿ ਸੰਭਾਰੇ।ਘੋਰਨ ਪਰ ਹ੍ਵੈ ਕੈ ਅਸਵਾਰਾ।
ਤੁਰਤ ਪਯਾਨੋ[੧] ਬਜ੍ਯੋ ਨਗਾਰਾ ॥੧੩॥ ਖਟਸੈ ਤੁਰੰਗ ਬਜਤਿ ਹੈਂ ਪੌਰ[੨] ।
ਛੋਰਿ ਤੁਰੰਗਨਿ ਗਨ ਤਿਸ ਠੌਰ। ਹਯਨਿ ਕੁਦਾਵਤਿ ਆਗੇ ਗਏ। ਘਾਟਾ
ਜਾਇ ਬਿਲੋਕਤਿ ਭਏ ॥ ੧੪ ॥ ਕੁਛ ਈਖਦ ਹੀ ਆਇ ਪਹਾਰੀ[੩] । ਪਾਛੇ
ਆਵਤਿ ਉਮਡੇ ਭਾਰੀ।ਨੰਦਚੰਦ ਅਵਿਲੋਕਿ ਅਨੰਦ੍ਯੋ।ਲੇ ਗੁਰਨਾਮ ਬੰਦਿ
ਕਰ ਬੰਦ੍ਯੋ॥੧੫॥-ਚਵਤ੍ਯੋਂ ਬਿਲਮ ਲਗਤਿ ਕੁਛ ਔਰ। ਤੌ ਮਿਲਿ ਜਾਤਿ
ਸੁਭਟ ਇਸ ਠੌਰ।ਜਿਮ ਪਪੀਲਕਾ ਲਾਗ੍ਯੋ ਲਾਰਾ। ਆਵਤਿ ਬੀਰ ਬਿਲੰਦ
ਹਜ਼ਾਰਾ ॥ ੧੬ ॥ ਘਾਟਾ ਰੁਕਤਿ ਹੋਤਿ ਤਕਰਾਈ । ਤੌ ਮੁਸ਼ਕਲ ਹਮ
ਉਲੰਘਨਿ ਪਾਈ । ਆਨਿ ਭਏ ਸਤਿਗੁਰੂ ਸਹਾਈ।ਮਤਿ ਹੀਨੇ ਕੀਨੇ ਰਿਪੁ
ਰਾਈ[੪]-॥੧੭॥ ਇਮ ਲਖਿ ਨਿਜ ਸੁਭਟਨਿ ਲਲਕਾਰ੍ਯੋ। 'ਸ਼ੱਤ੍ਰੂਨਿ ਦਲ
ਕਛ ਅਲਪ ਨਿਹਾਰ੍ਯੋ[੫]। ਹਤਹੁ ਤੁਰੰਗਨ, ਤੁਰਤ ਪਲਾਵਹਿਂ। ਜੋ
ਬਿਲਮਹੁ ਤੌ ਅਰਿ ਗਨ ਆਵਹਿਂ[੬]॥੧੮॥ਸਤਿਗੁਰ ਭਏ ਸਹਾਇ ਤੁਮਾਰੇ'।
ਇਮ ਕਹਿ ਧਨੁ ਤੇ ਸਰ ਗਨ ਮਾਰੇ । ਛੁਟੀ ਤੁਰੰਗਨ ਭਾ ਭਟ ਭੇਰੋ। ਹੇਲਾ
ਕਰ੍ਯੋ ਮਿਲੇ ਤਿਸ ਬੇਰੇ ॥੧੯॥ ਨੰਦਚੰਦ ਲੇ ਬੀਰ ਬਡੇਰੇ।ਭਯੋ ਅੱਗ੍ਰ ਧਰਿ
ਧੀਰ ਘਨੇਰੇ। ਜਹਿਂ ਪਹਾਰੀਏ ਤੁਪਕ ਚਲਾਵਹਿਂ। ਤਿਨ ਕੇ ਸਮੁਖ ਚਲੇ
ਸਭਿ ਜਾਵਹਿਂ॥ ੨੦ ॥ ਪਾਛੇ ਦਯਾਰਾਮ ਹੁਇ ਠਾਂਢੋ। ਛੋਰੈ ਤੀਰ ਬੀਰ ਬਰ
ਗਾਢੋ।ਗਿਰਪਤਿ ਸੈਨਾ ਪਹੁੰਚੀ ਜਹਿਂ ਜਹਿਂ[੭]। ਚਲਹਿ ਤੁਪਕ ਪਿਖਿ ਠਾਢੀ
ਤਹਿਂ ਤਹਿਂ[੮] ॥੨੧॥ [੯]-ਸਨਮੁਖ ਹਤਨਿ ਲਰੇ ਸਭਿ ਗੋਰੀ। ਹੁਇ ਇਕੱਤ੍ਰ
ਸੇ ਨਿਜ ਨਿਜ ਓਰੀ[੧੦]। ਬੰਧਹਿਂ ਟੋਲ ਕਰਹਿਂਗੇ ਰਨ ਕੋ[੧੧] । ਲਾਰਾ ਪਰ੍ਯੋ
ਹਟ੍ਯੋ ਰਿਪੁ ਗਨ ਕੋ[੧੨] ॥੨੨॥ ਜੇ ਘਾਟੇ ਪਰ ਪਹੁੰਚਤਿ ਭਏ। ਤੇਈ ਤਹਿਂ

---

[੧](ਸਿਖ) ਛੇਤੀ ਤੁਰ ਪਏ । [੨]ਛੇ ਸੌ ਘੋੜਿਆਂ ਦੇ ਕਦਮਾਂ ਦਾ ਸ਼ਬਦ ਹੁੰਦਾ ਹੈ (ਪੰਜ ਸੌ ਆਪਣਾ ਤੇ ਸੌ ਸੁਦਾਗਰ ਵਾਲੇ ਘੋੜਿਆਂ ਦਾ) । [੩]ਭਾਵ ਘਾਟੇ ਪਰ ਅੱਗੇ ਤਾਂ ਥੋੜੇ ਹੀ ਪਹਾੜੀਏ ਅਜੇ ਪਹੁੰਚੇ ਸਨ । [੪]ਵੈਰੀ ਰਾਜੇ । [੫]ਨਜ਼ਰ ਪੈਂਦਾ ਹੈ । [੬](ਪਿੱਛੋਂ) ਬਹੁਤ ਵੈਰੀ ਆ ਜਾਣਗੇ । [੭]ਜਿੱਥੇ ਜਿੱਥੇ ਪਹੁੰਚੀ ਹੋਈ ਸੀ । [੮]ਬੰਦੂਕਾਂ ਚਲਦੀਆਂ ਵੇਖਕੇ ਉਥੇ ਓਵੇਂ ਹੀ ਖੜੀ ਹੋ ਗਈ।[੯]ਘਾਟੇ ਪਰ ਖੜੋਤੇ ਪਹਾੜੀਏ ਸਿਪਾਹੀ ਸੋਚਦੇ ਹਨ ਕਿ:-[੧੦]ਜਿੰਨੇ ਕੁ (ਸਿਖ,ਕਠੇ ਹੋ ਗਏ ਹਨ ਸਾਹਮਣਿਓਂ ਆਪੋ ਆਪ ਗੋਲੀਆਂ ਮਾਰ ਰਹੇ ਹਨ । [੧੧](ਜਿਸ ਵੇਲੇ) ਟੋਲ ਬੱਝ ਗਿਆ (ਸਾਰੇ ਇਕੱਠੇ ਹੋ ਗਏ ਤਾਂ ਅਸਾਂ ਨਾਲ) ਜੰਗ ਕਰਨਗੇ । [੧੨]ਵੈਰੀਆਂ ਦੀ ਵਹੀਰ ਪੈ ਗਈ ਹੈ ਤੇ ਸਾਰੇ ਇਧਰ ਨੂੰ ਹਟੇ ਆ ਰਹੇ ਹਨ ।

ਇਕਠੇ ਹ੍ਵੈ ਗਏ[1]।ਹਮ ਢਿਗ ਨਹਿਂ ਸਹਾਇਤਾ ਆਈ। ਗੁਰ ਦਲ ਨੇ ਕਰਿ ਬਲ* ਅਟਕਾਈ—॥੨੩॥ ਇਮ ਬਿਚਾਰਿ ਕਰਿ ਤ੍ਰਾਸ ਬਡੇਰਾ। ਸਤਿਗੁਰ ਦਲ ਕੌ ਰਖਨੇ, 'ਘਨੇਰਾ[2]।ਸਨਮੁਖ ਆਵਤਿ ਚਲਨੇ ਹਮਾਰੇ। ਬ੍ਰਿੰਦ ਤੁਫੰ-ਗਨ ਕਰਤਿ ਪ੍ਰਹਾਰੇ ॥ ੨੪॥ ਨਹਿਂ ਘਾਟੇ ਪਰ ਹਮ ਤੇ ਰੁਕੈਂ। ਗਨ ਗੋਰੀ ਮਾਰਹਿਂ ਨਹਿਂ ਚੁਕੈਂ। ਕਨੋਂ ਨਾਹਕ ਤੁਮ ਦੇਤੇ ਪ੍ਰਾਨ। ਇਕ ਦਿਸ਼ਿ ਥਿਰਹੁ ਬਨੇ ਸਵਧਾਨ॥੨੫॥ਮਗ ਦਿਹੁ ਛੋਰਿ ਚਲੇ ਇਹ ਜਾਵੈਂ।ਰੁਕਹਿਂ ਤਬਹਿ ਜਬਿ ਗਿਰਪਤਿ ਆਵੈਂ[3]। ਹਮ ਹੈਂ ਅਲਪ ਰਹਨੇ ਦਲ ਪਾਛੈ। ਕਿਮ ਇਨ ਸਨ ਲਰਿਬੋ ਚਿਤ ਬਾਂਛੈ'॥੨੬॥ਜਹਿਂ ਜਹਿਂ ਹੁਤੇ ਭਏ ਥਿਰ ਤਹਾਂ। ਰਣ ਪਰਿਬੇ ਤੇ ਸੁਕਚਤਿ ਮਹਾਂ। ਭਟ ਘਾਟੇ ਪਰ ਗਿਨ ਇਮ ਗਟੀ।ਲਟੀ ਧੀਰ[4], ਮਗ ਛੋਡਨਿ ਠਟੀ ॥ ੨੭ ॥ ਹਟਿ ਹਟਿ ਸਨੇ ਸਨੇ ਪਿਛਵਾਈ। ਰਾਖੀ ਤਯਾਰ ਨ ਤੁਪਕ ਚਲਾਈ।—ਮਤ ਹਮਰੇ ਊਪਰ ਅਰਿ ਆਵੈ। ਤਬਿ ਇਕ ਬਾਰਿ ਮਾਰ ਹਟਕਾਵੈਂ—॥੨੮॥ਭਟਨਿ ਆਗਲੇ ਜਬਿ ਅਸ ਕਰੀ। ਪਿਛਲੀ ਚਮੂੰ ਸੁਥਲ ਥਲ ਥਿਰੀ[5]।ਤੁਪਕ ਦੂਰ ਤੇ ਖਰੇ ਚਲਾਵਹਿਂ।ਗਮਨਤਿ ਲਖਹਿਂ[6], ਨ ਆਗੇ ਆਵਹਿਂ॥੨੯॥ ਇਮ ਪਹਾਰੀਅਨ ਜਬਿ ਮਤਿਮਾਰੀ। ਕੋ ਭੂਪਤਿ ਨਹਿਂ ਜਿਨਹੁ ਮਝਾਰੀ। ਨੰਦਚੰਦ ਭਟ ਬ੍ਰਿੰਦ ਅਨੰਦਨੇ। 'ਜੈ ਪ੍ਰਾਪਤਿ ਰਿਪੁ ਬਿਨਾ ਨਿਕੰਦਨੇ[7]'॥੩੦॥ਪੁੰਜ ਤੁਰੰਗਨਿ ਚਲੇ ਚਲਾਵਤਿ।ਸਾਵਧਾਨ ਘਾਟੇ ਮਗ ਜਾਵਤਿ। ਪਿਖਹਿਂ ਪਹਾਰੀ ਅਰਹਿ ਨ ਕੋਈ। ਖਟ ਸੈ ਸੁਭਟ ਗੋਲ[8] ਇਕ ਹੋਈ ॥੩੧॥ ਸਭਿ ਵਸਤੂ ਕਰਿ ਅਪਨਿ ਮਝਾਰੀ[9]। ਗਮਨਤਿ ਘਾਟੇ ਉਲੰਘਿ ਅਗਾਰੀ।ਕੋ ਸ਼ੱਤ੍ਰ ਹੁਇ ਸਕਨੇ ਨ ਨੇਰੇ।ਤਬਿ ਅਰਨੋ[10] ਹੁਇ ਕਹਾਂ ਅਗੇਰੇ ॥ ੩੨ ॥ ਸਕਲ ਸੰਭਾਰਤ ਉਲੰਘਤਿ ਘਾਟਾ। ਸੁਭਟ ਥਿਰੇ ਤਬਿ ਕਰਨ ਜੁ ਠਾਟਾ[11]। ਸਨੇ ਸਨੇ ਸਭਿ ਅਪਨ ਬਿਹੀਰ। ਕਰਹਿਂ ਚਲਾਵਨਿ

---

[1]ਜੋ ਜੋ ਘਾਟੇ ਪਰ ਪਹੁੰਚੇ ਹਨ ਉਹ ਇਕੱਠੇ ਹੋ ਗਏ ਹਨ। [2]ਇਉਂ ਵਿਚਾਰ ਕੇ ਸਤਿਗੁਰ ਦਲ ਦਾ ਬਹੁਤ ਡਰ ਧਾਰਿਆ (ਤੇ ਬੋਲੇ ਕਿ) ਘਨਾ (ਦਲ)......। [3]ਇਹ ਤਾਂ ਤਾਂਹੀ ਰੁਕਣਗੇ ਜੇ ਰਾਜੇ ਆ ਪਹੁੰਚਣ। [4]ਘਾਟੇ ਪਰ (ਖੜ ਪਹਾੜੀ ਸੂਰਮਿਆਂ ਦੀ) ਇਉਂ ਗਿਣਤੀ ਗਿਣ ਕੇ ਧੀਰਜ ਛੁਟ ਗਈ। [5]ਆਪੋ ਆਪਣੀ ਥਾਂ ਥਾਂ ਤੇ ਖੜੀ ਰਹੀ। [6](ਗੁਰੂ ਜੀ ਦੀ ਸੈਨਾਂ ਨੂੰ) ਜਾਂਦਿਆਂ ਵੇਖਦੇ ਹਨ, ਪਰ......। [7]ਵੈਰੀ ਮਾਰੇ ਬਿਨਾਂ ਫਤਹ ਮਿਲ ਗਈ। [8]ਟੋਲਾ। [9]ਵਿਚਾਲੇ ਕਰਕੇ। [10]ਅੜਨਾ, ਮੁਕਾਬਲਾ ਕਰਨਾ। [11]ਸਢ ਬੰਨ੍ਹਕੇ ਟੁਰਨ ਲਈ (ਰਤਾ ਕੁ) ਠਹਿਰੇ।

*ਪਾ:—ਬਲ ਬਲ।

ਬੀਰ ਸਧੀਰ[1]॥੩੩॥ਪਾਛੇ ਦਯਾਰਾਮ ਕਰਿ ਟੋਲ। ਸਨੈ ਸਨੈ ਆਵਤਿ ਬਡ ਬੋਲਿ।ਨਿਜ ਬਲ ਕੋ ਜਨਾਇ ਕਰਿ ਭਲੇ। ਸਭਿਨਿ ਸੰਭਾਰਤਿ ਆਗੂ ਚਲੇ ॥੩੪॥ਕਹਿ ਕਹਿ ਸਤਿਗੁਰ ਕੋ ਜੈਕਾਰ।ਧੁਨਿ ਊਚੀ ਸਭਿ ਕੇ ਸ੍ਰੁਤਿ ਡਾਰਿ। ਘਾਟਾ ਨਿਕਸਤਿ ਪੰਥ ਪਯਾਨੇ।ਅਰੇ ਪਹਾਰੀ ਗੇਰਨ ਹਾਨੇ॥੩੫॥ਕਿਤਿਕ ਮਰੇ ਕਾਤੁਰ ਪਿਖਿ ਡਰੇ।ਸ਼੍ਰੋਣਤਿ ਲਿਪਟੇ ਭੂਤਲ ਪਰੇ। ਜੋ ਘਾਇਲ ਅਪਨੇ ਹੁਇ ਗਏ।ਤਿਨਹੁੰ ਉਠਾਇ ਸੰਗ ਸਭਿ ਲਏ॥੩੬॥ਬਿਜੈ ਪਾਇਆਏ ਚਲਿ ਦੂਰ। ਜਾਨਯੋ ਹਾਜ਼ਰ ਗੁਰੂ ਹਜ਼ੂਰ[2]। ਕ੍ਰਮ ਕ੍ਰਮ ਸਕਲ ਪੰਥ ਉਲੰਘਾਏ। ਨਗਰ ਪਾਂਵਟਾ ਗੜ੍ਹ ਨਿਯਰਾਏ ॥੩੭॥ ਦੁੰਦਭਿ ਊਚੀ ਧੁਨੀ ਬਜਾਵਤਿ। ਨਿਕਟਿ ਦੂਰ ਕੇ ਨਰਨਿ ਸੁਨਾਵਤਿ। ਪਹੁੰਚੇ ਸਤਿਗੁਰ ਕਹਿ ਜੈਕਾਰਾ। ਉਤਰ ਪਰੇ ਸਗਲੇ ਅਸਵਾਰਾ ॥੩੮॥ਪ੍ਰਭੂ ਨਿਕਟ ਜਬਿ ਸੁਧਿ ਪਹੁੰਚਾਈ। ਸੁਨਿ ਦਿਵਾਨ ਦਿਜ[3] ਲਿਏ ਬੁਲਾਈ। ਸੰਗ ਸੁਭਟਨ ਸਮੂਹ ਸਿਧਾਰਯੋ। ਮੁਦਤਿ ਸਭਨਿ ਗੁਰ ਦਰਸ ਨਿਹਾਰਯੋ ॥ ੩੯॥ ਪਦ ਅਰਬਿੰਦਨ ਪਰ ਸਿਰ ਧਰਿ ਧਰਿ। ਮੁਖ ਕੌ ਨਿਰਖਤਿ[4] ਮੁਦ ਉਰ ਭਰਿ ਭਰਿ। ਮੁਸਕਾਵਤਿ ਸੁੰਦਰ ਦੁਤਿ ਦੇਤ। ਬੋਲੇ ਸਤਿਗੁਰ ਆਦਰ ਹੇਤੁ ॥੪੦॥ 'ਆਵਹੁ ਦਿਜ, ਦਿਵਾਨ! ਦਿਹੁ ਸੁਧਿ ਕੌ।ਪਰਖਯੋ ਜਥਾ ਗਿਰੇਸ਼ੁਨ ਬੁਧਿ ਕੌ। ਕਿਮ ਸਨਮਾਨ ਤੁਮਾਰੋ ਰਾਖਾ। ਆਵਤਿ ਜਾਤਿ ਕਹਾਂ ਬਚ ਭਾਖਾ ॥੪੧॥ ਭੀਮਚੰਦ ਕਹਿ-ਲੂਰੀ ਗਯੋ। ਕਿਸ ਬਿਧਿ ਕੋ ਰਸ ਰਾਖਤਿ ਭਯੋ। ਤੁਮ ਸਨ ਬੋਲਤਿ ਭਯੋ ਕਿ ਨਾਂਹਿ ? ਉਤਸਵ ਬਿਖੈ ਮਿਲੇ ਹੁਇ ਪਾਹਿ ॥੪੨॥ ਫਤੇਸ਼ਾਹ ਕੋ ਰੁਖ ਕਿਮ ਦੇਖਾ? ਹਮ ਸੋਂ ਰਸ ਕੈ ਬਿਰਸ ਪਰੇਖਾ। ਕਿਸ ਪ੍ਰਕਾਰ ਵਰਤਯੋ ਤੁਮ ਸੰਗਾ ?'। ਦਿਜ ਦਿਵਾਨ ਸਭਿ ਕਹਯੋ ਪ੍ਰਸੰਗਾ ॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਦੀਵਾਨ ਪੁਰੋਹਤ ਆਗਵਨ' ਪ੍ਰਸੰਗ ਬਰਨਨੰ ਨਾਮ ਸਪਤ-ਦਸ਼ਮੋ ਅੰਸੂ ॥ ੧੭ ॥

੧੮. [ਨੰਦ ਚੰਦ ਦਾ ਆਉਣਾ]।

ਦੋਹਰਾ ॥ ਸੁਨਿ ਕਲਗੀਧਰ ਪ੍ਰਸ਼ਨ ਕੋ ਨੰਦ ਚੰਦ ਕਰ ਬੰਦਿ। ਬਰਨਨ ਕਰਯੋ ਪ੍ਰਸੰਗ ਸਭਿ ਕਥਾ* ਗਿਰੇਂਦ੍ਰਨ ਬ੍ਰਿੰਦ[5] ॥੧॥ ਚੌਪਈ ॥ 'ਹੌਂ ਅਲਪੱ-ਗਯ ਲਾਜ ਉਰ ਲਾਗੇ। ਤੁਮਰੀ ਬਾਤ ਕਹੌਂ ਤੁਮ ਆਗੇ।ਜੇ ਗਿਰਪਤਿ ਹੈਂ ਮੂਢ ਗੁਮਾਨੀ। ਸਾਥ ਰਾਵਰੇ ਬੈਰ ਮਹਾਨੀ ॥ ੨ ॥ ਤਊ ਆਪ ਕੇ ਬੂਝਨ

---

[1] ਭਾਵ ਨੰਦ ਚੰਦ ਜੀ। [2] ਗੁਰੂ ਜੀ ਨੂੰ ਹਾਜ਼ਰਾ ਹਜ਼ੂਰ ਜਾਣਿਆਂ। [3] ਨੰਦ ਚੰਦ ਤੇ ਦਯਾ ਰਾਮ। [4] ਦੇਖਦੇ ਹਨ। [5] ਸਾਰੇ ਪਹਾੜੀਆਂ ਦੀ ਕਥਾ ਦਾ ਪ੍ਰਸੰਗ। *ਪਾ:—ਸੋ ਭਏ।

ਕਰੇ। ਕਹਿਬੇ ਕੋ ਮਮ ਚਿਤ ਅਨੁਸਰੋ।ਕ੍ਰਿਪਾ ਧਾਰਿ ਤੁਮ ਦਾਇਜ ਦੀਨਾ।
ਹਮ ਕੌ ਨ੍ਰਿਪ ਢਿਗ ਭੇਜਨਿ ਕੀਨਾ ॥ ੩ ॥ ਮਿਲੇ ਜਾਇ ਆਦਰ ਬਡ
ਠਾਨਾ। ਹਮ ਕਹਿ ਸਿਵਰ ਕੀਨਿ ਮੈਦਾਨਾ। ਗਾਵਰ ਰੋਕਿ ਬਰਾਤ ਹਟਾਈ।
ਸੁਧਿ ਸਭਿ ਸ੍ਰੀ ਨਗਰੈ ਸੁਨਿ ਪਾਈ ॥੪॥ ਭਏ ਤਯਾਰ ਹਮ ਆਵਨਿ ਇਤ
ਕੋ। ਰਾਖੇ ਫਤੇਸ਼ਾਹ ਕਰਿ ਹਿਤ ਕੋ।-ਹੋਇ ਗਿਰੇਸ਼ਨ ਮੇਲ ਬਿਸਾਲਾ।
ਇਹ ਤੰਬੋਲ ਬਡ ਦਿਹੁ ਤਿਸ ਕਾਲਾ ॥ ੫ ॥ ਪਸਰਹਿ ਸੁਜਸੁ ਸਤਿਗੁਰੂ
ਕੇਰਾ। ਤਿਨ ਕੇ ਸਾਥ ਹੋਇ ਬਡ ਮੇਰਾ।ਵਸਤੁ ਅਜਾਇਬ ਕੋ ਸਭਿ ਹੇਰਹਿ।
ਵਧਹਿ ਵਯਾਹਿ ਉਤਸਾਹ ਘਨੇਰਹਿ-॥ ੬ ॥ ਇੱਤ੍ਯਾਦਿਕ ਮ੍ਰਿਦੁ ਬਾਕ
ਬਖਾਨਹਿ। ਸੁਨਿ ਹਮ ਰਹੇ, ਨੀਕ ਕਰਿ ਜਾਨਹਿ। ਦਿਵਸ ਕਿਤਿਕ ਮਹਿੰ
ਆਇ ਬਰਾਤੀ।ਕਰਯੋ ਢੁਕਾਉ ਖਰਚ ਧਨ ਥਾਤੀ॥੭॥ ਨਿਜ ਨਿਜ ਰੀਤਿ
ਕੀਨਿ ਦਿਸ਼ਿ ਦੋਊ। ਭਏ ਮੁਦਤਿ ਚਿਤ ਮਹਿੰ ਸਭਿ ਕੋਊ। ਦਾਇਜ ਦੇਨ
ਦਿਵਸ ਜਬਿ ਆਯੋ।ਪਠਿ ਮਾਨਵ ਕੋ ਹਮਹਿੰ ਬੁਲਾਯੋ॥੮॥ਦਯੋ ਆਪ* ਕੋ
ਹਮ ਲੈ ਗਏ। ਫਰਸ਼ ਬਿਸਾਲ ਡਾਸਿ ਤਬਿ ਦਏ। ਵਸਤੁ ਅਜਾਇਬ ਜਬਿ
ਦਿਖਰਾਈ। ਸਰਵ ਗਿਰਿੰਦ੍ਰਨਿ ਦ੍ਰਿਸ਼ਟਿ ਲਗਾਈ ॥ ੯॥ ਊਚ ਨੀਚ ਤਬਿ
ਲਗੇ ਸਰਾਹਨਿ। ਜਿਹ ਸਮ ਨ੍ਰਿਪ ਦਾਇਜ ਭੀ ਨਾਂਹਿਨ। ਭੀਮਚੰਦ ਉਰ
ਆਨੰਦ ਭਰੇ। ਮਨੁਖ ਸਮੀਪੀ ਬੂਝਨਿ ਕਰੇ ॥ ੧੦॥-ਪ੍ਰਿਥਕ ਦਿਖਾਇਵ[1]
ਇਹ ਕਿਸ ਕੇਰਾ ? ਜਿਸ ਪਰ ਲਾਗਯੋ ਮੋਲ ਘਨੇਰਾ-। ਤਬਿ ਲੌ ਭਾਟ
ਪੁਕਾਰਿ ਸੁਨਾਯੋ।- ਇਹ ਤੰਬੋਲ ਸਤਿਗੁਰੂ ਪਠਾਯੋ-॥੧੧॥ ਸੁਨਿ ਖੁਨ-
ਸਯੋ ਮਨ, ਮੂਰਖ ਮਾਨੀ। ਸਮਧੀ ਸਨ ਕਹਿ ਕਠਨ ਬਖਾਨੀ।-ਦੁਸ਼ਮਨ
ਅਧਿਕ ਬਿਘਨ ਜਿਸ ਕਿਯੋ। ਇਤੁ ਐਬੇ ਕੋ ਪੰਥ ਨ ਦਿਯੋ ॥੧੨॥ ਤਿਸ
ਕੇ ਸੰਗ ਸਖਾਪਨ ਠਾਨਾ। ਇਹ ਭੀ ਮੇਰੋ ਸ਼ੱਤ੍ਰ ਮਹਾਨਾ। ਡੋਰਾ ਤਯਾਗਿ
ਚਲਹੁ ਨਿਜ ਦੇਸ਼-। ਇਮ ਕਹਿ ਕੀਨਸਿ ਕੋਪ ਵਿਸ਼ੇਸ਼॥੧੩॥ਤਬਹਿ ਕੂਚ
ਬਜਵਾਇ ਨਗਾਰਾ। ਫਤੇਸ਼ਾਹ ਸੁਨਿ ਕਰਿ ਡਰ ਧਾਰਾ। ਦੀਨ ਬਾਕ ਤੇ
ਕਹਿ ਸਨਮਾਨਾ। ਭੀਮਚੰਦ ਤਬਿ ਤਾਂਹਿ ਬਖਾਨਾ॥੧੪॥-ਜੋ ਸਤਿਗੁਰ ਕੇ
ਸੰਗ ਲਰੈਹੋ। ਸੁਭਟਨਿ ਛੀਨ ਸ਼ਸਤ੍ਰ ਅਸੁ ਲੈਹੋ। ਤੌ ਰਸ ਰਹੈ ਤੋਰ ਅਰੁ
ਮੋਰਾ। ਨਤੁ ਮੈਂ ਛੋਰਿ ਚਲੌਂ ਇਤ ਡੋਰਾ-॥੧੫॥ਤਿਨ ਕੇ ਕਹੇ ਦੀਨ ਹੁਇ
ਮਾਨੀ।ਕਾਹਿਲੂਰਪਤਿ ਜਥਾ ਬਖਾਨੀ।ਇਮ ਗਿਨਿ[2] ਫਤੇਸ਼ਾਹ ਜਬਿਆਯੋ।

[1](ਜਿਹੜਾ) ਵੱਖਰਾ ਦਿਖਾਇਆ ਗਿਆ ਹੈ। [2]ਸਲਾਹ ਕਰਕੇ। *ਪਾ:-ਗੁਰੂ।

ਹਮ ਦਿਸ਼ਿ ਮੁਖ ਰੁਖ਼ ਅਪਰ ਬਨਾਯੋ॥੧੬॥ਕ੍ਰਿਪਾ ਆਪ ਕੀ ਤੇ ਹਮਜਾਨਾ।
ਭਯੋ ਬਿਮੁਖ, ਰਿਪੁ ਕੋ ਬਚ ਮਾਨਾ[1]। ਚਹਤੋ ਨ ਦੇਨਿ ਦਾਜ ਕੌ ਤਬੈ।
ਕਰਤੋ ਸਕੇਲਨਿ ਤੂਰਨ ਸਬੈ ॥ ੧੭ ॥ ਨਿਜ ਸੁਭਟਨ ਸਵਧਾਨ ਬਨਾਏ।
ਸਿਵਰਆਪਨੇ ਤਤਛਿਨ ਆਏ।ਜ਼ੀਨ ਤੁਰੰਗਮ ਡਾਰਿ ਉਤਾਲੇ।ਭਏ ਤਯਾਰ
ਹੱਥਯਾਰ ਸੰਭਾਲੇ ॥ ੧੮ ॥ ਤਬਿ ਇਕ ਨਰ ਤੂਰਨ ਹੀ ਆਵਾ।ਮੰਤ੍ਰ ਗਿਰੇ-
ਸ਼ਨ ਕੀਨਿ ਬਤਾਂਵਾ[2]।–ਕਯੋਂ ਤੁਮ ਬਿਲਮੇ, ਕਰਹੁ ਪਯਾਨਾ। ਨਤੁ ਘਾਟਾ
ਰੋਕਨ ਕੌ ਠਾਨਾ ॥ ੧੯ ॥ ਸਭਿ ਰਾਜਨ ਕੀ ਸੈਨਾ ਤਯਾਰੀ। ਕਰਤੋ ਚਹੈ
ਸਭਿ ਲੂਟ ਤੁਮਾਰੀ। ਹਯ ਹੱਥਯਾਰ ਜਾਨਿ ਨਹਿਂ ਦੈਹੈਂ। ਰੁਕ ਜੈਹੈਂ, ਕੁਛ
ਬਸ ਨ ਬਸੈਹੈ॥੨੦॥ ਕੇਤਿਕ ਪਠਿ ਦੀਨੇ ਤਹਿਂ ਬੀਰ।ਚਢਹੁ ਤੁਰਤ ਅਬਿ
ਪਾਇ ਬਹੀਰ–। ਹਮ ਚਿੰਤਾਤੁਰ ਅਤਿਸ਼ੈ ਭਏ। ਬਾਕ ਤੁਮਾਰੇ ਸਿਮਰਨ
ਕਿਏ ॥ ੨੧ ॥ ਤੁਰਤ ਅਰੋਹਿ ਹੋਹਿ ਕਰਿ ਚਾਲੇ। ਪਿਖੇ ਪਹਾਰੀ ਆਵਤਿ
ਜਾਲੇ।ਹਯਨਿ ਧਵਾਇ ਪੰਥ ਤਿਸ ਆਏ।ਅਲਪ ਦੇਖਿ ਹਮ ਤੁਪਕ ਚਲਾਏ
॥ ੨੨ ॥ ਜਬੈ ਸ਼ਲਖ ਕੋ ਸ਼ਬਦ ਉਠਾਵਾ। ਥਲ ਥਲ ਮੈਂ ਦਲ ਅਟਕ
ਰਹਾਵਾ[3]। ਆਗੇ ਅਰੇ ਕੁਛਕ ਜੇ ਬੀਰ। ਤਿਨ ਪਰ ਤਯਾਗੇ ਤੁਪਕ ਰੁ ਤੀਰ
॥ ੨੩ ॥ ਕਿਤਿਕ ਮਰੇ, ਘਾਇਲ ਕੋ ਭਏ। ਹਮਰੋ ਆਗਾ ਤਜਿ ਕਰਿ
ਗਏ। ਫਤੇ ਪਾਇ, ਗੁਰ ਬਨੇ ਸਹਾਈ। ਇਸ ਬਿਧਿ ਪਹੁੰਚੇ ਆਨਿ ਇਥਾਂਈ
॥੨੪॥ ਸਕਲ ਭੇਦ ਹਮ ਸੁਨਿ ਕਰਿ ਆਏ।ਮੰਤ੍ਰ ਕੀਨਿ ਸਭਿ ਮਿਲਿ ਗਿਰ
ਰਾਏ। ਫਤੇਸ਼ਾਹਿ ਸੋਂ ਤਬਿ ਠਹਿਰਾਈ। ਜਾਇ ਪ੍ਰਥਮ ਤੂੰ ਪਾਇ ਲਰਾਈ
॥੨੫॥ ਭੀਮਚੰਦ ਕੇ ਹਰਖ ਕਰਨਿ ਕੋ। ਭਏ ਤਯਾਰ ਅਬਿ ਆਇ ਲਰਨ
ਕੋ।ਬਾਂਟ ਦੀਨਿ ਬਾਰੂਦ ਸੁ ਗੋਰੀ। ਆਯੋ ਲਖੋਂ ਆਪਕੀ ਓਰੀ॥੨੬॥ ਸਾਵ-
ਧਾਨ ਨਿਜ ਦਲ ਕੌ ਕਰੀਅਹਿ।ਜੰਗ ਮਚਾਵਨਿ ਤਯਾਰੀ ਧਰੀਅਹਿ। ਜਿਮ
ਹਮ ਕੌ ਆਯੋ ਲਖਿ ਲੀਨੋ। ਫਤੇਸ਼ਾਹ ਤੈਸੇ ਤੁਮ ਚੀਨੋ॥੨੭॥ਗਨ ਰਾਜਨ
ਕੀ ਚਮੂੰ ਬਟੋਰੀ। ਕਰਤੋ ਕੂਚ ਆਵਤਿ ਇਤ ਓਰੀ'। ਕਲਗ਼ੀਧਰ ਸੁਨਿ
ਕਰਿ ਤਿਸ ਕਾਲਾ। ਫਰਕ ਉਠੀ ਜੁਗ ਭੁਜਾ ਬਿਸਾਲਾ ॥ ੨੮ ॥ ਗਰਜਤਿ
ਸਭਾ ਬਿਖੇ ਬਚ ਭਾਖਾ। 'ਸ਼੍ਰੀ ਅਸਧੁਜ ਪੂਰਵਹਿ ਹਮ ਕਾਂਖਾ। ਜਬਿ ਪਹੁੰਚੈਂ
ਰਣਖੇਤ ਪਹਾਰੀ[4]।ਇਮ ਕਰਿਹੌਂ ਸ਼ਸਤ੍ਰਨਿ ਗਨ ਮਾਰੀ॥੨੯॥ ਸ਼੍ਰੋਣਤ ਪਾਨ

[1]ਬਿਮੁਖ ਹੋਇਆ ਹੈ (ਫਤੇਸ਼ਾਹ) ਵੈਰੀ (ਭੀਮਚੰਦ) ਦਾ ਬਚਨ ਮੰਨ ਕੇ। [2]ਜੋ ਪਹਾੜੀਆਂ ਨੇ ਸਲਾਹ ਕੀਤੀ ਸੀ (ਸਾਨੂੰ) ਦੱਸ ਦਿੱਤੀ। [3]ਅਟਕ ਗਿਆ। [4]ਪਹਾੜੀਏ।

ਕਰੈ ਬਹੁ ਧਰਨੀ। ਹ੍ਵੈ ਜੈ ਹੈ ਤਹਿਂ ਲੋਹਿਤ ਬਰਨੀ।ਰੁੰਡ ਮੁੰਡ ਗਨ ਕੈ ਕਰਿ
ਦੈਹੋਂ।ਹਾਥ ਪਾਇ ਕਾਟਤਿ ਬਿਥਰੈਹੋਂ॥੩੦॥ਬਹੁ ਦਿਨ ਕੋ ਮਮ ਕੋਪ ਬਿਸਾ
ਲਾ। ਫਤੇਸ਼ਾਹ ਪਰ ਤਜੌਂ ਕਰਾਲਾ। ਭੀਮਚੰਦ ਕੋ ਜੇ ਇਕ ਬਾਰੀ।ਕਰੌਂ ਬਿ-
ਲੋਕਨ ਜੰਗ ਮਝਾਰੀ॥੩੧॥ਐਸੇ ਤਜਿਹੌਂ ਬਾਨ ਕਰਾਰੇ। ਬੇਧ ਸ਼ਰੀਰਨ ਪਰਿ
ਹੈਂ ਪਾਰੇ।ਥਿਰੇ ਅਗਾਰੀ ਦੈਹੈਂ ਪ੍ਰਾਨਾ।ਨਤੁ*ਭਾਜਹਿਂ ਰਨ ਤਯਾਗਿ ਮਹਾਨ'।
੩੨॥ਇਮ ਕਹਿ ਕਰਿ ਗੁਰ ਸਭਾ ਮਝਾਰਾ। ਸਿੰਗ ਮਸੰਦਨ ਹੁਕਮ ਉਚਾਰਾ।
'ਜ਼ੰਜਾਰੀ ਅਧਿਕ ਜੰਗ ਕੀ ਧਰੀਅਹਿ। ਗੁਲਕਾਂ ਬ੍ਰਿੰਦ ਬਰੂਦਹਿ ਕਰੀ-
ਅਹਿ ॥੩੩॥ ਤੀਰ ਤੁਫੰਗਨ, ਤੋਮਰ, ਭਾਲੇ। ਧਨੁਖ ਬਾਨ ਦੀਜਹਿ ਭਟ
ਜਾਲੇ'। ਇਮ ਬੋਲਤਿ ਬਹੁ ਉਦਯੋ ਪ੍ਰਤਾਪਾ। ਜਿਸ ਤੇ ਸ਼ੱਤ੍ਰ ਬ੍ਰਿੰਦ ਹੁਇ
ਖਾਪਾ॥ ੩੪ ॥ ਮੁਖ ਗੁਰ ਕੌ ਇਮ ਦੀਖਨਿ ਲਾਗਾ। ਮਨਹੁੰ ਬੀਰਰਸ
ਸੁਪਤਯੋ ਜਾਗਾ।ਦਯਾਰਾਮ ਪ੍ਰੋਹਿਤ ਇਮ ਬੋਲਾ। 'ਸੁਨਹੁ ਪ੍ਰਭੂ! ਭਾ ਰਾਜਨ
ਟੋਲਾ ॥ ੩੫ ॥ ਦੀਰਘ ਭੀਮਚੰਦ ਕਹਿਲੂਰੀ। ਜਿਸ ਢਿਗ ਭਈ ਬਾਹਨੀ
ਭੂਰੀ। ਸਭਿ ਗ੍ਰਾਮਨ ਕੀ ਛੇਰ ਹਕਾਰੀ।ਸੁਨਿ ਪਹੁੰਚੀ ਗਨ ਸ਼ਸਤ੍ਰਨ ਧਾਰੀ
॥੩੬॥ਪੁਨ ਕਟੋਚੀਆ ਨਾਮ ਕ੍ਰਿਪਾਲੰ। ਅਰੁ ਗੁਲੇਰੀਆ ਸਦਲ[1] ਗੁਪਾਲੰ।
ਇਨ ਦੁਹੂਅਨਿ ਬਹੁ ਬੀਰ ਸਕੇਲੇ। ਆਇ ਮਿਲੇ ਗਨ ਆਯੁਧ ਲੈ ਲੇ
॥੩੭॥ ਨ੍ਰਿਪ ਹੰਡੂਰੀਆ ਅਰੁ ਜਸੁਵਾਲ। ਇਨ ਕੇ ਸਿੰਗ ਸੁਭਟ ਹੈਂ ਜਾਲ।
ਸਭਿ ਰਾਵਰ ਸੋਂ ਚਹੈਂ ਲਰਾਈ। ਫਤੇਸ਼ਾਹ ਕੋ ਕਰਿ ਅਗੁਵਾਈ ॥ ੩੮ ॥
ਨਗਰ ਪਾਂਵਟੇ ਕੋ ਚਢਿ ਆਵੈਂ। ਇਹ ਆਛੀ ਮੁਝ ਬਾਤ ਨ ਭਾਵੈ। ਹਮਰੇ
ਨਿਕਟ ਪਰਹਿ ਨਹਿਂ ਖੇਤ। ਆਪ ਚਲਹੁ ਆਗੇ ਇਸ ਹੇਤੁ'॥੩੯॥ ਸੁਨਿ
ਕਰਿ ਸਤਿਗੁਰ ਬਿੱਪ੍ਰ ਸਰਾਹਾ।'ਸੁਮਤਿਵੰਤ ਗਨ ਸੁਭਟਨਿ ਮਾਂਹਾ। ਨਿਪੁਨ
ਬੁੱਧਿ ਸੰਗ੍ਰਾਮ ਕਰਨ ਕੀ। ਯਥਾ ਰੀਤਿ ਛੱਤ੍ਰੀ ਸੁ ਬਰਨ ਕੀ॥ ੪੦॥ ਜਿਮ
ਭਾਰਤ ਮਹਿ ਦ੍ਰੋਨ[2] ਪ੍ਰਬੀਨਾ। ਹਤੇ ਅਨੇਕ ਸ਼ੱਤ੍ਰ ਜਸੁ ਲੀਨਾ। ਤਥਾ
ਗਿਰਿੰਦ੍ਰਨਿਕੇ ਰਨਲਰਿਬੇ।ਬੁਧਿ ਬਲਸਾਥ ਕਰੋ ਰਿਪੁ ਹਰਿਬੇ॥੪੧॥ਨਗਰ
ਪਾਂਵਟੇ ਨਿਕਟ ਨ ਲਰੈਂ। ਕਹਾਂ ਤ੍ਰਾਸ ਸ਼ੱਤ੍ਰਨ ਤੇ ਧਰੈਂ। ਗਾਡਹਿਂਗੇ ਰਣ
ਖੰਭ[3] ਅਗਾਰੀ। ਜਹਿਂ ਸਮ ਬਲ ਕੋ ਲੇਹਿਂ ਨਿਹਾਰੀ ॥੪੨॥ ਰਿਪੁ
ਆਗਮਨ ਸਮੁਖ ਜਿਤ ਹੋਇ।ਪਿਖਯੋ ਪ੍ਰਥਮ,ਸੁਧਿ ਦੀਜਹਿ ਕੋਇ[4]।ਲੇ ਕਰਿ

[1]ਸਹਿਤ ਫੌਜ ਦੇ। [2]ਦ੍ਰੋਣਾਚਾਰਜ। ਕੌਰਵਾਂ ਪਾਂਡਵਾਂ ਦਾ ਸ਼ਸਤ੍ਰ ਵਿਦਯਾ ਦਾ ਉਸਤਾਦ ਜੋ ਮਹਾਂ-ਭਾਰਤ ਵਿਚ ਕੌਰਵਾਂ ਦਾ ਜੋਧਾ ਸੀ। [3]ਜੁੱਧ ਦਾ ਨਿਸ਼ਾਨ। [4]ਪਹਿਲੋਂ (ਜਿਸ ਨੇ) ਵੇਖਿਆ ਹੋਇਆ ਹੈ ਉਹ ਖਬਰ ਦੇਵੇ।

*ਪਾ:-ਤਜ।

ਚਮੂੰ ਸੰਗ ਪ੍ਰਸਥਾਨੈਂ । ਆਵਤਿ ਪਿਖਿ ਗੁਲਕਾਂ ਹਤਿ ਹਾਨੈਂ ॥ ੪੩ ॥ ਹਮ ਮੰਡਹਿਂ ਤਹਿਂ ਜੰਗ ਅਖਾਰਾ।ਸ਼ਸਤ੍ਰ ਸਮੂਹਨਿ ਕੇਰ ਪ੍ਰਹਾਰਾ। ਲਰਤਿ ਪਰਾ-ਵਹਿਂ[1] ਡਰ ਧਰਿ ਚੀਤ । ਨਤੁ ਸੰਘਾਰਹਿਂ ਪ੍ਰਾਪਤਿ ਜੀਤ[2]' ॥ ੪੪ ॥ ਸੁਨਿ ਕ੍ਰਿਪਾਲ ਮਾਤੁਲ ਗੁਰ ਕੇਰਾ। ਸਭਾ ਮਝਾਰ ਕਹਯੋ ਤਿਸ ਬੇਰਾ। 'ਬਲ ਭੰਗਾਣੀ ਕੋ ਜਹਿਂ ਨੀਕਾ। ਤਿਤ ਹੀ ਆਵਨ ਹੁਇ ਰਿਪੁ ਹੀਕਾ॥੪੫॥ਬਹੈ ਨਦੀ ਇਕ ਨਾਮ ਗਿਰੀ ਹੈ। ਦਿਸ਼ਿ ਦੂਜੇ ਰਵਿਸੁਤਾ[3] ਫਰੀ ਹੈ । ਰਾਜਪੁਰਾ ਤਹਿਂ ਪਰੈ[4] ਸੁ ਨਗਰਾ। ਤਰੇ ਲਰਨ ਕੌ ਥਲ ਹੈ ਸਗਰਾ ॥੪੬॥ ਸ਼੍ਰੀ ਜਗ ਗੁਰ ! ਗਾਡਹੁ ਰਨਥੰਭਾ। ਤਹਾਂ ਪਿਖਹੁ ਸੰਗ੍ਰਾਮ ਅਚੰਭਾ। ਨਗਰ ਪਾਂਵਟਾ ਤਜਿ ਖਟ ਕੋਸ। ਤਹਿਂ ਥਿਰ ਹੋਇ ਹਤਹੁ ਰਿਪੁ ਰੋਸ' ॥੪੭॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਗੁਰ ਢਿਗ ਨੰਦ ਚੰਦ ਆਗਵਨ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸਮੋਂ ਅੰਸੂ ॥੧੮॥

੧੯. [ਫਤੇਸ਼ਾਹ ਦਾ ਜੰਗ ਹਿਤ ਅੱਗੇ ਵਧਣਾ]।

ਦੋਹਰਾ ॥ ਸੁਨਿ ਕ੍ਰਿਪਾਲ ਕੀ ਬਾਤ ਕੋ ਸ਼੍ਰੀ ਸਤਿਗੁਰੂ ਕ੍ਰਿਪਾਲ। ਮਨ ਮਾਨੀ, ਨੀਕੇ ਲਖੀ,ਮਸਲਤ ਠਾਨਿ ਅਟਾਲ॥੧॥ਚੌਪਈ॥ਨੰਦਚੰਦ ਪਿਖਿ ਗੁਰਮੁਖ ਓਰੀ। ਬੋਲਯੋ ਬਹੁਰ ਜੁਗਮ ਕਰ ਜੋਰੀ । 'ਮਹਾਰਾਜ! ਸਿਖ ਰਾਵਰ ਕੇਰਾ। ਹਯਨਿ ਸੁਦਾਗਰ ਧਨੀ ਬਡੇਰਾ ॥ ੨ ॥ ਲੇ ਕਰਿ ਗਮਨਯੋ ਦਰਬ ਬਿਸ਼ੇਸ਼ੰ। ਪਿਖਿ ਕਸ਼ਮੀਰ ਆਦਿ ਪੁਰਿ ਦੇਸ਼ੰ।ਬੀਨ ਬੀਨ ਬਹੁ ਥਲ ਤੇ ਲੀਨਾ।ਤਿਸੀ ਪੰਥ ਕੋ ਆਵਨ ਕੀਨਾ ॥ ੩ ॥ ਭੀਮਚੰਦ ਨ੍ਰਿਪ ਜਬਿ ਸੁਨਿ ਪਾਏ। ਲੇਨਿ ਹੇਤੁ ਹਯ ਚਿਤ ਲਲਚਾਏ । ਨਾਮ ਸੁਨਯੋ ਰਾਵਰ ਕੋ ਜਬੈ। ਕਿਤਿਕ ਸੈਨ ਭੇਜੀ ਤਿਨ ਤਬੈ ॥ ੪ ॥ ਸਿਖ ਸੌਦਾਗਰ ਕੋ ਸੁਧਿ ਹੋਈ। ਕਰਿਕੈ ਬੇਗ ਆਇ ਪੁਰਿ ਸੋਈ।ਸੁਨਿ ਸ਼੍ਰੀਨਗਰ ਬਿਖੈ ਹਮਡੇਰਾ।ਉਤਰਯੋ ਆਨਿ ਨਿਡਰ ਤਿਸ ਬੇਰਾ॥੫॥ਬਹੁਰ ਨ ਬਲ ਘਾਲਯੋ ਕਿਨ ਆਇ।ਮਿਲਯੋ ਰਹਯੋਅਨੰਦ ਉਪਜਾਇ। ਬਿਗਰਯੋ ਫਤੇਸ਼ਾਹ ਜਿਸ ਕਾਲਾ। ਉਤਰੇ ਅਸੁ ਇਸਥਾਨ ਬਿਸਾਲਾ ॥੬॥ ਸੁਨਿ ਲਾਲਚ ਕਰਿ ਪੁਨ ਕਹਿਲੂਰੀ। ਕਹਿ ਭੇਜਯੋ ਕਰਿ ਤੂਰਨ ਭੂਰੀ।–ਤੁਰੰਗ ਬਿਸਾਲ ਮੋਲ ਬਡ ਕੇਰੇ। ਛੀਨ ਲੇਹੁ ਨਹਿਂ ਦੀਜਹਿ ਫੇਰੇ–॥ ੭ ॥ ਫਤੇਸ਼ਾਹ ਝਟ ਕੀਨਸਿ ਤਯਾਰੀ। ਪਹੁੰਚੀ ਢਿਗ ਹਮਰੇ ਸੁਧ ਸਾਰੀ। ਤਕਰੇ ਹੋਇ ਜ਼ੀਨ ਹਯ ਡਾਲੇ। ਭਏ ਅਰੂਢਨਿ ਇਤ ਕੋ ਚਾਲੇ ॥੮॥ਲਖਯੋ* ਪ੍ਰਤਾਪ ਗੁਰੂ ਕੋ ਮਹਾਂ।ਪਹੁੰਚਿ ਨ ਸਕਯੋ ਆਇ ਕੋ ਤਹਾਂ।ਬਡੋ

[1]ਭੱਜ ਜਾਣਗੇ। [2]ਨਹੀਂ ਤਾਂ ਮਾਰਕੇ ਜਿੱਤ ਪ੍ਰਾਪਤ ਕਰਾਂਗੇ। [3]ਜਮਨਾ। [4]ਨੇੜੇ ਪੈਂਦਾ ਹੈ।

*ਪਾ:–ਭਯੋ।

ਜਤਨ ਕਰਿ ਸਭਿ ਹਯ ਲਯਾਏ । ਗਾਵਰਿ ਕੀ ਸਹਾਇਤਾ ਪਾਏ॥੯॥ਕ੍ਰਿਪਾ ਕਰਹੁ ਸਭਿ ਦੇਖਨਿ ਕੀਜੈ । ਬੀਰਨਿ ਕੋ ਰਨ ਹਿਤ ਅਬਿ ਦੀਜੈ' । ਆਛੀ ਬਾਤਿ ਜਾਨਿ ਗੁਰ ਪੂਰੇ । ਪਿਖੇ ਤੁਰੰਗਮ ਸਗਰੇ ਰੂਰੇ ॥੧੦॥ਸਿਖ ਕੋ ਖੁਸ਼ੀ ਕਰੀ ਮਨ ਭਾਵਤਿ । ਭਯੋ ਨਿਹਾਲ ਅਨੰਦ ਉਪਾਵਤਿ।ਜੋ ਜਿਸ ਲਾਇਕ ਭਟ ਕੌ ਜਾਨਾ।ਹੇਤੁ ਅਰੂਢਨਿ ਕੇ ਹਯ ਦਾਨਾ[1]॥੧੧॥ਸੁੰਦਰ ਜ਼ੀਨ ਪਾਇ ਕਰਿ ਚਢੇ । ਚਪਲ ਬਲੀ ਲਖਿ ਉਰ ਮੁਦ ਬਢੇ । ਗੋਰੀ ਢਾਰਹਿਂ ਅਨਿਕ ਸੁਨਾਰੇ । ਬ੍ਰਿੰਦ ਬਰੂਦ ਤਯਾਰ ਤਿਸ ਬਾਰੇ ॥ ੧੨ ॥ ਕਿਤਿਕ ਭਟਨਿ ਕੋ ਤੋਮਰ ਦਏ । ਤੁਰੰਗ ਧਵਾਇ ਬਿਸਾਲ ਭ੍ਰਮਏ । ਦਏ ਜ਼ਰਕਸ਼ੀ ਰੁਚਿਰ ਨਿਖੰਗ[2] । ਕਰਿ ਪੂਰਨ ਖਰ ਖਪਰਨਿ ਸੰਗ॥੧੩॥ਕੇਤਿਕ ਸੁਭਟਨ ਧਨੁਖ ਕਠੋਰਾ । ਲੇ ਜੋਧਾ ਐਂਚਤਿ ਕਰਿ ਜੋਰਾ । ਲਾਂਬੀ ਸੁਲਗ ਤੁਫੰਗ ਅਨੇਕ[3]। ਬਖਸ਼ੀ ਜੋਧਨਿ[4] ਜਲਧਿ ਬਿਬੇਕ ॥ ੧੪ ॥ ਗੁਰ ਦਲ ਮਹਿਂ ਉਤਸਾਹ ਬਿਸਾਲਾ।ਬਿਚਰਤਿ ਧਰਿ ਹੱਥਯਾਰਨ ਜਾਲਾ।ਮਾਰ ਬਕਾਰਾ ਬੋਲਤਿ ਭਾਰੀ। 'ਲੂਟ ਭਜਾਵਹੁ ਹਤਹੁ ਪਹਾਰੀ ॥ ੧੫॥ ਛੀਨਹੁ ਦੇਸ਼ ਨਿਕਾਰਹੁ ਬਾਹਰ । ਬਿਦਤੈ ਬਹੁ ਸਤਿਗੁਰ ਜਸ ਜ਼ਾਹਰ' । ਇਸ ਪ੍ਰਕਾਰ ਤਯਾਰੀ ਪ੍ਰਭੁ ਕਰੀ। ਪ੍ਰਥਮ ਜੁੱਧ ਹਿਤ ਮਨਸਾ ਧਰੀ ॥੧੬॥ਸ਼ਮਸ ਸਯਾਮਤਾ[5] ਮੁਖ ਪਰ ਸੋਹੈ। ਕਮਲ ਪ੍ਰਫੁੱਲਯਤ ਅਲ ਜਨ ਜੋਹੈਂ[6] । ਸਮ ਦੁੰਦਭਿ ਕੇ ਸ਼ਬਦ ਗੰਭੀਰ। ਮਹਾਂਰਾਜ ਪ੍ਰਭੁ ਬੀਰਨਿ ਬੀਰ॥੧੭॥ਨਿਜ ਦਲ ਮਹਿਂ ਉਤਸਾਹ ਬਧਾਵਾ। ਮਨੋ ਬੀਰਰਸ ਸੁਪਤਿ ਜਗਾਵਾ । ਇਤ ਇਮ ਭਈ ਸੁਨੋ ਉਤ ਕੇਰੀ:- ਘਾਟੋ ਉਲੰਘਿ ਗਏ ਜਿਸ ਬੇਰੀ॥੧੮॥ਮੂਰਖ ਹਾਥਨਿ ਮਰਦਤਿ ਰਹੇ।'ਰੁਕੇ ਨ ਕਯੋਂਹੂ' ਮਿਲਿ ਮਿਲਿ ਕਹੇਂ । ਕਿਤਿਕ ਮ੍ਰਿਤਕ ਭੇ, ਲੋਥ ਉਠਾਈ। ਕੋ ਘਾਇਲ ਗਮਨੇ ਨਿਜ ਥਾਈਂ ॥੧੯॥ ਹਟਨੇ ਜਹਾਂ ਕਹਿਂ ਤੇ ਦਲ ਸਾਰੇ। ਸਭਿ ਰਾਜਨ ਕੇ ਨਿਕਟ ਉਚਾਰੇ । 'ਅਲਪ ਸੁਭਟ ਘਾਟੋ ਪਰ ਗਏ।ਬਹੁਤ ਪੀਛ ਮੈਂ ਹੀ ਥਿਰ ਭਏ॥ ੨੦ ॥ ਘਾਲਯੋ ਜ਼ੋਰ ਖਸ਼ਟ ਸੌ ਆਇ। ਉਲੰਘ ਗਏ ਗਨ ਤੁਪਕ ਚਲਾਇ । ਸਰਯੋ ਨ ਸੈਨਾ ਤੇ ਕੁਛ ਕਾਰ।ਗਏ ਬਿਸਾਲ ਬੀਰਤਾ ਧਾਰਿ'॥੨੧॥ਭੀਮਚੰਦ ਸੁਨਿ ਕੈ ਰਿਸ ਘਨੀ । ਸਭਿਨਿ ਸੁਨਾਵਤਿ

[1]ਘੋੜੇ ਦਿਤੇ। [2]ਫਿੱਲੇ ਦੇ ਕੱਢੇ ਹੋਏ ਸੁਹਣੇ ਭੱਥੇ। [3]ਲੰਮੇ ਨਿਸ਼ਾਨੇ ਤੇ ਬੈਠਣ ਵਾਲੀਆਂ ਬੰਦੂਕਾਂ [ਪੰਜਾ:, ਸੁ+ਲਗ] (ਅ) ਲੰਮੀ ਨਾਲੀ ਵਾਲੀਆਂ ਬੰਦੂਕਾਂ। [4]ਜੋਧਿਆਂ ਨੂੰ। [5]ਦਾੜ੍ਹੀ ਦੀ ਕਾਲੋਂ। [6]ਖਿੜੇ ਕਵਲ (ਪਰ ਮਾਨੋ) ਭੌਰੇ ਦਿੱਸਦੇ ਹਨ।

ਊਚੇ ਭਨੀ।'ਧੱਧੀ ਦੇ ਮਾਂ ਖੁਰਿ ਵੜ ਰਹੇ[1]*। ਅਰੇ ਨ ਆਗੇ,ਧੀਰ ਨ ਗਹੇ ॥੨੨॥ ਰੁਕਤਿ ਜਿ ਘਾਟਾ ਭਟਹੁਇ ਗਾਢੇ। ਹਤਿ ਤੁਫੰਗ ਤਿਨ ਰਾਖਤਿ ਠਾਂਢੇ।ਇਤ ਤੇ ਦਲ ਸਗਰੋ ਕਰਿ ਜੋਰ।ਘੇਰਤਿ ਇਤ ਉਤ ਹੁਇ ਚਹੁੰ ਓਰ ॥ ੨੩॥ ਦੇ ਕਰਿ ਤ੍ਰਾਸ ਲੇਤਿ ਹੱਥਯਾਰੇ। ਨਰ ਨਿਕਸਨਿ ਮਗ ਜਬਹੁੰ ਨਿਹਾਰੇ[2]। ਨਹੀਂ ਸ਼ੀਘ੍ਰਤਾ ਕਰਿ ਭਟ ਧਾਏ। ਜਿਸਤੇ ਨਿਕਸੇ ਸੁਖ ਮਨ ਭਾਏ[3]॥੨੪।ਹੋਤਿ ਕਹਾਂ ਅਬਿ ਕਹੇ ਕਹਾਏ। ਬੀਤੀ ਬਾਤ ਕਹਾਂ ਪਛੁਤਾਏ। ਅਬਿ ਤੌ ਫਤੇਸ਼ਾਹ ਮਹਿਪਾਲਾ। ਤਿਨ ਸੋਂ ਠਾਨੈ ਜੰਗ ਕਰਾਲਾ ॥ ੨੫॥ ਜਾਨੀ ਜਾਇ ਕਹਾਂ ਹੁਇ ਜੈਹੈ। ਗੁਰ ਤੇ ਜੈ ਕਿ ਪਰਾਜਯ[4] ਪੈਹੈ। ਕਹਹੁ ਜਾਇ ਅਬਿ ਕੀਜਹਿ ਤਯਾਰੀ। ਨਹੀਂ ਨੀਕਤਾ ਬਿਲਮ ਜਿ ਧਾਰੀ ॥ ੨੬॥ ਤੁਮਰੀ ਸੀਮ[5] ਦੇਸ਼ ਕੀ ਤਹਾਂ।ਨਗਰ ਪਾਂਵਟਾ ਘਾਲਯੋ ਜਹਾਂ।ਲਰਿਬੋ ਹੱਕ ਤੁਮਹਿਂ ਬਨਿ ਆਵੈ। ਆਨਿ ਵਹਿਰ ਜੋ ਭੂਮ ਦਬਾਵੈ॥ ੨੭ ॥ ਬਯਾਹ ਬਹਾਨੇ ਨ੍ਰਿਪ ਗਨ ਆਏ। ਸਭਿ ਤੇ ਲੇਹੁ ਸੁਭਟ ਸਮੁਦਾਏ।ਪੁਨ ਗੁਰੁ ਚਮੂੰ ਕਹਾਂ ਰਣ ਮਾਂਹੀ। ਸਨਮੁਖ ਠਹਿਰ ਸਕਹਿ ਕਿਮ ਨਾਂਹੀ॥ ੨੮ ॥ ਦਿਹੁ ਉਠਾਇ ਇਤ ਤੇ ਸਭਿ ਡੇਰਾ। ਨਿਜ ਦਲ ਤਹਿਂ ਠਹਿਰਾਇ ਬਡੇਰਾ। ਨਾਹਣਪਤਿ ਕੌ ਦਾਬਾ ਦੇਹੁ। ਕੈ ਨਿਜ ਸੰਗ ਮੇਲ ਕਰਿ ਲੇਹੁ'॥੨੯॥ਇਮ ਸਮੁਝਾਇ ਪਠਯੋ ਪਰਧਾਨ। ਭੀਮਚੰਦ ਮਨ ਮਾਨਿ ਮਹਾਨ[6]। ਫਤੇਸ਼ਾਹ ਕੇ ਨਿਕਟ ਸਿਧਾਰਾ। ਪਿਖ 'ਜੈਦੇਵਾ' ਤਾਂਹਿ ਉਚਾਰਾ ॥੩੦॥ ਬੈਠਿ ਬੰਦਿ ਕਰ ਸਕਲ ਸੁਨਾਈ। ਜੋ ਪੂਰਬ ਕਹਿ ਸੀਖ ਸਿਖਾਈ[7]। ਹਿਤ ਰਾਖਨਿ ਸਮਧੀ ਮਨ ਮਾਨ੍ਹੂ[8]। ਭਯੋ ਸੁਮਤਿ ਤੇ ਕੁਮਤਿ ਮਹਾਨ੍ਹੂ ॥ ੩੧ ॥ ਜਥਾ ਪ੍ਰਭੰਜਨ[9] ਮਿਲਿ ਬਦਬੋਇ।ਸਭਿ ਕੌ ਅਨਹਿਤ[10] ਕਰਤਾ ਹੋਇ।[11]ਗੁਰ ਮਹਿਮਾ ਅਰੁ ਸਭਿ ਉਪਕਾਰਾ। ਮਨੁ ਕਹਿਲੂਰੀ ਮਿਲੇ ਬਿਗਾਰਾ[11] ॥ ੩੨ ॥ ਗੋਰੀ ਗਨ

---

[1]ਇਹ ਪਹਾੜੀਆਂ ਦੀ ਬੜੀ ਗੰਦੀ ਗਾਲੀ ਹੈ। ਕਥਾ ਵੇਲੇ ਗਯਾਨੀ ਇਹ ਤੁਕ ਨਾਂ ਪੜ੍ਹੇ ਤੇ ਇਸ ਦੇ ਥਾਵੇਂ ਕੁਈ ਐਸੇ ਪਦ ਪੜ੍ਹ ਦੇਵੇ:—'ਕਾਇਰ ਗੀਦੀ ਸੁਪਤੇ ਰਹੇ' ? [2]ਜਦੋਂ (ਤੁਸੀਂ) ਦੇਖਿਆ ਸੀ ਕਿ ਆਦਮੀ ਰਸਤੇ ਤੋਂ ਨਿਕਲ ਟੁਰੇ ਹਨ ਤਦ""। [3]ਮਨ ਭਾਂਵਦੇ ਸੁਖ ਪਾ ਕੇ (ਉਹ) ਨਿਕਲ ਗਏ। [4]ਹਾਰ। [5]ਹੱਦ। [6]ਮਨ ਦੇ ਭਾਰੀ ਹੰਕਾਰ ਵਾਲੇ ਭੀਮਚੰਦ ਨੇ। [7]ਜੋ (ਫਤੇਸ਼ਾਹ ਨੂੰ) ਭੀਮ ਚੰਦ ਨੇ ਪਹਿਲੇ ਕਹਿਕੇ ਸਿੱਖਯਾ ਸਿਖਾਈ ਸੀ। [8]ਕੁੜਮ ਦਾ ਹਿਤ ਰੱਖਣ ਲਈ (ਫਤੇਸ਼ਾਹ ਨੇ) ਮਨ ਵਿਚ ਮੰਨ ਲਈ ਸੀ। [9]ਵਾਯੂ। [10]ਬੁਰਾ। [11]ਸ੍ਰੀ ਗੁਰੂ ਜੀ ਦੀ ਮਹਿਮਾ ਤੇ (ਸਤਿਗੁਰੂ ਜੀ ਦੇ) ਸਾਰੇ ਉਪਕਾਰ(ਫਤੇਸ਼ਾਹ ਪਰ)ਇਹ ਵਾਯੂ ਸੀ ਮਾਨੋਂ, ਕਹਿਲੂਰੀ (ਭੀਮਚੰਦ ਰੂਪੀ ਬਦਬੋ ਨਾਲ) ਮਿਲਕੇ ਵਿਗੜ ਗਈ ਸੀ। *ਪਾ:—ਮਾਟ੍ਟ ਰਹੇ।

ਬਰੂਦ ਬਰਤਾਈ।ਕਹਯੋ ਸਭਿਨਿ ਸਨ 'ਪਰਹਿ ਲਰਾਈ। ਬਾਂਛਤਿ ਸ਼ਸਤ੍ਰ ਤੁਰੰਗ ਜਿਸ ਹੋਇ। ਮੁਝ ਤੇ ਜਾਚ ਲੇਹਿ ਸਭਿ ਕੋਇ' ॥ ੩੩॥ ਸਮਧੀ ਕੋ ਹਰਖਾਵਨਿ ਕਾਰਨ।ਊਚੇ ਕੀਨਸਿ ਹੁਕਮ ਉਚਾਰਨਿ। ਦੁਹਰਿ ਚੋਬ ਧੌਂਸਾ ਧੁੰਕਾਰਹੁ। ਕਹਯੋ ਸਭਿਨਿ ਸੋਂ 'ਸ਼ਸਤ੍ਰ ਸੰਭਾਰਹੁ॥੩੪॥ ਤਯਾਰੀ ਜਥੇਦਾਰ ਗਨ ਕਰੈਂ। ਨਿਜ ਨਿਜ ਮਿਸਲ ਸੁਭਟ ਸਭਿ ਧਰੈਂ। ਆਨਹੁ ਮੇਰੋ ਬਲੀ ਤੁਰੰਗ। ਕੰਚਨ ਜ਼ੀਨ ਐਂਚਿ ਕਰਿ ਤੰਗ॥ ੩੫॥ ਹੀਰਨ ਜੜਤੀ ਮੁਸ਼ਟ ਬਿਸਾਲਾ।ਤੀਖਨ ਧਾਰਾ ਖੜਗ ਕਰਾਲਾ।ਖਰ ਖਪਰਨਿ ਤੇ ਭਰਯੋ ਨਿਖੰਗ। ਧਨੁਖ ਕਠੋਰ ਆਨੀਯਹਿ ਸੰਗਾ ॥੩੬॥ ਸਦਲ ਆਪ ਮੈਂ ਕਰੌਂ ਚਢਾਈ। ਅਵਿਲੋਕਹੁਂ ਸਤਿਗੁਰੂ ਬਡਾਈ'। ਇਮ ਕਹਿ ਫਤੇਸ਼ਾਹ ਕਰਿ ਤਯਾਰੀ। ਸਾਜਤਿ ਭਯੋ ਸੰਗ ਦਲ ਭਾਰੀ॥੩੭॥ਬਲੀ ਤੁਰੰਗ ਨਿਕਟ ਜਬਿ ਆਯੋ। ਉਠਯੋ ਸਭਾ ਮਹਿਂ ਨ੍ਰਿਪ ਦਰਸਾਯੋ। ਖੜਗ ਨਿਖੰਗ ਪਾਇ ਕਟ ਬੰਧਿ। ਲੀਨਸਿਧਨੁਖ ਸੁ ਦ੍ਰਿੜ੍ਹ ਸਰ ਸੰਧਿ॥੩੮॥ਅਧਿਕ ਮੋਲਕੀ ਸਿਪਰਸੰਭਾਰੀ। ਡਾਰਿ ਸਿਕੰਧਹਿ ਬੰਧਿ ਪਿਛਾਰੀ।ਹਯ ਚਲਚਾਲ ਅਰੂਢਨਿ ਹੋਵਾ। ਮੂਰਖ ਨਹਿਂ ਬਿਚਾਰ ਕਰਿ ਜੋਵਾ॥ ੩੯॥ ਜਗਤ ਪਤੀ ਕੀ ਸਮਤਾ ਚਾਹਤਿ। ਚਲਯੋ ਪੰਥ ਲਰਿਬੇ ਸੁ ਉਮਾਹਤਿ।ਦੁੰਦਭਿ ਬਜਤਿ ਬਾਹਨੀ[1] ਚਲੀ।ਤੀਖਨ ਸ਼ਸਤ੍ਰਨ ਜੁਤਿ ਕਲਮਲੀ॥ ੪੦॥ ਫਤੇਸ਼ਾਹ ਜਬਿ ਆਗੈ ਭਯੋ। ਗਹੇ ਤੁਰੰਗਨ ਦਲ ਉਮਡਯੋ। ਹਰੀਚੰਦ ਆਦਿਕ ਬਡ ਜੋਧੇ।ਗੁਰ ਸੋਂ ਲਰਨਿ ਚਲੇ ਚਿਤ ਕ੍ਰੋਧੇ॥੪੧॥ਗਨ ਸੈਨਾ ਅਰੁ ਗ੍ਰਾਮਨਿ ਛੋਰ। ਬੰਧੇ ਟੋਲ ਬ੍ਰਿੰਦ ਕੋ ਹੋਰਿ।ਚਿਤ ਅਹੰਕਾਰ ਵਧਯੋ ਅਧਿਕਾਇ।–ਲਰੋਂ ਗੁਰੂ ਸਨ ਕੋਪ ਵਧਾਇ– ॥ ੪੨॥ ਬਾਂਮ ਬਿਲੋਚਨ ਫਰਕਤਿ ਖੋਟਾ[2]। ਨਹਿਂ ਮਨ ਗਿਨਹਿ ਹਾਰ ਮਤਿਮੋਟਾ। ਨਗਰ ਪਾਂਵਟੇ ਸਨਮੁਖ ਚਾਲਾ। ਪੰਥ ਪਹਾਰਨ ਬਿਖਮ ਬਿਸਾਲਾ॥ ੪੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਫਤੇਸ਼ਾਹ ਆਗਵਨ' ਪ੍ਰਸੰਗ ਬਰਨਨੰ ਨਾਮ ਏਕ ਊਨਬਿੰਸਤੀ ਅੰਸੂ॥ ੧੯॥

੨੦. [ਪਠਾਣਾਂ ਨੇ ਛੁੱਟੀ ਮੰਗਣੀ]।

ਦੋਹਰਾ॥ ਫਤੇਸ਼ਾਹ ਆਗਵਨ ਕੋ ਸੁਨਯੋ ਜਬਹਿ ਗੁਰ ਸੈਨ। ਹਰਖ ਭਯੋ ਬੀਰਨ ਰਿਦੈ, ਧੀਰ ਸਹਿਤ ਚਿਤ ਭੈ ਨ ॥੧॥ ਚੌਪਈ॥ਕਾਤੁਰ ਕੰਪਤਿ ਹੀ ਧਰਿ ਤ੍ਰਾਸਾ।–ਆਇ ਅਚਾਨਕ ਸਮੈ ਬਿਨਾਸਾ[3]। ਸਭਿ ਰਾਜਨ ਕੀ ਫੌਜ

---

[1]ਸੈਨਾ। [2]ਖੋਟੇ ਦਾ(ਅ) (ਜੋ)ਖੋਟਾ (ਸ਼ਗਨ ਹੈ)। [3](ਸਾਡੇ)ਨਾਸ਼ ਦਾ ਸਮਾ ਅਚਾਨਕ ਆ ਗਿਆਹੈ।

ਬਡੇਰੀ। ਕੋ ਲਰ ਸਕਹਿ ਅਲਪ ਨਿਜ ਹੇਰੀ[1]-॥ ੨ ॥ ਹੁਤੇ ਪੰਚ ਸੈ ਰਖੇ ਪਠਾਨ। ਚਾਰ ਖਾਨ ਸਿਰਦਾਰ ਮਹਾਨ। ਅਪਰ ਮੁਖੀ ਮਿਲਿ ਕੈ ਸਭਿ ਇਕ ਥਲ। ਲਗੇ ਬਿਚਾਰਨਿ ਪਰਬਲ ਨਿਜਬਲ॥੩॥ 'ਗੁਰ ਢਿਗ ਬਡ ਹਮਰੋ ਇਕ ਡੇਰਾ[2]। ਭਾਰ ਲਰਨ ਕੋ ਪਰਹਿ ਘਨੇਰਾ[3]। ਕੌਮ ਖਾਨ ਕੀ ਹੋਤਿ ਬਹਾਦਰ। ਯਾਂਤੇ ਰਾਖਤਿ ਹੈਂ ਬਹੁ ਸਾਦਰ ॥ ੪ ॥ ਗੁਰੂ ਢਿਗ ਅਪਰ ਚਮੂੰ ਬਹੁ ਜਾਤੀ। ਜਾਨਹਿਂ ਕਹਾਂ ਸ਼ਸਤ੍ਰ ਕੀ ਬਾਤੀ।ਅਪਰ ਕਾਰ ਕੋ ਕਰਨੇ ਹਾਰੇ। ਕਹਾਂ ਲਖਹਿਂ ਸੰਗ੍ਰਾਮ ਬਿਚਾਰੇ ॥ ੫ ॥ ਦੇਖਹਿਂ ਗਨ ਰਾਜਨ ਕੀ ਸੈਨਾ। ਭਾਜਹਿਂ ਡਰਿ ਕਰਿ ਧੀਰਜ ਹੈ ਨਾ। ਗੋਰੀ ਤੀਰਨਿ ਕੀ ਬਹੁ ਮਾਰਹਿਮ ਪਰ ਪਰੈ ਜਥਾ ਘਨ ਧਾਰ[4] ॥ ੬ ॥ ਘਰ ਕੇ ਘੋਰੇ ਤਹਿਂ ਮਰਿ ਜੈਹੈਂ। ਬਹੁਰ ਗੁਰੂ ਦੈਹੈਂ ਕਿ ਨ ਦੈਹੈਂ।ਨਿਜ ਜੀਵਨ ਮਹਿਂ ਸੰਸਾ ਜਾਨੋ। ਅਪਜਸੁ ਪਸਰੈ ਹੋਇ ਪਲਾਨੇ[5] ॥ ੭ ॥ ਯਾਂਤੇ ਇਸ ਪ੍ਰਕਾਰ ਅਬਿ ਕੀਜੈ। ਹਮ ਘਰ ਜਾਹਿਂ ਖੁਸ਼ੀ ਅਬਿ ਲੀਜੈ[6]।ਰਣ ਲਰਿਬੇ ਮਹਿਂ ਹਾਨਿ ਹਮਾਰੀ।ਹਟਿ ਅਬਿ ਰਹਹੁ ਸੁਨੀਕ ਬਿਚਾਰੀ ॥ ੮ ॥ ਨਤੁਰ ਖਾਨਜ਼ਾਦੋ[7]! ਸੁਨਿ ਲੀਜੈ। ਬਾਈਸਿ ਧਾਰ ਗਿਰੀਸ਼ ਲਖੀਜੈ। ਗ੍ਰਾਮਨਿ ਕੀ ਛੋਰਾਨਿ ਬਟੋਰਿ।ਅਰੁ ਸਭਿ ਚਮੂੰ ਸੰਗ ਅਬਿ ਜੋਰਿ॥ ੯॥ ਸਭਿ ਕੇ ਆਗੇ ਬਨਹੁ ਨਿਸ਼ਾਨਾ।ਪਰਹੁ ਖੇਤ ਮਹਿਂ ਹੁਇ ਬਿਨ ਪ੍ਰਾਨਾ। ਥੋਰੇ ਕਾਲ ਲਘੋ ਦਰਮਾਂਹਾ। ਨਾਹਕ ਮਰਿ ਜੈਹੈਂ ਰਨ ਮਾਹਾ ॥੧੦॥ ਅਬਿ ਰਚੀਅਹਿ ਕਛੁ ਏਵ ਉਪਾਈ। ਜਿਸ ਤੇ ਚਲੀਅਹਿ ਕਾਨ ਕਢਾਈ[8]। ਜਸੋਂ ਕਸੋਂ ਕਰਿ ਰੁਖ਼ਸਦ ਕੋ ਲੀਜੈ। ਨਹਿਂ ਗੁਰ ਕਹਿਂ ਤੌ ਆਪ ਚਲੀਜੈ' ॥੧੧॥ ਕਾਲੇ ਖਾਂ ਤਿਨ ਬਿਖੇ ਪਠਾਨ। ਬੋਲਯੋ ਲਖਿ ਕਰਿ ਬਿਨਾ ਇ-ਮਾਨ[9]*। 'ਨਹਿਂ ਆਛੀ ਇਹ ਮਸਲਤ ਕੀਨਿ। ਨਿਮਕ ਹਰਾਮੀ ਖੋਵਨ ਦੀਨਿ ॥ ੧੨ ॥ ਲਰਨ ਹੇਤੁ ਹੀ ਹਮ ਕੋ ਰਾਖ੍ਯੋ। ਪਰੇ ਕਾਮ ਭਾਜਨ

---

[1]ਆਪਣੀ ਥੁਹੜੀ ਦਿੱਸ ਰਹੀ ਹੈ। [2]ਇਕ ਸਾਡਾ ਹੀ ਡੇਰਾ ਵੱਡਾ ਹੈ। [3]ਬਹੁਤਾ ਸਾਡੇ ਤੇ ਭਾਰ ਪਏਗਾ। [4]ਬਦਲ ਦੀ ਧਾਰ ਭਾਵ ਮੀਂਹ ਵਾਂਙ। [5]ਭੱਜ ਗਿਆਂ ਤੇ ਨਿੰਦਾ ਹੋਸੀ। [6]ਭਾਵ ਛੁੱਟੀ ਲਈਏ। [7]ਹੇ ਪਠਾਣਾਂ ਦਿਓ ਪੁੱਤਰੋ। [8](ਗੁਰੂ ਜੀ ਦੇ)ਕੰਨੋਂ ਗਲ ਕੱਢਕੇ ਚਲੀਏ। ਇਹ ਅਰਥ ਅੰਤਲੀ ਤੁਕ 'ਨਹਿਂਗੁਰ ਕਹਿਂ ਤੌ ਆਪ ਚਲੀਜੈ' ਤੋਂ ਸਪਸ਼ਟ ਹੁੰਦਾ ਹੈ: (ਅ)ਕੰਨੀ ਕਤਰਾਕੇ। ਇਹ ਅਰਥ ਅੰਸੂ ੨੩ ਅੰਕ ੧੧ ਤੋਂ ਸਹੀ ਹੁੰਦਾ ਹੈ। [9](ਬਾਕੀ ਦੇ ਪਠਾਣਾਂ ਨੂੰ) ਬੇਈਮਾਨ ਹੋਏ ਦੇਖਕੇ ਬੋਲਿਆ:-

*ਤਵਾ: ਖਾ: ਵਿੱਚ ਲਿਖਿਆ ਹੈ ਕਿ ਦੁਸ਼ਮਣਾਂ ਵਲੋਂ ਪਠਾਣਾਂ ਨੂੰ ਵੱਢੀ ਦੇਕੇ ਬੇਈਮਾਨ ਬਣਾਇਆ ਗਿਆ ਸੀ। ਪਹਾੜੀਆਂ ਨਾਲ ਮਿਲਨ ਦੀ ਗਲ ਅਗਲੇ ਅੰਸੂ ਦੇ ਅੰਗ ੧੮, ੧੯ ਤੋਂ ਬੀ ਸਹੀ ਪਈ ਹੁੰਦੀ ਹੈ ਜਿੱਥੇ ਏਹ ਗੁਰੂ ਜੀ ਤੇ ਪਹਾੜੀਏ ਦੋਹਾਂ ਨੂੰ ਦਗ਼ਾ ਦੇਣਾ ਸੋਚਦੇ ਹਨ।

ਅਭਿਲਾਖਯੋ । ਆਨ ਪਠਾਨਨਿ[1] ਕੀ ਤੁਮ ਖੋਵਹੁ । ਰਣ ਤੇ ਡਰ ਕਰਿ
ਕਾਤੁਰ ਹੋਵਹੁ ॥ ੧੩ ॥ ਨਹਿਂ ਆਗੇ ਕੋ ਕਰਹਿ ਭਰੋਸਾ । ਨਹਿਂ ਰਾਖਹਿ
ਨੌਕਰ ਲਖਿ ਦੋਸ਼ਾ । ਅਪਜਸੁ ਪ੍ਰਾਪਤਿ ਦੁਨੀਆਂ ਬਿਖੈ । ਮਰਿ ਦੋਜ਼ਕ ਮੈਂ
ਸ਼ਾਸਨ ਪਿਖੈਂ'॥੧੪॥ਸੁਨਿਬੋਲਯੋ ਤਬਿ ਭੀਖਨ ਖਾਨ।'ਤੂ ਰਖਿ ਅਪਨੋ ਸੰਗ
ਇਮਾਨ । ਹਮ ਤੌ ਨਾਹਕ ਮਰਹਿਂ ਨ ਕੋਈ । ਰਹੀਅਹਿ ਤੂ ਅਬਿ ਚਾਕਰ
ਹੋਈ ॥੧੫॥ ਜੇਤਿਕ ਖੁਸ਼ੀ, ਰਹੇ ਢਿਗ ਗੁਰ ਕੇ[2] । ਕਾਰਜ ਪਰੇ ਆਨਿ
ਅਬਿ ਘਰ ਕੇ । ਬਿਨਾ ਕਰੇ ਹਮ ਪਤ ਨਹਿਂ ਰਹੈ । ਯਾਂ ਤੇ ਚਲਨਿ ਇਹਾਂ ਤੇ
ਚਹੈਂ ॥੧੬॥ ਕਿਸ ਕੇ ਹਮ ਕੈਦੀ ਤੌ ਨਹੀਂ । ਕਰੀ ਚਾਕਰੀ ਤੇਤਿਕ ਲਹੀ' ।
ਕਾਲੇ ਖਾਂ ਸੁਨਿ ਰਿਸ ਤੇ ਜਰਯੋ । 'ਬੁਰੋ ਮਨੋਰਥ ਤੈਂ ਉਰ ਧਰਯੋ ॥ ੧੭ ॥
ਗੁਰ ਕੋ ਜੰਗ ਪਰਯੋ ਅਬਿ ਆਇ । ਹਮ ਤੌ ਨਹੀਂ ਕਿਸੂ ਥਲ ਜਾਇਂ । ਰਿਦੇ
ਤੁਮਾਰੇ, ਤਯੋਂ ਤੁਮ ਕਰੀਅਹਿ । ਭਾਜੇ ਅਜਸੁ[3], ਲਰਹਿਂ ਜਸੁ ਧਰੀਅਹਿ'
॥੧੮॥ ਇਮ ਕਹਿ ਬੈਠਯੋ ਤੂਸ਼ਨਿ ਹੋਇ । ਨਿਮਕ ਹਲਾਲ ਕਰਨ ਕੌ ਸੋਇ ।
ਭੀਖਨ ਖਾਂ ਹਯਾਤ ਖਾਂ ਆਦਿ । ਤੀਨਹੁਂ ਮਿਲਿਕੈ ਕਰਿ ਇਕ ਵਾਦਿ[4] ॥
੧੯॥ ਅਪਰ ਪਚਾਸਕ ਲੇਕਰਿ ਖਾਨ।ਭਾਖਨ ਕੀ ਗਿਨਤੀ[5] ਮਨਿ ਠਾਨਿ।
ਜਹਿਂ ਬੈਠੇ ਸਭਿ ਜਗ ਸਿਰਮੌਰ । ਊਪਰ ਝੁਲਤਿ ਚਾਰੁ ਸਿਤ ਚੌਰ ॥ ੨੦ ॥
ਦ੍ਵਾਰਪਾਲ ਕੇ ਹਾਥ ਬੁਝਾਇ[6] । ਪਹੁੰਚੇ ਜਾਇ ਪ੍ਰਭੂ ਜਿਸ ਥਾਇਂ । ਐਂਠਦਾਰ
ਪਗੀਆਂ ਜਿਨ ਕੇਰ । ਲਟਕਤਿ ਇਕ ਸਿਕੰਧ ਸ਼ਮਸ਼ੇਰ[7] ॥ ੨੧ ॥ ਬੈਠਿ
ਗਏ ਸਭ ਕਰਿ ਕਰਿ ਨਮੋਂ । ਭੀਖਨਖਾਂ ਬੋਲਯੋ ਤਿਸ ਸਮੋਂ।'ਪ੍ਰਭੁ ਜੀ!ਘਰ
ਤੇ ਅਬਿ ਸੁਧਿ ਆਈ । ਕਰਿਕੈ ਬਹੁਤ ਤਗੀਦ ਪਠਾਈ॥ ੨੨ ॥–ਅਨਿਕ
ਖਾਂਨ ਕੇ ਖਾਨਹਿ ਮਾਂਹਿਂ[8] । ਲਰਕੀ ਲਰਕਨਿ ਕੇਰ ਨਿਕਾਹ । ਆਵਹੁ
ਜਲਦ ਨ ਬਿਲਮਹੁਂ ਕੈਸੇ–। ਆਨਿ ਪਰਯੋ ਕਾਰਜ ਅਬਿ ਐਸੇ॥੨੩॥ਰੁਖ-
ਸਦ ਕੀ ਆਇਸੁ ਕਹੁ ਦੀਜੈ । ਗਏ ਬਿਨਾਂ ਸਰਿ ਹੈ ਨ, ਲਖੀਜੈ । ਕਿਤਿਕ
ਪਠਾਨਨ ਕੇ ਘਰ ਬਯਾਹ । ਬਾਕੀ ਰਹਤਿ ਪਿਛਾਰੀ ਨਾਂਹਿ ॥੨੪॥ ਚਾਹਤਿ
ਹੈਂ ਹਿਸਾਬ ਕਰਿਵਾਯੋ । ਨਿਜ ਕੁਟੰਬ ਕਾਰਜ ਬਨਿ ਆਯੋ । ਆਵਹਿਂ
ਬਹੁਰ ਲਿਖਾਵਹਿਂ ਚਿਹਰੇ[9] । ਭਏ ਤਯਾਰ ਅਬਿ ਆਯੁਧ ਪਹਿਰੇ' ॥੨੫॥ ਸ੍ਰੀ
ਪ੍ਰਭੁ ਗਤਿ ਅੰਤਰ ਕੀ ਜਾਨੀ । ਧੀਰਜ ਦੇਬੇ ਹੇਤੁ ਬਖਾਨੀ । 'ਭੋ ਪਠਾਨ

[1]ਭਾਵ ਪਠਾਣਾਂ ਦੀ ਅਬਰੋ । [2]ਜਿਤਨਾ (ਚਿਰ ਸਾਡੀ ਖੁਸੀ ਸੀ ਗੁਰਾਂ ਪਾਸ ਰਹੇ ਹਾਂ । [3]ਭੱਜਿਆਂ ਨਿੰਦਾ ਹੈ । [4]ਇਕੋ ਗਲ (ਪਕਾ ਕੇ) । [5](ਛੁੱਟੀ ਵਾਸਤੇ) ਕਹਿਣ ਦੀ ਸੋਚ । [6]ਪੁੱਛ ਕੇ । [7]ਇਕ ਮੋਢੇ ਤੇ ਤਲਵਾਰ । [8]ਘਰਾਂ ਵਿੱਚ । [9]ਹੁਲੀਏ ।

ਤੁਮ ਸੁਨੇ ਬਹਾਦੁਰ। ਦੇ ਕਰਿ ਦਰਬ ਰਖੇ ਢਿਗ ਸਾਦਰ ॥੨੬॥–ਸ਼ੱਤ੍ਰਨਿ ਸੰਗ ਜੰਗ ਕੇ ਪਰੇ। ਆਵਹਿਂ ਕਾਮ–ਇਹੀ ਮਨ ਧਰੇ। ਕੌਨ ਸਮਾ ਅੱਬਿ ਰੁਖ਼ਸਦ ਲੈਨ। ਸ੍ਵਾਮੀ ਕਾਜ ਪਰਨੋ ਰਨ ਐਨ॥੨੭। ਅਬਿ ਹੁਇ ਕਾਤੁਰ ਕਰੋ ਫਰੇਬ। ਰਿਪੁ ਤੇ ਡਰਹੁ ਨ ਪਾਵਹੁ ਜ਼ੇਬ[1]। ਲਰਨ ਹੇਤੁ ਦਲ ਗਨ ਚਢਿ ਆਇ।ਗਹਹੁ ਸ਼ਸਤ੍ਰ ਹੂਜੈ ਸਮੁਹਾਇ॥੨੮॥ ਹਤਿ ਹੱਥਜ਼ਾਰਨਿ ਪਾਵਹੁ ਬਿਜੈ। ਬਹੁਰ ਨਿਕੇਤ ਗਮਨ ਕੋ ਕਿਜੈ। ਜੰਗ ਖੇਤ ਕੋ ਅਬਹਿ ਨਿਕਾਹੂ[2]। ਪ੍ਰਥਮ ਕਰਹੁ ਧਰਿ ਕੈ ਉਤਸਾਹੂ ॥੨੯॥ ਬਹੁਰ ਨਿਕਾਹੁ ਸਦਨ ਕੌ ਕਰੀਅਹਿ। ਅਪਨਿ ਬੰਸ ਕੀ ਲੱਜਾ ਧਰੀਅਹਿ। ਪੁਨ ਰੁਖ਼ਸਦ ਕੌ ਕਰਹਿਂ ਬਨਾਇ। ਬ੍ਰਿੰਦ ਦਰਬ ਕੌ ਤੁਮਹਿਂ ਦਿਵਾਇਂ ॥ ੩੦ ॥ ਜੇ ਨ੍ਰਿਪ ਰਿਪੁ ਦਲ ਅਧਿਕ ਬਿਚਾਰੇ। ਭਾਜੇ ਚਹਹੁ ਮਹਾਂ ਭਯ ਧਾਰੇ। ਤੌ ਨਿਸ਼ਚੈ ਕੀਜਹਿ ਬਿੱਸ੍ਵਾਸ। ਲੈਂ ਹਮ ਫਤੇ ਰਿਪੁਨ ਕੌ ਨਾਸ਼॥੩੧॥ਸੁਭਟ ਲੱਛ ਅਪਰਨਿ ਕੇ ਆਇਂ[3]। ਗੁਰ ਘਰ ਕੇ ਹਜ਼ਾਰ ਸਮੁਹਾਇਂ[4]। ਤਊ ਨ ਬਿਜੈ ਪਾਇ ਕਰਿ ਜਾਵੈ। ਚਢੀ ਆਇ ਉਤਰਾਇ ਸੁ ਜਾਵੈ[5]" ॥ ੩੨ ॥ ਸੁਨਿ ਪਠਾਨ, ਜਿਯ ਰਹਨਿ ਨ ਭਾਵੈ[6]। ਖਾਨ ਹਯਾਤ ਨਿਜਾਬਤ ਗਾਵੈ[7]। 'ਆਪ ਗੁਰੂ ਜੀ ਨੀਕੀ ਕਹੋ। ਤਊ ਸਬੰਧ ਜਗਤ ਕੇ ਲਹੋ ।੩੩॥ ਸ਼ਾਦੀ ਗ਼ਮੀ ਪਰੈ ਜਬਿ ਆਈ।ਜੇ ਕਰਿ ਮਿਲਹਿਂ ਨਹੀਂ ਤਬਿ ਜਾਈ।ਸਗਿਯਨਿ ਮਹਿਂ ਮੁਖ ਕਾਰਖ ਲਾਗੇ। ਜਿਸ ਤੇ ਬਨਹਿ ਨਹੀਂ[8] ਕਿਮ ਭਾਗੇ ॥ ੩੪ ॥ ਲਰਕੀ ਲਰਕਨਿ ਕੋ ਜਿਨ ਮਾਂਹੀ।ਕਰਨਿ ਸੰਬੰਧ ਸਦਾ ਚਿਤ ਚਾਹੀ। ਇਕ ਦੁਇ ਨਹੀ ਨਿਕਾਹੁ ਹਮਾਰੇ। ਬ੍ਰਿੰਦ ਕਰਨਿ ਕੌ ਸਭਿ ਮਨ ਧਾਰੇ ॥੩੫॥ ਆਜ ਚਲਹਿਂ ਤੌ ਪਹੁੰਚਹਿਂ ਜਾਇ। ਨਾਂਹਿਤ ਸ਼ਾਦੀ ਤੇ ਰਹਿ ਜਾਇਂ।ਸਗਰੀ ਬਯ ਮੈਂ ਰਹੈ ਕਲੰਕ।ਤਹਿਂ ਕਿਮ ਤਜਾਗਹਿਂ ਬਨਹਿਂ ਨਿਸ਼ੰਕ॥੩੬॥ਧਨੀ ਗ੍ਰਾਮ ਮਾਲਿਕ ਜੋ ਖਾਨ। ਤਿਨ ਕੇ ਸੰਗ ਸਬੰਧ ਮਹਾਨ। ਐਸੇ ਸਮੈ ਜਿ ਮਿਲਿ ਹੈਂ ਨਾਂਹੀ। ਪੁਨ ਕਿਮ ਪ੍ਰਵਿਸ਼ਨ ਦੇਂ ਨਿਜ ਮਾਂਹੀ ॥ ੩੭ ॥ ਯਾਂ ਤੇ ਕਠਨ ਪਰੀ ਅਬਿ ਆਇ। ਜਿਸ ਤੇ ਇਕ ਨਿਸ ਬਸਨੋ ਨ ਜਾਇ। ਕ੍ਰਿਪਾ ਕਰਹੁ ਰੁਖ਼ਸਦ ਹੀ

[1]ਸ਼ੋਭਾ। [ਫਾ:, ਜ਼ੇਬ=ਸਜਾਵਟ]। [2]ਮੈਦਾਨਜੰਗ ਦਾ ਵਿਆਹ ਤਾਂ ਹੁਣ ਹੈ। [3]ਲਖ ਸੂਰਮੇ ਹੋਰਨਾਂ ਦੇ (ਜੋ) ਆਵਣ। [4]ਹਜ਼ਾਰ ਹੀ ਸਾਹਮਣੇ ਹੋਣ....। [5]ਜੋ (ਫੌਜ) ਚੜ੍ਹਕੇ ਆਵੇਗੀ ਸੋ ਉੱਤਰ ਕੇ (ਹਾਰ ਕੇ) ਜਾਵੇਗੀ। [6]ਪਠਾਣਾਂ ਗਲ ਸੁਣੀ (ਪਰ) ਜੀ ਵਿਚ ਰਹਿਣਾ ਨਹੀਂ ਭਾਉਂਦਾ (ਤਦ)। [7]ਬੋਲੇ। [8]ਭਾਵ ਮੁਨਾਸਬ ਨਹੀਂ।

ਦੀਜੈ। ਕਰੋ ਹੂੰ ਰਹਿਬੋ ਨਹੀਂ ਲਿਖੀਜੈ' ॥ ੩੮ ॥ ਸੁਨਿ ਕਰਿ ਸ੍ਰੀ ਸਤਿਗੁਰੂ
ਹਠੀਲਾ। ਜਾਨਤੇ–ਕਰਹਿਂ ਪਲਾਵਨਿ ਹੀਲਾ[1]। ਬਹੁ ਰਾਜਨ ਕੋ ਦਲ ਮਨ
ਜਾਨਾ। ਲਰਿਬੇ ਕੌ ਧੀਰਜ ਮਨ ਹਾਨਾ–॥ ੩੯ ॥ ਬਿਰਧਾਵਨਿ ਉਤਸਾਹ
ਦਲੇਰੀ। ਬੋਲੇ ਕ੍ਰਿਪਾਦ੍ਰਿਸ਼ਟਿ ਕੌ ਹੇਰੀ। 'ਸੁਨੋ ਖਾਨ! ਚਿੰਤਾ ਜਿਨ ਕੀਜੈ[2]।
ਸੁਧਰਹਿ ਕਾਜ ਸਰਬ ਲਖਿ ਲੀਜੈ ॥ ੪੦ ॥ ਪੂਰਬ ਸ਼ੱਤ੍ਰੁਨਿ ਤੇ ਲਿਹੁ ਬਿਜੈ।
ਪੁਨ ਧਨ ਗਨ ਲੇ ਕਾਰਜ ਕਿਜੈ। ਤ੍ਯਾਗਹੁ ਸ਼ਸਤ੍ਰ ਧਰਮ ਕੌ ਨਾਂਹਿਨ।
ਸਨਮੁਖ ਬਨਹੁ ਕਰਹੁ ਦਲ ਗਾਹਨਿ[3] ॥ ੪੧ ॥ ਹੁਇ ਸ੍ਵਾਮੀ ਕੇ ਨਿਮਕ-
ਹਲਾਲ। ਜੁਗ ਲੋਕਨ ਮਹਿਂ ਅਨੰਦ ਬਿਸਾਲ। ਜੀਵਤਿ ਰਹੈਂ ਮਹਾਂ ਜਸੁ
ਪਾਵੈਂ। ਭੋਗਹਿਂ ਦਰਬ ਜਥਾ ਮਨ ਭਾਵੈ ॥ ੪੨ ॥ ਮਰਿ ਕਰਿ ਸੁਰਗ ਬਿਖੈ
ਸੁਖ ਲਹੈਂ। ਜੋ ਰਾਜਨ ਕੌ ਦੁਰਲਭ ਅਹੈ। ਤਜਿ ਕਾਤੁਰਤਾ ਜੋਧਾ ਬਨਹੁ।
ਈਸ ਲਾਜ ਰਖਿ ਰਿਪੁਗਨ ਹਨਹੁ ॥੪੩॥ ਜੋ ਰਨ ਤੇ ਭਾਜਹਿ ਬੇਮੁਖ ਹ੍ਵੈ।
ਜਸੁ ਨਹਿਂ ਲੋਕ, ਪ੍ਰਲੋਕ ਨ ਸੁਖ ਹ੍ਵੈ। ਕਾਤੁਰ ਮਾਸ ਗੀਧ ਨਹਿਂ ਖਾਵਹਿਂ।
ਕਾਤੁਰ ਮਰਿ ਕਰਿ ਨਰਕ ਸਿਧਾਵਹਿਂ ॥ ੪੪ ॥ ਕਾਤੁਰ ਕੋ ਜਗ ਕਰਹਿ
ਧਿਕਾਰਾ। ਗੀਦੀ ਗਾਦਰ ਸਰਸ ਉਚਾਰਾ[4]*। ਅਪਰ ਸੁਨੋ ਜੋ ਲਾਲਚ
ਚਾਹਾ। ਹਮ ਕਰਿ ਦੇਹਿਂ ਅਧਿਕ ਦਰਮਾਹਾ ॥੪੫॥ ਜਿਨ ਕੋ ਇਕ ਇਕ ਦ੍ਵੈ
ਦ੍ਵੈ ਲੈਹੋ। ਪਾਂਚ ਲੇਇ ਜੋ ਦਸ ਦਸ ਪੈਹੋ।ਅਪਰ ਜਿ ਲਾਲਚ ਧਰਹੁ ਬਿਸਾ-
ਲਾ। ਤ੍ਰਿਗੁਨਾ ਧਨ ਲੀਜੈ ਇਸ ਕਾਲਾ ॥੪੬॥ ਇਸ ਪਰ ਭੀ ਠਹਿਰਹੁ ਜੋ
ਨਾਂਹੀ। ਚਾਰ ਚਾਰ ਲੀਜੈ ਨਿਜ ਪਾਹੀ। ਇਸ ਤੇ ਭੀ ਜਿ ਲੋਭ ਬਡ ਕੀਜੈ।
ਪੰਚ ਪੰਚ ਦਿਨ ਪ੍ਰਤਿ ਕੇ ਲੀਜੈ॥੪੭॥ਜਿਨ ਕੇ ਪੰਚ ਪੰਚੀਸਹੁ ਪਾਇ।ਬਨਹੁ
ਬੀਰ ਉਰ ਧੀਰ ਟਿਕਾਇ। ਜੁਗ ਲੋਕਨਿ ਕੋ ਆਨੰਦ ਘਨੋ। ਨਹਿਂ ਤ੍ਯਾਗਹੁ
ਨਹਿਂ ਕਾਤੁਰ ਬਨੋ' ॥੪੮॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਖਾਨਨ'
ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

੨੧. [ਪਠਾਣ ਫਤੇਸ਼ਾਹ ਨੂੰ ਜਾ ਮਿਲੇ]।

ਦੋਹਰਾ ॥ ਇਮ ਦੇਨੋ ਬਹੁ ਦਰਬ ਕੋ ਸਤਿਗੁਰ ਕੀਨਿ ਬਖਾਨ। ਸਮਝਾਏ

[1]ਨੱਠਣ ਦਾ ਬਹਾਨਾ ਕਰਦੇ ਹਨ। [2]ਚਿੰਤਾ ਨਾ ਕਰੋ। (ਅ) ਚਿੰਤਾ ਜਿਨ੍ਹਾਂ ਕੰਮਾਂ ਦੀ ਕਰਦੇ ਹੋ।
[3]ਫੌਜਾਂ ਨੂੰ ਦਲ ਸਿਟੋ। [4]ਕਾਇਰ ਨੂੰ ਗਿਦੜ ਵਰਗਾ ਕਹਿੰਦੇ ਹਨ।

*ਨਮਕ ਹਲਾਲ ਨਾਥੁ ਕਾ ਕਰੀਐ॥ ਮਰਨ ਜੀਵਨੁ ਅਸਿਪੁਜ ਪਰ ਧਰੀਐ। ਸ੍ਵਾਮੀ
ਕਹਿ ਜੋ ਰਨ ਮਧ ਤ੍ਯਾਗੇ। ਈਹਾਂ ਨਿੰਦ ਨਰਕ ਤਿਹ ਆਗੈ ॥ ਤਾਂਕੇ ਮਾਸ ਗੀਧ ਨਹਿਂ ਲੇਹੀਂ।
ਨਮਕ ਹਰਾਮ ਦਾਨ ਤਜਿ ਦੇਹੀਂ। ਆਗੈ ਸੁਰਗ ਨ ਈਹਾਂ ਜੱਸੁ। ਸਾਤ ਮੁਠੀ ਤਾਂਕੇ ਸਿਰ ਭੱਸੁ।
[ਗੁਰਬਿਲਾਸ ਪਾ: ੧੦ ਧਿਆ ੬ ਛੰਦ ੧੮੭–੧੮੮।

ਬਹੁ ਭਾਂਤਿ ਕਰਿ ਅਪਜਸੁ ਸੁਜਸੁ ਮਹਾਨ ॥ ੧ ॥ ਚੌਪਈ ॥ ਤਊ ਨ ਧੀਰ ਮੂਢਨਿ ਕੌ ਆਈ । ਲਖਹਿਂ ਜੰਗ ਕੋ–ਮ੍ਰਿਤੁ ਨਿਯਰਾਈ–। ਤੀਨਹੁਂ ਮੁਖਿ ਮੁਖ ਧਰੀ ਰੁਖਾਈ[1] । ਸਭਾ ਬਿਖੈ ਬੋਲੇ ਕਦਰਾਈ[2]॥੨॥ 'ਨਿਜ ਸਗਿਧਨਿ ਤੇ ਜੋ ਟੁਟਿ ਗਯੋ । ਬਹੁ ਧਨ ਪਾਇ ਕਹਾਂ ਕਰਿ ਲਯੋ । ਦਰਬ ਬਟੋਰਨਿ ਜਿਨ ਹਿਤ ਕਰਨੋ । ਤਿਨ ਸੋਂ ਭਯੋ ਪ੍ਰੇਮ ਸਭਿ ਹਰਨੋ॥੩॥ਬਨੇ ਰਹਹਿਂ ਜੋ ਸਗਿਧਨ[3] ਸੰਗ । ਬਿਨਾਂ ਦਰਬ ਹੀ ਸਭਿ ਸੁਖ ਰੰਗ । ਕਯੋਂ ਹੂੰ ਰਹਨੋ ਜਾਇ ਅਬਿ ਨਾਂਹੀ । ਦਿਹੁ ਰੁਖਸਦ ਨਿਜ ਘਰ ਕੋ ਜਾਹੀਂ' ॥ ੪ ॥ ਸੁਨਿ ਮਾਤੁਲ ਕ੍ਰਿਪਾਲ ਰਿਸ ਭਰਯੋ । ਝਿਰਕਤਿ ਖਾਨਨਿ ਬਾਕ ਉਚਰਯੋ । ਕਯੋਂ ਮੂਢਹੁ ਤੁਮ ਕਰਹੁ ਬਹਾਨਾ । ਰਿਪੁ ਗਨ ਜਾਨੇ ਮਨ ਡਰ ਮਾਨਾ ॥ ੫ ॥ ਗੁਰ ਕੋ ਲਵਣ ਖਾਇ ਬਨਿ ਖੋਟੇ । ਮੁਚਹੁ ਹਰਾਮ ਹੋਇ ਮਤਿ ਮੋਟੇ[4] ! ਪ੍ਰਭੁ ਜੀ ! ਨਹਿਂ ਇਨ ਪਾਛਾ ਕਰੀਅਹਿ।–ਗਮਹੁ ਮਲੇਛਹੁ ਦੂਰ–ਉਚਰੀਅਹਿ॥ ੬ ॥ ਘਰ ਤੇ ਨਿਕਸੇ ਆਯੁਧ ਧਾਰੇ । ਰਣ ਕੋ ਦੇਖਿ ਡਰੇ–ਹਮ ਮਾਰੇ–। ਕਰਯੋ ਪਠਾਨ ਬੰਸ ਨਿਰਲਾਜਾ । ਕੋ ਨਹਿਂ ਚਹੈ ਕਰਯੋ ਅਸ ਕਾਜਾ ॥ ੭ ॥ ਸਮੇ ਜੰਗ ਕੇ ਕਹੈਂ–ਬਿਦਾਈ[5]–। ਸ੍ਵਾਮੀ ਕਾਜ ਪਰਯੋ ਅਬਿ ਆਈ । ਕੋ ਕਰਿ ਸਕੈ ਧੀਰ ਇਮ ਹਰਨੀ।ਬੇਖ ਸ਼ੇਰ ਕੋ ਗੀਦਰ ਕਰਨੀ[6]'॥੮॥ਸੁਨਿ ਲੱਜਤਿ ਹੁਇ ਭੀਖਨ ਖਾਨ । ਬੋਲਯੋ ਸਨੇ ਸਨੇ ਦੁਖ ਮਾਨਿ । 'ਜਿਮ ਚਿਤ ਆਇ ਤਥਾ ਤੁਮ ਕਹੋ । ਕਯਾ ਹਮਰੇ ਕਾਰਜ ਉਰ ਲਹੋ[7] ॥ ੯ ॥ ਮਨ ਕੀ ਖੁਸ਼ੀ ਨੌਕਰੀ ਕਰੈਂ । ਨਹੀਂ ਕਰੈਂ, ਘਰ ਅਪਨੇ ਬਿਰੈਂ । ਗੁਰ ਕੋ ਕਛੁ ਲੇ ਜਾਹਿਂ ਤ ਡਰ ਹੈ।ਨਹਿਂ ਲੇ ਜਾਹਿਂ ਦਰਸ ਪੁਨ ਕਰਿ ਹੈਂ ॥੧੦॥ ਸ਼ਾਦੀ ਕਿਧੌਂ ਗਮੀ ਕੇ ਹਾਲ।ਬੈਠਨਿ ਮਿਲਿ ਬਿਰਾਦਰੀ ਨਾਲ।ਜੌ ਨ ਬਨਹਿ ਤੌ ਹੋਵਹਿਂ ਹੀਨ। ਐਸੀ ਬਾਤ ਜਾਤਿ ਕੀ ਚੀਨ' ॥ ੧੧ ॥ ਸੁਨਿ ਕਲਗੀਧਰ ਬਾਕ ਬਖਾਨੇ । 'ਨਿਕਸਹੁ ਗੀਦੀ ਮੂਢ ਮਹਾਨੇ ! ਅਸਿਧੁਜ[8] ਕਰਹਿ ਹੋਇ ਹੈ ਸੋਈ । ਤੁਰਕਨਿ ਕੋ ਬਿਸ੍ਵਾਸ ਨ ਕੋਈ' ॥ ੧੨ ॥ ਭੀਖਨ ਖਾਨ ਨਿਜਾਬਤਖਾਨ। ਉਠਯੋ ਹਯਾਤਖਾਨ ਮਤਿਹਾਨ।ਨਮੋ ਠਾਨਿ ਕਰਿਨੀਚੀਗ੍ਰੀਵ। ਲੱਜਤਿ ਭਏ ਨ ਆਂਖ ਉਠੀਵ ॥ ੧੩ ॥ ਤਜਿ ਦਰਬਾਰ ਦ੍ਵਾਰ ਕੋ ਆਏ। ਨਿਜ ਡੇਰੇ

---

[1]ਤਿੰਨਾਂ ਮੁਖੀਆਂ ਨੇ ਮੂੰਹ ਦਾ ਰੁੱਖਾ ਪਨ ਧਾਰਿਆ। [2]ਕਾਇਰਪਨੇ ਨਾਲ । [3]ਸਬੰਧੀਆਂ । [4]ਛਰਦੇ ਹੋ ਲੂਣ ਹਰਾਮੀ ਹੋਕੇ ਹੇ ਮੋਟੀ ਮਤ ਵਾਲਯੋ (ਮੂਰਖੋ)। [5](ਮਾਨੂੰ) ਵਿਦਾ ਕਰੋ। [6]ਸ਼ੇਰ ਦਾ ਭੇਖ ਤੇ ਕਰਨੀ ਗਿੱਦੜ ਦੀ । [7]ਸਾਡੇ ਕੰਮ ਤੁਸੀਂ ਕੀ ਜਾਣਦੇ ਹੋ ? [8]ਅਕਾਲ ਪੁਰਖ ।

ਪਹੁੰਚੇ ਉਤਲਾਇ।ਬੈਠੇ ਪੁਨ ਮਸਲਤ ਮਨ ਠਾਨਤਿ।'ਧਨ ਗਨ ਦੇਨਿ ਗੁਰੂ ਅਬਿ ਮਾਨਤਿ' ॥ ੧੪ ॥ ਕਹੈ ਹਯਾਤਖਾਨ 'ਢਿਗ ਰਹੋ। ਦਰਬ ਬਿਸਾਲ ਨੌਕਰੀ ਲਹੋ।ਇਕ ਬਰਖ ਲੌ ਰਹਿ ਕਰਿ ਪਾਸ। ਧਨ ਗਨ ਪੁਨ ਲੈ ਚਲਹਿੰ ਅਵਾਸਿ' ॥ ੧੫ ॥ ਸੁਨਿ ਕਰਿ ਬੋਲਯੋ ਭੀਖਨਖਾਨ। 'ਗੁਰ ਅਬਿ ਦੇਤਿ ਰਿਪੁਨ ਡਰ ਮਾਨਿ। ਕਰਹਿਂ ਚਾਕਰੀ ਰਹਿਂ ਚਿਰਕਾਲ। ਤੌ ਪ੍ਰਾਪਤਿ ਧਨ ਲੇਇਂ ਬਿਸਾਲ ॥੧੬॥ਲਰਨੋ ਮਰਨੋ ਸਿਰ ਪਰ ਅਹੈ। ਜਿਯਤਿ ਰਹੈ ਪਾਛੈ ਸੋ ਲਹੈ। ਜੋ ਤੁਮਰੇ ਮਨ ਹੈ ਅਬਿ ਐਸੇ।ਘਰ ਪਹੁੰਚਹਿਂ ਲੇ ਧਨ ਗਨ ਤੈਸੇ। ੧੭॥ ਰੋਸ਼ ਗੁਰੂ ਕੋ ਭਯੋ ਘਨੇਰਾ। ਭੇਤ ਭਲੇ ਹਮਨੈ ਸਭਿ ਹੇਰਾ। ਬਨਹੁ ਬੀਰ ਧਰਿ ਧੀਰਜ ਭਲੇ। ਸੈਲਪਤੀਨ ਸੰਗ ਲਿਹੁ ਮਿਲੇ* ॥ ੧੮ ॥ ਲੂਟ ਮਾਫ ਤਿਨ ਤੇ ਲਿਖਵਾਵਹੁ। ਮਿਲਿ ਰਾਜਨ ਸੋਂ ਜੰਗ ਮਚਾਵਹੁ[1]। ਲਰਹਿਂ ਪਹਾਰੀ ਹੋਇਂ ਅਗਾਰੀ। ਤਾਕਤਿ ਰਹੀਅਹਿ[2] ਆਪ ਪਿਛਾਰੀ ॥ ੧੯ ॥ ਗੁਰ ਕੀ ਸੈਨ ਪਲਾਵਹਿ ਜਬਿ ਹੀ। ਸੂਧੇ ਪਰਹੁ ਕੋਸ਼ ਪਰ[3] ਤਬਿਹੀ। ਏਕ ਬਾਰਿ ਨਿਜ ਹੇਲਾ ਘਾਲਹੁ। ਧਨ ਜਹਿਂ ਧਰਯੋ ਆਨਿ ਕਰ ਡਾਲਹੁ[4]॥੨੦॥ ਜੇਤਿਕ ਘੋਰਾ ਸਕਹਿਂ ਉਠਾਇ।ਤੇਤਿਕ ਲੀਜੈ ਮੋਦ ਵਧਾਇ।ਲਾਦ ਘਰਨ ਕੌ ਇਤ ਤੇ ਚਲੋ। ਪੁਨ ਗਿਰਪਤਿਨਿ ਸੰਗ ਕਯੋਂ ਮਿਲੌ ॥ ੨੧ ॥ ਜਿਸਕੇ ਹੇਤੁ ਨੌਕਰੀ ਚਾਹੋ। ਸੋ ਇਕ ਦਿਨ ਮਹਿਂ ਇਸ ਬਿਧਿ ਪਾਹੋ। ਨਹਿਂ ਪਹਾ-ਰੀਅਨਿ ਕੋ ਇਹ ਭੇਤ। ਲੇ ਧਨ ਗਨ ਕੌ ਚਲਹੁ ਨਿਕੇਤ ॥ ੨੨ ॥ ਇਮ ਕਾਰਜ ਤੁਮਰੇ ਸਮੁਦਾਇ। ਪੂਰਵਨ ਹੋਵਹਿਂ ਮਦਤ ਖ਼ੁਦਾਇ'। ਸੁਨਿ ਸਭਿ ਖਾਨਨ ਭਾ ਅਤਿ ਲੋਭ। ਦਰਬ ਲੇਨਿ ਕੋ ਮਨ ਮਹਿਂ ਖੋਭ ॥੨੩॥ ਭੀਖਨ ਖਾਂ ਕੀ ਬੁੱਧਿ ਸਰਾਹੀ। ਕਹੈਂ 'ਪਠਹੁ ਨਰ ਰਾਜਨ ਪਾਹੀ'। ਪੰਚ ਸਊਰ ਚਢਾਵਨਿ ਕਰੇ। ਗਏ ਧਵਾਇ ਉਤਾਇਲ ਧਰੇ ॥ ੨੪ ॥ ਕਹਿ ਕਰਿ ਫਤੇ-ਸ਼ਾਹਿ ਸੋਂ ਮਿਲੇ।ਸਭਿ ਖਾਨਨ ਦਿਸ਼ਿ ਤੇ ਉਰ ਭਲੇ[5]।'ਗੁਰ ਢਿਗ ਕਹਾਂ ਫੌਜ ਹੈ ਔਰ। ਹੁਤੇ ਪਠਾਨ ਸੁ ਆਵਹਿਂ ਦੌਰ ॥ ੨੫ ॥ ਭੇਤੀ ਸਕਲ ਬਾਤ ਕੇ ਅਹੈਂ। ਲੂਟ ਮਾਫ ਲਿਖਵਾਵਨਿ ਚਹੈਂ। ਅਪਰ ਨ ਚਾਹਤਿ ਮੁਫਤੀ ਰਹੈਂ।

[1]ਰਾਜਿਆਂ ਨਾਲ ਮਿਲਕੇ (ਗੁਰਾਂ ਨਾਲ) ਜੰਗ ਮਚਾਵੋ। [2]ਤੱਕਦੇ ਰਹੀਏ। [3](ਗੁਰੂ ਕੇ) ਖਜ਼ਾਨੇ ਪਰ। [4]ਜਿੱਥੇ ਧਨ ਧਰਿਆ ਹੈ ਆ ਹੱਥ ਪਾਓ ਭਾਵ ਕਾਬੂ ਕਰ ਲਓ। [5]ਭਲੇ ਦਿਲ ਵਾਲੇ ਮੁਰਾਦ ਹੈ ਖੋਟੇ ਦਿਲ ਵਾਲੇ [ਇਹ ਵਕ੍ਰੋਕਤੀ ਹੈ ਜੋ ਕਥਨ ਤੋਂ ਉਲਟ ਭਾਵ ਨੂੰ ਸੂਚਨ ਕਰਦੀ ਹੈ]। *ਇਹ ਠੀਕ ਨਹੀਂ। ਤਵਾ: ਖਾ: ਵਾਲਾ ਲੇਖ ਕਿ ਪਠਾਣਾਂ ਨੂੰ ਰਾਜਿਆਂ ਨੇ ਵਰਗਲਾ ਲਿਆ ਸੀ, ਸਹੀ ਜਾਪਦਾ ਹੈ।

ਨਿਜ ਬਲ ਤੇ ਗੁਰ ਕੋ ਧਨ ਲਹੈਂ' ॥੨੬॥ ਫਤੇਸ਼ਾਹ ਸੁਨਿਕੈ ਮਨ ਫੂਲਾ। –ਗੁਰ ਦਲ ਭਯੋ ਮੋਹਿ ਅਨੁਕੂਲਾ। ਸੁਗਮ ਫਤੇ ਮੁਹਿ ਪ੍ਰਾਪਤਿ ਭੁਈ। ਚਹਿਂ ਗਿਰਿੰਦ ਸਭਿ, ਕਿਨਹੁਂ ਨ ਲਈ[੧] ॥੨੭॥ ਸਭਿ ਮਹਿਂ ਸੁਜਸੁ ਫੈਲ ਹੈ ਮੇਰਾ। ਲਹੈ ਪਰਾਜੈ ਗੁਰ ਇਸਬੇਰਾ–। ਤਤਛਿਨ ਕਾਗਦਪਰ ਲਿਖਿ ਦੀਨਿ। 'ਲੂਟ ਮਾਫ ਸਭਿ ਤੁਮਰੀ ਕੀਨਿ ॥ ੨੮ ॥ ਬਿਜੈ ਭਈ ਤੌ ਦੇਹਿਂ ਇਨਾਮੂ। ਭੂਖਨ ਪਟ ਲਿਹੁ ਗਮਨਹੁ ਧਾਮੂ'। ਇਮ ਲਿਖਵਾਇ ਧਏ* ਅਸਵਾਰਾ[੨]। ਮਿਲੇ ਆਨਿ ਜਹਿਂ ਖਾਨ ਉਦਾਰਾ ॥ ੨੯ ॥ ਸਭਿ ਸੁਨਾਇ ਕਹਿ ਬਾਤ ਅਦੇਸਾ। ਆਛੀ ਬਿਧਿ ਤੇ ਦੀਨਿ ਭਰੋਸਾ। ਭਏ ਤਯਾਰ ਤਬਿਜ਼ੀਨ ਤੁਰੰਗ। ਸਜੇ ਸਕਲ ਸ਼ਸਤ੍ਰਨਿ ਕੇ ਸੰਗ ॥ ੩੦ ॥ ਕਾਲੇ ਖਾਂ ਪੁਨ ਦੇਖਤਿ ਬੋਲਯੋ। 'ਕਯੋਂ ਮੂਢਹੁ ਤੁਮਰੋ ਚਿਤ ਡੋਲਯੋ। ਨਿਮਕ ਹਰਾਮੀ ਬਨਿਕੈ ਮਰਨਾ। ਖੋਟ ਨਸੀਬ ਕਰਾਯੋ ਕਰਨਾ[੩] ॥ ੩੧ ॥ ਗਮਨ ਘਰੰਨ ਕੌ ਪ੍ਰਥਮ ਉਮੰਗੇ। ਅਬਿ ਤੁਮ ਚਹਯੋ ਲਰਨ ਗੁਰ ਸੰਗੇ। ਕਰਾਮਾਤ ਸਾਹਿਬ ਬਲਵੰਤਾ। ਬਨਹਿ ਸਰਬ ਸ਼ੱਤ੍ਰਨਿ ਕੋ ਹੰਤਾ ॥੩੨॥ ਕਹੇ ਬਚਨ ਜਿਸ, ਬਨਿ ਹੈ ਅਨਬਨ[੪]। ਰਨ ਮਹਿਂ ਰਿਪੁ ਗਨ ਡਾਰੈ ਹਨਿ ਹਨਿ। ਤੁਮ ਗੀਦੀ ਹ੍ਵੈ ਕਰਿ ਮਤਿ ਮੋਟੇ। ਦੋਜ਼ਕ ਹੇਤੁ ਸਹੇਰਯੋ ਖੋਟੇ[੫] ॥ ੩੩ ॥ ਬੈਸ ਪਠਾਨ ਕਲੰਕਤਿ ਕੀਨਾ। ਅਵਗਤਿ ਮਰਹੁ ਅਜਸੁ ਜਗ ਲੀਨਾ'। ਸੁਨਿ ਭੀਖਨ ਖਾਂ ਤਰਜਤਿ ਬੋਲਾ। 'ਧਰ ਤੂਸ਼ਨਿ ਤੂੰ ਬੈਠਿ ਅਡੋਲਾ ॥੩੪॥ ਅਪਰਨਿ ਕੀ ਤੁਝਕੋ ਕਯਾ ਪਰੀ। ਭਲੀ ਕਰੈ ਅਥਵਾ ਕੋ ਬੁਰੀ'। ਉਤ ਸਤਿਗੁਰ ਸ਼੍ਰੀਮੁਖ ਤੇ ਭਾਖੇ। 'ਸੰਗੋਸ਼ਾਹ! ਜਾਹੁ ਲਿਹੁ ਰਾਖੇ ॥੩੫॥ ਕਹਹੁ–ਸਿਪਰ ਭਰਿ ਧਨ ਕੀ ਤਬੈ। ਦੈਹੈਂ ਰਣ ਕਰਿ ਆਵਹਿਂ ਜਬੈ। ਰਣ ਤੇ ਨਹੀਂ ਤ੍ਰਾਸ ਉਪਜਾਵਹੁ। ਫਤੇ ਦਰਬ ਦ੍ਵੈ ਲੈ ਘਰ ਜਾਵਹੁ' ॥ ੩੬ ॥ ਕਹਯੋ ਬਾਕ ਗੁਰ ਕੋ ਨਹਿਂ ਮੋਰਯੋ[੬]। –ਨਹਿ ਕੋ ਚਾਹਤਿ ਤਿਨਹੁਂ ਨਿਹੋਰਯੋ[੭]। ਰਣ ਤੇ ਤ੍ਰਸਤਿ ਜਾਤਿ ਹੈਂ ਭਾਗੇ। ਗੀਦੀ ਭਏ,ਨ ਚਹਿਂ ਮੁਖ ਲਾਗੇ[੮]–॥੩੭॥ ਗਯੋ ਬੈਠਿ, ਤਿਨ ਕੌ ਸਮੁਝਾਏ[੯]। 'ਭੀਖਨ ਖਾਂ! ਤੁਮ

[੧]ਜਿਸ ਫਤੇ ਨੂੰ ਸਾਰੇ ਰਾਜੇ ਚਾਹੁੰਦੇ ਰਹੇ ਪਰ ਕਿਸੇ ਨੇ ਨਾ ਲਈ। [੨]ਹਟ ਆਏ ਅਸਵਾਰ। [੩]ਖੋਟਿਆਂ ਨਸੀਬਾਂ ਨੇ ਤੁਹਾਥੋਂ ਇਹ ਕਰਨੀ ਕਰਾਈ ਹੈ। [੪]ਜਿਸ ਦੇ ਬਚਨ ਕਹਿਣ ਨਾਲ ਅਣਬਣ ਭੀ ਬਣ ਜਾਂਦੀ ਹੈ। [੫]ਦੋਜ਼ਖ ਲਈ ਖੋਟ ਸਹੇੜਿਆ ਹੈ। [੬] ਸੰਗੋ ਨੇ। [੭](ਭਾਵੇਂ) ਪਠਾਣਾਂ ਨੂੰ ਕੋਈ ਮਨਾਉਣਾ ਨਹੀਂ ਸੀ ਚਾਹੁੰਦਾ (ਕਿਉਂਕਿ'")। [੮](ਸਿਖ) ਪਠਾਣਾਂ ਦੇ 'ਮੂੰਹ ਲਗਣਾ ਨਹੀਂ ਸੀ ਚਾਹੁੰਦੇ। [੯]ਸਮਝਾਉਂਦਾ ਹੈ। *ਪਾ:–ਭਏ।

ਕਰੈਂ ਡਰਪਾਇ? ਸਤਿਗੁਰ ਕਹ੍ਯੋ–ਜ਼ਿਪਰ ਭਰਿ ਦੈਹੈਂ। ਰਣ ਕਰਿ ਬਹੁਰ ਸਿਵਰ ਜਬਿ ਐਹੈਂ–॥੨੮॥ਨਹੀਂ ਮਰਦ ਕੌ ਲਾਯਕ ਐਸੇ। ਜੰਗ ਪਰੇ ਤੁਮ ਤਜਾਗਜੋ ਜੈਸੇ। ਅਬਿ ਲੌ ਮਿਹਰ ਕਰਤਿ ਗੁਰ ਪੂਰੇ। ਕਾਰਜ ਸਭਿ ਸੁਧਰਹਿੰ ਬਿਧਿ ਰੂਰੇ' ॥ ੩੯ ॥ ਸੁਨਿ ਭੀਖਨ ਬੋਲਜੋ ਮਤਿ ਮੰਦਾ। 'ਹਮ ਸੋਂ ਭਾਖਤਿ ਡਰਤਿ ਬਿਲੰਦਾ। ਤ੍ਰਾਸ ਕਰਤਿ ਗੁਰ ਭੀ ਇਸਕਾਲਾ। ਦੇਨਿ ਦਰਬ ਕਹਿ ਪਠਤਿ ਬਿਸਾਲਾ ॥੪੦ ॥ ਮਰਿਬੇ ਕੌਨ ਚਹੈ? ਬਤਲਾਵਹੁ। ਬਾਰਬਾਰ ਤੁਮ ਹਮਹਿਂ ਹਟਾਵਹੁ। ਕੋਟ ਜਤਨ ਤੇ ਹਮ ਨਹਿਂ ਰਹੈਂ।ਕਰੈ ਗੁਰ ਫੇਰ ਫੇਰ ਕਰਿ ਕਹੈਂ'॥ ੪੧ ॥ ਸੁਨਿ ਕਰਿ ਸੈਂਗੋਸ਼ਾਹ ਸਿਧਾਰਾ। 'ਮਹਾਰਾਜ ! ਸੋ ਚਹਤਿ ਨਿਕਾਰਾ[1]।ਅਬਿ ਬੋਲਤਿ ਖੋਟੀ ਬਿਧਿਐਸੇ।ਡੇਰਾ ਲੂਟਲੀਜੀਐ ਜੈਸੇ[2]'॥੪੨॥ ਸੁਨਤਿ ਛਿਮਾਨਿਧਿ ਛਿਮਾ ਉਪਾਈ। ਕਹ੍ਯੋ 'ਜਾਨ ਦਿਹੁ, ਕਹੂੰ ਨ ਜਾਈਂ[3]। ਇਨ ਕੇ ਸੀਸ ਚਢੀ ਮ੍ਰਿਤੁ ਆਇ।ਕਿਮਹੁੰ ਨ ਜੀਵਨ ਸਾਕਹਿਂ ਪਾਇ॥੪੩॥ ਅਬਿ ਕਹਿ ਪਠਹੁ–ਮੂਢ ਚਲਿ ਜਾਵਹੁ। ਬਿਲਮਹੁ ਨਹਿ ਦੁੰਦਭਿ ਉਲਟਾ-ਵਹੁ[4]।ਜੇ ਕਰਿ ਚੋਬ ਨਗਾਰੇ ਪਰੈ। ਲੂਟ ਲੇਹਿੰਗੇ,ਲਰਹਿਂ ਤ ਮਰੈਂ[5]–'॥੪੪॥ ਤੀਬ੍ਰ ਹੁਕਮ ਸੁਨਿ ਸੁਭਟ ਸਿਧਾਏ। ਤਤਛਿਨ ਕਹਿ ਦੁੰਦਭਿ ਉਲਟਾਏ। ਸ਼ੀਘ੍ਰ ਚਢਾਇ ਨਿਕਾਸੇ ਬਾਹਰ*।ਚਲੇ ਤ੍ਰਾਸ ਜਿਮ ਪਿਖਿ ਮ੍ਰਿਗ ਨਾਹਰ[6]॥੪੫॥ ਆਪਸ ਮਹਿਂ ਬੋਲਤਿ ਬਿਗਸੰਤੇ।'ਸੁਨੋ ਖਾਨਜ਼ਾਦੇ ਬਲਵੰਤੇ ! ਬ੍ਰਿੰਦ ਰਜਤ-ਪਣ ਗਨ ਦੀਨਾਰਾ। ਮੁਕਤਾ ਹੀਰਾ ਆਦਿ ਉਦਾਰਾ॥੪੬॥ਲੂਟ ਕਰਹੁ ਚਿਤ ਭਾਵਤ ਗੁਰ ਕੀ[7]। ਪੂਰਵਹੁ ਸਕਲ ਭਾਵਨਾ ਉਰ ਕੀ। ਧਨੀ ਅਧਿਕ ਬਨਿ ਸਦਨ ਸਿਧਾਰਹੁ। ਮਨ ਭਾਵਤਿ ਭੋਗਹੁ ਸੁਖ ਧਾਰਹੁ ॥੪੭॥ ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਪਠਾਨਨ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

੨੨. [ਬੁੱਧੂ ਸ਼ਾਹ ਨੂੰ ਖ਼ਬਰ । ਕਾਲੇ ਖਾਂ]।

ਦੋਹਰਾ ॥ ਨਿਕਸਿ ਗਏ ਜਬਿ ਖਾਨ ਇਮ ਸਤਿਗੁਰ ਖ਼ਤ ਲਿਖਵਾਇ। ਬੁਧੂ-ਸ਼ਾਹਿ ਸਮੀਪ ਤਬਿ ਤੂਰਨ ਦਯੋ ਪਠਾਇ ॥ ੧ ॥ ਚੌਪਈ ॥ ਉਪਾਲੰਭ ਬਹੁ ਤਿਸੈ ਪਠਾਏ। 'ਨੌਕਰ ਜੋ ਪਠਾਨ ਰਖਵਾਏ। ਪਾਵਤਿ ਰਹੇ ਰੋਜ਼ ਦਰਮਾਹਾ। ਧਨ ਗਨ ਲੀਨੰਸਿ ਅਪਨੇ ਪਾਹਾ ॥ ੨ ॥ ਅਬਹਿ ਜੰਗ ਕੋ ਕਾਰਜ ਪਰਜੋ।

[1]ਉਹ ਕੱਢ ਦੇਣੇ ਚਾਹੀਦੇ ਹਨ। [2]ਜਿਵੇਂ (ਉਹ ਬੋਲਦੇ ਹਨ ਉਨ੍ਹਾਂ ਦਾ) ਡੇਰਾ ਲੁੱਟ ਲੈਣਾ ਚਾਹੀਦਾ ਹੈ। [3](ਪਰ) ਕਿਤੇ ਨਹੀਂ ਜਾਣ ਲੱਗੇ। [4]ਨਗਾਰੇ ਮੂਧੇ ਮਾਰਕੇ (ਜਾਓ)। [5]ਲੜਨਗੇ ਤਾਂ ਮਾਰ ਦਿਆਂਗੇ। [6]ਸ਼ੇਰ ਨੂੰ ਦੇਖਕੇ ਹਰਨ। [7]ਮਨ ਭਾਂਵਦੀ ਗੁਰਾਂ ਦੀ ਲੁੱਟ ਕਰੋ।

*ਅਜ ਕਲ ਜੇ ਰਣ ਮਚੇ ਤੇ ਕੋਈ ਪਿਠ ਦੇਵੇ ਤਾਂ ਛੁਟੀ ਨਹੀਂ ਪਰ ਕਰੜੇ ਦੰਡ ਦੇਂਦੇ ਹਨ।

ਦੇਖਿ ਗੀਦੀਅਨ ਕੋ ਮਨ ਡਰਯੋ। ਲਖਿ ਰਾਜਨ ਕੀ ਸੈਨ ਘਨੇਰੀ। ਬਨਿ ਕਾਤੁਰ ਚਢਿਗੇ ਤਿਸ ਬੇਰੀ ॥੩॥ ਜਾਇ ਗਿਰੇਸ਼ਨ ਸਾਥ ਮਿਲੇ ਹੈਂ। ਅਸ ਨੌਕਰ ਰਖਵਾਇ ਭਲੇ ਹੈਂ। ਭਏ ਮੂਢਮਤਿ ਨਿਮਕਹਰਾਮੀ। ਨਹੀਂ ਕਾਮ ਆਏ ਨਿਜ ਸ੍ਵਾਮੀ[1]॥੪॥ ਬੁੱਧੂਸ਼ਾਹਿ ਪੜ੍ਹਯੋ ਖਤ ਜਬੈ। ਧੁਨਯੋ ਸੀਸ ਜੁਤਿ ਚਿੰਤਾ ਤਬੈ।–ਮੁਝ ਕੋ ਬੀਚ ਦੀਨਿ ਮਤਿ ਮੂਢੇ*। ਰਣ ਤੇ ਡਰ ਕਰਿ ਗਏ ਅਰੂਢੇ॥ ੫ ॥ ਉਪਾਲੰਭ ਸਤਿਗੁਰ ਕਹਿ ਸਾਚੋ। ਜਿਸ ਤੇ ਪਰਯੋ ਤਿਨਹੁੰ ਸੰਗ ਕਾਚੋ[2]। ਅਬਿ ਪੁਰਸ਼ਾਰਥ ਮੈਂ ਨਿਜ ਕਰੌਂ। ਤਨ ਮਨ ਦੈ ਗੁਰ ਕਾਰਜ ਕਰੌਂ–॥੬॥ ਚਹਤਿ ਪ੍ਰਭੂ ਢਿਗ ਅਪਨਿ ਰਸੀਦ[3]। ਕਰੇ ਸਕੇਲਨਿ ਸਕਲ ਮੁਰੀਦ। ਭਏ ਸਾਤ ਸੈ ਗਿਨਤੀ ਮਾਂਹਿ। ਰਣ ਕਰਿਬੇ ਕੀ ਧਰਤਿ ਉਮਾਹਿ ॥੭॥ ਚਾਰ ਪੁੱਤ੍ਰ ਅਪਨੇ ਸੰਗ ਲੀਨੇ। ਸਵਧਾਨ ਸ਼ਸਤ੍ਰਨਿ ਜੁਤਿ ਕੀਨੇ। ਸ਼ਹਿਰ ਸਢੌਰੇ ਤੇ ਚਲਿ ਪਰਯੋ। ਪ੍ਰੇਮ ਗੁਰੂ ਦਰਸ਼ਨ ਕੋ ਧਰਯੋ ॥੮॥ ਪਰਯੋ ਪੰਥ ਮਹਿਂ ਘਾਲਯੋ ਡੇਰਾ। ਦੇ ਉਤਸਾਹ ਮੁਰੀਦਨਿ ਹੇਰਾ। ਇਤ ਪਠਾਨ ਤੀਨਹੁੰ ਸਿਰਦਾਰ। ਚਢਿ ਕਰਿ ਗਏ ਬਿਲੰਦ ਗਵਾਰ ॥ ੯ ॥ ਕਾਲੇ ਖਾਂ ਨਿਜ ਬਲ ਟਿਕ ਰਹਯੋ।–ਨਿਮਕ ਹਲਾਲ ਬਨੌਂ–ਚਿਤ ਚਹਯੋ। ਪ੍ਰਭੁ ਢਿਗ ਸੁਧਿ ਪਹੁੰਚੀ ਤਿਸਕਾਲ। 'ਗਏ ਖਾਨ ਧਰਿ ਤ੍ਰਾਸ ਬਿਸਾਲ ॥੧੦॥ ਤ੍ਰੈ[4] ਸਿਰਦਾਰ ਬਿਮੁਖ ਹੁਇ ਭਾਗੇ। ਇਕ ਬੈਠਯੋ ਨਹਿਂ ਧੀਰਜ ਤਯਾਗੇ। ਜ਼ੀਨ ਤੁਰੰਗਨ ਪਰ ਨਹਿਂ ਡਾਲੇ। ਚਢਨਿ ਹੇਤ ਨਹਿਂ ਸ਼ਸਤ੍ਰ ਸੰਭਾਲੇ' ॥੧੧॥ ਸੁਨਿ ਕਲਗ਼ੀਧਰ ਦਾਸ ਪਠਾਯੋ।'ਬੂਝਹੁ–ਤੂੰ ਕਯੋਂ ਨਹੀਂ ਪਲਾਯੋ ? ਨਿਜ ਸੰਗਨਿ ਤੇ ਹੋਇ ਬਿਹੀਨ।ਬੈਠਿ ਰਹਯੋ ਕਯਾ ਮਨ ਮਹਿਂ ਚੀਨਿ?–'॥੧੨॥ ਜਾਇ ਸਿਖ ਨੇ ਬੂਝਨਿ ਕਰਯੋ। ਕਾਲੇਖਾਂ ਬਿਰਤੰਤ ਉਚਰਯੋ। 'ਮੈਂ ਨਹਿਂ ਬਨਿ ਹੌਂ ਨਿਮਕ ਹਰਾਮੀ। ਆਵਹੁਂ ਨਿਜ ਸ੍ਵਾਮੀ ਕੇ ਕਾਮੀ[5]॥੧੩॥ ਸੌ ਅਸਵਾਰ ਸੰਗ ਹੈਂ ਮੇਰੇ। ਪਰੇ ਜੰਗ ਦੈਂ ਪ੍ਰਾਨ ਅਗੇਰੇ। ਲਰਿ ਕਰਿ ਮਰਿ ਕਰਿ ਭਿਸਤ ਸਿਧਾਵੈਂ। ਜੀਵਤਿ ਜੈ ਗੁਰ ਤੇ ਧਨ ਪਾਵੈਂ ॥ ੧੪॥ ਪ੍ਰਭੁ ਕੌ ਕਰਿ ਹੈਂ ਨਿਮਕ ਹਲਾਲ। ਦੀਨ ਦੁਨੀ ਸੁਧਰਾਇ ਬਿਸਾਲ'। ਸੁਨਿ ਕਰਿ ਗਯੋ ਕਹੀ ਸਭਿ ਬਾਤ। ਬੋਲਯੋ ਨੰਦ ਚੰਦ ਬੱਖਯਾਤ॥੧੫॥'ਅਬਿ ਬਿਸ੍ਵਾਸ

---

[1]ਆਪਣੇ ਸ੍ਵਾਮੀ ਦੇ। [2]ਮੈਂ ਜਿਨ੍ਹਾਂ ਅੱਗੇ ਕੱਚਾ (ਵਿੱਕਾ) ਪਿਆ ਹਾਂ। [3]ਪਹੁੰਚਣਾ ਚਾਹੁੰਦਾ ਹੈ। [4]ਤਿੰਨ। [5]ਆਪਣੇ ਸ੍ਵਾਮੀ ਦੇ ਕੰਮ ਆਵਾਂਗਾ। *ਪਾਃ–ਮੁਝ ਕੋ ਦੇ ਸ਼ਰਮਿੰਦਤ ਮੂਢੇ।

ਤੁਰਕਨਿ ਕੋ ਨਾਂਹੀ। ਕਰਹਿਂ ਦਗਾ ਰਹਿ ਕਰ ਹਮ ਪਾਹੀ॥ਪ੍ਰਭੁ ਜੀ ਕਿਸੂ ਨ ਰਾਖਨ ਕਰੀਅਹਿ। ਤਿਨ ਕੋ ਹੀ ਇਹ ਭ੍ਰਾਤ ਬਿਚਰੀਅਹਿ' ॥ ੧੬ ॥ ਤਬਿ ਸਤਿਗੁਰ ਸਿੱਖ ਕੌ ਸਮੁਝਾਯੋ।ਹੇਤੁ ਚਢਾਵਨਿ ਤੁਰਤ ਪਠਾਯੋ।ਜਾਇ ਤੁਰਤ ਤਿਹ ਸਾਥ ਬਖਾਨੀ। 'ਸੁਨੋ ਖਾਨ! ਭਾਖੀ ਗੁਰ ਬਾਨੀ ॥ ੧੭ ॥ ਜਥਾ ਕੂੰਜ ਬਿਛਰਹਿ ਨਿਜ ਡਾਰ।ਬਿਲਪਤਿ ਹੈ ਅਨੰਦ ਕੋ ਡਾਰਿ। ਰਹਤਿ ਰਹਿਤ ਜਬਿ ਕਬਿ ਤਹਿਂ ਮਿਲੈ[1]।ਬਿਨਾ ਮਿਲੇ ਨਹਿਂ ਭਾਵਤਿ ਭਲੇ[2]॥੧੮॥ ਤਿਮ ਹੀ ਅਪਨੀ ਦਸ਼ਾ ਨਿਹਾਰਹੁ। ਤੂਰਨ ਮਿਲਿਬੇ ਹੇਤੁ ਸਿਧਾਰਹੁ। ਨਿਕਟ ਨ ਤੁਮ ਕੌ ਰਾਖਹਿਂ ਅਬੈ। ਪਰੇ ਕਾਮ ਤੇ ਗੀਦੀ ਸਬੈ॥੧੯॥ਹਾਨ ਲਾਭ ਨਿਜ ਸੰਗਨਿ ਸੰਗ॥ਕਰੋਂ ਅਬਿ ਬੈਠੇ ਜਾਹੁ ਨਿਸ਼ੰਗ'।ਸੁਨਿ ਕਾਲੇਖਾਂ ਬਹੁਰ ਬਖਾਨਾ। 'ਗੁਰ ਕੋ ਲਵਨ ਖਾਨ ਕਰਿ ਖਾਨਾ[3] ॥ ੨੦ ॥ ਪਰੇ ਜੰਗ ਕੇ ਜਾਉਂ ਨ ਕੈਸੇ। ਮੈਂ ਨ ਬਨਹੁਂ ਤਿਨਹੂੰ ਖਲ ਜੈਸੇ।ਦੇਹਿਂ ਨ ਦੇਹਿਂ ਗੁਰੂ ਧਨ ਆਗੇ। ਪਾਯੋ ਪ੍ਰਥਮ ਸਿਮਰ ਨਹਿਂ ਭਾਗੇ[4]' ॥੨੧॥ ਇਮ ਕਹਿ ਰਹਨੋ ਸਥਿਰ ਤਹਿਂ ਹੋਇ। ਸੁਨੀ ਬਾਰਤਾ ਸਤਿਗੁਰ ਸੋਇ। ਹੁਇ ਪ੍ਰਸੰਨ ਤਿਹ ਨਿਕਟ ਹਕਾਰਾ। 'ਸਾਧ ਸਾਧ' ਕਹਿ ਬਹੁ ਸਤਿਕਾਰਾ ॥੨੨ ॥ ਕੰਚਨ ਕੇ ਕੰਕਨ ਤਿਸ ਕਾਲਾ। ਕਰੇ ਦੇਨਿ ਇਕ ਸੰਗ ਦੁਸ਼ਾਲਾ। ਕਹ੍ਯੋ ਬਹੁਰ 'ਸੁਨਿ ਬੀਰ ਪਠਾਨ! ਤੋ ਪਰ ਅਹੈਂ ਪ੍ਰਸੰਨ ਮਹਾਨ॥੨੩॥ਨਿਮਕ ਹਲਾਲ ਭਯੋ ਅਬਿ ਤੇਰ।ਜਿਸ ਤੇ ਚਾਹ੍ਯੋ ਜੰਗ ਬਡੇਰ।ਹਮ ਨੇ ਰੁਖ਼ਸਦ ਕੀਨਸਿ ਤੋਹੀ। ਯਾਂਤੇ ਨਹੀਂ ਦੋਸ਼ ਕੋ ਹੋਹੀ' ॥ ੨੪ ॥ ਕਰ ਬੰਦੇ ਕਾਲੇਖਾਂ ਕਹੇ। 'ਆਇਸੁ ਤੁਮ ਅਮੋਰ ਨਿਤ ਅਹੇ[5]।ਤਊ ਨ ਤਿਨ ਕੇ ਮਿਲਿਹੌਂ ਸੰਗ॥ਕਹਾਂ ਕਰੌਂ ਮੈਂ ਤੁਮ ਸੋਂ ਜੰਗ[6]' ॥੨੫॥ ਇਮ ਕਹਿ ਬੰਦਨ ਕਰਿ ਤਿਹ ਕਾਲਾ। ਕਾਲੇਖਾਨ ਵਹਿਰ ਕੌ ਚਾਲਾ। ਨਹਿੰਨ ਗਿਰਿੰਦਨਿ ਸਮੁਖ ਸਿਧਾਰ।ਅਪਰ ਥਾਨ ਡੇਰਾ ਕਿਤ ਡਾਰ॥੨੬॥ਅਬਿ ਸੁਨੀਏਂ ਜੋ ਗਏ ਪਠਾਨ। ਫਤੇਸ਼ਾਹ ਉਤਰਯੋ ਜਿਸ ਥਾਨ। ਕੇਤਿਕ ਦੂਰ ਸਿਵਰ ਕਹੁ ਘਾਲਾ। ਹਯ ਲਗਾਇ

---

[1]ਰਹਿੰਦਿਆਂ ਰਹਿੰਦਿਆਂ ਜਦੋਂ ਕਦੋਂ (ਆਪਣੀ ਡਾਰ ਨਾਲ) ਜਾ ਮਿਲਦੀ ਹੈ। [2]ਨਾ ਮਿਲਨਾ ਉਸ ਨੂੰ ਚੰਗਾ ਨਹੀਂ ਲਗਦਾ। [3]ਗੁਰੂ ਜੀ ਦੇ ਘਰ ਦਾ ਲੂਣ ਖਾਧਾ ਹੈ ਮੈਂ। [4]ਜਿਹੜਾ ਪਹਿਲੋਂ ਪਾਇਆ ਹੈ ਉਸ ਨੂੰ ਹੀ ਯਾਦ ਕਰਕੇ ਭੱਜਾਂਗੇ ਨਹੀਂ। [5]ਭਾਵ ਮੋੜਨੀ ਨਹੀਂ ਚਾਹੀਦੀ। [6](ਉਨ੍ਹਾਂ ਨਾਲ ਮਿਲਕੇ) ਭਲਾ ਆਪ ਜੀ ਨਾਲ ਮੈਂ ਜੰਗ ਕਰਾਂਗਾ ? ਭਾਵ ਨਹੀਂ ਕਰਾਂਗਾ।

ਮਿਲਿ ਇਕ ਬਲ ਜਾਲਾ ॥ ੨੭॥ ਸ਼ਸਤ੍ਰਨ ਸਹਿਤ ਸਭਾ ਕੌ ਗਏ। ਗੁਰ ਦ੍ਰੋਹੀ ਜਹਿਂ ਇਕਠੇ ਭਏ। ਫਤੇਸ਼ਾਹਿ ਥਿਤ ਸਭਾ ਮਝਾਰੀ।ਜੋ ਸਭਿ ਬਿਧਿ ਠਾਨਤਿ ਰਣ ਤਯਾਰੀ ॥ ੨੮ ॥ ਕਈ ਹਜ਼ਾਰ ਪਹਾਰੀ ਬੀਰ। ਧਰੇ ਤੁਪਕ ਤੋਮਰ ਅਸਿ ਤੀਰ। ਝੁਕਿ ਸਲਾਮ ਕਰਿ ਥਿਰੇ ਅਗਾਰੀ। ਸਾਦਰ ਭੂਪਤਿ ਗਿਰਾ ਉਚਾਰੀ ॥ ੨੯ ॥ ਸਭਿ ਬੈਠਾਵਨਿ ਕਰੇ ਸਮੀਪ। ਹਰਖਤਿ ਬੂਝਨਿ ਲਗ੍ਯੋ ਮਹੀਪ। 'ਗੁਰ ਕੈਨੇ ਕੇਤਿਕ ਦਲ ਰਹ੍ਯੋ। ਤੁਮ ਨੇ ਭੇਤ ਕਹਹੁ ਕਿਮ ਲਹ੍ਯੋ ? ॥ ੩੦ ॥ ਲਰਹਿ ਕਿ ਨਹਿਂ ਚਢਿ ਮੋਰ ਅਗਾਰੀ ? ਤੁਮਰੇ ਉਠੇ ਹੋਇ ਧ੍ਰਿਤ ਹਾਰੀ[1]। ਕੇਤਿਕ ਸੁਭਟ ਲਰਨਿ ਕੌ ਗਾਢੇ। ਰਣ ਕੇ ਪਰੇ ਰਹੈਂ ਤਹਿਂ ਠਾਢੇ॥੩੧॥ਗੁਰ ਕੋ ਭੀ ਉਤਸਾਹੁ ਨਿਹਾਰਾ। ਜਬਿ ਉਠਿ ਆਵਨਿ ਭਯੋ ਤੁਮਾਰਾ'। ਭੀਖਨ ਖਾਨ ਤਨਕ ਮੁਸਕਾਵਤਿ। ਗੁਰ ਘਰ ਕੋ ਸਭਿ ਭੇਦ ਬਤਾਵਤਿ ॥ ੩੨ ॥ 'ਗੁਰ ਘਰ ਅਪਰ ਸੈਨ ਹੈ ਕਹਾਂ। ਪਿਖਿ ਖਾਨਨ ਢਿਗ, ਲਰਿਬੇ ਚਹਾ[2]। ਸੋ ਹਮ ਸਭਿ ਹੀ ਉਠਿ ਚਲਿ ਆਏ।ਹਿਤ ਰਾਖਨ ਕੇ ਬਹੁਤ ਅਲਾਏ ॥੩੩॥ ਅਧਿਕ ਪੰਚ ਗੁਨ ਧਨ ਦੇ ਰਹੇ। ਬਹੁਰ ਸਿਪਰ ਭਰ ਓਰਕ[3] ਕਹੇ। ਤੁਮ ਤੇ ਤ੍ਰਸਤਿ ਬਿਸਾਲ ਬਖਾਨੀ[4]।ਤਊ ਹਮਹੁ ਨੇ ਏਕ ਨ ਮਾਨੀ ॥੩੪॥ ਬਾਕੀ ਦਲ ਖ਼ੁਦਾਇ ਕੋ ਨਾਊ[5]। ਮਿਲੇ ਗਵਾਰ ਲੋਕ ਸਮੁਦਾਊ। ਹਸਿਬੇ ਜੋਗ ਜਾਤਿ ਤਿਨ ਕੇਰੀ।ਮੋ ਤੇ ਸੁਨੋ ਕਹੌਂ ਇਸ ਬੇਰੀ ॥ ੩੫ ॥ ਘਨੇ ਜਾਤਿ ਹੈਂ ਅਧਿਕ ਗਵਾਰ। ਨਾਈ, ਬਾਮਨ, ਸੂਦ, ਸੁਨਾਰ। ਬਨੀਏ, ਰੋੜੇ, ਜਾਟ,ਲੁਹਾਰ। ਝੀਵਰ ਜਾਤਿ,ਕਲਾਲ, ਕੁਮ੍ਹਾਰ[6] ॥੩੬॥ ਖਾਤੀ[7], ਛੀਂਬੇ, ਔਰ ਲੁਬਾਣੇ। ਛੱਤੀਸ ਜਾਤਿ ਸਨਾਤ ਪਛਾਣੇ[8]। ਅਪਰ ਕਹਾਂ ਲਗਿ ਕਰੌਂ ਉਚਾਰ। ਹੈਂ ਹਲਾਲ ਖੁਰ ਨੀਚ ਚਮਾਰ[9]॥੩੭॥ ਪਕਰੀ ਜਾਇਂ ਨ ਕਰ ਤਰਵਾਰੈਂ। ਨਹਿਂ ਜਾਨਹਿਂ ਕਿਮ ਤੋਮਰ ਧਾਰੈਂ[10]। ਤੀਰ ਤੁਫੰਗ ਪ੍ਰਹਾਰਨਿ ਜੋਇ।ਇਹ ਬਿੱਦ੍ਯਾ ਤਿਨ ਕੇ ਕਿਮ ਹੋਇ[11]॥੩੮॥

[1]ਹੌਸਲਾ ਹਾਰ ਬੈਠਾ ਹੋਵੇਗਾ (ਗੁਰੂ ਦਾ ਦਲ)। [2]ਪਠਾਣਾਂ ਨੂੰ ਪਾਸ ਦੇਖਕੇ ਲੜਨਾ ਚਾਹੁੰਦੇ ਸਨ (ਤੁਹਾਡੇ ਨਾਲ)। [3]ਓੜਕ ਨੂੰ। [4]ਬੜਾ ਸਾਨੂੰ ਕਹਿਆ। [5]ਰਬ ਦਾ ਨਾਉਂ ਹੈ, ਬਦਕਿਸਮਤੀ ਨਾਲ ਇਸ ਫਿਕਰੇ ਦਾ ਅਰਥ 'ਕੁਛ ਨਹੀਂ' ਹੋ ਗਿਆ ਹੈ; ਅਸਲ ਮੁਰਾਦ ਇਹ ਹੈਸੀ ਕਿ ਰੂਪ ਧਾਰੀ ਵਸਤੂ ਕੋਈ ਨਹੀਂ ਅਰੂਪ ਵਸਤੂ ਰੱਬ ਦਾ ਨਾਉਂ ਉਥੇ ਹੈ। [6]ਘੁਮਿਆਰ। [7]ਤਰਖਾਣ। [8]ਛਤੀਸ ਨੀਚ ਜਾਤੀਆਂ। [9]ਚੂਹੜੇ ਤੇ ਚਮਾਰ ਨੀਚ ਲੋਗ। [10]ਨਹੀਂ ਜਾਣਦੇ ਕਿ ਕਿਵੇਂ ਤੋਮਰ ਫੜੀਦਾ ਹੈ। [11]ਇਹ ਵਿਦ੍ਯਾ ਉਹਨਾਂ ਪਾਸ ਕਿਵੇਂ ਹੋ ਸਕਦੀ ਹੈ ? ਭਾਵ ਨਹੀਂ ਹੈ।

ਜੋਧਾ ਆਪ ਗੁਰੂ ਇਕ ਭਾਰੀ। ਸੋ ਠਹਿਰੈਗੋ ਸਭਿਨਿ ਅਗਾਰੀ। ਇਕ ਕ੍ਰਿਪਾਲ ਮਾਤੁਲ ਤਿਨ ਕੇਰਾ। ਕਰਨਿ ਜੰਗ ਕੌ ਬੀਰ ਬਡੇਰਾ॥੩੯॥ ਪੰਚ ਭਾਣਜੇ ਸੋ ਬਲਵੰਤੇ। ਸ਼ਸਤ੍ਰਨਿ ਕੀ ਬਿੱਦ੍ਯਾ ਮਤਿਵੰਤੇ।ਨੰਦਚੰਦ ਹੈ ਏਕ ਦਿਵਾਨ। ਸੋ ਭੀ ਰਾਖੈ ਲਰਿਬੇ ਮਾਨ[1]॥੪੦॥ਦਯਾਰਾਮ ਪ੍ਰੋਹਤ ਦਿਜ ਸੋਈ। ਅਪਰ ਨ ਬੀਰ ਬਿਲੋਕਯੋ ਕੋਈ। ਘਨੇ ਫਕੀਰ ਨ ਰਨ ਕੋ ਆਵਹਿ[2]। ਬੈਠੇ ਨਿਤ ਕਰਾਹਿ ਕੋ ਖਾਵਹਿਂ ॥ ੪੧ ॥ ਇਹ ਸੈਨਾ ਸੰਗੀ ਲਿਹੁ ਜਾਨ। ਜੋ ਮੈਂ ਤੁਮ ਸੋਂ ਕੀਨਿ ਬਖਾਨ।ਤੁਮ ਅਰੁ ਤੁਮਰੋ ਦਲ ਕਿਤ ਰਹੋ। ਹਮ ਹੀ ਘਨੇ ਹਤਨਿ ਕੋ ਲਹੋ ॥੪੨॥ ਫਤੇ ਖ਼ੁਦਾਇ ਸੁਗਮ ਤੁਝ ਦਈ। ਭੀਮਚੰਦ ਨਹਿਂ ਪ੍ਰਾਪਤਿ ਭਈ। ਜੇਕਰਿ ਦੇਖਹੁ ਗੁਰੂ ਖਜ਼ਾਨਾ। ਦੇਸ਼ਾਂਤਰ ਕੀ ਵਸਤੂ ਨਾਨਾ ॥੪੩॥ ਜੋ ਸ਼ਾਹਨਿ ਕੋ ਪ੍ਰਾਪਤਿ ਨਾਂਹੀ। ਅਪਰ ਕਹਾਂ ਨਰ ਪਾਵਤਿ ਤਾਂਹੀ। ਧਰੇ ਰਜਤਪਣ ਅਨਗਨ ਜਹਾਂ। ਦੀਰਘ ਦੀਨਾਰਨਿ ਗਨ ਚਹਾ[3] ॥ ੪੪ ॥ ਬਸਤ੍ਰ ਬਿਭੂਖਨ ਕਯਾ ਗਿਨ ਕਹੋਂ। ਲਾਖਹੁੰ ਧਨ ਕੀ ਕੀਮਤਿ ਲਹੋਂ[4]। ਸੋ ਸਭਿ ਲੂਟਹੁ ਭਰੇ ਖਜ਼ਾਨੇ। ਜਰੇ ਜਵਾਹਰ ਅਜਬ ਮਹਾਨੇ ॥ ੪੫ ॥ ਤੁਮ ਤੇ ਹਮ ਨ ਚਾਕਰੀ ਲੈਹੈਂ। ਲੂਟ ਆਪਣੀ ਕਿਸੂ ਨ ਦੈਹੈਂ। ਕਰਿ ਕੈ ਮਾਰਨ ਮਰਨ ਮਹਾਨਾ। ਲੈਹੈਂ ਗੁਰ ਕੋ ਲੂਟ ਖਜ਼ਾਨਾ ॥ ੪੬ ॥ ਪੁੱਤ੍ਰ ਪੌਤਰੇ ਤਕ ਰੁਜ਼ਗਾਰਾ। ਜਾਨਿ[5] ਗੁਰੂ ਸੰਗ ਕੀਨਿ ਬਿਗਾਰਾ। ਤੁਮ ਲੇ ਫਤੇ, ਦਰਬ ਲੇਂ ਹਮ ਹੀਂ।ਲਰਨ ਬਿਖੈ ਆਇ ਇਮ ਸਮ ਹੀਂ[6]॥੪੭॥ਫਤੇ ਸ਼ਾਹ ਸੁਨਿ ਅਤਿ ਹਰਖਾਯੋ। ਮਨਹੁ ਗੁਰੂ ਕੋ ਜੈ ਕਰਿ ਆਯੋ।ਲਰਿਬੇ ਹੇਤੁ ਮਹਾਂ ਉਤਸਾਹਾ। ਭੀਖਨ ਖਾਨ ਰਾਖਿ ਨਿਜ ਪਾਹਾ[7] ॥ ੪੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਖਾਨਨ ਪ੍ਰਸੰਗ' ਬਰਨਨੰ ਨਾਮ ਦ੍ਵੈਬਿੰਸਤੀ ਅੰਸੂ ॥ ੨੨ ॥

੨੩. [ਉਦਾਸੀਆਂ ਦਾ ਖਿਸਕਣਾਂ]।

ਦੋਹਰਾ ॥ ਸਤਿਗੁਰ ਕੇ ਭਟ ਕਛ ਹੁਤੇ ਜਹਿਂ ਭੰਗਾਣੀ ਥਾਨ। ਫਤੇਸ਼ਾਹ ਆਗਮਨ ਕੋ ਸੁਨਿ ਕਰਿਕੈ ਨਿਜ ਕਾਨ॥੧॥ਚੌਪਈ॥ਸੁਧਿ ਭੇਜੀ ਸਤਿਗੁਰ ਕੇ ਤੀਰ। 'ਆਯੋ ਨ੍ਰਿਪ ਲੈ ਅਨਗਨ ਬੀਰ। ਉਰ ਅਹੰਕਾਰ ਅਧਿਕ ਜਿਨ ਧਰਯੋ। ਭੋਰਿ ਹੋਤਿ ਹੀ ਚਾਹਤਿ ਲਰਯੋ ॥ ੨ ॥ ਆਪ ਕਰੋ ਤਯਾਰੀ

[1]ਲੜਨੇ ਦਾ ਮਾਣ ਰਖਦਾ ਹੈ। [2](ਜਿਨ੍ਹਾਂ) ਨੂੰ ਜੰਗ ਕਰਨਾ ਆਂਵਦਾ ਹੀ ਨਹੀਂ। (ਅ) ਜੰਗ ਵਿਚ ਨਹੀਂ ਆਉਣਗੇ। [3]ਦੇਖਣੇ ਵਿਚ ਆਉਂਦੇ ਹਨ। [4]ਜਾਣੋਂ। [5]ਜਾਣਕੇ ਹੀ। [6]ਇਕੋ ਜਿਹੇ ਹੋਕੇ। [7]...... ਨੂੰ ਆਪਣੇ ਪਾਸ ਰਖਿਆ।

ਸਭਿ ਰੀਤਿ।ਆਵਹੁ ਲੇਹੁ ਤੁਰਤ ਰਿਪੁ ਜੀਤ*।ਇਸ ਮਹਿਂ ਦੇਰ ਨ ਜਾਨਹੁ ਕੋਈ। ਨਿਸ਼ਚੇ ਪ੍ਰਾਤਿ[1] ਮਹਾਂ ਰਣ ਹੋਈ'॥ ੩ ॥ ਆਇ ਪਾਂਵਟੇ ਸਤਿਗੁਰ ਪਾਸ। ਸਕਲ ਵਾਰਤਾ ਕੀਨਿ ਪ੍ਰਕਾਸ਼। ਸੁਨਿ ਸਭਿ ਰੀਤਿ ਕੀਨਿ ਰਣ ਤਯਾਰੀ। ਇਕ ਸਿਖ ਢਿਗ ਪਿਖਿ ਗਿਰਾ ਉਚਾਰੀ[2] ॥੪॥ ਸਾਧ ਉਦਾਸੀ ਜੇ ਸਮੁਦਾਇ। ਸਭਿ ਕੇ ਸੰਗ ਕਹੋ ਅਬਿ ਜਾਇ।–ਸਿਰਪਰ ਬਾਂਧਿ ਲੇਹੁ ਦਸਤਾਰ। ਕਰਿ ਉਤਸਾਹ ਸ਼ਸਤ੍ਰ ਲਿਹੁ ਧਾਰਿ॥੫॥ ਸਮੈਂ ਜੁੱਧ ਕੋ ਅਬਿ ਬਿਦਤਾਯੋ। ਭੋਗ ਮੋਖ ਦੋਨਹੁਂ ਕੋ ਪਾਯੋ[3]। ਜਿਮ ਜਿਮ ਕੋ ਪੁਰਸ਼ਾਰਥ ਧਰੈ। ਵਧ ਵਧ ਅੱਗ੍ਰ ਰਿਪੁਨ† ਬਧ[4] ਕਰੈ ॥ ੬ ॥ ਤਿਮ ਤਿਮ ਦੀਰਘ ਪ੍ਰਾਪਤਿ ਰਾਜੂ। ਗਨ ਗਜ ਬਾਜੀ ਸਹਿਤ ਸਮਾਜੂ[5]।ਲਘੁ ਕੋ ਕਰੈ ਪਾਇ ਲਘੁ ਸੋਈ[6]। ਮਮ ਸਿੱਖਨ ਛਿਤ[7] ਰਾਜ ਸੁ ਹੋਈ ॥ ੭ ॥ ਜੋ ਨਿਸ਼ਕਾਮ ਮਰਹਿ ਰਣ ਮਾਂਹੀ। ਤਿਸ ਕੋਂ ਜਗਤ ਫੇਰ ਫਿਰ ਨਾਂਹੀ[8]। ਦੀਨ ਦੁਨੀ ਨਹਿਂ ਬਨੌਂ ਸਹਾਇ। ਬਖਸ਼ੌਂ ਭੋਗ ਮੋਖ ਇਸ ਭਾਇ–'॥੯॥ ਸੁਨਿ ਕਰਿ ਗਯੋ ਉਦਾਸਨਿ ਪਾਸੀ।

---

[1]ਸਵੇਰੇ। [2](ਗੁਰੂ ਜੀ ਨੇ) ਆਗਯਾ ਕੀਤੀ।[3]ਪਾਓ। [4]ਨਾਸ਼। [5]ਸਮੂਹ ਹਾਥੀ ਘੋੜੇ ਸਹਿਤ ਸਮਾਜ (ਮਿਲੇਗਾ)। [6]ਜੇ ਕੋਈ ਥੋੜਾ (ਪੁਰਸ਼ਾਰਥ) ਕਰੇਗਾ ਉਹ ਥੋੜਾ ਹੀ (ਫਲ) ਪਾ ਲਵੇਗਾ। [7]ਧਰਤੀ ਤੇ। [8]ਜਗਤ ਵਿੱਚ ਮੁੜ ਫੇਰਾ ਨਹੀਂ ਪਵੇਗਾ।

*ਭੰਗਾਣੀ ਵਲ ਜਦ ਡੇਹਰੇ ਵੱਲੋਂ ਦਰਿਆ ਪਾਰ ਕਰਕੇ ਆਓ ਤਾਂ ਇਕ ਲੰਮਾ ਮੈਦਾਨ ਹੈ ਦਰਿਆ ਦੇ ਕੰਢੇ ਕੰਢੇ,ਜੋ ਚੌੜਾ ਬਹੁਤ ਨਹੀਂ ਪਰ ਕਾਫੀ ਹੈ। ਇਹ ਮੈਦਾਨ ਚੌੜੇ ਦਾਓਂ ਜਿੱਥੇ ਮੁਕਦਾ ਹੈ ਅੱਗੇ ਕੁਛ ਉਚਾਈ ਉਤੇ ਫੇਰ ਪੱਧਰੀ ਧਰਤੀ ਦਾ ਮੈਦਾਨ ਹੈ,ਸਤਿਗੁਰਾਂ ਨੇ ਇਸ ਉੱਚੇ ਮੈਦਾਨ ਤੇ ਆਪਣੀ ਸੈਨਾ ਦਾ ਡੇਰਾ ਲਵਾਇਆ ਸੀ। ਹੁਣ ਤਕ ਇਸ ਉਚਾਈ ਤੋਂ ਧਾਵਾ ਕਰਨ ਵੇਲੇ ਹੇਠਾਂ ਜਾਣ ਲਈ ਗਉ ਘਾਟ ਰਸਤਾ ਮੌਜੂਦ ਹੈ। ਉਹ ਰੁਖ ਬੀ ਖੜਾ ਹੈ ਜਿਸ ਦੇ ਹੇਠਾਂ ਬੀਰਾਸਨ ਹੋਕੇ ਸਤਿਗੁਰਾਂ ਅਮੋਘ ਬਾਣ ਚਲਾਏ ਸਨ। ਅਸਲ ਵਿੱਚ ਇਥੇ ਖੜੋਕੇ ਹੀ ਪਤਾ ਲਗਦਾ ਹੈ ਕਿ ਸਤਿਗੁਰੂ ਜੀ ਰਣ ਵਿਦਯਾ ਦੇ ਕਿੰਨੇ ਪ੍ਰਬੀਨ ਸਨ। ਆਪ ਨੇ ਉਹ ਟਿਕਾਣਾ ਚੁਣਿਆ ਹੈ ਕਿ ਜਿਥੇ ਸ਼ੱਤ੍ਰੂ ਦਲ ਸਾਰਾ ਆਪਣੇ ਤੀਰ ਤੁਫੰਗ ਦੀ ਜ਼ਦ ਹੇਠਾਂ ਹੋ ਜਾਂਦਾ ਹੈ। ਇਹ ਮੋਰਚਾ ਜ਼ਰੂਰ ਕੁਛ ਦਿਨ ਪਹਿਲੋਂ ਪੱਕਾ ਕੀਤਾ ਹੋਣਾ ਹੈ। ਦੇਖੋ ਅੰਸੂ ੨੪ ਦਾ ਅੰਕ ੩੬ ਤੇ ੪੦।

ਗੁਰੂ ਜੀ ਨੇ ਭੰਗਾਣੀ ਜੁੱਧ ਦਾ ਹਾਲ ਬਚਿੱਤ੍ਰ ਨਾਟਕ ਵਿੱਚ ਆਪ ਲਿਖਿਆ ਹੈ। ਉਸ ਵਿੱਚ ਜੰਗ ਦਾ ਵੇਰਵਾ ਤਾਂ ਹੈ ਪਰ ਭੂਮਿ ਆਦਿ ਦੇ ਕਾਰਣਾਂ ਦਾ ਜ਼ਿਕਰ ਕੋਈ ਨਹੀਂ। ਪਰ ਫਤੇਸ਼ਾਹ ਵੱਲੋਂ ਹਮਲਾ ਹੋਇਆ ਹੈ ਤੇ ਗੁਰੂ ਜੀ ਵੱਲੋਂ ਕੋਈ ਗਲ ਐਸੀ ਨਹੀਂ ਹੋਈ ਕਿ ਉਹ ਜੰਗ ਕਰੇ,,ਇਹ ਗਲ ਇਕ ਸਤਰ ਵਿੱਚ ਸਤਿਗੁਰਾਂ ਨੇ ਆਪ ਉਥੇ ਐਉਂ ਦੱਸੀ ਹੈ 'ਫਤੇਸ਼ਾਹ ਕੋਪਾ ਤਬ ਰਾਜਾ ॥ ਲੋਹ ਪਰਾ ਹਮ ਸੋਂ ਬਿਨ ਕਾਜਾ ॥'

†ਪਾ:–ਪੁਨਰ।

ਸਤਿਗੁਰ ਕੀ ਤਿਹ ਗਿਰਾ ਪ੍ਰਕਾਸ਼ੀ। 'ਹੁਕਮ ਭਯੋ ਮਾਨਹੁੰ ਸੁਖ ਪਾਵਹੁ ਜਨਮ ਮਰਨ ਕੋ ਬੰਧ ਮਿਟਾਵਹੁ'॥੯॥ਪੁਨ ਸਭਿ ਸੁਭਟਨਿ ਹੁਕਮ ਸੁਨਾਵਾ 'ਗੁਰ ਤੇ ਦਾਨ ਲੇਹੁ ਮਨ ਭਾਵਾ। ਹੋਤਿ ਪ੍ਰਭਾਤਿ ਜੰਗ ਕੀ ਤਯਾਰੀ ਸ਼ਸਤ੍ਰ ਤੁਰੰਗਨਿ ਲੇਹੁ ਸੰਭਾਰੀ' ॥੧੦॥ ਸੁਨਿ ਸੂਰਨਿ ਕੇ ਚਿੱਤ ਉਮਾਹੇ ਬਾਂਛਤਿ ਵਸਤੁ ਲੀਨਿ ਗੁਰ ਪਾਹੇ। ਕਾਤੁਰ ਡਰੇ ਮਨਹੁੰ ਮ੍ਰਿਤੁ ਆਈ ਚਲਯੋ ਚਹੈਂ ਨਿਤ ਕਾਨ ਕਢਾਈ[1]॥੧੧॥ਇਮ ਕਰਤੇ ਸੰਧ੍ਯਾ ਹੁਇ ਆਈ। ਖਾਨ ਪਾਨ ਸਭਿ ਕੀਨਿ ਬਨਾਈ। ਹੁਤੇ ਪੰਚ ਸੈ ਸਕਲ ਉਦਾਸੀ। ਮਿਲਿ ਮਸਲਤ ਕੀਨਿਸਿ ਭਯ ਰਾਸੀ[2]॥੧੨॥'ਕਯੋਂ ਨਾਹਕ ਰਣ ਮਹਿਂ ਤੁਮ ਮਰੋ। ਜਾਚਹੁ ਜਗਤ[3], ਜੀਵਕਾ ਕਰੋ। ਲਰਿਬੇ ਸੌਂ ਕਯਾ ਕਾਜ ਹਮਾਰਾ। ਸਾਧ ਫਕੀਰ ਭੇਖ ਤਨ ਧਾਰਾ॥ ੧੩ ॥ ਲਰੇ ਬਿਨਾਂ ਗੁਰ ਕਯੋਂਹੂੰ ਨ ਟਰੈ। ਬਹੁਤ ਦਿਵਸ ਤੇ ਤਯਾਰੀ ਕਰੈ। ਨਿਸਾ ਬਿਖੈ ਭਾਜਹੁ ਭਲਿਆਈ[4]। ਨਤੁ ਪ੍ਰਭੁ ਕਰੈਂ ਕੈਦ ਬਰਿਆਈ[5]' ॥ ੧੪ ॥ ਇਮ ਕਹਿ ਨਿਕਸੇ ਨਿਸਾ ਅੰਧੇਰੀ। ਡੇਰਾ ਤਯਾਗਿ ਗਏ ਬਿਨਬੇਰੀ[6]। ਜੁਦੇ ਜੁਦੇ ਹੁਇ ਦੇਸ਼ ਮਝਾਰਾ। ਜਾਚਿ ਜਾਚਿ ਕਰਿ ਖਾਇਂ ਅਹਾਰਾ॥੧੫॥ ਜਿਸ ਰਣ ਤੇ ਉਤਸਾਹ ਬਿਹੀਨ।ਫਿਰੇ, ਜਹਾਂ ਕਹਿਂ ਬਨਿ ਬਨਿ ਦੀਨ। ਗਹਯੋ ਨ ਖੜਗ, ਭੂਮ ਜਿਸ ਬਸਿ ਹੈ[7]। ਸੋ ਭੋਗਹਿ ਜੋ ਅਸਿ[8] ਕਟ ਕਸ ਹੈ[9] ॥੧੬॥ ਸਵਾ ਜਾਮ ਜਾਮਨਿ ਜਬਿ ਰਹੀ। ਸੁਭਟਨਿ ਬਿਖੈ ਸੁਚੇਤੀ ਗਹੀ।ਆਸਾਵਾਰ ਰਬਾਬੀ ਗਾਵੈਂ। ਕੇਤਿਕ ਲੇਕਰਿ ਸੰਖ ਬਜਾਵੈਂ ॥ ੧੭ ॥ ਕਰਹਿਂ ਪਾਠ ਕੇਤਿਕ ਗੁਰਬਾਨੀ। ਤਨੂ ਸ਼ਨਾਨਹਿ ਪਾਵਨ ਪਾਨੀ[10]। ਦੀਪ ਜਗਾਵਤਿ ਧੂਪ ਧੁਖਾਵਹਿਂ। ਪੁਸ਼ਪਾਂਜੁਲ ਸ਼ਸਤ੍ਰਨਿ ਅਰਪਾਵਹਿਂ ॥੧੮॥ ਦਲ ਮਹਿਂ ਜਿਤ ਕਿਤ ਅਤਿ ਜੈਕਾਰਾ। ਉਤਸਾਹਤਿ ਭਟ ਕਰਹਿਂ ਉਚਾਰਾ।ਸ਼੍ਰੀ ਕਲਗ਼ੀਧਰ ਸੌਚ ਸ਼ਨਾਨੇ।ਆਸਨ ਪਰ ਅਸੀਨ ਕਰਿ ਧਯਾਨੇ॥੧੯॥ਨਿਜ ਸਰੂਪ ਮਹਿਂ ਰਹੇ ਸਮਾਇ।ਜੋ ਸਤਿ ਚਿਤ ਆਨੰਦ ਸਦਾਇ।ਜਗਤਾਧਾਰ ਮਹਿਦ ਮਹੀਆਨ[11]।ਅਚਲ,ਅਨਾਸ਼ੀ,ਸਰਬਸਮਾਨ

[1]ਨਿਤ ਦੇ (ਪਾਸ ਰਹਿਣ ਵਾਲੇ) ਹੁਣ ਕੰਨੀ ਕਤਰਾਕੇ ਜਾਣਾ ਚਾਹੁੰਦੇ ਹਨ। [2]ਸਾਰਿਆਂ ਨੇ ਡਰ ਕੇ। [3]ਮੰਗ ਕੇ ਜਗਤ ਵਿਚੋਂ। [4]ਚੰਗੀ ਗਲ ਹੈ। [5]ਜੋਰੋ ਜੋਰੀ। [6]ਛੇਤੀ। [7]ਜਿਸ (ਖੜਗ) ਦੇ ਵੱਸ ਵਿੱਚ ਭੂਮ ਹੈ ਉਹ ਖੜਗ ਫੜੀ ਨਾ। [8]ਤਲਵਾਰ। [9]ਲੱਕ ਨਾਲ ਕੱਸਦਾ ਹੈ। [10]ਪਵਿੱਤ੍ਰ ਪਾਣੀ ਨਾਲ ਸ਼ਰੀਰ ਨੂੰ ਸ਼ਨਾਨ ਕਰਵਾਂਦੇ ਹਨ। [11]ਜਗਤ ਦਾ ਆਧਾਰ ਤੇ ਵਡਿਆਂ ਤੋਂ ਵਡਾ ਹੈ।

॥੨੦॥ਕਮਲ ਬਿਲੋਚਨ ਮੁੰਦ੍ਰਿਤ ਹੋਇ।ਤਿਸ ਸਮਾਧਿ ਮਹਿਂ ਥਿਰਤਾ ਜੋਇ। ਜੁਗਮ ਘਰੀ ਕੇ ਅੰਮ੍ਰਿਤਵੇਲਾ।ਤਜਯੋਧਸਾਨ ਸਤਿਗੁਰੂ ਸੁਹੇਲਾ॥੨੧॥ਪੁਨ ਸੁੰਦਰ ਦਸਤਾਰ ਸਜਾਈ।ਊਪਰ ਜਿਗਾ ਬਾਂਧਿ ਦਮਕਾਈ।ਪੁਨ ਧਰਿ ਕਰਿ ਕਲਗ਼ੀ ਬਡ ਸ਼ੋਭਾ। ਜਗਮਗਾਤ ਪਿਖਿ ਕੌਨ ਨ ਲੋਭਾ॥੨੨॥ਸੂਖਮ ਚੀਰ ਪਹਿਰਿ ਗਰ ਜਾਮਾ। ਹੁਤੋ ਦਰਾਜ਼[੧] ਸ਼ੁਭਤਿ ਅਭਿਰਾਮਾ।ਨਵਰਤਨੇ,ਸੁੰਦਰ ਭੁਜਦੰਡੇ। ਜਨੁ ਸੌਂਡੀ ਬਡ ਸੁੰਡ ਪ੍ਰਚੰਡੇ[੨] ॥੨੩॥ਕੰਚਨ ਕੰਕਨ ਕੇ ਥਿਰ ਹੀਰੇ। ਕੋਰਦਾਰ ਕਾਰੀਗਰ ਚੀਰੇ। ਦੀਪਤਿ ਦੋਨਹੁਂ ਕਾਨਨ ਕੁੰਡਲ[੩]। ਸ਼ਮਸ਼ ਤਨਕ[੪] ਸ਼ੋਭਤਿ ਮੁਖਮੰਡਲ ॥੨੪॥ ਇਮ ਪਹਿਰਤਿ ਪ੍ਰਕਾਸ਼ ਹੁਇ ਆਯੋ। ਦਿਨਕਰ ਉਦਯੋ ਵਾਰ ਭੋਗਾਯੋ[੫]। ਭੀ ਅਰਦਾਸ ਸਭਿਨਿ ਸਿਰ ਨਾਵਾ। ਤਬਿ ਇਕ ਸ਼ੀਘ੍ਰਹਿ ਬੈਨ ਅਲਾਵਾ ॥੨੫॥ 'ਸੁਨੀਅਹਿ ਮਹਾਰਾਜ ਅਬਿਨਾਸ਼ੀ ! ਗਏ ਭਾਜ ਨਿਸ ਬਿਖੈ ਉਦਾਸੀ। ਸ਼੍ਰੀ ਮੁਖ ਤੇ ਸੁਨਿ ਕੈ ਰਣ ਕਰਨੋ। ਜਿਯਨ ਹੇਤੁ ਭਾ ਧੀਰਜ ਹਰਨੋ' ॥ ੨੬॥ ਬਿਕਸਿ ਬਦਨ ਅਰ-ਬਿੰਦ ਬਖਾਨਾ।'ਦੇਖਯੋ ਭੁਲੇ ਕਿ ਨਹਿਂ ਸੋ ਥਾਨਾ। ਗਏ ਭਾਜ ਸਗਲੇ ਇਕ ਬਾਰੀ। ਰਹਯੋ ਕਿ ਨਹਿਂ ਕੋ ਧੀਰਜ ਧਾਰੀ ॥ ੨੭ ॥ ਰਾਖਯੋ ਬੀਜ ਕਿ ਉਖ-ਰਯੋ ਸਾਰੇ। ਹੁਤੋ ਸਾਰ ਕੈ ਫੋਕਟ ਕਯਾਰੇ[੬]। ਸੁਨਿ ਸਿੱਖਨ ਕਰ ਜੋਰਿ ਉਚਾਰਾ। 'ਸਭਿਨਿ ਮਹੰਤ ਏਕ ਤਨ ਭਾਰਾ॥੨੮॥ ਮੁੰਦ੍ਰਿਤ ਲੋਚਨ ਕਰਿ ਥਿਰ ਹੋਵਾ।ਚੇਲਨਕੋ ਜੋ ਵਾਕ ਨ ਜੋਵਾ[੭]।ਨਾਮ ਕ੍ਰਿਪਾਲ ਮਨਹੁਂ ਸ਼ਿਵ ਬੈਸਾ। ਥਿਰਯੋ ਅਡੋਲ ਸਮਾਧੀ ਹੈਸਾ[੮]' ॥੨੯॥ ਕਲਗ਼ੀਧਰ ਸ਼੍ਰੀ ਮੁਖ ਮੁਸਕਾਨੇ। ਭਏ ਪ੍ਰਸੰਨ ਕ੍ਰਿਪਾਰਸ ਸਾਨੇ। 'ਰਹਯੋ ਮੂਲ ਤੌ ਸਭਿ ਕਿਛ ਹੋਵੈ।ਸ਼ਾਖਾ ਪੱਤ੍ਰ ਫੂਲ ਫਲ ਜੋਵੈਂ ॥੩੦॥ ਜੇ ਕਰਿ ਜਰ[੯] ਉਖਰਤਿ ਇਸ ਥਾਰਾ। ਬਹੁਰ ਨ

---

[੧]ਲੰਮਾ। [੨]ਹਾਥੀ ਦੀ ਸੁੰਡ ਵਰਗੇ ਬੜੇ ਤੇ ਸੁੰਦਰ ਭੁਜਦੰਡਾਂ ਤੇ ਨਵਰਤਨੇ ਪ੍ਰਕਾਸ਼ ਰਹੇ ਹਨ। [ਸੌਂਡੀ=ਸੁੰਡ ਵਾਲਾ, ਹਾਥੀ]। [੩]ਪ੍ਰਕਾਸ਼ ਕਰਦੇ ਹਨ ਦੋਹਾਂ ਕੰਨਾਂ ਵਿਚ ਕੁੰਡਲ। [੪]ਦਾੜ੍ਹਾ ਛੋਟਾ ਜਿਹਾ। [੫]ਸੂਰਜ ਚੜ੍ਹੇ ਵਾਰ (ਦਾ) ਭੋਗ ਪਿਆ। [੬](ਖੇਤ ਵਿਚ ਸਫਲ) ਫਸਲ ਹੈਸੀ ਕਿ ਨਿਫਲੇ ਝਾੜਾਂ ਵਾਲੇ ਕਿਆਰੇ ਸਨ। [ਸਾਰ=ਤੱਤ੍ਵ ਵਾਲਾ। ਜੋ ਫ਼ਸਲੀ ਜ਼ਿਮੀਂ ਨੂੰ ਬੀ ਸਾਰ ਕਹਿੰਦੇ ਹਨ ਭਾਵ ਫਸਲ ਤੋਂ ਹੀ ਹੈ। ਫੋਕਟ=ਫੋਕੀਆਂ ਫਲੀਆਂ ਵਾਲੇ ਯਾ ਨਿਫਲੇ ਝਾੜ]। [੭]ਚੇਲਿਆਂ ਦੀ ਗਲ ਵਲ ਉਸ ਨਹੀਂ ਡਿੱਠਾ, ਪਰੰਤੂ ਸੁਧ ਪਾਠ ਚਾਹੀਦਾ ਹੈ 'ਚੇਲਨ ਕੋ ਜੋਵਾ ਕਿ ਨ ਜੋਵਾ'=(ਪਤਾ ਨਹੀਂ) ਚੇਲਿਆਂ ਨੂੰ ਭੱਜਦਿਆਂ (ਉਸ ਨੇ) ਡਿੱਠਾ ਹੈ ਕਿ ਨਹੀਂ। ਲਿਖਾਰੀ ਦੀ ਕਲਮ-ਉਕਾਈ ਜਾਪਦੀ ਹੈ। [੮]ਸਮਾਧੀ ਵਿਚ ਹੈ। [੯]ਜੜ੍ਹ।

ਬਨਤੋ ਕਛੂ ਅਕਾਰਾ। ਗੁਰ ਘਰ ਤੇ ਜਾਤੇ ਇਹ ਟੂਟ। ਭੇਖ ਨ ਚਲਤਿ ਹੋਤਿ ਹੈਂ ਹੂਟ[1]॥੩੧॥ਜਬਿ ਲਗਿ ਹੈ ਜਿਸ ਕੋ ਸਿਰ ਕਾਇਮ। ਜਗ ਜਾਨੈ ਤਬਿ ਲੌ ਜੰਗ ਦਾਇਮ[2]। ਰਹਜੋ ਮਹੰਤ ਜਿ ਧੀਰ ਨ ਛੋਰਾ। ਚੇਲਾ ਬਨਹਿਂ ਆਨਿ ਗਨ ਔਰਾ ॥੩੨॥ ਜਾਹੁ ਅਬਹਿ ਤਿਹ ਲੇਹੁ ਬੁਲਾਈ। ਰਖੀ ਭੇਖ ਕੀ ਲਾਜ ਬਡਾਈ'।ਹੁਕਮ ਸੁਨਤਿ ਗੁਰ ਕੋ ਸਿਖ ਗਯੋ।ਧ੍ਯਾਨ ਬਿਖੈ ਥਿਤ ਦੇਖਤਿ ਭਯੋ ॥ ੩੩ ॥ ਅੰਗ ਹਿਲਾਇ ਸਮਾਧਿ ਛੁਟਾਈ। ਬਿਕਸੇ ਲੋਚਨ ਜੁਤਿ ਅਰੁਨਾਈ[3]। ਮਸਤਕ ਟੇਕਿ ਕਹਜੋ ਸਿਖ ਤਬੈ। 'ਤੁਮ ਕੋ ਪ੍ਰਭੂ ਹਕਾਰਤਿ ਅਬੈ ॥ ੩੪ ॥ ਕਰਤਿ ਉਤਾਇਲ ਮੋਹਿ ਪਠਾਯੋ। ਇਸ ਕਾਰਨ ਤੇ ਧ੍ਯਾਨ ਛੁਟਾਯੋ। ਯਾਂਤੇ ਛਿਮਾ ਮੋਹਿ ਪਰ ਧਰੀਅਹਿ। ਸ਼੍ਰੀ ਸਤਿਗੁਰ ਕੇ ਨਿਕਟਿ ਸਿਧਰੀਅਹਿ' ॥ ੩੫॥ ਤਤਛਿਨ ਉਠਜੋ ਹੁਕਮ ਸੁਨਿ ਗੁਰ ਕੋ। ਕੇਹਰਿ ਸਮ ਉਤਸਾਹਤਿ ਉਰ ਕੋ।ਸ਼ੀਘਰ ਕਰਤਿ ਗੁਰ ਨਿਕਟਿਸਿਧਾਰਾ। ਪਹੁੰਚਜੋ ਦਰਸ਼ਨ ਚਾਰੁ[4] ਨਿਹਾਰਾ ॥ ੩੬ ॥ ਦੋਨੋ ਹਾਥ ਜੋਰਿ ਕਰਿ ਨਮੋ। ਆਇਮਿਲੇ ਬੈਠਜੋ ਤਿਹ ਸਮੋ।ਦੀਰਘ ਜਟਾਜੂਟ ਸਿਰ ਬਾਧਾ[5]।ਰੋਕਿਰਿਖੀ-ਕਨ[6] ਮਨ ਜਿਹ ਸਾਧਾ ॥੩੭॥ ਸਰਬੰਗਨ ਮਹਿਂ ਲਗੀ ਬਿਭੂਤ। ਸ਼ੋਭਤਿ ਮਨੋ ਦੱਤ ਅਵਧੂਤ[7]। ਤਪ ਕੋ ਤੇਜ ਦਿਪਤਿ ਹੈ ਐਸੇ। ਰਿਖੀਅਨਿ ਮਹਿਂ ਘਟਨੰਦਨ ਜੈਸੇ[8]॥੩੮॥ਬ੍ਰਹਮਚਰਜ ਮਹਿਂ ਬਡੋ ਸੁਪੱਤਾ[9]। ਗੁਰ ਕੇ ਚਰਨ ਨਾਮ ਰਸ ਮੱਤਾ॥ਕਰ ਪਗ ਕੇ ਨਖ ਬਧੇ ਬਿਸਾਲਾ।ਕਸੀ ਕੁਪੀਨ[10] ਦਿਪਤ ਬਡ ਭਾਲਾ ॥੩੯॥ ਇਕ ਤੂੰਬਾ ਹਿਤ ਪੀਵਨ ਬਾਰੀ[11]। ਕੁਤਕਾ ਗਹੇ ਹਾਥ ਮੈਂ ਭਾਰੀ।ਸ਼ਮਸ ਬਦਨ ਪਰ ਝਮਕਤਿ ਅਹੈ। ਬਸਤ੍ਰ ਬਿਹੀਨ ਦਿਗੰਬਰ[12] ਰਹੈ॥ ੪੦ ॥ ਤਨ ਸਥੂਲ[13] ਅਰੁ ਪੇਟ ਬਿਸਾਲਾ। ਲਾਂਬੀ ਭੁਜਾ ਮਹਾਂ ਬਲ ਵਾਲਾ। ਸਤਿਗੁਰ ਸਨਮੁਖ ਮਹਿਦ ਸੁਹਾਯੋ। ਮਨੋ ਗ੍ਯਾਨ[14] ਢਿਗ ਤਪ[15] ਚਲਿ ਆਯੋ॥੪੧॥ ਕਿਧੌਂ ਬਿਸ਼ਨੁ ਕੇ ਦਰਸ਼ਨ ਕਾਰਨ। ਮਹਾਂਦੇਉ ਬੈਠਜੋ

[1]ਨਿਖੁੱਟ ਜਾਂਦੇ। [2]ਇਹ ਇਕ ਕਹਾਵਤ ਹੈ:—ਸਿਰ ਕਾਇਮ ਤੇ ਜੰਗ ਦਾਇਮ। ਜੇ ਸਰਦਾਰ ਜੀਉਂਦਾ ਰਹੇ ਤਾਂ ਜੰਗ ਜਾਰੀ ਰਹਿ ਸਕਦਾ ਹੈ। ਭਾਵ ਇਹ ਕਿ ਜੇ ਮਹੰਤ ਨਹੀਂ ਭੱਜਿਆ ਤਾਂ ਸੰਪ੍ਰਦਾ ਨਾਲ ਨਹੀਂ ਟੁੱਟੀ, ਕਿਉਂਕਿ ਜੇ ਮਹੰਤ ਕਾਇਮ ਹੈ ਤਾਂ ਸੰਪ੍ਰਦਾ ਤਾਂ ਇਸ ਨੇ ਬਣਾ ਲੈਣੀ ਹੈ। [3]ਲਾਲੀ। [4]ਸੁੰਦਰ। [5]ਜਟਾਵਾਂ ਦਾ ਜੂੜਾ ਸਿਰ ਤੇ ਬੱਧਾ ਹੋਇਆ। [6]ਇੰਦ੍ਰੀਆਂ। [7]ਦੱਤਾ ਤ੍ਰੇਯ [ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰ: ਅਧ੍ਯਾ: ੬੫ ਅੰਕ ੫੭]। [8]ਘੜੇ ਤੋਂ ਜੰਮਿਆ ਰਿਖੀ ਭਾਵ ਅਗਸਤ। [9]ਅਬਰੋ ਵਾਲਾ। (ਅ) ਸ੍ਰੇਸ਼ਟ ਪਾਤ੍ਰ। [10]ਲੰਗੋਟੀ। [11]ਜਲ। [12]ਨੰਗਾ। [13]ਮੋਟਾ। [14]ਭਾਵ ਗੁਰੂ ਜੀ। [15]ਭਾਵ ਮਹੰਤ।

ਰਿਪੁ ਦਾਰਨ[1]। ਰਾਮਚੰਦ ਢਿਗ ਕਿਧੌਂ ਅਗਸਤ[2]। ਇਮ ਅਵਲੋਕਤਿ ਸਿੱਖ ਸਮਸਤ ॥ ੪੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਕ੍ਰਿਪਾਲ ਮਹੰਤ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥ ੨੩ ॥

੨੪. [ਮਹੰਤ ਕ੍ਰਿਪਾਲ। ਦਲ ਦੀ ਚੜ੍ਹਾਈ]।

ਦੋਹਰਾ ॥ ਸ਼੍ਰੀ ਗੁਰੁ ਗੋਵਿੰਦ ਸਿੰਘ ਜੀ ਸਨਮੁਖ ਦੇਖਿ ਮਹੰਤ। ਮੁਸਕਾਵਤਿ ਬੋਲੇ ਬਚਨ ਕਲਗ਼ੀ ਸੀਸ ਸੁਭੰਤਿ ॥੧॥ ਚੌਪਈ॥ 'ਕਹੋ ਮਹੰਤ ! ਚੇਲਕਾ ਕਹਾਂ[3]?ਨਿਤ ਜੋ ਅਚਹਿਂ ਤਿਹਾਵਲ ਮਹਾਂ। ਖੇਤ ਮੁਲਾਇਮ ਚਰਬੇਹਾਰੇ। ਪਸੂ ਹਰਿਆਉ[4] ਮਨਿੰਦ ਸਿਧਾਰੇ॥ ੨ ॥ ਕੁਗਤਨ ਹਿਤ[5] ਕਰਾਹਿ ਨਿਤ ਬਾਂਛੈ[6]।ਗਮਨਹਿ ਸੰਗਤਿ ਮਹਿਂ ਜਿਤ ਆਛੇ[7]।ਕਾਰਜ ਪਰੇ ਛੋਰ ਇਮ ਗਏ। ਜਿਮ ਪਾਹੁਨ ਨਿਸ ਬਸਿ ਸੁਖ ਲਏ[8] ॥ ੩ ॥ ਕਹਾਂ ਭਯੋ ਜੋ ਉਡਗਨ[9] ਨਾਂਹੀ।ਦਿਪਤੈ ਚੰਦ ਦਸੌਂ ਦਿਸ਼ਿ ਮਾਂਹੀ'।ਸੁਨਤਿ ਕ੍ਰਿਪਾਲ ਮਹੰਤ ਉਚਾਰੀ। 'ਗੁਰ ਚੇਲੇ ਸਭਿ ਸ਼ਰਨਿ ਤੁਮਾਰੀ॥ ੪ ॥ ਭਲੇ ਬੁਰੇ ਸੰਭਾਰਨ ਵਾਰੇ। ਤੁਮ ਹੋ, ਗੁਰ ਪੂਰਨ ਬਲਿ ਭਾਰੇ। ਬਡੇ ਭਾਗ ਕੈ ਪ੍ਰਾਪਤਿ ਹੋਵਾ[10]।ਸੰਕਟ ਜਨਮ ਮਰਨ ਕੋ ਖੋਵਾ ॥ ੫ ॥ ਬ੍ਰਹਮਾਦਿਕ ਸਨਕਾਦਿਕ ਸਾਰੇ। ਸ਼ੇਖ ਸਾਰਦਾ[11] ਪਾਇਂ ਨ ਪਾਰੇ*। ਧ੍ਯਾਨ ਵਿਖੈ ਜੋਗੀਸ਼ੁਰ ਧ੍ਯਾਵੈਂ। ਰਿਖਿ ਨਾਰਦ ਤੇ ਆਦਿਕ ਗਾਵੈਂ ॥੬॥ ਇੰਦ੍ਰਾਦਿਕ, ਸੁਰ, ਕਿੰਨਰ,ਜੱਛ।ਬਿੱਦ੍ਯਾਧਰ, ਗੰਧ੍ਰਬ ਪ੍ਰਤੱਛ। ਚਰਨ ਕਮਲ ਤੁਵ ਕਰਹਿਂ ਅਰਾਧਨ। ਤਪ ਆਦਿਕ ਸਾਧਹਿਂ ਗਨ ਸਾਧਨ ॥ ੭ ॥ ਹਮ ਲੋਕਨਿ ਕੇ ਭਾਗ ਬਡੇਰੇ। ਲੋਚਨ ਗੋਚਰ ਤੁਮ ਕੋ ਹੇਰੇ। ਮਨ ਬਾਨੀ ਕੋ ਬਿਸ਼ੈ ਨ ਹੋਈ। ਭਾਖਤਿ ਸ਼੍ਰੁਤਿ ਸਿੰਮ੍ਰਿਤਿ ਸਭਿ ਕੋਈ ॥੮॥ ਅਸ ਪ੍ਰਭੁ ਪਾਇ ਕੌਨ ਤਜਿ ਸਕੈਂ।ਜਿਸ ਕੇ ਪਦ ਸਰੋਜ ਸੁਰ ਤਕੈਂ[12]। ਭੂਲ ਚੂਕ ਦਾਸਨ ਤੇ ਹੋਇ। ਬਖਸ਼ਨਹਾਰ ਪ੍ਰਭੂ ਤੁਮ ਸੋਇ॥੯॥ ਜਿਸ ਕੇ ਉਰ ਨਿਸ਼ਚਾ ਅਸ ਦੇਤਿ।ਤਿਹ ਨਿਜ ਸੰਗ ਮਿਲਾਇ ਸੁ ਲੇਤਿ[13]।

[1]ਦੱਲਨੇ ਵਾਲਾ। (ਯਾ) ਭਯਾਨਕ (ਕਾਮ) ਦਾ ਵੈਰੀ ਸ਼ਿਵ (ਮਾਨੋ) ਬੈਠਾ ਹੈ। [2]ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾ: ੧੪ ਅੰਕ ੫੭ ਵਿਚ ਇਸੇ ਖਿਆਲਨੂੰ ਇਸਤਰ੍ਹਾਂ ਕਥਨ ਕੀਤਾ:— 'ਕੁੰਭਜ ਨਿਕਟ ਰਘੁਤਮ ਜੈਸੇ'। [3]ਚੇਲੇ ਕਿੱਥੇ ਹਨ ? [4]ਹਰੇ ਪੱਤੇ ਜਿੱਥੇ ਦਿੱਸਣ ਉਥੇ ਦੌੜ ਕੇ ਅੱਪੜਨ ਵਾਲਾ ਪਸੂ। [5]ਖਾਣ ਵਾਸਤੇ। [6]ਚਾਂਹਵਦੇ ਸੀ। [7]ਜਿੱਥੇ ਚੰਗੇ (ਪਦਾਰਥ ਦੇਖਦੇ ਸੀ)। [8]ਜਿਵੇਂ ਪ੍ਰਾਹੁਣਾ ਸੁਖ ਲੈਕੇ ਰਾਤ ਬਿਤਾਕੇ (ਸਵੇਰੇ ਛੋੜ ਜਾਂਦਾ ਹੈ)। [9]ਤਾਰੇ(ਰੂਪੀ ਚੇਲੇ)। [10]ਕਰਕੇ ਪ੍ਰਾਪਤ ਹੋਇਆ (ਆਪ ਦਾ ਦਰਸ਼ਨ ਅਸਾਂ ਨੂੰ)। [11]ਸ਼ੇਸ਼ਨਾਗ ਅਤੇ ਸਰਸ੍ਵਤੀ। [12]ਦੇਵਤੇ ਤੱਕਦੇ ਹਨ। [13]ਮਿਲਾ ਲੈਂਦੇ ਹੋ (ਅੰਤ ਨੂੰ)। *'ਕੋਟ ਬਿਸ਼ਨ ਬ੍ਰਹਮੇ ਤ੍ਰਿਪੁਰਾਰੀ। ਇਨ ਪਾਵੋਂ ਪਰ ਦਿਜਿਯੇ ਵਾਰੀ'। [ਸੰਤ ਕ੍ਰਿਪਾਲ ਜੀ ਦੀ ਜ਼ਬਾਨੀ, ਗੁਰ ਬਿਲਾਸ ਅੰਕ ੨੩੦ ਧਿਆ ੬।

ਕਹਾਂ ਬੁਧਿ ਹਮ, ਕਰੈਂ ਬਡਾਈ। ਤੁਮਰੀ ਪ੍ਰਭਾ[1] ਤੁਮਹਿਂ ਬਨਿ ਆਈ' ॥
੧੦॥ਏਵ ਪ੍ਰਸ਼ੰਸਤਿ ਸਾਧ ਕ੍ਰਿਪਾਲ।ਬਿਹਸ ਬਚਨ ਤਬਿ ਕਹਜੋ ਕ੍ਰਿਪਾਲ[2]।
'ਬ੍ਰਿੰਦ ਗਿਰਿੰਦਨ ਚਮੂੰ ਬਿਲੰਦ।ਹਮ ਪਰ ਚਢਿ ਆਏ ਕਰਿ ਦੁੰਦ[3]॥੧੧॥
ਭੀਮਚੰਦ ਕੇ ਕਹੇ ਕਹਾਏ। ਬਾਇਸ ਧਾਰ[4] ਨ੍ਰਿਪਤਿ ਸਮੁਦਾਏ। ਸਭਿਨਿ
ਸਕੇਲੀ ਅਨੀ ਘਨੇਰੀ। ਫਤੇਸ਼ਾਹਿ ਲੇ ਸੰਗ ਬਡੇਰੀ॥੧੨॥ਬਿਨਾ ਕਾਜ*
ਮੂਰਖ ਹੰਕਾਰੀ। ਲਰਿਬੇ ਹੇਤੁ ਕਰੀ ਅਸ ਤਯਾਰੀ†। ਆਜ ਚਢੈਂ ਹਮ
ਲੇ ਨਿਜ ਦਲ ਕੋ। ਦੇਖਹਿਂ ਅਪਰ ਦਿਖਾਵਹਿਂ ਬਲ ਕੋ[5] ॥ ੧੩॥ ਤੁਮ ਹੋ
ਸੰਤ ਸਰੂਪ ਸਮਰੱਥ। ਕਹੌ ਬਿਜੈ ਹੁਇ ਕਿਸ ਕੇ ਹੱਥ ? ਕੌਨ ਤਜੈ ਰਨ-
ਖੇਤ ਪਲਾਵਹਿ?ਕੌਨ ਜੀਤ ਸ਼ੀਘਰ ਘਰ ਜਾਵਹਿ?॥੧੪॥ਨਾਮ ਕ੍ਰਿਪਾਲ
ਕ੍ਰਿਪਾਲ ਸਰੂਪ[6]। ਕਹੋ ਬਤਾਵਨਿ ਬਾਤ ਅਨੂਪ'। ਸੁਨਿ ਮਹੰਤ ਦ੍ਰਿਗ ਤੇ
ਜਲ ਢੇਰੇ[7]। 'ਕਹੌਂ ਬਾਕ ਸੁਨੀਅਹਿ ਪ੍ਰਭੁ ਮੇਰੇ॥੧੫॥ਖੇਲ ਅਨੇਕ ਰਚਹੁ
ਮਨ ਭਾਏ।ਨਰ ਲੀਲਾ ਅਨੁਸਾਰਿ ਬਨਾਏ।ਪ੍ਰਥਮ ਸ਼ੱਤ੍ਰ ਮਧੁਕੈਟਭ ਭਾਰੀ।
ਬਿਧਿ ਸਹਾਇ ਹਿਤ[8] ਸੋ ਲਿਯ ਮਾਰੀ॥੧੬॥ਪੁਨ ਸਤਿਜੁੱਗ ਮਹਿ ਦਿਤੀ
ਸੁ ਨੰਦ।ਹਿਰਨਕਸ਼ਪ ਹਿਰਨਾਛ ਨਿਕੰਦ[9]।ਤ੍ਰੇਤੇ ਮਹਿਂ ਰਾਵਨ ਬਲਵਾਨਾ।
ਤੀਨ ਲੋਕ ਮਹਿਂ ਤਪਜੋ ਮਹਾਨਾ ॥੧੭॥ਤਿਸ ਕੇ ਸੰਗ ਘਾਲਿ ਘਮਸਾਨਾ।
ਕੁੰਭਕਾਨ ਭ੍ਰਾਤਾ ਮਹੀਆਨਾ[10]। ਮੇਘਨਾਦ, ਅਤਿਕਾਇ[11] ਬਿਲੰਦੇ।
ਸਭਿਨਿ ਸਮੇਤ ਬਿਨਾਸ਼ ਅਨੰਦੇ ॥ ੧੮ ॥ ਭਾਰਤ[12] ਦ੍ਵਾਪੁਰ ਮਹਿਂ ਬਡ
ਘਾਲਾ। ਜਰਾਸੰਧ ਤੇ ਆਦਿ ਨ੍ਰਿਪਾਲਾ।ਅਨ ਗਨ ਸੈਨਾ ਸਹਿਤ ਸੰਘਾਰਾ।
ਧਰਾ ਬਿਸਾਲ ਭਾਰ ਨਿਰਵਾਰਾ ॥ ੧੯ ॥ ਕਲੀ ਕਾਲ ਮਹਿਂ ਅਬਿ ਤਨ
ਧਰਜੋ।ਚਾਹਤਿ ਹੋ ਖਲ ਦਲ ਬਲ[13] ਹਰਜੋ। ਦਿਪਤ ਪ੍ਰਚੰਡ ਮਹਿਦ ਭੁਜ-
ਦੰਡੇ। ਬਲ ਆਸ਼ੈ‡ ਰਿਪੁ ਗਨ ਕਰਿ ਖੰਡੇ[14]॥੨੦॥ ਬ੍ਰਹਮਾਦਿਕ ਜਿਸ ਤੇ
ਡਰਪਾਏ। ਐਸੇ ਬਲੀ ਬਿਲੰਦ ਤੁਮ ਘਾਏ। ਕਲਿ ਨਰ ਬਪੁਰੇ ਕਹਾਂ

[1]ਸ਼ੋਭਾ, ਉਪਮਾ। [2]ਭਾਵ ਗੁਰੂ ਜੀ ਨੇ। [3]ਰੌਲਾ; ਜ਼ੋਰ ਸ਼ੋਰ ਕਰਕੇ। [4]ਬਾਈਧਾਰ। [5]ਹੋਰਨਾਂ ਦਾ ਬਲ ਦੇਖੀਏ ਤੇ ਆਪਣਾ ਦਿਖਾਈਏ। [6]ਕ੍ਰਿਪਾ ਦਾ ਰੂਪ ਕ੍ਰਿਪਾਲ ਨਾਮ ਵਾਲੇ ਹੋ। [7]ਗੇਰਿਆ। [8]ਬ੍ਰਹਮਾਂ ਦੀ ਸਹਾਇਤਾ ਵਾਸਤੇ। [9]ਦਿੱਤੀ ਦੇ ਪੁੱਤ੍ਰ ਹਿਰਨਕਸ਼ਪ ਤੇ ਹਿਰਨਾਕਸ਼ ਨਾਸ਼ ਕੀਤੇ। [10]ਵੱਡਾ। [11]ਰਾਵਣ ਦੇ ਇਕ ਪੁੱਤ੍ਰ ਦਾ ਨਾਮ ਅਤਿਕਾਇ ਸੀ ਜਿਸ ਨੂੰ ਲਛਮਨ ਨੇ ਮਾਰਿਆ ਸੀ। [12]ਮਹਾਭਾਰਥ (ਦਾ ਜੁੱਧ)। [13]ਦੁਸ਼ਟਾਂ ਦੇ ਦਲ ਦਾ ਬਲ। [14]ਟੁਕੜੇ ਟੁਕੜੇ ਕਰ ਦੇਣ ਵਾਲੇ।

*ਸ੍ਰੀ ਮੁਖ ਵਾਕ 'ਲੋਹ ਪਰਾ ਹਮ ਸੌਂ ਬਿਨ ਕਾਜਾ' ਵਲ ਇਸ਼ਾਰਾ ਹੈ।

†ਪਾ:—ਅਗਵਾਰੀ। ‡ਪਾ:—ਬਿਚ ਆਸ਼ੈ।

ਅਗਾਰੀ। ਕੋ ਸਮਾਨ ਹੁਇ ਸਕੈ ਤੁਮਾਰੀ ॥੨੧॥ ਜੱਛ ਸੁਰਾਸੁਰ ਆਦਿ* ਪ੍ਰਚੰਡ। ਸਭਿ ਪਰ ਅਹੈ ਆਪ ਕੋ ਦੰਡ। ਬਿਜੈ ਲੱਛਮੀ[1] ਸੰਗ ਤੁਮਾਰੇ। ਸਦਾ ਬਸਹਿ, ਨਹੀਂ ਜਾਹਿ ਕਿਨਾਰੇ[2] ॥ ੨੨ ॥ ਮਿਲਹਿਂ ਮ੍ਰਿੱਗ ਜੋ ਸਗਰੇ ਕਾਨਨ। ਕੇਹਰਿ ਨਾਦਿ ਸੁਨਹਿਂ ਜਬਿ ਕਾਨਨ[3]। ਹੋਇਂ ਪਲਾਇਨ, ਸਮੁਖ ਨ ਆਨਨ[4]। ਗਰਜਤਿ ਬਲ ਤੇ ਸਮ ਤਾ ਆਨ ਨ[5] ॥੨੩॥ ਤਿਮ ਨਹਿਂ ਠਹਿ-ਰਹਿਂ ਜੰਗ ਪਹਾਰੀ। ਪਿਖਿ ਤੁਮ ਭਾਜਹਿਂ ਲਾਜ ਬਿਸਾਰੀ'। ਏਵ ਕ੍ਰਿਪਾਲ[6] ਕ੍ਰਿਪਾਲਹਿ ਸਾਥਾ[7]। ਬਚਨ ਬਿਲਾਸ ਕਰਹਿ ਰਣ ਗਾਥਾ ॥ ੨੪ ॥ ਇਤਨੇ ਮਹਿਂ ਦ੍ਵੈ ਸਿਖ ਚਲਿ ਆਏ। ਧਰਹਿਂ ਉਤਾਇਲ ਬੰਦਨ ਗਾਏ[8]। 'ਮਹਾਰਾਜ! ਸੁਨੀਐ ਸਭਿ ਗਾਥਾ। ਪਠ੍ਯੋ ਹੁਤੋ ਨਰ ਅਰਿ ਦਲ ਸਾਥਾ[9] ॥ ੨੫ ॥ ਸੋ ਤੂਰਨ ਹੀ ਚਲਿ ਕਰਿ ਆਯੋ। [10]ਫਤੇਸ਼ਾਹ ਕੋ ਕੂਚ ਕਰਾਯੋ। ਭੰਗਾਣੀ ਕੋ ਸਨਮੁਖ ਆਵਤਿ। ਬ੍ਰਿੰਦ ਦੁੰਦਭੀ ਊਚ ਬਜਾਵਤਿ ॥੨੬॥ ਅਨ ਗਨ ਦਲ ਓਰੜ ਕਰਿ ਆਏ। ਚਹਿਂ ਰਾਵਰ ਸੋਂ ਜੰਗ ਮਚਾਏ। ਸੁਨਿ ਬ੍ਰਿਤੰਤ ਮੈਂ ਚਢ੍ਯੋ ਤੁਰੰਗ। ਸੁਧ ਹਿਤ ਆਯੋ ਤੂਰਨ ਸੰਗ[11] ॥੨੭॥ ਆਗੇ ਜਿਮ ਸਾਹਿਬ ਮਨ ਭਾਵੈ। ਤਥਾ ਕਰਤਿਬੋ ਮਹਿਂ ਸਭਿ ਆਵੈ'। ਇਮ ਸੁਨਿ ਕਰਿ ਸਾਹਿਬ ਸਵਧਾਨਾ। ਸ਼੍ਰੀ ਮੁਖ ਤੇ ਤਬਿ ਹੁਕਮ ਬਖਾਨਾ ॥੨੮॥ 'ਦਿਹੁ ਬਜਾਇ ਰਣ-ਜੀਤ ਨਗਾਰਾ। ਤਯਾਰ ਹੋਇ ਜਿਸ ਤੇ ਦਲ ਸਾਰਾ'। ਤਤਛਿਨ ਅਪਨੇ ਸ਼ਸਤ੍ਰ ਮੰਗਾਏ। ਤੁਰਤ ਦਾਸ ਲੇ ਪਾਸ ਟਿਕਾਏ ॥ ੨੯ ॥ ਪ੍ਰਥਮ ਗੁਰੂ ਭਗਵਤੀ ਮਨਾਈ। ਸ਼੍ਰੀ ਨਾਨਕ ਸਿਮਰਿਤਿ ਸਹਾਈ। ਹੀਰੇ ਕੰਚਨ ਮੁਸ਼ਟ ਜਰਾਊ। ਨਿਰਮਲ ਖਰ ਧਾਰਾ ਚਮਕਾਊ ॥ ੩੦ ॥ ਐਸੋ ਖੜਗ ਦੀਹ ਗਰ ਪਾਯੋ[12]। ਪੁਨ ਤਰਕਸ਼[13] ਨਿਜ ਹਾਥ ਉਠਾਯੋ। ਮੁਕਤਾ ਗੁੱਛ ਲਰਕਤੇ ਸੰਗ। ਦ੍ਰਿਢ ਦੀਰਘ ਖਰ[14] ਭਰੇ ਖਤੰਗ[15] ॥੩੧॥ ਗਰ ਮਹਿਂ ਪਾਇ ਕਸ੍ਯੋ ਕਟਿ† ਸਾਥਾ। ਪੰਨਗ‡ ਸਦਨ ਕਿਧੌਂ ਦੁਤਿ ਭਾਥਾ[16]। ਧਨੁਖ ਕਠੋਰ ਗਹ੍ਯੋ ਨਿਜ

---

[1]ਜਿੱਤ ਦੀ ਦੇਵੀ। [2]ਲਾਂਭੇ ਨਹੀਂ ਹੁੰਦੀ। [3]ਜਦੋਂ ਕੰਨਾਂ ਵਿਚ। [4]ਸਾਹਮਣੇ ਨਹੀਂ ਮੂੰਹ (ਕਰਦੇ)। [5]ਉਸਦੇ ਸਮਾਨ ਬਲ ਨਾਲ ਹੋਰ (ਕੋਈ) ਨਹੀਂ ਗੱਜ ਸਕਦਾ। [6]ਮਹੰਤ। [7]ਭਾਵ ਗੁਰੂ ਜੀ ਨਾਲ। [8]ਛੇਤੀ ਨਾਲ ਨਮਸਕਾਰ ਕਰਕੇ ਕਹਿਣ ਲਗੇ। [9]ਸ਼ੱਤ੍ਰੂ ਦੀ ਸੈਨਾਂ ਵਿਚ। [10](ਤੇ ਨਰ ਇਹ ਖਬਰ ਦੇਂਦਾ ਹੈ ਕਿ)''। [11]ਛੇਤੀ ਨਾਲ। [12]ਗਲ ਵਿਚ ਪਾਇਆ। [13]ਭੱਥਾ। [14]ਤਿੱਖੇ। [15]ਤੀਰ। [16]ਭੱਥੇ ਦੀ ਸ਼ੋਭਾ ਐਉਂ ਹੈ ਕਿ ਇਹ ਮਾਨੋਂ ਸੱਪਾਂ ਦਾ ਘਰ ਹੈ।

*ਪਾ:—ਆਇ। †ਪਾ:—ਸਬ। ‡ਪਾ:—ਪੰਕਤਿ।

ਹਾਥਾ। ਹਯ ਆਵਾਹਨ ਕੀਨਸਿ ਨਾਥਾ ॥੩੨॥ ਕੇਤਿਕ ਸੁਭਟ ਦੁਰਗ ਮਹਿ ਛੋਰੇ। 'ਹੁਇ ਸੁਚੇਤ ਰੱਛਹੁ ਚਹੂੰ ਓਰੇ'। ਤਬਿ ਪਾਂਚਹੁ ਭ੍ਰਾਤਾ ਚਲਿ ਆਏ। ਸ਼ਸਤ੍ਰ ਸੁਹਾਵਤਿ ਅੰਗ ਲਗਾਏ ॥ ੩੩ ॥ ਮਨੋ ਪੰਚ ਪਾਂਡਵ ਇਹ ਸੋਹੈਂ। ਰਣ ਕੇ ਹੇਤੁ ਚਢੇ ਬਡ ਰੋਹੈਂ। ਸੰਗੋ ਸ਼ਾਹ ਬਿਸਾਲ ਜਿਨਹੁ ਮੈਂ। ਆਯੁਧ ਬਿੱਦ੍ਯਾ ਨਿਪੁਨ ਤਿਨਹੁ ਮੈਂ ॥੩੪॥ ਜੀਤਮੱਲ ਦੂਜੋ ਬਡ ਜੋਧਾ। ਰਿਪੁਗਨ ਮ੍ਰਿਗਨ,ਸ਼ੇਰ ਜਿਮ ਕ੍ਰੋਧਾ। ਨਾਮ ਗੁਲਾਬ ਚੰਦ ਹੈ ਤੀਜੋ। ਜਿਹ ਸਮ ਤੁਪਕ ਹਤਹਿ ਨਹਿੰ ਬੀਜੋ[1] ॥੩੫॥ ਚਤੁਰਥ ਗੰਗਾਰਾਮ ਸੁਹਾਯੋ। ਸ਼ਸਤ੍ਰ ਸਜਾਇ ਜੰਗ ਹਿਤ ਆਯੋ। ਪੰਚਮ ਚਢ੍ਯੋ ਮਾਹਰੀ ਚੰਦ। ਚਹਤਿ ਉਤਾਇਲ[2] ਸ਼ੱਤ੍ਰ ਨਿਕੰਦ ॥੩੬॥ ਅਪਰ ਚਮੂੰ ਕੇਤਿਕ ਚਢਿ ਆਈ। ਸਭਿ ਕੀ ਦਿਸ਼ਿ ਗੁਰ ਦ੍ਰਿਸ਼ਟਿ ਲਗਾਈ।ਪਿਖਿ ਕਰਿ ਬੰਕੇ ਬੀਰ ਮਹਾਨਾ। ਸੁਭਟ ਸੁਨਾਵਤਿ ਹੁਕਮ ਬਖਾਨਾ ॥ ੩੭ ॥ 'ਭੰਗਾਣੀ ਗਾਡਯੋ ਰਣ ਥੰਭਾ। ਹਿਤ ਲਰਿਬੇ ਸੋ ਥਾਨ ਅਚੰਭਾ।ਉਤ ਤੇ ਕੂਚ ਕਰੇ ਰਿਪੁ ਆਇ।ਇਤ ਤੇ ਤੁਮ ਗਮਨਹੁ ਅਗੁਵਾਇ ॥੩੮॥ ਰੋਕਹੁ ਆਗਾ ਸ਼ੱਤ੍ਰਨਿ ਕੇਰਾ।ਤਹਿਂ ਘਾਲੋ ਘਮਸਾਨ ਘਨੇਰਾ'। ਸੰਗੋਸ਼ਾਹ ਹੁਕਮ ਗੁਰ ਸੁਨਿਕੈ। ਉਰ ਉਤਸਾਹ ਵਧ੍ਯੋ ਹਿਤ ਰਣ ਕੈ ॥ ੩੯ ॥ 'ਮਹਾਰਾਜ ਕ੍ਯਾ ਅਹੈਂ ਪਹਾਰੀ। ਠਹਿਰ ਨ ਸਕਹੈਂ ਜੰਗ ਮਝਾਰੀ। ਇਕਠੇ ਬ੍ਰਿੰਦ ਭਏ ਤੋ ਕਹਾਂ। ਮ੍ਰਿਗ ਸਮ ਚਲਹਿੰ ਸ਼ੇਰ ਪਿਖਿ ਮਹਾਂ' ॥੪੦॥ ਇਮ ਕਹਿ ਗਮਨ੍ਯੋ ਦਿਸ਼ਿ ਰਣ ਖੇਤ। ਜਹਿਂ ਭੰਗਾਣੀ ਕੀਨਿ ਸੰਕੇਤ[3]*। ਕਿਤਿਕ ਚਮੂੰ ਤਿਨ ਕੇ ਸੰਗ ਚਢੀ।ਲਰਿਬੇ ਹੇਤੁ ਚੌਂਪ ਚਿਤ ਬਡੀ ॥੪੧॥ ਪਾਂਚਹੁ ਭ੍ਰਾਤ ਕੁਦਾਇ ਤੁਰੰਗ। ਚਲੇ ਚਲਾਵਤਿ ਬ੍ਰਿੰਦ ਤੁਰੰਗ। ਰੋਕ੍ਯੋ ਜਾਇ ਭੰਗਾਣੀ ਆਗਾ। ਦੁਹਿ ਦਿਸ਼ਿ ਭੇਰ ਪਰਨ ਤਬਿ ਲਾਗਾ ॥ ੪੨ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਿਤਿਯ ਰੁਤੇ 'ਫ਼ੌਜ ਚੜ੍ਹਨ' ਪ੍ਰਸੰਗ ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥ ੨੪ ॥

੨੫. [ਜੰਗ ਸ਼ੁਰੂ]।

ਦੋਹਰਾ ॥ ਸ਼੍ਰੀ ਗੁਰੁ ਗੋਵਿੰਦ ਸਿੰਘ ਜੀ ਰਣ ਸਮਾਜ ਕਰਿ ਤ੍ਯਾਰ।ਭਏ ਅਰੋਹਨ ਬਾਜ ਪਰ ਪ੍ਰਥਮ ਬੰਦਨਾ ਧਾਰਿ ॥ ੧ ॥ ਭੁਜੰਗ ਪ੍ਰਯਾਤ ਛੰਦ ॥ ਚਲੇ ਜੰਗ ਸੌਂਹੇ ਭਗੌਤੀ[4] ਮਨਾਈ। ਸਜ਼ੋਰੰ ਦੁਚੋਬਾਨ[5] ਧੌਂਸੇ ਲਗਾਈ। ਉਠੀ ਬੰਬ[6]

[1]ਦੂਜਾ। [2]ਛੇਤੀ। [3](ਭੰਗਾਣੀ ਜਿੱਥੇ) ਥਾਂ ਮਿਥਿਆ ਹੋਇਆ ਸੀ। [4]ਭਗੌਤੀ ਤੋਂ ਮੁਰਾਦ 'ਭਗੌਤੀ ਦੇ ਝੰਡੇ ਵਾਲੇ' ਅਸਿਧੁਜ=ਅਕਾਲ ਪੁਰਖ ਦੀ ਹੈ ਜਿਸ ਤਰ੍ਹਾਂ ਤਾਜ ਤੋਂ ਕਈ ਵੇਰ ਤਾਜਦਾਰ= ਪਾਤਸ਼ਾਹ ਦੀ ਮੁਰਾਦ ਹੁੰਦੀ ਹੈ। (ਅ) ਸ੍ਰੀ ਸਾਹਿਬ। (ੲ) ਭਗਵੰਤ ਦੀ ਸ਼ਕਤੀ (ਜੋ ਭਗਵੰਤ ਨਾਲ ਅਭੇਦ ਹੈ)। [5]ਜ਼ੋਰ ਨਾਲ ਦੁਹਰੀ ਚੋਬ। [6]ਅਵਾਜ਼।

*ਇਸ ਤੋਂ ਸਪਸ਼ਟ ਹੈ ਕਿ ਭੰਗਾਣੀ ਪਰ ਪਹਿਲੋਂ ਤੋਂ ਤਿਆਰੀ ਕੀਤੀ ਹੋਈ ਸੀ।

ਉਚੀ ਗਣੈ ਸੈਲ ਗਾਜੇ[੧]। ਮਹਾਂਬੀਰ ਬੰਕੇ ਸਭੈ ਸ਼ਸਤ੍ਰ ਸਾਜੇ॥ ੨ ॥ ਰਿਦੈ
ਉਤਸਾਹੇ* ਤੁਰੰਗੀ ਅਰੋਹੇ।ਗੁਰੂ ਸੰਗ ਚਾਲੇ ਮਹਾਂ ਜੰਗ ਸੌਂਹੇ[੨]। ਉਠੀ ਧੂਰ
ਪੂਰੰ ਨਭੰ ਛਾਇ ਲੀਨਾ। ਪ੍ਰਕਾਸ਼ੰ ਨ ਦੀਸੈ ਰਵੈ[੩] ਢਾਂਪ ਲੀਨਾ ॥੩॥ ਬਧੇ
ਚੌਰੰਗ[੪] ਚੌਂਪੇ ਚਲਾਕੀ ਦਿਖਾਵਹਿਂ। ਚਲੇ ਗੋਲ[੪] ਆਗੇ ਕਿਕਾਨੈਂ ਕੁਦਾਵੈਂ।
ਬਕੈਂ ਬੀਰ ਊਚੇ ਸੁ ਮਾਰਾ ਬਕਾਰਾ। ਪ੍ਰਭੂ ਕੋ ਸੁਨਾਵਹਿਂ 'ਪਹਾਰੀ ਸੰਘਾਰਾ'
॥੪॥ਬਡੇ ਬੇਗ ਸੋਂ ਬਾਯੁ ਜੈਸੇ ਬਹੰਤੀ[੫]।ਤਥਾ ਸੈਨ ਸਾਰੀ ਸੁ ਸ਼ੀਘ੍ਰੰ ਚਲੰਤੀ।
ਜਥਾ ਮੇਘ ਵੁੱਠੇ[੬] ਹੜੰ ਨੀਰ ਚਾਲੇ। ਪਰਾ ਬਾਂਧਿ[੭] ਤੈਸੇ ਚਮੂੰ ਬੇਗ ਨਾਲੇ॥
੫॥ ਭਏ ਸੌਨ[੮] ਆਛੇ ਬਿਜੈ ਦੇਨ ਵਾਰੇ। ਬਹੀ ਪੌਨ ਪੀਛੇ ਰਿਦੇ ਮੋਦ ਧਾਰੇ।
ਭੁਜਾਦੰਡ ਦੋਨੋਂ ਪ੍ਰਭੂ ਕੇ ਫਰੰਕੇ।ਮ੍ਰਿਗੀ ਮਾਲ ਦਾਏਂ ਪਲਾਈ ਅਤੰਕੇ[੯]॥੬॥
ਇਸੀ ਰੀਤਿ ਚਾਲੇ ਪਹੂੰਚੇ ਭੰਗਾਣੀ। ਦਯਾਰਾਮ ਦੇਖੀ ਗੁਰੂ ਸੋਂ ਵਖਾਣੀ।
'ਪਿਖੋ ਸ਼ੱਤ੍ਰ ਸੈਨਾ ਪਰਾ[੧੦] ਬਾਂਧਿ ਠਾਢੀ।ਇਤੈਆਪਨੀ ਜੰਗ ਕੀ ਚੌਂਪ ਬਾਢੀ
॥੭॥ਪਠਾਣੋਂ ਚਮੂੰ ਧਾਮ ਜਾਨੈ ਬਹਾਨੇ[੧੧]। ਮਿਲੀ ਆਨਿ ਰਾਜਾਨ ਬੈਰੀ[੧੨]
ਮਹਾਨੇ।ਦਿਸ਼ਾ ਦਾਹਿਣੀ ਗੋਲ ਬਾਂਧੇ ਖਰੇਹੈਂ।ਸਲੂਣੇ ਹਰਾਮੀਕੋ ਕਾਰਜਕਰੇ
ਹੈਂ ॥੮॥ ਚਹੈਂ ਆਪਕੇ ਸਾਥ ਮਾਂਡੇ ਲਰਾਈ[੧੩]। ਮਹਾਂ ਦੁਸ਼ਟ ਦੋਖੀ ਨਹੀਂ
ਲਾਜ ਆਈ।ਸਭੋਂ ਕੇ ਪਿਛਾਰੀ ਫਤੇਸ਼ਾਹਿ ਠਾਢਾ। ਨਹੀਂ ਅੱਗ੍ਰ ਆਵਾ ਰਿਦੈ
ਤ੍ਰਾਸ ਬਾਢਾ॥੯॥ਹਰੀਚੰਦ ਰਾਜਾ ਹੰਡੂਰੀ ਸੁ ਜੋਧਾ। ਚਹੈ ਜੰਗ ਕੋ ਅੱਗ੍ਰ ਮੈਂ
ਠਾਂਢਿ ਕ੍ਰੋਧਾ।ਬਡੀਬਾਨ ਬਿੱਦਯਾ ਜਿਸੀ ਪਾਸ ਆਵੈ।ਲਗੈ ਅੰਗ ਜਾਂਕੇ ਤਿਸੀ
ਕਾਲ ਘਾਵੈ[੧੪]॥੧੦॥ਮਹਾਂ ਸੂਰ[੧੫] ਹੰਕਾਰ ਧਾਰੀ ਉਦਾਰਾ। ਲਖੈ ਓਜ ਜਾਂਕੋ
ਗਿਰੰ ਦੇਸ਼ ਸਾਰਾ[੧੬]।ਕਈਬਾਰ ਰਾਜਾਨਸੋਂ ਮੇਲ ਮੇਰਾ[੧੭]।ਸਰਾਹਨੋ ਸਭੈਬੀਰ
ਬਾਂਕੋ ਬਡੇਰਾ' ॥੧੧॥ ਦਯਾਰਾਮ ਭਾਖੀ ਸੁਨੀ ਬਾਤ ਸਾਰੀ। ਪ੍ਰਭੂ ਠਾਂਢ ਹ੍ਵੈ
ਕੈ ਬਿਲੋਕੀ ਅਗਾਰੀ। ਇਤੀ ਬੇਰ ਬੀਤੇ[੧੮] ਬਡੋ ਟੋਲ ਆਯੋ। ਤੁਰੰਗੈਂ
ਚਲੰਤੀ ਸੁ ਨਾਦੰ ਉਠਾਯੋ॥੧੨॥ਤਬੈ ਨੰਦ ਚੰਦੰ ਭਨਯੋ ਹਾਥ ਬੰਦੰ।'ਮਹਾ-
ਰਾਜ!ਦੇਖਹੁ ਮਹਾਂ ਬੀਰ ਬ੍ਰਿੰਦੰ।ਅਹੈਂ ਕੌਨ ਆਏ ਸੁ ਜਾਨੇ ਨ ਜਾਈਂ। ਚਮੂੰ

[੧]ਗੂੰਜ ਉਠੇ। [੨]ਜੰਗ ਦੇ ਸਾਹਮਣੇ। [੩]ਸੂਰਜ। [੪]ਟੋਲੇ। [੫]ਜਿਵੇਂ ਵਾਯੂ ਬੜੀ ਤੇਜ਼ੀ ਨਾਲ ਵਗਦੀ ਹੈ। [੬]ਵਰਖਣ ਤੇ। [੭]ਪਰ੍ਹੇ ਬੰਨ੍ਹ ਕੇ। [੮]ਸ਼ਗਨ। [੯]ਡਰਦੀ ਹੋਈ। [੧੦]ਕਤਾਰ। [੧੧]ਘਰ ਜਾਣ ਦੇ ਬਹਾਨੇ। [੧੨]ਵੈਰੀ ਰਾਜਿਆਂ ਨਾਲ ਆ ਮਿਲੀ ਹੈ। [੧੩]ਲੜਾਈ ਕਰਨੀ। [੧੪]ਮਾਰ ਦਿੰਦਾ ਹੈ। [੧੫]ਸੂਰਮਾ। [੧੬]ਪਹਾੜੀ ਦੇਸ਼ ਸਾਰਾ। [੧੭]ਮੇਰਾ ਮੇਲ ਹੋਇਆ ਹੈ। [੧੮]ਇੰਨੀ ਦੇਰ ਜਦ ਬੀਤੀ ਤਾਂ......।

*ਪਾ:–ਉਤਸਾਹਿ।

ਸੈਲਨਾਥਾਨ ਕੀ ਮਾਰਿ ਘਾਈ[੧]॥੧੩॥ਕਿਸੂ ਦੇਸ਼ ਤੇ ਸਿੱਖ ਕੈ ਔਰ ਕੋਈ। ਦਿਸ਼ਾ ਹ੍ਵੈ ਹਮਾਰੀ ਚਹੈ ਅੱਗ੍ਰ ਢੋਈ[੨]। ਪਰ੍ਹਾ ਏਕ ਪਾਸੇ ਖਰੇ ਜੰਗ ਮੰਡੇ[੩]। ਪਹਾਰੀ ਰਿਪੂ ਪੈ ਤੁਰੰਗਾਨ ਛੰਡੇ'॥੧੪॥ਪ੍ਰਭੂ ਡੀਠਡਾਰੀ ਬਿਲੋਕੇ ਸਿਪਾਹੀ। ਤਬੈ ਏਕ ਧਾਯੋ ਚਲ੍ਯੋ ਆਇ ਪਾਹੀ[੪]। ਗੁਰੂ ਤੀਰ ਹ੍ਵੈ ਕੈ ਕਰੀ ਤਾਂ[੫] ਸਲਾਮੰ। ਕਹ੍ਯੋ 'ਸ਼ਾਹਿ ਬੁੱਧੂ ਸੁ ਜੋਧਾ ਤਮਾਮੰ॥ ੧੫ ॥ ਮੁਰੀਦੰ ਸਕੇਲੇ ਸਭੈ ਸਾਤ ਸੈਯਾਂ[੬]।ਅਹੈਂ ਚਾਰ ਪੁੱਤ੍ਰੰ ਨਿਜੰ ਸੰਗ ਭ੍ਰੈਯਾ[੭]।ਗੁਰੂ ਸੇਵ ਮੈਂ ਹਾਜ਼ਰੰ ਆਨਿ ਹੋਯੋ। ਪਰ੍ਹਾ ਬੰਧਿ ਠਾਂਢੋ ਚਹੈ ਜੰਗ ਜੋਯੋ ॥ ੧੬ ॥ ਭੁਏ ਲੋਨ ਖੈ ਕੈ ਹਰਾਮੀ ਪਠਾਨੰ।ਸੁਨੀ ਬਾਤ ਸਾਰੀ ਸੁ ਹੈਫੰ ਬਖਾਨੰ[੮]। ਇਸੀ ਹੇਤੁ ਤੇ ਆਨਿ ਮੌਜੂਦ ਹੋਵਾ। ਉਪਾਲੰਭ ਕੋ ਨ ਸਹ੍ਯੋ ਵਾਹਿ ਖੋਵਾ[੯]'॥੧੭॥ ਸੁਨ੍ਯੋ ਆਵਨੰ ਜੰਗ ਮੇਲਾ ਕਰਾਲਾ[੧੦]। ਪ੍ਰਭੂ ਜੀ ਪ੍ਰਸੰਨੇ ਪਿਖੇ ਬੀਰ ਜਾਲਾ[੧੧]।ਉਤੇ ਸ਼ਾਹ ਸੰਗੋ ਸੁ ਸੰਗ੍ਰਾਮ ਘਾਲੇ। ਤਜੈ ਸ਼ੀਘ੍ਰ ਗੋਰੀ ਰਿਪੂ ਘਾਵ ਡਾਲੇ ॥ ੧੮ ॥ ਭਯੋ ਨਾਦ ਭਾਰੀ ਇਕੰਬਾਰ ਐਸੇ। ਤਪੈ ਰੇਤ ਤੇ ਧਾਨ ਭੂਜੰਤਿ ਜੈਸੇ। ਤੁਰੰਗਾਨ ਕੌ ਫੇਰਿ ਫੇਰੇਤੁਰੰਗਾ।ਛਿਰੇ ਜੰਗ ਤੇ ਅੰਗਲਾਗੈ ਤ ਭੰਗਾ[੧੨]॥੧੯॥ਫਤੇਸ਼ਾਹ ਪਾਛੇ ਬਿਲੋਕੀ ਲਰਾਈ।ਹਰੀਚੰਦ ਤੇ ਆਦਿ ਜੈਸੇ ਲਗਾਈ[੧੩]।ਭਨ੍ਯੋ ਮਾਨ ਸੰਗੀ 'ਗੁਰੂ ਸੈਨ ਭਾਰੀ।ਕਹਾਂ ਤੇ ਬਟੋਰੀ ਸਮੂਹੰ ਨਿਹਾਰੀ॥੨੦॥ ਹੁਤੇ ਪਾਂਚ ਸੈ ਖਾਨ ਸੋ ਛੋਰਿ ਆਏ। ਹਮਾਰੀ ਦਿਸ਼ਾ ਹੋਇ ਸ਼ਸਤ੍ਰੰ ਚਲਾਏ।ਅਬੈ ਹੋਇ ਆਗੈ ਕਰੋ ਜੰਗ ਭਾਰਾ। ਪ੍ਰਹਾਰੋ ਭਲੀ ਭਾਂਤਿ ਤੇ ਲੋਹ ਧਾਰਾ'॥੨੧॥ਹਰੀ-ਚੰਦ ਬੋਲ੍ਯੋ 'ਪਠਾਨੰ ਮਹਾਨਾ। ਗੁਰੂ ਭੇਤ ਸਾਰੋ ਜਥਾ ਜੋਗ ਜਾਨਾ। ਕਰੀ ਮਾਫ ਲੂਟੰ ਕਹੈਂ ਸੋ ਬਨਾਈ।-ਬਿਨਾ ਆਨ ਸੈਨਾ, ਹਮਾਰੀ ਲਰਾਈ॥ ੨੨॥ਸਹੀ ਨਾਂਹਿ ਜਾਵੈ ਗੁਰੂ ਪਾਸ ਕੈਸੇ[੧੪]।ਸਬਿੱਦ੍ਯਾ ਅਗਾਰੀ ਅਬਿੱਦ੍ਯਾਹਿ ਜੈਸੇ[੧੫]। ਪੁਰਾ ਜੰਗ ਖਾਨਾਨ ਕੋ ਦੇਖਿ ਲੀਜੈ[੧੬]। ਪੁਨੈ ਸੈਨ ਸਾਰੀ ਲਰੈ,

---

[੧]ਪਹਾੜੀ ਰਾਜਿਆਂ ਦੀ ਸੈਨਾ ਮਾਰ ਕੇ ਜ਼ਖਮੀ ਕਰ ਦਿਤੀ ਹੈ। [੨]ਅੱਗੇ ਢੁੱਕਣਾ ਚਾਹੁੰਦਾ ਹੈ। [੩]ਕਤਾਰ ਇਕ ਪਾਸੇ ਬੰਨ੍ਹ ਕੇ ਜੰਗ ਰਚਿਆ ਹੈ। [੪]ਪਾਸ। [੫]ਤਿਸ ਨੇ। [੬]ਸੱਤ ਸੌ। [੭]ਚਾਰ ਪੁੱਤ੍ਰ ਹਨ (ਉਹ ਬੀ) ਆਪਣੇ ਨਾਲ ਕਰ ਲਏ। (ਅ) ਚਾਰ ਪੁੱਤ੍ਰ ਤੇ ਆਪਣਾ ਭਰਾ ਨਾਲ ਹਨ [ਦੇਖੋ ਖਾ: ਤ੍ਵਾ:]। [੮]ਭਾਵ ਧਿਕਾਰ ਪਾਈ (ਪਠਾਣਾਂ ਨੂੰ)। [੯]ਉਲਾਂਭੇ ਨੂੰ ਸਹਾਰਿਆ ਨਹੀਂ (ਉਲਾਂਭਾ) ਲਾਹ ਦਿਤਾ ਹੈ। [੧੦]ਜੰਗ ਦੇ ਭ੍ਯਾਨਕ ਸਮੇਂ (ਬੁੱਧੂ ਸ਼ਾਹ) ਦਾ ਆਉਣਾ ਸੁਣਿਆ। [੧੧]ਬਹੁਤੇ। [੧੨]ਜੰਗ ਛਿੜੇ ਤੇ ਹੀ ਜਿਸ ਅੰਗ ਵਿਚ ਲਗਦੀਆਂ ਹਨ ਉਸ (ਅੰਗ) ਦਾ ਨਾਸ਼ ਹੋ ਜਾਂਦਾ ਹੈ। [੧੩]ਜੈਸੇ (ਲੜਾਈ) ਛੇੜੀ ਹੈ। [੧੪]ਹੋਰ ਫੌਜ ਤੋਂ ਬਿਨਾਂ (ਕੇਵਲ) ਸਾਡੀ ਲੜਾਈ ਗੁਰੂ ਤੋਂ ਕਿਸੇ ਤਰ੍ਹਾਂ ਨਹੀਂ ਸਹੀ (ਝੱਲੀ) ਜਾਵੇਗੀ। [੧੫]ਜਿਵੇਂ ਵਿਦਿਆਵਾਨ ਦੇ ਅੱਗੇ ਅਵਿਦ੍ਯਾ ਵਾਲਾ ਨਹੀਂ (ਠਹਿਰ ਸਕਦਾ)। [੧੬]ਪਹਿਲੇ ਪਠਾਣਾਂ ਦਾ ਜੰਗ ਦੇਖ ਲਓ।

ਧੀਰ ਕੀਜੈ'॥੨੩॥ਫਤੇਸ਼ਾਹ ਮਾਨੀ ਸੁਨੀ ਬਾਤ ਭਾਈ[੧]।ਲਿਯੋ ਭੀਖਨੰਖਾਨ ਤੀਰੰ ਬੁਲਾਈ । ਅੰਗਾਰੀ ਖਰੋ ਦੇਖਿ ਕੈ[੨] ਭੂਪ ਬੋਲਾ। 'ਕਹਾਂ ਦੇਰਿ ਕੀਨੀ, ਖਰੇ ਦੇਖਿ ਓਲਾ[੩]॥੨੪॥ਅਹੈ ਮਾਫ ਲੂਟੈ ਕਰੋ ਜੰਗ ਭਾਰਾ । ਬਟੋਰੇ ਗੁਰੂ ਨੇ ਅਨੇਕੰ ਪ੍ਰਕਾਰਾ[੪] । ਨਹੀਂ ਸ਼ਸਤ੍ਰਧਾਰੀ ਤਿਨੈ ਬੀਚ ਕੋਊ । ਹਤੇ ਏਕ ਬਾਰੀ ਚਲੈ ਭਾਜ ਸੋਊ ॥ ੨੫॥ਬਡੋ ਦਰਬ ਕੋ ਸੰਗ ਲੈ ਲੂਟ ਸਾਰੋ[੫] । ਧਨੀ ਹੋਇ ਭਾਰੋ ਨਿਕੇਤੈਂ[੬]ਸਿਧਾਰੋ[੭]। ਸੁਨੀ ਭੀਖਨੰਖਾਨ ਮਾਨੀ ਸੁ ਬਾਨੀ।ਚਲ੍ਯੋ ਜੰਗ ਸੌਹੇਂ ਮਿਤੰ ਨਿਯਰਾਨੀ॥ ੨੬ ॥ ਪਠਾਣੀ ਚਮੂੰ ਸੰਗ ਲੀਨੀ ਹਕਾਰੇ।ਕਹ੍ਯੋ 'ਹੇਲ ਕੀਜੈ' ਲਿਜੈ ਅੱਗ੍ਰ ਮਾਰੇ । ਪਲਾਵੇ ਇਕੰ ਬਾਰ ਪੀਛੈ ਸਿਧਾਰੋ। ਪੁਰੰ' ਪਾਂਵਟਾ ਜਾਤਿ ਹੀ ਲੂਟ ਮਾਰੋ ॥ ੨੭ ॥ ਜਥਾ ਸੈਨ ਸੰਚੀ ਸਮੂਹੰ ਗਵਾਰਾ[੮]। ਤਥਾ ਜਾਨਤੇ ਹੋਇ ਹਾਰੇ ਬਿਚਾਰਾ[੯]। ਇਮੰ ਭਾਖਤੋ ਜੰਗ ਕੇ ਅੱਗ੍ਰ ਆਯੋ। ਜਿਤੇ ਖਾਨ ਸੰਗੀ ਸਭੈ ਸੰਗ ਲ੍ਯਾਯੋ॥੨੮॥ ਕਰ੍ਯੋ ਭੇਰ ਗਾਢੇ ਤਜ੍ਯੋ ਬਾਨ ਗੋਰੀ । ਹਯੰ ਫੇਰਿ ਕੇ ਧਾਇ ਸੰਗ੍ਰਾਮ ਠੌਰੀ।ਤਬੈ ਨੰਦਚੰਦੰ ਪ੍ਰਭੂ ਸੰਗ ਬੋਲ੍ਯੋ। 'ਦਲੰਖਾਨ ਢੂਕ੍ਯੋ, ਫਿਰੰ ਜੰਗ ਤੋਲ੍ਯੋ[੧੦] ॥ ੨੯ । ਇਤੈ ਆਪ ਭਾਖੇ ਰੁਕੇ[੧੧] ਜਾਇ ਆਗ।ਹਤੌਂ ਖਾਨ ਦ੍ਰੋਹੀਨ ਕੋ ਦੋਸ਼ ਲਾਗਾ[੧੨]।ਖਰੇ ਆਪ ਦੇਖੋ ਪ੍ਰਭੂ ਜੀ ਤਮਾਸ਼ਾ । ਛੁਟੇ ਤੀਰ ਗੋਰੀ ਰਿਪੂ ਬ੍ਰਿੰਦ ਨਾਸ਼ਾ' ॥ ੩੦ ॥—ਲਰੈਂ ਖਾਨ ਆਈ[੧੩]—ਸੁਨੇ ਬੈਨ ਕਾਨੰ । ਦਈ ਫੇਰ ਆਗ੍ਯਾ 'ਬਨੋ ਸਾਵਧਾਨੰ । ਦਯਾਰਾਮ ਕੋ ਸੰਗ ਲੀਜੈ ਬੁਲਾਈ' । ਦਊ ਬੀਰ ਬੰਕੇ ਚਲੇ ਸਾਮੁਹਾਈ ॥ ੩੧॥ਧਰੇ ਚਾਂਪ ਹਾਥੰ ਰਿਦੇ ਚੌਂਪ ਸੰਗ।ਸਰੰ ਸੰਧਿ ਐਂਚੇ ਹਨੇ ਸ਼ੱਤ੍ਰ ਅੰਗ। ਸੁਬੇਗੀ ਚਲੈਂ ਸ਼ੂਕ ਐਸੇ ਬਿਲੋਕੈਂ[੧੪] । ਉਡੈਂ ਪੰਖ ਸੋਂ ਨਾਗ ਦੌਰੈਂ ਅਰੋਕੈਂ[੧੫] ॥ ੩੨ ॥ਤਨੰ ਖਾਨ ਬੀਧੇ ਪ੍ਰਵੇਸ਼ੇ ਸੁ ਧਾਈ।ਗਿਰੇ ਘਾਇ ਲਾਗੇ[੧੬]ਤਿਨੋ ਮ੍ਰਿੱਤੁ ਪਾਈ । ਤਹਾਂ ਲਾਲਚੰਦੰ ਗੁਰੂ ਤੀਰ ਠਾਂਢੇ । ਹੁਤੇ ਮਾਹਿਖੀਪਾਲ[੧੭] ਕੋ ਚਾਵ

---

[੧]ਚੰਗੀ ਲਗੀ। [੨]ਭੀਖਨ ਖਾਂ ਨੂੰ ਅੱਗੇ ਖਲੋਤਾ ਵੇਖਕੇ । [੩]ਭਾਵ ਲੁਕਕੇ ਖੜੇ ਹੋ । [੪]ਕਈ ਤਰ੍ਹਾਂ ਦੇ (ਲੋਕੀਂ) । [੫]ਬਹੁਤਾ ਧਨ ਹੈ ਸਾਰਾ ਲੁੱਟ ਕੇ ਨਾਲ ਲੈ ਲਓ । [੬]ਘਰਾਂ ਨੂੰ। [੭]ਪਹਿਲੇ (ਅ) ਸ਼ਹਿਰ । [੮]ਗਵਾਰਾਂ ਦੀ ਸਾਰੀ ਸੈਨਾ ਕੱਠੀ ਕੀਤੀ ਹੈ। [੯]ਤੁਸੀਂ ਜਾਣਦੇ ਹੀ ਹੋ ਕਿ ਏਹ ਵਿਚਾਰੇ ਹਾਰ ਜਾਣਗੇ। [੧੦]ਫਿਰਕੇ ਜੰਗ ਨੂੰ ਜਾਚਦਾ ਹੈ [੧੧]ਰੋਕੀਏ । [੧੨]ਮੈਂ ਮਾਰਾਂ ਖਾਨਾਂ ਨੂੰ ਜਿਨ੍ਹਾਂ ਦ੍ਰੋਹੀਆਂ ਨੂੰ ਦੋਸ਼ ਲੱਗ ਰਿਹਾ ਹੈ (ਨਿਮਕਹਰਾਮੀ ਦਾ) । [੧੩]ਆਕੇ ਖਾਨ ਲੜਦੇ ਹਨ। [੧੪]ਐਉਂ ਦਿਖਾਈ ਦਿੰਦੇ ਹਨ । [੧੫](ਮਾਨੋਂ) ਖੰਭਾਂ ਵਾਲੇ ਨਾਗ ਉਡਦੇ ਹਨ (ਜਿਨ੍ਹਾਂ ਦੀ) ਦੌੜ (ਚਾਲ) ਅਰੋਕ ਹੈ। [੧੬]ਜੇਹੜੇ ਜ਼ਖਮੀ ਹੋਕੇ ਡਿੱਗੇ । [੧੭]ਮਹੀਆਂ ਦਾ ਪਾਲਕ ।

ਬਾਢੋ॥੩੩॥ ਬਡੋ ਜੋਰ ਜਾ ਮੈਂ, ਕਰੈ ਜੋਰਿ ਭਾਖਾ[1]। 'ਦਿਜੈ ਨਾਥ ਆਗਯਾ ਮਹਾਂ ਮੋ ਭਿਲਾਖਾ[2]। ਜਹਾਂ ਪੰਚ ਭ੍ਰਾਤਾ ਮਹਾਂ ਜੰਗ ਘਾਲਾ। ਤਹਾਂ ਜਾਇ ਕੈ ਮੈਂ ਹਤੋਂ ਖਾਨ ਜਾਲਾ[3]' ॥੩੪॥ ਹਸੇ ਦੀਨ ਬੰਧੂ ਕਹਯੋ 'ਧਾਇ ਜਾਵੋ। ਹਤੋ ਤੀਰ ਤੀਖੇ ਪਠਾਨੈ ਪਲਾਵੋ'। ਸੁਨੇ ਬੈਨ ਸ਼੍ਰੋਨੈ ਚਲਯੋ ਚੌਂਪ ਸੰਗਾ। ਸੰਭਾਰੇ ਕੁਦੰਡੰ[4] ਕੁਦਾਯੋ ਤੁਰੰਗਾ ॥ ੩੫ ॥ ਕ੍ਰਪਯੋ ਲਾਲਚੰਦੰ ਕਿਧੌ ਲਾਲ ਰੂਪੰ। ਜਿਨੈ ਗੰਜਯੋ ਗਰਬ ਸਿੰਘੰ ਅਨੂਪੰ[5]। ਜਹਾਂ ਸ਼ਾਹਿ ਸੰਗੋ ਖਰੋ ਤੀਰ ਮਾਰੈ। ਤਹਾਂ ਹੋਇ ਆਗੈ ਪਠਾਨੈ ਬੰਗਾਰੈ॥੩੬॥ਬਡੋ ਓਜ ਤੇ ਬੋਲਿ ਐਸੇ ਸੁਨਾਯੋ। ਮਨੋ ਮ੍ਰਿਗ ਪੁੰਜਾਨ ਮੈਂ ਸ਼ੇਰ ਆਯੋ। ਭਯੋ ਕੋਪ ਤੇ ਲਾਲ ਰੰਗੀ ਸਰੀਰੰ। ਕੁਦੰਡੰ ਕਠੋਰੰ ਖਿਚੇ ਛੋਰਿ ਤੀਰੰ॥੩੭॥ ਗਿਰੇ ਖਾਨ ਕੇਤੇ ਹਯੰ ਛੂਛ ਛੋਰੇ। ਦੁਹੂੰ ਓਰ ਕੇ ਬੀਰ ਅੰਗਾਨਿ ਫੋਰੇ।ਚਲੀ ਲੋਹ ਧਾਰਾ ਕਰੈਂ ਮਾਰ ਮਾਰੈ। ਰਿਦੇ ਭੀਰੁ[6] ਕੇਤੇ ਚਲੇ ਤ੍ਰਾਸ ਧਾਰੈ ॥ ੩੮ ॥ ਕ੍ਰਪਯੋ ਮਾਹਰੀਚੰਦ ਜੋਧਾ ਬਡੇਰਾ। ਪ੍ਰਵੇਸ਼ਯੋ ਰਿਪੂ ਸੈਨ ਮੈਂ ਸਰਬ ਹੇਰਾ। ਮਹਾਂਤੇਜ* ਘੋਰਾ ਬਰਯੋ ਬੀਚ ਜਾਇ। ਹਤੇ ਏਕ ਦੈ ਖਾਨ ਭੂ ਮੈਂ ਗਿਰਾਇ॥੩੯॥ਚਹੂੰ ਓਰ ਤੇ ਖਾਨਬਾਨੈ ਕਮਾਨਾ। ਸੰਭਾਰੇ ਪ੍ਰਹਾਰੈਂ ਮਹਾਂ ਤਾਨ ਤਾਨਾ[7]। ਹਯੰ ਕੀ ਚਲਾਕੀ ਇਤੈ ਉੱਤ ਜਾਵੈ। ਰਿਪੂ ਘਾਵ ਕੌ ਦੇਖਿ ਸ਼ੀਘ੍ਰੰ ਬਚਾਵੈ ॥ ੪੦ ॥ ਘਿਰਯੋ ਬੀਚ ਖਾਨੈ ਰਨੰ ਰੰਗ ਰੁੱਝਯੋ। ਭਯੋ ਸਾਮੁਹੇ ਸੋ ਝਟਾਪੱਟ ਜੁੱਝਯੋ। ਪਿਖਯੋ ਸ਼ਾਹਿ ਸੰਗੋ ਰੁਕਯੋ ਭ੍ਰਾਤ ਏਕੋ। ਖਤੰਗੈਂ ਪ੍ਰਹਾਰੇ ਪਠਾਨੈ ਅਰੇ ਕੋ[8]॥੪੧॥ ਲਿਯੇ ਸੈਨ ਕੋ ਸੰਗ ਹੇਲਾ ਸੁ ਘਾਲਾ। ਛੁਟੇ ਤੀਰ ਗੋਰੀਨ ਰੋਰੇ ਬਿਸਾਲਾ। ਕਿਤੇ ਖਾਨ ਮਾਰੇ ਕਿਤੇ ਭਾਜ ਚਾਲੇ। ਮਿਲਯੋ ਮਾਹਰੀ ਚੰਦ ਆਪਾ ਸੰਭਾਲੇ ॥ ੪੨ ॥

ਦੋਹਰਾ ॥ ਅਲਪ ਘਾਵ ਹਯ ਕੋ ਲਗੇ ਮਿਲਯੋ ਚਮੂੰ ਮਹਿਂ ਆਇ[9]। ਮਾਰ ਪਠਾਨਿਨ ਕੋ ਤਬੈ ਪ੍ਰਥਮ ਫਤੇ ਕੋ ਪਾਇ॥੪੩॥ਬਹੁਰ ਥਿਰੇ ਸਨਮੁਖ ਹਤੇ ਗਨਗੋਰੀ ਅਰੁਬਾਨ।ਦੁਹੂੰ ਦਿਸ਼ਿਤੇਛੂਟੈਂਲਗੇਂ,ਹੋਨਿਲਗਯੋਘਮਸਾਨ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਤਿਯ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

੨੬. [ਬੁੱਧੂਸ਼ਾਹ ਦੇ ਪੁੱਤ੍ਰਾਂ ਦਾ ਜੰਗ। ਇਕ ਸ਼ਹੀਦ ਹੋਯਾ]।

ਦੋਹਰਾ ॥ ਇਕ ਦੁਇ ਹਤੇ ਪਠਾਨ ਰਨ ਪੁਨ ਆਯੋ[10] ਸਵਧਾਨ।ਦੇਖਿ ਸਭੈ

[1]ਹੱਥ ਜੋੜਕੇ ਆਖਿਆ। [2]ਮੇਰੀ ਬੜੀ ਇੱਛਾ ਹੈ। [3]ਬਹੁਤੇ। [4]ਧਨੁਖ। [5]ਜਿਸਨੇ ਅਨੂਪਮ ਸ਼ੇਰਾਂ ਦੇ ਹੰਕਾਰ ਨੂੰ ਬੀ ਨਾਸ਼ ਕਰ ਦਿੱਤਾ ਹੈ। [6]ਕਾਇਰ। [7]ਤਾਨ ਤਾਨ ਕੇ। (ਅ) ਬੜੇ ਬਲ ਨਾਲ ਤਾਣਕੇ। [8]ਅੜ ਰਹੇ ਪਠਾਣਾਂ ਨੂੰ ਤੀਰ ਮਾਰਦਾ ਹੈ। [9](ਮਾਹਰੀ ਚੰਦ) ਆ ਮਿਲਿਆ। [10]ਮਾਹਰੀ ਚੰਦ ਆਯਾ। *ਪਾঃ—ਮਹਾਰਾਜ।

ਬਿਸਮੇ ਰਹੇ,ਗਯੋ ਬੀਰ ਤੇ ਜਾਨ[੧] ॥੧॥ ਪਾਧੜੀਛੰਦ॥ ਇਕ ਦਿਸ਼ਾ ਬਿਖੈ ਲੈ ਸੁਭਟ ਬ੍ਰਿੰਦ।ਰੁਪ ਰਹ੍ਯੋ ਸ਼ਾਹਿ ਬੁੱਧੂ ਬਿਲੰਦ। ਜੋ ਹੁਤੀ ਛੇਰ[੨] ਗਿਰਪਤਿਨਿ ਕੇਰ। ਛੇਰਤਿ ਤੁਰੰਗ ਤਿਨ ਰਖੀ ਘੇਰ ॥੨॥ ਨਹਿੰ ਆਨ ਥਾਨ ਦੀਨੇ ਸੁ ਜਾਨਿ[੩]।ਛੋਰੰਤਿ ਬਾਨ ਧਨੁ ਤਾਨ ਤਾਨ।ਬਹੁ ਮਚ੍ਯੋ ਰੌਰ ਬਕ[੪]'ਮਾਰ ਮਾਰ'। ਹੱਥਯਾਰ ਸਮੂਹ ਪ੍ਰਹਾਰ ਡਾਰਿ ॥ ੩ ॥ ਬਹੁ ਬਜਤਿ ਦੁੰਦਭੀ ਦਿਸ਼ਨਿ ਦੋਇ। ਗਨ ਭੇਰਿ ਭੁੰਕਾਰਨ ਸ਼ਬਦ[੫] ਹੋਇ। ਭਟ ਛੇਰਨ ਅੱਗ੍ਰ[੬] ਬਜੰਤਿ ਢੋਲ।ਭਟ ਪਰੇ ਧਾਇ ਬਡ ਬੋਲਿ ਬੋਲਿ॥੪॥ਇਕ ਬਾਰਿ ਪਰੇ ਗਨ ਗਿਰਨ ਲੋਕ[੭]। ਗਨ ਗਿਰਨ ਲਗੇ ਕਰਿ ਢੂਵ ਢੋਕ[੮]। ਗੁਲਕਾਨ ਕੇਰਿ ਬਰਖਾ ਹਵੰਤਿ। ਘਨ ਦੋਇ ਮਨੋ ਕਰਕਾ ਪਰੰਤਿ[੯] ॥ ੫ ॥ ਛਿਤ ਸ਼੍ਰੋਨਤ ਬਿਥਰ੍ਯੋ ਰੰਗ ਲਾਲ। ਬਹੁ ਮਰੇ ਹੇਰਿ ਗ੍ਰਿੱਝੈਂ ਬਿਸਾਲ।ਭ੍ਰਮੀ ਅਨੇਕ ਨਭ ਆਇ ਆਇ।ਗਨ ਰਟੈਂ ਨਾਦ ਪਲ[੧੦]ਖਾਇ ਖਾਇ॥੬॥ਗਿਰ ਲੋਕਨ ਕਿਯ ਹੇਲਾ ਕਰਾਲ।ਰੁਪ ਰਹ੍ਯੋ ਸ਼ਾਹਿ ਬੁੱਧੂ ਬਿਸਾਲ। ਸਭਿ ਲੀਨਿ ਝਾਲ[੧੧] ਪਗ ਨਾਂਹਿ ਹਾਲ[੧੨]।ਸਭਿ ਲੇ ਮੁਰੀਦ ਪਰਹਾਰ ਡਾਲਿ[੧੩]॥੭॥ਬਹੁਹਤੇ ਸ਼ੱਤ੍ਰ ਲਿਯ ਜੰਗ ਤੋਲ[੧੪]। ਕਰਿ ਹਲਾਹੂਲ ਬਹੁ ਰੋਲ ਝੋਲ। ਸੁਤ ਚਤਰ ਪੀਰ ਲੇ ਧਾਇ ਜਾਇ। ਗੁਲਕਾਨ ਬ੍ਰਿੰਦ ਬਰਖਾ ਕਰਾਇ ॥੮॥ਤਬਿ ਝਟਾ ਪੱਟ ਗਿਰ ਪਰੇ ਸੂਰ। ਬਹੁ ਮਰੇ ਪਹਾਰੀ ਮਿਲੇ ਧੂਰ। ਸਤਿਗੁਰੂ ਦਿਖਾਵਨਿ ਕੇਰਿ ਹੇਤੁ[੧੫]। ਬਹੁ ਕਰ੍ਯੋ ਓਜ ਰੁਪਿ ਜੰਗ ਖੇਤ[੧੬] ॥ ੯ ॥ ਪੁਨ ਧਾਇ ਕੀਨਿ ਹੇਲਾ ਕਰਾਲ।ਲਰਿ ਮਰੇ ਮਾਰ ਕਰਿ ਭਟਨ ਜਾਲ[੧੭]। ਕਰਵਾਰ ਨਿਕਾਰਿਯ ਏਕ ਵਾਰ। ਗਿਰ ਨਰਨ ਨਿਕੰਦਤਿ ਵਾਰ ਵਾਰ॥੧੦॥ਨਹਿੰ ਜਮੇ ਪਾਇ ਚਾਲੇ ਪਲਾਇ।ਗਿਰ ਤਰੁਨਿ ਓਟ[੧੮]ਆਪਾ ਬਚਾਇ।ਤਬਿ ਪਿਖਿ ਗੁਲੇਰੀਆ ਨ੍ਰਿਪ

---

[੧]ਇਹ ਜਾਣਕੇ ਕਿ ਮਾਹਰੀ ਚੰਦ ਵਿਚੋਂ ਨਿਕਲ ਗਿਆ ਹੈ। (ਅ) ਸੁਧ ਪਾਠ 'ਜ੍ਵਾਨ' ਜਾਪਦਾ ਹੈ। [੨]ਇਹ ਬਾਕਾਇਦਾ ਫੌਜ ਨਹੀਂ ਹੁੰਦੀ ਗਿਰਾਵਾਂ ਦੇ ਸ਼ਸਤ੍ਰ ਵਾਹ ਸਕਣ ਵਾਲੇ ਲੜਾਕੇ ਜੁੱਧ ਵੇਲੇ ਇਕੱਠੇ ਕਰ ਲੈਂਦੇ ਹੁੰਦੇ ਸਨ ਜਿਵੇਂ ਅਜ ਕਲ ਰੀਜ਼ਰਵ ਸੈਨਾ ਹੁੰਦੀ ਹੈ। [੩]ਹੋਰ ਥਾਂ ਜਾਣ ਨਹੀਂ ਦਿਤੇ। [੪]ਕਹਿੰਦੇ ਹਨ। [੫]ਭੇਰੀਆਂ ਦੇ ਵੱਜਣ ਦਾ ਸ਼ਬਦ। [੬]ਵਹੀਰਾਂ ਦੇ ਅੱਗੇ। [੭]ਬਹੁਤੇ ਪਹਾੜੀਏ ਲੋਕੀਂ। [੮]ਢੁਕ ਕੇ ਮੇਲ ਕੀਤਾ। [੯]ਦੋ ਬਦਲਾਂ ਤੋਂ ਮਾਨੋ ਓਲੇ(ਗੜੇ)ਪੈਂਦੇ ਹਨ। [੧੦]ਮਾਸ। [੧੧]ਝੱਲ ਲਿਆ। [੧੨]ਨਾ ਹਿੱਲਿਆ। [੧੩]ਵਾਰ ਕੀਤੇ। [੧੪]ਸਹਾਰ ਲਿਆ। (ਅ) ਸਾਰਾ ਅੰਦਾਜ਼ਾ ਲਾ ਲਿਆ। [੧੫]ਗੁਰੂ ਜੀ ਦੇ ਦਿਖਾਵਣ ਵਾਸਤੇ। [੧੬](ਬੁਧੂ ਸ਼ਾਹ ਨੇ) ਮੈਦਾਨ ਜੰਗ ਵਿਚ ਅੜਕੇ। [੧੭]ਸਾਰੇ। [੧੮]ਬ੍ਰਿਛਾਂ ਦੀ ਓਟ ਵਿਚ।

ਗੁਪਾਲ। ਤਿਤ ਗਯੋ ਧਾਇ ਲੇ ਭਟਨਿ ਜਾਲ ॥ ੧੧ ॥ ਗੁਲਕਾਨਿ ਪੁੰਜ ਬਰਖਾ ਸੁ ਕੀਨਿ।ਬਕਿ 'ਮਾਰ ਮਾਰ' ਬਡ ਓਜ ਦੀਨਿ।ਸੁਤ ਚਤੁਰ ਪੀਰ ਕੇ ਬਲਿ ਬਿਸਾਲ। ਹੁਇ ਖਰੇ ਅੱਗ੍ਰ ਪਿਖਿ ਕੈ ਗੁਪਾਲ ॥੧੨॥ ਸ਼ਲਖੈਂ ਤੁਫੰਗ ਗੁਲਕਾਨ ਕੇਰਿ। ਗਿਰ ਨਰਨਿ[1] ਮਾਰਿ ਥਿਰ ਹ੍ਵੈ ਦਿਲੇਰ। ਤਿਨ ਸੰਗ ਮੁਰੀਦ ਜਿ ਮੁਸਲਮਾਨ। ਸਭਿ ਕੁਪੇ ਕੀਨਿ ਨੰਗੇ ਕ੍ਰਿਪਾਨ ॥ ੧੩ ॥ ਰਿਸ ਕਰਿ ਗੁਪਾਲ ਊਚੇ ਕਹੰਤਿ।'ਕਿਮ ਭਾਜ ਪਾਇ ਚਾਲੇ ਡਰੰਤਿ? ਅਬਿ ਹਟੌ ਬੀਰ! ਮੈਂ ਹੌਂ ਸਹਾਇ। ਜੋ ਅਰੇ ਅੱਗ੍ਰ ਤਿਨ ਲੇਹਿੰ ਘਾਇ'॥੧੪॥ਬਚ ਸੁਨੇ ਨ੍ਰਿਪਤ ਕੇ ਹਟੇ ਬੀਰ। ਛੋਰਤਿ ਤੁਫੰਗ ਗੁਲਕਾਨ ਤੀਰ।ਬਡ ਹੇਲ ਕੀਨਿ ਪਰਿ ਧੂਮਧਾਮ। ਢੋਲਨਿ ਬਜਾਇ ਡੰਕਤਿ ਦਮਾਮ[2] ॥ ੧੫ ॥ ਮਿਲਿ ਪਰੇ ਪਰਸਪਰ ਘਾਵ ਡਾਲਿ। ਗਿਰ ਪਰੇ ਬੀਰ ਹ੍ਵੈ ਕੈ ਕਰਾਲ। ਰਣ ਜੋਰ ਸਹਯੋ ਨਹਿੰ,ਭੇ ਪਲਾਇ[3]। ਪਿਖਿ ਪੀਰ ਪੁੱਤ੍ਰ ਰਿਸ ਉਰ ਵਧਾਇ ॥੧੬॥ ਸ਼ਮਸ਼ੇਰ ਕਾਢਿ ਸਮ ਸ਼ੇਰ ਹੋਇ।ਸ਼ੱਤ੍ਰਨਿ ਮਾਰਿ ਰਨ ਮੈਂ ਖਰੋਇ।ਜਹਿਂ ਨ੍ਰਿਪ ਗੁਪਾਲ ਤਹਿਂ ਤੀਰ ਜਾਇ।ਬਹੁ ਉਛੈਰਿ ਉਛਰਿ ਕਰਿਯੰਤਿ ਘਾਇ।੧੭॥ਇਤ ਉਤ ਫਿਰੰਤਿ ਗਹਿ ਖੜਗ ਢਾਲ।ਕਰਿ ਪਟੇਬਾਜ ਬਿੱਦਯਾ ਬਿਸਾਲ। ਰਿਪੁ ਮਾਰਿ ਬਚਾਵਤਿ, ਮਾਰ ਤਾਂਹਿ[4]। ਬਹੁ ਗਿਰੀ ਲੋਥ ਰਣ ਖੇਤ ਮਾਂਹਿ ॥੧੮॥ ਗਿਰ ਨਰ ਅਚੰਭਕੌ ਧਾਰਿ ਧਾਰਿ।ਬਹੁ ਉਮਡਿ ਉਮਡਿ ਘੇਰੋ ਸੁ ਡਾਰ।ਨਹਿਂ ਤਊ ਵਾਰ ਕਿਸ.ਤੇ ਸੁ ਖਾਇ।ਤਨ ਕੌ ਬਚਾਇ ਰਿਪੁ ਘਾਇ ਘਾਇ[5]॥੧੯॥ਬਹੁ* ਦਿਸ਼ਿਨਿ ਕੇਰ ਭਟ ਹੇਰਿ ਹੇਰਿ। ਕਹਿਂ 'ਸਾਧ ਸਾਧ' ਪੁਨ 'ਘੇਰ ਘੇਰ[6]'। ਬਹੁ ਮਚਯੋ ਰੌਰ ਗੁਰ ਸੁਨਤਿ ਕਾਨ। ਬੂਝੈਂ'ਇਤੋਕ ਕਿਨ ਜੰਗ ਠਾਨਿ ?' ॥੨੦॥ ਇਕ ਸੁਭਟ ਭਨਯੋ'ਚਹੁੰ ਪੁੱਤ੍ਰ ਪੀਰ'। ਰਿਪੁ ਹਨੇ ਅਨਿਕ, ਬਿਚ ਖਿਰੇ ਧੀਰ।ਤਿਨਪਰ ਗਲੇਰੀਆ ਧਾਇਜਾਇ। ਲਿਯ ਘੇਰ ਬੀਚ ਸਮੁਦਾਇ ਆਇ ॥੨੧॥ ਤਿਨਕੀ ਸਹਾਇ ਭੇਜੋ ਬਿਸਾਲ'। ਢਿਗ ਹੁਤੋ ਖਰੋ ਮਾਤੁਲ ਕ੍ਰਿਪਾਲ।ਸੁਨਿਭੀਰ ਪਰੀ ਮਨ ਛੋਭਧਾਰਿ।ਹਯ ਕੋ ਕੁਦਾਇ ਚਾਲਯੋ ਉਦਾਰ ॥੨੨॥ ਕਰ ਮੈਂ ਕੁਦੰਡ ਐਂਚਯੋ ਕਠੋਰ। ਭੀਖਨ ਖਤੰਗ ਗੁਨ ਬੀਚ[8] ਜੋਰਿ।

[1]ਪਹਾੜੀ ਮਨੁੱਖਾਂ ਨੂੰ। [2]ਦਮਾਮਿਆਂ ਤੇ ਚੋਬਾਂ ਵਜਦੀਆਂ ਹਨ। [3]ਦੌੜ ਗਏ। [4]ਸ਼ੱਤ੍ਰ ਦੀ ਮਾਰ ਬਚਾ ਕੇ (ਆਪ) ਤਿਨ੍ਹਾਂ ਨੂੰ ਮਾਰਦਾ ਹੈ। [5]ਜ਼ਖਮੀ ਕਰਕੇ ਮਾਰਦਾ ਹੈ। [6]ਕਹਿੰਦੇ ਹਨ 'ਸ਼ਾਬਾਸ਼ ਸ਼ਾਬਾਸ਼' (ਤੇ) ਫਿਰ (ਕਹਿੰਦੇ ਹਨ) 'ਘਿਰ ਗਏ, ਘਿਰ ਗਏ'। [7]ਪੀਰ ਦੇ ਚਹੁੰ ਪੁੱਤ੍ਰਾਂ ਨੇ। [8]ਚਿੱਲੇ ਵਿਚ। *ਪਾ:-ਗੁਰ।

ਪਹੁੰਚਯੋ ਤੁਰੰਤ ਕਹਿ 'ਮਾਰ ਮਾਰ' । ਲਲਕਾਰ ਸਭਿਨਿ ਹੇਲਾ ਸੁ ਡਾਰਿ ॥ ੨੩ ॥ ਜੋ ਹੁਤੇ ਤੁਰਕ[1] ਲਹਿ ਕਰਿ ਸਹਾਇ। ਸਭਿ ਪਰੇ ਦੌਰ ਕਰਿ ਅਨਿਕ ਘਾਇ। ਤੜਭੜ ਤੁਰੰਗ ਇਕ ਬਾਰਿ ਚਾਲ। ਜੁਟ ਗਏ ਕ੍ਰਿਪਾਨਨ ਓਟ ਢਾਲ ॥ ੨੪ ॥ ਤਬਿ ਪੁੱਤ੍ਰ ਪੀਰ ਕੇ ਦੋਇ ਘੇਰਿ। ਗਨ ਰਿਪੁ ਸੰਭਾਰ ਕਰਿ ਫੇਰਿ ਫੇਰਿ[2]ਪਹੁੰਚਯੋ ਕ੍ਰਿਪਾਲ ਬਾਨਨਿ ਪ੍ਰਹਾਰ। ਘੇਰੇ ਛੁਰਾਇ ਬਾਹਰ ਨਿਕਾਰਿ ॥੨੫ ॥ ਬਹੁ ਰਿਸੇ ਪੀਰ ਕੇ ਪੁੱਤ੍ਰ ਫੇਰ। ਬਾਹੇ ਕ੍ਰਿਪਾਨ ਹੁਇ ਫੇਰ ਨੇਰ[3] । ਰਿਸ ਕਰਿ ਗੁਪਾਲ ਨੇ ਬਾਨ ਛੋਰਿ। ਉਰ[4] ਤਾਤਕਾਲ ਹੀ ਦੀਨਿ ਫੋਰ ॥ ੨੬ ॥ ਜਬਿ ਗਿਰਯੋ ਬੀਰ ਰਨ ਖੇਤ ਮਾਂਹਿ। ਦੁਹਿ ਦਿਸ਼ਨਿ ਸੁਭਟ ਲਖਿ ਲੋਥ ਤਾਂਹਿ। ਉਮਡੇ ਅਨੇਕ ਹਿਤ ਲੇਨਿ ਆਪ। ਕਰ ਧਰੇ ਤੀਰ ਤੋਮਰ ਕਲਾਪ[5] ॥੨੭॥ ਜੁਟ ਗਏ ਬਹੁਰ ਕਾਢੇ ਕ੍ਰਿਪਾਨ।ਤਨ ਕਾਟ ਕਾਠ ਜਿਮ ਗਨ ਤਿਖਾਨ । ਗਿਰ ਗਏ ਲੋਥ ਪੋਥਨ ਬਿਸਾਲ।ਨਹਿੰ ਤਜੀ ਥਾਇੰ ਭੀ ਅਤਿ ਕਰਾਲ ॥ ੨੮ ॥ ਮਾਤੁਲ ਕ੍ਰਿਪਾਲ ਤਜਿ ਤਜਿ ਖਤੰਗ। ਜਹਿੰ ਥਿਤ ਗੁਪਾਲ ਤਹਿੰ ਅੰਗਭੰਗ।ਗਨ ਗੇਰਿ ਗੇਰਿ ਦੀਨੇ ਉਥੱਲ[6]।ਇਤਉਤ ਤਕਾਇ ਭਈ ਹੱਲ ਚੱਲ॥੨੯॥ ਨਹਿੰ ਥਿਰਨ ਦੇਤਿ ਇਕ ਥਲ ਸੁਭੱਟ। ਹਯ ਕੌ ਚਲਾਇ ਕੇਤਿਕ ਦਬੱਟ[7]। ਤਬਿ ਤੁਰਕ ਸਕਲ ਨਿਜ ਬਲ ਸੰਭਾਰਿ। ਗੁਲਕਾਨ ਬ੍ਰਿੰਦ ਸਾਇਕ[8] ਪ੍ਰਹਾਰ ॥੩੦॥ ਗਿਰਪਤਿ ਗੁਪਾਲ ਕੇ ਨਿਕਟ ਬੀਰ। ਹਲ ਪਰੇ ਚਾਲ ਨਹਿੰ ਧਰਤਿ ਧੀਰ।ਡੀਠਨ ਬਚਾਇ ਇਤ ਉਤ ਪਲਾਇ। ਕੋ ਤਰੁਨਿ ਓਟ[9]ਹੁਇ ਨਿਜ ਬਚਾਇ ॥ ੩੧ ॥ ਇਮ ਪਰੀ ਲੋਹ ਕੀ ਮਾਰ ਭੂਰ। ਬਿਨ ਲਾਜ ਤਯਾਗਿ ਰਣਖੇਤ ਸੂਰ।ਪਿਖਿ ਕੈ ਕ੍ਰਿਪਾਲ ਕੇ ਖਰ ਖਤੰਗ। ਗਿਰਪਤਿ ਗੁਪਾਲ ਰਿਸ ਰੰਗ ਸੰਗ ॥ ੩੨ ॥ ਸਹਿ ਸਕਯੋ ਨ, ਹਯ ਕੋ ਚਪਲ ਕੀਨਿ।ਹੁਇ ਅੱਗ੍ਰ ਬਾਨ ਕੋ ਤਯਾਗ ਦੀਨ।ਖਰ ਹੁਤੋ[10] ਸੁ ਮਾਤੁਲ ਓਰ ਆਇ। ਖੁਭ ਗਯੋ ਜ਼ੀਨ ਮਹਿੰ ਬੇਗ ਪਾਇ ॥ ੩੩ ॥ ਦਿਖ ਕੈ ਕ੍ਰਿਪਾਲ ਊਚੇ ਅਲਾਇ।'ਤੈਂ ਨਿਜ ਪ੍ਰਹਾਰ ਲੀਨੋ ਚਲਾਇ। ਅਬਿ ਦੇਹੁ ਵਾਰ ਮੇਰੋ ਖਰੋਇ। ਨਹਿੰ ਆਨ ਥਾਨ ਨਿਜ ਜਾਨ ਜੋਇ[11] ॥ ੩੪॥ ਸਹਿ

---

[1]ਭਾਵ ਮੁਰੀਦ ਬੁੱਧੂਸ਼ਾਹ ਦੇ। [2]ਫਿਰ ਫਿਰਕੇ ਸਾਰੇ ਵੈਰੀਆਂ ਨੂੰ ਸੰਭਾਲਦੇ ਹਨ (ਆਪਣੇ ਸਰੀਰ ਨੂੰ)। [3]ਨੇੜੇ ਹੋਕੇ। [4]ਛਾਤੀ। [5]ਸਮੂਹ। [6]ਉਲਟਾ ਕੇ ਡੇਗੇ। [7]ਦਬਾਏ। [8]ਬਾਨ। [9]ਬ੍ਰਿੱਛਾਂ ਦੇ ਓਲ੍ਹੇ। [10](ਉਹ ਤੀਰ) ਤਿੱਖਾ ਸੀ। [11]ਭਾਵ ਹੋਰਥੇ ਹੁਣ ਨਾ ਜਾਹੁ।

ਲੋਹੁ ਵਾਰ ਨਹਿਂ ਬਚਹਿਂ ਪ੍ਰਾਨ। ਕੈਧੋਂ ਸੁ ਹਾਨ ਹ੍ਵੈ ਹੈ ਕਿਕਾਨ[1]। ਇਹ ਸੁਨਤਿ ਸੈਲਪਤਿ ਹਯ ਚਲਾਇ।ਕਰਿ ਚਪਲ ਅਧਿਕ ਜਿਮ ਹ੍ਵੈ ਬਚਾਇ। ੩੫।।ਤਬਿ ਛੁਟਿ ਕ੍ਰਿਪਾਲ ਤੇ ਬਾਨ ਚਾਲ।ਤੀਖਨ ਸਮਾਨ ਪੰਨਗ ਬਿਸਾਲ। ਉਛਰੰਤਿ ਤੁਰੰਗ ਕੇ ਕਰਨ ਮੂਲ[2]। ਲਗਿ ਭਯੋ ਪਾਰ ਗਿਰ ਪਰਯੋ ਝੂਲਿ। ੩੬।।ਤਜਿ ਕਰਿ ਤੁਰੰਗ ਪੀਛੇ ਸਿਧਾਇ।ਨਿਜ ਸੈਨ ਪ੍ਰਵੇਸ਼ਯੋ ਤਨ ਬਚਾਇ। ਪੁਨ ਸਨੇ ਸਨੇ ਪਸ਼ਚਾਤ ਜਾਤਿ। ਟਿਕ ਰਹਯੋ ਜੁੱਧਿ, ਥਿਰ ਕਰਹਿ ਘਾਤਿ ।।੩੭ ।। ਦੋਹਰਾ ।। ਹੌਰੇ ਕਰਿ ਗਿਰਪਤਿਨ ਭਟ ਥਿਰ ਕਰਿ ਨਿਜ ਨਿਜ ਥਾਇ। ਬੁੱਧੂਸ਼ਾਹ ਸਪੂਤ ਕੀ ਲੋਥ ਓਜ ਕਰਿ ਲਜਾਇ ।। ੩੮ ।। ਇਮ ਸਹਾਇਤਾ ਕਰਿ ਭਲੇ ਧੀਰਜ ਸਹਿਤ ਟਿਕਾਇ। 'ਤਜਹੁ ਤੁਫੰਗਨ ਕੋ' ਕਹਯੋ 'ਗੁਲਕਾਂ ਗਨ ਬਰਖਾਇ' ।। ੩੯ ।। ਧੀਰ ਦਈ ਕਹਿ ਪੀਰ ਕੌ ਮ੍ਰਿਦੁਲ ਬਾਕ ਤੇ ਬੀਰ[3]। ਚਲਯੋ ਚਹਿਤਿ ਚਿਤ ਚੌਂਪ ਤੇ ਭਗਨੀ ਸੁਤ ਕੇ ਤੀਰ[4] ।।੪੦।। ਹਤਯੋ ਤੁਰੰਗਮ ਸ਼ੱਤ੍ਰ ਕੋ, ਕਰਯੋ ਸੁ ਬਚ ਗੋਪਾਲ[5]। ਵਾਹਿਨ ਅਪਰ ਮੰਗਾਇ ਕੈ ਭਯੋ ਅਰੂਢਿ ਭੁਵਾਲ[6] ।। ੪੧ ।। ਕਲਗ਼ੀਧਰ ਕੇ ਨਿਕਟ ਸਭਿ ਕਰਯੋ ਬ੍ਰਿਤੰਤ ਬਖਾਨ।'ਸਾਧ ਸਾਧ ਬੁੱਧੂ ਸੁਭਟ ਜਿਨ ਰਾਖੀ ਨਿਜ ਆਨ[7]' ।।੪੨।। ਨ੍ਰਿਪ ਚੰਦੇਲ ਹੰਡੂਰੀਆ ਲੇ ਕਰਿ ਦਲ ਸਮੁਦਾਇ। ਚਹੈਂ ਗੁਰੂ ਦਿਸ਼ਿ ਜੰਗ ਕੌ ਤੀਰ ਤੁਫੰਗ ਚਲਾਇ।।੪੩।।ਪੰਚਹੁ ਭ੍ਰਾਤਾ ਅਰ ਰਹੇ ਦੇਤਿ ਚਮੂੰਕੇ ਜ਼ੋਰ।ਦੀਹ ਦਮਾਮੇ ਡੰਕ ਦੈ'ਮਾਰ ਮਾਰ'ਕਰਿ ਸ਼ੋਰ।।੪੪।। ਖਰੇ ਬਿਲੋਕਤਿ ਸਤਿਗੁਰੂ ਦਲ ਦੋਇਨ ਕੇ ਬੀਰ। ਕਰਿ ਪੁਰਸ਼ਾਰਥ ਕੋ ਹਤਹਿਂ ਗਨ ਗੁਲਕਾਂ ਅਰੁ ਤੀਰ ।। ੪੫ ।। ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਖਟ ਬਿੰਸਤੀ ਅੰਸੂ ।। ੨੬ ।।

੨੭. [ਕ੍ਰਿਪਾਲ ਮਹੰਤ ਨੇ ਹਯਾਤ ਖਾਂ ਨੂੰ ਮਾਰਨਾ]।

ਦੋਹਰਾ।। ਭੀਖਮ ਖ਼ਾਨ, ਹਯਾਤਖਾਂ ਤ੍ਰਿਤੀ ਨਿਜਾਬਤ ਖਾਨ।ਫਤੇਸ਼ਾਹ ਇਨ ਕੇ ਨਿਕਟ ਦੂਤ ਪਠਯੋ ਮਤਿਵਾਨ ।। ੧ ।। ਪਾਧੜੀ ਛੰਦ ।। ਤਤਕਾਲ ਅਯੋ ਤਿਨ ਬਾਤ ਕਹੀ। 'ਤਨ ਕਯੋਂ ਰਣ ਖੇਤਹਿਂ ਦੇਤਿ ਨਹੀਂ[8]। ਕਿਸ ਕਾਰਨ ਆਪ ਬਚਾਵਤਿ ਹੋ ? ਗੁਲਕਾਂ ਸਰ ਕਯੋਂ ਨ ਚਲਾਵਤਿ ਹੋ ?।। ੨।।-ਗੁਰ

[1]ਜਾਂ ਘੋੜਾ ਮਰੇਗਾ। [2]ਕੰਨ ਦੇ ਮੁੱਢ ਕੋਲ। [3]ਸੂਰਮੇ (ਕ੍ਰਿਪਾਲ ਜੀ ਨੇ)। [4]ਭਾਵ ਗੁਰੂ ਜੀ ਪਾਸ। [5](ਪਰ) ਗੋਪਾਲ ਰਾਜੇ ਨੇ ਆਪਣਾ ਬਚਾ ਕਰ ਲਿਆ। [6]ਰਾਜਾ। [7]ਪ੍ਰਤੱਗਯਾ, ਅਣਖ, ਇੱਜ਼ਤ। [8]ਭਾਵ ਤਨਦਿਹੀ ਦੇ ਨਾਲ ਲੜਾਈ ਕਿਉਂ ਨਹੀਂ ਕਰਦੇ।

ਤੀਰ ਗਵਾਰ-ਬਖਾਨਤਿ ਹੈਂ[1] । ਹੱਥਜ਼ਾਰਨਿ ਭੇਵ ਨ ਜਾਨਤਿ ਹੈਂ-। ਕਰਿ ਹੇਲ ਮਿਲੈ ਦਲ ਕਯੋਂ ਨ ਅਬੈ[2] । ਲੁਟ ਮਾਲ ਕਰੀ, ਧਨ ਲੇਹੁ ਸਬੈ'॥੩॥ ਸੁਨਿ ਭੀਖਨਖਾਨ ਬਖਾਨਿ ਕਰਯੋ। 'ਕੁਛ ਦੇਰਿ ਨਹੀਂ ਲਖਿ ਜੰਗ ਪਰਯੋ[3]। ਦਸ ਬੀਸਕਿ ਬੀਰ ਅਹੈਂ ਇਨ ਮੈਂ। ਕਰਿ ਘਾਤ ਅਬੈ ਤਿਨ ਕੋ ਰਣ ਮੈਂ॥੪॥ ਕਰਿ ਹੇਲ ਫਤੇ, ਨਹਿੰ ਚਿੰਤ-ਕਰੋ[4] ।ਰਣ ਕੇ ਹੁਇੰ* ਦਾਵ ਅਨੇਕ ਤਰੋ[5]'। ਇਮ ਭਾਖਤਿ, ਖਾਨ ਬਟੋਰ ਲਿਏ। 'ਇਕ ਹੇਲ ਕਰੋ ਸਭਿ ਜ਼ੋਰ ਦਿਏ' ॥੫॥ ਸੁਨਿ ਖਾਨ ਹਯਾਤ ਰਿਸਯੋ ਤਬਿਹੂੰ।ਜੁਤਿ ਭੀਖਨ ਖਾਨ ਪਿਖੇ ਸਭਿਹੂੰ। ਕਰਿ ਤੇਜ਼ ਤੁਰੰਗ ਧਵਾਇ ਪਰਯੋ। ਹਤਿ ਬਾਨਨ ਕੋ ਦਲ ਸੰਗ ਅਰਯੋ॥੬॥ ਪਸ਼ਚਾਤ ਪਠਾਨ ਸਮੂਹਨ ਹੈਂ। 'ਹਤਿ ਤੀਰ ਤੁਰੰਗਨ ਮਾਰਿ' ਕਹੈਂ।ਇਤ ਤੇ ਉਤ ਧਾਇ ਪ੍ਰਹਾਰਤਿ ਹੈਂ। ਪਿਖਿ ਅੱਗੂ ਵਧਯੋ ਤਿਸ ਮਾਰਤਿ ਹੈਂ ॥੭॥ ਬਡ ਦੁੰਦਭਿ ਬਾਜਤਿ, ਜੰਗ ਮਚਯੋ। ਛਿਤ ਧੂਰਤ ਸੂਰਨ ਸ਼੍ਰੋਨ ਰਚਯੋ[6]।ਮੁਖ 'ਮਾਰਹਿ ਮਾਰ' ਉਚਾਰਤਿ ਹੈਂ। ਬਰਖਾ ਗੁਲਕਾਨਿ ਸੁ ਡਾਰਤਿ ਹੈਂ ॥ ੮ ॥ ਹੰਡਿਯਾ ਸਮ ਸੀਸ ਫੁਟੇ ਸੁ ਗਿਰੇ।ਕਰਛੀ ਜਨੁ ਹਾਥ ਕਟੰਤਿ ਪਰੇ[7]।ਸਿਪਰੈਂ ਜਨੁ ਪਾਤਰ[8] ਤਾਂਹਿ ਧਰੀ। ਮਿਝ ਆਮਿਖ ਸ਼੍ਰੋਨ ਅਹਾਰ ਕਰੀ॥੯ ॥ ਗਨ ਜੋਗਨਿ ਪ੍ਰੇਤ ਡਕਾਰਤਿ ਹੈਂ। ਬਹੁ ਸੁਭਟਨਿ ਪਿੰਜਰ ਡਾਰਤਿ ਹੈਂ[9]। ਬਹੁ ਗੀਦਰ ਆਨਿ ਪੁਕਾਰ ਕਰੈਂ।ਗ੍ਰਿਧ ਕੰਕ[10]ਭਖੈਂਪਲ[11]ਮੋਦ ਭਰੈਂ॥੧੦॥ਕਿਤ ਘਾਇਲ ਹ੍ਵੈ ਜਲ ਜਾਚਤਿ ਹੈਂ। ਇਕ ਲੋਟਤਿ ਸ਼੍ਰੋਨਤਿ ਰਾਚਤਿ ਹੈਂ। ਬਹੁ ਖਾਨ ਮਰੇ ਗੁਲਕਾਨ ਲਗੇ।ਤਰਵਾਰਨ ਸੋਂ ਜੁਟ ਬੀਰ ਜਗੇ॥੧੧॥ਤਬਿ ਖਾਨ ਹਯਾਤ ਹਨੈ ਸਰ ਕੋ।ਗੁਰ ਕੇ ਦਲ ਕੌ ਬਹੁ ਦੈ ਡਰ ਕੋ।ਨਿਜ ਅੰਗ ਬਚਾਇ ਪ੍ਰਹਾਰਤਿ ਹੈ। ਹਯ ਤੇਜ ਕਰੇ ਲਲਕਾਰਤਿ ਹੈ॥੧੨॥ਦਲ ਮੈਂ ਬਲ ਦੀਹ ਦਿਖਾਰਤਿ ਹੈ। ਜਿਸ ਤੀਰ ਹਨੈ ਤਿਸ ਮਾਰਤਿ ਹੈ। ਗੁਰ ਪਾਸ ਮਹੰਤ ਕ੍ਰਿਪਾਲ ਖਰਯੋ। ਅਵਿਲੋਕਤਿ ਕੋਪ ਬਿਸਾਲ ਭਰਯੋ:-॥ ੧੩ ॥ 'ਬਲ ਤੇਜ ਤੁਰੰਗਮ ਜੋਰ ਕਰੇ[12] । ਹਮਰੇ ਦਲ ਕੋ ਬਹੁ ਤ੍ਰਾਸ ਧਰੇ। ਪ੍ਰਭੁ ਜੀ ! ਨਿਜ

---

[1]ਕਹਿੰਦੇ ਸਾਓ ਕਿ ਗੁਰੂ ਪਾਸ ਤਾਂ ਗਵਾਰ ਹਨ। [2]ਭਾਵ ਹੁਣ ਹੱਲਾ ਕਿਉਂ ਨਹੀਂ ਕਰਦੇ। [3]ਜੰਗ ਪਿਆ ਹੀ ਵੇਖੋ। [4]ਹਲਾ ਕਰਕੇ ਫਤਹ ਕਰਾਂਗੇ ਚਿੰਤਾ ਨਾ ਕਰੋ। [5]ਅਨੇਕ ਤਰ੍ਹਾਂ ਦੇ। [6]ਧਰਤੀ ਦੀ ਧੂੜ ਵਿੱਚ ਸੂਰਮਿਆਂ ਦਾ ਲਹੂ ਰਚਿਆ। (ਅ) ਧਰਤੀ ਹੋ ਗਈ ਲੋਹੇ ਦੇ ਜੰਗਾਰ ਦੇ ਰੰਗ ਦੀ ਜਦ ਸੂਰਮਿਆਂ ਦਾ ਲਹੂ ਰਚਿਆ ਉਸ ਵਿਚ। [ਸੰਸ:, ਧੂਰਤ=ਲੋਹੇ ਦਾ ਜੰਗਾਰ]। [7]ਹੱਥ ਕੱਟੇ ਜਾਕੇ ਡਿੱਗੇ ਪਏ ਕੜਛੀ ਤੁੱਲ ਹਨ। [8]ਪੱਤਲਾਂ। [9]ਸੁੱਟਦੀਆਂ ਹਨ। [10]ਗਿਰਝਾਂ ਤੇ ਚਿੱਟੀਆਂ ਇੱਲਾਂ। [11]ਮਾਸ। [12]ਭਾਵ ਹਯਾਤ ਖਾਂ ਜੋਰ ਕਰਦਾ ਹੈ। *ਪਾ:-ਦੁਇ।

ਆਇਸੁ ਦੇਹੁ ਅਬੈ।ਇਸ ਸੰਗ ਲਰੌਂ, ਨ ਟਰੌਂ ਸੁ ਕਬੈ॥੧੪॥ ਭਟ ਬ੍ਰਿੰਦਨਿ
ਕੋ ਰਨ ਮਾਰਤਿ ਹੈ। ਨਿਜ ਅੰਗ ਬਚਾਇ ਪ੍ਰਹਾਰਤਿ ਹੈ। ਹਤਿ ਪੂਰਬ ਮੈਂ
ਰਿਪੁ ਪ੍ਰਾਨਨ ਕੋ। ਪੁਨ ਆਨਿ ਬਿਲੋਕਹੁ ਆਨਨ ਕੋ[੧]'॥੧੫॥ ਕਲਗ਼ੀਧਰ
ਯੌਂ ਮੁਸਕਾਇ ਕਹ੍ਯੋ। 'ਤੁਮ ਬਾਕਨਿ ਕੇਰ ਪ੍ਰਤਾਪ ਲਹ੍ਯੋ। ਬਰ ਦੇਹਿ,
ਫਤੇ ਗੁਰ ਪਾਵਹਿੰਗੇ। ਰਿਪੁ ਬ੍ਰਿੰਦ ਖਪਾਇਵ ਹਾਵਹਿੰਗੇ[੨] ॥ ੧੬ ॥ ਇਹ
ਸੰਤਨ ਕੀ ਨਿਤ ਰੀਤਿ ਅਹੈ। ਹੁਇ ਹਾਰ ਬਿਜੈ, ਬਰ ਸ੍ਰਾਪ ਕਹੈ[੩]'। ਸੁਨਿ
ਫੇਰ ਕ੍ਰਿਪਾਲ ਬਖਾਨਤਿ ਹੈ। ਰਸ ਬੀਰ ਵਧ੍ਯੋ ਰਿਸ ਠਾਨਤਿ ਹੈ ॥ ੧੭ ॥
'ਪ੍ਰਭੁ ਜੀ!ਰਨ ਮਹਿਂ ਤੁਮ ਸੰਗ ਖਰ੍ਯੋ[੪]।ਪਿਖਿ ਲੂਣਹਰਾਮ ਪਠਾਨ ਅਰ੍ਯੋ।
ਨਹਿਂ ਜਾਇ ਸਹ੍ਯੋ ਰਿਪੁ ਕੇ ਬਲ ਕੋ। ਕਰਿ ਘਾਤ ਡਰਾਵਤਿ ਹੈ ਦਲ ਕੋ'
॥੧੮॥ ਕਲਗ਼ੀਧਰ ਯੌਂ ਜਬਿ ਬੈਨ ਸੁਨੇ।ਉਰ ਹੋਇ ਪ੍ਰਸੰਨ ਬਿਸਾਲ ਭਨੇ।
'ਹੱਥਯਾਰ ਕਹਾਂ ਜੁ ਪ੍ਰਹਾਰਹੁਗੇ? ਜਿਸ ਕੇ ਬਲ ਤੇ ਅਰਿ ਮਾਰਹੁਗੇ॥੧੯॥
ਤਰਵਾਰ ਤੁਫੰਗ ਨ ਤੋਮਰ ਹੈ। ਧਨੁਬਾਨ[੫] ਮਹਾਨ ਨਹੀਂ ਕਰ ਹੈਂ[੬]। ਨਹਿਂ
ਢਾਰ ਬਚਾਵਨ ਅੰਗਨਿ ਕੋ। ਕਿਮ ਜੰਗ ਚਹੈਂ ਅਰ ਭੰਗਨਿ ਕੋ ॥ ੨੦ ॥
ਸੁਨਿ ਸੰਤ ਕ੍ਰਿਪਾਲ ਕ੍ਰਿਪਾਲ ਲਹ੍ਯੋ[੭]।ਢਿਗ ਮਾਤੁਲ ਬੀਰ ਕ੍ਰਿਪਾਲ ਚਹ੍ਯੋ[੮]।
'ਕੁਤਕਾ[੯] ਇਹ ਕਾਂਧੇ ਮੋਹਿ ਕਹ੍ਯੋ[੧੦]? ਮਮ ਆਯੁਧ ਦੀਰਘ ਹਾਥ ਗਹ੍ਯੋ
॥ ੨੧ ॥ ਇਕ ਸੰਗ ਹਯਾਤ ਪ੍ਰਹਾਰ ਕਰੌਂ। ਤੁਮਰੋ ਬਲ ਪਾਇ ਰਤੀ ਨ
ਡਰੌਂ।ਜਹਿਂ ਲੌਂ ਚਲਿ ਜਾਇ ਨ ਛੋਰਹੁੰਗੋ। ਇਕ ਵਾਰ ਕਰੌਂ ਸਿਰ ਫੋਰਹੁੰਗੋ'
॥੨੨॥ ਸੁਨਿ ਮਾਤੁਲ ਧੀਰ ਕ੍ਰਿਪਾਲ ਕਹੈ।'ਤਪ ਤੇਜ ਬਿਸਾਲ ਕ੍ਰਿਪਾਲ[੧੧]
ਅਹੈ। ਕਹਿ ਦੇਹੁ ਕ੍ਰਿਪਾਲ[੧੨]! ਸੁ ਆਇਸੁ ਕੋ। ਰਣ ਸਾਥ ਪਠਾਨ ਪਿਖੋ
ਇਸ ਕੋ[੧੩]'॥੨੩॥ਮੁਸਕਾਇ ਪ੍ਰਭੂ ਤਬਿ ਬਾਕ ਕਹ੍ਯੋ।'ਹਤਿ ਖਾਨ ਹਯਾਤ
ਰਿਦੈ ਜੁ ਚਹ੍ਯੋ। ਬਿਦਤੀ ਜਗ ਮੈਂ ਜਿਮ ਭੀਮ ਗਦਾ। ਕੁਤਕਾ[੧੪] ਤਿਮ
ਜਾਨਹਿਂ ਲੋਕ ਸਦਾ' ॥੨੪॥ ਗੁਰ ਕੇ ਸੁਨਿ ਬਾਕ ਅਨੰਦ ਭਯੋ। ਬਲ ਸਾਥ

[੧]ਆਪਦੇ (ਕਵਲ) ਮੁਖ ਨੂੰ। [੨]ਨਾਸ਼ ਕਰਕੇ ਖਪਾ ਦਿਆਂਗੇ।[੩]ਸੰਤਾਂ ਦਾ ਕੰਮ ਜਿੱਤ ਕਿ ਹਾਰ ਲਈ
ਵਰ ਯਾ ਸ੍ਰਾਪ ਦੇਣਾ ਹੀ ਹੈ। ਭਾਵ ਲੜਨਾ ਤੁਸਾਂ ਦਾ ਕੰਮ ਨਹੀਂ।[੪]ਖੜਾ ਹਾਂ। [੫]ਧਨੁਖ ਤੇ ਬਾਨ।
[੬]ਹੱਥ ਵਿੱਚ ਨਹੀਂ ਹੈ। [੭]ਕ੍ਰਿਪਾਲ ਸੰਤ ਨੇ ਸੁਣਕੇ ਕ੍ਰਿਪਾਲੂ (ਗੁਰੂ ਜੀ ਨੂੰ) ਦੇਖਿਆ। [੮]ਪਾਸ ਖੜੇ
ਮਾਮਾ ਕ੍ਰਿਪਾਲ ਜੀ ਵਲ ਦੇਖਿਆ। [੯]ਲਮਾਣ ਵਿੱਚ ਛੋਟਾ ਪਰ ਮੁਟਾਈ ਵਿੱਚ ਮੋਟਾ ਡੰਡਾ।
[੧੦]ਕਾਹਦੇ ਵਾਸਤੇ ਹੈ। [੧੧]ਕ੍ਰਿਪਾਲ ਸੰਤ ਦਾ। [੧੨]ਹੇ ਗੁਰੂ ਜੀ। [੧੩]ਪਠਾਣ ਨਾਲ ਇਸ ਦਾ
ਜੰਗ ਦੇਖੋ (ਹੇ ਗੁਰੂ ਜੀ)! [੧੪](ਤੇਰਾ) ਡੰਡਾ।

ਸੁ ਹਾਥ ਸੰਭਾਰਿ ਲਯੋ। ਜਿਹ ਦੀਰਘ ਦੇਹ ਸੁ ਪੇਟ ਮਹਾਂ। ਭੁਜ ਲੰਬ[1] ਦੋਊ ਬਡ ਓਜ ਲਹਾ ॥੨੫॥ ਜਟ ਜੂਟ ਜੁਟਯੋ[2] ਜਿਹ ਸੀਸ ਧਰੇ। ਸਭਿ ਅੰਗਨ ਬੀਚ ਬਿਭੂਤਿ ਧਰੇ। ਨਿਜ ਤੇਜ ਤੁਰੰਗ ਧਵਾਇ ਚਲਯੋ। ਦਲ ਖਾਨਨ ਕੋ ਤਤਕਾਲ ਦਲਯੋ ॥੨੬॥ ਤਨ ਭੈਰਵ ਭੇਖ ਸੁਪੇਦ ਕਰਯੋ[3]। ਦ੍ਰਿਗ ਆਨਨ ਲਾਲ ਸੁ ਕੋਪ ਭਰਯੋ।ਡਰਪਾਇ ਪਠਾਨਨ ਅੱਗ੍ਰ ਭਯੋ[4]। ਤਤਕਾਲ ਹਯਾਤ ਬੰਗਾਰ ਲਯੋ ॥ ੨੭ ॥ 'ਕਿਤ ਜਾਤਿ ਭਜਯੋ ਇਤ ਹੋਹੁ ਖਰਯੋ। ਮਮ ਸਾਥ ਕ੍ਰਿਪਾਨ ਨਿਕਾਰ ਲਰਯੋ। ਹਮਰੇ ਬਹੁ ਬੀਰ ਹਤੇ ਰਨ ਮੈਂ। ਅਬਿ ਸਨਮੁਖ ਧੀਰ ਧਰੋ ਮਨ ਮੈਂ'॥੨੮॥ਸੁਨਿ ਖਾਨ ਮੁਰਯੋ ਲਲਕਾਰਤਿ ਹੀ। ਜਿਮ ਨਾਗ ਕਿ ਪੂੰਛਹਿ ਦਾਬਤਿ ਹੀ[5]। ਹੁਇ ਸੰਮੁਖ ਦੋਨਹੁੰ ਬੀਰ ਖਰੇ।ਤਰਵਾਰ ਨਿਕਾ-ਰਿਯ ਕੋਪ ਭਰੇ ॥੨੯॥ ਕੁਤਕਾ ਬਡ ਮੋਟ ਸੰਭਾਰਿ ਤਬੈ। ਦਲ ਦੋਇਨ ਕੇ ਭਟ ਦੇਖਿ ਸਬੈ । ਲਖਿ ਸਾਧ ਬਿਭੂਤਿ ਜਟਾਊ ਧਰੇ । ਗਿਰਨਾਥ, ਪਠਾਨ, ਦਿਸੰਤਿ[6]ਖਰੇ॥੩੦॥–ਇਹ ਜੁੱਧ ਭਲੋ ਹਠਸਾਧਕਿਯੋ।ਹਿਤ ਮਾਰਨ ਕੋਕੁਤ-ਕਾ ਸੁ ਲਿਯੋ–।ਤਜਿਕੈ ਰਨ ਦੇਖਨਿਦੋਇਨਕੋ[7]।ਇਮਪੂਰਬ ਕੀਨਸਿ ਕੋਇ ਨ ਕੋ[8]॥੩੧॥ਕਰਿ ਤੇਜ ਤੁਰੰਗ ਪਠਾਨ ਅਯੋ। ਤਰਵਾਰ ਨਿਕਾਰਿ ਉਭਾਰਿ ਲਯੋ।ਉਰ ਧੀਰਜ ਸੰਮੁਖ ਸਾਧ ਖਰਯੋ। ਕੁਤਕਾ ਗਹਿ ਨੈਕ ਨ ਹੀਯ ਡਰਯੋ ॥੩੨॥ਤਬਿ ਖਾਨਹਯਾਤ ਸਮੀਪ ਢੁਕਯੋ।ਕਰਵਾਰ ਧਰੇ ਕਰ ਵਾਰ ਰੁਕਯੋ[9]। ਕੁਤਕਾ ਕਰਿ ਅੱਗ੍ਰ ਬਚਾਇ ਭਲੇ।ਅਸਿ[10]ਟੂਟ ਤਬੈਗਿਰਿਗਾ ਸੁ ਤਲੇ॥੩੩॥ ਭਭਕਯੋ ਸਮ ਕੇਹਰਿ ਸਾਧ ਤਬੈ । ਦਲ ਦੋਇ ਬਿਲੋਕਤਿ ਬੀਰ ਸਬੈ । ਕੁਤਕਾ ਬਲ ਸਾਥ ਸੰਭਾਰਿ ਲਯੋ।ਸਿਰ ਖਾਨ ਹਯਾਤ ਕੇ ਝਾਰ ਦਯੋ ॥੩੪॥ ਪਗ ਕੋ[11] ਬਲ ਪਾਇ ਰਕਾਬਨ ਪੈ। ਉਛਰਯੋ ਕੁਛ ਊਚਹਿ ਆਸਨ ਪੈ। ਸਗਰੇ ਤਨ ਓਜ ਲਗਾਇ ਬਡੋ। ਕੁਤਕਾ ਜੁਗ ਹਾਥਨ ਸਾਥ ਛਡੋ[12] ॥੩੫॥ ਇਸ ਭਾਂਤਿ ਲਗਯੋ ਸਿਰ ਫੋਰ ਦਯੋ।ਨਿਕਸੀ ਮਿਝ ਸੇਤ ਸੁ ਮ੍ਰਿੱਤੁ ਭਯੋ।ਬਹੁ ਖੰਡ ਕਰੇ ਜਿਹ ਸੀਸਹਿੰ ਕੇ। ਸਭਿ ਦੇਖਤਿ ਹੈਂ ਗਿਰ ਈਸ਼ਹਿੰ ਕੇ[13]॥੩੬॥ ਗੁਰ ਸ਼੍ਰੀ ਮੁਖ ਤੇ ਉਪਮਾ ਸੁ ਭਨੀ। ਦਧਿ ਕੀ ਮਟਕੀ ਜਨੁ ਸ਼ਯਾਮ ਹਨੀ।

[1]ਲੰਮੀਆਂ। [2]ਜਟਾਵਾਂ ਦਾ ਜੂੜਾ ਵੱਟਿਆ ਹੋਇਆ। [3]ਭਯਾਨਕ ਭੇਖ ਚਿੱਟਾ (ਸੁਵਾਹ ਨਾਲ) ਕੀਤਾ ਹੋਇਆ ਸੀ। [4]ਡਰਾਕੇ ਪਠਾਣਾਂ ਨੂੰ ਅੱਗੇ ਹੋਇਆ। [5]ਜਿਵੇਂ ਪੂਛ ਦੇ ਦੱਬਿਆਂ ਨਾਗ ਮੁੜਦਾ ਹੈ। [6]ਦੇਖਦੇ ਹਨ। [7]ਸਾਰੇ ਜੰਗ ਛੋੜਕੇ ਇਨ੍ਹਾਂ ਦੁਹਾਂ ਦਾ ਜੁੱਧ ਦੇਖਣ ਲੱਗੇ। [8]ਕਿਸੇ ਨੇ ਪਹਿਲੇ ਕਦੇ ਐਉਂ (ਜੁੱਧ) ਨਹੀਂ ਕੀਤਾ। [9]ਤਲਵਾਰ ਫੜਕੇ ਵਾਰ ਕਰਕੇ ਫੇਰ ਰੁਕਿਆ (ਕਿਉਂਕਿ ਅਗੋਂ ਸਾਧੂ ਨੇ...)। [10]ਤਲਵਾਰ। [11]ਪੈਰਾਂ ਦਾ। [12]ਮਾਰਿਆ। [13]ਪਹਾੜਾਂ ਦੇ ਰਾਜੇ।

ਜਿਮ ਭੀਮ ਗਦਾ ਗਹਿ ਹਾਥਨ ਮੈਂ।ਦੁਰਜੋਧਨ ਕੇ ਹਨੀ ਪਾਟਨ ਮੈਂ[1]॥੩੭॥

ਭੁਜੰਗ ਛੰਦ ॥ ਬਚਿਤ੍ਰ ਨਾਟਕ:– ਕ੍ਰਿਪਾਲ ਕੋਪੀਅੰ ਕੁੱਤਕੋ ਸੰਭਾਰੀ ।
ਹਠੀ ਖਾਨ ਹਯਾਤ ਕੇ ਸੀਸ ਝਾਰੀ॥ [2]ਉਠੀ ਛਿੱਛ ਇੱਛੰ ਕਢਾ ਮੇਝ ਜੋਰੰ ।
ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ[2] ॥

ਪਾਧੜੀ ਛੰਦ। [3]ਉਥਲਯੋ ਤਜਿ ਆਸਨ ਜ਼ੀਨ ਜਬੈ। ਗਿਰ ਭੂਮ ਪਰਯੋ ਕਰਿ ਸ਼ੀਘ੍ਰ ਤਬੈ। ਛੁਟਿ ਭਾਜ ਤੁਰੰਗਮ ਦੂਰ ਗਯੋ।ਇਕ ਖਾਨ ਕਿਕਾਨ ਦਬਾਇ ਲਯੋ॥੩੮॥ ਲਰ ਊਧਮ ਦੀਰਘ ਹੋਤਿ ਭਯੋ। ਹਤਿ ਕੈ ਅਸਵਾਰ ਦੁਲਾਤ ਦਯੋ[3]। ਇਮ ਕੌਤਕ ਦੇਖਤਿ ਬੀਰ ਖਰੇ। ਦੁਹੂੰ ਓਰਨ ਅਦਭੁਤ ਰੰਗ ਧਰੇ ॥੩੯॥ਤਬਿ ਕੇਤਿਕ ਖਾਨ ਧਵਾਇ ਅਏ। ਦਿਸ਼ ਚਾਰ ਮਹੀਤਹਿ ਘੇਰ ਲਏ। ਤਬਿ ਕ੍ਰੋਧਤਿ ਸੰਮੁਖ ਧਾਇ ਪਰਯੋ।ਇਕ ਸੀਸ ਤੁਰੰਗਹਿ ਘਾਤ ਕਰਯੋ[4]॥੪੦॥ ਤਤਕਾਲ ਬਿਨਾ ਸੁਧ ਹੋਇ ਗਯੋ[5] । ਅਸਵਾਰ ਸਮੇਤ ਗਿਰੰਤਿ ਭਯੋ । ਮਲ ਜੀਤ ਸਹਾਇਕ ਹੋਇ ਤਬੈ[6]।ਅਪਨੇ ਮਹਿਂ ਸਾਧੁ ਮਿਲਾਇ ਸਬੈ[7]॥੪੧॥ ਗੁਲਕਾਂ ਗਨ ਤੀਰ ਚਲਾਵਤਿ ਹੈਂ। ਦੁਹੂੰ ਓਰਨ ਬੀਰਨ ਘਾਵਤਿ ਹੈਂ।ਹਯ

---

[1]ਪੱਟਾਂ ਵਿੱਚ। [2]ਜ਼ੋਰ ਨਾਲ ਮਿਝ ਨਿਕਲੀ ਤੇ ਛਿੱਟਾਂ ਉਭਰੀਆਂ ਐਉਂ ਦਿੱਸੀਆਂ ਕਿ ਮਾਨੋ ਕ੍ਰਿਸ਼ਨ ਨੇ ਮੱਖਣ ਦੀ ਮੱਟਕੀ ਭੰਨੀ ਹੈ। [ਛਿੱਛ=ਛਿੱਟਾਂ । ਇੱਛੰ=ਈਕਸ਼ਣ=ਦੇਖਣਾ (ਅ) ਇਸ ਤਰ੍ਹਾਂ] । [3](ਅੰਕ ੩੬ ਵਿਚ ਕ੍ਰਿਪਾਲ ਆਸਨ ਤੋਂ ਉਛਲਕੇ ਹਯਾਤ ਦੇ ਸਿਰ ਕੁਤਕਾ ਮਾਰਦਾ ਹੈ, ਫਿਰ ਆਸਣ ਤੇ ਬੈਠਣ ਲਗਿਆਂ ਉਸਦੀ) ਕਾਠੀ ਤੋਂ ਆਸਨ ਛੁਟ ਗਿਆ ਤੇ ਉਲਟ ਕੇ ਧਰਤੀ ਤੇ ਡਿਗ ਪਿਆ, (ਪਰ ਉਹ) ਛੇਤੀ ਕਰਕੇ (ਉਠਿਆ, ਇੰਨੇ ਨੂੰ) ਘੋੜਾ ਛੁੱਟਕੇ ਤੇ ਭੱਜਕੇ ਦੂਰ ਚਲਾ ਗਿਆ। ਇਕ ਖਾਨ ਨੇ ਘੋੜੇ ਨੂੰ ਨਪੜ ਲਿਆ। (ਘੋੜੇ ਤੇ ਖਾਨ ਦੀ) ਲੜਾਈ ਦਾ ਖ਼ੂਬ ਡੰਡ ਰੌਲਾ ਪਿਆ। (ਘੋੜੇ ਨੇ) ਦੁਲੱਤੇ ਮਾਰ ਮਾਰ ਕੇ ਅਸਵਾਰ ਨੂੰ ਮਾਰ ਦਿੱਤਾ। (ਅਥਵਾ ਜਦ ਕ੍ਰਿਪਾਲ ਦਾ ਘੋੜਾ ਦੂਰ ਭਜ ਗਿਆ ਤਾਂ ਕ੍ਰਿਪਾਲ ਨੇ) ਇਕ ਪਠਾਨ ਦਾ ਘੋੜਾ ਨਪੜ ਲਿਆ। (ਇਸ ਖਾਨ ਤੇ ਕ੍ਰਿਪਾਲ ਦੀ ਲੜਾਈ ਦਾ ਬੜਾ ਰੌਲਾ ਮਚਿਆ, (ਕ੍ਰਿਪਾਲ ਨੇ ਅੰਤ) ਅਸਵਾਰ ਨੂੰ ਮਾਰਕੇ ਘੋੜੇ ਤੇ ਦੋ ਲਤਾਂ ਦਿੱਤੀਆਂ (ਭਾਵ ਸਵਾਰ ਹੋ ਗਿਆ)। (ਅ) ਅੰਕ ੩੬ ਵਿਚ ਹਯਾਤ ਦੇ ਮਰਨ ਦਾ ਜ਼ਿਕਰ ਹੈ। ਉਹੋ ਜੇ ਹਯਾਤ ਦਾ ਜ਼ਿਕਰ ਇਸ ਛੰਦ ਵਿਚ ਜਾਰੀ ਸਮਝੀਏ ਤਾਂ ਅਰਥ ਐਉਂ ਲਗੇਗਾ।:–(ਹਯਾਤ ਦਾ ਸਰੀਰ) ਜਦ ਜ਼ੀਨ ਦਾ ਆਸਣ ਛੱਡਕੇ ਉਲਟਿਆ ਤਦ ਛੇਤੀ ਨਾਲ ਧਰਤੀ ਤੇ ਡਿਗ ਪਿਆ। (ਉਸਦਾ) ਘੋੜਾ ਛੁਟਕੇ ਦੂਰ ਚਲਾ ਗਿਆ, ਇਕ ਪਠਾਨ ਨੇ ਇਹ ਘੋੜਾ ਨਪੜ ਲਿਆ, (ਖਾਨ ਤੇ ਘੋੜੇ ਦੀ) ਲੜਾਈ ਦਾ ਬੜਾ ਰੌਲਾ ਪੈ ਗਿਆ, (ਘੋੜੇ ਨੇ) ਦੁਲੱਤੇ ਮਾਰ ਮਾਰ ਕੇ ਅਸਵਾਰ ਨੂੰ ਮਾਰ ਦਿੱਤਾ। [4]ਇਕ (ਅਸਵਾਰ ਦੇ) ਘੋੜੇ ਦੇ ਸਿਰ ਤੇ ਮਾਰਿਆ (ਕੁਤਕਾ)। [5]ਬੇਸੁਧ ਹੋਗਿਆ (ਘੋੜਾ)। [6](ਕ੍ਰਿਪਾਲ ਸਾਧੂ ਦੇ) ਸਹਾਈ ਆ ਹੋਏ ਜੀਤ ਮੱਲ ਜੀ। [7]ਸਾਰਿਆਂ ਨੇ ਆਪਣੇ ਵਿਚ ਰਲਾ ਲਿਆ ਸਾਧੂ ਨੂੰ।

ਛੁਛ ਫਿਰੇ ਹਿਹਨਾਵਤਿ ਹੈਂ। ਭਟ ਭੂਮ ਪਰੇ ਤਰਫਾਵਤਿ ਹੈਂ ॥ ੪੨ ॥ ਬਡ ਨਾਦਤਿ ਦੁੰਦਭਿ ਵਾਵਤਿ ਹੈਂ। ਗਨ ਗੀਦਰ ਕੂਕ ਸੁਨਾਵਤਿ ਹੈਂ। ਭਖਿ ਜੋਗਨਿ ਮੋਦ ਵਧਾਵਤਿ ਹੈਂ।ਬਹੁ ਸ਼੍ਰੋਣਤ ਪਾਨ ਕਰਾਵਤਿ ਹੈਂ॥੪੩॥ ਦੋਹਰਾ॥ ਇਸ ਪ੍ਰਕਾਰ ਰਨ ਮਚ ਰਹ੍ਯੋ ਜੋਧੇ ਰਿਸ ਧਰਿ ਮਾਰਿ।ਭਯੋ ਭੈਗਾਨੀ ਥਾਨ ਤਬਿ ਦਾਰੁਨ ਲੋਥ ਬਿਥਾਰ[1] ॥ ੪੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਿਤਿਯ ਰੁਤੇ 'ਹੱਯਾਤ ਖਾਨ ਬਧਹ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

੨੮. [ਸਾਹਿਬ ਚੰਦ। ਦਯਾਰਾਮ ਨੰਦ ਚੰਦ ਦਾ ਯੁੱਧ]।

ਦੋਹਰਾ ॥ ਖਾਨ ਤੀਨ ਸਰਦਾਰ ਮੈਂ ਇਕ ਜਬਿ ਲੀਨੋ ਮਾਰਿ।ਅਪਰ ਪਠਾਨ ਪ੍ਰਹਾਰ ਭੇ[2] ਮਰੇ ਤੁਰੰਗ ਉਦਾਰ॥ ੧॥ ਹਰਿਬੋਲਮਨਾ ਛੰਦ॥ ਰਿਸ ਧਾਰਿ ਅਰੇ। ਹਥਿਆਰ ਕਰੇ। ਗਨ ਬਾਨ ਚਲੇ। ਨਹਿਂ ਹੋਤਿ ਖਲੇ ॥੨॥ ਹਤਿ ਭਾਲਨ ਤੇ[3]। ਰੁਕਿ[4] ਢਾਲਨ ਤੇ। ਗਹਿ ਤੋਮਰ ਕੌ। ਹਨਤੇ ਅਰਿ ਕੌ ॥ ੩॥ ਕਿਹ ਬਾਂਹ ਕਟੀ। ਕਿਸ ਟਾਂਗ ਟੁਟੀ। ਕਟਿ ਮੁੰਡ ਲਏ। ਬਹੁ ਰੁੰਡ[5] ਭਏ ॥ ੪॥ ਕਰਵਾਰ ਨਚੀ। ਰਜ ਸ਼੍ਰੋਣ ਰਚੀ[6]। ਬਹੁ ਘਾਇ ਲਗੇ। ਤਰਫੈਂ ਗਿਰਗੇ[7] ॥ ੫ ॥ ਹਯ ਧਾਵਤਿ ਹੈਂ। ਭਟ ਘਾਵਤਿ ਹੈਂ। ਮਿਲਿ ਬੀਰ ਗਏ। ਅਸਿ ਢਾਲ ਲਏ[8] ॥੬॥ ਕਰਿ ਹੇਲ ਘਨੇ। ਮੁਖ 'ਮਾਰ'ਭਨੇ। ਕਟਿ ਲੋਥ ਪਰੀ[9]। ਗਨ ਧੂਰ ਭਰੀ ॥੭॥ ਨਿਜ ਸ੍ਵਾਮਨ ਕੌ। ਕਰਿ ਕਾਮਨ ਕੌ[10]। ਨਿਜ ਪ੍ਰਾਨ ਦਏ। ਸੁਰ ਲੋਕ ਗਏ ॥੮॥ ਤਨ ਜਾਂਹਿ ਕਟੇ[11]। ਨਹਿਂ ਪਾਛਿ ਹਟੇ। ਗਨ ਖਾਨ ਅਰੇ। ਤਤਕਾਲ ਮਰੇ ॥੯॥ ਤੁਪਕਾਨ ਛੁਟੇ। ਉਰ ਸੀਸ ਫੁਟੇ। ਬਮ[12] ਸ਼੍ਰੋਣ ਮਹਾਂ। ਗਿਰ ਜਾਇਂ ਤਹਾਂ ॥੧੦॥ ਨਿਸਾਨੀ ਛੰਦ॥ ਗੜ੍ਹ ਚਿਲਾਨ[13] ਇਕ ਥਾਨ ਹੈ ਕਾਸ਼ੀ ਜਿਤ ਦੇਸ਼ੁ। ਤਿਸ ਥਲ ਕੋ ਇਕ ਸਿੱਖ ਹੈ ਜਿਹ ਸੁਮਤਿ ਵਿਸ਼ੇਸ਼ੁ। ਰਾਮ ਸਿੰਘ[14] ਸ਼ੁਭ ਨਾਮ ਹੈ ਗੁਰ ਆਇਸੁ ਪਾਈ। ਇਕ ਲਕਰਾ ਵਿਚ

---

[1]ਲੋਥਾਂ ਦਾ ਖਿਲੇਰ। [2]ਨਾਸ਼ ਹੋਏ (ਤੇ ਨਾਲ……) [3]ਭਾਲੇ ਮਾਰਦੇ ਹਨ।(ਅ)ਸਿਰਾਂ ਤੇ ਮਾਰਦੇ ਹਨ। [4]ਰੋਕਦੇ ਹਨ। [5]ਬਿਨਾਂ ਸੀਸ ਦੇ ਧੜ। [6]ਲਹੂ ਨਾਲ ਮਿੱਟੀ ਗੋਈ ਗਈ। [7]ਤੜਫਦੇ ਗਿਰ ਗਏ। [8]ਤਲਵਾਰ ਢਾਲ ਲੈਕੇ। [9]ਲੋਥਾਂ ਕੱਟਕੇ ਡਿਗ,ਪਈਆਂ। [10]ਆਪਣੇਮਾਲਕ ਦਾ ਕਰਕਕੰਮ। [11]ਤਨ ਕੱਟੇ ਜਾਂਦੇ ਹਨ(ਪਰ)। [12]ਨਿਕਲਦਾ ਹੈ। [13]ਚੁਨਾਰਗੜ੍ਹ ਤੋਂ ਮੁਰਾਦ ਜਾਪਦੀ ਹੈ। ਇਹ ਟਿਕਾਣਾ ਮਿਰਜ਼ਾ ਪੁਰ ਜ਼ਿਲੇ ਵਿਚ ਕਾਂਸ਼ੀ ਤੋਂ ਪੰਦਰਾਂ ਵੀਹ ਮੀਲ ਤੇ ਗੰਗਾ ਦੇ ਕਿਨਾਰੇ ਹੈ, ਕਦੇ ਬੜਾ ਪੱਕਾ ਫੌਜੀ ਟਿਕਾਣਾ ਸੀ।ਹੁਣ ਬੀ ਏਥੇ ਕਿਲ੍ਹਾ ਤੇ ਸਿਲਹਖਾਨਾ ਹੈ। ਕਿਲ੍ਹਾ ਇਕ ਪਹਾੜੀ ਦੀ ਚੋਟੀ ਤੇ ਹੈ।ਅਭਾਗਾ ਮਹਾਰਾਣੀ ਜਿੰਦਾਂ ਨੂੰ ਅੰਗ੍ਰੇਜ਼ਾਂ ਨੇ ਇਸੇ ਕਿਲ੍ਹੇ ਵਿਚ ਕੈਦ ਕੀਤਾ ਸੀ ਜਿੱਥੋਂ ਕਿ ਉਹ ਆਪਣੀ ਚਾਤੁਰਤਾ ਨਾਲ ਨਿਕਲ ਕੇ ਨੈਪਾਲ ਜਾ ਪਹੁੰਚੀ ਸੀ। [14]ਸਿੰਘ ਪਦ ਨਾਵਾਂ ਨਾਲ ਪਹਿਲੋਂ ਬੀ ਟਾਵਾਂਟਾਵਾਂ ਹੁੰਦਾਸੀ,ਰਜਪੂਤਾਂ ਵਿਚ ਬੀ ਏਹ ਪਦ ਨਾਵਾਂਨਾਲ ਵਰਤੀਂਦਾਹੈ।

ਖੋਦਿ ਕੈ[1] ਬਡ ਤੋਪ ਬਨਾਈ॥ ੧੧ ॥ ਊਚੇ ਥਲ ਸੋ ਧਰਿ ਦਈ ਬਾਰੂਦ ਬਿਸਾਲਾ। ਗੋਰਾ ਪਾਥਰ ਠੋਕਿ ਕੈ ਸਨਮੁਖ ਰਿਪੁ ਜਾਲਾ।ਗੁਰ ਆਗਯਾ ਲੇ-ਕਰਿ ਤਬੈ ਤਿਹ ਲਾਇ ਪਲੀਤਾ।ਛੁਟਤਿ ਕਰਯੋ ਬਡ ਸ਼ਬਦ ਕੋ ਜਨੁ ਬਿੱਜੁ ਗਜੀਤਾ[2] ॥੧੨॥ ਜਹਾਂ ਢੂਗ[3] ਬਾਂਧੇ ਖਰੇ ਤਹਿਂ ਪਹੁੰਚਯੋ ਗੋਰਾ। ਬਡੇ ਬੇਗ ਤੇ ਮਾਰਿਕੈ ਇਕ ਭਟ ਅਰੁ ਘੋਰਾ।ਗਿਰਯੋ ਹੇਰਿਅਰਿ ਗਨ ਭਜੇ ਇਤ ਉਤ ਕੋ ਹੋਇ।'ਬਿਜੈ ਹੋਇ ਸਤਿਗੁਰੂ ਕੀ' ਬੋਲੇ ਸਭਿ ਕੋਇ ॥ ੧੩॥ ਪੁਨ ਬਰੂਦ ਗੋਲਾ ਕਸਯੋ ਤਤਕਾਲ ਚਲਾਈ। ਜਹਿਂ ਇਕੱਤ੍ਰ ਗਨ ਸੂਰਮੇ ਤਿਤ ਦਿਯ ਬਿਚਲਾਈ[4]। ਬਿਸਮੈ ਗਿਰਪਤਿ ਦੇਖਿ ਕੈ–ਇਹ ਅਜਬ ਤਮਾਸ਼ਾ। ਤੋਪ ਚਲੀ ਬਡ ਕਾਠ ਕੀ ਕਿਯ ਸੁਭਟ ਬਿਨਾਸ਼ਾ–॥ ੧੪ ॥ ਸਾਹਿਬਚੰਦ ਬਿਲੰਦ ਬਲਿ ਗੁਰ ਬੀਰ ਬਿਸਾਲਾ। ਵਧੇ ਪਠਾਨ ਬਿਲੋਕਿ ਕੈ ਬੋਲਯੋ ਤਿਸ ਕਾਲਾ।'ਪ੍ਰਭੁ ਜੀ ਆਗਯਾ ਦੇਹੁਮੁਝ ਉਮਡੇ ਇਤਆਵੈਂ।ਪੰਚਹੁੰ ਭ੍ਰਾਤਾਉਤ ਖਰੇ ਸੰਗ੍ਰਾਮ ਮਚਾਵੈਂ॥੧੫॥ਫਤੇਸ਼ਾਹ ਕੀ ਚਮੂੰ ਗਨ ਓਰੜ ਇਹ ਆਈ। ਗੁਲਕਾਂ ਤੋਮਰ ਤੀਰ ਕੀ ਬਡ ਮਾਰ ਮਚਾਈ'। ਜਥੇਦਾਰ ਤੇ[5] ਸਤਿਗੁਰੂ ਸੁਨਿ ਕਰਿ ਲਲਕਾਰਾ।'ਲੇਹੁ ਸੰਗ ਗਨ ਬੀਰ ਕੋ ਰਨ ਕਰੋ ਉਦਾਰਾ॥੧੬॥ ਇਤਿ ਦਿਸ਼ਿ ਹ੍ਵੈ ਕਰਿ ਹੇਲ ਕਰਿ ਤਜਿ ਪੁੰਜ ਤੁਰੰਗੇ। ਵਧੇ ਆਇ ਰੋਕਹੁ ਇਨੈਂ ਗੇਰਹੁਬਿਚ ਜੰਗੇ'।ਆਗਯਾ ਸੁਨਿ ਸਤਿਗੁਰੂ ਕੀ ਸਾਹਿਬਚੰਦ ਚਾਲਾ। ਭੁਈ ਤੜਾਭੜ ਤੁਪਕ ਕੀ ਇਕ ਬਾਰਿ ਬਿਸਾਲਾ ॥ ੧੭ ॥ ਬਾਨ ਪ੍ਰਹਾਰੇ ਐਂਚਿ ਧਨੁ ਹੇਲਾ ਬਡ ਘਾਲਾ[6]। ਹਾਲ ਚਲੇ ਗਨ ਖਾਨ ਤਬਿ ਪਿਖਿ ਜੰਗ ਕਰਾਲਾ।ਘਾਇਲ ਹ੍ਵੈ ਗਿਜ ਗਿਰ ਪਰੈਂ ਨਹਿੰਬਲ ਸੰਭਾਰੇ।ਮ੍ਰਿਤੁ ਤੇ ਕਾਤੁਰ ਡਰ ਭਜੇਮਰਿਗੇ ਬਿਨਮਾਰੇ॥੧੮॥ਭੀਖਨਖਾਂਦੇਖਯੋ ਤਬੈ ਗਨਖਾਨਪਲਾਏ। ਗੁਰ ਕੋ ਦਲ, ਉਮਡਯੋ ਅਧਿਕ ਆਵਤਿ ਅਗੁਵਾਏ। ਭਟ ਹਯਾਤ ਖਾਂ ਮਰਿ ਗਯੋ ਕੁਛ ਸਰਯੋ ਨ ਕਾਮਾ।ਸਾਧ ਕਹਾਂ ਬਪੁਰੋ ਹੁਤੋ ਜਿਨ ਪਠਿ ਜਮ-ਧਾਮਾ[7]॥੧੯॥'ਗੀਦੀਕਿਮਭਾਜਤਿ ਚਲੇ ਕੁਲ ਕਾਨ ਬਿਚਾਰੋ।ਹੇਲਾ ਘਾਲਹੁ ਸਮੁਖ ਗੁਰ ਕਯੋਂ ਜੀਵਤਿ ਹਾਰੋ। ਗਈ ਪਠਾਨੋ ਆਨ ਅਬਿ, ਐਸਨ[8] ਤੇ ਹਾਰਾ। ਹਸਹਿਂ ਪਹਾਰੀ ਬੀਰ ਸਭਿ ਕਛੁ ਸਰੀ ਨ ਕਾਰਾ' ॥ ੨੦ ॥ ਇਮ

[1]ਇਕ ਲਕੜੀ ਨੂੰ ਵਿੱਚੋਂ ਖੋਦਕੇ।[2]ਮਾਨੋਂ ਬਿਜਲੀ ਗੱਜੀ ਹੈ।[3]ਟੋਲਾ।[4]ਖਿੰਡਾ ਦਿਤੇ।[5]ਭਾਵ ਸਾਹਿਬ ਚੰਦ ਤੋਂ।[6]ਹੱਲਾ ਕੀਤਾ।[7]ਜਿਸਨੇ ਭੇਜਿਆ ਜਮਧਾਮ(ਹੱਯਾਤ ਨੂੰ)। [8]ਐਹੋਜਿਹਾਂ ਤੋਂ ਹਾਰ ਗਏ।ਪਿੱਛੇ ਕਿਹਾ ਹੈ 'ਸਾਧ ਕਹਾਂ ਬਪੁਰੋ ਹੁਤੋ'ਅੱਗੇ ਬੀ ਕਿਹਾ ਹੈ(ਅੰਕ ੨੧ ਵਿਚ)ਇਕਠੇ ਕਰੇਗਵਾਰ"।

ਬਿਚਾਰ ਭੀਖਨ ਰਿਦੈ[1] ਚਪਲਾਇ ਤੁਰੰਗਾ। ਸੰਗ ਨਿਜਾਬਤ ਖਾਨ ਕੌ ਲੇ ਕਹ੍ਯੋ ਉਤੰਗਾ[2]। 'ਇਕਠੇ ਕਰੇ ਗਵਾਰ ਗਨ ਹੇਰੇ, ਤੁਮ ਪਾਛੇ। ਹਥ੍ਯਾਰਨ ਕੋ ਧਕਰਨੌ ਨਹਿਂ ਆਵਤਿ ਆਛੇ'॥੨੧॥ ਊਚੀ ਭੁਜਾ ਉਸਾਰਿ ਕੇ ਕਰਿ ਊਚ ਪੁਕਾਰੇ। ਮੋਰੇ ਭਾਜਤਿ ਖਾਨ ਗਨ, ਠਹਿਰੇ ਤਿਸ ਬਾਰੇ। ਸੰਗ ਨਿਜਾਬਤ ਖਾਨ ਲੇ, ਧਨੁ ਕਰ ਧਰਿ ਬਾਨਾ। ਰਿਸ ਕਰਿ ਕਰਿ ਮਾਰਤਿ ਘਨੇ ਪਿਖਿ ਸੁਭਟ ਨਿਸ਼ਾਨਾ॥੨੨॥ ਸਾਹਿਬਚੰਦ ਬਿਲੋਕਿ ਤਬਿ ਉਮਡੇ ਗਨ ਖਾਨੈ[3]। ਗਹ੍ਯੋ ਧੀਰ ਧਰਿ, ਛਿੱਪ੍ਰ ਕਰਿ, ਛੋਰਤਿ ਖਰ ਬਾਨੈ। ਸੁਭਟ ਤੁਰੰਗਮ ਕੇ ਲਗਹਿਂ, ਹੋਵਹਿਂ ਤਨ ਪਾਰੇ। ਉਥਲ ਜਾਹਿਂ ਰਣਖੇਤ ਮਹਿਂ ਜਨੁ ਦੀਹ ਮੁਨਾਰੇ॥੨੩॥ ਬਰਖਾ ਗੁਲਕਾਂ ਸਰਨ ਕੀ[4] ਦਿਸ਼ਿ ਦੋਨਹੁ ਹੋਈ। ਮਚ੍ਯੋ ਸ਼ੋਰ ਰਣਘੋਰ ਭਾ ਜੂਟੇ ਸਭਿ ਕੋਈ। ਅਟਕ ਰਹ੍ਯੋ ਜਬਿ ਜੰਗ ਬਡ ਨ੍ਰਿਪ ਹੁਤੋ ਹੰਡੂਰੀ। ਹਰੀਚੰਦ ਜਿਸ ਨਾਮ ਹੈ ਰਿਸ ਕੀਨਸਿ ਭੂਰੀ॥ ੨੪ ॥ ਧਨੁ ਬਿੱਦ੍ਯਾ ਮਹਿਂ ਨਿਪੁਨ ਬਹੁ ਤਿਨ ਤੁਰੰਗ ਧਵਾਯੋ। ਐਂਚਿ ਐਂਚਿ ਸਰ ਗਨ ਹਤੇ ਦਲ ਗੁਰਨ[5] ਹਿਲਾਯੋ। ਮਾਰੇ ਸੁਭਟ ਪਰੋਇ ਕਰਿ ਬਹੁ ਗਿਰੇ ਤੁਰੰਗਾ। ਹਰਖ੍ਯੋ ਭੀਖਨ-ਖਾਨ ਤਬਿ ਪਿਖਿ ਭੀਖਨ[6] ਜੰਗਾ॥੨੫॥ ਹਰੀਚੰਦ ਕੇ ਨਿਕਟ ਹੁਇ ਕਹਿ 'ਸਾਧ ਘਨੇਰਾ[7]। ਤਜਹਿਂ[8] ਤੀਰ ਗੁਰ ਸੈਨ ਪਰ ਦੇਂ ਤ੍ਰਾਸ ਬਡੇਰਾ'। ਸਾਹਿਬ-ਚੰਦ ਬਿਲੰਦ ਰਣ ਪਿਖਿ ਕਰਤਿ ਉਪਾਯਾ। ਦੇ ਬੀਰਨ ਕੌ ਧੀਰ ਤਬਿ ਸਰ ਬ੍ਰਿੰਦ ਚਲਾਯਾ॥੨੬॥ ਤਊ ਨ ਸੈਨਾ ਹੋਤਿ ਥਿਰ ਹੇਰਤਿ ਗਨ ਬਾਨਾ। ਹਰੀਚੰਦ ਸਰ ਗਨ ਤਜੈ ਅਰੁ ਭੀਖਨਖਾਨਾ। ਗੁਰ ਢਿਗ ਖਰੋ ਦਿਵਾਨ ਤਬਿ ਨੰਦ ਚੰਦ ਪ੍ਰਬੀਨਾ। 'ਪ੍ਰਭੁ ਜੀ! ਆਗ੍ਯਾ ਦੇਹੁ ਮੁਝ ਦਲ ਹਾਲਤਿ ਚੀਨਾ[9] ॥੨੭॥ ਸੁਰਖੇ ਬਲੀ ਤੁਰੰਗ ਪਰ ਗਿਰਨਾਥ ਹੰਡੂਰੀ। ਭੀਖਨਖਾਨ ਸਮੇਤ ਹੈ ਕਰਿ ਕੈ ਰਿਸ ਭੂਰੀ। ਮਾਰੇ ਹਮਰੇ ਬੀਰ ਬਹੁ, ਥਿਤ ਰਹੇ ਨ ਆਗੇ। ਮਰੇ ਬਿਲੋਕੇ ਬ੍ਰਿੰਦ ਹੀ ਰਨ ਤੇ ਅਬਿ ਭਾਗੇ॥ ੨੮ ॥ ਵਡੇ ਆਇ ਹੰਕਾਰ ਕਰਿ ਦਲ ਚਹੈਂ ਪਲਾਯੋ। ਸਾਹਿਬਚੰਦ ਨਿਕੰਦਤੌ[10] ਪਰ ਬਸ ਨ ਬਸਾਯੋ'। ਸ੍ਰੀ ਕਲਗੀਧਰ ਸੁਨਿ ਤਬੈ ਉਤ ਡੀਠ ਲਗਾਈ। ਦਯਾਰਾਮ ਨੰਦ ਚੰਦ ਕੌ

---

[1]ਰਿਦੇ ਵਿਚ ਵਿਚਾਰ ਕੇ ਭੀਖਨ ਖਾਂ ਨੇ। [2]ਉੱਚੀ ਕਿਹਾ। [3]ਬਹੁਤੇ ਪਠਾਣਾਂ ਨੂੰ ਉਮਡਿਆ ਦੇਖ ਕੇ। [4]ਗੋਲੀਆਂ ਤੇ ਤੀਰਾਂ ਦੀ। [5]ਗੁਰਾਂ ਦਾ। [6]ਭਿਆਨਕ। [7]ਬਹੁਤ ਸ਼ਾਬਾਸ਼। [8]ਛਡਦਾ ਹੈਂ (ਤੂੰ)। [9](ਆਪਣਾ) ਦਲ ਹੱਲਦਾ ਦਿੱਸਦਾ ਹੈ। [10]ਮਾਰਦਾ ਹੈ।

ਆਇਸੁ ਫੁਰਮਾਈ ॥੨੯॥ 'ਅਰਹੁ ਅੱਗੂ ਅਰਿ ਗਨ ਹਤਹੁ, ਵਧਿ ਆਇ ਅਗੇਰੇ। ਆਇ ਨਿਜਾਬਤ ਖਾਨ ਉਤ ਸੰਗ ਖਾਨ ਘਨੇਰੇ'। ਸੁਨਿ ਦੋਨਹੁੰ ਗੁਰ ਸੂਰਮੇ ਤਾਜੀ[1] ਸੁ ਤੁਪਾਏ। ਸਨਮੁਖ ਗਮਨੇ ਅਰਿਨ ਕੇ ਉਰ ਕ੍ਰੋਧ ਵਧਾਏ ॥੩੦॥ ਦਯਾਰਾਮ ਕਰਿ ਸ਼ੀਘ੍ਰਤਾ ਬਹੁ ਬਾਨ ਚਲਾਏ। ਦੇ ਧੀਰਜ ਨਿਜ ਭਟਨ ਕੌ ਹਟਤੇ ਠਹਿਰਾਏ।ਹੁਤੇ ਪਠਾਨ ਜਿ ਅੱਗੂ ਬਹੁ ਹੇਲੇ ਹਿਤ ਆਵਹਿਂ। 'ਮਾਰ ਮਾਰ' ਮੁਖ ਤੇ ਭਨਹਿਂ ਹੱਥਯਾਰ ਚਲਾਵਹਿਂ ॥ ੩੧॥ ਨੰਦ ਚੰਦ ਸਹਿ ਨਾ ਸਕ੍ਯੋ ਹਯ ਬਲੀ ਧਵਾਯੋ। ਬਰਛੀ ਤਿਰਛੀ ਭ੍ਰਮਤਿ ਖਰ[2] ਧਰਿ ਹਾਥ ਉਠਾਯੋ। ਮਾਰੀ ਜਾਇ ਪਠਾਣ ਕੇ ਤਤਕਾਲ ਪਰੋਵਾ। ਵੜਾ ਉਤਾਰਨਿ ਹੇਤੁ ਜਨੁ ਅਯ ਸੀਖ ਧਸੋਵਾ[3] ॥ ੩੨ ॥ ਨਾਗਨ ਸੀ ਲਸ਼ਕਤ ਹੁਤੀ ਵਰਮੀ ਤਨ ਖਾਨਾ[4]।ਲਗੀ ਬੇਗ ਤੇ ਧਸ ਗਈ ਹਯ ਤੇ ਉਥਲਾਨਾ। ਪਿਖਿ ਪਠਾਨ ਓਰੜ ਪਰੇ ਕਹਿ 'ਮਾਰੋ ਮਾਰੋ'। ਨੰਦ ਚੰਦ ਖਰ ਖੜਗ ਕੌ ਤਤਕਾਲ ਨਿਕਾਰੋ[5]॥੩੩॥ਹਤ੍ਯੋ ਖਾਨ ਤਬਿ ਦੂਸਰੋ ਸਿਰ ਕਾਟਿ ਉਤਾਰਾ। ਤ੍ਰਿਤੀਏ ਕਹੁ ਤੂਰਨ ਹਨ੍ਯੋ ਖਗ ਨਿਰਮਲ ਧਾਰਾ। ਆਗੈ ਕਰੀ ਤੁਫੰਗ ਤਿਨ ਲਗਿ ਟੁਟ੍ਯੋ ਕ੍ਰਿਪਾਨਾ। ਗਯੋ ਵਾਰ ਨਿਸ਼ਫਲ ਜਬੈ ਰਿਸ ਵਧੀ ਮਹਾਨਾ॥੩੪॥ਜਮਧਰ ਲਈ ਨਿਕਾਰ ਤਬਿ ਖਰ ਅਨੀ[6]ਬਿਸਾਲਾ।ਉਤਰਿ[7] ਦਈ ਫੁਕ ਖਾਨ ਕੋ ਮਾਰ੍ਯੋ ਤਿਸ ਕਾਲਾ। ਦਯਾਰਾਮ ਸਨ ਸੁਭਟ ਗਨ ਤਿਸ ਨਿਕਟ ਪਹੂੰਚਾ। ਮਾਰੇ ਅਧਿਕ ਪਠਾਨ ਰਨ ਨਾਦਤਿ ਬਡ ਊਚਾ ॥ ੩੫॥ਕਰੇ ਹਟਾਵਨਿ ਜੋ ਵਧੇ ਰਨ ਖੇਤ ਛੁਰਾਯੋ। ਹਟੇ ਤਰੁਨ ਕੀ ਓਟ ਹ੍ਵੈ[8] ਨਿਜ ਗਾਤ ਬਚਾਯੋ। ਹਰੀਚੰਦ ਇਤ ਤੇ ਫਿਰ੍ਯੋ ਦੂਸਰ ਦਿਸ਼ਿ ਚਾਲਾ। ਭੀਖਨਖਾਂ ਕੌ ਧੀਰ ਦੈ ਥਿਰ ਕਰਿ ਤਿਸ ਕਾਲਾ॥੩੬॥ਸੰਗੋ ਆਦਿਕ ਜਿਤ ਦਿਸ਼ਾ ਸੰਗ੍ਰਾਮ ਮਚਾਵਹਿਂ। ਗਯੋ[9] ਤੁਰੰਗ ਧਵਾਇ ਕਰਿ ਗਨ ਤੀਰ ਚਲਾ- ਵਹਿ। ਆਵਤਿ ਕੌ ਅਵਿਲੋਕਯੋ ਹੰਡੂਰੀ ਰਾਜਾ[10]।ਲਾਲ ਬਿਲੋਚਨ ਬਦਨ ਤੇ ਭੀਖਨ[11] ਰਨ ਸਾਜਾ ॥ ੩੭ ॥ ਸੰਗੋਸ਼ਾਹਿ ਕੁਦੰਡ[12] ਗਹਿ ਖਰ ਤੀਰ ਨਿਕਾਰੇ। ਐਂਚਿ ਐਂਚਿ ਕਰਿ ਕਾਨ ਲਗ ਰਿਪੁ ਸਨਮੁਖ ਮਾਰੇ।ਇਤ ਉਤ

[1]ਘੋੜੇ। [2]ਤਿੱਖੀ। [3]ਮਾਨੋ ਵੜੇ ਲਾਹੁਣ ਲਈ ਲੋਹੇ ਦੀ ਸੀਖ ਧਸਾਈ ਹੈ। [4]ਖਾਨ ਦਾ ਸਰੀਰ ਇਹ ਖੁੜ ਹੈ। [5]ਕਢਿਆ। [6]ਤਿੱਖੀ ਨੋਕ। [7]ਉਤਰ ਕੇ (ਘੋੜੇ ਤੋਂ)। [8]ਬ੍ਰਿੱਛਾਂ ਦੇ ਉਹਲੇ ਹੋਕੇ। [9](ਹਰੀ ਚੰਦ) ਗਿਆ। [10](ਸੰਗੋ ਨੇ) ਡਿੱਠਾ ਕਿ ਹੰਡੂਰੀ ਰਾਜਾ (ਹਰੀ ਚੰਦ) ਆ ਰਿਹਾ ਹੈ। [11]ਭਿਆਨਕ। [12]ਧਨੁਖ।

ਬਿਚਰਤਿ[1] ਨਹਿਂ ਲਗਯੋ ਬਲਿ ਚਪਲ ਤੁਰੰਗਾ। ਆਗੇ ਪਰਬਤ ਕੇ ਸੁਭਟ
ਤਿਨ ਅੰਗਨਿ ਭੰਗਾ[2] ॥੩੮॥ ਇਤ ਜੋਧਾ ਇਹ ਅਰ ਪਰੇ[3],ਉਤ ਮਧਕਰ
ਸ਼ਾਹਿ[4] । ਸੰਗ ਚੰਦੇਲ ਸਿਪਾਹਿ ਗਨ ਰਿਪੁ ਕੈ ਰਨ ਮਾਹਿ। ਦਯਾਰਾਮ ਨੰਦ
ਚੰਦ ਸੋਂ ਗੁਰਕੋ ਦਲ ਭਾਰੀ।ਲਰੇ[5] ਤੀਰ ਗੁਲਕਾਨ ਸੋਂ ਕਰਵਾਰ ਨਿਕਾਰੀ
॥ ੩੯ । ਪਰਯੋ ਦੂਰ ਲਗਿ ਖੇਤ ਬਡ ਗਨ ਧੁਖਹਿਂ ਪਲੀਤੇ । ਛਣੰਕਾਰ
ਹੁਇੰ ਗਜਨ[6] ਕੇ ਚਾਹਤਿ ਚਿਤ ਜੀਤੇ।ਦਸਤਰਵਾਂ ਕਰਿ ਸ਼ੀਘ੍ਰਤਾ ਛੋਰਹਿਂ
ਰਿਪੁ ਮਾਰਹਿਂ । ਐਂਚਿ ਐਂਚਿ ਤੀਰਨ ਹਤਹਿਂ ਆਗੇ ਪਗ ਡਾਰਹਿਂ ॥ ੪੦॥
ਫਤੇਸ਼ਾਹ ਉਤ ਦੂਰ ਹੀ ਥਿਰਿ ਜੰਗ ਬਿਲੋਕੇ।ਭਾਜਹਿਂ ਜਬੈ ਪਹਾਰੀਏ ਪਠਿ
ਮਾਨਵ[7] ਰੋਕੇ।ਪਿਖੈਂ ਤਮਾਸ਼ਾ ਗੁਰੂ ਇਤ ਉਰਬਿਖੇ ਬਿਚਾਰੈਂ।–ਅਧਿਕ ਵਧੈ
ਜੋਧਾ ਜੁ ਬਡ ਲਰਿ ਤਿਸ ਕੌ ਮਾਰੈਂ॥੪੧॥ਇਕ ਸੁਤ ਹਤਿ ਕੁਛ ਸੰਗ ਭਟ
ਥਿਤ ਬੁੱਧੂਸ਼ਾਹਾ । ਰਨ ਮਹਿਂ ਤਨ ਦੇ ਲਰਤਿ ਹੈ ਗੁਰ ਹਿਤ ਉਤਸਾਹਾ ।
ਵਧਹਿ ਅੱਗੂ ਮਾਰਤਿ ਅਰਨਿ ਗੁਲਕਾਂ ਮੁਚਕੰਤੇ[8] । ਦੁਤਿਯ ਪੁੱਤ੍ਰ ਲਗਿ
ਘਾਵ ਤਨ ਗਾ ਭਿਸ਼ਤ ਲਰੰਤੇ[9] ॥ ੪੨ ॥ ਦੋਹਰਾ ॥ ਇਮ ਰਨ ਮਹਿਂ ਘਮ-
ਸਾਨ ਬਹੁ ਮਰੇ ਦੁਹਨ ਦਿਸ਼ਿ ਬੀਰ । ਛਿਦਤਿ ਸਰੀਰ, ਸਧੀਰ ਹ੍ਵੈ ਹਤਿ
ਗੁਲਕਾਂ ਗਨ ਤੀਰ ॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ
'ਜੰਗ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥ ੨੮ ॥

੨੯. [ਹਲਵਾਈ ਸਿੱਖ । ਜੀਤ ਮੱਲ ਬੱਧ । ਫਤੇ ਸ਼ਾਹ ਦਾ ਨੱਠ ਕੇ ਓਲ੍ਹੇ ਹੋਣਾ] ।

ਦੋਹਰਾ ॥ ਸ੍ਰੀ ਕਲਗੀਧਰ ਜਹਿਂ ਥਿਰੇ ਹਲਵਾਇ ਸਿਖ ਏਕ । ਹਾਥ ਜੋਰਿ
ਬੋਲਤਿ ਭਯੋ 'ਸੁਨੀਅਹੁ ਉਦਧਿ ਬਿਬੇਕ ! ॥ ੧ ॥ ਸੈਯਾ ਛੰਦ ॥ ਅਧਿਕ
ਲਾਲਸਾ ਮੋਹਿ ਰਿਦੇਮਹਿਂ ਪ੍ਰਭੁਕੇ ਕਾਮ ਅਰੂੰ ਰਨਥਾਨਿ।ਸ਼ਸਤ੍ਰ ਹਾਥਮਹਿ
ਗਹੇ ਨ ਕਬਹੂੰ[10]ਤੋਮਰ ਤੁਪਕ ਨ ਬਾਨ ਕ੍ਰਿਪਾਨ । ਤਊ ਹੋਤਿ ਉਤਸਾਹਿ
ਬਡੋ ਉਰ ਹਤੌਂ ਰਿਪੂ ਕੋ,ਕਰਹੁ ਬਖਾਨ[11]।ਦੇਹੁਤੁਰੰਗਮ,ਤੇਅਰੂਢ ਹੁਇ[12]
ਖੜਗ ਦਿਹੋ ਪੁਨ ਸਿਪਰ ਮਹਾਨ' ॥੨॥ ਸ੍ਰੀ ਕਲਗੀਧਰ ਸੁਨਿ ਮੁਸਕਾਨੇ

---

[1](ਹਰੀ ਚੰਦ) ਇਧਰ ਉਧਰ ਟਲ ਗਿਆ ਹੈ। [2](ਪਰ ਉਹਨਾਂ ਤੀਰਾਂ ਨੇ) ਅਗੇ ਜਾਕੇ ਪਰਬਤੀ ਸੂਰਿਆਂ ਦੇ ਅੰਗ ਤੋੜੇ । [3]ਅੜ ਖੜੋਤੇ। [4]ਨਾਮ ਹੈ ਚੰਦੇਲ ਦੇ ਰਾਜੇ ਦਾ । [5](ਮਧਕਰ ਸ਼ਾਹ ਆਦਿ) ਲੜੇ । [6]ਉਹ ਗਜ ਜੋ ਉਸ ਸਮੇਂ ਦੀ ਬੰਦੂਕ ਵਿਚ ਫੇਰਦੇ ਸਨ । [7]ਆਦਮੀ ਘੱਲ ਕੇ । [8]ਛਡਦੇ ਹਨ । [9]ਲੜਦਾ ਹੋਇਆ । [10]ਫੜੇ ਨਹੀਂ ਕਦੇ (ਮੈਂ) । [11]ਆਪ ਕਹਿ ਦਿਓ ਭਾਵ ਆਗ੍ਯਾ ਦਿਓ । [12]ਤਿਸ (ਘੋੜੇ) ਤੇ ਚੜ੍ਹਕੇ ।

ਕੋਤਲ[1] ਖਰੇ ਤੁਰੰਗਮ ਹੇਰਿ।ਜਿਨ ਕੌ ਬਿਰਦ ਗਰੀਬ ਨਿਵਾਜਨਿ[2]'ਲਿਹੁ ਕੁਮੈਤ ਚਢਿਯਹਿ ਬਿਨ ਦੇਰ'। ਹੁਕਮ ਪਾਇ ਗਹਿ ਵਾਗ ਅਰੂਢਯੋ 'ਪ੍ਰਭੁ ਜੀ ਦੀਜਹਿ ਸ਼ਸਤ੍ਰ ਬਡੇਰ।ਤੋਮਰਕਿਧੌਂ ਤੁਪਕਧਨੁ ਤੀਰ,ਕਿ ਜੋ ਮੈਂ ਹਤੌਂ ਕਿ ਦਿਹੁ ਸ਼ਮਸ਼ੇਰ' ॥ ੩ ॥ ਬਿਗਸਤਿ ਖੜਗ ਸਿਪਰ ਤਬਿ ਬਖਸ਼ੇ ਬੂਝਤਿ ਭਯੋ ਹਤਨ ਕੌ ਦਾਇ।'ਕਿਸ ਕਰ ਸਿਪਰ ਗਹੌਂ?ਕਿਸ ਮੈਂ ਅਸਿ ? ਕਿਮ ਮਾਰੌਂ?ਮੁਹਿ ਦੇਹੁ ਬਤਾਇ'।ਦੇਖਤਿ ਸੁਨਤਿ ਦੁਹਨ ਦਿਸ਼ਿ ਕੇ ਭਟ ਹਸਹਿਂ ਪਰਸਪਰ ਪੁਨਿ ਬਿਸਮਾਇਂ। ਅਜਬ ਚਰਿੱਤ੍ਰ ਪ੍ਰਭੂ ਕੇ ਲਖੀਯਤਿ ਜਿਮ ਚਿਰੀਅਨਿ ਤੇ ਬਾਜਤੁਰਾਇ॥੪॥ਸਤਿਗੁਰ ਕਹਯੋ'ਸਿਪਰ ਗਹੁ ਬਾਮੇ,ਦਾਂਏ ਬਿਖੈ ਗਹੋ ਸ਼ਮਸ਼ੇਰ। ਹਯ ਧਵਾਇ ਸਨਮੁਖ ਹੁਇ ਰਿਪੁਕੇ, ਰੋਕਹੁ ਵਾਰ ਜਿ ਕਰੇ ਅਗੇਰ[3]।ਬਲ ਤੇ ਖੜਗ ਮਾਰਿ ਨਿਜ ਕਰ ਤੇ ਕਰੋ ਫਤੇ ਬਨਿ ਕੈ ਸਮਸ਼ੇਰ'।ਹੁਕਮਪਾਇ,ਕਰ ਗਹਿ[4] ਸੁਚੇਤ ਭਾ ਰਣ ਸਨਮੁਖ ਹੁਇ ਚਲਯੋ ਦਲੇਰ॥੫॥ਹੁਤੋ ਮੀਰਖਾਂ ਨਾਮ ਖਰੋ ਰਣ ਤਿਸਪਰ ਜਾਇਪਰਯੋ ਬਲਧਾਰ। 'ਤੁਰਕ ਹਰਾਮੀ ਲਵਣ!ਖਰੋ ਰਹੁ'ਗਰਜਯੋ ਕੇਹਰਿ ਜਿਮ ਲਲਕਾਰ। ਉਤ ਭੀਖਨ ਖਾਂ ਦੇਖਿ ਪੁਕਾਰਯੋ 'ਜਾਤਿ ਅਰੋੜਾ ਬਿਨ ਹਥਯਾਰ। ਅਬਿ ਦੀਨੇ ਇਸ ਖੜਗਸਿਪਰ ਗੁਰ,ਛੀਨਹੁਂ ਤੁਰੰਗ ਲੇਹੁ ਇਸ ਮਾਰ॥੬॥ਕਹਾਂਲਰਨ ਕੀ ਸਾਰ ਲਖੈ ਇਹੁ,ਤਕਰੀ ਤੋਲਤ ਨਿਤ ਦ੍ਰਿਸ਼ਟਾਇ[5]। ਦਯੋ ਖ਼ੁਦਾਇ, ਮਾਰ ਲਿਹੁ ਆਯੁਧ[6]' ਸੁਨਤਿ ਮੀਰਖਾਂ ਓਜ ਵਧਾਇ। ਨਿਜ ਸ਼ਮਸ਼ੇਰ ਨਿਕਾਸੀ ਤੀਖਨ ਤੁਰੰਗ ਧਵਾਇ ਨੇਰ ਕੌ ਪਾਇ। ਕਰਿ ਬਲ ਬਾਹੁ ਹਤੀ ਇਸ ਊਪਰ[7]ਰੋਕਯੋ ਢਾਲ ਕਰੀ ਅਗੁਵਾਇ॥੭॥ਬਹੁਰ ਸੰਭਾਰ ਰਹਯੋ ਹਿਤ ਮਾਰਨ ਇਤ ਉਤ ਤਕਹਿ ਹਤਨ ਕੇ ਦਾਇ। ਲਾਲਚੰਦ ਲਹਿ ਗੁਰ ਬਚ ਬਲਿ ਕੌ[8] ਤੂਰਨ ਕਰ ਤੇ ਖੜਗ ਚਲਾਇ। ਗਰ ਤੇ ਸਿਰ ਤਤਕਾਲ ਉਤਾਰਯੋ, ਸ਼ਾਖਾ ਤੇ[9] ਫਲ ਮਨੋਂ ਗਿਰਾਇ। ਪਰਯੋ ਤੁਰੰਗ ਤੇ ਧਰ ਧਰ ਊਪਰ[10]ਹਯ ਗੇਰਤਿ ਹੀ ਗਯੋ ਪਰਾਇ[11]॥੮॥ਗੁਰ ਦਲਹਸਯੋ ਅਧਿਕ ਹੀ

---

[1]ਜੋ ਜ਼ਰੂਰਤ ਲਈ ਖਾਲੀ ਘੋੜਾ ਖੜਾ ਹੋਵੇ । [2]ਜਿਨ੍ਹਾਂ ਦਾ ਬਿਰਦ ਗਰੀਬ ਨਿਵਾਜ ਹੈ (ਤਿਨ੍ਹਾਂ ਕਹਿਆ) । [3]ਜੇ ਅਗੋਂ ਵੈਰੀ ਵਾਰ ਕਰੇ ਤਾਂ ਰੋਕੋ (ਨਹੀਂ ਤਾਂ......) । [4]ਹੱਥ ਵਿਚ ਫੜਕੇ । [5]ਨਿਤ ਵੇਖੀਦਾ ਸੀ । [6]ਮਾਰਕੇ ਸ਼ਸਤ੍ਰ ਖੋਹ ਲਓ । [7]ਭਾਵ ਹਲਵ ਈ ਉਪਰ । [8]ਗੁਰੂ ਬਚਨ ਦੇ ਬਲ ਨਾਲ । [9]ਡਾਲੀ ਤੋਂ ਮਾਨੋ...... । [10]ਧੜ ਧਰਤੀ ਉਤੇ । [11]ਭੱਜ ਗਿਆ ।

ਨਾਦਤਿ 'ਲਾਜ ਸਿੰਧ ਮਹਿਂ ਡੂਬ ਪਠਾਨ। ਤਕਰੀ ਤੋਲਨਹਾਰ ਹਾਥ ਤੇ ਮਰ੍ਯੋ ਖਾਨ ਬਲ ਬੀਰ ਮਹਾਨ'। ਭੀਖਨ ਖਾਨ ਨਿਜਾਬਤ ਖਾਨਹਿ ਸਭਿ ਖਾਨਨਿ ਸੋਂ ਕੀਨ ਬਖਾਨ।'ਕ੍ਯੋਂ ਬਲ ਤਜਹੁ ਮਰਹੁ ਰਨ ਮਹੀਆ ਸਮੁਖ ਹੇਲ ਘਾਲਹੁ ਘਮਸਾਨ॥੯॥ ਕਾਤੁਰ ਸ਼ਸਤ੍ਰ ਨ ਜਾਨੈਂ ਪਕਰਨਿ ਤਿਨ ਤੇ ਮਰਹੁ, ਨ ਬਨਿ ਸਵਧਾਨ'। ਇਮ ਇਕਠੇ ਕਰਿ ਹਰੀਚੰਦ ਜੁਤਿ ਮਧਕਰ ਸ਼ਾਹਿ ਚੰਦੇਲ ਸੁਜਾਨ। ਓਰੜ ਪਰੇ ਗੁਰੂ ਦਲ ਊਪਰ ਛੋਰਤਿ ਗੁਲਕਾਂ ਤੀਖਨ ਬਾਨ। ਕੋ ਬਰਛੀ ਤੋਮਰ ਕਿਨ ਮਾਰ੍ਯੋ, ਹੇਲਾ ਕਰ੍ਯੋ ਅਧਿਕ ਭਟ ਹਾਨ ॥੧੦॥ ਨੰਦਚੰਦ ਅਰੁ ਸਾਹਿਬ ਚੰਦਹਿ ਦਯਾਰਾਮ ਪ੍ਰੋਹਤ ਬਲਵੰਤ। ਸੰਗੋਸ਼ਾਹਿ ਜੀਤਮਲ ਮਿਲਿ ਕੈ ਸਾਧ ਕ੍ਰਿਪਾਲ ਬਿਸਾਲ ਮਹੰਤ। ਗੰਗਾਰਾਮ ਮਾਹਰੀਚੰਦਹਿ ਬਹੁਰ ਗੁਲਾਬਚੰਦ ਮਤਿਵੰਤ। ਲੇ ਕਰਿ ਦਲ ਕੋ ਅਰੇ ਅਰਿਨ ਸੋਂ ਗਨ ਗੁਲਕਾਂ ਅਰੁ ਬਾਨ ਚਲੰਤਿ॥੧੧॥ਮਾਤੁਲ ਬਲੀ ਕ੍ਰਿਪਾਲ ਸਮੁਖ ਹ੍ਵੈ ਤੀਰਨ ਤੇ ਗਨ ਬੀਰ ਪਰੋਇ। ਗਿਰੇ ਦੜਾਦੜ ਅਵਨੀ ਊਪਰ ਸਮ ਰਨਥੰਭ ਰਹ੍ਯੋ ਖਰੋਇ[1]। ਜੁਟ੍ਯੋ ਜੀਤ ਮਲ ਹਰੀਚੰਦ ਸੋਂ ਸਨਮੁਖ ਪਿਖਹਿਂ ਪਰਸਪਰ ਦੋਇ। ਘਾਤਿ[2] ਕਰਨ ਹਿਤ ਘਾਤ[3] ਬਿਚਾਰਤਿ ਚਪਲ ਚਲਾਕ ਤੁਰੰਗਮ ਹੋਇ ॥ ੧੨ ॥ ਸੰਗੋਸ਼ਾਹਿ ਨਿਜਾਬਤ ਸੰਗੋ ਅਰੇ ਪਰਸ-ਪਰ ਬੀਰ ਜੁਝਾਰ। ਲਾਲ ਬਿਲੋਚਨ ਕ੍ਰੋਧ ਭਰੇ ਚਿਤ ਚਹੈਂ ਆਪ ਮੈਂ ਕਰਨ ਪ੍ਰਹਾਰ। ਇਤ ਉਤ ਬਿਚਰਤਿ ਹਤਹਿਂ ਤੀਰ ਤਿਤ,ਕਬਿ ਦਾਂਏ ਕਬਿ ਬਾਂਮ ਸਿਧਾਰ। ਮਹਾਂਬੀਰ ਬਰ ਉਰ ਹੰਕਾਰਤਿ ਸ਼ਸਤ੍ਰਨ ਵਿੱਦ੍ਯਾ ਜਾਨਿ ਉਦਾਰ[4]। ੧੩॥ ਜੀਤਮੱਲ ਖਰ ਤੀਰ ਨਿਕਾਰ੍ਯੋ ਧਨ ਮਾਂਹਿ ਜੋਰਿ ਖੈਂਚਿ ਕਰਿ ਤਾਨ। ਹਰੀਚੰਦ ਕੋ ਤਾਕਿ ਨਿਸ਼ਾਨੋ ਤਤਖਿਨ ਛੋਰ੍ਯੋ ਕਰਿਬੇ ਹਾਨ। ਆਵਤਿ ਕੋ ਅਵਿਲੋਕਿ ਗਯੋ ਟਰ ਸਰ ਨਿਸ਼ਫਲ ਤੇ ਕ੍ਰੋਧ ਮਹਾਨ।'ਕਹਾਂ ਭਯਾ ਹਰੀ[5]* ਭਾਜਤਿ ਜੈਹੈਂ ਅਬਿ ਕੈ ਹਾਨ ਦੇਉਂ ਤੁਵ ਪ੍ਰਾਨ'॥੧੪॥ਇਮ ਕਹਿ ਤੀਛਨ ਤੀਰ ਨਿਕਾਸ੍ਯੋ ਉਤ ਤੇ ਹਰੀਚੰਦ ਲਿਯ ਬਾਨ। ਦੋਨਹੁਂ ਕੇ ਧਨੁ ਤੇ ਛੁਟਿ ਚਾਲੇ ਬਹੋ ਬੇਗ ਤੇ ਸਰਪ ਸਮਾਨ। ਸਨਮੁਖ ਖਰੇ ਤੁਰੰਗਮ ਦੋਨਹੁਂ ਲਗੇ ਭਾਲ ਮਹਿਂ ਇਕ ਬਿਰ ਤਾਨ[6]। ਦੋਨਹੁਂ ਗਿਰੇ ਧਰਾ ਪਰ, ਥਿਤ ਹ੍ਵੈ, ਤਜੇ

[1](ਕ੍ਰਿਪਾਲ) ਖੜੋ ਰਿਹਾ। [2]ਨਾਸ਼। [3]ਦਾਉ। [4]ਬੜੀ। [5]ਕੀ ਹੋ ਗਿਆ ਹੇ ਹਰੀਚੰਦ ! [6]ਇਕੋ ਵੇਰੀ ਤਾਣ ਕੇ (ਛਡੇ ਹੋਏ ਤੀਰ) ਘੋੜਿਆਂ ਦੇ ਮੱਥੇ ਵਿੱਚ ਜਾ ਲਗੇ।

*ਪਾ:-ਕਹਾਂ ਪਹਾੜੀ।

ਹਯਨ ਕੌ,ਪੁਨ ਸਵਧਾਨ॥੧੫॥ਦੋਨਹੁੰ ਧਨੁ ਵਿੱਦਯਾ ਮਹਿਂ ਚਾਤੁਰ ਦੋਨਹੁੰ ਕੇ ਰਿਸ ਵਧੀ ਬਿਸਾਲ। ਪੁਨ ਦੋਨਹੁੰ ਧਨ ਮਹਿਂ ਸਰ ਸੰਧੇ, ਦੋਨਹੁੰ ਚਲੇ ਸਬੇਗ ਕਰਾਲ।ਲਗੇ ਦੁਹਨ ਕੀ ਭੁਜ ਮਹਿ ਬੀਧੇ ਛੁਟਯੋ ਸ਼੍ਰੋਨ ਬਾਗੇ ਤਨ[1] ਲਾਲ। ਬਹੁਰ ਨ ਮਿਟੇ ਰਹੇ ਥਲ ਠਾਂਢੇ, ਘਾਇਲ ਹ੍ਵੈ ਕਰਿ ਹੇਰਤਿ ਜਾਲ ॥ ੧੬ ॥ ਬਹੁਰ ਜੀਤਮਲ ਤੀਰ ਨਿਕਾਸਯੋ ਹਰੀਚੰਦ ਪਿਖਿ ਕੋਪ ਮਹਾਨ। ਤੂਰਨ ਕਰਤਿ ਕਰਯੋ ਸਰ ਸੰਧਨਿ[2] ਕਰ ਦੋਨਹੁੰਕੇ ਨਿਠੁਰ[3]ਕਮਾਨ।ਐਂਚਿ ਐਂਚਿ ਚਿਰਕਾਵਤਿ ਨੀਕੇ ਹਰੀਚੰਦ ਕੋ ਆਯੋ ਤੀਰ[4]। ਰਿਦਾ ਬੇਧ ਕਰਿ ਜੀਤ ਮੱਲ ਕੋ ਪਰਯੋ ਪਾਰ ਘੂਮਯੋ ਵਧਿ ਪੀਰ[5]। ਦੈਤਨ ਚਰਬਤਿ ਹਤਨ ਸ਼ੱਤ੍ਰ ਕੌ ਲਾਲ ਬਿਲੋਚਨ ਆਨਨ ਧੀਰ[6]। ਸਨਮੁਖ ਗਿਰਯੋ ਨ ਪਰਯੋ ਪਿਛੌਰੀ, ਧੰਨ ਪਿਤਾ ਮਾਤਾ ਬਰਬੀਰ!॥੧੭॥ਜੀਤਮੱਲ ਕੋ ਛੁਟਯੋ ਬਾਣ ਜੋ ਮਰਮ ਸਥਲ ਮਹਿਂ ਲਾਗਯੋ ਸੋਇ।ਛਾਤੀ ਬੇਧਿ ਪਾਰ ਸੋ ਨਿਕਸਯੋ ਹਰੀਚੰਦ ਘੂਮਯੋ ਸੁ ਖਰੋਇ। ਕਰਤਿ ਸੰਭਾਰਨ, ਭਈ ਮੂਰਛਾ, ਪਰਯੋ ਧਰਾ ਪਰ ਜਨੁ ਛਿਤ ਸੋਇ[7]। ਆਇ ਨਰਨ ਸੋ ਤੀਰ ਨਿਕਾਸਯੋ ਬਾਂਧਯੋ ਘਾਵ ਕਰਯੋ ਦ੍ਰਿੜ੍ਹ ਜੋਇ ॥ ੧੮ ॥ ਸਨੇ ਸਨੇ ਤਿਹ ਪਵਨ ਝੁਲਾਈ ਲੇ ਜਲ ਕੋ ਆਨਨ ਮਹਿਂਡਾਰ।ਜੀਤਮੱਲ ਗੁਰ ਭਟਨ ਉਠਾਯੋ ਜੋ ਪਹੁੰਚਯੋ ਸੁਖ ਸੁਰਗਮਝਾਰ। ਲੋਥ ਆਪਨੇ ਵਿੱਸ਼ ਲੇ ਰਾਖੀ 'ਧੰਨ ਧੰਨ' ਸਭਿ ਕਰਹਿਂ ਉਚਾਰ। ਕਲ-ਗ਼ੀਧਰ ਪਿਖਿ ਅਧਿਕ ਸਰਾਹਯੋ 'ਛੱਤ੍ਰੀਪਨੋ ਨਿਬਾਹਿ ਉਦਾਰ' ॥ ੧੯ ॥ ਜੀਤਮੱਲ ਜਬਿ ਸੁਰਗ ਸਿਧਾਰਯੋ ਹਰੀਚੰਦ ਮੂਰਛਾ ਕੋ ਪਾਇ। ਸੰਗੋਸ਼ਾਹ ਨਿਜਾਬਤ ਸੰਗੋ ਅਰੇ ਪਰਸਪਰ ਕੋਪ ਵਧਾਇ। ਗ੍ਰਿੱਧ ਕਾਕ ਗਨ ਬਾਇਸੁ ਆਮਿਖ ਭਖਹਿਂ ਊਚ ਕਹਿ ਨਾਦ ਸੁਨਾਇ।ਗਨ ਗੀਦਰ ਤ੍ਰਿਪਤਾਨੇ ਰਨ ਮਾਂਹਿ ਸਿਵਾ[8] ਪੁਕਾਰ ਰਹੀ ਹਰਖਾਇ॥ ੨੦ ॥ ਫਤੇਸ਼ਾਹ ਇਕ ਥਾਨ ਖਰੋ ਤਹਿਂ, ਹਰੀਚੰਦ ਕੌ ਮੂਰਛ ਹੇਰਿ।ਜਿਸ ਕੇ ਨਿਕਟ ਖਰੇ ਭਟ ਪੁੰਜਹਿਂ ਤਬਿ ਕਲਗ਼ੀਧਰ ਕਹਯੋ ਸੁ ਟੇਰਿ।'ਜਹਿਂ ਸਮੁਦਾਇ ਮਿਲੇ ਇਕ ਥਲ ਭਟ ਰਾਮ ਸਿੰਘ! ਦੇਖਹੁ ਬਿਨ ਦੇਰ। ਗੋਰਾ ਤਹਾਂ ਤੋਪ ਕੋ ਮਾਰਹੁ ਤਿਨ ਸਭਿ ਕੌ ਦੇ ਤ੍ਰਾਸ ਬਡੇਰ' ॥ ੨੧ ॥ ਸੁਨਯੋਂ ਹੁਕਮ ਗੁਰ ਕੋ ਤਿਨ ਤਤਛਿਨ ਤੋਪ

---

[1]ਤਨ ਦੇ ਪੁਸ਼ਾਕੇ। [2]ਤੀਰ ਨੂੰ ਜੋੜਨਾ। [3]ਕਠੋਰ। [4]ਹਰੀਚੰਦ ਦਾ ਤੀਰ ਆਇਆ। [5]ਪੀੜ੍ਹਾ ਵਧੀ। [6]ਮੁਖ ਧੀਰਜ ਸਹਿਤ ਸੀ। [7]ਮਾਨੋ ਜ਼ਮੀਨ ਤੇ ਸੌਂ ਗਿਆ। [8]ਗਿਦੜੀਆਂ।

ਹੁਤੀ ਪੂਰਬ ਹੀ ਤਯਾਰ।ਦਈ ਪਲੀਤੇ ਅਗਨਿ,ਉਠੀ ਤਬਿ ਗਰਜੀ ਭੈਰਵ ਸ਼ਬਦ ਉਦਾਰ। ਗੋਰਾ ਲਗਯੋ ਵੰਗ[1] ਜਹਿਂ ਬਾਂਧਯੋ ਦੁਇ ਤ੍ਰੈ ਨਰ ਕੋ ਕੀਨਿ ਸੰਘਾਰ। ਸੁਕਚਿ ਸਰਬ ਹੀ ਇਤ ਉਤ ਦੌਰੇ ਫਤੇਸ਼ਾਹ ਦੀਰਘ ਡਰ ਧਾਰਿ ॥੨੨॥'ਹਰੀਚੰਦ ਇਕਹੁਤੋ ਸੂਰਮਾ ਸੋਰਨ ਮਹਿਂਲਰਿ ਮੁਰਛਾਪਾਇ'।ਅਪਰ ਸੁਭਟ ਗਨ ਮਰੇ ਦੇਖਿ ਕਰਿ ਨਿਜ ਤੁਰੰਗ ਕੌ ਚਲਯੋ ਧਵਾਇ। ਧਨੁਖ ਬਾਨ ਨਹਿਂ ਪਾਨ ਸੰਭਾਰੇ,ਕਾਤੁਰ ਭਯੋ ਤ੍ਰਾਸ ਉਰ ਪਾਇ।ਅਪਰ ਹੇਰਿ ਕਰਿ ਗਿਰਪਤਿ ਭਾਗਯੋ ਤਜਿ ਤਾਜ ਕਰਿ ਰਣਖੇਤ ਪਰਾਇ॥ ੨੩॥ ਜਸਵਾਲੀ ਡਢਵਾਲੀ ਜੇਤਿਕ ਅਵਿਲੋਕਤਿਹੀ ਮਧਕਰਸ਼ਾਹ।ਚਲੇ ਭਾਜ ਨਹਿਂ ਲਾਜ ਬਿਚਾਰੀ ਸਮ ਨਾਰੀ ਕੇ ਡਰ ਉਰ ਮਾਂਹਿ। ਗੋਰਾ ਗੋਰੀ ਤੀਰ ਨ ਪਹੁੰਚੇ, ਥਿਰ ਤਹਿਂ ਦੂਰ ਭਯੋ ਨਰਨਾਹ[2]।–ਕਯੋਂ ਬਿਨ ਆਈ ਮਰਹਿਂ ਜੰਗ ਮਹਿਂ, ਕਾਜ ਨ ਸਰਹਿ, ਲਰਹਿਂ ਹਮ ਕਾਹਿ[3] ?–॥ ੨੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਜੀਤਮਲ ਬੱਧ ਫਤੇਸ਼ਾਹ ਪਲਾਇ' ਪ੍ਰਸੰਗ ਬਰਨਨੰ ਨਾਮ ਉੱਨਤੀਸਮੋ ਅੰਸੂ॥ ੨੯ ॥

੩੦. [ਸੰਗੋਸ਼ਾਹ ਤੇ ਹਰੀਚੰਦ ਬੱਧ]।

ਦੋਹਰਾ॥ ਫਤੇਸ਼ਾਹਿ ਭਾਜਯੋ ਪਿਖਯੋ ਹਰੀਚੰਦ ਚੰਦੇਲ[4]।ਚੱਕ੍ਰਿਤ ਚਿਤ ਚੌਂਪਯੋ ਚਪਯੋ[5] ਗਹੇ ਹਾਥ ਮਹਿਂ ਸੇਲ ॥ ੧॥ ਰਸਾਵਲ ਛੰਦ॥ ਦਯਾਰਾਮ ਬੀਰੰ। ਨੰਦੰ ਚੰਦ ਧੀਰੰ। ਕੁਪਯੋ ਰੰਗਰਾਮੰ। ਗੁਲਾਬੰ ਸੁ ਨਾਮੰ ॥੨॥ ਮਰਯੋ ਜੀਤਮੱਲੰ। ਪਿਖਯੋ ਭੂਮਥੱਲੰ[6]। ਸਭੈ ਕੋਪ[7] ਧਾਏ। ਪਹਾਰੀ ਪਲਾਏ ॥ ੩ ॥ ਸਧੀਰੰ ਚੰਦੇਲੰ। ਧਰੇ ਹਾਥ ਸੇਲੰ। ਅਰਯੋ ਅੱਗ ਆਈ। ਕੁਲੰ ਲਾਜ ਪਾਈ ॥ ੪॥ ਹਤਯੋ ਏਕ ਦ੍ਵੈ ਕੈਂ[8]। ਰਹਯੋ ਠਾਂਢ ਹ੍ਵੈ ਕੈ। ਨਿਕਾਰੀ ਕ੍ਰਿਪਾਨਾ। ਚਹੈਂ ਸ਼ੱਤ੍ਰ ਹਾਨਾ ॥ ੫ ॥ ਦਯਾਰਾਮ ਆਦੰ। ਢੁਕੇ ਬੋਲਿ ਬਾਦੰ[9]। ਕਰੈਂ ਖੱਗ ਘਾਤਾ। ਕਟਯੋ ਸ਼ੱਤ੍ਰ ਗਾਤਾ[10] ॥ ੬ ॥ ਚਿਤੰ ਸ੍ਵਾਮਿ ਕਾਮੰ[11]। ਗਿਰਯੋ ਜੰਗ ਧਾਮੰ। ਰਖਯੋ ਧਰਮੰ ਬੀਰੰ। ਤਜੀ ਹੈ ਨ ਧੀਰੰ ॥੭॥ ਭਯੋ ਟੂਕ ਟੂਕੰ[12]। ਪਰੀ ਕੂਕ ਕੂਕੰ। ਗਯੋ ਭਾਜ ਰਾਜਾ। ਤਜਯੋ ਜੰਗ ਕਾਜਾ ॥ ੮ ॥ ਰਿਸੇ ਖਾਨਜ਼ਾਦੇ। ਬਜੇ ਦੀਹ ਬਾਜੇ। ਫਿਰੇ ਫੇਰ ਸਾਰੇ।ਕਰੈਂ ਮਾਰ ਮਾਰੇ॥੯॥ਨਿਜਾਬੰ ਪਠਾਨਾ। ਸੰਗੋਸ਼ਾਹ ਜ੍ਵਾਨਾ। ਅਰੇ ਆਪ ਮਾਂਹੀ। ਹਟੈਂ ਪੈਰ ਨਾਂਹੀ ॥ ੧੦ ॥ ਸਭਾ

[1]ਟੋਲਾ। [2](ਇਨੀ) ਦੂਰ ਜਾ ਖੜੇ ਹੋਏ ਰਾਜੇ। [3]ਕਿਸ ਲਈ। [4]ਹਰੀਚੰਦ ਤੇ ਚੰਦੇਲੀਏ ਨੇ। [5]ਚੱਕ੍ਰਿਤ ਹੋਕੇ ਚਿੱਤ ਵਿਚ ਉਤਸਾਹ ਆਇਆ ਤੇ ਕੋਪਵਾਨ ਹੋਕੇ। [6]ਪ੍ਰਿਥਵੀ ਤਲ ਤੇ। [7]ਕ੍ਰੋਧ ਕਰਕੇ। [8]ਇਕ ਯਾ ਦੋ ਨੂੰ। [9]ਬੋਲ ਕਹਿ ਕੇ। [10]ਸਰੀਰ। [11]ਸ੍ਵਾਮੀ ਦਾ ਕੰਮ ਚਿਤਵਦਾ। [12]ਟੁਕੜੇ ਟੁਕੜੇ।

ਬੀਰ ਜੋਊ।ਹੁਤੋ ਮੇਲ ਦੋਊ[1]।[2]ਪੁਰੈ ਬੀ ਚਿਨਾਰੀ ।ਗੁਰੂ ਤੀਰਵਾਰੀ[2] ॥ ੧੧॥
ਦੋਹਰਾ ॥ ਕਰਤਿ ਹੁਤੇ ਰਨ ਬਾਤ ਕੌ[3] ਘਾਤ ਅਨੇਕ ਉਪਾਯ।ਮਾਨਤਿ ਭਟ ਬਡ ਆਪ ਕੌ ਦੋਨੋ ਸਹਿਜ ਸੁਭਾਇ ॥ ੧੨ ॥ ਰਸਾਵਲ ਛੰਦ॥ ਭੁਈ ਯਾਦ ਸੋਊ। ਭਿਰੇ ਬੀਰ ਦੋਊ। ਕਰੈਂ ਸ਼ੀਘ੍ਰਤਾਈ। ਪਰ੍ਯੋ ਨੇਰ ਆਈ ॥ ੧੩ ॥ ਕ੍ਰਿਪਾਨੈਂ ਨਿਕਾਰੀ। ਭਯੋ ਭੇਰ ਭਾਰੀ। ਧਰੀ ਢਾਲ ਆਗੈ। ਤਕੈ ਦਾਵ ਲਾਗੈ[4]॥੧੪॥ਉਭਾਰੈਂ ਚਲਾਵੈਂ। ਸਰੀਰੈ ਬਚਾਵੈਂ। ਖਰੈ ਖੱਗ ਧਾਰੈਂ। ਸੁ ਊਚੇ ਉਸਾਰੈਂ[5] ॥ ੧੫ ॥ ਲਗੈਂ ਘਾਵ ਅੰਗਾ। ਭੁਏ ਲਾਲ ਰੰਗਾ। ਬਹ੍ਯੋ ਸ਼੍ਰੋਣ ਜਾਈ। ਤਜੈਂ ਪੈ ਨ ਥਾਈ ॥ ੧੬ ॥ ਮਨੋ ਢਾਕ[6] ਫੂਲੇ। ਦੂਊ ਬੀਰ ਝੂਲੇ। ਰਣੈ ਰੰਗ ਸੋਹਾ। ਗੁਰੂ ਕੀਨਿ ਦੋਹਾ[7] ॥ ੧੭ ॥ ਸ੍ਰੀ ਮੁਖ ਵ ਕ॥

ਦੋਹਰਾ ॥ ਮਾਰਿ ਨਿਜਾਬਤ ਖਾਨ ਕੋ ਸੰਗੋ ਜੁਝੇ ਜੁਝਾਰ[8]।
ਹਾਹਾ ਇਹ ਲੋਕੈਂ ਭਯੋ ਸੁਰਗ ਲੋਕ ਜੈਕਾਰ ॥ ੨੩ ॥

[9]ਪਿਖਿ ਪੁਰਸ਼ਾਰਥ ਬੀਰ ਕੋ ਕਰ੍ਯੋ ਜੰਗ ਬਡਕਾਮ। ਸੰਗੋ ਕਾ ਸਤਿਗੁਰ ਧਰ੍ਯੋ ਨਾਮ ਸ਼ਾਹ ਸੰਗ੍ਰਾਮ[10] ॥ ੧੮ ॥ ਰਸਾਵਲ ਛੰਦ॥ ਲਗੇ ਘਾਵ ਸੌਂਹੈਂ। ਰਵੀ ਬੰਕ ਭੌਹੈਂ। ਗਿਰ੍ਯੋ ਜੰਗ ਮਾਂਹੀ। ਹਟ੍ਯੋ ਪੈਰ ਨਾਂਹੀ ॥ ੧੯ ॥ ਗਯੋ ਦੇਵਲੋਕੰ। ਜਹਾਂ ਨਾਂਹਿ ਸ਼ੋਕੰ। ਗਿਰੇ ਬੀਰ ਦੋਈ। ਪ੍ਰਭੂ ਪੇਖਿ ਸੋਈ॥੨੦॥ ਚਲੇ ਆਪ ਆਗੇ।ਰਿਦੇ ਕੋਪ ਜਾਗੇ।ਸੰਭਾਰੇ ਕੁਦੰਡੰ।ਖਤੰਗੰ[11] ਪ੍ਰਚੰਡੰ॥੨੧॥ ਭਯੋ ਤੇਜ ਘੋਰਾ।ਜ਼ਰੀ ਜ਼ੀਨ ਬੋਰਾ[12]।ਖਰੇ ਖਾਨ ਖੂਨੀ। ਰਿਸੇ ਪੇਖਿ ਦੂਨੀ[13] ॥੨੨॥ ਬਜੀ ਬੰਬ[14] ਭੂਰੀ। ਸੁਨੀ ਜਾਇ ਦੂਰੀ। ਉਤੈ ਖਾਨ ਢੂਕੈਂ। ਮੁਖੰ 'ਮਾਰ' ਕੂਕੈਂ ॥ ੨੩ ॥ ਗੁਰੂ ਬਾਨ ਲੀਨਾ। ਧਨੈਂ ਐਂਚਿ ਕੀਨਾ*। ਤਜ੍ਯੋ ਬੇਗ ਸੰਗਾ। ਲਗ੍ਯੋ ਖਾਨ ਅੰਗਾ ॥ ੨੪ ॥ ਗਿਰ੍ਯੋ ਜੰਗ ਖੇਤਾ। ਨਹੀਂ ਫੇਰ

---

[1]ਭਾਵ ਸੰਗੋਸ਼ਾਹ ਤੇ ਨਿਜਾਬਤ ਦਾ ਗੁਰੂ ਜੀ ਦੀ ਸਭਾ ਵਿਚ ਮੇਲ ਸੀ। [2]ਪਹਿਲੋਂ ਗੁਰੂ ਜੀ ਦੇ ਪਾਸ ਸੀ ਜਦੋਂ ਤਦੋਂ ਦੀ ਬੀ ਪਛਾਣ ਸੀ। [3]ਕਰਦੇ ਹੁੰਦੇ ਸਨ (ਪਹਿਲੋਂ) ਗੱਲਾਂ ਰਣ ਦੀਆਂ। [4]ਤੱਕਦੇ ਹਨ ਕਿ ਦਾਉ ਲਗੇ। [5]ਉੱਚਾ ਕਰਦੇ ਹਨ। [6]ਪਲਾਸ। [7]ਗੁਰੂ ਜੀ ਨੇ ਦੋਹਾ ਰਚਕੇ (ਹਾਲ ਦੱਸਿਆ ਹੈ)। [8]ਸ਼ਹੀਦ ਹੋ ਗਿਆ ਸੂਰਮਾਂ। [9]ਇਹ ਅਗਲਾ ਦੋਹਾ ਕਵੀ ਜੀ ਦਾ ਹੈ। [10]'ਸ਼ਾਹ ਸੰਗ੍ਰਾਮ' ਨਾਮ ਧਰਿਆ ਸੰਗੋ ਦਾ। [11]ਬਾਨ। [12]ਜ਼ਰੀ ਵਿਚ ਕਾਠੀ ਡੁੱਬੀ ਹੋਈ ਭਾਵ ਮੜ੍ਹੀ ਹੋਈ। [13]ਖੂਨੀ ਖਾਨ ਖੜੇ ਦੇਖਕੇ (ਗੁਰੂ ਜੀ) ਨੂੰ ਦੂਣਾ ਰੋਸ ਹੋਇਆ। [14]ਭਾਵ ਨਗਾਰਿਆਂ ਦੇ ਸ਼ਬਦ ਬਹੁਤ ਹੋਏ।

*ਜਿਸ ਬ੍ਰਿੱਛ ਹੇਠ ਖੜੋਕੇ ਆਪ ਨੇ ਬਾਣ ਚਲਾਏ ਹਨ, ਹੁਣ ਤਕ ਖੜਾ ਹੈ। ਪਰ ਸ਼ੋਕ ਕਿ ਉਥੇ ਸ਼ਿਲਾਲੇਖ ਬੀ ਨਹੀਂ ਹੈ ਤੇ ਗੁਰਦਵਾਰਾ ਬੀ ਸਿੱਖਾਂ ਨੇ ਕੋਈ ਨਹੀਂ ਹੁਣ ਤਕ ਬਣਾਇਆ ਹੈ। ਲੋਕਾਂ ਨੂੰ ਅਜੇ ਤਕ ਟਿਕ ਣਾ ਯਾਦ ਹੈ। ਇਹ ਉਪਰਲੇ ਮੈਦਾਨ ਦੀ ਇਕ ਅੱਗੇ ਵਧਵੀਂ ਮਾਨੋ ਨੋਕ ਹੈ।

ਚੇਤਾ[੧] । ਡਸ੍ਯੋ ਨਾਗ ਮਾਨੋ । ਕਰੇ ਪ੍ਰਾਨ ਹਾਨੋ ॥੨੫॥ਦੁਤੀ ਬਾਣ ਲੈਕੇ ।
ਗੁਨੈ[੨] ਜੋਰਿ ਕੈਕੈ । ਕਰ੍ਯੋ ਤਾਨ ਤਾਨਾ[੩] । ਲਗ੍ਯੋ ਖਾਨ ਕਾਨਾ[੪] ॥ ੨੬ ॥
ਦੋਹਰਾ ॥ ਸਭਿ ਖਾਨਨ ਸਰਦਾਰ ਬਡ ਨਾਮ ਜੁ ਭੀਖਨ ਖਾਂਨ । ਨਿਮਕ
ਹਰਾਮੀ ਜਾਨਿ ਕੈ ਮਾਰ੍ਯੋ ਤੀਖਨ ਬਾਨ ॥ ੨੭ ॥ਰਸਾਵਲ ਛੰਦ ॥ ਮੁਖੰ
ਤਾਕਿ ਮਾਰਾ। ਮਨੋ ਨਾਗ ਕਾਰਾ । ਚਲ੍ਯੋ ਸ਼ੂਕ ਆਗੈ । ਰਿਪੂ ਤ੍ਰਾਸ ਲਾਗੈ॥
੨੮॥ ਨਹੀਂ ਠਾਢ ਹੋਵਾ । ਪ੍ਰਭੂ ਭੀਮ ਜੋਵਾ[੫] । ਬਚ੍ਯੋ ਆਪ ਭਾਗ੍ਯੋ।ਤ੍ਰਸੈਗੈ
ਸੁ ਲਾਗ੍ਯੋ ॥ ੨੯ ॥ ਪਰ੍ਯੋ ਪਾਰ ਜਾਈ । ਗਿਰ੍ਯੋ ਜੰਗ ਥਾਈ । ਮਰ੍ਯੋ ਸੋ
ਕਿਕਾਨਾ।ਚਲ੍ਯੋ ਤ੍ਯਾਗ ਖ਼ਾਨਾ॥੩੦॥ਗੁਰੂਬਾਨ ਆਨਾ[੬]।ਤ੍ਯਜੈਹਾਨਖਾਨਾ[੭]।
ਨੰਦੰਚੰਦ ਛਿੱਪ੍ਰੰ । ਦਯਾਰਾਮ ਬਿੱਪ੍ਰੰ ॥ ੩੧ ॥ ਗੁਰੂ ਕੋਪ ਹੇਰਾ । ਸੰਗ੍ਰਾਮੰ
ਬਡੇਰਾ । ਪਰੇ ਧਾਇ ਦੋਈ । ਹਨੈਂ ਖਾਨ ਸੋਈ ॥੩੨॥ ਕਰ੍ਯੋ ਜ਼ੋਰ ਹੱਲਾ ।
ਨਹੀਂ ਜਾਇ ਝੱਲਾ । ਪਰ੍ਯੋ ਸ਼ੋਰ ਊਚਾ । ਸੁ ਦੂਰੇ ਪਹੂੰਚਾ॥੩੩॥ਟਿਕੇ ਖਾਂਨ
ਨਾਂਹੀ[੮] । ਰਿਦੇ ਤ੍ਰਾਸ ਮਾਂਹੀ । ਪ੍ਰਹਾਰੇ ਸੁ ਭਾਗੇ[੯] । ਬਡੇ ਘਾਵ ਲਾਗੇ ॥੩੪॥
ਭਯੋ ਜੰਗ ਭਾਰਾ । ਨ ਜਾਈ ਸਹਾਰਾ।ਹਜ਼ਾਰੈਂ ਸੁ ਜੋਧਾ। ਭਜੇ ਤ੍ਯਾਗਿ ਕ੍ਰੋਧਾ
॥ ੩੫ ॥ ਮਿਲੇ ਭੂਤ ਪ੍ਰੇਤੰ । ਭਖੈਂ ਮਾਸ ਖੇਤੰ । ਬਡੀ ਗ੍ਰਿੱਝ ਬੋਲੈਂ। ਬਿਸਾਲੀ
ਕਲੋਲੈਂ ॥ ੩੬॥ ਫਿਰੇ ਆਨ ਸ੍ਯਾਰੈ[੧੦] । ਪੁਕਾਰੈਂ ਪੁਕਾਰੈ[੧੧] । ਮਿਲੀ ਜੋਗ-
ਨੀਯਾ।ਮਹਾਂ ਸ਼੍ਰੋਨ[੧੨] ਪੀਯਾ ॥੩੭॥ਡਕੀ ਡਾਕਣਾਈ[੧੩]।ਡਕਾਰੈਂ ਅਘਾਈ।
ਭਯੋ ਭੀਮ ਥਾਨਾ । ਤ੍ਰਸੇ ਬ੍ਰਿੰਦ ਖਾਨਾ[੧੪] ॥੩੮॥ਪਰੀ ਲੋਥ ਬ੍ਰਿੰਦਾ। ਬਿਲੰਦੈ
ਨਿਕੰਦਾ[੧੫] । ਪ੍ਰਿਥੀ ਸ਼੍ਰੋਣ ਫੈਲਾ। ਪਰ੍ਯੋ ਐਲ ਭੈਲਾ[੧੬]॥੩੯॥ਦੋਹਰਾ॥ਜੀਤ-
ਮੱਲ ਕੇ ਤੀਰ ਸੋਂ[੧੭] ਹਰੀਚੰਦ ਮੁਰਝਾਇ[੧੮]।ਸਨੇ ਸਨੇਲਹਿ ਚੇਤਨਾ ਦੇਖੇ
-ਖਾਨ ਪਰਾਇ[੧੯]॥੪੦॥ਉਮਡ੍ਯੋ ਆਵਤਿ ਗੁਰੂ ਦਲ ਜੰਗਫਤੇ ਕੋ ਪਾਇ-।

[੧]ਸਾਵਧਾਨ ਨਾ ਹੋਇਆ । [੨]ਚਿੱਲੇ ਵਿਚ । [੩]ਜ਼ੋਰ ਨਾਲ ਖਿੱਚਕੇ । [੪]ਖਾਨ ਦੇ ਕੰਨ ਨੂੰ। [੫]ਭਾਵ ਗੁਰੂ ਜੀ ਦਾ ਭੈ ਖਾਧਾ । [੬]ਹੋਰ । [੭]ਖਾਨ ਨੂੰ ਮਾਰਨ ਲਈ ਚਲਾਇ । [੮]ਭਾਵ ਭੀਖਨ ਖਾਨ ਨੂੰ ਭੱਜਾ ਜਾਂਦਾ ਦੇਖ ਕੇ ਪਠਾਨ ਸਾਰੇ ਭੱਜ ਉਠੇ । [੯](ਜਿਨ੍ਹਾਂ ਉਪਰ) ਵਾਰ ਕੀਤੇ ਸਨ (ਉਹ ਡਰ ਕੇ) ਭੱਜੇ । [੧੦]ਗਿੱਦੜ । [੧੧]ਭਾਵ ਬਹੁਤ ਰੌਲਾ ਪਾਉਂਦੇ ਹਨ। [੧੨]ਲਹੂ। [੧੩]ਬੋਲਦੀਆਂ ਹਨ ਡਾਕਣੀਆਂ। [੧੪]ਸਾਰੇ ਪਠਾਣ ਡਰੇ । [੧੫]ਬਹੁਤੇ ਕੱਟੇ ਗਏ । [੧੬]ਭਯਾਨਕ ਸ਼ੋਰ ਪੈ ਰਿਹਾ ਹੈ । [ਐਲ=ਸ਼ੋਰ । ਭੈਲਾ=ਭਯਾਨਕ]। (ਅ) ਸਾਰਿਆਂ ਨੂੰ ਭੈ ਪੈ ਗਿਆ [ਅ:, ਐਲ=ਜਮਾਤਾਂ, ਸਮੂਹ]। [੧੭]ਤੀਰ ਨਾਲ । [੧੮]ਮੂਰਛਾ ਹੋ ਗਿਆ ਸੀ । [੧੯]ਹੌਲੇ ਹੌਲੇ ਹੋਸ਼ ਵਿਚ ਆਕੇ ਉਸ ਨੇ ਖਾਨ ਨੱਸੇ ਜਾਂਦੇ ਦੇਖੇ।

ਸਹਿ ਨ ਸਕ੍ਯੋ ਨਿਜ ਹਾਰ ਕੌ, ਘਾਵ ਸੁ ਦ੍ਰਿੜ੍ਹ ਬੰਧਵਾਇ[1] ॥ ੪੧ ॥
ਰਸਾਵਲ ਛੰਦ ॥ ਹਰੀਚੰਦ ਜੋਧਾ। ਉਠ੍ਯੋ ਫੇਰ ਕ੍ਰੋਧਾ। ਸੰਭਾਰ੍ਯੋ ਕੁਦੰਡਾ। ਸਰੰ ਸੰਧਿ ਛੰਡਾ।।੪੨।।ਪੁਨੰ ਆਨ ਲੀਨੇ[2]। ਤਜੇ ਓਜ ਕੀਨੇ। ਗੁਰੂ ਬੀਰ ਮਾਰੇ। ਜੁ ਆਗੇ ਪਧਾਰੇ।।੪੩।। ਜਿਸੈ ਅੰਗ[3] ਲਾਗੈ। ਤਬੈ ਪ੍ਰਾਨ ਤ੍ਯਾਗੈ। ਸੁਰੰਲੋਕ ਜਾਵੈ। ਬਰੈਂ ਹੂਰ ਆਵੈਂ।।੪੪।।ਤਊ ਬੀਰ ਭਾਰੇ।ਮਰੇ ਨ ਪਿਛਾਰੇ।ਹਲੰ ਹਾਲ[4] ਘਾਲੇ।ਅਗੇ ਪਾਇ ਡਾਲੇ।।੪੫।।ਹਰੀਚੰਦ ਹੇਰੇ। ਸੁ ਕੋਪ੍ਯੋ ਘਨੇਰੇ।ਸੰਧੇ ਬਾਨ ਦੋਊ। ਕਰੇ ਓਜ ਸੋਊ ॥੪੬ ॥ ਹਤੈ ਏਕ ਬਾਰੀ। ਲਗੈ ਹੋਇ ਪਾਰੀ। ਭਟੰ ਹੈ ਕਿ ਘੋਰਾ। ਪ੍ਰਹਾਰੈ ਸੁ ਜ਼ੋਰਾ[5] ॥੪੭॥ ਤਨੰ ਫੋਰ ਦੇਤਾ।ਗਿਰੇ ਜੰਗ ਖੇਤਾ। ਉਠੈ ਪੈ ਨ ਸੋਈ। ਮਹਾਂ ਨੀਂਦ ਸੋਈ ।।੪੮।। ਗੁਰੂ ਹੇਰਿ ਤਾਂਕੋ। ਬਡੋ ਬੀਰ ਬਾਂਕੋ। ਗਏ ਤਾਂਹਿ ਆਗੇ। ਜਿਸੇ ਕੋਪ ਜਾਗੇ[6] ॥ ੪੯ ॥ ਹਰੀਚੰਦ ਦੇਖੈ। ਪ੍ਰਭੂ ਜੀ ਪਰੇਖੈ[7]। ਤਬੈ ਤਾਨਿ ਬਾਨੰ। ਬਲੀ ਬੀਰ ਜ੍ਵਾਨੰ ।।੫੦।।ਗੁਰੂ ਓਰ ਮਾਰਾ। ਮਨੋ ਆਇ ਮਾਰਾ[8]। ਗਯੋ ਹਾਥ ਠਾਗਾ[9]।ਹਯੰ ਅੰਗ ਲਾਗਾ ।।੫੧।। ਕਛੂ ਘਾਵ ਥੋਰਾ।[10]ਪ੍ਰਭੂ ਕੇਰ ਘੋਰਾ।ਤਿਮੰ ਬੇਗ ਧਾਰੇ। ਸੁ ਪੀਰਾ ਸਹਾਰੇ[10] ॥ ੫੨ ॥ ਰਿਸ੍ਯੋ ਸੈਲ ਰਾਜਾ। ਸਰ੍ਯੋ ਨਾਂਹਿ ਕਾਜਾ।ਲਯੋ ਬਾਨ ਆਨਾ।ਸੁ ਚਾਂਪੰ ਸੰਧਾਨਾ ।।੫੩।। ਗੁਰੂ ਬੀਰ ਭਾਰੀ। ਨਿਹਾਰੇ ਅਗਾਰੀ। ਬਨਾਏ ਨਿਸ਼ਾਨਾ। ਤਜ੍ਯੋ ਤੀਖ ਬਾਨਾ।।੫੪।। ਗਯੋ ਹਾਥ ਹਾਲੀ[11]। ਭਯੋ ਵਾਰ ਖਾਲੀ। ਛੁਹ੍ਯੋ ਸ਼੍ਰੋਣ ਸੰਗਾ[12]।ਪਰ੍ਯੋ ਸੋ ਖਤੰਗਾ ।।੫੫।। ਕਛੂ ਘਾਵ ਹੋਵਾ।ਲਹੂ ਬਿੰਦ ਜੋਵਾ। ਹਰੀਚੰਦ ਹੇਰੇ।ਬਿਸਮ੍ਯੋਘਨੇਰੇ।।੫੬।।–ਲਗੈਤੀਰਨਾਂਹੀ।ਭਯੋ ਮੋਹਿਕਾਹੀ[13]। ਤੁਰੰਗੰ ਨ ਮਾਰਾ[14]। ਨ ਸ਼ੱਤ੍ਰੂ ਸੰਘਾਰਾ ।।੫੭।। ਜੁ ਵਿੱਦ੍ਯਾ ਕਮਾਈ। ਨਹੀਂ ਕਾਮ ਆਈ। ਗੁਰੂ ਸਾਵਧਾਨੈਂ।ਅਡੋਲੈਂਨਿਸ਼ਾਨਾ।।੫੮।।ਤਊ ਮੈਂ'ਨਹਾਨਾ[15]। ਰਹ੍ਯੋ ਧਾਰਿ ਪ੍ਰਾਨਾ–। ਬਿਚਾਰੈ ਉਦਾਰਾ[16]। ਮਨੋ ਜੁੱਧ ਹਾਰਾ ॥ ੫੯ ॥ ਪੁਨੰ

[1]ਜ਼ਖਮ ਨੂੰ ਚੰਗੀ ਤਰ੍ਹਾਂ ਬੰਨ੍ਹਵਾਇਆ। [2]ਫਿਰ ਹੋਰ(ਤੀਰ)ਲਿਆ। [3]ਜਿਸ ਦੇ ਅੰਗਾਂ ਨੂੰ। [4]ਹੱਲੇ ਤੇ ਹੱਲਾ। [5]ਜ਼ੋਰ ਨਾਲ ਮਾਰਦਾ ਹੈ। [6]ਜਿਸ (ਹਰੀਚੰਦ ਨੂੰ) ਕ੍ਰੋਧ ਜਾਗਿਆ ਹੋਇਆ ਸੀ। [7]ਸਿਆਣ ਲਏ। [8]ਮਾਨੋ ਸੱਪ ਆਉਂਦਾ ਹੈ। [9]ਠਗਿਆ ਗਿਆ ਭਾਵ ਹਿੱਲ ਗਿਆ। (ਅ) ਭਾਵ ਗੁਰੂ ਜੀ ਦੇ ਹੱਥ ਨੂੰ ਛੁਹ ਕੇ ਲੰਘ ਗਿਆ। [10]ਤਿਵੇਂ (ਪਹਿਲੋਂ ਵਾਂਙ) ਪੀੜਾ ਸਹਾਰਕੇ (ਬੇਗ ਨਾਲ ਉਸੇ ਤਰ੍ਹਾਂ) ਚਲਦਾ ਰਿਹਾ ਘੋੜਾ ਪ੍ਰਭੂ ਜੀ ਦਾ। [11]ਹਿੱਲ ਗਿਆ। [12]ਕੰਨ ਨਾਲ ਜ਼ਰਾ ਕੁ ਛੁਹਿਆ। [13]ਮੈਨੂੰ ਕੀ ਹੋ ਗਿਆ ਹੈ। [14]ਘੋੜਾ ਭੀ ਨਾ ਮਰਿਆ। [15]ਨਾ ਮਾਰ ਸਕਿਆ। [16]ਬਹੁਤ ਸੋਚਦਾ ਹੈ।

ਦੇਖਨੈਨਾ।ਲਯੋ ਬਾਨ ਪੈਨਾ[1]।ਤਕ੍ਯੋ ਬੀਚ ਛਾਤੀ।ਲਗੇ ਪ੍ਰਾਨ ਘਾਤੀ[2]॥੬੦॥ ਕਰੇ ਓਜ ਛੋਰਾ।ਚਲ੍ਯੋ ਸੂਕਿ ਘੋਰਾ[3]। ਹੁਤੀ ਬੰਧ ਪੇਟੀ।ਚਹੁੰ ਓਰੇ ਲਪੇਟੀ[4]। ੬੧ ॥ ਸਰੰ ਅੰਗ ਘਾਤੀ[5]। ਲਗ੍ਯੋ ਬੀਚ ਛਾਤੀ। ਤਹਾਂ ਦ੍ਵਾਲ ਭਾਬਾ[6]। ਸੁ ਪੇਟੀ ਕੇ ਸਾਬਾ ॥੬੨॥ਗਯੋ ਬੇਧਿ ਦੋਊ। ਚੁਭ੍ਯੋ ਚਰਮ ਸੋਊ[7]। ਗੁਰੂ ਕਾਢਿ ਗੇਰਾ। ਕਹ੍ਯੋ ਤਾਂਹਿ ਬੇਰਾ ॥੬੩॥ ਦੋਹਰਾ ॥'ਸਾਧ ਸਾਧ ਬਲ ਤੋਹਿ ਕੌ ਜਿਸ ਪਰ ਧਰਤਿ ਗੁਮਾਨ।ਬਿੱਦਯਾ ਸੀਖੀ ਇਤਿਕਹੀ ਕਹਾਂ ਓਜ ਤਜਿ ਬਾਨ[8]?। ੬੪॥ ਸ਼ੱਤ੍ਰੂ ਹਤਨ ਤੇ ਕਿਤ ਰਹ੍ਯੋ ਘਾਵ ਤਨਕ ਨਹਿੰ ਪਾਇ। ਕਹਾਂ ਕਰਹਿੰ ਬਿਸਵਾਸ ਕੋ–ਲੇਉਂ ਬਿਜੈ ਅਰਿ ਘਾਇ[9]–॥ ੬੫ ॥ ਤੀਨ ਵਾਰ ਤੈਂ ਕਰਿ ਚੁਕ੍ਯੋ ਅਬਿ ਦਿਹੁ ਮੇਰੋ ਵਾਰ। ਦੇਖੋ ਵਿੱਦਯਾ ਧਨੁਖ ਕੀ ਜਿਮ ਭਟ ਕਰਹਿੰ ਉਚਾਰ' ॥ ੬੬ ॥ ਲਗ੍ਯੋ ਬਾਣ ਕਾਢ੍ਯੋ ਜਬੈ[10] ਨਿਕਸੀ ਸ਼੍ਰੋਣਤ ਬੂੰਦ[11]। ਸ੍ਰੀ ਗੁਰ ਗੋਬਿੰਦ ਸਿੰਘ ਜੀ ਹਰਖੇ ਰਿਦੈ ਬਿਲੰਦ ॥ ੬੭ ॥ ਛੱਤ੍ਰਿ ਧਰਮ ਕੋ ਧਾਰਿ ਕੈ ਭੈ ਨ ਕਰਹਿ ਬਰ ਬੀਰ। ਪੁਨ ਰਿਪੁ ਸਨਮੁਖ ਦੇਖਿ ਕੈ ਖਰੇ ਖੇਤ ਧਰਿ ਧੀਰ॥੬੮॥ ਰਸਾਵਲ ਛੰਦ ॥ ਜਬੈ ਬਾਨ ਲਾਗ੍ਯੋ। ਪਿਖੇ ਕੋਪ ਜਾਗ੍ਯੋ*। ਲਯੋ ਚਾਂਪ ਆਪੂ। ਮਹਾਂ ਸ਼ੱਤ੍ਰੁ ਖਾਪੂ ॥੬੯॥ ਕਢ੍ਯੋ ਤੀਰ ਤੀਖਾ। ਜੁ ਸਾਂਪੰ ਸਰੀਖਾ।ਗੁਨੰ[12]ਜੋਰਿ ਤਾਨਾ। ਲਗ੍ਯੋ ਪਾਨ ਕਾਨਾ[13]॥੭੦॥ਹਰੀਚੰਦ ਹੇਰਾ। ਨਿਸ਼ਾਨੋ ਬਡੇਰਾ। ਰਿਦੇ ਤਾਕਿ ਆਛੇ। ਰਿਪੂ ਨਾਸ਼ ਬਾਛੇ॥੭੧॥ਤਜ੍ਯੋ ਸ਼ੀਘ੍ਰ ਧਾਰੀ। ਗਯੋ ਬੇਗ ਭਾਰੀ। ਡਸ੍ਯੋ[14]ਨਾਗ ਮਾਨੋ। ਗਿਰ੍ਯੋ ਪ੍ਰਾਨ ਹਾਨੋ॥੭੨॥ ਰਿਦਾ ਫੋਰਿ ਪਾਰਾ। ਪਰ੍ਯੋ ਜਾਇ ਨਯਾਰਾ।ਤਰੂ[15]ਜਯੋਂ ਪੁਰਾਨਾ।ਮਨੋ ਬਾਧੁ

[1]ਤਿੱਖਾ। [2]ਜੋ ਲੱਗਿਆਂ ਪ੍ਰਾਣ ਨਾਸ਼ ਕਰੇ। [3]ਭਿਆਨਕ। [4]ਪੇਟ ਦੇ ਚਾਰੋਂ ਪਾਸੇ ਲਪੇਟੀ ਹੋਈ। [5]ਜ਼ਖਮ ਕਰਨ ਵਾਲਾ ਤੀਰ। [6]ਤਸਮਾ (ਜਿਸ ਨਾਲ) ਭੱਥਾ (ਬੱਧਾ ਹੋਇਆ ਸੀ)। [ਫ਼ਾ:, ਦੁਵਾਲ=ਚਮੜੇ ਦਾ ਤਸਮਾ]। [7]ਉਹ (ਤੀਰ ਫਿਰ) ਮਾਸ ਵਿਚ ਜਾ ਚੁਭਿਆ। [8]ਬਾਨ ਤਜਣ ਦਾ ਤੇਰੇ ਵਿਚ ਕਿੱਥੇ ਬਲ ਹੈ। [9](ਤੂੰ ਆਪਣੀ ਅਮੋਘ ਵਿਦਿਆ ਤੇ) ਕੀਹ ਭਰੋਸਾ ਕਰ ਰਿਹਾ ਹੈਂ ਕਿ ਮੈਂ ਵੈਰੀ ਨੂੰ ਮਾਰਕੇ ਬਿਜੈ ਲਵਾਂਗਾ। [10]ਗੁਰੂ ਜੀ ਨੇ ਕੱਢਿਆ। [11]ਲਹੂ ਦੀ ਬੂੰਦ। [12]ਚਿੱਲੇ ਵਿੱਚ। [13]ਹੱਥ ਕੰਨ ਨੂੰ ਜਾ ਲਗਾ। [14]ਭਾਵ ਹਰੀ ਚੰਦ ਨੂੰ ਡਸਿਆ। [15]ਬ੍ਰਿੱਛ।

*ਇਹ ਫਿਕਰਾ 'ਜਬੈ ਬਾਨ ਲਾਗੇ। ਤਬੈ ਰੋਸ ਜਾਗੇ' ਹੁਣ ਕਹਾਵਤ ਹੋ ਚੁਕੀ ਹੈ। ਦਸਮੇਸ਼ ਜੀ ਦਾ ਇਹ ਇਸ ਵੇਲੇ ਦਾ ਵਾਕ ਹੈ। ਆਪ ਨੇ ਕਿਹਾ ਹੈ 'ਜਬੈ ਬਾਣ ਲਾਗ੍ਯੋ। ਤਬੈ ਰੋਸ ਜਾਗ੍ਯੋ।' ਕਟਾਖ੍ਯ ਵਿਚ ਇਹ ਬੀ ਹੈ ਕਿ ਆਪ ਜੀ ਦੇ ਹ੍ਰਿਦੇ ਬੀਰਰਸ ਦਾ ਸਥਾਈ ਭਾਵ ਸੀ,ਇਸ ਵਿਚ ਕ੍ਰੋਧ ਸੰਚਾਰੀ ਭਾਵ ਹੋਕੇ ਆਇਆ ਹੈ। ਕ੍ਰੋਧ ਸਥਾਈ ਭਾਵ ਹੈ ਰੌਦਰ ਰਸ ਦਾ ਪਰ ਬੀਰਰਸ ਵਿਚ ਸੰਚਾਰੀ ਭਾਵ ਹੋਕੇ ਆਉਂਦਾ ਹੈ ਅਰ ਕਈ ਵੇਰ ਸਥਾਈ ਹੋਕੇ ਰੌਦ੍ਰ ਰਸ ਬਣਾ ਦੇਂਦਾ ਹੈ।

ਹਾਨਾ ॥ ੭੩ ॥ ਪਿਖਤੇ ਦੌਨ ਓਰਾ। ਕਰਜੇ ਭੂਰ ਸ਼ੋਰਾ। ਭਟੈ ਹੇਲ ਘਾਲਾ। ਪਠਾਨੇ ਬਿਸਾਲਾ ॥੭੪॥ ਗੁਰੂ ਬਾਨ ਮਾਰੇ। ਅਨੇਕੈਂ ਸੰਘਾਰੇ। ਚਲਜੇ ਅੱਗ੍ਰ ਆਯੋ। ਸੁ ਜਾਨੈ ਨ ਪਾਯੋ ॥੭੫॥ ਘਨੇ ਘਾਇ ਗੇਰੇ। ਤ੍ਰਸੇ ਮ੍ਰਿੱਤੁ ਹੇਰੇ। ਲਿਏ ਸੂਰ ਮਾਰੀ। ਭਜੇ ਭੀਰ ਭਾਰੀ ॥ ੭੬ ॥ ਕਹਾ ਲੌ ਉਚਾਰੈਂ। ਪਰੀ ਲੋਹ ਮਾਰੈ। ਗੁਰੂ ਜੀਤ ਹੋਈ। ਦਲੈ ਜਾਨਿ ਦੋਈ[1] ॥੭੭॥ ਇਤਿ ਸ਼੍ਰੀਗੁਰਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਹਰੀਚੰਦ ਬੱਧ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸ਼ੂ ॥ ੩੦ ॥

੩੧. [ਭੰਗਾਣੀ ਯੁੱਧ ਫਤਹ ਕੀਤਾ]।

ਦੋਹਰਾ ॥ ਭਾਗਜੇ ਸ਼ਾਹ ਪਹਾਰ ਕੌ ਫਤੇਸ਼ਾਹ ਧਰਿ ਤ੍ਰਾਸ। ਮਾਰੇ ਗਏ ਪਠਾਨ ਗਨ ਹਰੀਚੰਦ ਪੁਨ ਨਾਸ਼ ॥ ੧ ॥ ਮਰੇ ਹਜ਼ਾਰੋਂ ਬੀਰ ਜਿਹ, ਜੀਵਤ ਚਲੇ ਪਲਾਇ[2]। ਗਿਰਪਤਿ ਸੰਗ ਸਿਧਾਰਿ ਲੇ ਗਏ ਤੁਰੰਗ ਧਵਾਇ ॥੨॥ ਤੋਮਰ ਛੰਦ॥ ਸਰਿਤਾ ਗਿਰੀ[3] ਜਿਸ ਨਾਇ। ਤਿਸ ਮੈਂ ਗਿਰੇ ਬਹੁ ਜਾਇ। ਤਰ ਹੋਇ ਪਾਰਹਿ ਕੋਇ। ਬਿਚ ਡੂਬਿ ਗੇ ਤਿਸ ਜੋਇ॥੩॥ ਗਿਰ ਪੈ ਚਢੇ ਕਿਤ ਜਾਇ। ਜਹਿਂ ਰਾਜਪੁਰਾ[4] ਬਸਾਇ। ਜਮਨਾ ਨਦੀ ਦਿਸ਼ ਹੋਇ। ਡਰ ਭਾਜਿਗੇ ਤਰਿ[5] ਕੋਇ॥੪॥ ਨਹਿਂ ਆਪ ਮੈਂ ਸੰਭਾਰ। ਰਨ ਤਯਾਗ ਹੈਂ ਬਿਕਰਾਰ। ਮਰਿਗੇ ਪਲਾਵਤਿ ਕੋਇ[6]। ਜਲ ਮੈਂ ਡੁਬੇ ਡਰ ਹੋਇ ॥ ੫ ॥ ਪਹੁੰਚੀ ਤਿਨਹੁੰ ਸੁਧ ਧਾਮ। 'ਗੁਰ ਪਾਇ ਕੈ ਸੰਗ੍ਰਾਮ। ਸਰ ਮਾਰਿ ਕੈ ਹਤਿ ਪ੍ਰਾਨ। ਰਣਖੇਤ ਰਾਖਿ ਨਿਦਾਨ[7]' ॥੬॥ ਸੁਨਿ ਸ਼ੋਕ ਭਾ ਬਿਸਤਾਰ। ਦ੍ਰਿਗ ਰੋਦਤੀ ਜਲ ਧਾਰ। ਬਹੁ ਪੀਟਤੀ ਤਨ ਨਾਰ। ਸਿਰ ਬਾਰ[8] ਬ੍ਰਿੰਦ ਉਖਾਰਿ ॥੭॥ ਗਿਰ ਦੇਸ਼ ਬਾਇਸ ਧਾਰ[9]। ਰੁਦਨੰਤਿ ਕੂਕਨ ਮਾਰਿ। ਸਭਿ ਧਾਮ ਧਾਮਨਿ ਮਾਂਹਿ। ਤ੍ਰਿਯ ਬ੍ਰਿੰਦ ਹੁਇ ਬਿਲਪਾਹਿਂ ॥ ੮ ॥ ਇਮ ਸ਼੍ਰੀ ਗੁਰੂ ਰਣਜੀਤ। ਬਜਿ[10] ਦੁੰਦਭੇ ਰਣ-ਜੀਤ। ਜੁਗ ਭ੍ਰਾਤ[11] ਲੋਥ ਉਠਾਇ। ਪੁਰਿ ਪਾਵਟੇ ਪਹੁੰਚਾਇ॥੯॥ ਸਸਕਾਰ ਕੀਨਿ ਬਨਾਇ। ਸੁਰਲੋਕ ਬਾਸਾ ਪਾਇ। ਭਟ ਘਾਇਲੰ ਰਣਥਾਨ। ਉਚਵਾਇ ਕੈ ਪੁਰਿ ਆਨ[12] ॥੧੦॥ ਹੜ ਬੋਲਤੇ ਜਿਸ ਠੌਰ[13]। ਮਿਲ ਪਾਇੰ

---

[1] ਦੋਨੋ ਸੈਨਾਂ ਨੇ ਜਾਣ ਲਈ। [2] ਜੋ ਜੀਉਂਦੇ ਸਨ ਉਹ ਭੱਜ ਗਏ। [3] ਨਾਮ ਹੈ ਨਦੀ ਦਾ ਜੋ ਭੰਗਾਣੀ ਤੋਂ ਉਪਰ ਜਮਨਾ ਵਿੱਚ ਆ ਮਿਲਦੀ ਹੈ। ਇਹ ਜੁੱਧ ਜਮਨਾ ਦੇ ਕਿਨਾਰੇ ਹੋਇਆ ਹੈ। [4] ਇਹ ਉਹ ਰਾਜਪੁਰਾ ਹੈ ਜਿੱਥੋਂ ਮਸੂਰੀ ਦੀ ਚੜ੍ਹਾਈ ਅੱਜ ਕਲ ਚੜ੍ਹਦੇ ਹਨ। [5] ਤੈਰ ਕੇ। [6] ਭਜਦੇ ਮਰ ਗਏ। [7] ਅੰਤ ਨੂੰ। [8] ਸਿਰ ਦੇ ਵਾਲ। [9] ਬਾਈ ਧਾਰਾਂ ਦੇ। [10] ਵਜਿਆ। [11] ਭਾ। ਸੰਗੋਸ਼ਾਹ ਤੇ ਜੀਤ ਮੱਲ ਦੀ। [12] ਆਂਦੇ। [13] ਜਿੱਥੇ (ਮਸਾਣ) ਹੜ ਹੜ ਕਰਕੇ ਬੋਲਦੇ ਹਨ ਵ ਕਹਿੰਦੇ ਹਨ ਕਿ ਕਈ ਵੇਰ ਰਣ ਵਿਚ ਤਾਜ਼ੇ ਮਰੇ ਜੋਧਿਆਂ ਦਿਆਂ ਸਰੀਰਾਂ ਤੋਂ ਹੜ ਹੜ ਦ੍ਰ ਧੁਨਿ ਸੁਣਾਈ ਦਿੰਦੀ ਹੈ। (ਅ, ਹੜ=ਕ੍ਰੋਧ।

ਜੰਬੁਕ ਰੌਰ । ਪੁਨ ਭੀਖਨਾ ਹੁਇ ਸਾਂਝ[1] । ਬਹੁ ਲੋਥ ਹੈਂ ਰਣ ਮਾਂਝ॥੧੧॥
ਤਰਫੰਤਿ ਘਾਇਲ ਕੋਇ । ਰਿਪੁ ਭਾਜਿਗੇ ਡਰਿ ਸੋਇ।ਉਚਵਾਇ ਕਾਹੁ ਨ[2]
ਲੀਨਿ । ਤਹਿੰ ਤ੍ਰਾਸ ਤੇ ਬਨਿ ਦੀਨ ॥ ੧੨॥ ਦੁਖ ਪਾਇ ਕੇ ਮ੍ਰਿਤੁ ਸੋਇ ।
ਜਿਨ ਕੌ ਉਠਾਇ ਨ ਕੋਇ।ਤਬਿ ਸ਼੍ਰੀ ਗੁਰੂ ਹਟਿ ਆਇ। ਜਯ ਲਹਿ ਮਹਾਂ
ਅਰਿ ਘਾਇ[3] ॥੧੩॥ ਜਯ ਕੋ ਸੁਨਾਇ ਬਖਾਨ । ਹਰਖਾਇ ਬੀਰ ਮਹਾਨ ।
ਰਣ ਬਾਤ ਭਾਖਤਿ ਬ੍ਰਿੰਦ । ਗਿਰਨਾਥ ਤ੍ਰਾਸ ਬਿਲੰਦ ॥ ੧੪ ॥ ਚਲਿ ਮੰਦ
ਮੰਦਹਿ ਆਇ। ਮਿਲਿ ਪੁੰਜ ਦੇਤਿ ਵਧਾਇ[4] । ਨਿਸ ਬੀਤਗੀ ਘਟਿ ਚਾਰ।
ਉਤਰੇ ਗੁਰੂ ਨਿਜ ਦ੍ਵਾਰ*॥੧੫॥ਸਭਿ ਸ਼ਸਤ੍ਰ ਬਸਤ੍ਰ ਉਤਾਰਿ। ਇਸ਼ਨਾਨ
ਆਦਿਕ ਧਾਰਿ। ਚਿਤਵੰਤਿ[5] ਸੰਗੋਸ਼ਾਹ । ਅਰੁ ਜੀਤਮੱਲ ਸੁਬਾਹ[6] ॥ ੧੬॥
ਸਭਿ ਆਪ ਆਪਨ ਡੇਰ । ਉਤਰੇ ਅਨੰਦ ਬਡੇਰ । ਰਣਗਾਥ ਥਾਨਹਿ
ਥਾਨ[7] । ਮਿਲਿ ਬੀਰ ਬ੍ਰਿੰਦ ਬਖਾਨਿ ॥ ੧੭ ॥ ਰਣ ਭੀਰੁ ਤਯਾਗਿ ਪਰਾਇ।
ਜਿਨ ਸੂਰ ਕੀਨਸਿ ਘਾਇ[8] । ਸਭਿ ਕੀ ਕਹੈਂ ਕਰਤੂਤ।ਗੁਰ ਕੋ ਮਹਾਂ ਜਸੁ
ਪੂਤ॥੧੮॥ਨਿਸ ਮੈਂ ਟਿਕੇ ਸਭਿ ਬੀਰ । ਸੁਪਤੇ ਜਥਾ ਸੁਖ ਧੀਰ। ਭੁਨਸਾਰ
ਜਾਨਿ ਮਹਾਨ । ਗੁਰਬਾਨਿ[9] ਕੋ ਕਰਿ ਗਾਨ[10] ॥ ੧੯ ॥ ਮੁਖ ਪਾਠ ਕੇਤਿਕ
ਕੀਨ । ਕਰਿ ਪ੍ਰੇਮ ਜਯੋਂ ਜਲ ਮੀਨ । ਕਰਿ ਸੌਚ ਮੱਜਨ ਨੀਰ । ਗੁਰ
ਬੈਠਿਗੇ ਬਰ ਬੀਰ ॥੨੦ ॥ ਭਟ ਬ੍ਰਿੰਦ ਆਯੁਧ ਧਾਰਿ। ਸਭਿ ਕੀਨਿ ਆਨਿ
ਦਿਦਾਰ । ਲਗ ਗਾ ਦਿਵਾਨ ਮਹਾਂਨ । ਥਿਰ ਸ਼ੋਭਤੇ ਸੁਖਦਾਨ[11] ॥ ੨੧ ॥
ਹਾਕਲ ਛੰਦ ॥ ਤਬਿ ਆਯੋ ਬੁੱਧੂਸ਼ਾਹ।ਜਿਹ ਸੰਗ ਸੁਭਟ ਗਨ ਆਹ।ਦ੍ਵੈ ਪੁੱਤ੍ਰ

[1]ਭਜ ਨਕ ਸ਼ਿਖਾਂ ਵੇਲਾ ਹੋਇਆ । [2]ਕਿਸੇ ਨੂੰ ਬੀ । [3]ਨੂੰ ਨਾਸ਼ ਕਰਕੇ । [4]ਵਧਾਈਆਂ । [5]ਯਾਦ ਕਰਦੇ ਹਨ । [6]ਸੂਰਮੇ ਨੂੰ । (ਅ) ਸ੍ਰੇਸ਼ਟ ਭੁਜਾਂ ਵਾਲੇ ਨੂੰ । [7]ਥਾਂ ਥਾਂ ਤੇ । [8]ਨਾਸ਼ । [9]ਗੁਰਬਾਣੀ । [10]ਗਾਇਨ । [11]ਭਾਵ ਗੁਰੂ ਜੀ ।

*ਭੰਗਾਣੀ ਜਿਸ ਥਾਂ ਗੁਰੂ ਜੀ ਦਾ ਡੇਰਾ ਸੀ, ਹੁਣ ਤਕ ਪੱਕਾ ਥੜਾ ਹੈ । ਨੇੜੇ ਪੁਜਾਰੀ ਦਾ ਘਰ ਹੈ । ਪਰ ਸਿੱਖ ਕੌਮ ਲਈ ਲੱਜਜਾ ਦੀ ਬਾਤ ਹੈ ਕਿ ਇਸ ਥੜੇ ਨੂੰ ਗੁਰਦਵਾਰਾ ਨਹੀਂ ਬਣਾਇਆ, ਨਿਸ਼ਾਨ ਪੱਕੇ ਨਹੀਂ ਕੀਤੇ । ਪਾਸ ਸਿੱਖਾਂ ਦੇ ਗ੍ਰਾਮ ਹਨ, ਪਰ ਸਭ ਗ੍ਰੀਬ ਹਨ । ਇਹ ਬੀ ਖਯਾਲ ਹੈ ਕਿ ਉਥੇ ਗੁਰੂ ਜੀ ਇਕ ਦੋ ਦਿਨ ਟਿਕੇ ਹਨ, ਆਪਣੇ ਪਰਾਏ ਘਾਇਲਾਂ ਦੀ ਸੇਵਾ ਕਰਵਾਈ ਹੈ । ਰਣ ਭੂਮੀ ਆਪ ਦੇ ਹੱਥ ਵਿਚ ਸੀ, ਵੈਰੀ ਦਲ ਦੇ ਮੋਏ ਸੂਰਮੇ, ਠਾਕੁਰਾਂ ਰਾਜਿਆਂ ਤੇ ਰਾਜਕੁਮਾਰਾਂ ਦੀਆਂ ਰਾਣੀਆਂ ਨੇ ਅਗਲੇ ਦਿਨ ਸ਼ਰਨ ਮੰਗ ਕਰਕੇ ਆਪਣੇ ਪਤੀਆਂ ਦੇ ਸਰੀਰ ਸਸਕਾਰ ਕਰਨ ਵਾਸਤੇ ਮੰਗੇ, ਗੁਰੂ ਜੀ ਨੇ ਦੇ ਦਿੱਤੇ ਪਰ ਸਤੀ ਹੋਣੋਂ ਵਰਜਕੇ । ਪਚ ਰਾਣੀਆਂ ਤੇ ਠਕੁਰਾਣੀਆਂ ਦਾਉ ਪਾਕੇ ਚਿਖਾ ਵਿੱਚ ਕੁੱਦਕੇ ਸਤੀ ਹੋ ਗਈਆਂ । ਸਤੀਆਂ ਦੇ ਮਠ ਉਸ ਹੇਠਲੇ ਮੈਦਾਨ ਵਿੱਚ ਪੱਕੇ ਬਣੇ ਹੋਏ ਹੁਣ ਤਕ ਖੜੇ ਹਨ ।

ਗਏ ਰਣ ਮਾਰੇ। ਦੁਇ ਜੀਵਤਿ ਸੰਗ ਨਿਹਾਰੇ॥ ੨੨॥ ਸਭਿ ਸ਼ਸਤ੍ਰ ਅੰਗ ਮਹਿਂ ਲਾਏ।ਹਿਤ ਦਰਸ਼ਨ ਮੋਦ ਬਧਾਏ।ਜਬਿ ਚਲਿਕਰਿ ਆਯੋ ਨੇਰੈ।ਗੁਰ ਊਚੇ ਕਹਿ ਤਿਸ ਬੇਰੈ॥੨੩॥ 'ਢਿਗ ਆਵਹੁ ਬੁੱਧੂ ਸ਼ਾਹਾ ! ਤੁਮ ਪੀਰ ਸਾਚ ਕੇ ਆਹਾ'। ਸਭਿ ਸੁਨਤਨੈਂ ਆਇ ਨਜੀਕਾ। ਕਰ ਜੋਰਤਿ ਜਿਸ ਉਰ ਨੀਕਾ ॥੨੪॥ ਝੁਕਿ ਕੀਨਸਿ ਤਬੈ ਸਲਾਮੂ। ਪੁਨ ਕਰਨੇ ਮੁਰੀਦ ਤਮਾਮੂ[1]। ਸੁਨਿ ਕਲਗ਼ੀਧਰ ਕੇ ਬੈਨਾ। ਕਰ ਜੋਰੇ ਸੰਮੁਖ ਨੈਨਾ॥ ੨੫॥ ਮੁਖ ਬੋਲਯੋ ਅਰਜ਼ ਗੁਜ਼ਾਰੀ।'ਮੁਹਿਸ਼ੋਕ ਨ,ਰਿਦੈ ਮਝਾਰੀ।ਸੋ ਕਾਰਨ ਸੁਨਹੁ ਗੁਸਾਂਈਂ।। ਸਿਰ ਮਰਨੋ ਸਭਿ ਬਨਿ ਆਈ ॥੨੬॥ ਮਮ ਪੁੱਤ੍ਰ ਮਰੇ ਸ਼ੁਭ ਥਾਨਾ। ਇਕ ਤੌ ਰਨਖੇਤ ਮਹਾਂਨਾ। ਪੁਨ ਕਾਰਜ ਤੁਮਰੇ ਆਏ। ਇਵ ਕਰਿ ਵੈ[2] ਭਿਸਤ ਸਿਧਾਏ ॥ ੨੭ ॥ ਤਹਿਂ ਭੋਗਹਿਂ ਅਨੰਦ ਬਿਸਾਲਾ। ਤੁਮ ਕਰੁਨਾ ਕਰਹੁ ਕ੍ਰਿਪਾਲਾ। ਇਹ ਜਾਨਨੈਂ ਲਾਭ ਬਡੇਰਾ।ਨਹਿਂ ਸ਼ੋਕ ਕਰੈ ਮਨ ਮੇਰਾ'॥੨੮॥ ਸੁਨਿ ਸ੍ਰੀ ਪ੍ਰਭੁ ਬਹੁਰ ਬਖਾਨਯੋ।'ਹੈ ਨਿਸ਼ਚੇ ਇਮ ਜਿਸ ਜਾਨਯੋ[3]।ਪਰ ਤਊ ਪਛਾਨਹੁ ਮਨਮੈਂ।ਜੁਗ ਰਹੇ ਭਾਣਜੇ* ਰਨ ਮੈਂ।।੨੯।।ਲਰ ਸਨਮੁਖਤਜਾਗੇ ਪ੍ਰਾਨਾ।ਰਖਿ ਛੱਤ੍ਰੀ ਧਰਮ ਸੁਜਾਨਾ।ਤਿਨ ਤੇ ਬਡ ਸ਼ੋਕ ਉਪੰਨਾ।ਚਿਤ ਹੋਤਿ ਹਮਾਰੋ ਖਿੰਨਾ[4]।।੩੦।।ਗੁਨ ਸਿਮਰਤਿ ਹੈ ਮਨ ਮੇਰਾ।ਜਿਨ ਮਹਿਂ ਉਤਸਾਹਿ ਬਡੇਰਾ।ਨਿਤ ਮਿਲਤਿ ਖਿਲਤਿ[5]ਹਮ ਸੰਗੇ।ਬਨੁ ਗਮਨਤਿ ਚਢੈਂਤੁਰੰਗੇ†'

---

[1]ਫਿਰ ਸਾਰੇ ਮੁਰੀਦਾਂ ਨੇ ਝੁਕ ਕੇ ਸਲਾਮ ਕੀਤੀ। [2]ਇਉਂ ਕਰਨ ਤੇ ਓਹ"। [3]ਠੀਕ ਇਵੇਂ ਹੈ ਕਿ ਜਿਸ ਤਰ੍ਹਾਂ (ਤੁਸਾਂ) ਜਾਣਿਆ ਹੈ। (ਅ) ਇੱਥੇ ਸੁਧ ਪਾਠ 'ਜਿਸ' ਦੀ ਥਾਂ 'ਜਿਮ' ਚਾਹੀਦਾ ਹੈ ਅਰਥ:—ਜਿਵੇਂ ਤੁਮਾਂ ਜਾਣਿਆ ਹੈ ਪੱਕ ਇਸੇ ਤਰ੍ਹਾਂ ਹੀ ਹੈ। ਲਿਖਾਰੀ ਦੀ ਕਲਮ ਉਕਾਈ ਨਾਲ 'ਜਿਮ' ਦਾ 'ਜਿਸ' ਬਣ ਗਿਆ ਹੈ। [4]ਉਦਾਸ। [5]ਖੇਡਦੇ ਸਨ। *ਭਾਣਜੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਨ ਤੇ ਕਲਗੀਧਰ ਜੀ ਦੇ ਭੂਆ ਦੇ ਪੁੱਤ੍ਰ ਭਰਾ ਲਗਦੇ ਸਨ। †ਇਹ ਪ੍ਰੇਮ ਸਮਰਣ ਹੈ। 'ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ' ॥ ਆਪ ਉਹਨਾਂ ਦੇ ਗੁਣਾਂ ਨੂੰ ਯਾਦ ਕਰ ਰਹੇ ਹਨ, ਇਸ ਪਿਆਰ ਭਰੀ ਯਾਦ ਨਾਲ ਉਹਨਾਂ ਦੀ ਕਲਯਾਨ ਹੋ ਰਹੀ ਹੈ। ਗੁਰੂ ਜੀ ਦਾ ਇਹ ਪ੍ਰੇਮ ਭਾਵ ਇਨਸਾਨੀ ਹਮਦਰਦੀ ਤੇ ਪਿਆਰ ਦਾ ਕਮਾਲ ਹੈ; ਦੂਜੇ ਪਾਸੇ ਉਹਨਾਂ ਦੀ ਉੱਚੀ ਆਤਮ ਦ੍ਰਿਸ਼ਟੀ ਦਾ ਕਮਾਲ ਹੈ ਜੋ ਕਵਿ ਜੀ ਨੇ ਇਨ੍ਹਾਂ ਹੀ ਭਾਣਜਿਆਂ ਦੀ ਸ਼ਹਾਦਤ ਪਰ ਅੱਗੇ ਅੰਸੂ ੩੨ ਦੇ ਅੰਕ ੬-੭ ਵਿਚ ਦਰਸਾਇਆ ਹੈ।

ਬੁੱਧੂਸ਼ਾਹ ਪੁੱਤ੍ਰਾਂ ਦੇ ਮਰਨ ਤੇ ਇਸੇ ਤਰ੍ਹਾਂ ਗੁਣ ਸਮਰਣ ਹੀ ਕਰ ਰਿਹਾ ਹੈ। ਉਹ ਇਸ ਗਲ ਵਿਚ ਧੀਰਜ ਧਾਰ ਰਿਹਾ ਹੈ ਕਿ ਮਹਾਨ ਉੱਤਮ ਸੇਵਾ ਵਿਚ ਸਨਮੁਖ ਜੂਝ ਕੇ ਮੇਰੇ ਪੁੱਤ੍ਰ ਸਫਲ ਹੋਏ ਹਨ।

॥੩੧॥ ਸੁਨਿ ਬੁੱਧੂਸ਼ਾਹਿ ਬਖਾਨਾ । 'ਤੁਮ ਸਭਿ ਬਿਧਿ ਅਹੋ ਮਹਾਂਨਾ । ਜਿਮ ਚਾਹਹੁ ਰਚਹੁ ਗੁਸਾਈਂ । ਸਭਿ ਬਾਤਿ ਤੁਮਹੁੰ ਬਨਿ ਆਈ॥੩੨॥ਸ਼ੁਭ ਭਾਗ ਜਿ ਭਏ ਹਮਾਰੇ। ਮਿਲਿ ਕਦਮ ਸੁ ਪਦਮ ਤੁਮਾਰੇ[1] । ਅਬਿ ਸਫਲ ਭਏ ਸਭਿ ਰੀਤੀ । ਰਣ ਪਹੁੰਚੇ ਆਨਿ ਸ ਪ੍ਰੀਤੀ ॥੩੩॥ ਗਨ ਖਾਨ ਪ੍ਰਥਮ ਰਖਵਾਏ। ਗੁਰ ਘਰ ਸੇ ਧਨ ਗਨ ਪਾਏ। ਪੁਨ ਹੋਏ ਨਿਮਕ ਹਰਾਮੀ। ਸਭਿ ਕੀਨੀ ਕਾਰ ਗ਼ੁਲਾਮੀ[2]॥੩੪॥ਲਖਿ ਉਪਾਲੰਭ ਪਠਿ ਜੋਊ। ਮੈਂ ਲੱਜਤਿ ਸੁਨਿ ਕਰਿ ਸੋਊ । ਸੈ ਸਪਤ[3] ਮੁਰੀਦ ਬਟੋਰੇ । ਚਲਿ ਪਰਜੋ ਤੁਰਤ ਤੁਮ ਓਰੇ ॥ ੩੫॥ ਪਰਿ ਪਾਂਵਟ ਮੈਂ ਜਬਿ ਆਯੋ ।—ਤੁਮ ਰਚੇ ਜੰਗ—ਸੁਨਿਪਾਯੋ।ਨਹਿੰ ਕੀਨਸਿ ਮੈਂ ਤਬਿ ਡੇਰਾ । ਰਣ ਕਾਜ ਪਰਜੋ ਅਬਿਹੇਰਾ ॥ ੩੬ ॥ ਮੈਂ ਗਮਨਯੋਂ ਤੁਮ ਪਸ਼ਚਾਤੀ । ਸਭਿ ਖਰੇ ਹੁਤੇ ਭਲਿ ਭਾਂਤੀ।ਇਕ ਪਾਸਾ ਰਣ ਕੋ ਰੋਕਾ। ਰਿਪੁ ਪੁੰਜ ਖਰੋ ਅਵਿਲੋਕਾ ॥੩੭॥ ਤਬਿ ਛੂਟਨਿ ਲਗੀ ਤੁਫੰਗੈਂ । ਗਿਰਪਤੀ ਲਰੇ ਹਮ ਸੰਗੈ। ਬਹੁ ਮਾਰੇ ਤਹਾਂ ਪਹਾਰੀ । ਥਿਰ ਹ੍ਵੈ ਕਰਿ ਧੀਰਜ ਧਾਰੀ ॥ ੩੮ ॥ ਨਹਿੰ ਪਾਊਂ ਪਿਛਾਊਂ ਘਾਲਾ। ਰਣ ਡਾਰਿ[4] ਬਿਸਾਲ ਕਰਾਲਾ। ਸੁਤ ਦੋਇ ਮੁਰੀਦ ਸਮੇਤਾ । ਲਰਿ ਪਹੁੰਚੇ ਭਿਸਤਿ ਨਿਕੇਤਾ ॥ ੩੯ ॥ ਤੁਮ ਦਿਸ਼ਾ ਪਠਾਨ ਅਰੇ ਹੈਂ।ਸਭਿ ਹੋਇ ਹਰਾਮ ਮਰੇ ਹੈਂ।ਤਜਿ ਸ੍ਵਾਮੀ ਬੇਮੁਖ ਜੈਸੇ। ਫਲ ਪਾਇ ਲੀਨਿ ਤਿਨ ਤੈਸੇ' ॥ ੪੦ ॥ ਸੁਨਿ ਧੀਰ ਪੀਰ ਕੀ ਕਾਨਾ[5] । ਸ੍ਰੀ ਮੁਖ ਤੇ ਤਬੈ ਬਖਾਨਾ । 'ਤੁਹਿ ਸਾਧ ਸਾਧ ਬਡ ਸਾਧੂ! ਪਦ ਉੱਤਮ ਮਹਿਂ ਥਿਤ ਲਾਧੂ[6]' ॥੪੧॥ ਇੱਤ੍ਯਾਦਿਕ ਅਧਿਕ ਬਡਾਈ । ਸ੍ਰੀਮੁਖ ਤੇ ਭਾਖਿ ਸੁਨਾਈ। ਸਨਮਾਨ ਸਹਿਤ ਬੈਠਾਯੋ । ਅਨੁਕੰਪਾ ਧਰਿ ਦ੍ਰਿਸ਼ਟਾਯੋ[7] ॥ ੪੨ ॥ ਦੋਹਰਾ ॥ ਸ੍ਰੀ ਸਤਿਗੁਰ ਤਿਹ ਸਮੇਂ ਮੈਂ ਕੰਘਾ ਕਰਤਿ ਸੁ ਕੇਸ਼। ਦਾਸ ਚੁਨੀ ਦਸਤਾਰ ਸ਼ੁਭ ਆਗੇ ਧਰੀ ਵਿਸ਼ੇਸ਼॥੪੩॥'ਬੁੱਧੂ ਸ਼ਾਹ! ਸੁਨੀਜੀਏ ਧਨ ਆਦਿਕ ਵਥੁ ਜੋਇ । ਚਿਰੰਕਾਲ ਨਹਿੰ ਰਹਿਤ ਹੈ ਖਰਚੀ ਜੈ ਹੈ ਸੋਇ ॥ ੪੪ ॥ ਬਹੁਤ ਪੁਸ਼ਤ ਕੇ ਕਾਮ ਜੋ ਆਵਹਿ ਵਸਤੁ ਉਦਾਰ। ਸੋ ਬਖਸ਼ਹਿਂ ਅਬਿ ਤੋਹਿ ਕੋਂ ਰਖੀਅਹਿ ਆਪਿ ਸੰਭਾਰਿ' ॥ ੪੫ ॥ ਇਮ ਕਹਿ ਗਹਿ ਦਸਤਾਰ ਕੋ ਸ਼ੁਭ

---

[1]ਆਪਜੀ ਦੇ ਚਰਨਾਂ ਕਮਲਾਂ ਨਾਲ ਮੇਲ ਹੋਇਆ। [2]ਭਾਵ ਉਨ੍ਹਾਂ ਨੀਚਾਂ ਵਾਲੀ ਕਾਰ ਕੀਤੀ। [3]ਸੱਤ ਸੌ। [4]ਜੰਗ ਕਰਕੇ। [5]ਕੰਨੀ। [6]ਟਿਕਾਉ ਪਾਇਆ ਹੈ। [7]ਮੇਹਰ ਦੀ ਨਜ਼ਰ ਨਾਲ ਤੱਕਿਆ।

ਕਕਰੇਜ਼ੀ ਰੰਗ[1]। ਕੰਘਾ ਸਹਿਤ ਸੁ ਕੇਸ ਹੀ ਗਹੀ ਕਰਦ ਤਿਨ ਸੰਗ ॥੪੬॥ ਬਖਸ਼ੀ ਬੁੱਧੂਸ਼ਾਹ ਕੌਂ ਲੇ ਨਿਜ ਸੀਸ ਚਢਾਇ।ਬਾਰ ਬਾਰ ਬੰਦਨ ਕਰੈ ਰਿਦੈ ਰਹਯੋ ਹਰਖਾਇ ॥ ੪੭ ॥ 'ਰਾਖੇ ਭਲੇ ਸੰਭਾਰ ਕਰਿ ਵਧੈ ਖਾਲਸੇ ਰਾਜ। ਤਬਿ ਤੁਵ ਸੰਤਤਿ ਕੇ ਅਧਿਕ ਆਵਹਿ ਨਿਤ ਪ੍ਰਤਿ ਕਾਜ' ॥ ੪੮ ॥ ਇਮ ਕਹਿ ਦਰਬ ਅਨਾਇ ਕਰਿ ਦੀਨਸਿ ਪੰਚ ਹਜ਼ਾਰ[2]। ਦੇਹੁ ਮੁਰੀਦਨਿ ਸਭਿਨਿ ਕੌ ਜਿਨਹੁੰ ਕਰੀ ਰਨ ਕਾਰ ॥੪੯॥ ਸਿਰੇਪਾਉ ਸਮੁਦਾਇ ਦੇ ਕਰਿ ਸੰਤੁਸ਼ਟ ਬਿਸਾਲ[3]। ਰੁਖ਼ਸਦ ਕੀਨੋ ਮਾਨ ਜੁਤਿ ਅਧਿਕ ਹਰਖ ਕੇ ਨਾਲ ॥ ੫੦ ॥ ਬਾਰਿ ਬਾਰਿ ਕਰਿ ਬੰਦਨਾ ਗਯੋ ਸਢੌਰੇ ਧਾਮ। ਪੂਰ ਮੁਰੀਦਨਿ ਕਾਮਨਾ ਸਰੇ ਸਭਿਨਿ ਕੇ ਕਾਮ ॥੫੧॥ ਕੰਧ ਬਿਖੇ ਰਖਿ ਤਾਂਹਿ ਕੌ ਤਾ ਮਹਿ ਦੀਨ ਚਿਨਾਇ। ਅਠਦਸ ਸੈ ਸੱਤ੍ਰਹ[4] ਬਿਖੇ ਔਚਕ ਗਿਰੀ ਸੁ ਜਾਇ[5]*। ੫੨॥ਨਿਕਸੀ ਤਬਿ ਸੰਦੂਕਰੀ ਹੁਕਮ ਪੱਤ੍ਰ[6] ਪਠਿ ਜਾਨ।ਰਹਿਤ ਹੁਤੇਕਵਿ[7] ਜਿਸ ਨਿਕਟ ਸੋ ਸਰਦਾਰ ਮਹਾਨ ॥ ੫੩ ॥ ਪੂਰਬ ਲਜਾਇ ਸੋ ਤਹਾਂ ਦੇਖੀ ਸਭਿਨਿ ਪਛਾਨ। ਮਾਨੀ ਸਿਰ ਧਰਿ ਦੇਤਿ ਭੇ ਸਿਖ ਬਹੁ ਧਨ ਕੋ ਦਾਨ ॥ ੫੪ ॥ ਸੰਤਤਿ ਬੁੱਧੂਸ਼ਾਹਿ ਕੀ ਅਬਿ ਲੌ ਤਹਾਂ ਅਲੰਬ[8]। ਕਰਤਿ ਜੀਵਕਾ ਤਿਸੀ ਤੇ ਪਾਵਤਿ ਦਰਬ ਕਦੰਬ[9] ॥ ੫੫ ॥ ਸੰਮਤ ਬੀਤੇ ਆਇ ਸੋ ਹਮ ਕੌ ਦਰਸ ਦਿਖਾਇ[10]। ਬੁੱਧੂਸ਼ਾਹਿ ਪ੍ਰਸੰਗ ਕੋ ਭਾਖਯੋ ਸਕਲ ਬਨਾਇ ॥ ੫੬ ॥

ਇਤਿ ਸ਼੍ਰੀਗੁਰ ਪ੍ਰਤਾਪ ਸੂਰਜਗ੍ਰਿੰਥੇ ਦੁਤਿਯ ਰੁਤੌ ਸ੍ਰੀ ਗੁਰ ਬਿਜੈ ਪ੍ਰਸੰਗ ਬਰਨਨੰਨਾਮ ਇਕ ਤ੍ਰਿੰਸਤੀ ਅੰਸੂ ॥੩੧॥

੩੨. [ਇਨਾਮ ਵੰਡੇ। ਪਾਂਵਟੇ ਤੋਂ ਤਿਆਰੀ।]

ਦੋਹਰਾ ॥ ਸ੍ਰੀ ਸਤਿਗੁਰ ਤਬਿ ਕੇਸਰੀ ਅਪਰ ਬੰਧਿ ਦਸਤਾਰਿ। ਜਿਗਾ ਬਾਂਧਿ

---

[1]ਲਾਲ ਭਾਹ ਵਾਲਾ ਕਾਲਾ ਰੰਗ। ਆਲ ਨਾਮੇ ਬੂਟੇ ਦੇ ਰੰਗ ਵਿਚ ਲਾਲ ਰੰਗ ਦੇਕੇ ਫਿਰ ਲੋਹੇ ਦਾ ਕਾਲਾ ਰੰਗ ਦੇਂਦੇ ਹਨ। ਕਈ ਕਹਿੰਦੇ ਹਨ ਕਿ ਮਾਈਂ ਫਟਕੜੀ ਦੀ ਪਾਹ ਦੇਕੇ ਮਜੀਠ ਦਾ ਰੰਗ ਦੇਕੇ ਫਿਰ ਸੁਰਮੇ ਦਾ ਡੋਬਾ ਦੇਂਦੇ ਹਨ। [2]ਇਹ ਪ੍ਰਸ਼ਾਦ ਮਾਤ੍ਰ ਬਖਸ਼ਿਸ਼ ਸੀ। [3]ਸਾਰਿਆਂ ਨੂੰ ਬੜਾ ਪ੍ਰਸੰਨ ਕਰਕੇ। [4]੧੮੭੦ ਵਿਚ। ਇਸ ਨੂੰ ੧੮੧੭ ਨਹੀਂ ਸਮਝਣਾ ਚਾਹੀਏ ਕਿਉਂਕਿ ਕਵੀ ਜੀ ਦਾ ਜਨਮ ੧੮੪੫ ਦੇ ਕ਼ਰੀਬ ਦਾ ਹੈ। [5]ਉਹ (ਕੰਧ) ਡਿੱਗ ਪਈ। [6]ਹੁਕਮਨਾਮਾ। [7]ਭਾਵ ਭਾਈ ਸੰਤੋਖ ਸਿੰਘ ਜੀ। [8]ਤਿਸ ਦੇ ਆਸਰੇ। [9]ਸਮੂਹ। [10]ਸਾਲ ਬੀਤਿਆ ਹੈ ਕਿ (ਉਨ੍ਹਾਂ ਨੇ ਫੇਰ) ਆਕੇ ਉਹਨਾਂ (ਚੀਜ਼ਾਂ ਦਾ) ਸਾਨੂੰ ਦਰਸ਼ਨ ਕਰਾਇਆ ਸੀ।

*ਬੁਧੂਸ਼ਾਹ ਪੁਰ ਜੋ ਅਤਯਾਚਾਰ ਰਾਜ ਵਲੋਂ (ਅਸਮਾਨ ਖਾਨ ਹਾਕਮ ਸਢੌਰਾ ਵਲੋਂ) ਹੋਏ ਸਨ, ਉਸ ਸਮੇਂ ਇਹ ਸਭ ਤੋਂ ਕੀਮਤੀ ਸ਼ੈ ਕੰਧ ਵਿੱਚ ਚਿਣੀ ਗਈ ਹੋਣੀ ਹੈ, ਜੋ ਕਿਵੇਂ ਏਹ ਬਚ ਰਹੇ। ਸੋ ਗੁਰੂ ਮਿਹਰ ਨਾਲ ਬਚ ਰਹੀ। ਅਸਮਾਨ ਖਾਨ ਨੂੰ ਬਾਬੇ ਬੰਦੇ ਨੇ ਬੁੱਧੂਸ਼ਾਹ ਦੇ ਮਾਰਨ ਦੇ ਅਪ੍ਰਾਧ ਵਿੱਚ ਫਾਹੇ ਦਿੱਤਾ ਸੀ।

ਕਲਗ਼ੀ ਧਰੀ ਸ਼ੋਭਾ ਉਦਤਿ ਉਦਾਰ ॥ ੧ ॥ ਨਿਸਾਨੀ ਛੰਦ ॥ ਲਗਜੋ ਦਿਵਾਨ ਮਹਾਨ ਭਟਬਡ ਹੋਤਿਅਨੰਦੋ।ਸਾਧ ਕ੍ਰਿਪਾਲ ਮਹੰਤ ਤਬਿ ਆਯੋ ਗੁਰਬੰਦੋ। ਸੁਭਾ ਬਿਖੈ ਸਨਮਾਨ ਕਰਿ ਪ੍ਰਭੁ ਤਾਂਹਿ ਬਿਠਾਯੋ। 'ਸਾਧ ਸਾਧ' ਸ੍ਰੀ ਮੁਖ ਕੱਹਜੋ 'ਸਾਧੁ ਸੁਖ ਪਾਯੋ[1]' ॥੨॥ ਬਖਸ਼ਿਸ਼ ਹੇਤੁ ਬਿਚਾਰ ਕਰਿ ਜਗ ਮਹਿਂ ਵਡਿਆਈ। ਅਰਧ ਪਾਰਿ[2] ਦਸਤਾਰ ਕੋ ਦੇ ਸੀਸ ਬੰਧਾਈ। ਕੁਲਹਾ[3] ਕੇ ਊਪਰ ਬੰਧੀ ਦੁਤਿ ਹੁਇ ਗਈ ਦੂਨੀ। ਗਜਾਨ ਸੱਚਿਦਾਨੰਦ ਮਹਿਂ ਬ੍ਰਿਤਿ ਟਿਕੀ ਚਊਨੀ ॥ ੩ ॥ 'ਤਕਮਾ[4] ਇਹ ਤਵ ਪੰਥ ਕੋ ਜਗ ਸਜੈ ਨਿਰਾਲਾ। ਦੋਨਹੁਂ ਲੋਕ ਸੁਧਾਰ ਦਿਯ ਗੁਰਬਖਸ਼ ਬਿਸਾਲਾ*'। 'ਨਿਤਪ੍ਰਤਿ ਦੇਗ ਕਰਾਹਿ ਕੀ ਦੀਜਹਿ ਸੰਗ ਚੇਲੇ'। ਕਾਰਦਾਰ ਪਰ ਗੁਰ ਹੁਕਮ ਹੋਯੋ ਤਿਸ ਬੇਲੇ॥੪॥ਦਯਾਰਾਮ ਪ੍ਰੋਹਤ ਬਲੀ ਕੀਨੋ ਰਣ ਭਾਰੀ।ਕਰਤਿ ਭਏ ਬਖ਼ਸ਼ਸ਼ ਤਬੈ ਤਿਸ ਓਰ ਨਿਹਾਰੀ। ਢਾਲਾ ਬਖਸ਼ਜੋ ਆਪਨੋ ਪੁਨ ਪਟਾ ਲਿਖਾਯੋ। 'ਇਨ ਪੂਜਹਿ ਦਰਸ਼ਨਕਰੈ ਪਾਵਹਿ ਮਨ ਭਾਯੋ'॥੫॥ਤੀਨਹੁਂ ਬੈਠੇਭ੍ਰਾਨਜੇ ਦੀਨੀ ਬਹੁ ਧੀਰਾ। 'ਦੋਨਹੁ ਭ੍ਰਾਤਾ ਸੁਰਗ ਗੇ ਜਿਹ ਗਤਿ ਬਡ ਬੀਰਾ[5]'। ਸਫਲ ਮਰਨ ਛੱਤ੍ਰੀਨਕੋ ਰਿਪੁ ਮਾਰਤਿ ਮਰਿਬੋ।ਕ੍ਰੁੱਧਤਿਹੁਇਆਗੇ ਚਲਨਿ ਪਗ ਪਾਛ ਨ ਧਰਿਬੋ ॥੬॥ਨਹੀਂ ਸੋਚਿਬੇ ਜੋਗ[6] ਸੋ ਨਿਜ ਧਰਮ ਸਮੇਤਾ। ਸੁਜਸੁ ਹਲਤ ਮਹਿਂ, ਪਲਤ ਸੁਖ, ਥਿਤ ਦੇਵ ਨਿਕੇਤਾ[7]।ਪਰਨ ਮੰਚ ਪਰ ਮਰਨ ਹੁਇ ਭਟ ਕੌ ਨਹਿਂ ਨੀਕੋ[8]।ਦੁਰਲਭ ਪਾਵਨ ਸੁਰਗ ਕੋ ਨਹਿਂ ਜਸੁ ਕੋ ਟੀਕੋ[9]' ॥੭॥ ਤੀਨਹੁਂ ਭ੍ਰਾਤਨਿ ਬੰਦਿ ਕਰ ਗੁਰ ਸੰਗ ਬਖਾਨਾ। 'ਸ੍ਵਾਮੀ ਤੁਮ ਦ੍ਵੈ ਲੋਕ ਕੇ ਬਖਸ਼ਹੁ ਸੁਖ ਨਾਨਾ।ਦੁਰਲਭ ਰਾਵਰ ਕੀ ਖੁਸ਼ੀ ਪ੍ਰਾਪਤਿ ਬਡ ਭਾਗੇ। ਜਗ ਕੇ ਹਤਹੁ ਕੁਬੰਧਨਾ ਤੁਮ ਪਗ ਅਨੁਰਾਗੇ ॥ ੮ ॥ ਕਹੋ ਆਪ ਸੋ ਸ਼੍ਰੇਯ ਹੈ ਸਭਿ ਜੀਵਨ ਕੇਰੀ। ਰਨ ਮਹਿਂ ਮਰਿਬੋ ਮਾਰਿਬੋ ਬੀਰਨ

[1]ਪਾਓਗੇ। [2]ਪਾੜਕੇ। [3]ਉਦਾਸੀਆਂ ਦੀ ਟੋਪੀ ਚੋਕਲੀ ਜੋ ਵਿੱਚੋਂ ਉੱਚੀ ਹੁੰਦੀ ਹੈ [ਫਾ:, ਕੁਲਹ =ਟੋਪੀ, ਤਾਜ]। [4]ਮਰਾਤਬੇ ਦਾ ਚਿੰਨ੍ਹ (ਪੱਗ ਸਹਿਤ ਟੋਪੀ । [5]ਜਿਨ੍ਹਾਂ ਦੀ ਗਤੀ ਬੜੇ ਸੂਰਮਿਆਂ ਵਾਲੀ ਹੋਈ। [6]ਸ਼ੋਕ ਕਰਨ ਯੋਗ। [7]ਸੁਰਗ ਵਿਚ। [8]ਮੰਜੇ ਉਤੇ ਪੈਕੇ ਮਰਨਾ ਸੂਰਮੇ ਲਈ ਚੰਗਾ ਨਹੀਂ। ਭਾਵ ਸੂਰਮੇ ਨੂੰ ਸ਼ਸਤ੍ਰ ਦੀ ਮੌਤ ਹੀ ਠੀਕ ਹੈ, ਰੋਗ ਗ੍ਰਸਤ ਹੋਕੇ ਮਰਨਾ ਠੀਕ ਨਹੀਂ। [9]ਸੁਰਗ ਦਾ ਪਾਉਣਾ ਦੁਰਲਭ ਹੋ ਜਾਂਦਾ ਹੈ ਤੇ ਨਾਂ ਹੀ ਜਸ ਦਾ ਟਿੱਕਾ ਮਿਲਦਾ ਹੈ। *ਵੇਖੋ ਉਦਾਸੀ ਕਿਸ ਤਰ੍ਹਾਂ ਗੁਰੂ ਘਰ ਨਾਲ ਮਿਲੇ ਆ ਰਹੇ ਹਨ। ਜੋ ਉਦਾਸੀ ਆਪ ਨੂੰ ਗੁਰੂ ਗ੍ਰਿਹ ਤੋਂ ਦੂਰ ਦੱਸਦੇ ਹਨ ਉਹ ਇਤਿਹਾਸ ਵਿਰੁੱਧ ਜਾ ਰਹੇ ਹਨ। ਗੁਰੂ ਕੀ ਮਿਹਰ ਹੋ ਰਹੀ ਹੈ ਤੇ ਉਦਾਸੀ ਫੜਕਾ ਸੇਵਾ ਵਿਚ ਸਨਮੁਖ ਨਿਭ ਰਿਹਾ ਹੈ, ਤੇ ਸੰਪ੍ਰਦਾ ਸਮੇਤ ਉਸਤੇ ਬਖਸ਼ਸ਼ ਕਰ ਰਹੇ ਹਨ।

ਗਤਿ ਹੇਰੀ। ਹਮਰੇ ਸ਼ੋਕ ਨ ਹੋਤਿ ਹੈ ਆਇ ਤੁਮ ਕਾਜੇ[1]। ਦੀਨ ਦੁਨੀ ਪਤਿਸ਼ਾਹ ਹੋ ਨਿਜ ਦਾਸ ਨਿਵਾਜੇ॥੯॥ ਸੁਨਿ ਪ੍ਰਸੰਨ ਸਤਿਗੁਰ ਭਏ ਬਹੁ ਬਖਸ਼ਿਸ਼ ਦੀਨੀ। ਜੇਵਰ ਜਰੇ ਜਵਾਹਰਨ ਜਿਨ ਕੀ ਦੁਤਿ ਪੀਨੀ[2]॥ਸਿਰੇ-ਪਾਉ ਬਡ ਮੋਲ ਕੇ ਬਡ ਦੁਲਭ ਦੁਸ਼ਾਲੇ। ਕਹਾਂ ਕਹੌਂ ਧਨ ਦੀਨਿ ਗਨ ਲੇ ਹਰਖ ਬਿਸਾਲੇ ॥੧੦.॥ ਅਪਰ ਸਰਬ ਜੇ ਸੂਰਮਾ ਰਨ ਲਰੇ ਬਿਸਾਲਾ। ਬਖਸ਼ਸ਼* ਦੀਨੀ ਸਭਿਨਿ ਕੋ ਕਰਿ ਦਏ ਨਿਹਾਲਾ। ਮਾਨ ਆਦਿ ਦੇ ਦਾਨ ਬਹੁ ਹਰਖਾਇ ਸੁ ਬੀਰੰ।ਪ੍ਰਥਮ ਲਰਾਈ ਬਿਜੈ ਕਰਿ ਆਨੰਦ ਗਹੀਰੰ ॥੧੧॥ ਹੁਤੇ ਜੁ ਕਾਤੁਰ ਲਰਨ ਤੇ ਸੋ ਬਹੁਤ ਧਿਕਾਰੇ। ਖੁਸ਼ੀ ਨ ਗੁਰਕੀ ਤਿਨਹੁੰ ਪਰ ਦਲ ਵਹਿਰ[3]ਨਿਕਾਰੇ।ਬਿਜੈ ਗੁਰੂ ਕੀ ਦੇਸ਼ ਮਹਿਂ ਪਸਰੀ ਤਿਸ ਕਾਲਾ। 'ਹਤੇ ਪਹਾਰੀ ਭਾਜਿਗੇ ਕਰਿ ਤ੍ਰਾਸ ਬਿਸਾਲਾ' ॥੧੨॥ਜਹਿਂ ਕਹਿਂ ਤੇ ਸੁਨਿ ਸੁਜਸੁ ਕੌ ਜਾਚਕ ਚਲਿ ਆਏ। ਡੋਮ ਭਾਟ ਤੇ ਆਦਿ ਗਨ ਗੁਰ ਕੇ ਗੁਨ ਗਾਏ। ਕਿਤਿਕ ਕਵੀਸ਼ੁਰ ਆਇਗੇ ਰਚਿ ਰੁਚਿਰ ਕਵਿੱਤੀ। ਬਖਸ਼ਹਿਂ ਦਿਨ ਪ੍ਰਤਿ ਸਤਿਗੁਰੂ ਮਨ ਭਾਵਤਿ ਬਿੱਤੀ[4] ॥ ੧੩॥ ਭੂਖਨ ਪਾਇ ਸੁਵਰਨਕੇ ਹਯ ਅਧਿਕ ਸਜਾਵੈਂ। ਜਿਸ ਪਰ ਹੋਇਂ ਪ੍ਰਸੰਨ ਗੁਰ ਤਤਕਾਲ ਦਿਵਾਵੈਂ।ਕਰਹਿਂ ਚੋਜ ਬਹੁ ਮੌਜਕੇ ਸਭਿਰੋਜ ਗੁਸਾਈਂ।ਚਲੀ ਦਾਨਧਾਰ* ਮਹਾਂ ਕੋ ਸਕਹਿ ਗਿਨਾਈ ॥ ੧੪॥ ਦੇਸ਼ ਦੇਸ਼ ਤੇ ਸੰਗਤਾਂ ਆਵਹਿਂ ਗਨ ਰਾਗੀ।ਸ਼ਸਤ੍ਰ ਤੁਰੰਗਮ ਅਰਪਤੇ,ਦਰਸਤਿ ਬਡਭਾਗੀ। ਪੂਰਵਹਿ ਮਨ ਕੀ ਕਾਮਨਾ ਜਸੁ ਗਾਵਤਿ ਜਾਤੇ।ਅਧਿਕੈ ਵਧਯੋ ਪ੍ਰਤਾਪ ਤਬਿ ਸਿਖ ਜਨ ਸੁਖ ਰਾਤੇ[5]।।੧੫॥ਗਾਵਹਿਂ ਢਾਢੀ ਵਾਰਕੌ ਜਸੁਕਹੈਂ ਬਨਾਈ।ਸੁਨਤਿ ਹੋਤਿਉਤ-ਸਾਹ ਉਰ ਭਟ ਬੈਠਹਿਂ ਆਈ। ਮਾਰ ਬਕਾਰਾ ਬਹੁ ਕਰਹਿਂ ਸਤਿਗੁਰਨ ਸੁਨਾਵੈਂ[6]। 'ਲੂਟਹਿਂ ਅਬਿ ਸ਼੍ਰੀ ਨਗਰ ਕੌ,ਸ਼੍ਰੀ ਮੁਖ ਫੁਰਮਾਵੈਂ[7]'॥੧੬॥ਫਤੇ-ਸ਼ਾਹਿ ਕੌ ਪਕਰਿ ਕੈ ਪ੍ਰਭੁ ਚਰਨੀ ਪਾਵੈਂ।ਬਾਇਸਧਾਰ ਪਹਾਰ ਕੀ ਜੀਤਹਿਂ ਫਿਰਿ ਆਵੈਂ।ਛੀਨਹਿਂ ਤੁਰਕਨਿ ਰਾਜ ਕੌ ਨੀਹਲ[8]ਸਭਿ ਦੇਸ਼ਾ।ਜਿਣ ਹੈਂ[9]†

[1]ਆਪ ਦੇ ਕੰਮ ਆਏ ਹਨ। [2]ਬਹੁਤ। [3]ਦਲ ਤੋਂ ਬਾਹਰ। [4]ਧਨ ਨੂੰ। [5]ਸੁਖਾਂ ਦੇ ਵਿਚ ਰੱਤੇ ਗਏ। [6](ਸੂਰਮੇ) ਸੁਣਾਉਂਦੇ ਹਨ। [7]ਜੇ ਸ਼੍ਰੀ ਮੁਖੋਂ (ਗੁਰੂ ਜੀ) ਫੁਰਮਾ ਦੇਣ ਤਾਂ। [8]ਨੀਵਾਂ ਦੇਸ਼ ਜਿੱਥੇ ਪਹਾੜ ਮੁਕਦੇ ਹਨ, ਉਹ ਲਾਗ ਲਾਗ ਦਾ ਦੇਸ਼ ਸ਼ਿਵਾਲਕ ਤੇ ਹਿਮਾਲਯ ਦੇ ਵਿਚਾਲੇ ਤੇ ਸ਼ਿਵਾਲਕ ਦੇ ਉਦਾਲੇ। [9]ਜਿੱਤਾਂਗੇ।

*ਬਚਿੱਤ੍ਰ ਨਾਟਕੇ:—ਧਨੰ ਧਾਰ ਬਰਖੇ। ਸਭੈ ਸੂਰ ਹਰਖੇ। †ਪਾ:—ਜਿਨਹਿਂ।

ਬੁਰੀਆ[੧] ਦਾਮਲਾ[੨] ਪੁਰਿ ਅਪਰ ਵਿਸ਼ੇਸ਼॥੧੭॥ਪੁਨ ਲਹੌਰ ਕੋ ਲੂਟ ਕਰਿ ਦਿੱਲੀ ਹਮ ਜਾਵੈਂ। ਪਾਇਂ ਠੌਰ ਤੁਰਕਾਨ ਪੁਰਿ[੩] ਰਨ ਕਰਿ ਕਰਿ ਘਾਵੈਂ। ਹੁਕਮ ਨ ਕਰਹੁ ਜਿਦੂਰ ਕੌ ਤੌ ਏਤਿਕਦੇਸ਼॥ਆਨੰਦ ਪੁਰਿ ਲਗਿ ਪਾਂਵਟਾ ਇਕ ਰਾਜ ਅਸ਼ੇਸ਼ਾ[੪] ॥ ੧੮ ॥ ਠਕੁਰਾਈ ਇਨ ਬੀਚ ਜੇ ਸਭਿ ਮਾਰ ਨਿਕਾਰੈਂ। ਸੁਖ ਸੋਂ ਆਵਨਿ ਜਾਨਿ ਹੁਇ ਨਿਜ ਦੇਸ਼ ਮਝਾਰੈਂ। ਪ੍ਰਭੁ ਜੀ ਦੀਜਹਿ ਹੁਕਮ ਕੋ ਉਮਡੈ ਦਲ ਸਾਰਾ। ਫਤੇ ਕਰਹਿਂ ਜਬਿ ਬਜਹਿਗੋ ਰਣ-ਜੀਤ ਨਗਾਰਾ[੭] ॥ ੧੯ ॥ ਸੂਰ ਚਲਾਕਨਿ ਬਾਕ ਕੌ[੫] ਸੁਨਿ ਪ੍ਰਭੁ ਦੇਂ ਧੀਰਾ। 'ਪਿਖਹੁ ਖੇਲ ਕਰਤਾਰ ਕੇ ਠਹਿਰਹੁ ਬਰ ਬੀਰਾ! ਨਹਿਂ ਧਾਰਹੁ ਬਹੁ ਸ਼ੀਘ੍ਰਤਾ ਅਸਕੇਤੁ[੬] ਰਜਾਈ। ਜਸੋਂ ਜਸੋਂ ਹੁਇ ਤਸੋਂ ਤਸੋਂ ਕਰਹੁ ਸਿਮਰਹੁ ਸੁਖਦਾਈ ॥ ੨੦ ॥ ਕਹਾਂ ਬਾਤ ਇਸ ਦੇਸ਼ ਕੀ ਜੋ ਚਾਹਤਿ ਲੀਨਾ। ਧਰਾ ਰਾਜ ਲੈ ਦੇਯ ਹੌਂ ਭੋਗਹੁ ਸੁਖ ਪੀਨਾ। ਕਿਲੇ ਕੋਟ ਕਾਇਮ ਕਰਹਿਂ ਦਲ ਵਧਹਿ ਬਿਸਾਲਾ। ਜਹਿਂ ਜਹਿਂ ਮੇਰੇ ਦਾਸ ਬਡ ਫੈਲਹਿਂ ਜਗ ਜਾਲਾ॥੨੧॥ ਜੋ ਰਾਜਾ ਹੁਇਂ ਚੌਧਰੀ ਭਰਿ ਹੈਂ ਸਭਿ ਹਾਲਾ। ਵਧਹਿ ਪ੍ਰਤਾਪ ਬਿਲੰਦ ਹੀ ਐਹੈ ਜਬਿ ਕਾਲਾ[੭]। ਸਾਚੇ ਸਾਹਿਬ ਕੇ ਤੁਮਹਿ ਦੈਹੌਂ ਲਰ ਲਾਇ। ਸਦਾ ਸਹਾਇਕ ਹੋਹਿੰਗੇ ਸਿਮਰਹੁ ਸਚ ਨਾਇ॥ ੨੨ ॥ ਹਲਤ ਬਿਖੈ ਜਗ ਰਾਜ ਲਿਹੁ ਰਹਿਨੀ[੮] ਨਿਤ ਰਾਖਹੁ। ਗੁਰਮੁਖ ਧਰਮ ਨ ਛੋਰੀਅਹਿ[੯] ਉਰ ਮਹਿਂ ਅਭਿਲਾਖਹੁ। ਪਲਤ ਬਿਖੈ ਰੱਛਨਾ ਕਰੌਂ ਸੁਖ ਪਾਇ[੧੦] ਵਿਸ਼ੇਸ਼ਾ। ਜਿਸ ਕਾਰਜ ਕੌ ਅਵਿਤਰਯੋ ਸੋ ਕਰੌਂ ਅਸ਼ੇਸ਼ਾ[੧੧]॥੨੩॥ਸੁਨਿ ਸਤਿਗੁਰ ਕੇ ਵਾਕ ਕੌ ਭਾਖਹਿਂ ਸਿਖ ਬੀਰਾ। 'ਤੁਮ ਸਭਿ ਬਖਸ਼ਨ ਜੋਗ ਹੋ ਹਮ ਸਭਿ ਕੇ ਧੀਰਾ[੧੨]।ਤਊ ਸੁਨਹੁ ਮਹਾਂਰਾਜ ਜੀ! ਜੇ ਦੁਰਗ ਨਜੀਕਾ। ਛੀਨ ਲੇਹੁ ਇਨ ਸਭਿਨਿ ਕੋ ਕਰਿ ਕਰਿ ਰਣ ਨੀਕਾ ॥ ੨੪ ॥ ਕਾਇਮ ਕਰਿ ਸਭਿਹੂੰਨ ਕੌ ਦਿਢ ਦੇਹੁ ਚਿਨਾਇ। ਦਲ ਆਗਹਿ ਨਹਿਂ ਅਰ ਸਕਹਿਂ ਲੇ ਸ਼ੀਘ੍ਰ ਸੁ

[੧]ਬੂੜੀਆ ਜਿੱਥੇ ਕਵੀ ਜੀ ਆਪ ਰਹਿ ਆਏ ਸਨ। [੨]ਉਹ ਪਿੰਡ ਜਿੱਥੋਂ ਵਾਲੇ ਪਠਾਨ ਭੰਗਾਣੀ ਜੁੱਧ ਸਮੇਂ ਬੇਈਮਾਨ ਹੋਏ ਸਨ। ਇਹ ਥਾਂ ਕਰਨਾਲ ਜ਼ਿਲੇ ਵਿੱਚ ਹੈ, ਬਾਬੇ ਬੰਦੇ ਨੇ ਇਨ੍ਹਾਂ ਨਿਮਕ ਹਰਾਮੀਆਂ ਨੂੰ ਦੰਡ ਦਿੱਤਾ ਸੀ। [੩]ਭਾਵ ਤੁਰਕਾਣੀ ਜ਼ੋਰ ਵਾਲੇ ਨਗਰਾਂ ਵਿੱਚ ਠਾਣਾਂ ਪਾਵਾਂਗੇ। [੪]ਸਾਰਾ। [੫]ਸੂਰਿਆਂ ਦੇ ਚਤੁਰਾਈਆਂ ਦੇ ਵਾਕਾਂ ਨੂੰ। (ਅ) ਚਲਾਕ ਸੂਰਮਿਆਂ ਦੇ ਵਾਕਾਂ ਨੂੰ। [੬]ਅਕਾਲ ਪੁਰਖ ਦੀ। [੭]ਸਮਾਂ। [੮]ਗੁਰਸਿੱਖੀ ਦੀ ਰਹੁਰੀਤ। [੯]ਤਾਕੀਦ ਕਰਦੇ ਹਨ ਕਿ ਰਾਜ ਪਾਕੇ ਵਾਹਿਗੁਰੂ ਨਾਲ ਸਨਮੁਖ ਰਹਿਣ ਦਾ ਧਰਮ ਨਾ ਗੁਆ ਦੇਣਾ। [੧੦]ਪਾਓਗੇ। [੧੧]ਸਾਰਾ। [੧੨]ਧੀਰਜ ਦੇਣ ਵਾਲੇ।

ਜਾਏ[1]।ਸਨੇ ਸਨੇ ਪੁਨ ਆਨਿ ਕੋ ਲੈਹੈਂ ਬਲ ਪਾਇ।ਹੁਕਮ ਦੇਨਿ ਕੀ ਦੇਰਿ ਇਕ, ਲੈਂ ਅਬੈ ਛੁਟਾਏ' ॥ ੨੫ ॥ ਸੁਨਤਿ ਬਿਚਾਰਯੋ ਸਤਿਗੁਰੂ-ਰਣਜੀਤ ਬਿਸਾਲਾ[2]। ਟਿਕਹਿਂ ਨਹੀਂ ਇਨ ਪਾਂਵ ਕੋ ਅਬਿ ਲਰਹਿਂ ਕਰਾਲਾ।ਦੁਰਗਨ ਕੋਨਹਿਂ ਛੋਰਿਹੈਂ ਕਰਿ ਛੇਰ ਲਰਾਈ।ਵਧਯੋ ਅਧਿਕ ਉਤਸਾਹ ਉਰ ਹਤਿ ਹੈਂ ਰਿਪੁ ਧਾਈ ॥੨੬॥ ਮਿਸ[3] ਅਖੇਰ ਕੇ ਵਹਿਰ ਫਿਰ[4] ਘਾਲਹਿਂ ਰਣ ਭਾਰੀ। ਅਬਿ ਤੇ ਸਭਿ ਨਹਿਂ ਮਾਰਣੈ[5]-ਗੁਰ ਭਲੇ ਬਿਚਾਰੀ।-ਚਲਹਿਂ ਅਨੰਦ-ਪੁਰਿ ਆਪਨੇ ਹੁਇ ਹੈ ਤਹਿਂ ਸ਼ਾਂਤੀ। ਲਗਯੋ ਬੈਰ ਇਸ ਦੇਸ਼ ਮਹਿਂ ਭੇ ਬਿੰਦ ਅਰਾਤੀ[6]-॥ ੨੭ ॥ ਤਬਿ ਸਭਿ ਸੁਭਟਨਿ ਸੋਂ ਭਨਯੋ 'ਉਰ ਧੀਰਜ ਧਾਰੋ। ਚਲਹੁ ਅਨੰਦਪੁਰਿ ਅਨੰਦ ਧਰਿ ਨਿਜ ਨਗਰ ਸੰਭਾਰੋ। ਤਿਤ ਹੀ ਦਿਸ਼ਿ ਜੀਤੇ ਪ੍ਰਥਮ ਅਰੁ ਗੁਰ ਦਰਬਾਰਾ। ਕਰਹਿਂ ਨਮੋ ਗਮਨਹਿਂ ਅਬਹਿ ਇਹ ਭਲੀ ਬਿਚਾਰਾ' ॥ ੨੮ ॥ ਸ੍ਰੀਮੁਖ ਤੇ ਸਮੁਝਾਇ ਕਰਿ ਬਹੁ ਬੀਰ ਹਟਾਏ। ਹੁਕਮ ਦਯੋ 'ਤਯਾਰੀ ਕਰਹੁ ਰਣਜੀਤ ਬਜਾਏ। ਉਸ਼ਟਰ ਆਨਹੁ ਸੈਂਕਰੇ ਸਭਿ ਦਲਹਿ ਸਮਾਜਾਂ। ਗਹਹੁ ਬਿਗਾਰੀ ਗ੍ਰਾਮ ਨਰ ਜੈਹੈਂ ਨਹਿਂ ਭਾਜਾ*'॥ ੨੯ ॥ ਸੁਨਿ ਸਤਿਗੁਰ ਕੇ ਹੁਕਮ ਕਉ ਚੜਿ ਕਰਿ ਅਸਵਾਰਾ। ਗ੍ਰਾਮ ਅਨੇਕਨਕੇ ਗਹੇ ਨਰ ਆਨਿ ਹਜ਼ਾਰਾ।ਬੰਧੇ ਭਾਰ ਸਮਾਜ ਕੇ ਸਿਰ ਦੇ ਉਚ-ਵਾਏ। ਗਮਨਯੋ ਪ੍ਰਥਮ ਬਿਹੀਰ ਸਭਿ ਉਸ਼ਟਰ ਲਦਵਾਏ ॥ ੩੦ ॥ ਸ਼ਮਿ-ਯਾਨੇ ਤੰਬੂ ਘਨੇ ਗਨ ਫਰਸ਼ ਬਿਸਾਲੇ।ਸ਼ਤਰੰਜੀ, ਬਹੁ ਜਾਜਮਾਂ[7], ਬਾਸਨ[8] ਬਡ ਜਾਲੇ। ਖੱਚਰ ਪਰ ਲਾਦੇ ਅਧਿਕ ਧਨ ਕੋਸ਼ ਮਹਾਨਾ। ਬਧੇ ਭਾਰ ਸੰਭਾਰ ਕੇ ਜੋ ਵਸਤੂ ਨਾਨਾ ॥ ੩੧ ॥ ਭਾਰ ਉਚਾਵਨਹਾਰ ਜੋ ਸਭਿ ਚਲੇ ਹਜ਼ਾਰੇ। ਆਗੇ ਪਾਛੇ ਸੁਭਟ ਗਨ ਗਮਨੇ ਰਖਵਾਰੇ।ਸਨੇ ਸਨੇ ਵਥੁ ਸਕਲ ਕਉ ਸੰਭਾਰਿ ਲਦਾਈ।ਮਾਰਗ ਮਹਿਂ ਬਹੁ ਚਲਿ ਪਰੇ ਹੇਰੇ†ਸਮੁਦਾਈ॥੩੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਸ੍ਰੀ ਗੁਰ ਬਿਜੈ' ਪ੍ਰਸੰਗ ਬਰਨਨੰ ਨਾਮ ਦ੍ਵੈ ਤ੍ਰਿੰਸਤੀ ਅੰਸ ॥ ੩੨ ॥

[1]ਛੇਤੀ ਹੀ ਜਾਕੇ ਲੈ ਸਕਦੇ ਹਾਂ ਥਾਂ। [2]ਬੜਾ ਰਣ ਜਿਤ ਲੈਣ ਕਰਕੇ। [3]ਬਹਾਨੇ। [4]ਫਿਰ ਕਰਕੇ। [5]ਹੁਣੇ ਹੀ ਸਭ ਨੂੰ ਨਹੀਂ ਮਾਰ ਦੇਣਾ।[6]ਵੈਰੀ ਬਹੁਤੇ ਹੋ ਗਏ ਹਨ। [7]ਛਾਪਿਆ ਹੋਇਆ ਕਪੜਾ। [8]ਬਰਤਨ। *ਬਿਗਾਰ ਦਾ ਖ਼ਯਾਲ ਕਵਿ ਜੀ ਦੇ ਗਿਰਦ ਵਰਤ ਰਹੇ ਰਾਜ ਘਰਾਂ ਦੇ ਵਰਤਾਰੇ ਦੀ ਸੰਭਾਵਨਾ ਹੈ, ਸਤਿਗੁਰ ਜਗਤ ਦੀ ਵਿਗਾਰ ਕੱਟਣ ਹਾਰੇ ਸਨ। ਉਹਨਾਂ ਦੇ ਵਰਤਾਰੇ ਵਿੱਚ ਬਿਗਾਰ ਦੀ ਸੰਭਾਵਨਾ ਸੰਭਵ ਨਹੀਂ, ਕਿਸੇ ਕਿਰਤੀ ਦੀ ਘਾਲ ਐਵੇਂ ਜਾਵੇ ਇਹ ਅਸੂਲ ਹੀ ਸਤਿਗੁਰਾਂ ਦਾ ਨਹੀਂ ਸੀ 'ਇਕ ਤਿਲੁ ਨਹੀ ਭੰਨੈ ਘਾਲੇ' ਦੇ ਬਿਰਦ ਵਾਲੇ ਕੰਮ ਕਰਨ ਵਾਲਿਆਂ ਨੂੰ ਮਜੂਰੀਆਂ ਤੋਂ ਵੱਖਰੇ ਇਨਾਮਾਂ ਨਾਲ ਮਾਲਾ ਮਾਲ ਕਰਦੇ ਹੁੰਦੇ ਸਨ। †ਪਾਃ-ਲਾਗੇ।